ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

**ਸਾਲ : 20** **ਪੁ : ਲੜੀ : 78** **ਅਪ੍ਰੈਲ-ਜੂਨ, 2017**



*ਮੁੱਖ ਸੰਪਾਦਕ*

**ਹਰਜੀਤ ਅਟਵਾਲ**

Email: harjeetatwal@yahoo.co.uk
harjeetatwal@gmail.com
Mobile : 00447782-265726

**ਸੁਰਿੰਦਰ ਸੀਹਰਾ**

Ph. 0044-79565-71507
Email:surindersehra@hotmail.com

**ਹਰਮਹਿੰਦਰ ਚਹਿਲ**

Email : chahals57@yahoo.com
Ph. 001-703-362-3239

*ਸੰਪਾਦਕ*

**ਜਿੰਦਰ**

984, Rajput Nagar, Model House,
Near Surinder Welding Works, Jalandhar-144003
Mobile : 98148 03254
Email : jinder340@gmail.com
Website : www.shabadsaar.com

*Managing Editor*

***Shiv, Vinod Kumar***



ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
984, Rajput Nagar, Model House,
Near Surinder Welding Works, Jalandhar-144003

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ



ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।


## ਮੇਰਾ ਪੰਨਾ

ਸੋਸ਼ਲ ਮੀਡੀਆ ਨੇ ਅੱਜ ਦੇ ਜੀਵਨ ਨੂੰ ਬਦਲ ਦਿੱਤਾ ਹੈ। ਇਸ ਦਾ ਅਸਰ ਪੂਰੀ ਦੁਨੀਆਂ ਵਿੱਚ ਹਰ ਤਰ੍ਹਾਂ ਦੇ ਜਨ ਜੀਵਨ ਉਪਰ ਦਿਖਾਈ ਦਿੰਦਾ ਹੈ। ਜਿਥੇ ਸੋਸ਼ਲ ਮੀਡੀਏ ਨੇ ਮਨੁੱਖੀ ਬੋਲੀ, ਸਭਿਆਚਾਰ ਤੇ ਵਿਵਹਾਰ ਉਪਰ ਅਸਰ ਪਾਇਆ ਹੈ ਉਥੇ ਸਾਹਿਤ ਉਪਰ ਵੀ ਸੋਸ਼ਲ ਮੀਡੀਏ ਦਾ ਵਾਹਵਾ ਅਸਰ ਹੈ। ਕਿਸੇ ਹੱਦ ਤਕ ਇਹ ਕਹਿ ਲਈਏ ਕਿ ਸਾਹਿਤ ਦੀ ਰਵਾਇਤੀ ਧਾਰਣਾ ਹੀ ਬਦਲ ਰਹੀ ਹੈ। ਪਹਿਲਾਂ ਸਾਹਿਤ ਉਹ ਹੁੰਦਾ ਸੀ ਜਿਸ ਨੂੰ ਤੁਸੀਂ ਹੱਥ ਵਿੱਚ ਫੜ੍ਹ ਕੇ ਪੜ੍ਹੋਂ ਪਰ ਹੁਣ ਔਨ ਲਾਈਨ ਵੀ ਪੜ੍ਹਿਆ ਜਾ ਸਕਦਾ ਹੈ। ਈ-ਬੁੱਕਸ ਨੇ ਪੜ੍ਹਨ ਦੇ ਤਰੀਕਿਆਂ ਵਿੱਚ ਇਨਕਲਾਬ ਲਿਆਂਦਾ ਹੈ। ਇਥੇ ਤਕ ਹੀ ਨਹੀਂ ਔਡੀਓ ਬੁੱਕਸ ਤੇ ਵੀਡੀਓ ਰਾਹੀਂ ਵੀ ਸਾਹਿਤ ਦਾ ਅਨੰਦ ਲਿਆ ਜਾ ਸਕਦਾ ਹੈ। ਸੋਸ਼ਲ ਮੀਡੀਆ ਵਿੱਚ ਬਹੁਤ ਕੁਝ ਆ ਜਾਂਦਾ ਹੈ ਜਿਵੇਂ ਕਿ ਵੌਟਸਐਪ, ਫੇਸਬੁੱਕ, ਟਵਿੱਟਰ, ਬਲੌਗਜ਼, ਫੈਨ-ਫਿਕਸ਼ਨ, ਪਰਨਸਲ ਵੈਬਸਾਈਟਸ ਆਦਿ। ਟਵਿੱਟਰ ਨੂੰ ਤਾਂ ਕਿਸੇ ਵੇਲੇ ਸਾਹਿਤ ਦਾ ਵਧੀਆ ਅੰਗ ਮੰਨਿਆਂ ਜਾਣ ਲੱਗਿਆ ਸੀ। ਲਿਟਰੇਚਰ ਦੇ ਨਾਲ ਨਾਲ ਟਵਿੱਟਰੇਚਰ ਜਿਹਾ ਸ਼ਬਦ ਵੀ ਹੋਂਦ ਵਿੱਚ ਆ ਗਿਆ। ਪਰ ਟਵਿੱਟਰ ਦੀ ਸਮੱਸਿਆ ਇਹ ਹੈ ਕਿ ਸੀਮਤ ਜਿਹੇ ਸ਼ਬਦਾਂ ਵਿੱਚ ਹੀ ਤੁਸੀਂ ਆਪਣੀ ਗੱਲ ਕਹਿ ਸਕਦੇ ਹੋ। ਇਸ ਨੂੰ ਸਾਹਿਤ ਦੀ ਇਕ ਨਵੀਂ ਵਿਧਾ ਵਜੋਂ ਵੀ ਲਿਆ ਜਾਣ ਲੱਗਿਆ ਸੀ ਪਰ ਫਿਰ ਟਵਿੱਟਰ ਦੀ ਵਰਤੋਂ ਏਨੀ ਵਸੀਹ ਹੋ ਗਈ ਕਿ ਇਸ ਦੇ ਮਾਇਨੇ ਬਦਲ ਗਏ। ਟਵਿੱਟਰ ਤੋਂ ਬਿਨਾਂ ਸੋਸ਼ਲ ਮੀਡੀਆ ਦੇ ਹੋਰ ਸਾਧਨ ਵੀ ਹਨ ਜਿਹੜੇ ਅੱਜ ਦਾ ਲੇਖਕ ਵਰਤੋਂ ਵਿੱਚ ਲਿਆ ਰਿਹਾ ਹੈ। ਆਪਣੀ ਸਿਰਜਣਾ ਦਾ ਕੰਮ ਨਵੇਂ ਤਰੀਕੇ ਨਾਲ ਪੂਰੀ ਦੁਨੀਆਂ ਨਾਲ ਸਾਂਝਾ ਕਰ ਰਿਹਾ ਹੈ। ਉਸ ਨੂੰ ਫੀਡਬੈਕ ਵੀ ਮਿਲ ਰਹੀ ਹੈ। ਇਵੇਂ ਲੱਗਦਾ ਹੈ ਕਿ ਅੱਜ ਦੇ ਲੇਖਕ ਨੂੰ ਇਕ ਕਿਤਾਬ ਦਾ ਲੇਖਕ ਹੋਣਾ ਹੀ ਕਾਫੀ ਨਹੀਂ ਹੈ। ਉਸ ਦੀ ਔਨ ਲਾਈਨ ਹਾਜ਼ਰੀ ਵੀ ਜ਼ਰੂਰੀ ਹੋ ਗਈ ਹੈ। ਔਨ ਲਾਈਨ ਸਾਹਿਤ ਸਰਗਰਮੀਆਂ ਬਹੁਤ ਹੋ ਰਹੀਆਂ ਹਨ। ਜਿਹੜੀਆਂ ਸਰਗਰਮੀਆਂ ਔਨ ਲਾਈਨ ਤੋਂ ਬਾਹਰ ਵੀ ਹੋ ਰਹੀਆਂ ਹਨ ਉਹ ਵੀ ਔਨ ਲਾਈਨ ਦਾ ਹਿੱਸਾ ਹੀ ਬਣ ਜਾਂਦੀਆਂ ਹਨ। ਸੋਸ਼ਲ ਮੀਡੀਏ ਰਾਹੀਂ ਇਕ ਲੇਖਕ ਉਥੇ ਤਕ ਦਾ ਸਫਰ ਕਰ ਗਿਆ ਹੈ ਜਿਥੇ ਉਸ ਨੇ ਕਦੇ ਜਾਣਾ ਵੀ ਨਹੀਂ ਸੀ। ਅੰਗਰੇਜ਼ੀ ਵਰਗੀਆਂ ਜ਼ਬਾਨਾਂ ਦੇ ਲੇਖਕ ਤਾਂ ਦੁਨੀਆਂ ਭਰ ਵਿੱਚ ਜਾਣੇ ਜਾਣ ਲੱਗੇ ਹਨ। ਉਹਨਾਂ ਦੀ ਵਾਕਫੀਅਤ ਦਾ ਦਾਇਰਾ ਵਧਿਆ ਹੈ ਤੇ ਪਾਠਕਾਂ ਦਾ ਵੀ। ਇਸ ਦਾ ਫਾਇਦਾ ਨਵੇਂ ਲੇਖਕਾਂ ਨੂੰ ਬਹੁਤਾ ਹੋਇਆ ਹੈ ਪਰ ਪੁਰਾਣੇ ਲੇਖਕ ਵੀ ਇਸ ਦਾ ਪੂਰਾ ਲਾਭ ਉਠਾ ਰਹੇ ਹਨ। ਭਾਵੇਂ ਕੁਝ ਪੁਰਾਣੇ ਲੇਖਕ ਆਪਣੇ ਰਵਾਇਤੀ ਲਿਖਣ-ਢੰਗ ਵਿੱਚੋਂ ਬਾਹਰ ਨਹੀਂ ਨਿਕਲਣਾ ਚਾਹੁੰਦੇ ਪਰ ਸੋਸ਼ਲ ਮੀਡੀਏ ਦੀ ਮਹੱਤਤਾ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ। ਔਨ ਲਾਈਨ ਮੈਗਜ਼ੀਨਾਂ ਵਿੱਚ ਵੀ ਵਾਧਾ ਹੋਇਆ ਹੈ। ਜਿਥੇ ਤੁਸੀਂ ਬੱਸਾਂ-ਗੱਡੀਆਂ ਆਦਿ ਵਿੱਚ ਲੋਕਾਂ ਨੂੰ ਕਿਤਾਬਾਂ ਪੜ੍ਹਦੇ ਆਮ ਦੇਖਦੇ ਹੋ ਉਥੇ ਆਈ ਫੋਨਜ਼ ਜਾਂ ਆਈ ਪੈਡਜ਼ ਉਪਰ ਈ-ਬੁਕਸ ਜਾਂ ਕਿਸੇ ਸੋਸ਼ਲ ਮੀਡੀਆ ਦੀ ਸਾਈਟ ਤੋਂ ਪੜ੍ਹਦੇ ਵੀ ਬਹੁਤ ਲੋਕ ਮਿਲ ਜਾਂਦੇ ਹਨ। ਇਵੇਂ ਜਾਪਦਾ ਹੈ ਕਿ ਇਕ ਦਿਨ ਕਿਤਾਬ ਦੀ ਹਾਰਡ ਕਾਪੀ ਦੀ ਥਾਂ ਈ-ਬੁਕ ਲੈ ਲਵੇਗੀ। ਸੋਸ਼ਲ ਮੀਡੀਏ ਰਾਹੀਂ ਪੇਸ਼ ਹੋ ਰਹੇ ਸਾਹਿਤ ਵਿੱਚ ਕੁਝ ਨੁਕਸਾਨ ਵੀ ਹਨ। ਪਹਿਲੀ ਗੱਲ ਤਾਂ ਹਾਲੇ ਵੀ ਪਾਠਕਾਂ ਤੇ ਲੇਖਕਾਂ ਦਾ ਇਕ ਵੱਡਾ ਹਿੱਸਾ ਸੋਸ਼ਲ ਮੀਡੀਏ ਤਕ ਪਹੁੰਚ ਨਹੀਂ ਰੱਖ ਰਿਹਾ। ਇਥੇ ਛਪ ਰਹੀਆਂ ਰਚਨਾਵਾਂ ਦੇ ਕਾਪੀ ਰਾਈਟਸ ਦੇ ਵੀ ਮਸਲੇ ਹਨ। ਟਵਿੱਟਰ ਬਾਰੇ ਤਾਂ ਪਹਿਲਾਂ ਵੀ ਗੱਲ ਹੋ ਚੁੱਕੀ ਹੈ ਕਿ ਇਸ ਵਿੱਚ ਬਹੁਤ ਹੀ ਸੀਮਤ ਜਿਹੇ ਸ਼ਬਦ ਵਰਤੇ ਜਾ ਸਕਦੇ ਹਨ ਜਿਹਨਾਂ ਵਿੱਚ ਆਮ ਰਚਨਾ ਸਮੋਅ ਨਹੀਂ ਸਕਦੀ। ਸੋਸ਼ਲ ਮੀਡੀਆ ਵਿੱਚ ਲੇਖਕ ਨੂੰ ਇਕ ਹੋਰ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਇਹ ਕਿ ਸੋਸ਼ਲ ਮੀਡੀਆ ਬਾਹਰ ਮੁਖੀ ਹੈ ਜਦ ਕਿ ਲੇਖਕ ਅੰਤਰ ਮੁਖੀ ਹੁੰਦਾ ਹੈ। ਹੋਰ ਵੀ ਕਈ ਕਾਨੂੰਨੀ ਮਸਲੇ ਖੜੇ ਹੋ ਰਹੇ ਹਨ ਜਿਹਨਾਂ ਬਾਰੇ ਹਾਲੇ ਕਾਨੂੰਨ ਚੁੱਪ ਹੈ।

ਅਸੀਂ ਆਪਣੇ ਪੰਜਾਬੀ ਸਾਹਿਤ ਬਾਰੇ ਗੱਲ ਕਰੀਏ ਤਾਂ ਪੰਜਾਬੀ ਦੇ ਬਹੁਤ ਸਾਰੇ ਲੇਖਕ ਸੋਸ਼ਲ ਮੀਡੀਏ ਨਾਲ ਜੁੜੇ ਹੋਏ ਹਨ। ਇਥੇ ਬੈਠੇ ਦੁਨੀਆਂ ਭਰ ਦੇ ਪੰਜਾਬੀ ਲੇਖਕਾਂ ਨਾਲ ਰਾਬਤੇ ਵਿੱਚ ਵੀ

ਹਨ, ਖਾਸ ਤੌਰ ’ਤੇ ਫੇਸਬੁੱਕ ਰਾਹੀਂ। ਫੇਸਬੁੱਕ ਦੇ ਬਹੁਤ ਸਾਰੇ ਨੁਕਸਾਨ ਵੀ ਹਨ ਕਿ ਇਹ ਅਜਿਹਾ ਖੁਲ੍ਹਾ ਮੰਚ ਹੈ ਜਿਥੇ ਕਿਸੇ ਦਾ ਕੋਈ ਕੰਟਰੋਲ ਨਹੀਂ। ਕੋਈ ਕੁਝ ਵੀ ਬੋਲ ਰਿਹਾ ਹੈ। ਕੋਈ ਕਿਸੇ ਨੂੰ ਗਾਲ਼ ਵੀ ਕੱਢ ਜਾਵੇ ਤਾਂ ਬਹੁਤਾ ਕੁਝ ਨਹੀਂ ਕੀਤਾ ਜਾ ਸਕਦਾ। ਕਈ ਲੇਖਕ/ਪਾਠਕ ਤਾਂ ਇਸ ਮੰਚ ਨੂੰ ਹੋਰਨਾਂ ਦੀ ਬੇਇਜ਼ਤੀ ਕਰਨ ਲਈ ਹੀ ਵਰਤ ਰਹੇ ਹਨ। ਸ਼ਰੀਫ ਲੇਖਕ ਆਪਣੀ ਇੱਜ਼ਤ ਬਚਾਉਣ ਲਈ ਫੇਸਬੁੱਕ ਦੀ ਵਰਤੋਂ ਲੁਕਵੇਂ ਢੰਗ ਨਾਲ ਹੀ ਕਰਦੇ ਹਨ। ਪਰ ਇਹਨਾਂ ਅਪਵਾਦਾਂ ਤੋਂ ਬਿਨਾਂ ਵੀ ਫੇਸਬੁੱਕ ਪੰਜਾਬੀ ਸਾਹਿਤ ਲਈ ਵਰਦਾਨ ਸਿੱਧ ਹੋ ਰਿਹਾ ਹੈ। ਇਥੇ ਨਵੇਂ ਲੇਖਕਾਂ ਦਾ ਬਹੁਤ ਕੁਝ ਲਿਖਿਆ ਹੋਇਆ ਪੜ੍ਹਨ ਨੂੰ ਮਿਲਦਾ ਹੈ। ਬਹੁਤਾ ਕੁਝ ਅਜਿਹਾ ਵੀ ਜਿਹਨਾਂ ਨੂੰ ਸਾਹਿਤਕ ਮੈਗਜ਼ੀਨ ਛਾਪਣ ਲਈ ਤਿਆਰ ਨਹੀਂ ਹਨ। ਇਹਨਾਂ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਕੁਝ ਸਾਰਥਿਕ ਸਾਹਿਤ ਵੀ ਪੜ੍ਹਨ ਨੂੰ ਮਿਲ ਜਾਂਦਾ ਹੈ। ਫੇਸਬੁੱਕ ਨੇ ਕਈ ਨਵੇਂ ਲੇਖਕ ਪੈਦਾ ਕੀਤੇ ਹਨ। ਇਕ ਨਵੀਂ ਕਿਸਮ ਦਾ ਸਾਹਿਤ ਵੀ ਪੈਦਾ ਹੋ ਰਿਹਾ ਹੈ। ਜਿਵੇਂ ਇੰਟਰਨੈੱਟ ਉਪਰ ਸਾਹਿਤਕ ਮੈਗਜ਼ੀਨ ਹਨ ਉਵੇਂ ਹੀ ਫੇਸਬੁੱਕ ਉਪਰ ਬਹੁਤ ਸਾਰੇ ਗਰੁੱਪ ਹਨ ਜਿਹਨਾਂ ਵਿੱਚ ਲੇਖਕ ਆਪਣੀਆਂ ਰਚਨਾਵਾਂ ਸਾਂਝੀਆਂ ਕਰਦੇ ਹਨ। ਸਾਹਿਤਕ ਵਿਚਾਰ ਵੀ ਅਦਾਨ ਪ੍ਰਦਾਨ ਕਰਦੇ ਹਨ। ਸੋਸ਼ਲ ਮੀਡੀਆ ਦਾ ਲੇਖਕਾਂ ਨੂੰ ਇਹ ਵੀ ਫਾਇਦਾ ਹੈ ਕਿ ਉਹ ਆਪਣੀ ਇਕੋ ਰਚਨਾ ਵੱਖ ਵੱਖ ਸਾਈਟਸ ‘ਤੇ ਪਾ ਸਕਦੇ ਹਨ ਜਿਸ ਨਾਲ ਉਹਨਾਂ ਦੇ ਪਾਠਕਾਂ ਦਾ ਘੇਰਾ ਵੱਡਾ ਹੁੰਦਾ ਹੈ। ਸੋਸ਼ਲ ਮੀਡੀਆ ਲੇਖਕ ਲਈ ਪਾਠਕ ਤਕ ਸਿੱਧਾ ਪੁੱਜਣ ਦਾ ਵਧੀਆ ਜ਼ਰੀਆ ਹੈ। ਫੇਸਬੁੱਕ ਕਿਤਾਬਾਂ ਦੀਆਂ ਪੀ. ਡੀ. ਐਫ. ਪੜ੍ਹਨ ਨੂੰ ਵੀ ਮਿਲ ਜਾਂਦੀਆਂ ਹਨ। ਵੈਸੇ ਵੀ ਪੰਜਾਬੀ ਵਿੱਚ ਕਿਤਾਬਾਂ ਤਾਂ ਵਿਕਦੀਆਂ ਹੀ ਨਹੀਂ, ਆਪਣੀ ਕਿਤਾਬ ਦੀ ਪੀ.ਡੀ.ਐਫ. ਫੇਸਬੁੱਕ ‘ਤੇ ਪਾ ਦੇਣ ਤਾਂ ਕੋਈ ਨਾ ਕੋਈ ਤਾਂ ਪੜ੍ਹੇਗਾ ਹੀ। ‘ਅਦਾਰਾ ਸ਼ਬਦ’ ਵਲੋਂ ਵੀ ਫੇਸ ਬੁੱਕ ਉਪਰ ਪੀ.ਡੀ.ਐਫ. ਕਿਤਾਬਾਂ ਲਈ ਇਕ ਵਿਸ਼ੇਸ਼ ਗਰੁੱਪ ਬਣਾਇਆ ਹੋਇਆ ਹੈ ਜਿਸ ਦਾ ਲਾਭ ਬਹੁਤ ਸਾਰੇ ਦੋਸਤ ਉਠਾ ਰਹੇ ਹਨ। ਇਵੇਂ ਅਜਿਹੀਆਂ ਕਿਤਾਬਾਂ ਉਪਲੱਬਧ ਕਰਾਂਉਦੇ ਕੁਝ ਹੋਰ ਗਰੁੱਪ ਵੀ ਹਨ। ਹੋਰਨਾਂ ਦੋਸਤਾਂ ਵਾਂਗ ‘ਅਦਾਰਾ ਸ਼ਬਦ’ ਵਲੋਂ ਵੀ ਕੁਝ ਸਾਹਿਤਕ ਗਰੁੱਪ ਚਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਦੁਨੀਆਂ ਭਰ ਦੇ ਪੰਜਾਬੀ ਲੇਖਕਾਂ ਨੂੰ ਜੋੜਨ ਦੀ ਇਕ ਕੋਸ਼ਿਸ਼ ਹੈ।

ਦੇਖਣ ਵਿੱਚ ਆ ਰਿਹਾ ਹੈ ਕਿ ਸਾਡਾ ਲੇਖਕ ਸਮੇਤ ਫੇਸਬੁੱਕ ਦੇ ਸੋਸ਼ਲ ਮੀਡੀਏ ਦੀ ਓਨੀ ਵਰਤੋਂ ਨਹੀਂ ਕਰ ਰਿਹਾ ਜਿੰਨੀ ਕੀਤੀ ਜਾਣੀ ਚਾਹੀਦੀ ਹੈ। ਇਸ ਨੂੰ ਹੋਰ ਐਕਸਪਲੋਅਰ ਕਰਨ ਦੀ ਲੋੜ ਹੈ ਤਾਂ ਜੋ ਇਸ ਦੇ ਹੋਰ ਫਾਇਦੇ ਲਏ ਜਾ ਸਕਣ। ਹੁਣ ਤਾਂ ਫੇਸਬੁੱਕ ਉਪਰ ਲਾਈਵ ਬ੍ਰੌਡਕਾਸਟ ਵੀ ਕੀਤਾ ਜਾ ਸਕਦਾ ਹੈ। ਅਸੀਂ ਆਪਣੀਆਂ ਸਾਹਿਤਕ ਸਭਾਵਾਂ ਦੀਆਂ ਮੀਟਿੰਗਾਂ ਨੂੰ ਬ੍ਰੌਡਕਾਸਟ ਕਰ ਸਕਦੇ ਹਾਂ। ਯੂਨੀਵਰਸਟੀਆਂ ਜਾਂ ਹੋਰ ਸੰਸਥਾਵਾਂ ਵਿੱਚ ਹੁੰਦੀਆਂ ਬਹਿਸਾਂ ਵੀ ਇਥੇ ਆਉਣੀਆਂ ਚਾਹੀਦੀਆਂ ਹਨ ਤਾਂ ਜੋ ਦੂਰ ਦੂਰ ਤਕ ਬੈਠੇ ਲੇਖਕ ਇਸ ਨੂੰ ਦੇਖ ਸਕਣ ਤੇ ਇਸ ਵਿੱਚ ਭਾਗ ਲੈ ਸਕਣ। ਲੇਖਕਾਂ ਨੂੰ ਆਪਣੀਆਂ ਰਚਨਾਵਾਂ ਇਥੇ ਪੜ੍ਹਨੀਆਂ ਚਾਹੀਦੀਆਂ ਹਨ। ਲਾਈਵ ਮੁਸ਼ਾਇਰੇ ਸ਼ੁਰੂ ਕਰਨ ਦੀ ਵੀ ਲੋੜ ਹੈ। ਆਲੋਚਕ ਨੂੰ ਇਸ ਵੇਲੇ ਮੂਹਰੇ ਆਉਣਾ ਚਾਹੀਦਾ ਹੈ ਤਾਂ ਜੋ ਕਿਤਾਬਾਂ ਬਾਰੇ ਜਾਂ ਹੋਰ ਸਾਹਿਤਕ ਮਸਲਿਆਂ ਬਾਰੇ ਵਿਸਤ੍ਰਿਤ ਪਰਚੇ ਪੜ੍ਹੇ ਜਾ ਸਕਣ। ਆਲੋਚਕ ਦਾ ਸਿੱਧੇ ਪਾਠਕ ਤੇ ਲੇਖਕਾਂ ਤਕ ਪੁੱਜ ਸਕਦੇ ਹਨ। ਇਕ ਅੰਦਾਜ਼ੇ ਮੁਤਾਬਕ ਪੰਜਾਬੀ ਦੇ ਸੱਠ ਤੋਂ ਸੱਤਰ ਫੀ ਸਦੀ ਲੇਖਕ ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਉਪਰ ਸਰਗਰਮ ਹਨ ਇਹ ਬਹੁਤ ਚੰਗੀ ਗੱਲ ਹੈ ਪਰ ਨਾਲ ਦੀ ਨਾਲ ਉਹੀ ਸਾਹਿਤਕ ਸਿਆਸਤ ਇਥੇ ਵੀ ਚੱਲ ਰਹੀ ਹੈ। ਧੜੇਬੰਦੀ ਜ਼ੋਰਾਂ ਸ਼ੋਰਾਂ ’ਤੇ ਹੈ। ਆਮ ਵਾਂਗ ਇਥੇ ਵੀ ਧੜੇ ਬਣੇ ਹੋਏ ਹਨ ਤੇ ਆਪਣੇ ਦੋਸਤਾਂ ਨੂੰ ਅਸਿੱਧੇ-ਸਿੱਧੇ ਢੰਗ ਨਾਲ ਉਪਰ ਚੁੱਕਿਆ ਜਾਂਦਾ ਹੈ ਤੇ ਦੂਜਿਆਂ ਬਾਰੇ ਸਾਜ਼ਿਸ਼ੀ ਚੁੱਪ ਧਾਰ ਲਈ ਜਾਂਦੀ ਹੈ। ਜੋ ਵੀ ਹੈ ਸੋਸ਼ਲ ਮੀਡੀਆ ਪੰਜਾਬੀ ਸਾਹਿਤ ਲਈ ਵਰਦਾਨ ਹੈ।

**-ਅਦਾਰਾ ਸ਼ਬਦ**



**ਇਸ ਵਾਰ**

# ਹਿੰਦੀ ਨਾਵਲ
# ਨਵੇਂ ਨਗਰ ’ਚ ਦੂਜੀ ਮੌਤ/ਰਵਿੰਦਰ ਵਰਮਾ

## ਅਨੁਵਾਦ: ਹਰਬੰਸ ਸਿੰਘ ਧੀਮਾਨ

(1)

“ਕੋਈ ਮਰ ਗਿਆ ਏ, ਕਿਸੇ ਨੂੰ ਕੋਈ ਖ਼ਬਰਸਾਰ ਨਹੀਂ।”

ਗੌਰੀ ਸ਼ੰਕਰ ਨੰਗੀ ਸੜਕ ਤੇ ਚੀਖ਼ਿਆ। ਸਵੇਰ ਵੇਲੇ ਸੜਕ ਉੱਤੇ ਹੋਰ ਕੋਈ ਨਹੀਂ ਸੀ। ਸਿਰਫ਼ ਇਕ ਚਿੱਤ-ਕਬਰੇ ਕੁੱਤੇ ਦੀ ਲਾਸ਼ ਪਈ ਸੀ-ਜਿਸ ਵਿਚੋਂ ਉੱਡਦੀ ਦੁਰਗੰਧ ਚਾਰੇ ਪਾਸੇ ਫੈਲ ਰਹੀ ਸੀ। ਇਹ ਮੌਤ ਦੀ ਗੰਧ ਸੀ। ਨਵੇਂ ਨਗਰ ਵਿਚ ਇਹ ਪਹਿਲੀ ਮੌਤ ਸੀ।

ਸਵੇਰ ਦੀ ਧੁੱਪ ਵਿਚ ਪਈ ਲਾਸ਼ ਤੇ ਮੌਤ ਦੀ ਗੰਧ ਨਾਲ ਸਾਰੇ ਨਗਰ ਦੇ ਬੰਦ ਘਰਾਂ ਵਿਚ ਕੈਦ ਲੋਕ ਇਸ ਤਰ੍ਹਾਂ ਬੇਖ਼ਬਰ ਸਨ, ਜਿਵੇਂ ਉਹਨਾਂ ਨੂੰ ਮੌਤ ਦਾ ਪਤਾ ਹੀ ਨਾ ਹੋਵੇ। ਪਰ ਗੌਰੀ ਸ਼ੰਕਰ ਦੀ ਚੀਖ਼ ਸੜਕ ਦੇ ਦੋਹਾਂ ਪਾਸਿਆਂ ਦੇ ਘਰਾਂ ਵਿਚ ਬੰਦੂਕ ਦੀ ਗੋਲੀ ਵਾਂਗ ਪਹੁੰਚੀ ਅਤੇ ਕੁਝ ਲੋਕ ਹੜਬੜਾਉਂਦੇ ਹੋਏ ਬਾਹਰ ਨਿਕਲੇ। ਜਦੋਂ ਉਹਨਾਂ ਨੂੰ ਮੌਤ ਦੀ ਖ਼ਬਰ ਦਿੱਤੀ ਗਈ ਤਾਂ ਉਹ ਇੰਜ ਘਬਰਾਏ ਜਿਵੇਂ ਕੋਈ ਕਾਲੀ ਕੰਧ ਅਚਾਨਕ ਸਾਹਮਣੇ ਆ ਗਈ ਹੋਵੇ। ਤਾਂ ਉਸੇ ਵੇਲੇ ਇਕ ਨੌਜਵਾਨ ਵਧਕੇ ਅੱਗੇ ਸੜਕ ਤੇ ਆਇਆ ਅਤੇ ਉਸਨੇ ਖਿਚੜੀ ਹੋਏ ਵਾਲਾਂ ਅਤੇ ਦਾੜ੍ਹੀ ਵਾਲੇ ਗੌਰੀ ਸ਼ੰਕਰ ਨੂੰ ਕਿਹਾ, “ਅੰਕਲ, ਤੁਸੀਂ ਟੈਂਸ਼ਨ ਨਾ ਲਓ। ਮੈਂ ਗੱਡੀ ਲਈ ਫ਼ੋਨ ਕਰ ਦਿਆਂਗਾ।”

ਗੌਰੀ ਸ਼ੰਕਰ ਇਸ ਤਰ੍ਹਾਂ ਮੁੜ ਕੇ ਅੱਗੇ ਵਧਿਆ ਜਿਵੇਂ ਉਹਨਾਂ ਨੇ ਮੌਤ ਨੂੰ ਨਿਪਟਾ ਦਿੱਤਾ ਹੋਵੇ। ਉਹ ਸਾਹਮਣੇ ਦੇਖ ਰਹੇ ਸਨ ਜਿੱਥੇ ਸੜਕ ਦੇ ਪਰਲੇ ਪਾਰ ਇਕ ਛੋਟਾ ਜਿਹਾ ਜੰਗਲ ਸੀ ਜਿਸ ਵਿਚ ਕਿੱਕਰ, ਪਿੱਪਲ ਅਤੇ ਯੂਕਲਿਟਸ ਦੇ ਦਰਖ਼ਤ ਖਲੋਤੇ ਸਨ ਅਤੇ ਜ਼ਮੀਨ ਉੱਤੇ ਸੰਘਣੀ ਘਾਹ ਸੀ ਜਿਸ ਵਿਚ ਚੌਅ ਅਤੇ ਪੰਗਡੰਡੀਆਂ ਸਨ। ਉਹਨਾਂ ਨੇ ਮੁੜਦੇ ਹੋਏ ਸੜਕ ਦੇ ਦੋਹਾਂ ਪਾਸਿਓਂ, ਘਰਾਂ ਵਿਚੋਂ ਬਾਹਰ ਨਿਕਲੇ ਲੋਕਾਂ ਦੇ ਚਿਹਰਿਆਂ ਉੱਤੇ ਮੁਸਕਰਾਹਟ ਨਹੀਂ ਦੇਖੀ ਸੀ ਜਿਸ ਪਿੱਛੇ ਕੁੱਤੇ ਦੀ ਮੌਤ ਦਾ ਅਹਿਸਾਸ ਸੀ। ਗੌਰੀ ਸ਼ੰਕਰ ਨੂੰ ਖੱਬੇ ਪਾਸੇ ਅਤੇ ਸੜਕ ਉੱਤੇ ਮੁੜਦੇ ਇਹ ਯਾਦ ਆਇਆ ਕਿ ਬਚਪਨ ਵਿਚ ਉਹਨਾਂ ਨੇ ਸੁਣਿਆ ਸੀ ਕਿ ਜੇਕਰ ਤੁਸੀਂ ਕਿਸੇ ਕੰਮ ਜਾ ਰਹੇ ਹੋਵੋ ਅਤੇ ਰਸਤੇ ਵਿਚ ਤੁਹਾਨੂੰ ਮੁਰਦਾ ਮਿਲੇ ਤਾਂ ਇਹ ਸ਼ੁੱਭ-ਸ਼ਗਨ ਹੁੰਦਾ ਹੈ। ਮੁਰਦੇ ਤੋਂ ਮੁਰਾਦ ਆਦਮੀ ਦੇ ਮੁਰਦੇ ਤੋਂ ਸੀ। ਕੀ ਕੁੱਤੇ ਦੇ ਮੁਰਦੇ ਨਾਲ ਵੀ ਕੰਮ ਹੋ ਸਕਦਾ ਸੀ? ਉਹ ਇਸੇ ਸ਼ਸ਼ੋਪੰਜ ਵਿਚ ਸਨ, ਜਦੋਂ ਅਚਾਨਕ ਜੰਗਲ ਵੱਲੋਂ ਇਕ ਕਾਂ ਆਇਆ ਅਤੇ ਖੰਭ ਫੜ-ਫੜਾਕੇ ਪਲ-ਭਰ ਉਹਨਾਂ ਦੇ ਸਿਰ ਤੇ ਆ ਬੈਠਾ, ਫਿਰ ਨਵੇਂ ਨਗਰ ਵੱਲ ਉੱਡ ਗਿਆ। ਹੁਣ ਇਸਨੂੰ ਸ਼ਗਨ ਕਹੀਏ ਜਾਂ ਅਪਸ਼ਗਨ? ਉਹ ਕੁਝ ਦੇਰ ਖੇਤ ਵਿਚ ਬਿੱਜੂ ਜਿਹੇ ਬਣੇ ਖੜੇ ਰਹੇ ਅਤੇ ਫਿਰ ਅੱਗੇ ਵਧ ਗਏ। ਇਹ ਪਹਿਲੀ ਵਾਰ ਸੀ ਜਦੋਂ ਕਾਂ ਦੇ ਪੈਰ, ਉਹਨਾਂ ਦੀ ਖੋਪੜੀ ਉੱਤੇ ਪਏ ਸਨ।

ਉਹ ਇਕਦਮ ਇਕ ਉਮੀਦ ਨਾਲ ਭਰੇ ਜਿਹੇ ਗਏ। ਇਸ ਉਮੀਦ ਦਾ ਰੰਗ ਹਰਾ ਸੀ, ਸੱਜੇ ਪਾਸੇ ਜੰਗਲ ਵਿਚ ਫੈਲੀ ਹਰੀ ਘਾਹ ਦੀ ਤਰ੍ਹਾਂ। ਗੌਰੀ ਸ਼ੰਕਰ ਨੇ ਇਕ ਵਾਰ ਧੌਣ ਮੋੜ ਕੇ ਪਰੰਪਰਕ ਹਰੀ ਘਾਹ ਨੂੰ ਵੇਖਿਆ-ਜਿਵੇਂ ਉਹ ਜ਼ਮੀਨ ਦਾ ਗਹਿਣਾ ਹੋਵੇ-ਜਿਵੇਂ ਜ਼ਮੀਨ ਉਸ ਉੱਤੇ ਹੀ ਟਿਕੀ ਹੋਵੇ, ਇਕ ਉਮੀਦ ਦੀ ਤਰ੍ਹਾਂ। ਅਸਲ ਵਿਚ ਇਹ ਉਮੀਦ ਜਿਹੀ ਦਾ ਹੀ ਇਕ ਰੂਪ ਸੀ, ਜਿਸ ਵਿਚ ਚਾਹਤ ਦਾ ਤਾਣਾ-ਬਾਣਾ ਸੀ। ਇਹ ਨਾ ਹੋਵੇ ਤਾਂ ਮੰਦਰ-ਮਸੀਤ ਵਿਚ ਉੱਲੂ ਬੋਲਣ। ਬਿਨਾਂ ਉਮੀਦ ਦੇ ਭਲਾ ਕੌਣ ਨਿਰਾਸ਼ ਅਪਣੇ ਖ਼ਾਲੀ ਹੱਥ ਉਪਰ ਕਰੇਗਾ? ਇਸ ਉਮੀਦ

ਨਾਲ ਭਲਾ ਗੌਰੀ ਸ਼ੰਕਰ ਦਾ 'ਭੋਲਾ ਭਰੋਸਾ' ਜੁੜਿਆ ਸੀ ਕਿ ਦੁਨੀਆਂ ਨਿਆਂ ਦੇ ਪਹੀਆਂ ਉੱਤੇ ਚਲਦੀ ਹੈ।

"ਗੌਰੀ ਜੀ!" ਪਿੱਛੋਂ ਆਵਾਜ਼ ਆਈ।

ਧੌਣ ਮੋੜਦੇ ਹੋਏ ਗੌਰੀ ਸ਼ੰਕਰ ਨੇ ਸੋਚਿਆ ਕਿ ਪਿੱਛੋਂ ਵਾਜ ਮਾਰਨ ਨਾਲ ਬੁਲਾਇਆ ਜਾਣਾ ਅਪਸ਼ਗਨ ਮੰਨਿਆ ਜਾਂਦਾ ਹੈ ਜਦੋਂ ਕੋਈ ਅੱਗੇ ਜਾ ਰਿਹਾ ਹੋਵੇ। ਫਿਰ ਉਹਨਾਂ ਨੂੰ ਖ਼ੁਦ ਅਪਣੀ ਇਸ ਸ਼ਗਨ-ਅਪਸ਼ਗਨ ਦੀ ਖੇਡ ਉੱਤੇ ਹਾਸਾ ਆਇਆ। ਇਹ ਦਰਅਸਲ ਉਹਨਾਂ ਦੀ ਉਮੀਦ ਦੀ ਕੰਧ ਵਿਚ ਇਕ ਦਰਾਰ ਸੀ-ਇਕ ਸ਼ੰਕਾ, ਇਕ ਡਰ। ਜਦੋਂ ਉਹ ਪਿੱਛੇ ਮੁੜੇ, ਉਹਨਾਂ ਦੇ ਚਿਹਰੇ ਉੱਤੇ ਇਕ ਮੁਸਕਾਨ ਸੀ। ਸਾਹਮਣੇ ਰਾਮਕੁਮਾਰ ਖਲੋਤੇ ਸਨ।

"ਕਿੱਥੇ ?" ਰਾਮਕੁਮਾਰ ਨੇ ਪੁੱਛਿਆ।

"ਅੱਜ ਤਾਰੀਕ ਏ," ਗੌਰੀ ਸ਼ੰਕਰ ਬੋਲੇ।

"ਯਾਰ, ਤੁਹਾਡੀ ਤਾਰੀਕਾਂ ਦੀ ਦੌੜ ਮੈਰਾਥਨ ਹੋ ਰਹੀ ਏ," ਰਾਮਕੁਮਾਰ ਮੁਸਕਰਾਏ, "ਇਹ ਕਦੋਂ ਖ਼ਤਮ ਹੋਵੇਗੀ ?"

"ਬਸ, ਹੁਣ ਖ਼ਤਮ ਹੋਣ ਵਾਲੀ ਹੈ।"

"ਆਮੀਨ," ਰਾਮਕੁਮਾਰ ਗੌਰੀ ਸ਼ੰਕਰ ਦੇ ਗਵਾਂਢੀ ਸੀ। ਅੰਨਾ ਅੰਦੋਲਨ ਨਾਲ ਜੁੜੇ ਹੋਏ ਸਨ, ਜਿਸ ਵਿਚ ਗੌਰੀ ਸ਼ੰਕਰ ਨੂੰ ਵੀ ਉਮੀਦ ਨਜ਼ਰ ਆਉਂਦੀ ਸੀ। ਜਿਵੇਂ ਗੌਰੀ ਸ਼ੰਕਰ ਦੀ ਦਾੜ੍ਹੀ ਅਤੇ ਵਾਲ ਬਹੁਤੇ ਚਿੱਟੇ ਸਨ, ਉਸੇ ਤਰ੍ਹਾਂ ਰਾਮਕੁਮਾਰ ਦੇ ਦਾੜ੍ਹੀ ਅਤੇ ਵਾਲ ਕਾਲੇ ਸਨ। ਰਾਮਕੁਮਾਰ ਹੱਸਦੇ ਹੋਏ ਆਖਿਆ ਕਰਦੇ ਸਨ ਕਿ ਇਹ ਅੰਦੋਲਨ ਦੀ ਊਰਜਾ ਦਾ ਪ੍ਰਤੀਕ ਹੈ। ਪਰ ਪਰਿਪਕਤਾ ਦਾ ਨਹੀਂ, ਗੌਰੀ ਸ਼ੰਕਰ ਤੁੱਕ ਮਿਲਾ ਦੇਂਦੇ। ਦੋਹਾਂ ਦੀ ਖ਼ੂਬ ਬਹਿਸ ਹੁੰਦੀ। ਉਹ ਘੰਟਿਆਂ ਤੱਕ ਦੁਨੀਆਂ-ਜਹਾਨ ਦੀਆਂ ਗੱਲਾਂ ਕਰਦੇ। ਅੰਨਾ ਅੰਦੋਲਨ ਅਜੇ ਚੜ੍ਹਤ 'ਤੇ ਸੀ। ਅਗਸਤ 2011 ਦਾ ਰਾਮਲੀਲਾ ਮੈਦਾਨ ਉੱਤੇ ਵਰਤਾਓ ਹੋ ਚੁੱਕਿਆ ਸੀ। ਸੰਸਦ ਨੇ ਅੰਦੋਲਨ ਦੀ ਮੂਲ ਪ੍ਰਤਿਗਿਆ ਸਵੀਕਾਰ ਕਰ ਲਈ ਸੀ: ਜਦੋਂ ਲੋਕਪਾਲ ਆਏਗਾ। ਇਹ ਲੋਕਤੰਤਰ ਦਾ ਚਮਤਕਾਰ ਸੀ। ਸ਼ਾਇਦ ਇਹ ਵੀ ਗੌਰੀ ਸ਼ੰਕਰ ਦੀ ਉਮੀਦ ਦੇ ਚੌਗਿਰਦੇ ਦਾ ਇਕ ਸਬੱਬ ਸੀ। ਮਨ ਵਿਚ ਰੋਸ਼ਨੀ ਸੀ। ਅਜਿਹੀ ਰੋਸ਼ਨੀ ਲਈ ਨਾ ਜਾਣੇ ਕਿੰਨੇ ਲੋਕ ਰੋਜ਼ ਆਪਣੇ ਘਰਾਂ ਵਿਚੋਂ ਜ਼ਮੀਨ ਉੱਤੇ ਨਿਆਂ ਦੀ ਭਾਲ ਵਿਚ ਨਿਕਲਦੇ ਸਨ। ਉਹਨਾਂ ਅੰਦਰ ਕਿਧਰੇ ਮਾਨਵੀ-ਨਿਆਂ ਦੇ ਸੁਰੱਖਿਆ ਜਾਲ ਦਾ ਭਰੋਸਾ ਸੀ ਜੋ ਮਨੁੱਖ ਸ਼ੁਰੂ ਤੋਂ ਨਿਰਪੇਖ ਕੁਦਰਤ ਵਿਚ ਬੁਣਨ ਦਾ ਯਤਨ ਕਰ ਰਿਹਾ ਸੀ। ਇਸੇ ਨੂੰ ਸੱਭਿਅਤਾ ਕਹਿੰਦੇ ਸਨ। ਵਹਿੰਦੀਆਂ ਨਦੀਆਂ ਨਾਲ ਘਿਰੇ ਜੰਗਲਾਂ ਵਿਚ ਸ਼ੇਰ ਹਿਰਨ ਨੂੰ ਰੋਜ਼ ਮਾਰ ਰਿਹਾ ਸੀ। ਜਿਵੇਂ, ਹਿਰਨ ਸ਼ੇਰ ਦੇ ਸ਼ਿਕਾਰ ਲਈ ਹੀ ਪੈਦਾ ਹੋਇਆ ਹੋਵੇ। ਜੇਕਰ ਕਿਧਰੇ ਸ਼ੇਰ ਤੋਂ ਬਚ ਗਿਆ ਤਾਂ ਸੀਤਾ ਉਸਦੇ ਸੁਨਹਿਰੇ ਰੰਗ ਉੱਤੇ ਮੋਹਿਤ ਹੋ ਕੇ ਲਛਮਣ ਨੂੰ ਉਸਦੇ ਪਿੱਛੇ ਭਜਾ ਦੇਂਦੀ ਸੀ। ਇਹ ਵੀ ਇਕ ਸੱਭਿਅਤਾ ਸੀ।

ਲੋਹੀਆ ਰੋਡ ਉੱਤੇ ਆਟੋ ਵਿਚ ਗੌਰੀ ਸ਼ੰਕਰ ਵਿਚਕਾਰ ਬੈਠੇ ਸਨ। ਸ਼ਾਇਦ ਲੋਹੀਆ ਪਾਰਕ ਦੇ ਦਰਖ਼ਤਾਂ ਦੀ ਹਰਿਆਲੀ ਨੇ ਉਹਨਾਂ ਨੂੰ ਚੁੰਬਕ ਦੀ ਤਰ੍ਹਾਂ ਖਿੱਚਿਆ ਸੀ ਅਤੇ ਉਹ ਖੱਬੇ ਪਾਸੇ ਕੁਝ ਝੁਕ ਗਏ ਸੀ। ਖੱਬੇ ਪਾਸੇ ਕੋਈ ਮਟਮੈਲੇ ਕੱਪੜਿਆਂ ਵਿਚ ਪਿੰਡ ਵਾਲਾ ਅਧੇੜ ਬੈਠਾ ਸੀ। ਉਹ ਖੱਬੇ ਪਾਸੇ ਦੇਖਦੇ ਹੋਏ ਬੋਲਿਆ, "ਸ਼ਹਿਰ ਵਿਚ ਦਰਖ਼ਤ ਉਗਾਉਣ ਨੂੰ ਏਨੀ ਜ਼ਮੀਨ ਉੱਤੇ ਲੱਖਾਂ ਖ਼ਰਚ ਕਰ ਦਿੱਤੇ। ਪਿੰਡ ਵਿਚ, ਪਿੰਡੋਂ ਬਾਹਰ ਨਿਕਲੋ ਤਾਂ ਦਰਖ਼ਤ ਹੀ ਦਰਖ਼ਤ ਹਨ।"

ਆਟੋ ਵਿਚ ਵੱਜਦਾ ਟਰਾਂਜਿਸਟਰ ਅਚਾਨਕ ਤੇਜ਼ ਹੋ ਗਿਆ: "ਸ਼ੀਲਾ ਕੀ ਜਵਾਨੀ!!!" ਗੌਰੀ ਸ਼ੰਕਰ ਨੇ ਅੱਖਾਂ ਸਿੱਧੀਆਂ ਕਰ ਲਈਆਂ ਸਨ। ਗੋਲ ਚੁਰਾਹਾ ਸਾਹਮਣੇ ਸੀ। ਚੁਰਾਹਾ ਬੰਦ ਸੀ।



ਚਾਰੇ ਪਾਸੇ ਗੱਡੀਆਂ ਖਲੋਤੀਆਂ ਸਨ। ਪਤਾ ਲੱਗਾ ਕਿ ਮੁੱਖ ਮੰਤਰੀ ਦਾ ਕਾਫ਼ਲਾ ਵਿਧਾਨ ਭਵਨ ਲਈ ਨਿਕਲੇਗਾ। ਉਹ ਬੰਦ ਸ਼ਹਿਰ ਪਿੱਛੇ ਛੱਡਕੇ ਵਿਧਾਨ ਸਭਾ ਵਿਚ ਜਾਣਗੇ ਅਤੇ ਪ੍ਰਦੇਸ਼ ਨੂੰ ਚਲਾਉਣਗੇ।

"ਜਯ ਜਯ ਹਨੂਮਾਨ ਗੁਸਾਈਂ, ਕ੍ਰਿਪਾ ਕਰਹੋ ਗੁਰੂਦੇਵ ਕੀ ਨਾਈਂ।"

ਲੰਗੋਟ ਉੱਤੇ ਧੋਤੀ ਬੰਨਦੇ ਹੋਏ ਦਰਬਾਨ ਨੇ ਦਰਵਾਜ਼ੇ ਖੋਲ੍ਹੇ ਅਤੇ ਗੌਰੀ ਸ਼ੰਕਰ ਨੂੰ ਸੋਫ਼ੇ ਉੱਤੇ ਬੈਠਣ ਦਾ ਇਸ਼ਾਰਾ ਕਰਦੇ ਹੋਏ ਅੰਦਰ ਚਲੇ ਗਏ। ਉਹਨਾਂ ਦੇ ਬੁੱਲ੍ਹ ਲਗਾਤਾਰ ਹਨੂਮਾਨ ਚਾਲੀਸਾ ਦੀ ਤਾਲ ਉੱਤੇ ਚੱਲ ਰਹੇ ਸਨ। ਖੋਪੜੀ ਉੱਤੇ ਵਾਲ ਨਹੀਂ ਸਨ ਅਤੇ ਹੇਠਾਂ ਢਿੱਡ ਨੰਗਾ ਸੀ। ਢਿੱਡ ਵੀ ਬੁੱਲ੍ਹਾਂ ਦੇ ਨਾਲ ਹਿੱਲ ਰਿਹਾ ਸੀ। ਢਿੱਡ ਨਾ ਛੋਟਾ ਸੀ, ਨਾ ਵੱਡਾ ਸੀ ਪਰ ਚਾਰ-ਖ਼ਾਨੇ ਦੀ ਲੁੰਗੀ ਦੀਆਂ ਟਾਕੀਆਂ ਵਿਚੋਂ ਝਾਕਦਾ ਹੋਇਆ ਲੱਗਦਾ ਸੀ। ਚੌਬੇ ਜੀ ਸੱਤਰ ਦੇ ਪਾਰ ਸਨ, ਲੱਗਦੇ ਨਹੀਂ ਸਨ। ਉਹ ਅਪਣੇ ਤੰਦਰੁਸਤ ਸਿਹਤ ਦੀ ਵਜ੍ਹਾ ਨਾਲ ਚੌਬੇ ਜੀ ਜ਼ਰੂਰ ਲੱਗਦੇ ਸਨ। ਗੌਰੀ ਸ਼ੰਕਰ ਨੇ ਉਹਨਾਂ ਨੂੰ ਅੱਠ ਸਾਲ ਪਹਿਲਾਂ ਪਹਿਲੀ ਵਾਰ ਵੇਖਿਆ ਸੀ। ਉਦੋਂ ਵੀ ਉਹ ਅਜਿਹੇ ਹੀ ਸਨ। ਜਿਵੇਂ ਸਮਾਂ ਉਹਨਾਂ ਤੋਂ ਕੰਨੀ ਕਤਰਾ ਕੇ ਪਤਲੀ ਗਲੀ ਵਿਚੋਂ ਨਿਕਲ ਗਿਆ ਹੋਵੇ। ਜਿਵੇਂ-ਕਿਵੇਂ ਚੌਬੇ ਜੀ ਦੇ ਹੱਥ ਵਿਚ ਉਸੇ ਤਰ੍ਹਾਂ ਫ਼ਾਈਲਾਂ ਸਨ। ਅਜੇ ਮੁਕੱਦਮੇ ਦੀ ਬਹਿਸ ਬਾਕੀ ਸੀ। ਤਾਰੀਕ-ਤੇ-ਤਾਰੀਕ ਪੈ ਰਹੀ ਸੀ।

ਅੱਠ ਸਾਲ ਪਹਿਲਾਂ ਚੌਬੇ ਜੀ ਦੀ ਧਰਮਪਤਨੀ ਦਾ ਸੁਰਗਵਾਸ ਹੋ ਗਿਆ ਸੀ। ਜਦੋਂ ਗੌਰੀ ਸ਼ੰਕਰ ਉਹਨਾਂ ਨੂੰ ਪਹਿਲੀ-ਪਹਿਲੀ ਵਾਰ ਮਿਲੇ ਤਾਂ ਉਸਦਾ ਸਿਰ ਘੁੱਟਿਆ ਸੀ ਜਿਵੇਂ ਅੱਜ ਘੁੱਟਿਆ ਸੀ। ਉਹਨਾਂ ਦੀ ਧਰਮਪਤਨੀ ਉਸਦੇ ਸਿਰ ਦੇ ਵਾਲ ਸਵਰਗ ਲੈ ਗਈ ਹੋਵੇ। ਅਲਬੱਤਾ ਖਿਚੜੀ ਮੁੱਛਾਂ ਹੁਣ ਚਿੱਟੀਆਂ ਹੋ ਗਈਆਂ ਸਨ-ਪਰ ਉਹਨਾਂ ਦੇ ਤਨਾਓ ਵਿਚ ਉਹੀ ਤਨਾਓ ਸੀ। ਉਹੀ ਆਕੜ ਉਹਨਾਂ ਦੇ ਦਿਮਾਗ਼ ਵਿਚ ਵੀ ਸੀ। ਹਨੂਮਾਨ ਚਾਲੀਸਾ ਦਾ ਵਿਨਯ ਹਨੂਮਾਨ ਚਾਲੀਸਾ ਵਿਚ ਬੰਦ ਸੀ। ਹਨੂਮਾਨ ਚਾਲੀਸਾ ਦੇ ਬਾਹਰ ਉਹ ਖ਼ੁਦ ਹਨੂਮਾਨ ਸਨ। ਉਹਨਾਂ ਨੂੰ ਕਿਧਰੇ ਵੀ ਲੰਕਾ ਨਜ਼ਰ ਆ ਜਾਂਦੀ ਅਤੇ ਲੰਕਾ ਵਿਚ ਮਲੇਛ! ਅਯੋਧਿਆ ਵਿਚ ਬਾਬਰੀ ਮਸਜਿਦ ਦੇ ਮਲਬੇ ਉੱਤੇ ਅਜੇ ਤੱਕ ਰਾਮ ਮੰਦਰ ਦਾ ਨਾ ਬਣਨਾ, ਉਹਨਾਂ ਦਾ ਨਿੱਜੀ ਦੁਖ਼ਾਂਤ ਸੀ।

ਚੌਬੇ ਜੀ ਨੇ ਖ਼ੁਦ ਗੌਰੀ ਸ਼ੰਕਰ ਨੂੰ ਦੱਸਿਆ ਸੀ ਕਿ ਉਹਨਾਂ ਦੇ ਦਾਦੇ ਦੇ ਦਾਦਾ ਜੀ, ਵਾਜ਼ਿਦ ਅਲੀ ਸ਼ਾਹ ਦੇ ਦਰਬਾਰੀ ਸਨ। ਅੱਜ ਜਿਸ ਹਵੇਲੀ ਵਿਚ ਦੋ-ਮੰਜ਼ਿਲੇ ਹਿੱਸੇ ਵਿਚ ਉਹ ਰਹਿੰਦੇ ਸਨ ਉਹ ਨਵਾਬ ਨੇ ਉਹਨਾਂ ਦੇ ਵੱਡੇਰਿਆਂ ਨੂੰ ਬਖ਼ਸ਼ੀ ਸੀ। ਹੇਠਲੀ ਮੰਜ਼ਿਲ ਵਿਚ ਵੱਡਾ ਪੁੱਤਰ ਸਮੇਤ ਪਰਿਵਾਰ ਰਹਿੰਦਾ ਸੀ, ਉਪਰਲੀ ਮੰਜ਼ਿਲ ਉੱਤੇ ਛੋਟਾ। ਚੌਬੇ ਜੀ ਕਿਧਰੇ ਵਿਚਕਾਰ ਰਹਿੰਦੇ ਸਨ। ਗੌਰੀ ਸ਼ੰਕਰ ਨੂੰ ਉਹ ਕਦੀ ਹੇਠਾਂ ਮਿਲਦੇ, ਕਦੀ ਉਪਰ-ਕਦੀ ਲੰਗੋਟ ਪਾਈ, ਕਦੀ ਸੂਟ-ਬੂਟ ਪਾਈ। ਉਹ ਅਪਣੇ ਰਾਮ ਦੀ ਤਰ੍ਹਾਂ ਹਵੇਲੀ ਵਿਚ ਹਰ ਥਾਂ ਮੌਜੂਦ ਸਨ।

ਪਿਛਲੀਆਂ ਗਰਮੀਆਂ ਵਿਚ ਉਹਨਾਂ ਦੀ ਵਿਆਹੀ ਧੀ, ਅਪਣੇ ਦੋਹਾਂ ਬੱਚਿਆਂ ਨਾਲ ਪੇਕੇ ਆਈ ਸੀ ਅਤੇ ਉਸਨੇ ਅਪਣੇ ਦੋਹਾਂ ਭਰਾਵਾਂ ਦੀ ਸੁਰ-ਵਿਚ ਸੁਰ ਮਿਲਾਂਦਿਆਂ ਕਿਹਾ ਸੀ ਕਿ ਪਾਪਾ, ਹੁਣ ਇਸ ਹਵੇਲੀ ਨੂੰ ਵੇਚ ਦਿਓ। ਇਕ ਬਿਲਡਰ ਦਾ ਪੰਜ ਕਰੋੜ ਦਾ ਪ੍ਰਸਤਾਵ ਆਇਆ ਸੀ। ਇਹ ਹਜਰਤ ਗੰਜ ਦਾ ਪਿਛਵਾੜਾ ਸੀ। ਚੌਬੇ ਜੀ ਨੇ ਇਕ ਟੇਢੀ ਮੁਸਕਾਨ ਨਾਲ ਦੱਸਿਆ ਸੀ ਕਿ ਜੇਕਰ ਮੈਂ ਸੱਚਮੁੱਚ ਹਵੇਲੀ ਵੇਚ ਦਿਆਂ ਤਾਂ ਅਪਣੇ ਰਾਮ ਦੀ ਤਰ੍ਹਾਂ ਅੰਤਰ-ਧਿਆਨ ਹੋ ਜਾਵਾਂਗਾ। ਧੀ ਨੇ ਹੌਸਲਾ ਦਿੱਤਾ ਸੀ ਕਿ ਬਸ, ਹੁਣ ਤੁਸੀਂ ਕੰਮ ਛੱਡੋ ਅਤੇ ਰਾਮ ਦਾ ਨਾਮ ਲਓ। ਤੁਹਾਨੂੰ ਕੀ ਚਿੰਤਾ, ਅਸੀਂ ਤੁਹਾਡੀਆਂ ਤਿੰਨ ਸੰਤਾਨਾਂ ਹਾਂ, ਕਿਤੇ ਵੀ ਰਹੋ। ਤੁਸੀਂ ਰਾਮ ਦੀ ਸੇਵਾ ਕਰੋ, ਅਸੀਂ ਤੁਹਾਡੀ ਸੇਵਾ ਕਰਾਂਗੇ। ਇਹ ਅਜਿਹੀ ਸੇਵਾ ਸੀ ਜਿਸ ਵਿਚ ਕਚਹਿਰੀ ਤੋਂ ਮੁੜਦੇ ਹੋਏ

ਗੌਰੀ ਸ਼ੰਕਰ ਨੂੰ ਰਿਕਸ਼ਾ ਚੌਕ ਘੁੰਮਾਉਣਾ ਪਿਆ ਸੀ ਜਿੱਥੇ ਚੌਬੇ ਜੀ ਦੇ ਗੱਠੀਏ ਦਾ ਤੇਲ ਮਿਲਦਾ ਸੀ। ਘਰ ਵਿਚ ਕਿਸੇ ਨੂੰ ਤੇਲ ਲੈਣ ਜਾਣ ਦੀ ਵਿਹਲ ਨਹੀਂ ਸੀ।

ਚੌਬੇ ਜੀ ਨੇ ਇਕ ਠੋਸ ਵਕੀਲ ਦੀ ਤਰ੍ਹਾਂ ਕਿਹਾ ਸੀ, ਮੈਂ ਜਾਣਦਾ ਹਾਂ, ਜੇਕਰ ਮੈਂ ਹਵੇਲੀ ਵੇਚੀ ਤਾਂ ਮੈਂ ਸੜਕ ਉੱਤੇ ਆ ਜਾਵਾਂਗਾ।

ਉਦੋਂ ਉਸਦੇ ਚਿਹਰੇ ਤੇ ਕੋਈ ਭਾਵ ਨਹੀਂ ਸੀ।

ਸਿਆਣੇ ਵਕੀਲ ਅਤੇ ਪ੍ਰਾਰਥੀ ਮੁਵਕਿੱਲ ਜਦੋਂ ਅਦਾਲਤ ਦੀਆਂ ਉੱਚੀਆਂ ਪੌੜੀਆਂ ਚੜ੍ਹ ਰਹੇ ਸਨ ਤਾਂ ਉਹਨਾਂ ਦੇ ਚਿਹਰੇ ਕੋਰੇ ਸਨ। ਅਦਾਲਤ ਨਵਾਬਾਂ ਦੀ ਇਕ ਆਲੀਸ਼ਾਨ ਇਮਾਰਤ ਵਿਚ ਸੀ। ਜਿੱਥੇ ਸੱਤਾ ਅਤੇ ਐਸ਼ੋ-ਆਰਾਮ ਕਰਦੇ ਸਨ, ਉੱਥੇ ਹੁਣ ਜੱਜਾਂ ਦੀ ਉਦਾਸੀ ਸੀ। ਪੌੜੀਆਂ ਉੱਤੇ ਧੁੱਪ ਵਿਚ, ਵਕੀਲ ਦਾ ਕਾਲਾ-ਕੋਟ ਅਤੇ ਚਿੱਟੀ-ਪੈਂਟ ਚਮਕ ਰਹੀ ਸੀ। ਕੰਨਾਂ ਵਿਚ ਕੁੰਡਲਾਂ ਦੀ ਤਰ੍ਹਾਂ ਸੁਣਨ ਦੀ ਮਸ਼ੀਨ ਸੀ। ਅੰਦਰ ਹਰ ਚੱਲ ਅਤੇ ਅਚੱਲ ਸ਼ੈ ਉੱਤੇ ਸਾਂਵਲੀ ਛਾਂ ਪੈ ਰਹੀ ਸੀ। ਬਲਕਿ ਗਲਿਆਰਿਆਂ ਵਿਚ ਹਲਕਾ ਜਿਹਾ ਅੰਨ੍ਹੇਰਾ ਸੀ ਜਿੱਥੇ ਬੰਦਾ ਹਰ ਪਾਸੇ ਸੁੰਨੇ ਕਦਮਾਂ ਦੀ ਚਾਲ ਨਾਲ ਚੱਲ ਰਿਹਾ ਸੀ। ਉਸੇ ਧੁੰਦਲਕੇ ਵਿਚ ਨਿਆਂ ਦਾ ਕਾਰੋਬਾਰ ਚੱਲ ਰਿਹਾ ਸੀ। ਜਿਸ ਵਿਚ ਕਾਲੇ ਲਬਾਸ ਵਿਚ ਵਕੀਲ ਸਨ, ਲਾਚਾਰ ਜਨਤਾ ਸੀ, ਕੈਬਿਨਾਂ ਵਿਚ ਧੂਣੀ ਲਾਈ ਛੋਟੇ-ਵੱਡੇ ਬਾਬੂ ਸਨ ਅਤੇ ਪੰਜ ਰੁਪਏ ਦੀ ਦਸਤੂਰੀ ਲੈਂਦੇ ਚਪੜਾਸੀ ਸਨ-ਜੋ ਅੰਗ੍ਰੇਜ਼ਾਂ ਦੇ ਜ਼ਮਾਨੇ ਤੋਂ ਚਲੀ ਆ ਰਹੀ ਸੀ। ਉਪ-ਭੋਗਤਾ ਫ਼ੋਰਮ ਦੇ ਪ੍ਰਧਾਨ ਅਤੇ ਮੈਂਬਰਜ਼ ਸਾਰੇ ਅਪਣੇ ਦਫ਼ਤਰ ਅੰਦਰ ਸਨ ਜਿਵੇਂ ਕਿਸੇ ਗੁਫ਼ਾ ਵਿਚ ਸੁਸਤਾ ਰਹੇ ਹੋਣ।

ਅਦਾਲਤ ਦੇ ਲੱਕੜ ਦੇ ਚਬੂਤਰੇ ਦੀਆਂ ਤਿੰਨ ਕੁਰਸੀਆਂ ਖ਼ਾਲੀ ਸਨ। ਸਾਹਮਣੇ ਹਾਲ ਵਿਚ ਬੈਂਚਾਂ ਭਰੀਆਂ ਹੋਈਆਂ ਸਨ ਜਿਹਨਾਂ ਉੱਤੇ ਵਕੀਲ ਅਤੇ ਮੁਵਕਿੱਲ ਬੈਠੇ ਸਨ। ਕੁਝ ਵਕੀਲ ਸਵੇਰੇ ਦੀ ਅਖ਼ਬਾਰ ਪੜ੍ਹ ਰਹੇ ਸਨ। ਮੁਵਕਿੱਲ ਚੁੱਪ-ਚਾਪ ਦੇਖ ਰਹੇ ਸਨ ਜਿੱਥੇ ਕੁਝ ਨਹੀਂ ਸੀ। ਛੱਤ ਉੱਤੇ ਇਕ ਕੋਨੇ ਵਿਚ ਆਲ੍ਹਣਾ ਸੀ ਜਿਸ ਵਿਚ ਇਕ ਚਿੜੀ ਬੈਠੀ ਸੀ। ਸ਼ਾਇਦ ਆਲ੍ਹਣੇ ਵਿਚ ਕੋਈ ਬੱਚਾ ਵੀ ਸੀ-ਆਂਡੇ ਦੇ ਅੰਦਰ ਜਾਂ ਬਾਹਰ।

ਅਦਾਲਤ ਦੇ ਗੁਬੰਦ ਉੱਤੇ ਸੂਰਜ ਦੀਆਂ ਕਿਰਨਾਂ ਨੱਚ ਰਹੀਆਂ ਸਨ।

ਇਕਦਮ ਵੱਡੇ ਬਾਬੂ ਮੰਚ ਉੱਤੇ ਆਏ ਅਤੇ ਉਹਨਾਂ ਨੇ ਐਲਾਨ ਕੀਤਾ ਕਿ ਉੱਚ ਅਦਾਲਤ ਵਿਚ ਵਕੀਲਾਂ ਦੀ ਹੜਤਾਲ ਹੋ ਗਈ ਹੈ, ਇਸ ਲਈ ਅਦਾਲਤ ਨਹੀਂ ਲੱਗੇਗੀ। ਜਿਹਨਾਂ ਦੀ ਅੱਜ ਤਾਰੀਕ ਹੈ, ਉਹ ਅਗਲੀ ਤਾਰੀਕ ਲੈ ਲੈਣ। ਇਹ ਕੋਈ ਨਵੀਂ ਗੱਲ ਨਹੀਂ ਸੀ। ਅਜਿਹਾ ਅਕਸਰ ਹੋ ਜਾਂਦਾ ਸੀ। ਅੱਜ ਤਾਂ ਖ਼ੈਰ ਇਕ ਮੁਸਲਿਮ ਵਕੀਲ ਦੇ ਇਕ ਆਤੰਕੀ ਵਿਸਫ਼ੋਟ ਦੇ ਅਧੀਨ ਫੜ੍ਹੇ ਜਾਣ ਨਾਲ ਹੰਗਾਮਾ ਹੋਇਆ ਸੀ। ਨਹੀਂ ਤਾਂ ਕਈ ਵਾਰ ਆਤਮ-ਸਵੈਮਾਨ ਦਾ ਸਵਾਲ ਹੁੰਦਾ, ਕਦੀ ਅਦਾਲਤ ਦੀ ਨਿਰਕੁੰਸ਼ਤਾ ਦਾ। ਕਦੀ ਕੋਈ ਨੇਤਾ ਸੁਵਰਗਵਾਸ ਹੁੰਦਾ, ਤਾਂ ਵੀ ਅਦਾਲਤ ਬੰਦ ਹੋ ਜਾਂਦੀ। ਕਾਰਨਾਂ ਦੀ ਕੋਈ ਕਮੀ ਨਹੀਂ ਸੀ।

ਉਮੀਦ ਦਾ ਜਿਹੜਾ ਪਾਰਾ ਚੜ੍ਹਿਆ ਸੀ, ਉਹ ਇਕ ਝਟਕੇ ਨਾਲ ਹੇਠਾਂ ਆ ਗਿਆ। ਗੌਰੀ ਸ਼ੰਕਰ ਅਤੇ ਚੌਬੇ ਜੀ ਮਹਿਲ ਦੀਆਂ ਪੌੜ੍ਹੀਆਂ ਤੋਂ ਉਸੇ ਤਰ੍ਹਾਂ ਹੇਠਾਂ ਉੱਤਰੇ ਜਿਵੇਂ ਚੜ੍ਹੇ ਸਨ। ਉਹਨਾਂ ਦੇ ਚਿਹਰਿਆਂ ਉੱਤੇ ਧੁੱਪ ਦੇ ਸਿਵਾਏ ਕੁਝ ਨਹੀਂ ਸੀ। ਹੇਠਾਂ ਉੱਤਰ ਕੇ ਗੌਰੀ ਸ਼ੰਕਰ ਨੇ ਰਿਕਸ਼ਾ ਲਿਆ ਅਤੇ ਦੋਵੇਂ ਉਸ ਉੱਤੇ ਬਿਰਾਜਮਾਨ ਹੋਏ। ਰਿਕਸ਼ਾ ਮੋਤੀ ਮਹਿਲ ਦੀ ਚਾਰਦੀਵਾਰੀ ਦੇ ਅੰਦਰ ਹੀ ਸੀ ਜਦੋਂ ਚੌਬੇ ਜੀ ਨੇ ਪੁੱਛਿਆ, "ਤੁਹਾਨੂੰ ਕੋਈ ਜਲਦੀ ਤਾਂ ਨਹੀਂ ਏ?"

"ਮੈਂ ਤਾਂ ਸੋਚ ਰਿਹਾ ਸੀ ਕਿ ਅੱਜ ਬਹਿਸ ਨਿਪਟ ਜਾਏਗੀ," ਗੌਰੀ ਸ਼ੰਕਰ ਨੇ ਚੌਬੇ ਜੀ ਵੱਲ ਵੇਖਿਆ।



"ਕੋਈ ਗੱਲ ਨਹੀਂ, ਅਗਲੀ ਤਾਰੀਕ ਤੇ ਹੋ ਜਾਏਗੀ।" ਚੌਬੇ ਜੀ ਨੇ ਗੌਰੀ ਸ਼ੰਕਰ ਵੱਲ ਮੂੰਹ ਕੀਤਾ, "ਤੁਹਾਨੂੰ ਮੁੜਣ ਦੀ ਕੋਈ ਜਲਦੀ ਤਾਂ ਨਹੀਂ ਹੈ?"

ਗੌਰੀ ਸ਼ੰਕਰ ਦੀ ਨਜ਼ਰ ਅਧੇੜ ਰਿਕਸ਼ੇ ਵਾਲੇ ਦੀ ਧੌਣ ਤੇ ਸੀ ਜਿੱਥੇ ਮੁੜਕਾ ਚੋ ਰਿਹਾ ਸੀ। ਭਾਵੇਂ ਅਜੇ ਅਜਿਹੀ ਗਰਮੀ ਨਹੀਂ ਸੀ। ਸ਼ਾਇਦ ਹਨੂਮਾਨ ਦੀ ਵਜ੍ਹਾ ਨਾਲ, ਗੌਰੀ ਸ਼ੰਕਰ ਮੁਸਕਰਾਏ, "ਕਿਉਂ?"

"ਜ਼ਰਾ ਚੌਕ ਤੋਂ ਹੋ ਕੇ ਚੱਲੀਏ?"

"ਤੇਲ ਲੈਣ!"

"ਹਾਂ।"

ਆਸਮਾਨ ਤੋਂ ਸੂਰਜ ਦੀਆਂ ਕਿਰਨਾਂ ਸਿੱਧੀਆਂ ਧਰਤੀ ਉੱਤੇ ਡਿੱਗ ਰਹੀਆਂ ਸਨ ਜਦੋਂ ਗੌਰੀ ਸ਼ੰਕਰ ਵਾਪਸ ਨਵੇਂ ਨਗਰ ਵਿਚ ਦਾਖ਼ਿਲ ਹੋਏ। ਉਹਨਾਂ ਦੇ ਜ਼ਿਹਨ ਵਿਚ ਮਰੇ ਝਬਰੇ ਕੁੱਤੇ ਦੀ ਤਸਵੀਰ ਉੱਭਰੀ ਜੋ ਹੁਣ ਉੱਥੇ ਨਹੀਂ ਸੀ। ਉਸਦੀ ਥਾਂ ਗੋਪੀ ਕ੍ਰਿਸ਼ਨ ਕਾਲੀ ਐਨਕ ਲਾਈ ਖਲੋਤੇ ਸਨ। ਉਹ ਕੈਲੰਡਰ ਦੇ ਕ੍ਰਿਸ਼ਨ ਦੀਆਂ ਗੋਪੀਆਂ ਦੀ ਤਰ੍ਹਾਂ ਗੋਰੇ ਸਨ। ਜਦੋਂ ਕੋਈ ਉਸ ਨਾਲ ਇਹ ਮਜ਼ਾਕ ਕਰਦਾ ਤਾਂ ਉਹ ਉੱਤਰ ਦੇਂਦੇ, ਨਹੀਂ, ਮੈਂ ਗੋਰੀਆਂ ਗੋਪੀਆਂ ਦਾ, ਗੋਰਾ ਕ੍ਰਿਸ਼ਨ ਹਾਂ। ਉਹਨਾਂ ਨੇ ਸਾਹਮਣੇ ਖਲੋਤੇ ਗੌਰੀ ਸ਼ੰਕਰ ਨੂੰ ਪੁੱਛਿਆ:

"ਕੀ ਅੱਜ ਤਾਰੀਕ ਸੀ?"

"ਹਾਂ।"

"ਕੀ ਹੋਇਆ?"

"ਛੁੱਟੀ ਹੋ ਗਈ।"

ਗੌਰੀ ਸ਼ੰਕਰ ਝਿੱਜਕਦੇ ਹੋਏ ਮੁਸਕਰਾ ਰਹੇ ਸੀ। ਗੋਪੀ ਕ੍ਰਿਸ਼ਨ ਵੀ ਝਿੱਜਕੇ। ਜਿਵੇਂ ਦੋਵੇਂ ਕਚਹਿਰੀ ਦੀ ਛੁੱਟੀ ਲਈ ਜਿੰਮੇਵਾਰ ਹੋਣ।

"ਯਾਰ, ਤੁਸੀਂ ਮੈਨੂੰ ਹਸਾ ਦਿੱਤਾ," ਗੌਰੀ ਸ਼ੰਕਰ ਨੇ ਕਿਹਾ। ਉਹਨਾਂ ਦਾ ਸੰਕੇਤ ਅੱਠ ਸਾਲ ਪਹਿਲਾਂ ਦੀ ਗੋਪੀ ਕ੍ਰਿਸ਼ਨ ਦੀ ਉਪ-ਭੋਗਤਾ ਫ਼ੋਰਮ ਜਾਣ ਦੀ ਸਲਾਹ ਵੱਲ ਸੀ ਜਿਸ ਵਿਚ ਇਹ ਭਰੋਸਾ ਵੀ ਸ਼ਾਮਿਲ ਸੀ ਕਿ ਫ਼ੋਰਮ ਸਾਲ-ਭਰ ਵਿਚ ਮਾਮਲਾ ਨਿਪਟਾ ਦੇਂਦਾ ਹੈ। ਦੋਹਾਂ ਨੂੰ ਤਦ ਭੁੱਲ-ਭੁਲਈਆਂ ਦਾ ਗਿਆਨ ਨਹੀਂ ਸੀ।

"ਮੈਂ ਖ਼ੁਦ ਫ਼ਸ ਗਿਆ ਹਾਂ," ਗੋਪੀ ਕ੍ਰਿਸ਼ਨ ਝਿੱਜਕਦੇ ਹੋਏ ਬੋਲੇ।

"ਅੱਛਾ!"

"ਹਾਂ, ਮੇਰਾ ਪੁੱਤਰ ਕਹਿੰਦਾ ਏ ਕਿ ਪਾਪਾ, ਇਹ ਝੰਜਟ ਕੀ ਮੇਰੇ ਲਈ ਛੱਡ ਜਾਓਗੇ?"

ਗੌਰੀ ਸ਼ੰਕਰ ਹੁਣ ਵੀ ਮੁਸਕਰਾ ਰਿਹਾ ਸੀ। ਪਰ ਹੁਣ ਝਿੱਜਕ ਗ਼ਾਇਬ ਹੋ ਗਈ ਸੀ।

"ਭਾਈ!" ਗੋਪੀ ਕ੍ਰਿਸ਼ਨ ਹੱਸਦਿਆਂ ਹੋਏ ਬੋਲੇ, "ਇਹ ਮੁਸਕਾਨ ਵਾਲੀ ਗੱਲ ਨਹੀਂ ਏ। ਇਹ ਹੱਸਣ ਵਾਲੀ ਗੱਲ ਏ। ਹੁਣ ਮੈਂ ਉਪਰ ਜਾਵਾਂਗਾ ਤਾਂ ਪੁੱਤਰ ਦਾ ਅਸਲੀ ਦਰਦ ਇਹੋ ਝੰਜਟ ਹੋਵੇਗਾ।"

ਉਸੇ ਵੇਲੇ ਤਿੰਨ ਮੱਝਾਂ ਦੌੜਦੀਆਂ ਹੋਈਆਂ ਮੁੱਖ ਸੜਕ ਤੋਂ ਉਹਨਾਂ ਵੱਲ ਆਈਆਂ। ਉਹ ਜਾਨਵਰਾਂ ਲਈ ਸੜਕ ਛੱਡਕੇ ਸੜਕ ਦੇ ਦੋਹਾਂ ਕਿਨਾਰਿਆਂ ਤੇ ਆਹਮਣੇ ਸਾਹਮਣੇ ਉਤਰ ਗਏ। ਦੌੜਦੀਆਂ ਹੋਈਆਂ ਮੱਝਾਂ ਦੀ ਪਿੱਠ ਉੱਤੇ ਤਿਲਕਦੀਆਂ ਨਜ਼ਰਾਂ ਅਤੇ ਹਵਾ ਵਿਚ ਉੱਠੇ ਹੱਥਾਂ ਨਾਲ ਦੋਹਾਂ ਨੇ ਵਿਦਾ ਲਈ।

ਗੋਪੀ ਕ੍ਰਿਸ਼ਨ ਦਾ ਬਲਾਕ ਉਹਨਾਂ ਦੀ ਪਿੱਠ ਪਿੱਛੇ ਸੀ। ਉਹ ਮੁੜੇ ਅਤੇ ਅੱਗੇ ਵਧ

ਗਏ। ਗੌਰੀ ਸ਼ੰਕਰ ਸੜਕ ਉੱਤੇ ਦੌੜਦੀਆਂ ਮੱਝਾਂ ਦੇ ਪਿੱਛੇ ਚੱਲੇ ਤਾਂ ਕੁਝ ਅੱਗੇ ਜਾ ਕੇ ਰੁੱਕ ਗਈਆਂ। ਇਹ ਇੱਕਵੀਂ ਸਦੀ ਦੀ ਨਵੀਂ ਬਸਤੀ ਸੀ, ਜਿਸ ਵਿਚ ਤਿੰਨ ਤਰ੍ਹਾਂ ਦੀਆਂ, ਤਿੰਨ ਮੰਜ਼ਿਲਾਂ ਇਮਾਰਤਾਂ ਸਨ ਜੋ ਫ਼ਲੈਟਾਂ ਵਿਚ ਵੰਡੀਆਂ ਹੋਈਆਂ ਸਨ। ਜੋ ਬਾਹਰੋਂ ਆਉਂਦਾ ਨਵੀਂ ਬਸਤੀ ਦੀ ਉਸਾਰੀ ਅਤੇ ਖ਼ਾਲੀ ਥਾਵਾਂ ਦੀ ਸਰਾਹੁਣਾ ਕਰਦਾ। ਉਸਨੂੰ ਕੀ ਪਤਾ ਸੀ ਕਿ ਬੋਰਡ ਉੱਤੇ ਨਕਸ਼ਾ ਉਤਾਰਨ ਅਤੇ ਖ਼ਾਲੀ ਥਾਂ ਛੱਡਣ ਵਿਚ ਹੇਰਾ-ਫੇਰੀ ਦੀ ਕੋਈ ਗੁੰਜ਼ਾਇਸ਼ ਨਹੀਂ ਸੀ। ਭਲਾ ਹਵਾ ਵਿਚ ਸਰਕਾਰੀ ਠੇਕੇਦਾਰ ਕੀ ਮਿਲਾਵਟ ਕਰਦਾ ਜੋ ਉਸਨੇ ਨਾ-ਖ਼ਰੀਦਣੀ ਸੀ ਨਾ ਵੇਚਣੀ ਸੀ ? ਇਮਾਰਤਾਂ ਦੇ ਵਿਚ ਚਕੋਰ ਪਾਰਕ ਸਿਰਫ਼ ਸਰਕਾਰੀ ਫ਼ਾਈਲਾਂ ਵਿਚ ਸਨ-ਨਵੇਂ ਨਗਰ ਵਿਚ ਉਹ ਖੇਡ ਦੇ ਮੈਦਾਨ ਜ਼ਿਆਦਾ ਸਨ ਜਿਹਨਾਂ ਵਿਚ ਬਰਸਾਤ ਵਿਚ ਘਾਹ ਉੱਗ ਆਉਂਦੀ। ਬਰਸਾਤ ਵਿਚ ਫ਼ਲੈਟਾਂ ਦੀਆਂ ਛੱਤਾਂ ਚੋਂਦੀਆਂ ਅਤੇ ਕੰਧਾਂ ਉੱਤੇ ਸਲਾਬ ਦੇ ਨਕਸ਼ੇ ਬਣ ਜਾਂਦੇ। ਜਿਹਨਾਂ ਦੀ ਪਛਾਣ ਨਾਮੁਮਕਿਨ ਸੀ। ਲੱਕੜ ਦੀਆਂ ਖਿੜਕੀਆਂ ਅਤੇ ਦਰਵਾਜ਼ੇ ਸਿਉਂਕ ਦੇ ਘਰ ਸਨ। ਕੰਧਾਂ ਬੇਸ਼ਰਮੀ ਨਾਲ ਕਿਧਰੇ ਨੰਗੀਆਂ ਹੋ ਜਾਂਦੀਆਂ। ਇਸ ਨੰਗੇਪਣ ਦੀਆਂ ਸ਼ਿਕਾਇਤਾਂ ਉਪ-ਭੋਗਤਾ ਫ਼ੋਰਮ ਵਿਚ ਉਦੋਂ ਤੋਂ ਹੀ ਹੋ ਰਹੀਆਂ ਸਨ ਜਦੋਂ ਤੋਂ ਬਸਤੀ ਬਣੀ ਸੀ। ਸਰਕਾਰੀ ਵਕੀਲ ਉੱਤਰ ਵਿਚ ਬਸਤੀ ਦਾ ਆਕਾਸ਼ ਅਤੇ ਆਕਾਸ਼ ਦੇ ਬੱਦਲ-ਬਿਜਲੀ ਅਤੇ ਠੰਡੀਆਂ ਹਵਾਵਾਂ ਦਾ ਪ੍ਰਸੰਨ ਜ਼ਿਕਰ ਕਰਦੇ ਅਤੇ ਉਹਨਾਂ ਪਿੱਪਲ ਦੇ ਸੰਘਣੇ ਦਰਖ਼ਤਾਂ ਦੀ ਸਹੁੰ ਖਾਂਦੇ ਜੋ ਨਵੇਂ ਨਗਰ ਦੇ ਨਿਰਮਾਣ ਦੇ ਪਹਿਲੇ ਉਸਦੀ ਧਰਤੀ ਉੱਤੇ ਖਲੋਤੇ ਸਨ।

ਜਦੋਂ ਇਕ ਮੱਝ ਅਚਾਨਕ ਪਿੱਛੇ ਮੁੜ ਕੇ ਉਹਨਾਂ ਵੱਲ ਦੌੜੀ ਤਾਂ ਗੌਰੀ ਸ਼ੰਕਰ ਸੜਕ ਦੇ ਕਿਨਾਰੇ ਵੱਲ ਕੁੱਦੇ ਜਿਹੜੀ ਥਾਂ ਜਾਲੀ ਨਾਲ ਘਿਰੀ ਹੋਈ ਸੀ ਜਿਸਦੇ ਪਿੱਛੇ ਫੁੱਲਾਂ ਦੇ ਗ਼ਮਲੇ ਰੱਖੇ ਸਨ। ਗ਼ਮਲਿਆਂ ਦੇ ਉਸ ਪਾਰ ਪਲਾਸਟਿਕ ਦਾ ਰੰਗੀਨ ਪਰਦਾ ਸੀ ਜੋ ਆਦਮੀ ਤੋਂ ਉੱਚਾ ਸੀ। ਪਰਦੇ ਦੇ ਪਾਰ ਬਾਗ਼ਬਾਨੀ ਹੋ ਸਕਦੀ ਸੀ, ਕੋਈ ਵੱਡੀ ਗੱਡੀ ਹੋ ਸਕਦੀ ਸੀ ਜਾਂ ਹਰਿਆਲੇ ਲਾਅਨ ਦਾ ਵਾਧਾ ਹੋ ਸਕਦਾ ਸੀ। ਇਹ ਸਾਰੇ ਜੁਗਾੜ ਸਰਕਾਰੀ ਕਾਨੂੰਨ ਨੂੰ ਪੱਕਾ ਕਰਨ ਲਈ ਕੀਤੇ ਗਏ ਸਨ ਜਿਸ ਅਨੁਸਾਰ ਸਰਕਾਰੀ ਜ਼ਮੀਨ ਉੱਤੇ ਇੱਟ ਦੀ ਨਿੱਜੀ ਕੰਧ ਨਹੀਂ ਸੀ ਬਣ ਸਕਦੀ। ਨਵੇਂ ਨਗਰ ਵਿਚ ਇਸ ਲਈ ਸੜਕਾਂ ਸਨ, ਸੜਕਾਂ ਦੇ ਕਿਨਾਰੇ ਨਹੀਂ ਸਨ। ਉਹਨਾਂ ਨੂੰ ਮੱਧ-ਵਰਗੀ ਚਕਾਚੌਂਧ ਦੀ ਖ਼ੁਦਗ਼ਰਜ਼ੀ ਕੁਤਰ-ਕੁਤਰ ਕੇ ਖਾ ਗਈ ਸੀ ਜਿਵੇਂ ਇਮਾਰਤਾਂ ਦੀ ਆਤਮਾ ਨੂੰ ਸਰਕਾਰੀ ਅਮਲਾ, ਜਿਸ ਵਿਚ ਹੇਠਾਂ ਤੋਂ ਉਪਰ ਤੱਕ ਸਾਰੇ ਸ਼ਾਮਿਲ ਦੱਸੇ ਜਾਂਦੇ ਸਨ। ਇੱਥੇ ਸਿਰਫ਼ ਅਸਮਾਨ ਸਾਬਤ ਸੀ-ਜੇਕਰ ਅਸਮਾਨ ਕੁਝ ਸੀ ਤਾਂ !

ਜਦੋਂ ਮੱਝ ਮੁੜ ਗਈ ਤਾਂ ਗੌਰੀ ਸ਼ੰਕਰ ਨੇ ਜਾਲੀ ਛੱਡੀ ਜਿਸ ਨਾਲ ਉਹ ਚਿਪਕ ਕੇ ਖਲੋ ਗਏ ਸਨ। ਫਿਰ ਉਹ ਤੇਜ਼-ਤੇਜ਼ ਕਦਮਾਂ ਨਾਲ ਅਪਣੇ ਘਰ ਵੱਲ ਵਧੇ। ਉਹਨਾਂ ਨੇ ਪੌੜੀਆਂ ਚੜ੍ਹ ਕੇ ਆਪਣੇ ਫ਼ਲੈਟ ਦਾ ਦਰਵਾਜ਼ਾ ਖੋਲ੍ਹਿਆ ਅਤੇ ਖੱਬਾ ਪੈਰ ਅੰਦਰ ਰੱਖਿਆ ਤਾਂ ਦੇਖਿਆ ਕਿ ਫ਼ਰਸ਼ ਉੱਤੇ ਇਕ ਅਮਰੀਕੀ ਲਿਫ਼ਾਫ਼ਾ ਪਿਆ ਹੈ ਜਿਸ ਉੱਤੇ ਉਹਨਾਂ ਦਾ ਨਾਂ ਲਿਖਿਆ ਹੈ। ਉਹਨਾਂ ਨੇ ਲਿਫ਼ਾਫ਼ਾ ਚੁੱਕਿਆ, ਉਲਟਾਅ-ਪੁਲਟਾਅ ਕੇ ਵੇਖਿਆ ਅਤੇ ਸਪਾਟ ਚਿਹਰੇ ਨਾਲ ਬੰਦ ਲਿਫ਼ਾਫ਼ਾ ਅੰਦਰ ਲੈ ਗਏ। ਉਹਨਾਂ ਨੇ ਮੇਜ਼ ਦੀ ਦਰਾਜ਼ ਖੋਲ੍ਹੀ: ਦਰਾਜ਼ ਵਿਚ ਅਮਰੀਕੀ ਲਿਫ਼ਾਫ਼ੇ ਭਰੇ ਹੋਏ ਸਨ ਜੋ ਖੋਲ੍ਹੇ ਨਹੀਂ ਗਏ ਸਨ ਅਤੇ ਜਿਹਨਾਂ ਉੱਤੇ ਇਕ ਹੀ ਲਿਖਤ ਵਿਚ ਗੌਰੀ ਸ਼ੰਕਰ ਦਾ ਨਾਂ ਲਿਖਿਆ ਹੋਇਆ ਸੀ। ਉਸੇ ਬੰਦ ਲਿਫ਼ਾਫ਼ੇ ਦੇ ਢੇਰ ਵਿਚ ਇਕ ਹੋਰ ਬੰਦ ਲਿਫ਼ਾਫ਼ਾ ਡਿੱਗਿਆ ਅਤੇ ਗਵਾਚ ਗਿਆ।

ਉਹਨਾਂ ਲਿਫ਼ਾਫ਼ਿਆਂ ਉੱਤੇ ਲਿਖਤ ਅਵਿਨਾਸ਼ ਦੀ ਹੀ ਸੀ, ਜਿਸਨੂੰ ਗੌਰੀ ਸ਼ੰਕਰ ਉਦੋਂ ਤੋਂ ਪਛਾਣਦੇ ਸਨ ਜਦੋਂ ਅਵਿਨਾਸ਼ ਨੇ ਲਿਖਣਾ ਸਿੱਖਿਆ ਸੀ। ਗੌਰੀ ਸ਼ੰਕਰ ਨੂੰ ਲੱਗਿਆ ਕਿ



ਉਹਨਾਂ ਨੂੰ ਆਪਣੀ ਸਭ ਤੋਂ ਅੰਦਰਲੀ ਪਰਤ ਉੱਤੇ ਪਿਆਸ ਲੱਗੀ ਹੈ। ਜਿਵੇਂ ਉਹ ਸਵੇਰੇ ਪਾਣੀ ਪੀਣਾ ਭੁੱਲ ਗਏ ਸਨ। ਉਹ ਪਾਣੀ ਵੱਲ ਵਧੇ।

(2)

ਗੌਰੀ ਸ਼ੰਕਰ ਦਾ ਇਹ ਪੁਰਾਣਾ ਸ਼ੁਗ਼ਲ ਸੀ।

ਉਹ ਢਲਦੀ ਹੋਈ ਸ਼ਾਮ ਦੇ ਧੁੰਦਲਕੇ ਵਿਚ ਬਾਲਕੋਨੀ ਵਿਚ ਬੈਠ ਜਾਂਦੇ ਅਤੇ ਦੂਰ ਤੱਕ ਦਰਖ਼ਤਾਂ ਦਿਆਂ ਪੱਤਿਆਂ ਦੇ ਪਿੱਛੇ ਲੁਕੇ ਨੀਲੇ ਆਸਮਾਨ ਨੂੰ ਦੇਖਦੇ ਰਹਿੰਦੇ। ਆਕਾਸ਼ ਦੀ ਨੀਲੀ ਗਹਿਰਾਈ ਵਿਚ ਕੋਈ ਤਲਿਸਮ ਸੀ ਜੋ ਤੁਰੰਤ ਉਹਨਾਂ ਦੇ ਅੰਦਰ ਉੱਤਰ ਜਾਂਦਾ ਅਤੇ ਉਹ ਅਚਾਨਕ ਆਪਣੇ ਆਪ ਨੂੰ ਜ਼ਿਆਦਾ ਜੀਵੰਤ ਮਹਿਸੂਸ ਕਰਦੇ ਜਿਵੇਂ ਸੂਰਜਮੁਖੀ ਨੇ ਸਵੇਰੇ-ਸਵੇਰੇ ਸੂਰਜ ਵੱਲ ਦੇਖਿਆ ਹੋਵੇ। ਉਹ ਉਸ ਚਿੜੀ ਦੇ ਨਾਲ ਉੱਡਦੇ ਲੱਗਦੇ ਜਿਹੜੀ ਆਪਣੇ ਆਲ੍ਹਣੇ ਵੱਲ ਜਾ ਰਹੀ ਹੁੰਦੀ। ਪਰ ਉਸੇ ਵੇਲੇ ਅਨ੍ਹੇਰੇ ਦਾ ਪਰਦਾ ਅਸਮਾਨ ਤੋਂ ਡਿੱਗਣ ਲੱਗਾ ਅਤੇ ਚਿੜੀ ਅਸਮਾਨ ਵਿਚ ਅਲੋਪ ਹੋ ਜਾਂਦੀ। ਉਹਨਾਂ ਦੇ ਜ਼ਿਹਨ ਵਿਚ ਉਦੋਂ ਉਹੀ ਖ਼ਿਆਲ ਪਹਿਲੀ ਵਾਰ ਉੱਭਰਦਾ। ਮੰਨ ਲਵੋ ਕਿ ਹੁਣੇ ਹੀ ਇਸੇ ਪਲ ਗੁਰੁਤਾ- ਖਿੱਚ ਦੀ ਤਾਰ ਟੁੱਟ ਜਾਏ ਤੇ ਅਲੋਪ ਚਿੜੀ, ਹੋ ਸਕਦਾ ਹੈ ਉੱਡ ਕੇ ਮੁੜ ਬਾਲਕੋਨੀ ਦੀ ਕੁਰਸੀ ਉੱਤੇ ਆ ਕੇ ਬੈਠ ਜਾਏ ਅਤੇ ਗੌਰੀ ਸ਼ੰਕਰ ਚਿੜੀ ਦੀ ਤਰ੍ਹਾਂ ਉੱਡ ਕੇ ਚੰਨ ਉੱਤੇ ਜਾ ਲੇਟਣ।

ਉਹ ਸੱਚਮੁੱਚ ਇਕ ਚਮਤਕਾਰ ਸੀ ਕਿ ਅਸਮਾਨ ਨੂੰ ਛੂਹੰਦੀਆਂ ਪਰਬਤੀ ਚੋਟੀਆਂ ਤੇ ਇਮਾਰਤਾਂ ਨਾਲ ਲੱਦੀ ਧਰਤੀ, ਹਰ ਪਲ ਆਪਣੇ ਅਤੇ ਸੂਰਜ ਵੱਲ ਹਵਾ ਵਿਚ ਘੁੰਮ ਰਹੀ ਸੀ। ਜਿਸ ਵਿਚ ਨਾ ਕੋਈ ਦਾਨਵ ਆਕਾਸ਼ ਵਿਚ ਡਿੱਗਦਾ ਸੀ ਨਾ ਹਿਮਾਲਿਆ ਦੀ ਬਰਫ਼। ਧਰਤੀ ਦੀਆਂ ਚੱਟਾਨਾਂ ਕਿਸੇ ਗੂੜ੍ਹੇ ਰਿਸ਼ਤੇ ਵਿਚ ਆਪਸ ਵਿਚ ਬੰਨੀਆਂ ਹੋਈਆਂ ਸਨ। ਕੀ ਹੋਵੇ ਜੇਕਰ ਇਹ ਰਿਸ਼ਤਾ ਟੁੱਟ ਜਾਏ ? ਜਦੋਂ ਵੀ ਅਵਿਨਾਸ਼ ਦਾ ਖ਼ਤ ਆਉਂਦਾ ਤਾਂ ਉਹ ਉਸਨੂੰ ਬਿਨਾਂ ਖੋਲ੍ਹੇ ਮੇਜ਼ ਦੀ ਦਰਾਜ਼ ਵਿਚ ਪਾ ਦੇਂਦਾ ਅਤੇ ਉਹਨਾਂ ਨੂੰ ਆਪਣੇ ਅੰਦਰ ਅਣਗਿਣਤ ਪੱਥਰ ਚੱਲਦੇ ਹੋਏ ਲੱਗਦੇ ਜਿਵੇਂ ਕੋਈ ਦੰਗਾ ਹੋ ਗਿਆ ਹੋਵੇ। ਜੇਕਰ ਉਸਦਾ ਚਿਹਰਾ ਜਾਂ ਚਾਲ ਕੁਝ ਨਹੀਂ ਬਦਲਦੀ ਸੀ। ਖ਼ਾਲੀ ਘਰ ਵਿਚ ਉਹ ਖ਼ਾਲੀ-ਖ਼ਾਲੀ ਘੁੰਮਦੇ ਜਿਵੇਂ ਕੁਝ ਲੱਭ ਰਹੇ ਹੋਣ ਜੋ ਉੱਥੇ ਨਾ ਹੋਵੇ: ਡਾਇਨਿੰਗ ਟੇਬਲ ਦੇ ਇਕ ਸਿਰੇ ਤੇ ਅਵਿਨਾਸ਼ ਬੈਠਾ ਸੀ ਅਤੇ ਉਹ ਦੂਸਰੇ ਸਿਰੇ ਉੱਤੇ ਸਾਹਮਣੇ ਬੈਠੇ ਉਸਨੂੰ ਬਿਟਰ-ਬਿਟਰ ਦੇਖ ਰਹੇ ਸਨ। ਉਹਨਾਂ ਦਾ ਮੂੰਹ ਖੁੱਲ੍ਹਾ ਸੀ ਪਰ ਮੂੰਹ ਵਿਚ ਸ਼ਬਦ ਨਹੀਂ ਸਨ। ਅਵਿਨਾਸ਼ ਦੇ ਸ਼ਬਦ ਟੇਬਲ ਉੱਤੇ ਸੱਪ ਬਣਕੇ ਨੱਚ ਰਹੇ ਸਨ:

"ਮੈਂ ਖ਼ੁਦ ਆਪਣੇ ਆਪ ਨੂੰ ਬਣਾਇਆ ਏ। ਇਸ ਵਿਚ ਕਿਸੇ ਦਾ ਕੋਈ ਲੈਣਾ-ਦੇਣਾ ਨਹੀਂ ਏ।"

ਆਪਣੇ ਆਪ ਨੂੰ ਬਣਾਉਣ ਦਾ ਕੇਂਦਰੀ ਨੁਕਤਾ ਉਸਦਾ ਅਗਲੇ ਦਿਨ ਅਮਰੀਕਾ ਜਾਣਾ ਸੀ। ਦੂਸਰਾ ਵਾਕ ਬੋਲਦੇ ਹੋਏ ਉਸਨੇ ਬਿੱਛੂ ਨਜ਼ਰ ਨਾਲ ਗੌਰੀ ਸ਼ੰਕਰ ਵੱਲ ਵੇਖਿਆ ਸੀ। ਟੇਬਲ ਉੱਤੇ ਨੱਚਦੇ ਸੱਪਾਂ ਦੇ ਨਾਲ ਨੱਚਦੇ ਬਿੱਛੂ ਵੀ ਸਨ। ਟੇਬਲ ਉੱਤੇ ਨੱਚਦਾ ਜ਼ਹਿਰ ਅਵਿਨਾਸ਼ ਦੇ ਗ਼ਲੇ ਦੀ ਸਖ਼ਤ ਸਾਫ਼-ਸਿੱਧੀ ਆਵਾਜ਼ ਨਾਲ ਨਿਕਲਿਆ ਸੀ। ਪੁੱਤਰ ਦਾ ਅਜਿਹਾ ਸੁਰ ਪਿਉ ਨੇ ਪਹਿਲੀ ਵਾਰ ਸੁਣਿਆ ਸੀ ਜਿਸ ਵਿਚ ਪੁੱਤਰ ਦੀ ਥਾਂ ਦੂਜਾ ਆਦਮੀ ਸੀ। ਸ਼ਾਇਦ ਪੁੱਤਰ ਭਾਰਤ ਵਿਚ ਇਕੱਲੇ ਰਹਿੰਦੇ ਪਿਉ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵਿਅਕਤੀ ਦੀ ਤਰ੍ਹਾਂ ਝਾੜ ਰਿਹਾ ਸੀ। ਉਸਦੇ ਨਾਲ ਹੀ ਉਸਦੀ ਨੌਜਵਾਨ ਪਤਨੀ ਬੈਠੀ ਸੀ ਜਿਸਦੀ ਮੁਸਕਰਾਹਟ ਅਦ੍ਰਿਸ਼ ਸੀ। ਜਿਵੇਂ ਅਵਿਨਾਸ਼ ਨੂੰ ਹੁਣੇ ਇਲਹਾਮ ਹੋਇਆ ਸੀ ਕਿ ਉਹ ਧਰਤੀ ਉੱਤੇ ਸਰਵਗੁਣ-ਸੰਪੰਨ ਕ੍ਰਿਸ਼ਨ ਭਗਵਾਨ ਦੀ ਤਰ੍ਹਾਂ ਪ੍ਰਗਟ ਹੋਇਆ ਸੀ, ਉਸੇ ਤਰ੍ਹਾਂ ਉਸਦੀ ਬੀਵੀ ਸੁਨੈਇਨਾ ਨੂੰ ਭਰੋਸਾ ਸੀ ਕਿ

ਅਵਿਨਾਸ਼ ਨੂੰ ਉਸ ਨੇ ਪਾਲ-ਪੋਸ ਕੇ ਅਮਰੀਕਾ ਭੇਜਣ ਦੇ ਲਾਇਕ ਬਣਾਇਆ ਹੈ। ਦੋਵੇਂ ਭੁੱਲ ਗਏ ਸਨ ਕਿ ਅਵਿਨਾਸ਼ ਦੀ ਮਾਂ ਉਸਦੇ ਬਚਪਨ ਵਿਚ ਹੀ ਮਰ ਗਈ ਸੀ ਅਤੇ ਗੌਰੀ ਸ਼ੰਕਰ ਨੇ ਉਸ ਤੋਂ ਬਾਅਦ ਮਾਂ-ਪਿਉ ਦਾ ਡਬਲ ਰੋਲ ਕੀਤਾ ਸੀ।

ਗੌਰੀ ਸ਼ੰਕਰ ਦਾ ਦੁੱਖ ਖ਼ਾਰਿਜ ਹੋਣ ਦਾ ਦੁੱਖ ਨਹੀਂ ਸੀ। ਇਹ ਪੁੱਤਰ ਦੇ ਭੂ-ਮੰਡਲੀ ਮੇਲੇ ਵਿਚ ਅਚਾਨਕ ਗਵਾਚ ਜਾਣ ਦਾ ਦੁੱਖ ਸੀ।

ਨੀਲੇ ਅਸਮਾਨ ਵਿਚ ਤਾਰੇ ਨਿਕਲ ਆਏ ਸਨ। ਉਸੇ ਪਾਸੇ ਮੂੰਹ ਚੁੱਕੀ ਗੌਰੀ ਸ਼ੰਕਰ ਨੂੰ ਯਾਦ ਆਇਆ ਕਿ ਅਵਿਨਾਸ਼ ਨੇ ਬਾਅਦ ਵਿਚ ਉਸਨੂੰ ਵੀ ਅਮਰੀਕਾ ਆਉਣ ਦਾ ਸੱਦਾ ਪੱਤਰ ਘੱਲਿਆ ਸੀ। ਉਹਨਾਂ ਨੂੰ ਇਹ ਸਦਾ ਹੀ ਲੱਗਾ ਸੀ ਜਿਵੇਂ ਖਾ ਕੇ ਮਹਿਮਾਨ ਆਪਣੇ ਘਰ ਮੁੜ ਆਉਂਦਾ ਹੈ। ਫਿਰ ਅਵਿਨਾਸ਼ ਨੇ ਉਹਨਾ ਨੂੰ ਯਾਦ ਦਿਵਾਇਆ ਕਿ ਉਹ ਰਿਟਾਇਰ ਹੋ ਗਏ ਹਨ, ਕਿਧਰੇ ਵੀ ਆ ਜਾ ਸਕਦੇ ਹਨ। ਕਿਧਰੇ ਵੀ ਜਾਣ, ਮੁੜ ਕੇ ਤਾਂ ਆਦਮੀ ਆਪਣੇ ਘਰ ਹੀ ਆਉਂਦਾ ਹੈ-ਉਸਨੇ ਮੂੰਹ ਵਿਚੋਂ ਕੱਢਿਆ ਸੀ। ਉਹ ਅਜੇ ਆਪਣੇ ਘਰ ਵਿਚ ਬੈਠੇ ਅਸਮਾਨ ਵੱਲ ਵੇਖ ਰਹੇ ਸਨ। ਉਹਨਾਂ ਨੂੰ ਪਤਾ ਨਹੀਂ ਸੀ ਕਿ ਇਕ ਦਿਨ ਅਜਿਹਾ ਆਏਗਾ ਜਦੋਂ ਉਹ ਇਹ ਘਰ ਵੀ ਖੋਹਿਆ ਜਾਏਗਾ-ਇਕੱਲਾ ਅਸਮਾਨ ਬਚੇਗਾ ਜਿਸਨੂੰ ਉਹ ਇਕ ਖਿੱਚ ਨਾਲ ਵੇਖਿਆ ਕਰਨਗੇ, ਇਸੇ ਬਾਲਕੋਨੀ ਨੂੰ ਯਾਦ ਕਰਦੇ ਹੋਏ।

ਦਿੱਲੀ ਵਿਚ ਟੇਬਲ-ਟਾਕ ਦੇ ਬਾਅਦ ਉਹ ਲਖਨਊ ਮੁੜ ਆਏ ਸਨ ਅਤੇ ਅਵਿਨਾਸ਼ ਅਮਰੀਕਾ ਚਲਾ ਗਿਆ ਸੀ। ਮੁੜ ਕੇ ਉਹਨਾਂ ਨੂੰ ਦਿਨ-ਬ-ਦਿਨ ਆਪਣਾ ਡਬਲ-ਰੋਲ ਯਾਦ ਆਉਂਦਾ ਰਿਹਾ ਸੀ। ਤਦ ਅਵਿਨਾਸ਼ ਬਹੁਤ ਛੋਟਾ ਸੀ ਜਦੋਂ ਉਹਨਾਂ ਨੇ ਪਹਿਲੀ ਵਾਰ ਉਸਦੀ ਸੁਨਹਿਰੀ ਟੱਟੀ ਸਾਫ਼ ਕੀਤੀ। ਗੌਰੀ ਸ਼ੰਕਰ ਅਜੇ ਤੱਕ ਇਹ ਤੈਅ ਨਹੀਂ ਕਰ ਸਕਦੇ ਕਿ ਉਸ ਸੁਨਹਿਰੀ ਆਭਾ ਦਾ ਸਰੋਤ ਇਕ ਨੰਨਾ ਸ਼ਿਸ਼ੂ ਜਾਂ ਉਸਦਾ ਅਨਾਥ ਪੁੱਤਰ ਸੀ ਜਿਸਦੀ ਮਾਂ ਨਹੀਂ ਸੀ। ਫਿਰ ਹੌਲੀ-ਹੌਲੀ ਉਹ, ਉਸਦੀ ਮਾਂ ਵੀ ਬਣ ਗਏ ਸਨ। ਜਿਵੇਂ ਪ੍ਰਿਆ, ਅਵਿਨਾਸ਼ ਦਾ ਧਿਆਨ ਰੱਖਦੀ ਸੀ, ਉਹ ਵੀ ਉਸੇ ਤਰ੍ਹਾਂ ਉਸਦੀ ਚੌਕਸੀ ਕਰਨ ਦੀ ਕੋਸ਼ਿਸ਼ ਕਰਦੇ। ਜੇਕਰ ਉਹ ਕੁਝ ਦੇਰ ਘਰ ਵਿਚ ਨਾ ਵਿਖਾਈ ਦੇਂਦਾ ਤਾਂ ਪ੍ਰਿਆ ਦੀ ਤਰ੍ਹਾਂ ਉਹ ਉਹਨਾਂ ਨੂੰ ਘਰ ਦੇ ਇਕ-ਇਕ ਕੋਨੇ ਵਿਚੋਂ ਲੱਭਦੇ-ਮੇਜ਼ ਦੇ ਹੇਠਾਂ, ਕੁਰਸੀਆਂ ਦੇ ਪਿੱਛੇ, ਅਲਮਾਰੀ ਨਾਲ, ਜਾਂ ਪਲੰਗ ਦੇ ਅੰਨ੍ਹੇਰੇ ਵਿਚ। ਉਸਨੂੰ ਕਹਾਣੀਆਂ ਸੁਣਾਉਂਦੇ ਹੋਏ ਉਹ ਖਾਣਾ ਖਵਾਉਂਦੇ ਅਤੇ ਉਸਦੇ ਖਾਣ ਦੇ ਬਾਅਦ ਖ਼ੁਦ ਖਾਂਦੇ। ਉਸਦੀ ਨੀਂਦ ਸੌਂਦੇ, ਉਸਦੀ ਨੀਂਦ ਜਾਗਦੇ। ਕਦੀ-ਕਦੀ ਉਹਨੂੰ ਲੱਗਦਾ ਕਿ ਉਹ ਖ਼ੁਦ ਪ੍ਰਿਆ ਹੋ ਗਏ ਹਨ। ਅਵਿਨਾਸ਼ ਮਾਰਫ਼ਤ ਉਹਨਾਂ ਨੇ ਪ੍ਰਿਆ ਨੂੰ ਫਿਰ ਪਾ ਲਿਆ ਹੈ। ਪਰ ਅਵਿਨਾਸ਼, ਪ੍ਰਿਆ ਦੇ ਬਿਨਾਂ ਵੱਡਾ ਹੋਇਆ। ਇਹ ਉਸਨੂੰ ਉਦੋਂ ਪਤਾ ਲੱਗਾ ਜਦੋਂ ਉਸਨੇ ਸੁਨੈਇਨਾ ਨੂੰ ਜਾਣਿਆ। ਫਿਰ ਉਹ ਇਕ ਅਗਿਆਕਾਰੀ ਪਤੀ ਹੋ ਗਿਆ। ਗੌਰੀ ਸ਼ੰਕਰ ਨੂੰ ਭਰੋਸਾ ਸੀ ਕਿ ਉਸ ਨਿਰਨਾਇਕ ਟੇਬਲ-ਟਾਕ ਦੇ ਪਿੱਛੇ ਸੁਨੈਇਨਾ ਸੀ ਜੋ ਜਹਾਜ਼ ਦੇ ਧੂੰਏਂ ਦੀ ਦੋਹਰੀ ਲਕੀਰ ਵਾਂਗ ਭਾਰਤ ਪਿੱਛੇ ਛੱਡ ਕੇ ਅਵਿਨਾਸ਼ ਨੂੰ ਲਈ ਅਮਰੀਕਾ ਚਲੀ ਗਈ ਸੀ।

ਰਾਸ਼ਟਰੀ ਕੀਟਨਾਸ਼ਕ ਲਿਮਿਟਿਡ ਵਿਚ ਨੌਂ ਤੋਂ ਪੰਜ ਅਕਾਊਟੈਂਟਾਂ ਦੀ ਨੌਕਰੀ ਜ਼ਰੂਰੀ ਸੀ। ਉਸਦੇ ਬਿਨਾਂ ਘਰ ਕਿਵੇਂ ਚੱਲਦਾ। ਸਮਾਂ ਵਿਚਕਾਰ ਆਉਂਦਾ ਰਿਹਾ। ਉਸਨੂੰ ਸੰਭਾਲਣ ਲਈ ਪ੍ਰਿਆ ਨਹੀਂ ਸੀ। ਵਿਧਵਾ ਮਾਸੀ ਕਦੀ ਪ੍ਰਿਆ ਦੀ ਥਾਂ ਨਹੀਂ ਹੋ ਸਕੀ। ਮਾਸੀ ਨੇ ਬੜੀ ਕੋਸ਼ਿਸ਼ ਕੀਤੀ ਕਿ ਅਵਿਨਾਸ਼ ਉਸਨੂੰ 'ਮਾਂ' ਆਖੇ। ਪਰ ਉਹ ਉਸਨੂੰ ਪਿਤਾ ਦੀ ਤਰ੍ਹਾਂ ਮਾਸੀ ਹੀ ਕਹਿੰਦਾ ਰਿਹਾ। ਜੇਕਰ ਉਹ ਮਾਸੀ ਨੂੰ ਮਾਂ ਕਹਿੰਦਾ ਤਾਂ ਸ਼ਾਇਦ ਉਹ ਵਿੱਥ ਕਦੇ ਨਾ ਨਜ਼ਰ ਹੁੰਦੀ ਜੋ ਇਕ ਦਿਨ ਸਾਹਮਣੇ ਆਈ। ਉਦੋਂ ਅਵਿਨਾਸ਼ ਦੇ ਉਪਰਲੇ ਬੁੱਲ੍ਹ ਉੱਤੇ ਹਲਕੀ ਜੇਹੇ ਵਾਲਾਂ ਦੀ ਲਕੀਰ



ਉੱਗ ਰਹੀ ਸੀ। ਉਹ ਸਕੂਲ ਤੋਂ ਆਇਆ ਅਤੇ ਬੋਲਿਆ ਕਿ ਉਹ ਸੜਕ ਉੱਤੇ ਸਾਇਕਲ ਤੋਂ ਡਿੱਗ ਪਿਆ ਹੈ। ਗੌਰੀ ਸ਼ੰਕਰ ਸੁੰਨ ਰਹਿ ਗਿਆ। ਉਸਦੀ ਸਮਝ ਵਿਚ ਨਾ ਆਇਆ ਕਿ ਉਹ ਕੀ ਆਖੇ। ਪ੍ਰਿਆ ਹੁੰਦੀ ਤਾਂ ਪਹਿਲਾਂ ਉਸਨੂੰ ਛਾਤੀ ਨਾਲ ਲਾਉਂਦੀ, ਫਿਰ ਕਹਿੰਦੀ ਕਿ ਪੁੱਤਰ, ਸਾਈਕਲ ਦਾ ਹਰ ਸਵਾਰ ਸ਼ੁਰੂ ਵਿਚ ਡਿੱਗਦਾ ਹੈ, ਫਿਰ ਸੰਭਲ ਜਾਂਦਾ ਹੈ। ਤੂੰ ਵੀ ਹੁਣ ਕਦੀ ਨਹੀਂ ਡਿੱਗੇਂਗਾ। ਪ੍ਰਿਆ ਉਸਨੂੰ ਜਿੱਥੇ ਖੋਲ੍ਹਦੀ, ਅਵਿਨਾਸ਼ ਉੱਥੇ ਹੀ ਅੰਦਰ ਨੂੰ ਸਿਮਟ ਗਿਆ ਸੀ। ਫਿਰ ਕੁਝ ਸਾਲਾਂ ਬਾਅਦ ਹੀ ਗੌਰੀ ਸ਼ੰਕਰ, ਉਸਨੂੰ ਥਾਣੇ ਵਿਚੋਂ ਛੁਡਵਾ ਕੇ ਲਿਆਇਆ ਸੀ ਜਿੱਥੇ ਉਹ ਆਪਣੇ ਕੁਝ ਦੋਸਤਾਂ ਨਾਲ ਦਿਨ-ਭਰ ਕੈਦ ਸੀ। ਕਿਉਂਕਿ ਇਕ ਦੂਸਰੇ ਗੁੱਟ ਨਾਲ ਉਹਨਾਂ ਦਾ ਝਗੜਾ ਹੋ ਗਿਆ ਸੀ। ਝਗੜੇ ਦਾ ਸਬੱਬ ਸੁਨੈਇਨਾ ਸੀ ਜਿਸਨੂੰ ਦੂਸਰੇ ਗੁੱਟ ਦੇ ਇਕ ਲੜਕੇ ਨੇ ਸੀਟੀ ਮਾਰਕੇ ਛੇੜਿਆ ਸੀ। ਅਵਿਨਾਸ਼ ਕਦੀ ਸਮਝ ਨਹੀਂ ਸਕਿਆ ਕਿ ਪਹਿਲੇ ਅਲਿੰਗਨ ਵਿਚ ਉਸਦੇ ਮੂੰਹ ਨਾਲ ਸੁਨੈਇਨਾ ਲਈ 'ਮਾਂ' ਕਿਵੇਂ ਕੱਢਿਆ ਸੀ। ਉਸਨੂੰ ਸਮਝਣ ਦੀ ਜ਼ਰੂਰਤ ਵੀ ਮਹਿਸੂਸ ਨਹੀਂ ਹੋਈ। ਉਹ ਹਰ ਗੰਢ ਨੂੰ ਖੋਲ੍ਹਣ ਦੇ ਪਿੱਛੇ ਪੈ ਜਾਣ ਵਾਲੇ ਲੋਕਾਂ ਵਿਚੋਂ ਨਹੀਂ ਸੀ। ਇੰਜ ਪਿੱਛੇ ਪੈ ਵੀ ਜਾਓ, ਪਰ ਕੌਣ ਹਰ ਗੰਢ ਖੋਲ੍ਹ ਸਕਦਾ ਹੈ? ਪਹਿਲੇ ਆਲਿੰਗਨ ਵਿਚ ਹੀ ਅਵਿਨਾਸ਼ ਨੂੰ ਲੱਗਾ ਸੀ ਕਿ ਉਸਨੂੰ ਸਭ ਕੁਝ ਮਿਲ ਗਿਆ। ਉਸਨੂੰ ਹੁਣ ਕੁਝ ਨਹੀਂ ਚਾਹੀਦਾ। ਉਸਦੀ ਦੇਹ ਵਿਚ ਮਨੁੱਖ ਦੇ ਗੁਫ਼ਾ-ਸਮੇਂ ਦੀ ਯਾਦ ਜਾਗੀ ਸੀ ਜਿਹੜੀ ਇਕ ਗਵਾਚੇ ਅਹਿਸਾਸ ਦੀ ਤਰ੍ਹਾਂ ਸੀ। ਸੁਨੈਇਨਾ ਦੀ ਦੇਹ ਨੂੰ ਕੋਈ ਹੋਰ ਸੀਟੀ ਵਜਾਕੇ ਛੱਡੇ, ਇਹ ਅਵਿਨਾਸ਼ ਕਿਵੇਂ ਬਰਦਾਸ਼ਤ ਕਰ ਸਕਦਾ ਸੀ?

ਗੌਰੀ ਸ਼ੰਕਰ ਨੇ ਥਾਣੇ ਵਿਚੋਂ ਘਰ ਆ ਕੇ ਜਦੋਂ ਝਗੜੇ ਦਾ ਕਾਰਨ ਪੁੱਛਿਆ ਤਾਂ ਅਵਿਨਾਸ਼ ਚੁੱਪ ਰਹਿ ਗਿਆ, ਜਿਵੇਂ ਗੌਰੀ ਸ਼ੰਕਰ ਚੁੱਪ ਰਹੇ ਸਨ ਜਦੋਂ ਅਵਿਨਾਸ਼ ਨੇ ਉਹਨਾਂ ਨੂੰ ਆਪਣਾ ਡਿੱਗਣਾ ਦੱਸਿਆ। ਕੀ ਸਾਈਕਲ ਤੋਂ ਡਿੱਗਣ ਦਾ ਕੋਈ ਅੰਤਿਮ ਕਾਰਨ ਹੋ ਸਕਦਾ ਸੀ? ਸਾਈਕਲ ਤੋਂ ਡਿੱਗਣ ਨਾਲ ਕੋਈ ਨਿਊਟਨ ਦੇ ਸੇਬ ਦਾ ਦਰਖ਼ਤ ਤੋਂ ਡਿੱਗਣਾ ਨਹੀਂ ਸੀ ਜੋ ਧਰਤੀ ਨੂੰ ਚੁੰਮ ਕੇ ਗੁਰੂਤਾ ਅਕਰਸ਼ਨ ਦਾ ਐਲਾਨ ਕਰੇ।

ਗੌਰੀ ਸ਼ੰਕਰ ਹੁਣ ਇਹ ਜ਼ਰੂਰ ਸਮਝਣ ਲੱਗ ਪਏ ਸਨ ਕਿ ਅਵਿਨਾਸ਼ ਇਕ ਨਵੀਂ ਪੀੜ੍ਹੀ ਦਾ ਨੌਜਵਾਨ ਪੁੱਤਰ ਹੈ। ਜਾਂ ਸ਼ਾਇਦ ਉਹਨਾਂ ਦਾ ਅਤੇ ਉਸਦਾ ਸਮਾਂ ਇਕ ਨਹੀਂ ਸੀ। ਇਹ ਉਸ ਚਾਲੂ ਚੁੱਟਕਲੇ ਦਾ ਸੱਚ ਹੁੰਦਾ ਸੀ ਜਿਸ ਵਿਚ ਇਕ ਚੱਲਦੀ ਰੇਲ ਦੇ ਡੱਬੇ ਵਿਚ ਹੇਠਾਂ ਅਤੇ ਉੱਤੇ ਦੀਆਂ ਬਰਥਾਂ ਦੇ ਮੁਸਾਫ਼ਿਰ ਵੱਖ-ਵੱਖ ਸ਼ਹਿਰਾਂ ਵੱਲ ਜਾ ਰਹੇ ਹਨ। ਇਹ ਸਮੇਂ ਦੀ ਰੇਲ ਗੱਡੀ ਸੀ। ਇਹ ਉਸੇ ਨਹਿਰੂ ਜੀ ਦੀ ਰੇਲ ਗੱਡੀ ਸੀ ਜਿਸ ਵਿਚ ਇਕ ਪਾਸੇ ਬੈਲ ਗੱਡੀ ਅਤੇ ਦੂਸਰੀ ਪਾਸੇ ਹਵਾਈ ਜਹਾਜ਼ ਦੇ ਪਹੀਏ ਲੱਗੇ ਸਨ। ਜਦੋਂ ਅਵਿਨਾਸ਼ ਨੂੰ ਇਹ ਵੀ ਲੱਗਾ ਸੀ ਕਿ ਉਹ ਟੇਬਲ ਜਿਸਦੇ ਦੋਹਾਂ ਪਾਸੇ ਪਿਉ-ਪੁੱਤਰ ਬੈਠੇ ਸਨ, ਦਿੱਲੀ ਵਿਚ ਅਵਿਨਾਸ਼ ਦੇ ਫ਼ਲੈਟ ਵਿਚ ਨਹੀਂ ਰੱਖੀ ਸੀ ਬਲਕਿ ਸਮੇਂ ਦੀ ਰੇਲ ਗੱਡੀ ਵਿਚ ਰੱਖੀ ਸੀ ਜੋ ਸੀਟੀ ਮਾਰਦੀ ਹੋਈ ਪਟੜੀਆਂ ਉੱਤੇ ਬੇਤਹਾਸ਼ਾ ਦੌੜਦੀ ਜਾ ਰਹੀ ਸੀ। ਇਕ ਧੱਕਾ ਅਜਿਹਾ ਲੱਗਾ ਕਿ ਗੌਰੀ ਸ਼ੰਕਰ ਕੁਰਸੀ ਤੋਂ ਡਿੱਗ ਪਏ। ਫ਼ਰਸ਼ ਉੱਤੇ ਪਏ ਸਨ ਅਤੇ ਫ਼ਰਸ਼ ਹਿੱਲ ਰਿਹਾ ਸੀ ਜਿਵੇਂ ਕੋਈ ਭੂਚਾਲ ਆ ਗਿਆ ਹੋਵੇ। ਕੰਬਦੇ ਹੋਏ ਫ਼ਰਸ ਉੱਤੇ ਡੋਲਦੇ ਗੌਰੀ ਸ਼ੰਕਰ ਉਹਨਾਂ ਹੱਥਾਂ ਉੱਤੇ ਸਨ ਜੋ ਉਹਨਾਂ ਨੂੰ ਉੱਠਾ ਰਹੇ ਸਨ। ਉਹ ਅਵਿਨਾਸ਼ ਦੇ ਹੱਥ ਨਹੀਂ ਸਨ। ਇਹ ਪ੍ਰਿਆ ਦੇ ਕੋਮਲ ਹੱਥ ਸਨ ਜਿਹਨਾਂ ਨੂੰ ਉਹਨਾਂ ਨੇ ਕਈ ਸਾਲ ਪਹਿਲਾਂ ਭੈਂਸਾ-ਕੁੰਡ ਵਿਚ ਸਾੜ ਦਿੱਤਾ ਸੀ। ਫਿਰ ਪ੍ਰਿਆ ਦੀ ਗੰਧ ਕਿਸੇ ਫੁੱਲ ਦੀ ਗੰਧ ਦੀ ਤਰ੍ਹਾਂ ਉਹਨਾਂ ਥਣਾਂ ਵਿਚ ਧਸੀ ਹੋਈ ਸੀ। ਉਹਨਾਂ ਨੇ ਹੜਬੜਾ ਕੇ ਅੱਖਾਂ ਖੋਲ੍ਹੀਆਂ ਸਨ।

ਪਤਾ ਨਹੀਂ, ਪਿਆਰ ਕੀ ਹੁੰਦਾ ਹੈ? ਗੌਰੀ ਸ਼ੰਕਰ ਅਪਣੇ ਆਪ ਨੂੰ ਪੁੱਛਦੇ। ਕੀ ਪਿਆਰ

ਕੋਈ ਪੁਲ ਹੈ ਜੋ ਨਦੀ ਦੇ ਦੋ ਕਿਨਾਰਿਆਂ ਦੇ ਵਿਚਕਾਰ ਹਿੱਲਦਾ ਹੈ? ਅਤੇ ਉਦੋਂ ਨਦੀ ਸਮੁੰਦਰ ਜਿਹਾ ਕੁਝ ਹੋ ਜਾਂਦੀ ਏ। ਸਮੁੰਦਰ ਕਦੀ ਮਰਦਾ ਨਹੀਂ। ਨਦੀ ਨੂੰ ਮੌਤ ਤੋਂ ਬਾਅਦ ਵੀ ਸਮੁੰਦਰ ਦੀਆਂ ਚਿੱਟੀਆਂ ਫ਼ੈਲੀਆਂ ਬਾਹਾਂ, ਉੱਤੇ ਆਕਾਸ਼ ਦੀ ਤਰ੍ਹਾਂ ਉੱਛਲਦੀਆਂ ਰਹਿੰਦੀਆਂ ਹਨ।

ਪ੍ਰਿਆ ਗੌਰੀ ਸ਼ੰਕਰ ਲਈ ਯਾਦ ਨਹੀਂ ਸੀ। ਯਾਦ ਵਿਚ ਮੌਤ ਦੀ ਗੰਧ ਹੈ। ਉਹ ਜਦੋਂ ਤੱਕ ਉਹਨਾਂ ਦਾ ਹੱਥ ਫੜ ਲੈਂਦੀ, ਜਿਵੇਂ ਅਸਮਾਨ ਦੀ ਹਵਾ ਹੋਵੇ ਜਿਸ ਵਿਚ ਉਹ ਸਾਹ ਲੈਂਦੇ ਹਨ। ਫਿਰ ਉਹਨਾਂ ਨੂੰ ਖ਼ੁਦ ਆਪਣੇ ਅਹਿਸਾਸ ਉੱਤੇ ਹਾਸਾ ਆਇਆ। ਸਾਹ ਲੈਣ ਦੀਆ ਕਿੰਨੀਆਂ ਵਿਧੀਆਂ ਹਨ।

ਗੌਰੀ ਸ਼ੰਕਰ ਦੇ ਘਰ ਦੀਆਂ ਦੀਵਾਰਾਂ ਉੱਤੇ ਪ੍ਰਿਆ ਦੀ ਕੋਈ ਤਸਵੀਰ ਨਹੀਂ ਸੀ। ਬੈਕੁੰਠ-ਧਾਮ ਦੇ ਮੰਚ ਉੱਤੇ ਪ੍ਰਿਆ ਦਾ ਸੜਦਾ ਹੋਇਆ ਹੱਥ ਦੇਖ ਕੇ ਉਹ ਸੁੰਨ ਰਹਿ ਗਿਆ ਸੀ। ਉਸੇ ਪਲ ਅਤੇ ਹੋਰ ਨਹੀਂ ਸੀ: ਨਾ ਬਗਲ ਵਿਚ ਵਗਦੀ ਗੋਮਤੀ, ਨਾ ਚਾਰੇ ਪਾਸੇ ਧੁੱਪ ਵਿਚ ਲਿਪਟੀ ਹਵਾ, ਨਾ ਹਵਾ ਨੂੰ ਘੇਰਦਾ ਹੋਇਆ ਅਸਮਾਨ, ਅਤੇ ਨਾ ਚਾਰੇ ਪਾਸੇ ਖਲੋਤੇ ਲੋਕ। ਸਿਰਫ਼ ਗੌਰੀ ਸ਼ੰਕਰ ਦੀਆਂ ਅੱਖਾਂ ਸਨ ਅਤੇ ਮੰਚ ਉੱਤੇ ਅੱਗ ਦੀਆਂ ਲਪਟਾਂ ਵਿਚ ਵਲੇਟਿਆ ਪ੍ਰਿਆ ਦਾ ਹੱਥ ਸੀ। ਜਿਵੇਂ ਅੱਗ ਕੋਈ ਵਸਤਰ ਹੋਵੇ ਜੋ ਪ੍ਰਿਆ ਪਹਿਨ ਰਹੀ ਸੀ। ਉਹ ਇਕ ਟੱਕ ਦੇਖ ਰਿਹਾ ਸੀ।

ਇਕ ਤਸਵੀਰ ਅੰਦਰ ਡੂੰਘੀ ਹੁੰਦੀ ਗਈ ਸੀ। ਤਦ ਉਸਨੇ ਜਾਣਿਆ ਸੀ ਕਿ ਉਹ ਪ੍ਰਿਆ ਨੂੰ ਕਿੰਨਾ ਚਾਹੁੰਦਾ ਹੈ। ਉਸਨੂੰ ਉਦੋਂ ਵੀ ਇਹ ਪਤਾ ਨਹੀਂ ਸੀ ਕਿ ਜਦੋਂ ਸ਼ਾਦੀ ਲਈ ਆਈਆਂ ਸਾਰੀਆਂ ਤਸਵੀਰਾਂ ਵਿਚ, ਉਸਨੂੰ ਪ੍ਰਿਆ ਦਾ ਚਿਹਰਾ ਹੀ ਨਜ਼ਰ ਆਉਂਦਾ ਸੀ। ਇਸਦੇ ਪਿੱਛੇ ਪਿੰਡ ਵਿਚ ਗੁਜ਼ਾਰੀਆਂ ਪਿਛਲੇ ਸਾਲ ਦੀਆਂ ਗਰਮੀ ਦੀਆਂ ਛੁੱਟੀਆਂ ਸਨ ਜਦੋਂ ਦੋਵੇਂ ਰਮਾ ਦੀਦੀ ਦੇ ਸਹੁਰਿਆਂ ਵਿਚ ਵੱਖ-ਵੱਖ ਰਸਤਿਆਂ ਤੋਂ ਪਹੁੰਚ ਗਏ ਸਨ। ਫਿਰ ਉਸਨੇ ਹਨ੍ਹੇਰੇ ਵਿਚ ਆਪਣੇ ਜੂਠੇ ਅਤੇ ਮਿੱਠੇ ਅੰਬ ਗੌਰੀ ਨੂੰ ਖਵਾਏ ਸਨ ਅਤੇ ਪੁੱਛਿਆ ਸੀ:

"ਤੁਹਾਡਾ ਨਾਂ ਲੜਕੀ ਜਿਹਾ ਨਾਂ ਕੀ ਏ?"

"ਸ਼ੰਕਰ ਗੌਰੀ ਦੇ ਲਏ ਬਿਨਾਂ ਹੈ ਇਸ ਲਈ," ਉਸਨੇ ਕਿਹਾ ਸੀ।

ਪਿੰਡ ਦੇ ਜਿਸ ਘਰ ਵਿਚ ਉਹਨਾਂ ਨੇ ਗਰਮੀਆਂ ਬਿਤਾਈਆਂ ਸਨ, ਉਹ ਬਹੁਤ ਵੱਡਾ ਸੀ ਅਤੇ ਉਸ ਵਿਚ ਬਹੁਤ ਲੋਕ ਸਨ। ਨਹਾਉਣ ਲਈ ਅਹਾਤੇ ਤੋਂ ਲੱਗਾ ਕਿ ਇਕ ਖੂਹ ਘਰ ਵਿਚ ਸੀ ਜਿਸ ਵਿਚ ਅੰਦਰ ਸੰਗਲ ਸੀ। ਜਦੋਂ ਪ੍ਰਿਆ ਨਹਾਉਂਦੀ ਉਹ ਅਹਾਤੇ ਵਿਚ ਹੀ ਘੁੰਮਦਾ ਰਹਿੰਦਾ ਸੀ। ਜਦੋਂ ਉਹ ਖੂਹ ਤੋਂ ਕੁੰਡੀ ਖੋਲ੍ਹ ਕੇ ਬਾਹਰ ਆਉਂਦੀ, ਉਸਦੇ ਵਾਲਾਂ ਅਤੇ ਨੱਕ ਉੱਤੇ ਪਾਣੀ ਦੀਆਂ ਬੂੰਦਾਂ ਚਮਕਦੀਆਂ ਰਹਿੰਦੀਆਂ। ਉਸਦੀ ਤਿੱਖੀ ਨੱਕ ਉੱਤੇ ਪਾਣੀ ਦੀਆਂ ਚਮਕਦੀਆਂ ਬੂੰਦਾਂ ਗੌਰੀ ਕਦੀ ਨਹੀਂ ਭੁੱਲਿਆ।

ਘਰ ਵਿਚ ਏਨੇ ਲੋਕ ਸਨ ਕਿ ਕੋਈ ਕੋਨਾ ਸੁੰਨਾ ਨਹੀਂ ਸੀ। ਇਸ ਲਈ ਜ਼ਿਆਦਾਤਰ ਗੱਲਾਂ ਉਹ ਅੱਖਾਂ ਨਾਲ ਕਰਦੇ ਅਤੇ ਅਨ੍ਹੇਰੇ ਵਿਚ ਇਕ ਦੂਸਰੇ ਨੂੰ ਛੂਹੰਦੇ। ਉਹਨਾਂ ਨੂੰ ਪਤਾ ਨਹੀਂ ਸੀ ਕਿ ਉਹਨਾਂ ਦੇ ਸਰੀਰ ਵਿਚ ਇਹ ਉਸ ਜ਼ਮਾਨੇ ਦੀਆਂ ਯਾਦਾਂ ਸਨ ਜਦੋਂ ਭਾਬਾ ਨਹੀਂ ਬਣੀ ਸੀ ਅਤੇ ਗੱਲਾਂ ਹਵਾ ਵਿਚ ਚਿੜੀਆਂ ਵਾਂਗ ਉੱਡਦੀਆਂ ਸਨ। ਅਨ੍ਹੇਰਾ ਚਾਹੇ ਦਰਖ਼ਤਾਂ ਦਾ ਹੋਵੇ ਜਾਂ ਰਾਤ ਦਾ, ਪਿਆਰ ਇਕ ਆਲ੍ਹਣਾ ਸੀ। ਹਨ੍ਹੇਰੇ ਵਿਚ ਸਰੀਰ ਮਿਲਦੇ, ਇਕ ਦੂਜੇ ਨੂੰ ਲੱਭਦੇ ਜਿਵੇਂ ਉਹ ਅੰਨ੍ਹੇ ਹੋਣ। ਗੌਰੀ ਗੋਰਾ ਸੀ। ਪ੍ਰਿਆ ਸਾਂਵਲੀ ਸੀ। ਉਹ ਕਦੀ-ਕਦੀ ਆਪਣੀਆਂ ਬਾਹਾਂ ਨੂੰ ਮਿਲਾ ਕੇ ਦੇਖਦੇ ਅਤੇ ਹੱਸਣ ਲੱਗਦੇ। ਪ੍ਰਿਆ ਦੀਆਂ ਬਾਹਾਂ ਖ਼ੁਦਰੀਆਂ ਅਤੇ ਸਲੋਨੀਆਂ ਸਨ ਜਿਵੇਂ ਸਰੀਰ ਨਾਲ ਵੇਲਾਂ ਵਲੇਟੀਆਂ ਹੋਣ। ਗੌਰੀ ਦੀ ਗੂੰਜਦੀ ਜਿਹੀ ਆਵਾਜ਼ ਅਚਾਨਕ ਉਸਦੀ ਕਿਸੇ ਬਾਂਹ ਨੂੰ ਛੂਹਣ ਲੱਗਦੀ। ਫਿਰ ਪ੍ਰਿਆ ਦਾ ਚਿਹਰਾ ਦੇਖਦੇ ਹੋਏ ਗੌਰੀ ਦਾ ਮੂੰਹ ਖੁੱਲ੍ਹਾ ਰਹਿ ਜਾਂਦਾ। ਉਸਦਾ ਮੂੰਹ ਬੈਕੁੰਠ -ਧਾਮ ਦੇ ਮੰਚ ਉੱਤੇ ਵੀ ਖੁੱਲ੍ਹਾ ਸੀ ਜਦੋਂ ਉਸਦੀਆਂ ਅੱਖਾਂ ਦੇ ਸਾਹਮਣੇ ਪ੍ਰਿਆ ਦੀ ਬਾਂਹ ਸੜ ਰਹੀ ਸੀ। ਇਸ ਦੀ ਸਾਂਵਲੀ ਬਾਂਹ ਨਾਲ ਹੁੰਦਾ ਹੋਇਆ ਅਵਿਨਾਸ਼ ਧਰਤੀ ਉੱਤੇ ਉਤਰਿਆ ਸੀ। ਇਹਨਾਂ ਸਾਂਵਲੀਆਂ ਬਾਂਹਾਂ ਵਿਚ ਉਸਨੇ ਪਹਿਲੇ-ਪਹਿਲ ਹੱਥ ਪੈਰ ਚਲਾਏ ਸਨ। ਪਹਿਲੇ ਪੈਰ ਹਵਾ ਵਿਚ ਚੱਲੇ ਸਨ, ਫਿਰ ਧਰਤੀ ਉੱਤੇ। ਜਦੋਂ ਤੱਕ ਹਵਾ ਵਿਚ ਹੱਥ-ਪੈਰ ਚੱਲੇ, ਉਹ ਇਹਨਾਂ ਬਾਂਹਾਂ ਉੱਤੇ ਟਿਕਿਆ ਸੀ ਜਿਵੇਂ ਧਰਤੀ ਉੱਤੋਂ ਉੱਠਕੇ ਉਹ ਧਰਤੀ ਉੱਤੇ ਟਿਕੇਗਾ। ਜਦੋਂ ਪ੍ਰਿਆ ਧਰਤੀ ਉੱਤੇ ਬੈਠੀ ਉਸਨੂੰ ਗੋਦ ਵਿਚ ਲਈ ਲੋਰੀ ਗਾਉਂਦੀ ਤਾਂ ਲੱਗਦਾ ਕਿ ਪ੍ਰਿਥਵੀ ਦਾ ਕੋਈ ਗੀਤ ਹੈ ਜੋ ਹਵਾਵਾਂ ਅਤੇ ਪਾਣੀਆਂ ਨੂੰ ਛੂਹੰਦਾ ਹੋਇਆ ਚੰਨ-ਤਾਰਿਆਂ ਤੱਕ ਉੱਡੇਗਾ। ਲੋਰੀ ਦੇ ਦੌਰਾਨ ਅਵਿਨਾਸ਼ ਅੱਖਾਂ ਖੋਲ੍ਹਦਾ ਅਤੇ ਪਹਿਲਾਂ ਮੁਸਕਰਾਂਦਾ, ਫਿਰ ਕਿਲਕਾਰੀ ਮਾਰਦਾ।

ਅਵਿਨਾਸ਼ ਨੇ ਪ੍ਰਿਆ ਦਾ ਸੜਦਾ ਹੋਇਆ ਹੱਥ ਨਹੀਂ ਵੇਖਿਆ ਸੀ। ਉਸਨੂੰ ਮਾਸੀ ਨੇ ਇੱਥੇ ਹੀ ਦੱਸਿਆ ਸੀ ਕਿ ਉਹ ਆਪਣੀ ਲੋਰੀ ਦੇ ਨਾਲ ਚੰਨ-ਤਾਰਿਆਂ ਦੀ ਤਰ੍ਹਾਂ ਚਲੀ ਗਈ ਹੈ। ਜਦੋਂ ਅਵਿਨਾਸ਼ ਜ਼ਿਆਦਾ ਜ਼ਿੱਦ ਕਰਦਾ ਤਾਂ ਉਹ ਆਪਣੀ ਉਂਗਲੀ ਕਿਸੇ ਤਾਰੇ ਵੱਲ ਕਰਦੀ ਅਤੇ ਕਹਿੰਦੀ ਕਿ ਉਹੀ ਤੇਰੀ ਮਾਂ ਹੈ। ਜਦੋਂ ਅਵਿਨਾਸ਼ ਕਹਿੰਦਾ ਕਿ ਕੱਲ੍ਹ ਤਾਂ ਤੁਸੀਂ ਦੂਸਰਾ ਤਾਰਾ ਵਿਖਾਇਆ ਸੀ ਤਾਂ ਮਾਸੀ ਕਹਿੰਦੀ ਕਿ ਤੇਰੀ ਮਾਂ ਤਾਰਾ-ਤਾਰਾ ਘੁੰਮਦੀ ਹੈ, ਅੱਜ ਇਸੇ ਤਾਰੇ ਤੋਂ ਲੋਰੀ ਦੇ ਸੁਰ ਨਿਕਲ ਰਹੇ ਹੋਣ।

ਇਕ ਦਿਨ ਜਦੋਂ ਉਹ ਸਕੂਲ ਤੋਂ ਮੁੜਿਆ ਤਾਂ ਬੈਗ ਮੇਜ਼ ਉੱਤੇ ਰੱਖ ਕੇ ਉਸਨੇ ਗੌਰੀ ਸ਼ੰਕਰ ਨੂੰ ਕਿਹਾ, "ਪਾਪਾ, ਮੈਂ ਭੁੱਲ ਗਿਆ।"

"ਕੀ?"

"ਮਾਂ ਕਿਵੇਂ ਲੱਗਦੀ, ਪਾਪਾ?"

"ਮਾਂ ਦੀ ਤਰ੍ਹਾਂ।" ਗੌਰੀ ਸ਼ੰਕਰ ਮੁਸਕਰਾਇਆ।

"ਨਹੀਂ, ਉਸਦਾ ਚਿਹਰਾ ਕਿਹੋ ਜਿਹਾ ਸੀ?"

" ਤੇਰੀ ਤਰ੍ਹਾਂ।"

"ਅੱਛਾ!" ਉਸਦਾ ਚਿਹਰਾ ਚਮਕਿਆ।

"ਹਾਂ, ਬਿਲਕੁਲ ਤੇਰੀ ਤਰ੍ਹਾਂ।"

"ਵਿਖਾਓ!"

ਉਦੋਂ ਗੌਰੀ ਸ਼ੰਕਰ ਨੇ ਅਲਮਾਰੀ ਵਿਚੋਂ ਐਲਬਮ ਕੱਢੀ ਸੀ ਅਤੇ ਐਲਬਮ ਵਿਚੋਂ ਉਹ ਤਸਵੀਰ ਕੱਢੀ ਸੀ। ਉਸ ਤਸਵੀਰ ਨੂੰ ਦੇਖਕੇ ਅਵਿਨਾਸ਼ ਦੰਗ ਰਹਿ ਗਿਆ ਸੀ। ਅਜਿਹਾ ਲੱਗਦਾ ਸੀ ਜਿਵੇਂ ਉਸਦੇ ਚਿਹਰੇ ਉੱਤੇ ਲੰਮੇ-ਲੰਮੇ ਵਾਲ ਉੱਗ ਆਏ ਹਨ ਅਤੇ ਮੱਥੇ ਉੱਥੇ ਗੋਲ-ਗੋਲ ਸੰਧੂਰ ਦਾ ਟਿੱਕਾ ਛਪਿਆ ਹੈ! ਉਹ ਤਸਵੀਰ ਅਵਿਨਾਸ਼ ਦੀ ਅਲਮਾਰੀ ਵਿਚ ਰਹੀ ਜਦੋਂ ਤੱਕ ਉਹ ਸਕੂਲ ਵਿਚ ਰਿਹਾ। ਫਿਰ ਜਦੋਂ ਉਹ ਇੰਜੀਨਿਅਰਿੰਗ ਲਈ ਖੜਗਪੁਰ ਗਿਆ ਤਾਂ ਉਹ ਅਲਮਾਰੀ ਵਿਚ ਹੀ ਰਹਿ ਗਈ ਅਤੇ ਗਵਾਚ ਗਈ ਜਿਵੇਂ ਧਰਤੀ ਉੱਤੇ ਹਰ ਪਲ ਕੁਝ-ਨਾ-ਕੁਝ ਗਵਾਚ ਜਾਂਦਾ ਹੈ।

ਗੌਰੀ ਸ਼ੰਕਰ ਅਜੇ ਧਰਤੀ ਦੀ ਬਾਲਕੋਨੀ ਉੱਤੇ ਬੈਠੇ ਆਕਾਸ਼ ਵੱਲ ਨਿਹਾਰ ਰਹੇ ਸਨ ਜਿੱਥੇ ਰਾਤ ਸੀ ਅਤੇ ਤਾਰੇ ਟਿਮਟਿਮਾ ਰਹੇ ਸਨ। ਸਾਹਮਣੇ ਪਿਛਾਂਹ ਵੱਲ ਨੂੰ ਫੈਲਦੇ ਦਰਖ਼ਤਾਂ ਵਿਚ ਵੀ ਅਨ੍ਹੇਰਾ ਸੀ। ਅਲਬੱਤਾ ਕਾਲੇ ਦਰਖ਼ਤਾਂ ਦੇ ਝੁੰਡਾਂ ਵਿਚ ਕਿਧਰੇ-ਕਿਧਰੇ ਤਾਰਿਆਂ ਜੜਿਆ

ਅਸਮਾਨ ਝਾਕ ਰਿਹਾ ਸੀ। ਪੱਤੀਆਂ ਹਵਾ ਵਿਚ ਹਿੱਲਦੀਆਂ ਤਾਂ ਅਸਮਾਨ ਕੰਬ ਜਾਂਦਾ। ਗੌਰੀ ਸ਼ੰਕਰ ਨੇ ਐਲਬਮ ਵਿਚ ਅਤੇ ਐਲਬਮ ਦੇ ਬਾਹਰ ਬਹੁਤ ਲੱਭਿਆ। ਪਰ ਕੋਈ ਸਾਂਝੀ ਤਸਵੀਰ ਨਹੀਂ ਮਿਲੀ ਸੀ। ਅਜਿਹੀ ਤਸਵੀਰ ਜਿਸ ਵਿਚ ਉਹ ਹੋਵੇ, ਪ੍ਰਿਆ ਹੋਵੇ ਅਤੇ ਅਵਿਨਾਸ਼ ਹੋਵੇ। ਜਦੋਂ ਉਸਨੂੰ ਯਾਦ ਆਇਆ ਸੀ ਕਿ ਇਕ ਵਾਰ ਅਵਿਨਾਸ਼ ਨੂੰ ਲੈ ਕੇ ਸਟੂਡੀਓ ਜਾਣ ਦਾ ਪ੍ਰੋਗਰਾਮ ਬਣਿਆ ਸੀ, ਪਰ ਰੱਦ ਹੋ ਗਿਆ ਸੀ ਕਿਉਂਕਿ ਪ੍ਰਿਆ ਨੇ ਕਿਹਾ ਸੀ ਕਿ ਅਸੀਂ ਤਸਵੀਰ ਉਦੋਂ ਖਿਚਵਾਵਾਂਗੇ ਜਦੋਂ ਅਵਿਨਾਸ਼ ਆਪਣੇ ਪੈਰਾਂ ਉੱਤੇ ਖੜਾ ਹੋ ਜਾਏਗਾ। ਉਹਨਾਂ ਦਿਨੀਂ ਉਹ ਗੋਡਿਆਂ ਦੇ ਭਾਰ ਚੱਲਦਾ ਸੀ।

ਜਦੋਂ ਅਵਿਨਾਸ਼ ਆਪਣੇ ਪੈਰਾਂ ਉੱਤੇ ਖਲੋਤਾ ਤਾਂ ਪ੍ਰਿਆ ਨੇ ਆਖ਼ਰੀ ਵਾਰ ਮੰਜਾ ਮੱਲ ਲਿਆ।

ਇਕਦਮ ਇਕ ਤਾਰਾ ਟੁੱਟਿਆ ਅਤੇ ਧਰਤੀ ਵੱਲ ਵਧਿਆ ਜਿਵੇਂ ਇੱਥੇ ਹੀ ਉਸਦਾ ਘਰ ਹੋਵੇ। ਗੌਰੀ ਸ਼ੰਕਰ ਉਸ ਵੱਲ ਟਿਕਟਿਕੀ ਲਾ ਕੇ ਦੇਖ ਰਹੇ ਸਨ। ਉਹਨਾਂ ਨੂੰ ਇਹ ਵੀ ਯਾਦ ਨਾ ਰਿਹਾ ਕਿ ਇਹ ਸ੍ਰਿਸ਼ਟੀ ਦੇ ਮਾਲਕ ਤੋਂ ਕੁਝ ਵੀ ਮੰਗਣ ਦੀ ਸ਼ੁੱਭ ਘੜੀ ਹੈ: ਟੁੱਟਦੇ ਤਾਰੇ ਨੂੰ ਦੇਖ ਕੇ ਕੁਝ ਵੀ ਮੰਗੋ ਉਹ ਮਿਲ ਜਾਂਦਾ ਹੈ। ਉਹ ਟੁੱਟਦੇ ਤਾਰੇ ਨੂੰ ਦੇਖ ਕੇ ਡਰ ਗਏ ਕਿ ਕਿਤੇ ਅਗਲੇ ਪਲ ਚੰਨ ਵੀ ਟੁੱਟਕੇ ਨਾ ਡਿੱਗ ਪਵੇ, ਉੱਤੇ ਸਾਹਮਣੇ ਖਲੋਤੇ ਦਰਖ਼ਤ ਆਕਾਸ ਵਿਚ ਨਾ ਉੱਡਣ ਲੱਗ ਪੈਣ।

(3)

ਸੜਕ ਉੱਤੇ ਦੌੜਦੀਆਂ ਮੱਝਾਂ ਨੂੰ ਪਿੱਛੇ ਛੱਡ ਗੋਪੀ ਕ੍ਰਿਸ਼ਨ ਨੇ ਅਪਣੇ ਘਰ ਦੀ ਘੰਟੀ ਵਜਾਈ। ਉਹਨਾਂ ਨੂੰ ਇਹ ਚੰਗਾ ਲੱਗਦਾ ਸੀ ਕਿ ਸੜਕ ਅਤੇ ਉਹਨਾਂ ਦੇ ਘਰ ਵਿਚ ਕਈ ਪੌੜ੍ਹੀ ਨਹੀਂ ਸੀ, ਸਿਰਫ਼ ਇਕ ਹਲਕੀ ਜਿਹੀ ਢਾਲ ਸੀ। ਸਿੱਧੇ ਸੜਕ ਤੋਂ ਘਰ ਵਿਚ ਅਤੇ ਘਰ ਤੋਂ ਸੜਕ ਤੱਕ ਆ ਜਾ ਸਕਦੇ ਸਨ। ਪਿਛਲੇ ਪੰਜ ਸਾਲ ਪਤਨੀ ਇਸੇ ਲਈ ਥੋੜ੍ਹਾ ਚੱਲ-ਫਿਰ ਲੈਂਦੀ ਸੀ।

"ਪਾਪਾ," ਬੇਟੀ ਨੇ ਦਰਵਾਜ਼ਾ ਖੋਲ੍ਹਿਆ ਜਿਵੇਂ ਦਰਵਾਜ਼ਾ ਉਸਦੀ ਆਵਾਜ਼ ਨਾਲ ਹੀ ਖੁੱਲ੍ਹ ਗਿਆ ਹੋਵੇ।

ਉਹ ਸੋਫ਼ੇ ਤੇ ਬੈਠੇ ਹੀ ਸਨ ਕਿ ਉਹ ਪਾਣੀ ਦਾ ਗਲਾਸ ਲੈ ਕੇ ਆ ਗਈ। ਉਹਨਾਂ ਨੇ ਦੋ ਘੁੱਟ ਪਾਣੀ ਪੀ ਕੇ ਸੋਚਿਆ ਕਿ ਅਜਿਹਾ ਗੁੱਡੀ ਦੀ ਸ਼ਾਦੀ ਤੋਂ ਪਹਿਲਾਂ ਹੋਇਆ ਕਰਦਾ ਸੀ। ਹੁਣ ਜਦੋਂ ਕਦੀ ਉਹ ਇੱਥੇ ਆਉਂਦੀ ਹੈ ਤਾਂ ਪੁਰਾਣੀ ਯਾਦ ਤਾਜ਼ਾ ਕਰ ਦੇਂਦੀ ਹੈ। ਉਹ ਨਾ ਹੁੰਦੀ ਤਾਂ ਉਹ ਘਰ ਨੂੰ ਬਾਹਰੋਂ ਤਾਲਾ ਲਾ ਕੇ ਨਿਕਲਦੇ ਅਤੇ ਘਰ ਵਿਚ ਵੜ੍ਹਦੇ ਹੀ ਪਤਨੀ ਦੇ ਪਲੰਘ ਦੇ ਕੋਲ ਜਾ ਕੇ ਪੁੱਛਦੇ, "ਪਾਣੀ ਦੇਵਾਂ?"

ਜਦੋਂ ਤੋਂ ਉਹ ਮੰਜੇ ਨਾਲ ਲੱਗੀ ਸੀ, ਕੁੰਤੀ ਦੀ ਅਜਿਹੀ ਹੀ ਹਾਲਤ ਸੀ। ਪੁੱਛਣ ਤੇ ਉਹ ਪਾਣੀ ਲਈ ਮਨਾਂ ਕਰਦੀ, ਦੇਰ ਹੁੰਦੀ ਤਾਂ ਉਹ ਖ਼ਾਲੀ ਗਲਾਸ ਫ਼ਰਸ਼ ਉੱਤੇ ਵਗਾਹ ਮਾਰਦੀ। ਗਲਾਸ ਫ਼ਰਸ਼ ਉੱਤੇ ਵੱਜਣ ਅਤੇ ਫਿਰ ਲੁੜਕਣ ਦੀ ਆਵਾਜ਼ ਦੇਰ ਤੱਕ ਘਰ ਵਿਚ ਗੂੰਜਦੀ ਰਹਿੰਦੀ, ਜਿਵੇਂ ਕੋਈ ਜੰਗਲੀ ਹਵਾ ਦਾ ਝੌਂਕਾ ਘਰ ਵਿਚ ਵੜ੍ਹ ਆਇਆ ਹੋਵੇ। ਰਾਤ ਨੂੰ ਨਾ ਉਹ ਖ਼ੁਦ ਸੌਂਦੀ ਸੀ, ਨਾ ਗੋਪੀ ਕ੍ਰਿਸ਼ਨ ਨੂੰ ਸੌਣ ਦੇਂਦੀ ਸੀ। ਹਰ ਰਾਤ ਉਹ ਗੋਪੀ ਨੂੰ ਮੇਹਣਾ ਦੇਂਦੀ ਕਿ ਉਸਦਾ ਫ਼ਲੈਟ ਪਹਿਲੀ ਮੰਜ਼ਿਲ ਉੱਤੇ ਹੁੰਦਾ ਤਾਂ ਕਿੰਨਾ ਚੰਗਾ ਹੁੰਦਾ। ਤਦ ਹਰ ਰਾਤ ਸੜਕ ਪਾਰ ਛੋਟੇ ਜਿਹੇ ਜੰਗਲ ਤੋਂ ਦਰਜਨਾਂ ਸੱਪ ਉਹਨਾਂ ਦੇ ਕਮਰੇ ਵਿਚ ਨਾ ਵੜ੍ਹ ਸਕਦੇ। ਸੱਪ ਉਸੇ ਦੇ ਮੰਜੇ ਉੱਤੇ ਆ ਕੇ ਮੁੜ ਜਾਂਦੇ ਸਨ। ਜਦੋਂ ਗੋਪੀ ਬੱਤੀ ਬਾਲਦੇ ਤਾਂ ਉਹ ਗ਼ਾਇਬ ਹੋ ਜਾਂਦੇ। ਬੱਤੀ ਬੁੱਝਦੇ ਹੀ ਉਹ ਫਿਰ ਆ ਕੇ ਕੁੰਤੀ ਨੂੰ ਗੁਦਗੁਦਾਣ ਲੱਗਦੇ ਸਨ। ਕੁੰਤੀ ਹੱਸਣ ਲੱਗਦੀ। ਫਿਰ ਰੋਂਦੀ। ਜਦੋਂ



ਗੋਪੀ ਉਸਨੂੰ ਕਹਿੰਦੇ ਕਿ ਸਾਰੀਆਂ ਖਿੜਕੀਆਂ ਵਿਚ ਜਾਲੀਆਂ ਲੱਗੀਆਂ ਹਨ, ਸੱਪ ਅੰਦਰ ਨਹੀਂ ਆ ਸਕਦੇ ਤਾਂ ਉਹ ਸੁਣਦੀ ਨਹੀਂ ਸੀ। ਉਸਨੇ ਜਦੋਂ ਵੀ ਨਹੀਂ ਸੁਣਿਆ ਤਾ ਗੋਪੀ ਨੇ ਪਹਿਲੀ ਵਾਰ ਕਿਹਾ ਕਿ ਪ੍ਰਮਾਤਮਾ ਦੀ ਕ੍ਰਿਪਾ ਹੈ ਕਿ ਅਸੀਂ ਗਰਾਊਂਡ ਫ਼ਲੋਰ ਤੇ ਹਾਂ, ਨਹੀਂ ਤਾ ਤੁਸੀਂ ਪੰਜ ਸਾਲ ਪਹਿਲਾਂ ਹੀ ਫ਼ਰਸ਼ ਉੱਤੇ ਪੈ ਜਾਂਦੀ। ਗੋਪੀ ਦੀ ਦੂਸਰੀ ਵਾਰ ਇਹ ਕਹਿਣ ਦੀ ਹਿੰਮਤ ਨਹੀਂ ਪਈ ਸੀ।

ਗੁੱਡੀ ਠੀਕ ਕਹਿੰਦੀ ਸੀ ਕਿ ਮੰਮੀ ਦਾ ਇਕਲੌਤਾ ਦੁੱਖ ਭਰਾ ਦਾ ਸ਼ਾਦੀ ਦੇ ਬਾਅਦ ਸ਼ਹਿਰ ਅਤੇ ਨੌਕਰੀ ਬਦਲਣਾ ਸੀ ਜਿਸਨੂੰ ਉਹ ਸਹਿ ਨਹੀਂ ਸੀ ਸਕਦੀ। ਉਹ ਪਹਿਲਾਂ ਇੱਥੇ ਹੀ ਸੀ, ਜਦੋਂ ਮੁਬੰਈ ਚਲਾ ਗਿਆ ਸੀ। ਪਿਛਲੇ ਸਾਲ ਜਦੋਂ ਉਹ ਜਾਣ ਲਾਇਕ ਸੀ, ਮੁਬੰਈ ਗਈ ਸੀ ਜਿੱਥੇ ਨੂੰਹ-ਪੁੱਤਰ ਦਾ ਇਕੱਲਾ ਸੰਸਾਰ ਸੀ। ਪਰ ਇਕ ਹਫ਼ਤੇ ਵਿਚ ਹੀ ਉੱਥੋਂ ਮੁੜ ਕੇ ਗੋਪੀ ਕ੍ਰਿਸ਼ਨ ਨਾਲ ਭੁਪਾਲ ਆ ਗਈ ਸੀ ਜਿੱਥੇ ਗੁੱਡੀ ਅਪਣੇ ਪਤੀ ਨਾਲ ਰਹਿੰਦੀ ਸੀ। ਭੁਪਾਲ ਤੋਂ ਮੁੜ ਕੇ ਉਹ 'ਜੀਣ ਦੀ ਕਲਾ' ਦੇ ਕੋਰਸ ਵਿਚ ਭਰਤੀ ਹੋਈ ਅਤੇ ਬੀਮਾਰ ਪੈ ਗਈ। ਕੁਝ ਦਿਨ ਦੋਵੇਂ ਇਕੱਠੇ ਤੁਰੇ। ਸ਼ਹਿਰ ਦੇ ਡਾਕਟਰਾਂ ਨੂੰ ਵਿਖਾਇਆ। ਕੋਈ ਕੁਝ ਸਮਝ ਨਾ ਸਕਿਆ। ਫਿਰ 'ਜੀਣ ਦੀ ਕਲਾ' ਪਿੱਛੇ ਰਹਿ ਗਈ। ਬੀਮਾਰ ਹੋ ਗਈ।

ਇਹ ਇਤਫ਼ਾਕ ਹੀ ਸੀ ਕਿ ਪਿਛਲੇ ਸਾਲ ਗੋਪੀ ਕ੍ਰਿਸ਼ਨ ਰਿਟਾਇਰ ਹੋਏ ਅਤੇ ਉਸੇ ਸਮੇਂ ਕੁੰਤੀ ਮੰਜੇ ਨਾਲ ਜੁੜ ਗਈ। ਇਕ ਨੌਕਰੀ ਛੁਟੀ, ਦੂਸਰੀ ਸ਼ੁਰੂ ਹੋ ਗਈ-ਉਹਨਾਂ ਨੇ ਗੁੱਡੀ ਨੂੰ ਇੱਥੇ ਕਿਹਾ ਸੀ ਜਦੋਂ ਉਹ ਬੀਮਾਰੀ ਦੀ ਖ਼ਬਰ ਸੁਣਕੇ ਮਾਂ ਨੂੰ ਵੇਖਣ ਆਈ। ਭਰਾ ਫ਼ੋਨ ਉੱਤੇ ਹਾਲ-ਚਾਲ ਪੁੱਛਦਾ ਅਤੇ ਸਲਾਹ ਦੇਂਦਾ ਰਹਿੰਦਾ। ਗੁੱਡੀ ਨੇ ਵੀ ਇਕ ਫੁੱਲ ਟਾਈਮ ਨੌਕਰਾਨੀ ਦੀ ਤਲਾਸ਼ ਕੀਤੀ ਸੀ। ਦੋ ਮਿਲੀਆਂ, ਟਿਕੀ ਕੋਈ ਵੀ ਨਾ। ਫੁੱਲ ਟਾਈਮ ਨੌਕਰਾਨੀ ਮਹਿੰਗੀ ਵੀ ਸਾਬਿਤ ਹੁੰਦੀ ਸੀ। ਇਸ ਲਈ ਗੋਪੀ ਕ੍ਰਿਸ਼ਨ ਨੇ ਦੂਸਰੀ ਨਹੀਂ ਲੱਭੀ। ਉਹਨਾਂ ਦੀ ਪੈਨਸ਼ਨ ਤੋਂ ਜ਼ਿਆਦਾ ਗੁੰਜ਼ਾਇਸ਼ ਨਹੀਂ ਸੀ। ਉਹ ਭਾਰਤ ਬੈਂਕ ਵਿਚ ਅਫ਼ਸਰ ਦਾ ਅਹੁੱਦਾ ਨਹੀਂ ਪਾ ਸਕੇ ਸੀ। ਇਸਦਾ ਮੂਲ ਕਾਰਨ ਅੜੀਅਲ ਮਿਜ਼ਾਜ ਸੀ। ਉਹ ਬੈਂਕ ਦੇ ਨਿਯਮਾਂ ਦਾ ਪੂਰੀ ਤਰ੍ਹਾਂ ਪਾਲਣ ਕਰਦੇ ਸਨ। ਮੈਨੇਜਰ ਕੁੱਝ ਕਹਿੰਦਾ ਤਾਂ ਉਹ ਨਿਯਮ ਨਾਲ ਮੇਲ ਨਾ ਖਾਂਦਾ ਤਾਂ ਉਹ ਮੈਨੇਜਰ ਨੂੰ ਕਹਿੰਦੇ ਕਿ ਲਿਖਕੇ ਦਿਓ, ਤਾਂ ਕਰਾਂਗਾ। ਮੈਨੇਜਰ ਲਿਖ ਕੇ ਕੀ ਦੇਂਦਾ, ਉਹਨਾਂ ਦੀ ਏ. ਸੀ. ਆਰ. ਵਿਗਾੜ ਦੇਂਦਾ। ਉਹ ਨਵ-ਉਦਾਰਵਾਦ ਦਾ ਜ਼ਮਾਨਾ ਸੀ। ਬੈਂਕਾਂ ਵਿਚ ਪੂੰਜੀ ਹਥਿਆਉਣ ਦੀ ਹੋੜ ਸੀ। ਰੁਪਏ ਦਾ ਰੰਗ (ਕਾਲਾ) ਕਦੀ-ਕਦੀ ਅਣਦੇਖੀ ਕਰਨਾ ਪੈਂਦਾ। ਰੰਗ ਨੂੰ ਮਿਟਾਉਣ ਲਈ ਬਹੁਤ ਸਾਰੇ ਤਰੀਕੇ ਸਨ ਜੋ ਹੇਠਾਂ ਤੋਂ ਸ਼ੁਰੂ ਹੁੰਦੇ। ਗੋਪੀ ਕ੍ਰਿਸ਼ਨ ਹੇਠਾਂ ਹੀ ਬੈਠਦੇ ਸਨ ਜੋ ਟੱਸ-ਤੋਂ-ਮੱਸ ਨਾ ਹੁੰਦੇ। ਇਸ ਲਈ ਉਹਨਾਂ ਨੂੰ ਲਾਂਭੇ ਕਰ ਦਿੱਤਾ ਗਿਆ ਸੀ।

ਆਵਾਸ ਵਿਕਾਸ ਦੀ ਜ਼ਿਆਦਾ ਮੰਗ ਨੂੰ ਲੈ ਕੇ ਉਪਭੋਗਤਾ ਫ਼ੋਰਮ ਜਾਣਾ ਵੀ ਉਹਨਾਂ ਦੀ ਜ਼ਿੱਦ ਸੀ। ਉਹਨਾਂ ਦਾ ਸਿੱਧਾ ਤਰਕ ਸੀ ਕਿ ਕਬਜ਼ਾ ਦੇਣ ਵਿਚ ਦੇਰੀ ਦੇ ਲਈ ਉਪਭੋਗਤਾ ਜ਼ਿੰਮੇਵਾਰ ਨਹੀਂ ਤਾਂ ਉਹ ਦੇਰੀ ਕਾਰਨ ਵਿਆਜ ਕਿਉਂ ਦੇਣ? ਜੇਕਰ ਆਵਾਸ ਵਿਕਾਸ ਦਾ ਕਿਸਾਨਾਂ ਨਾਲ ਵਿਵਾਦ ਸੀ ਤਾਂ ਉਹ ਜਾਣਨ, ਉਹਨਾਂ ਦਾ ਕੰਮ ਜਾਣੇ। ਵਕੀਲ, ਵਕੀਲ ਦੀ ਤਰ੍ਹਾਂ ਕਹਿੰਦਾ ਕਿ ਉਹਨਾਂ ਦੀ ਜਿੱਤ ਨਿਸ਼ਚਿਤ ਹੈ। ਪਿਛਲੇ ਸਾਲ ਉਹਨਾਂ ਨੂੰ ਪੀ.ਐੱਫ਼. ਮਿਲਿਆ ਸੀ ਅਤੇ ਭਰਾ ਵੀ ਟੰਟਾ ਨਿਪਟਾਉਣ ਲਈ ਮਦਦ ਲਈ ਤਿਆਰ ਸੀ, ਪਰ ਉਹ ਅਪਣੀ ਜ਼ਿੱਦ ਉੱਤੇ ਅੜੇ ਸਨ।

ਦਸ ਸਾਲ ਗੁਜ਼ਰ ਗਏ ਸਨ।

ਗੌਰੀ ਸ਼ੰਕਰ ਸੜਕ ਉੱਤੇ ਸਾਹਮਣੇ ਦੇਖ ਕੇ ਚੱਲਦੇ ਸਨ। ਉਹ ਸੱਜੇ-ਖੱਬੇ ਨਹੀਂ ਦੇਖਦੇ

ਸਨ। ਉਹਨਾਂ ਅਨੁਸਾਰ, ਚਲਣਾ ਸੜਕ ਉੱਤੇ ਸੀ ਤਾਂ ਸੱਜੇ-ਖੱਬੇ ਕਿਉਂ ਝਾਕਣ ਦੀ ਲੋੜ ਸੀ ? ਕੀ ਸੜਕ ਦੇ ਸੱਜੇ-ਖੱਬੇ ਵਿਸ਼ਵ ਸੁੰਦਰੀਆਂ ਸਜੀਆਂ ਖਲੋਤੀਆਂ ਸਨ ? ਗੌਰੀ ਸ਼ੰਕਰ ਹੈਰਾਨ ਹੋਵੇ ਤਾਂ ਹੋਵੇ, ਉਹ ਸਵੇਰੇ ਦੀ ਸੈਰ ਲਈ ਲੋਹੀਆ ਪਾਰਕ ਦਾ ਚੱਕਰ ਲਾਉਂਦੇ ਸਨ, ਪਾਰਕ ਦੇ ਅੰਦਰ ਨਹੀਂ ਜਾਂਦੇ ਸਨ ਜਦੋਂ ਤੋਂ ਪਾਰਕ ਵਿਚ ਦਾਖ਼ਲਾ-ਫ਼ੀਸ ਲੱਗਿਆ। ਉਹਨਾਂ ਦੇ ਹਿਸਾਬ ਨਾਲ ਟਿਕਟ ਲੈ ਕੇ ਪਾਰਕ ਦੇ ਅੰਦਰ ਜਾਣਾ ਫ਼ਜ਼ੂਲ ਖ਼ਰਚੀ ਸੀ ਕਿਉਂਕਿ ਘੁੰਮਦੇ ਹੋਏ ਤੁਸੀਂ ਸਾਹਮਣੇ ਦੇਖਦੇ ਹੋ, ਆਸੇ ਪਾਸੇ ਨਹੀਂ-ਚਾਹੇ ਉੱਥੇ ਫੁੱਲ ਹੋਣ ਜਾਂ ਸੁੰਦਰੀਆਂ।

ਗੋਪੀ ਕ੍ਰਿਸ਼ਨ ਦੇ ਸਹਿਕਰਮੀਆਂ ਦਾ ਖ਼ਿਆਲ ਸੀ ਕਿ ਉਹਦਾ ਦਿਮਾਗ਼ ਚਾਲੂ ਨਹੀਂ ਸੀ। ਚਾਲੂ ਦਿਮਾਗ਼ ਦੁਨੀਆ ਦੀ ਸ਼ਤਰੰਜ ਉੱਤੇ ਚਾਰੇ ਪਾਸੇ ਨਜ਼ਰ ਦੌੜਾਂਦਾ ਹੈ, ਫਿਰ ਅਜਿਹੀ ਚਾਲ ਚੱਲਦਾ ਹੈ ਜੋ ਉਸਨੂੰ ਜਿੱਤ ਵੱਲ ਲੈ ਜਾਏ। ਗੋਪੀ ਕ੍ਰਿਸ਼ਨ ਦੇ ਸਾਹਮਣੇ ਦੋ ਰਸਤੇ ਨਹੀਂ ਸਨ। ਇਕ ਹੀ ਰਸਤਾ ਸੀ। ਉਸੇ ਰਸਤੇ ਉੱਤੇ ਚੱਲਦੇ ਹੋਏ ਉਹ ਹਰ ਤਰੀਕ ਉੱਤੇ ਉਪਭੋਗਤਾ ਫ਼ੋਰਮ ਜਾਂਦਾ, ਪੂਰਨ ਨਿਆਂ ਦੀ ਉਮੀਦ ਨਾਲ। ਪਿਛਲੀ ਤਾਰੀਕ ਉੱਤੇ ਉਹ ਪ੍ਰਧਾਨ ਦੇ ਕਮਰੇ ਦੇ ਬਾਹਰ ਖਲੋਤਾ ਅੰਦਰ ਝਾਕ ਰਿਹਾ ਸੀ ਜਦੋਂ ਉਸਨੂੰ ਅੰਦਰ ਸੱਦਿਆ ਗਿਆ। ਬਹਿਸ ਹੋ ਚੁੱਕੀ ਸੀ, ਫ਼ੈਸਲਾ ਬਾਕੀ ਸੀ। ਉਸ ਤੋਂ ਪੁੱਛਿਆ ਗਿਆ ਕਿ ਕੀ ਚਾਹੁੰਦੇ ਹੋ ? ਉਹ ਬਾਅਦ ਵਿਚ ਰੋਂਦੇ ਹੋਏ ਸੋਚੇਗਾ ਕਿ ਉਸ ਨਾਲ ਇਹ ਸਵਾਲ ਸ਼ਾਇਦ ਇਸ ਲਈ ਪੁੱਛਿਆ ਗਿਆ ਕਿ ਉਸਦੇ ਚਿਹਰੇ ਉੱਤੇ ਕੋਈ ਹਾਵ-ਭਾਵ ਨਹੀਂ ਸੀ। ਉਸਨੇ ਜਵਾਬ ਦਿੱਤਾ ਕਿ ਮੈਂ ਵਿਆਜ ਤੋਂ ਬਰੀ ਹੋਣਾ ਚਾਹੁੰਦਾ ਹਾਂ। ਅਗਲੀ ਤਾਰੀਕ ਉੱਤੇ ਜਦੋਂ ਫ਼ੈਸਲਾ ਆਇਆ ਤਾਂ ਉਹ ਵਿਆਜ ਤੋਂ ਬਰੀ ਸੀ। ਉਹ ਫ਼ੈਸਲਾ ਹੱਥ ਵਿਚ ਲਈ ਘਰ ਆਇਆ, ਜਿਵੇਂ ਤਿਰੰਗਾ ਝੰਡਾ ਹੱਥ ਵਿਚ ਫੜਿਆ ਹੋਵੇ। ਉਹ ਜਿੱਤ ਦੇ ਜੋਸ਼ ਵਿਚ ਸੀ। ਘਰ ਦਾ ਤਾਲਾ ਖੋਲ੍ਹਕੇ ਉਹਨੇ ਕੁੰਤੀ ਨੂੰ ਜੱਫ਼ੀ ਪਾ ਲਈ। ਕੁੰਤੀ ਖ਼ੁਸ਼ ਸੀ ਕਿ ਹੁਣ ਉਹ ਕਿਸੇ ਦਿਨ ਸਵੇਰ ਤੋਂ ਸ਼ਾਮ ਤੱਕ ਗ਼ਾਇਬ ਨਹੀਂ ਰਹੇਗਾ ਅਤੇ ਭਰਾ ਤਾਅਨਾ ਨਹੀਂ ਮਾਰੇਗਾ ਕਿ ਪਾਪਾ ਵਿਰਸੇ ਵਿਚ ਤੁਸੀਂ ਮੇਰੇ ਲਈ ਕੀ ਮੁਕੱਦਮਾ ਛੱਡਕੇ ਜਾਓਗੇ ? ਸ਼ਾਮ ਨੂੰ ਗੋਪੀ ਕ੍ਰਿਸ਼ਨ ਨੇ ਗੌਰੀ ਸ਼ੰਕਰ ਅਤੇ ਰਾਮਕੁਮਾਰ ਨੂੰ ਚਾਹ ਪਾਣੀ ਤੇ ਬੁਲਾਇਆ। ਚਾਹ ਤੋਂ ਪਹਿਲਾਂ ਉਹ ਬਾਜ਼ਾਰ ਤੋਂ ਖੱਤਰੀ ਦੇ ਮਸ਼ਹੂਰ ਗਰਮਾ-ਗਰਮ ਸਮੋਸੇ ਲੈ ਆਏ ਸਨ। ਕੁੰਤੀ ਇਕ ਸਮੋਸਾ ਖਾ ਕੇ ਖ਼ੁਸ਼ ਹੋ ਗਈ।

ਗੌਰੀ ਸ਼ੰਕਰ ਬਹੁਤ ਖ਼ੁਸ਼ ਹੋਏ। ਉਹਨਾਂ ਨੂੰ ਲੱਗਾ ਜਿਵੇਂ ਉਹ ਖ਼ੁਦ ਮੁਕੱਦਮਾ ਜਿੱਤ ਗਏ ਹਨ ਅਤੇ ਉਹਨਾਂ ਨੂੰ ਹੁਣ ਕੋਈ ਵਿਆਜ ਨਹੀਂ ਦੇਣਾ ਪਵੇਗਾ। ਇਸ ਖ਼ੁਸ਼ੀ ਦਾ ਸਬੱਬ ਇਹ ਵੀ ਸੀ ਕਿ ਗੋਪੀ ਕ੍ਰਿਸ਼ਨ ਦਸ ਸਾਲ ਪਹਿਲਾਂ ਸਾਬਕਾ ਸਕੱਤਰ, ਆਵਾਸ ਵਿਕਾਸ ਨੂੰ ਆਪਣੀ ਸ਼ਿਕਾਇਤ ਲੈ ਕੇ ਮਿਲੇ ਸਨ ਅਤੇ ਉਸਨੇ ਕਿਹਾ ਸੀ ਕਿ ਤੁਸੀਂ ਅਦਾਲਤ ਦਾ ਫ਼ੈਸਲਾ ਲੈ ਆਓ, ਮੈਂ ਕਾਰਵਾਈ ਕਰ ਦੇਵਾਂਗਾ। ਹੁਣ ਫ਼ੈਸਲਾ ਹੱਥ ਵਿਚ ਸੀ। ਰਾਮਕੁਮਾਰ ਮੁਸਕਰਾਉਂਦੇ ਰਹੇ। ਉਹਨਾਂ ਨੇ ਸਿਰਫ਼ ਏਹੀ ਪੁੱਛਿਆ ਕਿ ਕੀ ਸਕੱਤਰ ਹੁਣ ਵੀ ਉਹੀ ਹੈ ? ਕੀ ਪਤਾ ? ਗੋਪੀ ਕ੍ਰਿਸ਼ਨ ਨੇ ਆਖਿਆ। ਰਾਮ ਕੁਮਾਰ ਮੁਸਕਰਾਉਂਦੇ ਹੋਏ ਬੋਲੇ ਕਿ ਉੱਤਰ ਪ੍ਰਦੇਸ਼, ਦੇਸ਼ ਵਿਚ ਕਿਸੇ ਤੋਂ ਪਿੱਛੇ ਨਹੀਂ ਹੈ।

"ਕਿਸ ਮਾਮਲੇ ਵਿਚ ?" ਗੋਪੀ ਕ੍ਰਿਸ਼ਨ ਨੇ ਪੁੱਛਿਆ।

"ਭ੍ਰਿਸ਼ਟਾਚਾਰ ਵਿਚ।"

ਫਿਰ ਰਾਮਕੁਮਾਰ ਨੇ ਭ੍ਰਿਸ਼ਟਾਚਾਰ ਉੱਤੇ ਪੂਰਾ ਭਾਸ਼ਣ ਦੇ ਦਿੱਤਾ। ਭਾਸ਼ਣ ਉਸ ਲੋਕ ਉਮੀਦ ਉੱਤੇ ਖ਼ਤਮ ਹੋਇਆ ਜਿਸਦੇ ਦੋ ਸਾਲ ਪਹਿਲਾਂ ਅੰਨਾ ਹਜਾਰੇ ਪ੍ਰਤੀਕ ਬਣ ਗਏ ਸਨ ਅਤੇ ਭਾਰਤੀ ਸੰਸਦ ਅਪਣੀ ਸਹਿਮਤੀ ਪ੍ਰਗਟਾਉਣ ਉੱਤੇ ਮਜਬੂਰ ਹੋਈ ਸੀ। ਹੁਣ ਸਮੇਂ ਦਾ ਗੁਬਾਰਾ ਫੁਲ ਗਿਆ ਸੀ। ਅੰਦੋਲਨ ਟੁੱਟ ਗਿਆ ਸੀ। ਕੇਜਰੀਵਾਲ ਨੇ ਵੱਖਰੀ ਪਾਰਟੀ ਬਣਾ ਲਈ ਸੀ। ਅੰਨਾ ਇਕੱਲਾ ਅਤੇ ਉਦਾਸ ਦੇਸ਼ ਵਿਚ ਘੁੰਮ ਰਿਹਾ ਸੀ। ਉਹਨਾਂ ਦੇ ਨਾਲ ਅਖ਼ਬਾਰ ਵਿਚ ਸਾਬਕਾ



ਸੈਨਾਪਤੀ ਦੀ ਤਸਵੀਰ ਛਪਦੀ ਸੀ। ਜਦੋਂ ਗੌਰੀ ਸ਼ੰਕਰ ਨੇ ਇਹ ਜੋੜਿਆ ਤਾਂ ਰਾਮਕੁਮਾਰ ਇਕਦਮ ਬੋਲੇ-"ਉਹ ਇਕੱਲੇ ਨਹੀਂ ਹਨ। ਅਸੀਂ ਲੋਕ ਵੀ ਉਹਨਾਂ ਦੇ ਨਾਲ ਹਾਂ। ਦੇਸ਼ ਉਹਨਾਂ ਦੇ ਨਾਲ ਏ।"

ਰਾਮਕੁਮਾਰ ਨੇ ਦੱਸਿਆ ਕਿ ਗਾਂਧੀ ਨੂੰ ਡੇਢ ਪ੍ਰਤੀਸ਼ਤ ਦੇਸ਼ਵਾਸੀਆਂ ਦਾ ਹਾਂ-ਪੱਖੀ ਸਮਰਥਨ ਪ੍ਰਾਪਤ ਸੀ। ਓਨਾ ਅੰਨਾ ਹਜਾਰੇ ਲਈ ਵੀ ਜੁੜ ਜਾਏਗਾ। ਕੋਈ ਵੀ ਸਰਕਾਰ ਹੋਵੇ, ਉਸਨੂੰ ਸਪੱਸ਼ਟ ਜਨ ਲੋਕਪਾਲ ਬਿੱਲ ਲਿਆਉਣਾ ਹੀ ਪਵੇਗਾ। ਲੋਕਤੰਤਰ ਦੀ ਨਵੀਂ ਸ਼ੁਰੂਆਤ ਖ਼ੁਦ ਗ੍ਰਾਮ ਸੱਭਾ ਤੋਂ ਹੋਵੇਗੀ। ਸੰਸਦਾਂ ਨੂੰ ਵਾਪਿਸ ਸੱਦਣ ਦਾ ਅਧਿਕਾਰ ਜਨਤਾ ਲੈ ਕੇ ਰਹੇਗੀ। ਚਾਵੇਜ਼ ਨੇ ਵੈਜ਼ੁਏਲਾ ਵਿਚ ਰਾਸ਼ਟਰਪਤੀ ਨੂੰ ਵਾਪਿਸ ਬੁਲਾਉਣ ਦਾ ਅਧਿਕਾਰ ਸੰਵਿਧਾਨ ਵਿਚ ਜੋੜਿਆ ਸੀ। ਉੱਥੇ ਇਕ ਵਾਰ ਜਨਮੱਤ ਸੰਗ੍ਰਹਿ ਵੀ ਹੋਇਆ ਜਦੋਂ ਚਾਵੇਜ਼ ਖ਼ੁਦ ਹੀ ਕੁਰਸੀ ਛੱਡਣ ਉੱਤੇ ਰਾਜ਼ੀ ਸੀ। ਸਮੇਂ ਦੀ ਮੰਗ ਏਹੀ ਸੀ।

ਉਸੇ ਵੇਲੇ ਇਕਦਮ ਫ਼ਰਸ਼ ਉੱਤੇ ਖੜਕਾ ਹੋਇਆ ਅਤੇ ਇਕ ਸਟੀਲ ਦਾ ਗਲਾਸ ਅੰਦਰ ਕਮਰੇ ਵਿਚ ਡਿੱਗਦਾ ਹੋਇਆ ਹਾਲ ਵਿਚ ਆਇਆ ਅਤੇ ਉਸੇ ਮੇਜ਼ ਦੇ ਇਕ ਪਾਵੇ ਨਾਲ ਵੱਜ ਕੇ ਰੁਕ ਗਿਆ ਜਿਸ ਉੱਤੇ ਚਾਹ ਅਤੇ ਸਮੋਸੇ ਰੱਖੇ ਸਨ। ਰਾਮਕੁਮਾਰ ਅਤੇ ਗੌਰੀ ਸ਼ੰਕਰ ਨੇ ਇਕ-ਦੂਜੇ ਵੱਲ ਵੇਖਿਆ। ਗੋਪੀ ਕ੍ਰਿਸ਼ਨ ਨੇ ਪਹਿਲਾਂ ਰੁਕੇ ਹੋਏ ਗਲਾਸ ਨੂੰ ਵੇਖਿਆ, ਫਿਰ ਦੋਹਾਂ ਮਹਿਮਾਨਾਂ ਨੂੰ ਵੇਖਿਆ ਅਤੇ ਮੁਸਕਰਾਏ ਜਿਵੇਂ ਕਿਸੇ ਬੱਚੇ ਨੇ ਕੋਈ ਸ਼ਰਾਰਤ ਕੀਤੀ ਹੋਵੇ।

"ਪਾਣੀ !" ਉਸੇ ਕਮਰੇ ਵਿਚੋਂ ਆਵਾਜ਼ ਆਈ ਜਿਸ ਵਿਚੋਂ ਗਲਾਸ ਆਇਆ ਸੀ। ਗੌਰੀ ਸ਼ੰਕਰ ਅਤੇ ਰਾਮਕੁਮਾਰ ਸੋਫ਼ੇ ਉੱਤੇ ਉੱਠਣ ਲਈ ਹਿੱਲੇ। ਗੋਪੀ ਕ੍ਰਿਸ਼ਨ ਨੇ ਉਹਨਾਂ ਨੂੰ ਹੱਥ ਨਾਲ ਰੁਕਣ ਦਾ ਇਸ਼ਾਰਾ ਕੀਤਾ। ਫਿਰ ਉਸੇ ਹੱਥ ਨਾਲ, ਉਹਨਾਂ ਨੇ ਫ਼ਰਸ਼ ਤੋਂ ਗਲਾਸ ਚੁੱਕਿਆ ਕਿਚਨ ਵਿਚ ਗਏ, ਗਲਾਸ ਭਰਿਆ, ਭਰਿਆ ਗਲਾਸ ਲੈ ਕੇ ਕਮਰੇ ਦੇ ਅੰਦਰ ਗਏ ਅਤੇ ਬਾਹਰ ਆ ਕੇ ਸੋਫ਼ੇ ਉੱਤੇ ਬੈਠਦੇ ਹੋਏ ਰਾਮਕੁਮਾਰ ਨੂੰ ਪੁੱਛਿਆ, "ਤੁਸੀਂ ਸਮੇਂ ਦੀ ਕੀ ਮੰਗ ਦੱਸ ਰਹੇ ਸੀ ?"

"ਸੱਚਾ ਜਨਤੰਤਰ।"

ਰਾਮਕੁਮਾਰ ਦੇ ਚਿਹਰੇ ਉੱਤੇ ਬੇਚੈਨੀ ਨਜ਼ਰ ਆ ਰਹੀ ਸੀ। ਬਾਹਰ ਅਨ੍ਹੇਰਾ ਵਧਣ ਲੱਗਾ ਸੀ। ਅੰਦਰ ਵੀ। ਗੋਪੀ ਕ੍ਰਿਸ਼ਨ ਨੇ ਉੱਠਕੇ ਬੱਤੀ ਬਾਲ ਦਿੱਤੀ। ਕੋਈ ਫ਼ਰਕ ਹੀ ਨਾ ਪਿਆ। ਸ਼ਾਮ ਦਾ ਝੁਰਮਟ ਸੀ। ਹਨ੍ਹੇਰਾ ਵਧੇਗਾ ਤਾਂ ਰੋਸ਼ਨੀ ਫੈਲੇਗੀ। ਰਾਮਕੁਮਾਰ ਸੋਫ਼ੇ ਤੋਂ ਉੱਠਕੇ ਖਿੜਕੀ ਦੇ ਸਾਹਮਣੇ ਖਲੋ ਹੀ ਗਏ। ਖਿੜਕੀ ਖੁੱਲ੍ਹੀ ਸੀ: ਸਾਹਮਣੇ ਸੜਕ ਅਤੇ ਸੜਕ ਦੇ ਪਿੱਛੇ ਦਰਖ਼ਤ ਨਜ਼ਰ ਆ ਰਹੇ ਸਨ ਜਿਹੜੇ ਇਕ ਗੂੜ੍ਹੇ ਹਰੇਪਣ ਵਿਚ ਲਿਪਤ ਸਨ। ਸੜਕ ਉੱਤੇ ਦਿਨ ਆਖ਼ਰੀ ਸਾਹ ਲੈ ਰਿਹਾ ਸੀ। ਰਾਮਕੁਮਾਰ ਇਕਦਮ ਮੁੜੇ ਅਤੇ ਸੋਫ਼ੇ ਉੱਤੇ ਆ ਕੇ ਬੈਠ ਗਏ। ਬੈਠਦੇ ਹੀ ਉਹ ਫਿਰ ਬੋਲਣ ਲੱਗੇ। ਉਹਨਾਂ ਨੇ ਸ਼ੁਰੂਆਤ ਵਿਚਾਰਧਾਰਾਵਾਂ ਦੀਆਂ ਸੀਮਾਵਾਂ ਤੋੜਣ ਨਾਲ ਕੀਤੀ। ਏਨੀ ਭੰਨ-ਤੋੜ ਹੋਈ ਕਿ ਲੋਹਾ-ਲੱਕੜ ਫ਼ਰਸ਼ ਉੱਤੇ ਚਮਾਚਮ ਹੋ ਗਿਆ ਤਾਂ ਫੁਟਕਲ ਵਿਚਾਰਾਂ ਨੂੰ ਤਾਸ਼ ਦੇ ਪੱਤਿਆਂ ਵਾਂਗ ਸਜਾ ਦਿੱਤਾ ਗਿਆ। ਫਿਰ ਰਾਮਕੁਮਾਰ ਬੋਲੇ, "ਵੇਖੋ, ਇਹੀ ਸੱਚਾ ਜਨਤੰਤਰ !"

ਰਾਮਕੁਮਾਰ ਦਾ ਪ੍ਰਕਾਸ਼ਮਾਨ ਚਿਹਰਾ ਦੇਖ ਕੇ ਗੌਰੀ ਸ਼ੰਕਰ ਸਹਿਮ ਗਏ। ਉਹ ਇਹ ਆਖੇ ਬਿਨਾਂ ਨਾ ਰਹਿ ਸਕੇ ਕਿ ਸਮਾਜ ਤਾਸ਼ ਦੇ ਪੱਤਿਆਂ ਦੀ ਤਰ੍ਹਾਂ ਨਹੀਂ ਬਦਲ ਸਕਦਾ-ਉਹ ਹੌਲੀ-ਹੌਲੀ ਬਦਲਦਾ ਹੈ।

"ਬਸੰਤ ਰੁੱਤ ਦੇ ਦਰਖ਼ਤ ਦੀ ਤਰ੍ਹਾਂ," ਰਾਮਕੁਮਾਰ ਨੇ ਮੁਸਕਰਾਉਂਦੇ ਹੋਏ ਆਖਿਆ, "ਪੁਰਾਣੇ ਵਿਚਾਰਾਂ ਦੇ ਪੱਤੇ ਝੜ ਜਾਂਦੇ ਨੇ। ਨਵੀਆਂ ਕਰੂੰਬਲਾਂ ਫੁਟਦੀਆਂ ਨੇ।" ਗੌਰੀ ਸ਼ੰਕਰ ਦੇ ਮੱਥੇ ਉੱਤੇ ਹੁਣ ਤੇਜ਼ ਸੀ। ਰਾਮਕੁਮਾਰ ਨੇ ਉਹਨਾਂ ਵੱਲ ਦੇਖਦੇ ਹੋਏ ਕਿਹਾ, "ਨਵਾਂ ਸਮਾਂ ਨਵੇਂ

ਵਿਚਾਰ ਦੀ ਮੰਗ ਕਰਦਾ ਏ।"

ਇਕਦਮ ਰਾਮਕੁਮਾਰ ਘੜੀ ਵੱਲ ਦੇਖਦਿਆਂ ਹੀ ਉੱਠ ਖਲੋਤੇ, "ਹੈਂ, ਸੱਤ ਵੱਜ ਗਏ ਨੇ। ਮੈਂ ਤਾਂ ਦਸ ਵਜੇ ਦੀ ਗੱਡੀ ਲੈਣੀ ਹੈ।"

"ਕਿੱਥੇ ?" ਗੋਪੀ ਕ੍ਰਿਸ਼ਨ ਨੇ ਪੁੱਛਿਆ।

"ਰਾਲੇਗਣ ਸਿੱਧੀ," ਰਾਮਕੁਮਾਰ ਮੁਸਕਰਾਏ, "ਅੰਨਾ ਅੱਜ ਕਿੱਥੇ ਪਹੁੰਚ ਗਏ ਨੇ। ਪਰਸੋਂ ਬੈਠਕ ਏ।"

ਦੇਰ ਰਾਤ ਭਰਾ ਦਾ ਫ਼ੋਨ ਆਇਆ। ਉਸਨੂੰ ਦਿਨ ਵਿਚ ਹੀ ਕੁੰਤੀ ਨੇ ਫ਼ੈਸਲੇ ਦੇ ਬਾਰੇ ਵਿਚ ਦੱਸ ਦਿੱਤਾ ਸੀ।

"ਪਾਪਾ, ਮੈਂ ਬਹੁਤ ਖ਼ੁਸ਼ ਹਾਂ।" ਭਰਾ ਦੀ ਆਵਾਜ਼ ਸੀ।

"ਮੈਂ ਵੀ।" ਗੋਪੀ ਕ੍ਰਿਸ਼ਨ ਦਾ ਸਵਰ ਪ੍ਰਸੰਨ ਸੀ।

"ਹੁਣ ਤੁਹਾਡੀ ਉਮਰ ਇਹ ਸਭ ਕਰਨ ਦੀ ਨਹੀਂ ਏ।"

"ਕਿਉਂ, ਕੀ ਹੋਇਆ ਮੇਰੀ ਉਮਰ ਨੂੰ ?" ਗੋਪੀ ਕ੍ਰਿਸ਼ਨ ਦੀਆਂ ਤਿਊੜੀਆਂ ਚੜ੍ਹ ਗਈਆਂ।

"ਪਾਪਾ, ਹੁਣ ਤੁਸੀਂ ਆਰਾਮ ਕਰੋ।" ਫ਼ੋਨ ਉੱਤੇ ਪਲ-ਭਰ ਸੰਨਾਟਾ। "ਮੰਮੀ ਨੂੰ ਵੀ ਤੁਹਾਡੀ ਜ਼ਰੂਰਤ ਏ।"

"ਪੁੱਤਰ"

"ਹਾਂ, ਪਾਪਾ।"

"ਸੱਚ ਗੱਲ ਦੱਸਾਂ!"

"ਮੰਮੀ ਨੂੰ ਤਾਂ ਸਭ ਤੋਂ ਜ਼ਿਆਦਾ ਤੁਹਾਡੀ ਜ਼ਰੂਰਤ ਏ।"

"ਕੀ ਕਰਾਂ, ਨੌਕਰੀ ਦੀ ਮਜਬੂਰੀ ਏ, ਪਾਪਾ।"

ਦੋਹਾਂ ਪਾਸੇ ਛੋਟੀ ਜਿਹੀ ਚੁੱਪ।

"ਨੂੰਹ ਦਾ ਕੀ ਹਾਲ ਏ, ਪੁੱਤਰ ?"

"ਠੀਕ ਏ।"

ਗੋਪੀ ਕ੍ਰਿਸ਼ਨ ਨੂੰ ਲੱਗਿਆ ਕਿ ਗੱਲ ਖ਼ਤਮ ਹੋ ਗਈ। ਉਸੇ ਵੇਲ ਭਰਾ ਦੀ ਆਵਾਜ਼ ਆਈ-"ਪਾਪਾ।"

"ਹਾਂ।"

"ਇਸ ਵਾਰ ਫ਼ਲੈਟ ਦਾ ਨਿਪਟਾਰਾ ਕਰ ਦਿਓ। ਕੁਝ ਦੇਣਾ ਪਵੇ, ਤਾਂ ਫ਼ਿਕਰ ਨਾ ਕਰਨਾ। ਮੈਨੂੰ ਦੱਸੋ।"

"ਹੂੰ।" ਗੋਪੀ ਕ੍ਰਿਸ਼ਨ ਨੇ ਕੁਝ ਚਿੜ ਕੇ ਫ਼ੋਨ ਰੱਖ ਦਿੱਤਾ।

ਇਧਰ ਉਹਨੂੰ ਕਦੀ-ਕਦੀ ਲੱਗਦਾ ਸੀ ਕਿ ਉਹਨਾਂ ਦੇ ਅਤੇ ਭਰਾ ਦੇ ਵਿਚ ਗੋਰੇ ਰੰਗ ਦੇ ਇਲਾਵਾ ਕੋਈ ਸਾਂਝ ਨਹੀਂ ਹੈ।

(4)

ਗੋਪੀ ਕ੍ਰਿਸ਼ਨ ਦੀ ਤਰ੍ਹਾਂ, ਰਾਮਕੁਮਾਰ ਵੀ ਅਪਣੇ ਘਰ ਵਿਚ ਪੌੜ੍ਹੀਆਂ ਬਿਨਾਂ ਹੀ ਵੜ੍ਹਦੇ ਸਨ, ਜਿਵੇਂ ਆਮ ਰਸਤਾ ਘਰ ਵਿਚ ਹੀ ਜਾਂਦਾ ਹੋਵੇ। ਉਹ ਕੋਨੇ ਦਾ ਫ਼ਲੈਟ ਸੀ ਜਿਸਦੇ ਅੱਗੇ ਖ਼ਾਲੀ ਮੈਦਾਨ ਵਿਚ ਘਾਹ ਦੀ ਥਾਂ ਇੱਟਾਂ ਦਾ ਫ਼ਰਸ਼ ਲੱਗਾ ਹੋਇਆ ਸੀ। ਕੜਕਦੀ ਠੰਢ ਵਿਚ ਅਤੇ ਝਮਾਝਮ ਮੀਂਹ ਨੂੰ ਛੱਡਕੇ, ਹਰ ਮੌਸਮ ਵਿਚ ਫ਼ਰਸ਼ ਉੱਤੇ ਸ਼ਾਮ ਨੂੰ ਚਾਰ-ਬੈਂਤ ਦੀਆਂ



ਕੁਰਸੀਆਂ ਪਈਆਂ ਰਹਿੰਦੀਆਂ ਸਨ ਜਿਹਨਾਂ ਉੱਤੇ ਲੋਕ ਬਦਲਦੇ ਰਹਿੰਦੇ। ਇੱਥੇ ਸ਼ਹਿਰ ਦੇ ਸਮਾਜ-ਸੇਵਕ ਹੁੰਦੇ, ਪੱਤਰਕਾਰ ਹੁੰਦੇ, ਕਦੀ-ਕਦੀ ਕੋਈ ਐਨ.ਜੀ.ਓ, ਪ੍ਰਬੰਧਕ ਜਾਂ ਕਿਸੇ ਪਾਰਟੀ ਦਾ ਕੋਈ ਨੇਤਾ ਵੀ। ਅਕਸਰ ਇੱਥੇ ਗੌਰੀ ਸ਼ੰਕਰ ਵੀ ਹਾਜ਼ਰ ਹੁੰਦੇ। ਨਵੇਂ ਨਗਰ ਦੇ ਇਸ ਬਲਾਕ ਦੇ ਲੋਕ ਜਾਂ ਇਸ ਫ਼ਲੈਟ ਦੇ ਪ੍ਰਤੀਨਿਧੀ ਉਦਾਸੀਨ ਸਨ ਜਾਂ ਕੁਰਖ਼ਤ। ਉਹਨਾਂ ਨੂੰ ਸਭ ਤੋਂ ਵੱਡੀ ਸ਼ਿਕਾਇਤ ਜਾਂ ਤਾਂ ਇਹ ਹੁੰਦੀ ਕਿ ਇਸ ਘਰ ਦੇ ਦਰਵਾਜ਼ੇ ਅਤੇ ਖਿੜਕੀਆਂ ਉੱਤੇ ਪਰਦੇ ਨਹੀਂ ਸਨ ਜਿਵੇਂ ਘਰ-ਬਾਹਰ ਵਿਚ ਕੋਈ ਫ਼ਰਕ ਨਾ ਹੋਵੇ। ਜਿਵੇਂ ਬਾਹਰ, ਉਵੇਂ ਅੰਦਰ। ਜਿਵੇਂ ਦੇਹ ਨੂੰ ਕਿਸੇ ਨਿੱਜਤਾ ਦੀ ਜ਼ਰੂਰਤ ਨਾ ਹੋਵੇ। ਹੋ ਸਕਦਾ ਹੈ ਰਾਮਕੁਮਾਰ ਨੂੰ ਨਾ ਹੋਵੇ, ਪਰ ਦੂਸਰੇ ਇਸਤਰੀ-ਪੁਰਸ਼ਾਂ ਨੂੰ ਤਾਂ ਸੀ। ਉਹਨਾਂ ਨੂੰ ਗ਼ੈਰ ਦੇਹ ਦੀ ਅਣ-ਉਪਚਾਰਕਿਤਾ ਵੀ ਪਸੰਦ ਨਹੀਂ ਸੀ ਚਾਹੇ ਉਹ ਘਰ ਦੇ ਅੰਦਰ ਹੀ ਕਿਉਂ ਨਾ ਹੋਣ। ਹੁਣ ਉਹਨਾਂ ਤੋਂ ਇਹ ਸਭ ਕੌਣ ਆਖੇ ਕਿ ਉਹ ਗ਼ੈਰ ਦੇ ਘਰ ਅੰਦਰ ਝਾਕਦੇ ਹੀ ਕਿਉਂ ਸਨ ?

ਅਸਲ ਵਿਚ ਨਵੇਂ ਨਗਰ ਦੇ ਲੋਕਾਂ ਨੂੰ ਉਹ ਹਵਾਈ ਗੱਲਾਂ ਹੀ ਕਿਸੇ ਦੂਸਰੇ ਗ੍ਰਹਿ ਦੀਆਂ ਲੱਗਦੀਆਂ ਸਨ, ਜਿਹਨਾਂ ਦੇ ਕੁਝ ਟੁੱਟੇ-ਫੁਟੇ ਅੰਸ਼ ਉਹਨਾਂ ਦੇ ਕੰਨਾਂ ਵਿਚ ਪੈਂਦੇ ਜਦੋਂ ਉਹ ਇੱਟ ਦੇ ਫ਼ਰਸ਼ ਤੋਂ ਲੰਘਦੇ। ਫਿਰ ਰਾਮਕੁਮਾਰ ਅਤੇ ਉਹਨਾਂ ਦੇ ਨੌਕਰ ਦੇ ਇਲਾਵਾ ਕਦੋਂ ਕੌਣ ਉਸ ਘਰ ਵਿਚ ਰਹਿੰਦਾ ਸੀ ਕੁਝ ਪਤਾ ਹੀ ਨਹੀਂ ਲੱਗਦਾ ਸੀ। ਜੋ ਸ਼ਾਮ ਨੂੰ ਮਹਿਮਾਨ ਬਣਕੇ ਬਾਹਰ ਬੈਂਤ ਦੀ ਕੁਰਸੀ ਉੱਤੇ ਬੈਠਾ ਹੁੰਦਾ, ਉਹ ਅਗਲੀ ਸਵੇਰ ਘਰ ਦੇ ਅੰਦਰੋਂ ਲੰਗੋਟ ਪਾ ਕੇ ਨਿਕਲ ਸਕਦਾ ਸੀ। ਨਵੇਂ ਨਗਰ ਦੇ ਵਾਸੀਆਂ ਨੂੰ ਦੇਸੀ ਲੰਗੋਟ ਉੱਤੇ ਵੀ ਇਤਰਾਜ਼ ਸੀ। ਜੇਕਰ ਉਹ ਅਮਰੀਕੀ ਸ਼ਾਰਟਸ ਹੁੰਦੇ ਤਾਂ ਕੋਈ ਗੱਲ ਨਹੀਂ ਸੀ। ਇੱਥੇ ਜੀਨਜ਼ ਅਤੇ ਟਾਪਸ ਦੀਆਂ ਅੱਗੇ-ਪਿੱਛੇ ਜ਼ਨਾਨੀ ਗੋਲਾਈਆਂ ਫ਼ੈਸ਼ਨ ਸਨ, ਲੇਕਿਨ ਲੰਗੋਟ ਦੇ ਹੇਠਾਂ ਮਰਦਾਨੀ ਵਾਲਾਂ ਵਾਲੀਆਂ ਲੱਤਾਂ ਗੰਵਾਰੂ ਸਨ। ਕਿਉਂਕਿ ਗੌਰੀ ਸ਼ੰਕਰ ਸ਼ਾਮ ਨੂੰ ਅਕਸਰ ਉਹਨਾਂ ਇੱਟਾਂ ਦੇ ਮੈਦਾਨ ਵਿਚ ਹੁੰਦੇ ਸਨ। ਇਸ ਲਈ ਉਹਨਾਂ ਨੂੰ ਇਹ ਸ਼ਿਕਾਇਤ ਕੀਤੀ ਗਈ ਕਿ ਉਸ ਵੇਲੇ ਸਾਹਮਣੇ ਸੜਕ ਉੱਤੇ ਬਹੂ-ਬੇਟੀਆਂ ਆਉਣ ਤੋਂ ਝਿਜਕਦੀਆਂ ਹਨ। ਇਹ ਸੁਣਕੇ ਗੌਰੀ ਸ਼ੰਕਰ ਨੂੰ ਗੁੱਸੇ ਦੀ ਥਾਂ ਹਾਸਾ ਆ ਗਿਆ ਕਿਉਂਕਿ ਉਹ ਜਾਣਦੇ ਸਨ ਕਿ ਇਹ ਸੁਕੁਮਾਰੀਆਂ ਟੀ.ਵੀ. ਦੇ ਪਰਦੇ ਉੱਤੇ ਫ਼ਿਲਮੀ ਨਾਇਕਾਂ ਦੀਆਂ ਵਾਲਾਂ ਵਾਲੀਆਂ ਗੁਲਜ਼ਾਰ ਛਾਤੀਆਂ ਰੋਜ਼ ਝਾਕਦੀਆਂ ਸਨ। ਅੰਤਿਮ ਸ਼ਿਕਾਇਤ ਇਹ ਸੀ ਕਿ ਰਾਮਕੁਮਾਰ ਦੇਰ ਰਾਤ ਬਲਾਕ ਨਾਲ ਲੱਗਦੇ ਪਾਰਕ ਵਿਚ ਅਪਣੇ ਦੋਸਤਾਂ ਨਾਲ ਸ਼ਰਾਬ ਪੀਂਦੇ ਹਨ। ਸਬੂਤ ਦੇ ਤੌਰ 'ਤੇ ਪਾਰਕ ਵਿਚ ਖ਼ਾਲੀ ਪਈਆਂ ਬੋਤਲਾਂ ਦਾ ਹਵਾਲਾ ਦਿੱਤਾ ਗਿਆ। ਜਦੋਂ ਗੌਰੀ ਸ਼ੰਕਰ ਨੇ ਸ਼ਿਕਾਇਤ ਕਰਤਾ ਤੋਂ ਪੁੱਛਿਆ ਕਿ ਕੀ ਤੁਸੀਂ ਰਾਮਕੁਮਾਰ ਨੂੰ ਪਾਰਕ ਵਿਚ ਵੇਖਿਆ ਸੀ, ਤਾਂ ਜਵਾਬ ਮਿਲਿਆ ਕਿ ਉਹ ਹਨ੍ਹੇਰੀ ਰਾਤ ਸੀ। ਗੌਰੀ ਸ਼ੰਕਰ ਤੋਂ ਰਿਹਾ ਨਾ ਗਿਆ। ਉਸਨੂੰ ਪਤਾ ਸੀ ਕਿ ਰਾਮਕੁਮਾਰ ਲਈ ਤਾਂ ਸ਼ਰਾਬ ਹਰਾਮ ਹੈ। ਉਹ ਬੋਲੇ, "ਹਨ੍ਹੇਰੀ ਰਾਤ ਵਿਚ ਪਾਰਕ ਦੀ ਬੈਂਚ ਉੱਤੇ ਚਮੇਲੀ ਦੇ ਫੁੱਲਾਂ ਦੇ ਹੇਠਾਂ ਦੇਵਤਾ, ਯਕਸ਼ ਜਾਂ ਰਾਕਸ਼ ਵੀ ਸ਼ਰਾਬ ਪੀ ਸਕਦੇ ਹਨ। ਪਾਰਕ ਦੇ ਪਰਲੇ ਪਾਰ ਪੁਰਾਣਾ ਪਿੰਡ ਹੈ।"

ਨਵੇਂ ਨਗਰ ਵਿਚ ਸਾਰੇ ਸ਼ਰੀਫ਼ ਲੋਕ ਰਹਿੰਦੇ ਹਨ। ਉਹ ਚਾਹੁੰਦੇ ਸੀ ਕਿ ਉੱਥੇ ਜੋ ਵੀ ਆਏ, ਉਹਨਾਂ ਜਿਹਾ ਹੀ ਹੋ ਜਾਵੇ। ਕੋਈ ਫੇਰ-ਬਦਲ ਨਾ ਹੋਵੇ।

ਰਾਮਕੁਮਾਰ ਦੁਨੀਆਂ ਬਦਲਣ ਲਈ ਉਤਾਰੂ ਸੀ-ਉਹ ਇਹੀ ਸਮਝਦੇ ਸਨ। ਇਹ ਜਜ਼ਬਾ ਉਹਨਾਂ ਦੇ ਅੰਦਰ ਉਪਰਲੇ ਬੁੱਲ੍ਹਾਂ ਤੇ ਕਾਲੀ ਰੇਖਾ ਦੇ ਨਾਲ ਹੀ ਉੱਗ ਆਇਆ ਸੀ। ਅਪਣੇ ਪਿੰਡ ਬੈਕੁੰਠ ਪੁਰ ਵਿਚ ਉਸਦਾ ਘਰ ਪਿੰਡ ਦੇ ਪੰਜ ਸਰਦੇ-ਪੁੱਜਦੇ ਘਰਾਂ ਵਿਚੋਂ ਇਕ ਸੀ। ਉਸਦਾ ਬਚਪਨ ਸਾਫ਼-ਸੁਥਰਾ ਅਤੇ ਖ਼ੁਸ਼ਹਾਲ ਸੀ। ਉਸਦੇ ਕੱਪੜੇ ਘਰ ਦੇ ਬਾਹਰ ਅਤੇ ਸਾਫ਼ ਹੋ ਜਾਂਦੇ ਕਿਉਂਕਿ ਓਨੇ

ਸਾਫ਼-ਸੁਥਰੇ ਗਲੀ-ਬਾਜ਼ਾਰ ਵਿਚ ਕਿਸੇ ਹੋਰ ਦੇ ਕੱਪੜੇ ਨਹੀਂ ਸਨ ਹੁੰਦੇ। ਰਾਮਕੁਮਾਰ ਦਾ ਦਿਲ ਪਸੀਜ ਜਾਂਦਾ ਜਦੋਂ ਉਹ ਪਿੰਡ ਵਿਚ ਬਾਹਰ ਵੱਲ ਜਾਂਦਾ ਜਿੱਥੇ ਨੀਵੀਆਂ ਜਾਤੀਆਂ ਦੇ ਘਰ ਸਨ, ਜਿਹਨਾਂ ਦੇ ਸਾਹਮਣੇ ਮੈਲੇ-ਕੁਚੈਲੇ ਬੱਚੇ ਵਗਦੀ ਨੱਕ ਨਾਲ ਹੀ ਖੇਡਦੇ ਜਾਂ ਕਾਗ਼ਜ਼ ਵਿਚ ਗੁੜ ਲਪੇਟ ਕੇ ਦੋਹਾਂ ਨੂੰ ਖਾਂਦੇ ਵਿਖਾਈ ਦੇਂਦੇ। ਘਰ ਕੱਚੇ ਸਨ ਅਤੇ ਗਲੀਆਂ ਵਿਚ ਲੋਕਾਂ ਦੇ ਚਿਹਰਿਆਂ ਉੱਤੇ ਹਨ੍ਹੇਰਾ ਸੀ-ਚਾਹੇ ਕੋਈ ਵੀ ਮੌਸਮ ਹੋਵੇ, ਜਾਂ ਦਿਨ ਦਾ ਕੋਈ ਵੀ ਵੇਲਾ ਹੋਵੇ, ਚਾਹੇ ਸੂਰਜ ਅਸਮਾਨ ਵਿਚ ਹੋਵੇ ਜਾਂ ਨਾ ਹੋਵੇ।

ਘਰ ਤਾਂ ਠੀਕ ਸਨ, ਪਰ ਪਿੰਡ ਨੂੰ ਬਦਲਣ ਦੀ ਜ਼ਰੂਰਤ ਸੀ। ਕਾਲੀ ਲਕੀਰ ਜਦੋਂ ਮੁੱਛਾਂ ਵਿਚ ਬਦਲੀ ਤਾਂ ਉਹ ਦਿੱਲੀ ਦੇ ਜੇ. ਐੱਨ. ਯੂ. ਵਿਚ ਸੀ। ਉਸਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਅਪਣਾ ਪਿੰਡ ਬਦਲਣ ਲਈ ਦੇਸ਼ ਬਦਲਣਾ ਹੋਵੇਗਾ ਅਤੇ ਦੇਸ਼ ਬਦਲਣ ਲਈ ਦੁਨੀਆ ਬਦਲਣੀ ਹੋਵੇਗੀ। ਤਦ ਹੀ ਉਸਦਾ ਪਹਿਲਾ ਪਿਆਰ ਪਹਿਲਵਾਨੀ ਵੱਲ ਵਧਿਆ। ਰਾਮਕੁਮਾਰ ਛੇ-ਫੁਟਾ ਸੁਪਨਮਈ ਅੱਖਾਂ ਵਾਲਾ ਨੌਜਵਾਨ ਸੀ ਜਿਹੜਾ ਅਪਣੀ ਦਾੜ੍ਹੀ ਅਤੇ ਵਿਆਕੁਲਤਾ ਲਈ ਜਾਣਿਆ ਜਾਂਦਾ ਸੀ। ਗਿਆਨ ਤਾਂ ਬਹੁਤਿਆਂ ਦੇ ਕੋਲ ਸੀ, ਪਰ ਜਨੂਨ ਉਸ ਹੀ ਕੋਲ ਸੀ। ਸੁਧਾ, ਉਸ ਹੀ ਜਨੂਨ ਉੱਤੇ ਜਾਨ ਦੇਂਦੀ ਸੀ ਜਿਹਨਾਂ ਬੁੱਲ੍ਹਾਂ ਨੂੰ ਉਹ ਚੁੰਮਦਾ। ਉਹ ਪਰਿਵਾਰ ਵਿਚ, ਸਭਾਵਾਂ ਵਿਚ ਅਤੇ ਸ਼ਹਿਰ ਵਿਚ ਅਕਸਰ ਨਾਲ ਹੀ ਵਿਖਾਈ ਦੇਂਦੇ। ਸੁਧਾ ਨੂੰ ਇਹ ਅਜੀਬ ਲੱਗਾ ਕਿ ਚਾਹੇ ਚਾਨਣ ਹੋਵੇ ਜਾਂ ਅਨ੍ਹੇਰਾ ਰਾਮਕੁਮਾਰ ਚੁੰਮਣ ਤੋਂ ਅੱਗੇ ਨਹੀਂ ਵਧਦਾ ਸੀ। ਅਲਬੱਤਾ ਜ਼ੁਬਾਨ ਨਾਲ ਉਹ ਕਈ ਵਾਰ ਦੁਹਰਾਂਦਾ, "ਤੂੰ ਮੇਰਾ ਪਹਿਲਾ ਤੇ ਆਖ਼ਰੀ ਪਿਆਰ ਏਂ।"

"ਆਖ਼ਰੀ ! ਤੁਹਾਨੂੰ ਕਿਵੇਂ ਪਤਾ ?" ਸੁਧਾ ਅਪਣੀਆਂ ਹਿਰਨੀ ਵਰਗੀਆਂ ਅੱਖਾਂ ਉਸ ਦੀਆਂ ਅੱਖਾਂ ਵਿਚ ਪਾ ਦੇਂਦੀ।

"ਮੈਨੂੰ ਆਪਣਾ ਆਖ਼ੀਰ ਪਤਾ ਏ," ਉਹ ਕਹਿੰਦਾ।

ਇਹ ਜੋੜਾ ਜਿਸ ਤਰ੍ਹਾਂ ਯੂਨੀਵਰਸਿਟੀ ਦੇ ਕੈਂਪਸ ਵਿਚ ਹਮੇਸ਼ਾ ਕੁਝ ਦੂਜੇ ਜੋੜਿਆਂ ਵਾਂਗ ਨਾਲ-ਨਾਲ ਨਜ਼ਰ ਆਉਂਦਾ, ਉਸ ਨਾਲ ਲੋਕ ਇਹੀ ਸਮਝਦੇ ਕਿ ਉਹ ਵੀ ਦੂਸਰੇ ਜੋੜਿਆਂ ਵਾਂਗ ਕੈਂਪਸ ਤੋਂ ਨਿਕਲ ਕੇ ਵਿਆਹ ਕਰ ਲੈਣਗੇ। ਸੁਧਾ ਦੀਆਂ ਸਹੇਲੀਆਂ ਉਸਨੂੰ ਪੁੱਛਦੀਆਂ। ਉਸਨੂੰ ਖ਼ੁਦ ਨੂੰ ਹੈਰਾਨੀ ਸੀ ਕਿ ਰਾਮਕੁਮਾਰ ਨੇ ਅਜੇ ਤੱਕ 'ਪ੍ਰਪੋਜ਼' ਨਹੀਂ ਕੀਤਾ ਸੀ। ਆਖ਼ਰੀ ਦਿਨਾਂ ਦੀ ਇਕ ਸ਼ਾਮ ਉਸਨੇ ਪੁੱਛ ਹੀ ਲਿਆ। ਰਾਮਕੁਮਾਰ ਦੀ ਜ਼ੁਬਾਨ ਲੱਕੜ ਹੋ ਗਈ, ਉਸਦੀਆਂ ਅੱਖਾਂ ਵਿਚ ਹੰਝੂ ਸਨ। ਉਹ ਕੈਂਪਸ ਦੇ ਇਕ ਕੋਨੇ ਵਿਚ ਸਾਰੀ ਸ਼ਾਮ ਇਕ ਬੋਹੜ ਦੇ ਦਰਖ਼ਤ ਦੇ ਹੇਠਾਂ ਬੈਠੇ ਸਨ। ਏਨਾ ਚਾਨਣ ਸੀ ਕਿ ਹੰਝੂ ਦਾੜ੍ਹੀ ਵਿਚ ਪੈਣ ਤੋਂ ਪਹਿਲਾਂ ਹੀ ਚਮਕਣ ਲੱਗੇ। ਸੁਧਾ ਨੂੰ ਇਸ ਬੇਢੰਗੀ ਘੜੀ ਵੇਲੇ ਵੀ ਹਾਸਾ ਆ ਗਿਆ।

"ਕੀ ਹੋਇਆ ?" ਉਹ ਹੱਸਦੀਆਂ ਅੱਖਾਂ ਨਾਲ ਬੋਲੀ।

"ਮੈਂ ਨਹੀਂ ਕਰ ਸਕਦਾ," ਉਹ ਭਰੇ ਗਲੇ ਨਾਲ ਬੋਲਿਆ।

"ਕਿਉਂ ?"

"ਕਿਉਂਕਿ ਮੈਂ ਇਸ ਲਈ ਨਹੀਂ ਬਣਿਆ ਹਾਂ।"

"ਫਿਰ ਕਿਸ ਲਈ ਬਣੇ ਹੋ ?"

"ਦੁਨੀਆਂ ਬਦਲਣ ਲਈ।"

ਸੁਧਾ ਇਸ ਵਾਰ ਖੁੱਲ੍ਹਕੇ ਹੱਸੀ। ਉਤਾਂਹ ਦਰਖ਼ਤ ਦੀਆਂ ਟਾਹਣੀਆਂ ਉੱਤੇ ਪੰਛੀਆਂ ਨੇ ਖੰਭ ਫੜਫੜਾਏ। ਦੇਰ ਤੱਕ ਖਿਲਖਿਲਾਹਟ ਦੁੱਖੀ ਪੰਛੀਆਂ ਵਿਚ ਫਸੀ ਰਹੀ।

"ਰਾਮ," ਉਹ ਪੱਥਰ ਜਿਹੇ ਸੁਰ ਵਿਚ ਬੋਲੀ।



"ਹਾਂ।"

"ਤੁਸੀਂ ਡਰਪੋਕ ਹੋ।"

ਇਹ ਆਖ਼ਰੀ ਸੰਵਾਦ ਸੀ ਜਿਸਨੂੰ ਉਹ ਕਹਿਕੇ ਉੱਠੀ ਅਤੇ ਦੂਰ ਅਨ੍ਹੇਰੇ ਵਿਚ ਗ਼ਾਇਬ ਹੋ ਗਈ। ਰਾਮਕੁਮਾਰ ਨੂੰ ਹੁਣ ਵੀ ਕਦੀ-ਕਦੀ ਲੱਗਦਾ ਹੈ ਕਿ ਉਹ ਉਸੇ ਅਨ੍ਹੇਰੇ ਦਰਖ਼ਤ ਦੇ ਹੇਠਾਂ ਬੈਠਾ ਹੈ ਜਿਸਦੀਆਂ ਟਾਹਣੀਆਂ ਉੱਤੇ ਅਦ੍ਰਿਸ਼ ਪੰਛੀ ਫੜਫੜਾ ਰਹੇ ਹਨ।

ਉਹ ਐਮਰਜੈਂਸੀ ਦੇ ਦਿਨ ਸਨ। ਰਾਮਕੁਮਾਰ ਐੱਸ.ਐੱਫ਼.ਆਈ. ਨਾਲ ਸੰਬੰਧਿਤ ਸੀ। ਇਕ ਦਿਨ ਉਸਨੂੰ ਪੁਲਿਸ ਫੜ੍ਹ ਕੇ ਲੈ ਗਈ। ਉਹ ਗਿਆਰ੍ਹਾਂ ਮਹੀਨੇ ਜੇਲ੍ਹ ਵਿਚ ਰਿਹਾ। ਜਦੋਂ ਬਾਹਰ ਆਇਆ ਤਾਂ ਜੇ.ਐੱਨ.ਯੂ. ਦੇ ਕੈਂਪਸ ਵਿਚ ਸੁਧਾ ਨਹੀਂ ਸੀ। ਉਸਨੂੰ ਪਤਾ ਲੱਗਾ ਕਿ ਇਸ ਵਿਚ ਉਸਨੇ ਉਸਦੇ ਹੀ ਇਕ ਦੋਸਤ ਕਿਸ਼ੋਰ ਨਾਲ ਸ਼ਾਦੀ ਕਰ ਲਈ ਜੋ ਆਈ. ਪੀ. ਐੱਸ. ਵਿਚ ਚੁਣ ਲਿਆ ਗਿਆ ਸੀ। ਜੇਕਰ ਰਾਮਕੁਮਾਰ ਨੇ ਸੁਧਾ ਨੂੰ ਪ੍ਰਪੋਜ਼ ਨਹੀਂ ਕੀਤਾ ਤਾਂ ਸੁਧਾ ਨੇ ਕਿਸ਼ੋਰ ਨਾਲ ਵਿਆਹ ਕਰ ਲਿਆ ਸੀ ਤਾਂ ਇਸ ਵਿਚ ਹੈਰਾਨੀ ਦੀ ਕੀ ਗੱਲ ਸੀ ? ਉਸਦਾ ਦਿਮਾਗ਼ ਉਸ ਤੋਂ ਪੁੱਛਦਾ। ਉਸਦੇ ਦਿਲ ਕੋਲ ਕੋਈ ਜਵਾਬ ਨਹੀਂ ਸੀ। ਸਿਰਫ਼ ਬੇਚੈਨੀ ਸੀ। ਦਿੱਲੀ ਦੀਆਂ ਸੜਕਾਂ ਉੱਤੇ ਚਲਦੇ ਹੋਏ ਉਸਨੂੰ ਲੱਗਦਾ ਕਿ ਉਹ ਅਜੇ ਜੇਲ੍ਹ ਵਿਚ ਹੀ ਹੈ। ਉਸਦਾ ਮਨ ਜੇਲ੍ਹ ਤੋਂ ਨਿਕਲਣ ਲਈ ਫੜਫੜਾਂਦਾ ਸੀ। ਉਸੇ ਵੇਲੇ ਉਸਦੇ ਮਾਮੇ ਨੇ ਉਸਨੂੰ ਬੁੰਦੇਲਖੰਡ ਕਾਲਜ ਵਿਚ ਨੌਕਰੀ ਦਿਵਾ ਦਿੱਤੀ ਅਤੇ ਉਹ ਝਾਂਸੀ ਚਲਾ ਗਿਆ। ਹੁਣ ਐਮਰਜੈਂਸੀ ਖ਼ਤਮ ਹੋ ਗਈ ਸੀ ਅਤੇ ਕਿਲ੍ਹੇ ਦੀਆਂ ਜਹਵਾਵਾਂ ਖੁੱਲ੍ਹ ਗਈਆਂ ਸਨ। ਉਹ ਕਿਲ੍ਹੇ ਦੀ ਚੜ੍ਹਾਈ ਉੱਤੇ ਰੋਜ਼ ਸ਼ਾਮ ਨੂੰ ਘੁੰਮਣ ਜਾਂਦਾ ਜਦੋਂ ਚਟਾਨਾਂ ਦੇ ਪ੍ਰਛਾਵੇਂ ਧੁੰਦਲਕੇ ਵਿਚ ਡੁੱਬਣ ਲੱਗਦੇ।

ਉਸਨੇ ਈਲਾਈਟ ਸਿਨਮੇ ਦੇ ਪਿੱਛੇ ਇਕ ਦੋ ਕਮਰਿਆਂ ਦਾ ਸੈੱਟ ਕਿਰਾਏ ਉੱਤੇ ਲਿਆ ਸੀ। ਹੁਣ ਇਕ ਪਾਸੇ ਅਪਣਾ ਪਿੰਡ ਸੀ, ਦੂਸਰੇ ਪਾਸੇ ਦਿੱਲੀ ਸੀ। ਰਾਮਕੁਮਾਰ ਦੋਹਾਂ ਦੇ ਵਿਚਕਾਰ ਝੂਲਦਾ ਰਹਿੰਦਾ। ਹਾਲਾਂ ਕਿ ਜ਼ਿਆਦਾਤਰ ਮੁੰਡਿਆਂ ਦੀ ਦਿਲਚਸਪੀ ਪੜ੍ਹਨ ਤੋਂ ਇਲਾਵਾ ਹਰ ਚੀਜ਼ ਵਿਚ ਸੀ। ਰਾਤ ਨੂੰ ਜਦੋਂ ਕਦੀ ਬੇਚੈਨੀ ਵੱਧ ਜਾਂਦੀ ਤਾਂ ਉਹ ਬਾਥਰੂਮ ਵਿਚ ਵੜ੍ਹ ਕੇ ਇਕਾਠ-ਬਾਠ ਕਰਦਾ ਰਹਿੰਦਾ ਅਤੇ ਹਫ਼ਦਾ ਹੋਇਆ ਬਾਹਰ ਆ ਜਾਂਦਾ। ਇਹ ਪੁਰਾਣਾ ਰਿਵਾਜ਼ ਸੀ।

ਸੁਧਾ ਤੋਂ ਭੱਜਕੇ ਉਸਨੇ ਸੋਚਿਆ ਸੀ ਕਿ ਉਸਨੇ ਧਰਤੀ ਦੀ ਔਰਤ ਨੂੰ ਪਿੱਛੇ ਛੱਡ ਦਿੱਤਾ ਹੈ। ਪਰ ਉਹ ਲਗਾਤਾਰ ਨਾਲ-ਨਾਲ ਚੱਲ ਰਹੀ ਹੈ, ਇਹ ਉਸਨੇ ਈਲਾਈਟ ਸਿਨਮੇ ਦੇ ਪਿੱਛੇ ਦੋ ਕਮਰਿਆਂ ਵਿਚ ਰਹਿੰਦੇ ਹੋਏ ਜਾਣਿਆ। ਸੀਤਾ ਰੋਜ਼ ਸਵੇਰੇ ਘਰ ਦੀ ਸਫ਼ਾਈ ਅਤੇ ਰਸੋਈ ਦਾ ਕੰਮ ਕਰਨ ਆਉਂਦੀ ਸੀ। ਫਿਰ ਸ਼ਾਮ ਨੂੰ ਸ਼ਾਮ ਦਾ ਖਾਣਾ ਬਣਾਉਣ। ਰਾਮਕੁਮਾਰ ਨੂੰ ਹੌਲੀ-ਹੌਲੀ ਮਹਿਸੂਸ ਹੋਇਆ ਕਿ ਉਸਦੇ ਘਰ ਵਿਚ ਰਹਿਣ ਨਾਲ ਘਰ ਭਰ ਜਾਂਦਾ ਹੈ। ਉਹ ਵੀ ਹੌਲੀ-ਹੌਲੀ ਉਸ ਵੱਲ ਟੇਢੀਆਂ ਅੱਖਾਂ ਨਾਲ ਵੇਖਣ ਲੱਗੀ। ਜਦੋਂ ਰਾਮਕੁਮਾਰ ਦੀ ਨਜ਼ਰ ਉਸਦੀਆਂ ਚੋਰ ਅੱਖਾਂ ਤੇ ਪੈਂਦੀ, ਤਾਂ ਉਹ ਅਪਣੀ ਨਜ਼ਰ ਨੂੰ ਪਲਟ ਲੈਂਦੀ। ਰਾਮਕੁਮਾਰ ਤੋਂ ਇਹ ਰਾਜ਼ ਜ਼ਿਆਦਾ ਦੇਰ ਤੱਕ ਨਾ ਲੁਕਿਆ ਰਿਹਾ ਕਿ ਉਹ ਖ਼ੁਦ ਵੀ ਉਸ ਵੱਲ ਚੋਰ ਨਜ਼ਰ ਨਾਲ ਵੇਖਦਾ ਸੀ। ਤਾਂ ਹੀ ਤਾਂ ਉਸਨੇ ਸੀਤਾ ਦੀ ਚੋਰ ਨਜ਼ਰ ਨੂੰ ਫੜ੍ਹ ਲਿਆ। ਇਹ ਆਦਮੀ ਅਤੇ ਔਰਤ ਦੇ ਵਿਚ ਖਿੱਚ ਆਦਿ ਸਦੀਵੀ ਤਾਰ ਸੀ।

ਸੀਤਾ ਵੀ ਸੁਧਾ ਵਾਂਗ ਸਾਂਵਲੀ ਸੀ। ਉਸਦੀਆਂ ਅੱਖਾਂ ਵਿਚ ਵੀ ਸੁਧਾ ਦੀ ਤਰ੍ਹਾਂ ਹਿਰਨੀ ਦੀ ਯਾਦ ਸੀ। ਪਰ ਉਸਦੇ ਚਿਹਰੇ ਉੱਤੇ ਸਮੇਂ ਦੀ ਮਾਰ ਸੀ। ਉਸਦੀ ਸਿਫ਼ਤ ਸਿਰਫ਼ ਸਫ਼ਾਈ ਅਤੇ ਖਾਣੇ ਦੇ ਬਾਰੇ ਹੀ ਹੁੰਦੀ ਰਹਿੰਦੀ ਸੀ। ਬਾਕੀ ਸਿਰਫ਼ ਵੇਖਾ-ਵੇਖੀ ਹੀ ਹੋਇਆ ਸੀ। ਰਾਮਕੁਮਾਰ

ਨੇ ਜਿਵੇਂ ਹੀ ਉਸਦੀ ਨਜ਼ਰ ਨੂੰ ਫੜਿਆ ਤਾਂ ਉਸੇ ਤਰ੍ਹਾਂ ਅਪਣੀ ਨਜ਼ਰ ਨੂੰ ਵੀ, ਜਿਵੇਂ ਇਹ ਕਿਸੇ ਹੋਰ ਦੂਜੇ ਪਾਸੇ ਨਜ਼ਰ ਹੋਵੇ। ਇਹ ਦੂਸਰਾ ਕੌਣ ਸੀ ਜਿਹੜਾ ਉਸਦੀ ਦੇਹ ਨੂੰ ਦੇਖਦਾ ਸੀ? ਇਕ ਦੁਪਹਿਰ ਸਹਿਜ ਹੀ ਉਹ ਸੀਤਾ ਵੱਲ ਬਾਜ਼ ਦੀ ਤਰ੍ਹਾਂ ਝਪਟਿਆ ਅਤੇ ਉਸਨੇ ਉਸਨੂੰ ਅਪਣੀ ਗੋਦੀ ਵਿਚ ਚੁੱਕ ਲਿਆ। ਉਹ ਹੱਸਣ ਲੱਗੀ। ਉਹ ਬਾਅਦ ਵਿਚ ਸੋਚੇਗਾ ਕਿ ਸੀਤਾ ਦੀ ਇਸ ਹਾਸੇ ਵਿਚ ਉਹਨਾਂ ਦੇ ਮੂਲ ਰਿਸ਼ਤੇ ਦਾ ਰਾਜ਼ ਲੁਕਿਆ ਸੀ। ਉਸ ਪਲ ਉਹ ਰਾਮਕੁਮਾਰ ਦੇ ਹੱਥਾਂ ਨਾਲ ਸੀਤਾ ਦੀ ਦੇਹ ਵਿਚੋਂ ਕੁਝ ਲੱਭ ਰਿਹਾ ਸੀ। ਇਸ ਲੱਭਤ ਦਾ ਚਰਮ-ਬਿੰਦੂ ਸੀਤਾ ਦਾ ਰਾਮ ਦੇ ਹੱਥ ਨੂੰ ਝਟਕਣਾ ਸੀ। ਤਾਂ ਰਾਮ ਜਿਹਾ ਅਚਾਨਕ ਜਾਗਿਆ ਅਤੇ ਉਸਨੇ ਉਸ ਦੂਸਰੇ ਨੂੰ ਪਛਾਣਿਆ ਜੋ ਉਸਦੇ ਜਿਸਮ ਵਿਚ ਪਰਿਵਰਤਿਤ ਸੀ। ਉਸਨੂੰ ਰਾਹਤ ਮਿਲ ਗਈ। ਉਸਨੇ ਉਸਨੂੰ ਛੱਡ ਦਿੱਤਾ। ਉਸ ਰਾਤ ਉਸਨੂੰ ਬਾਥਰੂਮ ਵਿਚ ਕੁਝ ਦੇਰ ਹੋਰ ਰੁਕਣਾ ਪਿਆ।

ਫਿਰ ਉਸਨੂੰ ਲਖਨਊ ਦੇ ਕ੍ਰਿਸ਼ਚੀਅਨ ਕਾਲਜ ਵਿਚ ਨੌਕਰੀ ਮਿਲ ਗਈ। ਇੱਥੇ ਹੀ ਉਸਨੇ ਅੰਨਾ ਦੇ ਅੰਦੋਲਨ ਵਿਚ ਇਕ ਨਵੀਂ ਉਮੀਦ ਵੇਖੀ।

ਉਸ ਸ਼ਾਮ ਜਦੋਂ ਗੌਰੀ ਸ਼ੰਕਰ ਘਰੋਂ ਨਿਕਲਕੇ ਬਾਹਰ ਆਏ ਤਾਂ ਰਾਮਕੁਮਾਰ ਘਰ ਦੇ ਸਾਹਮਣੇ ਰਸਤੇ ਦੇ ਕੋਨੇ ਕੁਰਸੀ ਉੱਤੇ ਇਕੱਲੇ ਬੈਠੇ ਚਾਹ ਪੀ ਰਹੇ ਸਨ। ਬਾਕੀ ਤਿੰਨ ਕੁਰਸੀਆਂ ਖ਼ਾਲੀ ਸਨ। ਇਕ ਖ਼ਾਲੀ ਕੁਰਸੀ ਉੱਤੇ ਬੈਠਦੇ ਹੋਏ ਗੌਰੀ ਸ਼ੰਕਰ ਨੇ ਪੁੱਛਿਆ:" ਕਦੋਂ ਮੁੜੇ?"

"ਸਵੇਰੇ।"

"ਇਸ ਵਾਰ ਕੀ ਹੋਇਆ?"

"ਅੰਨਾ ਤੇ ਕੇਜਰੀਵਾਲ ਦੀ ਬਹਿਸ।"

"ਮੁੱਦਾ?"

"ਰਾਜਨੀਤੀ।"

ਰਾਮਕੁਮਾਰ ਦੇ ਦੱਸਿਆ ਕਿ ਅੰਨਾ ਰਾਜਨੀਤੀ ਨੂੰ ਰਾਜਨੀਤੀ ਦੇ ਬਾਹਰ ਰਹਿਕੇ ਸੁਧਾਰਨਾ ਚਾਹੁੰਦੇ ਹਨ ਕਿਉਂਕਿ ਰਾਜਨੀਤੀ ਦੀ ਭੁਲਭਲਈਆ ਵਿਚ ਲਾਲਚ ਦੀ ਧੁੰਦ ਹੈ। ਕੇਜਰੀਵਾਲ ਦਾ ਕਹਿਣਾ ਹੈ ਕਿ ਜਨਤਾ ਉਸੇ ਧੁੰਦ ਵਿਚੋਂ ਜਿਉਂਦੀ ਹੈ, ਇਸ ਲਈ ਉਸੇ ਧੁੰਦ ਵਿਚ ਵੜ੍ਹਕੇ ਧੁੰਦ ਨੂੰ ਕੱਟਣਾ ਹੋਵੇਗਾ। ਲਾਲਚ ਦਾ ਖ਼ਤਰਾ? ਅੰਨਾ ਦਾ ਸਵਾਲ ਹੈ। ਉਸ ਖ਼ਤਰੇ ਨੂੰ ਸਹੇੜਨਾ ਪਵੇਗਾ- ਇਹੀ ਜਵਾਬ ਹੈ। ਸੱਚਾ ਜਨਤੰਤਰ ਚੱਕਰਵਿਊ ਵਿਚ ਵੜ੍ਹਕੇ ਹੀ ਹਾਸਲ ਹੋਵੇਗਾ।

"ਤੁਸੀਂ ਕੀ ਸੋਚਦੇ ਹੋ?" ਗੌਰੀ ਸ਼ੰਕਰ ਨੇ ਪੁੱਛਿਆ।

"ਇਕ ਪਾਸੇ ਅੰਨਾ ਦੇ ਫ਼ਕੀਰੀ ਅੰਦੋਲਨ ਦੀ ਨੈਤਿਕਤਾ ਏ, ਦੂਜੇ ਪਾਸੇ ਸਿੱਧਾ ਦਖ਼ਲ।"

"ਪਰ ਉਸਦਾ ਖ਼ਤਰਾ।"

"ਖ਼ਤਰੇ ਦੀ ਪੱਟੀ ਨਾਲ ਨਹੀਂ ਰੁਕਦਾ।" ਰਾਮਕੁਮਾਰ ਬੋਲੇ, "ਕੋਈ ਇਕ ਡਿੱਗ ਜਾਏ ਤਾਂ ਦੂਸਰਾ ਉੱਠਕੇ ਚੱਲ ਪੈਂਦਾ ਏ।"

"ਤੁਸੀਂ ਕਿਧਰ ਜਾਓਗੇ?" ਗੌਰੀ ਸ਼ੰਕਰ ਨੇ ਪੁੱਛਿਆ, "ਦਿੱਲੀ ਜਾਂ ਰਾਲੇਗੜ੍ਹ?"

"ਦੁਰਾਹੇ ਤੇ ਖਲੋਤਾ ਹਾਂ।" ਰਾਮਕੁਮਾਰ ਨੇ ਕਿਹਾ, "ਚਾਹ ਪੀਂਦੇ ਹਾਂ।"

ਉਸਨੇ ਅੰਦਰ ਵੱਲ ਚਾਹ ਵਾਸਤੇ ਆਵਾਜ਼ ਦਿੱਤੀ।

(5)

ਆਵਾਸ ਵਿਕਾਸ ਦੀ ਇਮਾਰਤ ਸ਼ਾਨਦਾਰ ਸੀ।

ਗੋਪੀ ਕ੍ਰਿਸ਼ਨ ਪਸੀਨੋ-ਪਸੀਨੀ ਇਮਾਰਤ ਦੇ ਅੰਦਰ ਪੌੜ੍ਹੀਆਂ ਚੜ੍ਹ ਰਹੇ ਸਨ, ਜਿਵੇਂ ਇਹ ਪੌੜ੍ਹੀਆਂ ਕਦੀ ਖ਼ਤਮ ਹੀ ਨਹੀਂ ਹੋਣਗੀਆਂ। ਪੌੜ੍ਹੀਆਂ ਉੱਤੇ ਨੀਮ ਹਨ੍ਹੇਰਾ ਸੀ। ਏਨੀ ਰੋਸ਼ਨੀ ਜ਼ਰੂਰ ਸੀ ਕਿ



ਪੌੜ੍ਹੀਆਂ ਅਤੇ ਚਿਹਰੇ ਨਜ਼ਰ ਆਉਂਦੇ ਸਨ। ਚਿਹਰੇ ਵੀ ਪੌੜ੍ਹੀਆਂ ਵਾਂਗ ਬੰਦ ਸਨ ਜਿਵੇਂ ਉਹਨਾਂ ਦੀ ਚਾਬੀ ਗੁੰਮ ਗਈ ਹੋਵੇ ਜਾਂ ਇਮਾਰਤ ਦੇ ਤਹਿਖ਼ਾਨੇ ਵਿਚ ਲਟਕੀ ਹੋਵੇ। ਜਦੋਂਕਿ ਸਪਰਿਲ ਪੌੜ੍ਹੀਆਂ ਉਤਾਂਹ ਵੱਲ ਜਾ ਰਹੀਆਂ ਸਨਉਤਾਂਹ ਅਤੇ ਉਤਾਂਹਸਕੱਤਰ ਦਾ ਕਮਰਾ ਸੱਤਵੀਂ ਮੰਜ਼ਿਲ 'ਤੇ ਸੀ। ਲਿਫ਼ਟ ਬੰਦ ਸੀ। ਸੱਤਵੀਂ ਮੰਜ਼ਿਲ ਦੇ ਅੰਦਰਲੇ ਬਰਾਂਡੇ ਵਿਚ ਮੁੜ ਕੇ ਗੋਪੀ ਕ੍ਰਿਸ਼ਨ ਇਕ ਬੈਂਚ 'ਤੇ ਬੈਠ ਗਏ ਅਤੇ ਅੱਖਾਂ ਬੰਦ ਕਰ ਲਈਆਂ। ਅੰਦਰ ਅਨ੍ਹੇਰਾ ਛਾ ਗਿਆਠੰਢਾ। ਕੀ ਇਹ ਬਰਾਂਡੇ ਵਿਚ ਦੌੜਦੀ ਠੰਢੀ ਹਵਾ ਸੀ। ਇੱਥੇ ਚਾਨਣ ਪੌੜ੍ਹੀਆਂ ਨਾਲੋਂ ਘੱਟ ਸੀ। ਬਾਹਰ ਦੀ ਰੋਸ਼ਨੀ ਵਰਜਿਤ ਸੀ। ਛੱਤ ਦੀਆਂ ਅੱਧੀਆਂ ਬੱਤੀਆਂ ਗੁੱਲ ਸਨ। ਸ਼ਾਇਦ ਉਹਨਾਂ ਨੂੰ ਠੀਕ ਕਰਨ ਦੀ ਜ਼ਰੂਰਤ ਕਿਸੇ ਨੂੰ ਮਹਿਸੂਸ ਹੀ ਨਹੀਂ ਹੋਈ ਸੀ। ਸ਼ਾਇਦ ਇੱਥੇ ਕੋਈ ਤੁਰਦਾ-ਤੁਰਦਾ ਨਹੀਂ ਡਿੱਗਿਆ ਸੀ।

ਆਖ਼ਰਕਾਰ ਗੌਰੀ ਸ਼ੰਕਰ ਬੈਂਚ ਤੋਂ ਉੱਠਕੇ ਬਰਾਂਡੇ ਵਿਚ ਅੱਗੇ ਵਧਿਆ ਜਿੱਥੇ ਸਕੱਤਰ ਦਾ ਕਮਰਾ ਸੀ। ਦਰਵਾਜ਼ੇ ਤੇ ਜੋ ਨਾਂ-ਦੀ ਤਖ਼ਤੀ ਲੱਗੀ ਸੀ ਉਸ ਉੱਤੇ ਲਿਖਿਆ: 'ਯੂ.ਆਰ. ਮਿਸ਼ਰਾ'। ਪਿਛਲੀ ਵਾਰ ਜਦੋਂ ਉਹ ਆਏ ਸੀ ਤਾਂ ਇੱਥੇ ਕੋਈ ਵਾਲਮੀਕ ਸਨ। ਪਹਿਲਾਂ ਅੰਦਰ ਚਿੱਟ ਗਈ, ਫਿਰ ਉਸਨੂੰ ਬੁਲਾਇਆ ਗਿਆ। ਗੋਪੀ ਕ੍ਰਿਸ਼ਨ ਨੇ ਇਮਾਰਤ ਵਿਚ ਪਹਿਲੀ ਵਾਰ ਪੂਰੀ ਰੋਸ਼ਨੀ ਮਹਿਸੂਸ ਕੀਤੀ ਜਦੋਂ ਉਹ ਅੰਦਰ ਗਏ। ਰੋਸ਼ਨੀ ਸੀ, ਪਰ ਰੋਸ਼ਨੀ ਦਾ ਸਰੋਤ ਅਦ੍ਰਿਸ਼ ਸੀ। ਮਿਸ਼ਰਾ ਸਾਹਬ ਬਗਲੇ ਦੀ ਤਰ੍ਹਾਂ ਚਿੱਟੀ-ਸਫ਼ੈਦ ਕਮੀਜ਼ ਪਾਈ ਅਤੇ ਸੁਨਹਿਰੀ ਐਨਕ ਲਾਈ ਦੂਰ ਮੇਜ਼ ਦੇ ਪਿੱਛੇ ਗੂੜ੍ਹ-ਗੰਭੀਰ ਬੈਠੇ ਸਨ, ਜਿਵੇਂ ਸੰਘਾਸਨ ਉੱਤੇ ਬਿਰਾਜਮਾਨ ਹੋਣ। ਸਾਹਮਣੇ ਤਿੰਨ ਲੋਕ ਖਲੋਤੇ ਸਨ। ਸਟੈਨੋ ਸਾਹਮਣੇ ਬੈਠਾ ਹੋਇਆ ਉਹਨਾਂ ਦੇ ਬੋਲਾਂ ਨੂੰ ਲਿਪੀ ਵਿਚ ਬਦਲ ਰਿਹਾ ਸੀ। ਗੋਪੀ ਕ੍ਰਿਸ਼ਨ ਮੇਜ਼ ਦੇ ਕੋਨੇ ਉੱਤੇ ਬੈਠ ਗਏ।

"ਬੋਲੋ," ਸਿੰਘਾਸਨ ਤੋਂ ਉਹਨਾਂ ਨੂੰ ਆਵਾਜ਼ ਆਈ।

"ਕੀ?"

"ਫ਼ੋਰਮ ਦਾ ਫ਼ੈਸਲਾ।" ਗੋਪੀ ਕ੍ਰਿਸ਼ਨ ਨੇ ਅਦਾਲਤ ਦੇ ਫ਼ੈਸਲੇ ਦੀ ਨਕਲ ਮੇਜ਼ ਉੱਤੇ ਸਿੰਘਾਸਨ ਵੱਲ ਵਧਾਈ।

"ਤਾਂ?"

"ਵਿਆਜ ਰੱਦ ਹੋ ਗਿਆ ਏ। ਰਜਿਸਟਰੀ ਦੀ ਆਗਿਆ ਦੇਵੋ।"

ਮਿਸ਼ਰਾ ਸਾਹਬ ਸੰਘਣੀਆਂ ਮੁੱਛਾਂ ਵਿਚੋਂ ਮੁਸਕਰਾਏ, "ਤੁਸੀਂ ਤਾਂ ਮੈਨੂੰ ਆਗਿਆ ਦੇ ਰਹੇ ਹੋ।"

"ਪਿਛਲੀ ਵਾਰ ਮੈਨੂੰ ਇਹੋ ਹੀ ਦੱਸਿਆ ਗਿਆ ਸੀ," ਗੋਪੀ ਕ੍ਰਿਸ਼ਨ ਨੇ ਕੁਝ ਜ਼ਿੱਦੀ ਸੁਰ ਵਿਚ ਕਿਹਾ।

"ਕਿਸਨੇ?" ਮਿਸ਼ਰਾ ਸਾਹਬ ਦੀ ਆਵਾਜ਼ ਤੇਜ਼ ਹੋਈ, "ਕਿਸਨੇ?"

"ਵਾਲਮੀਕ ਜੀ ਨੇ।" ਸੁਰ ਹਤਾਸ਼ ਸੀ।

"ਉਹ ਤਾਂ ਚਲੇ ਗਏ।"

"ਕਾਨੂੰਨ ਤਾਂ ਉਹੀ ਏ।" ਹਤਾਸ਼ ਸੁਰ ਕੁਝ ਉੱਚਾ ਉੱਭਰਿਆ।

"ਇਹ ਤਾਂ ਕਾਨੂੰਨੀ ਸਲਾਹਕਾਰ ਦੱਸੇਗਾ।"

ਮਿਸ਼ਰਾ ਸਾਹਬ ਦੀ ਨਜ਼ਰ ਅਤੇ ਆਵਾਜ਼ ਤੇਜ਼ ਸੀ। ਗੋਪੀ ਕ੍ਰਿਸ਼ਨ ਸੁੰਨ ਹੋ ਗਏ। ਸੱਕਤਰ ਦੇ ਕਮਰੇ ਵਿਚੋਂ ਨਿਕਲ ਕੇ ਗੋਪੀ ਕ੍ਰਿਸ਼ਨ ਹੇਠਾਂ ਦੂਸਰੀ ਮੰਜ਼ਿਲ ਤੇ ਸੰਬੰਧਿਤ ਬਾਬੂ ਨੂੰ ਮਿਲਣ ਵੱਡੇ ਦਫ਼ਤਰੀ ਹਾਲ ਵਿਚ ਪਹੁੰਚੇ। ਦਫ਼ਤਰ ਵਿਚ ਮੱਛੀ ਬਾਜ਼ਾਰ ਦਾ ਸ਼ੋਰ ਸੀ। ਇੱਥੇ ਪ੍ਰਗਟਾਵੇ ਦੀ ਖੁੱਲ੍ਹੀ

ਆਜ਼ਾਦੀ ਸੀ। ਹਾਲ ਦੇ ਚਾਰੇ ਪਾਸੇ ਮੇਜ਼ ਲੱਗੇ ਹੋਏ ਸਨ। ਬਾਬੂ ਬਲਵੰਤ ਗੁਪਤਾ ਕੁਰਸੀ ਤੇ ਨਹੀਂ ਸਨ ਜੋ ਨਵੇਂ ਨਗਰ ਦਾ ਕੰਮ ਦੇਖਦਾ ਸੀ। ਉਸਦੀ ਮੇਜ਼ ਖ਼ਾਲੀ ਸੀ। ਕੋਈ ਕਾਗ਼ਜ਼ ਖ਼ਾਲੀ ਨਹੀਂ ਸੀ ਜਿਵੇਂ ਸਾਰਾ ਕੰਮ ਖ਼ਤਮ ਹੋ ਗਿਆ ਹੋਵੇ। ਕੋਈ ਕੰਮ ਬਾਕੀ ਨਾ ਹੋਵੇ। ਆਲੇ-ਦਵਾਲੇ ਮੇਜ਼ਾਂ ਉੱਤੇ ਫਾਈਲਾਂ ਦੇ ਢੇਰ ਪਏ ਸਨ ਜਿੱਥੇ ਬਾਬੂ ਬੈਠੇ ਸਨ। ਗੋਪੀ ਕ੍ਰਿਸ਼ਨ ਖ਼ਾਲੀ ਮੇਜ਼ ਦੇ ਸਾਹਮਣੇ ਬੈਠ ਗਏ। ਬੈਠੇ ਰਹੇ। ਉਹ ਸਕੱਤਰ ਦੇ ਕਮਰੇ ਵਿਚੋਂ ਨਿਕਲਦੇ ਹੀ ਸਕਤੇ ਵਿਚ ਆ ਗਏ ਸਨ, ਜਿਵੇਂ ਐਵਰੈਸਟ ਉੱਤੇ ਖ਼ਲੋਤੇ ਪ੍ਰਬਤ-ਆਰੋਹੀਆਂ ਨੂੰ ਦੱਸਿਆ ਜਾਏ ਕਿ ਇਹ ਚੋਟੀ ਝੂਠੀ ਅਤੇ ਨਕਲੀ ਹੈ, ਅਸਲੀ ਐਵਰੈਸਟ ਤਾਂ ਬਹੁਤ ਦੂਰ ਹੈ। ਉਹ ਹੁਣ ਵੀ ਉਸੇ ਹਾਲਤ ਵਿਚ ਸਨ ਅਤੇ ਮੱਛੀ ਘਰ ਵਿਚ ਬੈਠੇ ਹੋਏ ਉਹਨਾਂ ਨੇ ਅੱਖਾਂ ਬੰਦ ਕਰ ਲਈਆਂ ਸਨ। ਕੰਨ ਖੁੱਲ੍ਹੇ ਸਨ। ਕੰਨ ਵਿਚ ਹੌਲੀ ਜਿਹੀ ਨਾਲ ਦੀ ਮੇਜ਼ ਤੋਂ ਆਵਾਜ਼ ਆਈ, "ਜੇਬ ਵਿਚ ਨੋਟ ਖੁੱਲ੍ਹੇ ਨੇ। ਕੀ ਨੰਗੇ ਹੀ ਦੇ ਦੇਵਾਂ?" ਫਿਰ ਦੂਸਰੀ ਆਵਾਜ਼, "ਦੇ ਦਿਓ। ਕੋਈ ਫ਼ਰਕ ਨਹੀਂ ਪੈਂਦਾ।"

ਸਹਿਜੇ ਹੀ ਗੋਪੀ ਕ੍ਰਿਸ਼ਨ ਨੂੰ ਲੱਗਾ ਕਿ ਇਹ ਆਵਾਜ਼ਾਂ ਐਵਰੈਸਟ ਦੀ ਚੋਟੀ ਤੋਂ ਆਈਆਂ ਸਨ। ਉਹਨਾਂ ਨੇ ਘਬਰਾ ਕੇ ਅੱਖਾਂ ਖੋਲ੍ਹੀਆਂ। ਨਹੀਂ, ਇਹ ਮੱਛੀ ਬਾਜ਼ਾਰ ਹੀ ਸੀ ਜਿੱਥੇ ਮੇਜ਼ਾਂ ਦੇ ਇਕ ਪਾਸੇ ਬਾਬੂ ਬੈਠੇ ਸਨ ਅਤੇ ਦੂਸਰੇ ਪਾਸੇ ਗਾਹਕ ਖਲੋਤੇ ਸਨ। ਤਾਂ ਹੀ ਬਾਬੂ ਬਲਵੰਤ ਗੁਪਤਾ ਇਕਦਮ ਪ੍ਰਗਟ ਹੋਇਆ ਅਤੇ ਕੁਰਸੀ ਉੱਤੇ ਵੱਡੇ ਅਫ਼ਸਰ ਵਾਂਗ ਬੈਠ ਗਿਆ। ਉਸਨੇ ਸਾਹਮਣੇ ਬੈਠੇ ਗੋਪੀ ਕ੍ਰਿਸ਼ਨ ਵੱਲ ਵੇਖਿਆ ਤੱਕ ਨਹੀਂ। ਉਸਨੇ ਅਪਣੇ ਖੱਬੇ ਹੱਥ ਵਿਚ ਫੜੀ ਇਕ ਫ਼ਾਈਲ ਮੇਜ਼ ਤੇ ਰੱਖੀ ਅਤੇ ਉਸਨੂੰ ਖੋਲ੍ਹ ਲਿਆ ਜਿਵੇਂ ਕਸਾਈ ਨੇ ਇਕ ਹੱਥ ਵਿਚ ਚਾਕੂ ਅਤੇ ਦੂਸਰੇ ਹੱਥ ਵਿਚ ਮੁਰਗੇ ਦੀ ਲਾਸ਼ ਫੜੀ ਹੋਵੇ। ਦੋ ਲੋਕ ਉਸਦੇ ਪਿੱਛੇ ਪਿੱਛੇ ਆਏ ਸਨ। ਜਿਵੇਂ ਸ਼ਹਿਨਸ਼ਾਹ ਦੇ ਚੋਲੇ ਦਾ ਪਿਛਲਾ ਪਾਸਾ ਉਹਨਾਂ ਨੇ ਅਪਣੇ ਹੱਥਾਂ ਵਿਚ ਚੁੱਕਿਆ ਹੁੰਦਾ ਸੀ। ਬਲਵੰਤ ਗੁਪਤਾ ਫ਼ਾਈਲ ਵੱਲ ਦੇਖਦਾ ਹੋਇਆ ਉਹਨਾਂ ਨਾਲ ਗੱਲ ਕਰ ਰਿਹਾ ਸੀ।

ਜਦੋਂ ਉਹ ਚਲੇ ਗਏ ਤਾਂ ਬਲਵੰਤ ਗੁਪਤਾ ਨੇ ਨਜ਼ਰਾਂ ਸਾਹਮਣੇ ਕੀਤੀਆਂ। ਗੋਪੀ ਕ੍ਰਿਸ਼ਨ ਨੇ ਪੁੱਛਿਆ, "ਮੇਰਾ ਕੀ ਬਣਿਆ, ਗੁਪਤਾ ਜੀ?" ਗੋਪੀ ਕ੍ਰਿਸ਼ਨ ਕੁਝ ਅੱਗੇ ਝੁਕੇ। ਗੌੜ ਵਰਣੀ ਗੁਪਤਾ ਜੀ, ਪਹਿਲੀ ਵਾਰ ਮੁਸਕਰਾਏ। ਉਹਨਾਂ ਦੀ ਮੁਸਕਾਨ ਵਿਚ ਇਕ ਜੱਲਾਦ ਦਾ ਠੰਢਾਪਣ ਸੀ। ਉਹ ਬੋਲਿਆ, "ਜੋ ਕਾਨੂੰਨ ਆਖੇਗਾ।"

"ਅਪੀਲ," ਬਾਬੂ ਹੱਸਿਆ, "ਅਜੇ ਰਾਜ ਫ਼ੋਰਮ ਏ। ਫਿਰ ਰਾਸ਼ਟਰੀ ਫ਼ੋਰਮ ਏ।"

"ਜ਼ਿਲ੍ਹੇ ਵਿਚ ਦੱਸ ਸਾਲ ਲੱਗੇ," ਗੋਪੀ ਕ੍ਰਿਸ਼ਨ ਨੇ ਹਤਾਸ਼ ਸਾਹ ਛੱਡਿਆ, "ਰਾਜ ਵਿਚ ਦੱਸ ਤੇ। ਫਿਰ ਰਾਸ਼ਟਰ ਲਈ ਦੱਸ। ਉਦੋਂ ਤੱਕ ਤਾਂ ਮੈਂ ਮਰ ਜਾਵਾਂਗਾ।"

"ਬਾਬੂ ਦਾ ਹਾਸਾ ਮੁਸਕਾਨ ਵਿਚ ਬਦਲ ਗਿਆ ਸੀ। ਜਿਵੇਂ ਜੱਲਾਦ ਦਾ ਮੌਤ ਨਾਲ ਕੋਈ ਰਿਸ਼ਤਾ ਨਾ ਹੋਵੇ।

"ਅਪੀਲ ਜਿੱਤਣ ਲਈ ਮੈਨੂੰ ਇਕ ਹੋਰ ਜਨਮ ਲੈਣਾ ਪਵੇਗਾ, ਵਾਲਮੀਕ ਜੀ ਨੇ ਮੈਨੂੰ ਦੱਸਿਆ ਸੀ ਕਿ ਇਸ ਜਨਮ ਵਿਚ ਕੰਮ ਹੋ ਸਕਦਾ ਹੈ।"

"ਇਸ ਜਨਮ ਵਿਚ ਕੰਮ ਹੋ ਸਕਦਾ ਏ," ਬਲਵੰਤ ਨੇ ਅੱਖਾਂ ਝਪਕਾਈਆਂ।

"ਕਿਵੇਂ?" ਗੋਪੀ ਕ੍ਰਿਸ਼ਨ ਉਮੀਦ ਦੇ ਭਾਰ ਨਾਲ ਅੱਗੇ ਝੁਕ ਆਏ।

"ਸੈਟਿੰਗ!" ਬਲਵੰਤ ਦੀਆਂ ਅੱਖਾਂ ਖੁੱਲ੍ਹੀਆਂ ਸਨ।

ਗੋਪੀ ਕ੍ਰਿਸ਼ਨ ਨੂੰ ਹੈਰਾਨੀ ਹੋਈ ਕਿ ਕੀ ਵਾਲਮੀਕ ਜੀ ਹੁੰਦੇ ਤਾਂ ਉਹ ਵੀ ਏਹੀ ਕਹਿੰਦੇ? ਉਹ ਬਲਵੰਤ ਦਾ ਚਿਹਰਾ ਵੇਖ ਰਹੇ ਸਨ। ਬਲਵੰਤ ਨੇ ਦੱਸਿਆ ਕਿ ਸੈਟਿੰਗ ਦਾ ਅਨੁਵਾਦ ਉਪਰ ਤੋਂ ਹੇਠਾਂ ਤੱਕ ਫ਼ੈਲਿਆ ਹੋਇਆ, ਰਿਸ਼ਵਤ-ਤੰਤਰ ਹੈ ਜੋ ਰੱਬ ਵਾਂਗ ਹਰ ਥਾਂ ਹੈ, ਪਰ ਦਿੱਸਦਾ



ਨਹੀਂ। ਬਸ, ਉਸਦੇ ਸੰਕੇਤ ਅਤੇ ਪ੍ਰਤੀਕ ਦ੍ਰਿਸ਼ਮਾਨ ਹਨ ਜੋ ਪੱਤੇ ਦੀ ਹਵਾ ਵਿਚ ਖੜਕਦੇ ਹਨ ਜਿਵੇਂ ਅਜੇ ਖ਼ੁਦ ਬਲਵੰਤ ਗੁਪਤਾ।

ਗੋਪੀ ਕ੍ਰਿਸ਼ਨ ਆਪਣੀਆਂ ਐਨਕਾਂ ਨਾਲ ਬਲਵੰਤ ਦੀਆਂ ਐਨਕਾਂ ਵਿਚ ਆਪਣਾ ਅਕਸ ਵੇਖ ਰਹੇ ਸਨ: ਕੁਝ ਅਜੀਬ ਜਿਹੀ ਸ਼ਕਲ ਸੀ ਜਿਵੇਂ ਔਰਾਂਗ-ਉਟਾਂਗ ਹੋਵੇ।

ਇਹ ਰਿਸ਼ਵਤ ਦਾ ਖੁੱਲ੍ਹਾ-ਖੇਡ ਫ਼ਰੁਖਾਬਾਦੀ ਸੀ।

ਉਹ ਅਨਿਆਂ ਦੇ ਵਿਰੁੱਧ ਜ਼ੇਹਾਦ ਉੱਤੇ ਨਿਕਲੇ ਸਨ ਅਤੇ ਖ਼ੁਦ ਉਸੇ ਦਲਦਲ ਵਿਚ ਫਸ ਗਏ ਸਨ।

ਗੋਪੀ ਕ੍ਰਿਸ਼ਨ ਕੁਰਸੀ ਤੋਂ ਉੱਠੇ, ਹਾਲ ਵਿਚ ਸ਼ੋਰ ਪੈ ਗਿਆ। ਜਿਵੇਂ ਹੀ ਉਹ ਮੁੜ ਕੇ ਅੱਗੇ ਵਧੇ ਇਕ ਅਧੇੜ ਵਕੀਲ ਨਾ ਟਕਰਾ ਗਏ, ਬਲਕਿ ਵਕੀਲ ਨਾਲ ਨਹੀਂ, ਉਸਦੇ ਬੰਦ ਮੂੰਹ ਵਿਚ ਪਾਨ ਸੀ। ਸ਼ਾਇਦ ਇੱਥੇ ਉਸਨੂੰ ਬੋਲਣ ਦੀ ਜ਼ਰੂਰਤ ਨਹੀਂ ਸੀ। ਹਾਲ ਦੇ ਦੂਸਰੇ ਪਾਸੇ ਕੋਈ ਚੀਖ਼ ਉੱਠੀ ਜੋ ਦੇਰ ਤੱਕ ਕੰਧਾਂ ਨਾਲ ਟਕਰਾਉਂਦੀ ਹੋਈ ਗੂੰਜਦੀ ਰਹੀ। ਤਿੰਨ ਲੋਕ ਇਕ ਨੌਜਵਾਨ ਨੂੰ ਫੜਕੇ ਬਾਹਰ ਲੈ ਗਏ ਜੋ ਚੀਖ਼ ਰਿਹਾ ਸੀ, "ਰਿਸ਼ਵਤ ਲੈਂਦੇ ਹੋ ਤੇ ਕੰਮ ਵੀ ਨਹੀਂ ਕਰਦੇ।" ਜਦੋਂ ਗੋਪੀ ਸ਼ੰਕਰ ਦਰਵਾਜ਼ੇ ਤੱਕ ਪਹੁੰਚਿਆ ਤਾਂ ਹਾਲ ਵਿਚ ਸ਼ਾਂਤੀ ਹੋ ਗਈ ਸੀ ਜਿਵੇਂ ਏਥੇ ਕੁਝ ਹੋਇਆ ਈ ਨਹੀਂ ਨਾ ਹੋਵੇ-ਸਿਵਾਏ ਕੰਮ ਦੇ।

ਉਹ ਆਵਾਸ ਵਿਕਾਸ ਵਿਚ ਟੱਟੀ ਨਹੀਂ ਗਏ ਜਿਵੇਂ ਇਹ ਥਾਂ ਇਸ ਲਾਈਕ ਨਾ ਹੋਵੇ। ਉਹ ਘਰ ਗਏ। ਬਾਥਰੂਮ ਵਿਚੋਂ ਨਿਕਲ ਕੇ ਉਹਨਾਂ ਨੇ ਕੁੰਤੀ ਨੂੰ ਪੂਰਾ ਅੱਖਾਂ ਨਾਲ ਵੇਖਿਆ ਕੰਨਾਂ ਨਾਲ ਸੁਣਿਆ ਹਾਲ ਸੁਣਾਇਆ। ਉਹ ਥੱਕ ਗਏ ਸਨ। ਹਾਲ ਵਿਚ ਆਕੇ ਸੋਫ਼ੇ ਉੱਤੇ ਬੈਠੇ ਅਤੇ ਅੱਖਾਂ ਬੰਦ ਕਰ ਲਈਆਂ। ਉਸਨੂੰ ਅਜਿਹਾ ਲੱਗਾ ਕਿ ਦੱਸ ਸਾਲ ਦੀ ਥਕਾਵਟ ਉਸਦੀਆਂ ਹੱਡੀਆਂ ਵਿਚ ਉਮਰ ਨਾਲ ਜੰਮ ਗਈ ਹੈ। ਸਰੀਰ ਭਾਰਾ ਹੋ ਗਿਆ ਸੀ ਜਿਵੇਂ ਅੰਦਰ ਹੀ ਅੰਦਰ ਚੁੰਬਦੀਆਂ ਹੋਣ। ਜਦੋਂ ਫ਼ਾਰਮ ਦਾ ਫ਼ੈਸਲਾ ਹੱਥ ਵਿਚ ਆਇਆ ਤਾਂ ਗੋਰੀ ਸ਼ੰਕਰ ਨੂੰ ਲੱਗਾ ਸੀ ਕਿ ਜੱਦੋਜਹਿਦ ਖ਼ਤਮ ਹੋਈ, ਉਹਨੂੰ ਨਿਆਂ ਮਿਲ ਗਿਆ। ਦੱਸ ਸਾਲ ਦੀ ਦੌੜ-ਭੱਜ ਕਾਰਗਰ ਹੋਈ ਸੀ। ਅੱਜ ਪਤਾ ਲੱਗਾ ਕਿ ਨਿਆਂ ਦੇ ਰੇਗਿਸਤਾਨ ਵਿਚ ਉਸਦੇ ਹੱਥ ਦਾ ਫ਼ੈਸਲਾ ਇਕ ਮ੍ਰਿਗ-ਤ੍ਰਿਸ਼ਨਾ ਸੀ। ਅੱਗੇ ਚੋਭਵੀਂ ਧੁੱਪ ਸੀ ਅਤੇ ਪੈਰਾਂ ਦੇ ਹੇਠਾਂ ਤੱਪਦੀ ਰੇਤ ਸੀ। ਕੋਈ ਝੂਠਾ ਪਾਣੀ ਵੀ ਨਜ਼ਰ ਨਹੀਂ ਆ ਰਿਹਾ ਸੀ। ਉਹ ਆਪਣੀਆਂ ਸਖ਼ਤ ਸੁੱਕੀਆਂ ਹੱਡੀਆਂ ਵਿਚ ਕੈਦ ਰੇਤ ਉੱਤੇ ਦੌੜ ਰਹੇ ਸਨ। ਉੱਤੇ ਸੂਰਜ ਤਣਿਆ ਸੀ ਜਿਵੇਂ ਅਸਮਾਨ ਵਿਚ ਸੂਰਜ ਹੀ-ਸੂਰਜ ਹੋਣ। ਹੇਠਾਂ ਰੇਤ ਸੀ-ਸਾਹਮਣੇ ਜਿੱਥੋਂ ਤੱਕ ਨਜ਼ਰ ਜਾਂਦੀ ਸੀ। ਨਜ਼ਰ ਦੂਰ ਬਹੁਤ ਦੂਰ ਤੱਕ, ਰੁਕਦੀ ਜ਼ਰੂਰ ਸੀ, ਪਰ ਉੱਥੇ ਖਿੱਤੀਆਂ ਨਹੀਂ ਸਨਰੋਸ਼ਨੀਆਂ ਵਿਚ ਲਿਪਟੀ ਰੇਤ ਸੀ। ਜੋ ਆਪਣੀ ਥਾਂ ਖਲੋਤੀ ਚਾਰੇ ਪਾਸੇ ਘੁੰਮ ਰਹੀ ਸੀ। ਖਿੱਤੀਆਂ ਕਿੱਥੇ ਸਨ? ਗੋਪੀ ਕ੍ਰਿਸ਼ਨ ਚੀਖ਼ਣਾ ਚਾਹੁੰਦੇ ਸਨ। ਪਰ ਉਹਨਾਂ ਦੇ ਗਲ੍ਹੇ ਵਿਚ ਆਵਾਜ਼ ਨਹੀਂ ਸੀ। ਅਚਾਨਕ ਉਹਨੂੰ ਲੱਗਾ ਕਿ ਆਵਾਜ਼ ਦੀ ਥਾਂ ਗਲੇ ਵਿਚ ਰੇਤ ਭਰ ਗਈ ਹੈ। ਗਲਾ ਫਸ ਰਿਹਾ ਸੀ। ਸਾਹ ਰੁੱਕ ਰਹੀ ਸੀ। ਉਸਨੇ ਹੜਬੜਾਕੇ ਅੱਖਾਂ ਖੋਲ੍ਹੀਆਂ। ਸਰੀਰ ਪਸੀਨੇ ਨਾਲ ਤਰ ਸੀ। ਛੱਤ ਤੋਂ ਪੱਖਾ ਰੋਜ਼ ਦੀ ਤਰ੍ਹਾਂ ਲਟਕਿਆ ਹੌਲੀ-ਹੌਲੀ ਘੁੰਮ ਰਿਹਾ ਸੀ।

ਕਮਰੇ ਅੰਦਰ ਇਸੇ ਵੇਲੇ ਕੁੰਤੀ ਨੇ ਭਰਾ ਨੂੰ ਆਵਾਸ ਵਿਕਾਸ ਦਾ ਪੂਰਾ ਅੱਖੀਆਂ ਵੇਖਿਆ, ਕੰਨਾਂ ਨਾਲ ਸੁਣਿਆ ਹਾਲ, ਫ਼ੋਨ ਤੇ ਦੱਸਿਆ ਜੋ ਗੋਪੀ ਕ੍ਰਿਸ਼ਨ ਨੇ ਉਸਨੂੰ ਸੁਣਾਇਆ ਸੀ। ਕੁੰਤੀ ਨੇ ਇਹ ਵੀ ਦੱਸਿਆ ਕਿ ਅੱਜ ਸਵੇਰੇ ਤੋਂ ਹੀ ਉਸਦੀ ਸੱਜੀ ਅੱਖ ਫੜਕ ਰਹੀ ਸੀ ਅਤੇ ਉਹ ਘਬਰਾਈ ਹੋਈ ਸੀ। ਭਰਾ ਹੱਸਣ ਲੱਗਾ। ਫਿਰ ਉਹ ਝੁੰਜਲਾਇਆ। ਉਸਨੇ ਕਿਹਾ, "ਅਸਲੀ ਮੁਸ਼ਕਿਲ ਪਾਪਾ ਹੈ ਕੀ। ਕਿਵੇਂ?" ਕੁੰਤੀ ਨੇ ਪੁੱਛਿਆ। ਭਰਾ ਬੋਲਿਆ ਕਿ ਅਸਲੀ ਸਮਸਿਆ ਇਹ

ਹੈ ਕਿ ਪਾਪਾ ਅੱਜ ਵੀ ਪਿਛਲੀ ਸਦੀ ਵਿਚ ਜੀ ਰਹੇ ਹਨ। ਉਹਨਾਂ ਨੂੰ ਨਵੀਂ ਸਦੀ ਦਾ ਭੂਗੋਲ ਹੀ ਨਹੀਂ ਪਤਾ।

"ਨਵੀਂ ਸਦੀ ਦਾ ਭੂਗੋਲ?" ਕੁੰਤੀ ਹੈਰਾਨ ਸੀ, "ਕੀ ਮਤਲਬ?"

"ਮੰਮੀ, ਤੁਹਾਨੂੰ ਪਤਾ ਹੈ," ਭਰਾ ਦੂਜੇ ਪਾਸਿਓਂ ਬੋਲਿਆ, "ਪੁਰਾਣੇ ਜ਼ਮਾਨੇ ਵਿਚ ਧਰਤੀ ਉੱਤੇ ਡਾਇਨਾਸੋਰ ਘੁੰਮਦੇ ਸਨ। ਧਰਤੀ ਦਾ ਭੂਗੋਲ ਬਦਲਿਆ। ਡਾਇਨਾਸੋਰ ਨਹੀਂ ਬਦਲਿਆ। ਇਤਿਹਾਸ ਹੋ ਗਿਆ।"

"ਡਾਇਨਾਸੋਰ। ਕੀ ਮਤਲਬ?"

"ਮੰਮੀ, ਮੈਨੂੰ ਪਤਾ ਹੈ ਆਵਾਸ ਵਿਕਾਸ ਵਿਚ ਧੜਲੇ ਨਾਲ ਰਿਸ਼ਵਤ ਚਲਦੀ ਹੈ। ਹੁਣ ਪਾਪਾ ਡਾਇਨਾਸੋਰ ਵਾਂਗ ਰਾਜਾ ਹਰੀਸ਼ ਚੰਦਰ ਬਣੇ ਰਹਿਣਾ ਚਾਹੁੰਦੇ ਹਨ ਤਾਂ ਘਰ ਤਾਂ ਜਾਏਗਾ ਹੀ।"

ਕੁੰਤੀ ਨੇ ਅੱਖਾਂ ਮੀਟ ਲਈਆਂ।

ਰੇਗਿਸਤਾਨ ਦਾ ਸੁਪਨਾ ਵੇਖ ਕੇ ਗੋਪੀ ਕ੍ਰਿਸ਼ਨ ਨੇ ਪਾਣੀ ਪੀਤਾ। ਫਿਰ ਉਹ ਅੰਦਰ ਕਮਰੇ ਵਿਚ ਗਏ ਜਿੱਥੇ ਕੁੰਤੀ ਅੱਖਾਂ ਮੀਟੀ ਲੇਟੀ ਹੋਈ ਸੀ। ਜਦੋਂ ਗੋਪੀ ਨੇ ਬੁਲਾਇਆ ਤਾਂ ਕੁੰਤੀ ਨੇ ਅੱਖਾਂ ਖੋਲ੍ਹੀਆਂ ਤੇ ਕਿਹਾ ਕਿ ਅੱਜ ਸਵੇਰ ਤੋਂ ਹੀ ਮੇਰੀ ਸੱਜੀ ਅੱਖ ਫੜਕ ਰਹੀ ਹੈ, ਇਸ ਲਈ ਅੱਖਾਂ ਬੰਦ ਕਰਕੇ ਪਈ ਹਾਂ। ਫਿਰ ਉਸਨੇ ਭਰਾ ਦੇ ਕੰਨਾਂ ਤੋਂ ਸੁਣਿਆਂ ਪੂਰਾ ਹਾਲ ਗੋਪੀ ਨੂੰ ਸੁਣਾ ਦਿੱਤਾ। ਉਹ ਮੰਜੇ ਤੇ ਹੀ ਮੱਥਾ ਫੜੀ ਬੈਠੇ ਸਨ ਅਤੇ ਅੱਖਾਂ ਬੰਦ ਕੀਤੀ ਸਾਰਾ ਕੁਝ ਸੁਣ ਰਹੇ ਸਨ। ਜਦੋਂ 'ਸਮਾਚਾਰ ਖ਼ਤਮ ਹੋਏ' ਜੇਹੀ ਸੁਰ ਉਸਦੇ ਕੰਨਾਂ ਵਿਚ ਪਈ ਤਾਂ ਉਹ ਅਚਾਨਕ ਮੰਜੇ ਤੋਂ ਉੱਠੇ ਅਤੇ ਕੁਝ ਗੁਣਗੁਣਾਉਂਦੇ ਹੋਏ ਬਾਹਰ ਚਲੇ ਗਏ। ਬਸ ਇਕ ਹੀ ਸ਼ਬਦ ਡਾਇਨਾਸੋਰ ਸੁਣਾਈ ਦੇ ਰਿਹਾ ਸੀਡਾਇਨਾਸੋਰ ਡਾਇਨਾਸੋਰ।

ਉਸ ਰਾਤ ਕੁੰਤੀ ਦੇ ਮੰਜੇ ਉੱਤੇ ਬਹੁਤ ਸਾਰੇ ਸੱਪ ਆਏ ਅਤੇ ਸਵੇਰੇ ਨਾਲ ਲੱਗਦੇ ਜੰਗਲ ਵਿਚ ਚਲੇ ਗਏ।

ਬਾਹਰ ਸਾੜਦੀ ਗਰਮੀ ਸੀ। ਹੁੰਮਸ ਹਵਾ ਵਿਚ ਫਸੀ ਸੀ। ਅਜਿਹਾ ਲੱਗਦਾ ਸੀ ਜਿਵੇਂ ਧਰਤੀ ਹਵਾ ਨੂੰ ਸਾਹ ਦੇਣ ਲਈ ਕੰਜੂਸੀ ਕਰ ਰਹੀ ਹੈ। ਪਰ ਆਵਾਸ ਵਿਕਾਸ ਦੇ ਉਸ ਡਰ-ਖ਼ਾਨੇ ਵਿਚ ਘੁੰਮਦੇ ਹੀ ਜਲਵਾਯੂ ਬਦਲ ਗਈ। ਜਿਸਦੇ ਸਰੋਤ ਅਦ੍ਰਿਸ਼ ਸਨ। ਪੈਰਾਂ ਦੇ ਹੇਠਾਂ ਮੋਟਾ ਕਾਲੀਨ ਸੀ, ਜਿਵੇਂ ਏਥੇ ਜ਼ਮੀਨ ਦੀ ਜ਼ਰੂਰਤ ਹੀ ਨਾ ਹੋਵੇ। ਦੂਰ ਦੂਸਰੇ ਸਿਰ ਤੇ ਇਕ ਵਿਸ਼ਾਲ ਮੇਜ਼ ਦੇ ਪਿੱਛੇ ਕਾਨੂੰਨੀ ਸਲਾਹਕਾਰ ਬੈਠਾ ਸੀ। ਮੁੱਛਾਂ ਉੱਚੀਆਂ ਸਨ ਜਿਵੇਂ ਉਹਨਾਂ ਦੇ ਰਾਹੀਂ ਹੀ ਅੰਟੀਨਾ ਦੀ ਤਰ੍ਹਾਂ ਉਸਨੂੰ ਕਾਨੂੰਨ ਦਾ ਇਲਹਾਮ ਹੁੰਦਾ ਹੋਵੇ।

ਗੋਪੀ ਕ੍ਰਿਸ਼ਨ ਨੂੰ ਮੇਜ਼ ਤੱਕ ਪਹੁੰਚਣ ਵਿਚ ਦੱਸ ਸਾਲ ਲੱਗੇ-ਉਹਨੂੰ ਅਜਿਹਾ ਲੱਗਾ। ਕੀ ਇਸਦਾ ਕਾਰਨ ਮੁੱਛਾਂ ਸਨ ਜਿਸ ਨਾਲ ਉਸਦੀ ਨਜ਼ਰ ਬੱਝ ਗਈ ਸੀ? ਅਜਿਹਾ ਲੱਗਦਾ ਸੀ ਜਿਵੇਂ ਮੁੱਛਾਂ ਤੋਂ ਇਲਾਵਾ ਕਮਰੇ ਵਿਚ ਹੋਰ ਕੁਝ ਵੀ ਨਹੀਂ ਹੈ। ਮੁੱਛਾਂ ਦੇ ਹੇਠਾਂ ਮੂੰਹ ਖੁੱਲ੍ਹਿਆ ਅਤੇ ਆਵਾਜ਼ ਆਈ, "ਬੈਠੋ।" ਤਦ ਬੈਠਦੇ ਹੋਏ ਗੋਪੀ ਕ੍ਰਿਸ਼ਨ ਨੇ ਪੂਰਾ ਚਿਹਰਾ ਵੇਖਿਆਃ ਚਿਹਰਾ ਸਾਂਵਲਾ ਅਤੇ ਸਿਹਤਮੰਦ ਸੀ, ਮੁੱਛਾਂ ਅਤੇ ਵਾਲ ਕਾਲੇ ਸਨ, ਅੱਖਾਂ ਚਾਕੂ ਵਾਂਗ ਤੇਜ਼ ਸਨ, ਚਿਹਰਾ ਮੋਟੀ ਧੌਣ ਉੱਤੇ ਟਿਕਿਆ ਹੋਇਆ ਸੀ ਜਿਸ ਉੱਤੇ ਭੂਰੇ ਰੰਗ ਦੀ ਕਮੀਜ਼ ਦਾ ਰੇਸ਼ਮੀ ਕਾਲਰ ਲਹਿਰਾ ਰਿਹਾ ਸੀ। ਕਮੀਜ਼ ਦੇ ਪਿੱਛੇ ਵੱਡਾ ਢਿੱਡ ਸੀ। ਗੋਪੀ ਕ੍ਰਿਸ਼ਨ ਦੀ ਨਜ਼ਰ ਢਿੱਡ ਉੱਤੇ ਹੀ ਸੀ ਜਦੋਂ ਉਸਦੇ ਕੰਨ ਗੂੰਜੇ, "ਦੱਸੋ।

ਗੋਪੀ ਕ੍ਰਿਸ਼ਨ ਨੇ ਨਜ਼ਰ ਉੱਤੇ ਕਰਕੇ ਅਪਣਾ ਨਾਂ-ਪਤਾ ਦੱਸਿਆ ਅਤੇ ਕਿਹਾ, "ਮੇਰੀ ਫ਼ਾਈਲ ਤੁਹਾਡੇ ਕੋਲ ਆਈ ਏ।"



"ਹਾਂ, ਮੈਂ ਉਸਨੂੰ ਅੱਜ ਹੀ ਸਵੇਰੇ ਵੇਖਿਆ ਏ।" ਤੇਜ਼ ਅੱਖਾਂ ਉੱਤੇ ਉੱਠੀਆਂ।

"ਮੈਂ ਦੱਸ ਸਾਲ ਤੋਂ ਕੋਰਟ-ਕਚੈਰੀ ਦੇ ਧੱਕੇ ਖਾ ਰਿਹਾ ਸਾਂ। ਧੱਕੇ ਖਾਂਦੇ-ਖਾਂਦੇ ਮੈਂ ਰਿਟਾਇਰ ਹੋ ਗਿਆ। ਹੁਣ ਤਾਂ ਮੈਨੂੰ ਛੱਡ ਦਿਓ।"

"ਵੇਖੋ," ਸਲਾਹਕਾਰ ਮੁਸਕਰਾਇਆ, "ਨਾ ਮੈਂ ਤੁਹਾਨੂੰ ਫੜਿਆ ਸੀ, ਨਾ ਕੋਰਟ ਭੇਜਿਆ ਸੀ। ਤੁਸੀਂ ਖ਼ੁਦ ਹੀ ਗਏ।"

"ਮੈਂ ਕੀ ਕਰਦਾ," ਗੋਪੀ ਕ੍ਰਿਸ਼ਨ ਦਾ ਸੁਰ ਹਤਾਸ਼ ਸੀ, "ਮੈਥੋਂ ਗ਼ਲਤ ਪੈਸਾ ਮੰਗਿਆ ਗਿਆ।"

ਸਲਾਹਕਾਰ ਦੀ ਮੁਸਕਰਾਹਟ ਹੋਰ ਚੌੜ੍ਹੀ ਹੋ ਗਈ, "ਕੋਈ ਗ਼ਲਤ ਨਹੀਂ ਕਰਦਾ। ਤੇ ਗ਼ਲਤੀ ਦਾ ਫ਼ੈਸਲਾ ਕਾਨੂੰਨ ਕਰੇਗਾ।"

"ਕਾਨੂੰਨ ਨੇ ਫ਼ੈਸਲਾ ਕਰ ਦਿੱਤਾ ਏ," ਗੋਪੀ ਕ੍ਰਿਸ਼ਨ ਦਾ ਸਿਰ ਨੀਵਾਂ ਸੀ।

"ਫ਼ੈਸਲਾ ਅਜੇ ਅਧੂਰਾ ਏ।" ਮੁੱਛਾਂ ਨੱਕ ਦੇ ਦੋਹੀਂ ਪਾਸੇ ਫੜਕੀਆਂ।

"ਤੁਸੀਂ ਉਸਨੂੰ ਪੂਰਾ ਕਰ ਦਿਓ।"

"ਪੂਰਾ ਤਾਂ ਉਸਨੂੰ ਰਾਜ ਦਾ ਰਾਸ਼ਟਰੀ ਫ਼ੋਰਮ ਕਰੇਗਾ।" ਹੁਣ ਮੁੱਛਾਂ ਦੇ ਹੇਠੋਂ ਮੁਸਕਰਾਹਟ ਗ਼ਾਇਬ ਹੋ ਗਈ ਸੀ। ਉਸ ਥਾਂ ਇਕ ਬਰਫ਼ੀਲਾ ਠੰਢਾਪਣ ਸੀ।

"ਪੂਰੀ ਆਹੂਤੀ ਤੁਸੀਂ ਹੀ ਦੇ ਦਿਓ, ਜਨਾਬ ਜੀ," ਗੋਪੀ ਕ੍ਰਿਸ਼ਨ ਦੀ ਆਵਾਜ਼ ਸਾਫ਼ ਸੀ। "ਮੈਂ ਏਹੀ ਬੇਨਤੀ ਕਰਨ ਆਇਆ ਹਾਂ।"

"ਦੇ ਤਾਂ ਦੇਵਾਂ," ਬਰਫ਼ ਪਿਘਲ ਗਈ, "ਪਰ ਸੰਸਕਾਰ ਵਿਚ ਲੱਗੇਗੀ।"

"...?" ਗੋਪੀ ਕ੍ਰਿਸ਼ਨ ਹੈਰਾਨ ਹੋਏ।

"ਏਹੀ ਕੋਈ ਪੰਜਾਹ ਹਜ਼ਾਰ ਦੀ।" ਗੋਪੀ ਕ੍ਰਿਸ਼ਨ ਉੱਠ ਕੇ ਖਲੋ ਹੀ ਗਏ, ਉਹਨਾਂ ਨੂੰ ਪਤਾ ਹੀ ਨਾ ਲੱਗਾ।

"ਹਾਂ।"

"ਅਜਿਹਾ ਯੱਗ ਤਾਂ ਧਰਤੀ ਉੱਤੇ ਵੱਡੇ-ਵੱਡੇ ਬਾਬੇ ਹੀ ਕਰਦੇ ਨੇ।"

ਗੋਪੀ ਕ੍ਰਿਸ਼ਨ ਵੱਡੇ ਮੇਜ਼ ਦੇ ਸਾਹਮਣੇ ਖਲੋਤੇ ਸਨ। ਉਹਨਾਂ ਨੂੰ ਪਤਾ ਹੀ ਨਾ ਲੱਗਿਆ ਉਹ ਕਦੋਂ ਨਵੇਂ ਨਗਰ ਵਿਚ ਆਕੇ ਖਲੋ ਗਏ।

"ਅੱਖਾਂ ਬੰਦ ਕੀਤੀ ਦੋਰਾਹੇ ਤੇ ਕਿਉਂ ਖਲੋਤੇ ਹਨ?" ਗੌਰੀ ਸ਼ੰਕਰ ਵੀ ਪਿੱਛੋਂ ਨਵੇਂ ਨਗਰ ਦੇ ਬਾਹਰ ਛੋਟੇ ਜਿਹੇ ਜੰਗਲ ਦੇ ਕਿਨਾਰੇ ਉੱਤੇ ਆ ਗਏ ਸਨ।

ਗੋਪੀ ਕ੍ਰਿਸ਼ਨ ਨੇ ਆਵਾਜ਼ ਪਛਾਣ ਕੇ ਅੱਖਾਂ ਖੋਲ੍ਹੀਆਂ, "ਓਹ! ਮੈਨੂੰ ਤੇ ਪਤਾ ਈ ਨਹੀਂ ਲੱਗਾ ਕਿ ਕਦੋਂ ਮੇਰੀਆਂ ਅੱਖਾਂ ਬੰਦ ਹੋ ਗਈਆਂ।"

"ਹਾਂ," ਗੌਰੀ ਸ਼ੰਕਰ ਹੱਸਿਆ, 'ਅੱਖਾਂ ਖੁੱਲ੍ਹਣ ਤੇ ਹੀ ਪਤਾ ਲੱਗਦਾ ਹੈ ਕਿ ਅੱਖਾਂ ਬੰਦ ਸਨ।"

ਉਹ ਜੰਗਲ ਦੇ ਇਕ ਪਾਸੇ ਮੂੰਹ ਕਰਕੇ ਖਲੋਤੇ ਸਨ। ਜੰਗਲ ਵਿਚ ਸ਼ਾਮ ਪੈ ਰਹੀ ਸੀ। ਸੜਕ ਨਾਲ ਲੱਗੇ ਕਿੱਕਰ ਦੇ ਦਰਖ਼ਤ ਹੀ ਦਰਖ਼ਤ ਸਨ ਜਿਹਨਾਂ ਦੀਆਂ ਟਾਹਣੀਆਂ ਵਿਚ ਸਾਂਵਲੀ ਸ਼ਾਮ ਉਲਝ ਗਈਆਂ ਸਨ। ਨੰਗੀਆਂ ਟਾਹਣੀਆਂ ਵਿਚ ਇਕ ਅਜੀਬ ਵੀਰਾਨੀ ਸੀ ਜੋ ਉਦਾਸੀ ਤੋਂ ਪਰਾਂਹ ਸੀ। ਉਸ ਪਾਸੇ ਵੇਖਦੇ ਹੋਏ ਲੱਗਦਾ ਸੀ ਜਿਵੇਂ ਧਰਤੀ ਕਿੱਕਰ ਦੇ ਨੰਗੇ ਦਰਖ਼ਤਾਂ ਨਾਲ ਢੱਕੀ ਹੋਈ ਹੈ ਜੋ ਅਚੱਲ ਖਲੋਤੇ ਹਨ, ਅਸਮਾਨ ਲਈ ਸਾਰੀ ਥਾਂ ਛੱਡਦੇ ਹੋਏ। ਦੂਰ ਪਿੱਛੇ ਵੱਲ

ਯੁਕਲਿਪਟਸ ਦਾ ਇਕ ਝੁੰਡ ਕੁਝ ਪਹਿਰੇਦਾਰੀ ਕਰਦਾ ਖਲੋਤਾ ਜਾਪਦਾ ਸੀ। ਕਿੱਕਰ ਦੇ ਜੰਗਲ ਵਿਚ ਇਕ ਪਾਣੀ ਦੀ ਟੈਂਕੀ ਸੀ ਜੋ ਯੁਕਲਿਪਟਸ ਤੋਂ ਉੱਚੀ ਸੀ। ਉਸਦੇ ਸਿਖਰ ਤੱਕ ਜਾਂਦੀਆਂ ਪੌੜੀਆਂ ਨੂੰ ਗੌਰੀ ਸ਼ੰਕਰ ਕੁਝ ਹਸਰਤ ਨਾਲ ਵੇਖਦੇ ਸਨ। ਉਹਨਾਂ ਨੂੰ ਲੱਗਦਾ ਜਿਵੇਂ ਇਹ ਚਮਕਦਾਰ ਪੌੜੀ ਆਕਾਸ਼ ਵਿਚ ਖੁਲ੍ਹਦੀ ਹੈ ਅਤੇ ਇਕ ਦਿਨ ਉਹ ਇਸ ਉੱਤੇ ਚੜ੍ਹ ਜਾਣਗੇ।

"ਆਵਾਸ ਵਿਕਾਸ ਦੇ ਫ਼ੈਸਲੇ ਦਾ ਕੀ ਹੋਇਆ?" ਗੌਰੀ ਸ਼ੰਕਰ ਨੇ ਪੁੱਛਿਆ।

"ਆਵਾਸ ਵਿਕਾਸ ਇਕ ਜੰਗਲ ਵਾਂਗ ਲੱਗਦਾ ਏ," ਗੋਪੀ ਕ੍ਰਿਸ਼ਨ ਹੱਸਿਆ, "ਜਿਸ ਵਿਚ ਕੋਈ ਰਸਤਾ ਨਹੀਂ ਏ ਹਾਲਾਂਕਿ ਤੁਸੀਂ ਹਰ ਪਾਸੇ ਜਾ ਸਕਦੇ ਹੋ।"

"ਤਾਂ ਲੱਭੋ।"

"ਉੱਥੇ ਹਨ੍ਹੇਰਾ ਏ," ਗੋਪੀ ਕ੍ਰਿਸ਼ਨ ਨੇ ਪਲ-ਭਰ ਬਾਅਦ ਕਿਹਾ।

"ਟਾਰਚ ਲੈ ਜਾਓ।"

"ਭਰਾ ਕਹਿੰਦਾ ਏ ਕਿ ਮੇਰੀ ਟਾਰਚ ਵਿਚ ਹੁਣ ਰੋਸ਼ਨੀ ਨਹੀਂ ਬਚੀ," ਗੋਪੀ ਕ੍ਰਿਸ਼ਨ ਦਾ ਸੁਰ ਹਤਾਸ਼ ਸੀ, "ਮੈਂ ਉਸਦੀ ਟਾਰਚ ਲੈ ਲਵਾਂ।"

"ਜੰਗਲ ਵਿਚ ਰਾਤ ਪੈ ਗਈ ਸੀ। ਕਿੱਕਰ ਦੇ ਦਰਖ਼ਤ ਧਰਤੀ ਉੱਤੇ ਹਨ੍ਹੇਰੇ ਵਿਚ ਬਦਲ ਰਹੇ ਸਨ। ਕੋਈ ਰਸਤਾ ਨਜ਼ਰ ਨਹੀਂ ਆਉਂਦਾ ਸੀ।

ਗੌਰੀ ਸ਼ੰਕਰ ਜ਼ੋਰ ਨਾਲ ਹੱਸਿਆ। ਉਸਦਾ ਠਹਾਕਾ ਹਨ੍ਹੇਰੇ ਵਿਚ ਗੂੰਜਿਆ। ਸੜਕ ਉੱਤੇ ਦੋ ਗੱਡੀਆਂ ਰੋਸ਼ਨੀ ਕਰਦੀਆਂ ਹੋਈਆਂ ਉਲਟ ਦਿਸ਼ਾ ਵੱਲੋਂ ਆਈਆਂ ਅਤੇ ਚਲੀਆਂ ਗਈਆਂ। ਸੜਕ ਉੱਤੇ ਫਿਰ ਹਨ੍ਹੇਰਾ ਛਾ ਗਿਆ।

"ਬੁਝਾਰਤ ਨਾ ਪਾਓ।" ਗੌਰੀ ਸ਼ੰਕਰ ਬੋਲੇ, "ਦੱਸੋ ਕੀ ਹੋਇਆ?"

"ਉਹ ਰਿਸ਼ਵਤ ਮੰਗਦੇ ਹਨ," ਗੋਪੀ ਕ੍ਰਿਸ਼ਨ ਇਕਦਮ ਬੋਲੇ।

"ਉੱਤੇ ਸ਼ਿਕਾਇਤ ਕਰ ਦਿਓ," ਗੌਰੀ ਸ਼ੰਕਰ ਦਾ ਮੂੰਹ ਦੇਖਣ ਲੱਗੇ ਜੋ ਠੀਕ ਤਰ੍ਹਾਂ ਨਾਲ ਨਜ਼ਰ ਨਹੀਂ ਆਉਂਦਾ ਸੀ। ਉਸਦੀ ਪਿੱਠ ਦੇ ਪਿੱਛੇ ਕਿੱਕਰ ਦਾ ਜੰਗਲ ਸੀ ਜਿੱਥੇ ਅੰਧਕਾਰ ਛਾ ਗਿਆ ਸੀ। ਜੰਗਲ ਦੇ ਹਨ੍ਹੇਰੇ ਵਿਚ ਸੱਪਾਂ ਦੀ ਸਿਮ੍ਰਿਤੀ ਸੀ।

ਗੋਪੀ ਕ੍ਰਿਸ਼ਨ ਦੀ ਨਜ਼ਰ ਕਦੀ ਸੱਪਾਂ ਵੱਲ ਜਾਂਦੀ, ਕਦੀ ਗੌਰੀ ਸ਼ੰਕਰ ਵੱਲ। ਉਹ ਆਪਣੇ-ਆਪ ਨੂੰ ਭੁੱਲ ਗਏ ਸਨ ਜਿਵੇਂ ਉਹ ਸਿਰਫ਼ ਇਕ ਨਜ਼ਰ ਹੋਣ। ਅਤੇ ਕੁਝ ਵੀ ਨਹੀਂ।

(6)

ਅੱਜ ਬਹਿਸ ਸੀ।

ਪਿਛਲੀਆਂ ਤਿੰਨ ਤਾਰੀਕਾਂ ਉੱਤੇ ਵੀ ਬਹਿਸ, ਪਰ ਤਾਰੀਕ ਟਲਦੀ ਰਹੀ ਸੀ। ਪਹਿਲੀ ਵਾਰ ਫ਼ੋਰਮ ਦੇ ਪ੍ਰਧਾਨ ਛੁੱਟੀ ਉੱਤੇ ਚਲੇ ਗਏ ਸਨ, ਦੂਸਰੀ ਵਾਰ ਉੱਚ-ਅਦਾਲਤ ਦੇ ਇਕ ਜੱਜ ਦੀ ਅਚਾਨਕ ਮੌਤ ਹੋ ਗਈ ਸੀ, ਤੀਸਰੀ ਵਾਰ ਜ਼ਿਲ੍ਹਾ ਅਦਾਲਤ ਵਿਚ ਇਕ ਬੰਬ ਫਟ ਗਿਆ ਸੀ, ਤਿੰਨ ਲੋਕ ਮਾਰੇ ਗਏ ਸਨ। ਅਤੇ ਤੀਹ ਜ਼ਖ਼ਮੀ ਹੋ ਗਏ ਸਨ ਅੱਜ ਕੁਝ ਵੀ ਹੋ ਸਕਦਾ ਸੀ। ਅਨੇਕ ਸੰਭਾਵਨਾਵਾਂ ਸਨ।

ਗੌਰੀ ਸ਼ੰਕਰ ਸੱਜੇ ਪਾਸੇ ਕਰਵਟ ਸੌਂ ਕੇ ਉੱਠੇ ਸਨ। ਕੁਝ ਅਣਮੰਨੇ ਜਿਹੇ ਨਾਲ। ਨੀਂਦ ਠੀਕ ਤਰ੍ਹਾਂ ਨਹੀਂ ਆਈ ਸੀ। ਨੀਂਦ ਦਾ ਵੀ ਅਦਾਲਤ ਦੀ ਤਰ੍ਹਾਂ ਅਪਣਾ ਵਿਆਕਰਣ ਸੀ। ਜੋ ਅਬੁੱਝ ਸੀ। ਕਦੀ ਨੀਂਦ ਚੰਗੀ ਅਉਂਦੀ, ਕਦੀ ਚੰਗੀ ਨਹੀਂ ਸੀ ਆਉਂਦੀ। ਨੀਂਦ ਨੂੰ ਮੁਕੱਦਮੇ ਦੀ ਚਿੰਤਾ ਨਾਲ ਜੋੜਨਾ ਜ਼ਰੂਰੀ ਨਹੀਂ ਸੀ। ਕਦੀ-ਕਦੀ ਚਿੰਤਾ ਦੀ ਥਕਾਵਟ ਨਾਲ ਵੀ ਡੂੰਘੀ ਨੀਂਦ ਆ ਜਾਂਦੀ ਸੀ ਜਿਵੇਂ ਜੀਣ ਦੀ ਇੱਛਾ ਹੀ ਖ਼ਤਮ ਹੋ ਗਈ ਸੀ।



ਚਿੰਤਾ ਦੀ ਥਕਾਵਟ ਤਾਂ ਸੱਚਮੁੱਚ ਸੀ। ਦੱਸ ਸਾਲ ਹੋ ਗਏ ਸਨ। ਚਿੰਤਾ ਦੀ ਉਮਰ ਸੀ। ਦੱਸ ਸਾਲ ਦੀ ਥਕਾਵਟ ਸੀ। ਕਿਸੇ ਨਾ ਕਿਸੇ ਬਹਾਨੇ ਨਾਲ ਤਾਰੀਕ ਤੇ ਤਾਰੀਕ ਪੈਂਦੀ ਗਈ ਸੀ। ਜਿਵੇਂ ਇਹ ਮੁਕੱਦਮਾ ਜ਼ਿੰਦਗੀ ਭਰ ਚੱਲੇਗਾ। ਇਸਦਾ ਕੋਈ ਫ਼ੈਸਲਾ ਨਹੀਂ। ਜਿਵੇਂ ਇਹ ਮੁਕੱਦਮਾ ਗੌਰੀ ਸ਼ੰਕਰ ਨੇ ਸ਼ੁਰੂ ਕੀਤਾ ਸੀ, ਉਸਦੇ ਨਾਲ ਹੀ ਖ਼ਤਮ ਹੋਵੇਗਾ।

ਜਿਸ ਦਿਨ ਤਾਰੀਕ ਹੁੰਦੀ, ਉਹ ਉਮੀਦ ਦੀਆਂ ਲਹਿਰਾਂ ਉੱਤੇ ਹਿਚਕੋਲੇ ਖਾਂਦੇ ਰਹਿੰਦੇ। ਪਰ ਹਿਚਕੋਲਿਆਂ ਨਾਲ ਚੱਕਰ ਆਣ ਲੱਗਦੇ ਅਤੇ ਅੱਖਾਂ ਬੰਦ ਹੋ ਜਾਂਦੀਆਂ। ਬੰਦ ਅੱਖਾਂ ਨਾਲ ਉਹ ਸੋਚਦੇ, ਜਿਵੇਂ ਕਿ ਚੌਬੇ ਜੀ ਕਹਿੰਦੇ ਹਨ, ਉਹਨਾਂ ਦਾ ਪੱਖ ਮਜਬੂਤ ਹੈ ਅਤੇ ਮੁਮਕਿਨ ਹੈ ਕਿ ਅੱਜ ਬਹਿਸ ਉਹਨਾਂ ਵੱਲ ਹੀ ਝੁਕੇ, ਕੱਲ੍ਹ ਇਸੇ ਵਕਤ ਉਹ ਬੇਚੈਨੀ ਦੀ ਥਾਂ ਮੁਕਤ ਮਹਿਸੂਸ ਕਰਨ। ਉਹ ਮਾਸੂਮੀਅਤ ਨਾਲ ਭੁੱਲ ਜਾਂਦੇ ਕਿ ਅਜਿਹਾ ਕਈ ਵਾਰ ਹੋ ਚੁੱਕਿਆ ਸੀ ਕਿ ਬਹਿਸ ਸ਼ੁਰੂ ਵੀ ਹੋ ਜਾਂਦੀ ਕਿ ਕਿਸੇ ਬਹਾਨੇ ਨਾਲ ਰੁਕ ਜਾਂਦੀ ਅਤੇ ਅਗਲੀ ਤਾਰੀਕ ਪੈ ਜਾਂਦੀ। ਪਹਿਲਾਂ ਉਹ ਨਿਰਾਸ਼ਾ ਦੇ ਟੋਏ ਵਿਚ ਡਿੱਗਦੇ, ਫਿਰ ਹਤਾਸ਼ਾ ਦੇ ਚਿੱਕੜ ਵਿਚ ਲਿਪਟੇ ਬਾਹਰ ਆਉਂਦੇ। ਕੁਝ ਸਮਾਂ ਇੰਜ ਹੀ ਲੰਘਿਆ। ਫਿਰ ਆਪਣੇ ਆਪ ਉਮੀਦ ਦੀਆਂ ਕਰੂੰਬਲਾਂ ਅੰਦਰ ਫੁੱਟਣ ਲੱਗੀਆਂ, ਜਿਵੇਂ ਉਹ ਕੋਈ ਮਿੱਟੀ ਵਿਚ ਉੱਗਦੇ ਪੌਦੇ ਹੋਣ। ਇਹੀ ਧਰਤੀ ਦੀ ਜੀਣ ਦੀ ਇੱਛਾ ਸੀ ਜੋ ਪੌਦਿਆਂ ਅਤੇ ਮਨੁੱਖਾਂ ਦਾ ਖੇਡ ਖੇਡਦੀ ਸੀ।

ਕ੍ਰਮਣਯੇਵਾਧਿਕਾਰਸਤੇ ਮਾ ਫਲੇਸ਼ੂ ਕਦਾਚਨ

ਗੌਰੀ ਸ਼ੰਕਰ ਦੀ ਨਜ਼ਰ ਅਦਾਲਤ ਦੇ ਮੁੱਖ ਦਰਵਾਜ਼ੇ ਉੱਤੇ ਛਪੇ ਇਸ ਸਲੋਕ ਉੱਤੇ ਦੁਬਾਰਾ ਪਈ। ਉਹ ਮੁਸਕਰਾਏ ਬਿਨਾਂ ਨਾ ਰਹਿ ਸਕੇ। ਉਹਨਾਂ ਨੇ ਉਸੇ ਨਜ਼ਰ ਨਾਲ ਚੌਬੇ ਜੀ ਦਾ ਗੁਰੂ-ਗੰਭੀਰ ਚਿਹਰਾ ਵੇਖਿਆ-ਚੌਬੇ ਜੀ ਦਾ ਚਿਹਰਾ ਪ੍ਰਭਾਵਹੀਣ ਸੀ। ਇਹੋ ਭਾਵ ਅਦਾਲਤ ਦੇ ਚਬੂਤਰੇ ਉੱਤੇ ਰੱਖੀਆਂ ਤਿੰਨ ਕੁਰਸੀਆਂ ਉੱਤੇ ਬੈਠੇ ਜੱਜਾਂ ਦੇ ਚਿਹਰਿਆਂ ਉੱਤੇ ਸੀ। ਕਿਉਂਕਿ ਅੰਦਰ ਹਵਾ ਵਿਚ ਤਰਦੇ ਦੁੱਖ ਦਾ ਕੋਈ ਰਿਸ਼ਤਾ ਇਹਨਾਂ ਦੇ ਚਿਹਰਿਆਂ ਨਾਲ ਨਹੀਂ ਸੀ। ਦੁੱਖ ਵਰਾਂਡੇ ਵਿਚ ਡੋਲਦੇ ਅਤੇ ਭਟਕਦੇ ਲੋਕਾਂ ਦੇ ਚਿਹਰਿਆਂ ਉੱਤੇ ਸਾਂਵਲੇ ਰੰਗ ਨਾਲ ਪਲੀਤ ਸਨ।

ਹਾਲ ਵਿਚ ਲੱਕੜ ਦੇ ਚਬੂਤਰੇ ਉੱਤੇ ਤਿੰਨ ਕੁਰਸੀਆਂ ਸਨ। ਵਿਚ ਹੀ ਫ਼ੋਰਮ ਦਾ ਪ੍ਰਧਾਨ ਸੀ। ਦੋਹਾਂ ਪਾਸੇ ਹੋਰ ਮੈਂਬਰ ਸਨ। ਸਾਹਮਣੇ ਲੰਮਾ ਮੇਜ਼ ਸੀ ਜਿਸਦੇ ਦੂਸਰੇ ਪਾਸੇ ਫ਼ਰਸ਼ ਉੱਤੇ ਦੋਵੇਂ ਵਕੀਲ ਅਤੇ ਮੁਵਕਿੱਲ ਖਲੋਤੇ ਸਨ। ਮੁਵਕਿੱਲ ਇਕੱਲੇ ਗੌਰੀ ਸ਼ੰਕਰ ਸਨ। ਦੂਸਰੇ ਪਾਸੇ ਇਕੱਲਾ ਸਰਕਾਰੀ ਵਕੀਲ ਸੀ। ਸਰਕਾਰ ਇਕੱਲੀ ਮੁਵਕਿੱਲ ਵੱਲ ਖਲੋ ਨਹੀਂ ਸਕਦੀ ਸੀ। ਉਹ ਵਕੀਲ ਅਤੇ ਫ਼ੋਰਮ ਦੇ ਚਿਹਰਿਆਂ ਨਾਲ ਗੌਰੀ ਸ਼ੰਕਰ ਵੱਲ ਵੇਖ ਰਹੀ ਸੀ।

ਗੌਰੀ ਸ਼ੰਕਰ ਦਾ ਸੁੰਨ ਚਿਹਰਾ ਹੁਣ ਅਪ੍ਰਸੰਨ ਸੀ। ਪੁਕਾਰ ਹੋ ਚੁੱਕੀ ਸੀ।

ਆਵਾਸ ਵਿਕਾਸ ਦੀ ਪੈਰਵੀ ਵਿਚ ਨੌਜਵਾਨ ਵਕੀਲ ਮਾਥੁਰ ਖਲੋਤਾ ਸੀ ਜੋ ਉੱਚ-ਅਦਾਲਤ ਦੇ ਜੱਜ ਦਾ ਪੁੱਤਰ ਸੀ। ਮਾਥੁਰ ਦੇ ਚਿਹਰੇ ਉੱਤੇ ਜੱਜ ਦਾ ਭਰੋਸਾ ਸੀ। ਦੂਸਰੇ ਪਾਸੇ ਚੌਬੇ ਜੀ ਸਨ ਅਤੇ ਉਹਨਾਂ ਦੇ ਪਿੱਛੇ ਗੌਰੀ ਸ਼ੰਕਰ।

ਪ੍ਰਧਾਨ ਨੇ ਚੌਬੇ ਜੀ ਵੱਲ ਵੇਖਕੇ ਕਿਹਾ, "ਸ਼ੁਰੂ ਕਰੀਏ।"

ਚੌਬੇ ਜੀ ਉਸ ਪਲ ਮਹਿਲਾ ਮੈਂਬਰ ਵੱਲ ਵੇਖ ਰਹੇ ਸਨ ਜੋ ਕੁਝ ਮੋਟੀ ਪ੍ਰੌੜ ਸੀ, ਪਰ ਸੁੰਦਰ ਸੀ। ਜਦੋਂ ਪ੍ਰਧਾਨ ਨੇ ਅਪਣੇ ਸ਼ਬਦ ਦੁਹਰਾਏ ਅਤੇ ਚੌਬੇ ਜੀ ਉਹਨਾਂ ਵੱਲ ਮੁਖ਼ਾਤਿਬ ਹੋਏ ਤਾਂ ਗੌਰੀ ਸ਼ੰਕਰ ਨੇ ਉਹਨਾਂ ਨੂੰ ਕੁਹਣੀ ਮਾਰਦੇ ਹੋਏ ਕਿਹਾ, "ਬੋਲੋ।" ਚੌਬੇ ਜੀ ਤੁਰੰਤ ਬੋਲਣ ਲੱਗੇ ਜਿਵੇਂ ਕੋਈ ਰਟਿਆ-ਰਟਾਇਆ ਪਾਠ ਹੋਵੇ।

ਇਹ ਸੰਖੇਪ ਵਿਚ ਪਿਛਲੇ ਦੱਸ ਸਾਲ ਦੀ ਗੌਰੀ ਸ਼ੰਕਰ ਦੀ ਮਕਾਨ-ਦਾਸਤਾਨ ਸੀ

ਜਿਸਨੂੰ ਮੁਹਾਵਰੇ ਵਿਚ ਪੇਸ਼ ਕੀਤਾ ਗਿਆ ਸੀ। ਇਸ ਵਿਚ ਚੋਂਦੀ ਛੱਤ ਅਤੇ ਖੜਖੜ ਕਰਦੀਆਂ ਖਿੜਕੀਆਂ ਦਾ ਜ਼ਿਕਰ ਸੀ, ਜਿਹਨਾਂ ਵਿਚੋਂ ਹਵਾ ਦੇ ਨਾਲ ਮੀਂਹ ਵੀ ਆਉਂਦਾ ਸੀ। ਛੱਤ ਅਤੇ ਕੰਧਾਂ ਵਿਚ ਲੁਕੇ ਪਾਈਪ ਕਿਧਰੇ ਵੀ ਪਾਣੀ ਛੱਡ ਦੇਂਦੇ ਸਨ। ਨਵੇਂ ਨਗਰ ਦੀ ਜ਼ਮੀਨ ਨੂੰ ਲੈ ਕੇ ਸਰਕਾਰ ਦਾ ਝਗੜਾ ਕਿਸਾਨਾਂ ਨਾਲ ਸੀ, ਉੱਚ ਅਦਾਲਤ ਵਿਚ ਦੱਸ ਸਾਲ ਮੁਕੱਦਮਾ ਚੱਲਿਆ ਸੀ ਅਤੇ ਅਲਾਟੀਆਂ ਨੂੰ ਕਬਜ਼ਾ ਨਹੀਂ ਮਿਲਿਆ ਸੀ-ਪਰ ਉਸ ਮਿਆਦ ਦਾ ਵਿਆਜ ਉਹਨਾਂ ਤੋਂ ਵਸੂਲਿਆ ਜਾ ਰਿਹਾ ਸੀ। ਇਹ ਚੋਰੀ ਅਤੇ ਸੀਨਾਜੋਰੀ ਸੀ। ਅਪਣੇ ਫ਼ਲੈਟ ਦਾ ਭੁਗਤਾਨ ਕਰਨ ਦੇ ਬਾਵਜੂਦ ਗੌਰੀ ਸ਼ੰਕਰ ਦੱਸ ਸਾਲ ਕਿਰਾਏ ਦੇ ਮਕਾਨ ਵਿਚ ਰਹੇ ਸਨ-ਦੱਸ ਸਾਲ ਦਾ ਕੁੱਲ ਕਿਰਾਇਆ ਚਾਰ ਲੱਖ ਹੋਇਆ ਸੀ। ਆਵਾਸ ਵਿਕਾਸ ਨੂੰ ਚਾਰ ਲੱਖ ਗੌਰੀ ਸ਼ੰਕਰ ਨੂੰ ਦੇਣਾ ਚਾਹੀਦਾ ਸੀ, ਉਲਟੇ ਸਰਕਾਰ ਉਹਨਾਂ ਤੋਂ ਚਾਰ ਲੱਖ ਮੰਗ ਰਹੀ ਸੀ।

ਜਦੋਂ ਚੌਬੇ ਜੀ ਦਾ ਬਿਆਨ ਖ਼ਤਮ ਹੋਇਆ ਤਾਂ ਪ੍ਰਧਾਨ ਨੇ ਮਾਥੁਰ ਵੱਲ ਵੇਖਿਆ। ਮਾਥੁਰ ਦੇ ਮਾਸੂਮ ਚਿਹਰੇ ਵਿਚ ਨਜ਼ਰ ਤਿੱਖੀ ਸੀ। ਉਸਨੇ ਪ੍ਰਧਾਨ ਜੀ ਵੱਲ ਵੇਖਦੇ ਹੋਏ ਕਿਹਾ:

"ਜਨਾਬ! ਨਾ ਸਾਡਾ ਕਿਸਾਨਾਂ ਦੇ ਮੁਕੱਦਮਿਆਂ ਉੱਤੇ ਕੋਈ ਜ਼ੋਰ ਸੀ ਜੋ ਉਹਨਾਂ ਨੇ ਉੱਚ-ਅਦਾਲਤ ਵਿਚ ਦਾਇਰ ਕੀਤਾ ਅਤੇ ਨਾ ਬੈਂਕ ਉੱਤੇ, ਜੋ ਸਾਡੇ ਤੋਂ ਰੋਜ਼ ਵਿਆਜ ਵਸੂਲਦਾ ਰਿਹਾ। ਉਲਟਾ ਕਿਸਾਨਾਂ ਨੇ ਸਾਡੇ ਇਸ ਦਫ਼ਤਰ ਨੂੰ ਤਿੰਨ ਵਾਰ ਘੇਰਿਆ ਅਤੇ ਤਿੰਨ ਦਿਨ ਕੰਮ ਨਹੀਂ ਚੱਲਣ ਦਿੱਤਾ। ਬੈਂਕ ਦਾ ਮੀਟਰ ਤਾਂ ਰੋਜ਼ ਟੈਕਸੀ ਦੀ ਤਰ੍ਹਾਂ ਚੱਲਦਾ ਹੈ। ਦੱਸੋ, ਇਸ ਵਿਚ ਸਾਡੀ ਕੀ ਜ਼ਿੰਮੇਵਾਰੀ ਹੈ?"

ਮਾਥੁਰ ਦਾ ਸਵਾਲ ਹਵਾ ਵਿਚ ਲਟਕਿਆ ਸੀ।

ਸਵਾਲ ਨੂੰ ਹਵਾ ਵਿਚੋਂ ਲਾਹ ਕੇ ਜੱਜ ਦੀ ਮੇਜ਼ ਉੱਤੇ ਲਿਆਉਣਾ ਚੌਬੇ ਜੀ ਦਾ ਕੰਮ ਸੀ। ਉਹ ਖ਼ਲਾਅ ਵਿਚ ਵੇਖ ਰਹੇ ਸਨ, ਜਿਵੇਂ ਸਵਾਲ ਨੂੰ ਫੜ੍ਹਣ ਦੀ ਕੋਸ਼ਿਸ਼ ਕਰ ਰਹੇ ਹੋਣ। ਉਹਨਾਂ ਨੇ ਗੌਰੀ ਸ਼ੰਕਰ ਦੇ ਟੋਕਣ ਦਾ ਕੋਈ ਜਵਾਬ ਨਾ ਦਿੱਤਾ। ਉਹ ਲਗਾਤਾਰ ਸਾਹਮਣੇ ਪ੍ਰਧਾਨ ਦੇ ਸਿਰ ਦੇ ਉੱਤੇ ਵੇਖ ਰਹੇ ਸਨ। ਇਕਦਮ ਗੌਰੀ ਸ਼ੰਕਰ ਘਬਰਾਏ ਹੋਏ ਬੋਲੇ, "ਕੀ ਕਿਸਾਨਾਂ ਨੂੰ ਪੂਰਾ ਮੁਅਵਜ਼ਾ ਨਾ ਦੇਣ ਲਈ ਮੈਂ ਜ਼ਿੰਮੇਵਾਰ ਸੀ? ਕੀ ਇਹੋ ਕੁਦਰਤੀ ਨਿਆਂ ਹੈ?

"ਜਨਾਬ, ਕੁਦਰਤ ਦੇ ਨਿਆਂ ਦੇ ਬਾਅਦ ਹੀ ਮਨੁੱਖ ਦਾ ਨਿਆਂ ਈਜ਼ਾਦ ਹੋਇਆ," ਮਾਥੁਰ ਨੇ ਤਪਾਕ ਨਾਲ ਕਿਹਾ। "ਪੂਰਾ ਮੁਅਜਜ਼ਾ ਕੀ ਹੈ, ਉੱਚ-ਅਦਾਲਤ ਨੇ ਇਹੀ ਫ਼ੈਸਲਾ ਕੀਤਾ ਹੈ।"

ਪ੍ਰਧਾਨ ਵਿਚ-ਵਿਚ ਮੁਸਕਰਾਉਂਦੇ ਹੋਏ ਚੌਬੇ ਜੀ ਦਾ ਚਿਹਰਾ ਵੇਖ ਰਹੇ ਸਨ। ਉਹਨਾਂ ਨੇ ਚੌਬੇ ਜੀ ਤੋਂ ਹੀ ਸਿੱਧਾ ਪੁੱਛਿਆ:

"ਅਵਾਸ ਨਿਕਾਸ ਦੀ ਕਾਨੂੰਨੀ ਜ਼ਿੰਮੇਵਾਰੀ ਕੀ ਏ?"

ਜਦੋਂ ਗੌਰੀ ਸ਼ੰਕਰ ਨੇ ਫਿਰ ਚੌਬੇ ਜੀ ਨੂੰ ਕੁਹਣੀ ਮਾਰੀ ਤਾਂ ਉਹਨਾਂ ਨੇ ਪ੍ਰਧਾਨ ਵੱਲ ਵੇਖਿਆ ਜਿਸਦੇ ਸਿਰਫ਼ ਬੁੱਲ੍ਹ ਹਿੱਲੇ ਸਨ। ਚੌਬੇ ਜੀ ਦਾ ਹੱਥ ਉਸਦਾ ਕੰਨ ਟਟੋਲਣ ਲੱਗਾ ਜੋ ਨੰਗਾ ਸੀ। ਗੌਰੀ ਸ਼ੰਕਰ ਵੀ ਉਸੇ ਵੱਲ ਵੇਖ ਰਹੇ ਸੀ: ਚੌਬੇ ਜੀ ਦੇ ਕੰਨਾਂ ਉੱਤੇ ਕੋਈ ਮਸ਼ੀਨ ਨਹੀਂ ਸੀ।

"ਜਨਾਬ!" ਗੌਰੀ ਸ਼ੰਕਰ ਦੋਵੇਂ ਹੱਥ ਚੁੱਕ ਕੇ ਚੀਖ਼ੇ, "ਮੇਰੇ ਵਕੀਲ ਅੱਜ ਬੋਲੇ-ਬਹਿਰੇ ਹਨ। ਅਗਲੀ ਤਾਰੀਕ ਦੇ ਦਿਓ।"

ਮਾਥੁਰ ਉੱਛਲ ਪਿਆ, "ਕਾਨੂੰਨ ਬਹਿਰੇ ਵਕੀਲ ਲਈ ਜ਼ਿੰਮੇਵਾਰ ਨਹੀਂ।"

ਗੌਰੀ ਸ਼ੰਕਰ ਨੇ ਆਖ਼ਰੀ ਕੋਸ਼ਿਸ਼ ਕੀਤੀ, "ਜਨਾਬ, ਤੁਸੀਂ ਦੱਸ ਸਾਲ ਤੋਂ ਤਾਰੀਕ-ਤੇ-ਤਾਰੀਕ ਦੇ ਰਹੇ ਹੋ। ਕੀ ਇਕ ਤਾਰੀਕ ਹੋਰ ਨਹੀਂ ਦੇ ਸਕਦੇ?"



"ਜਨਾਬ," ਮਾਥੁਰ ਬੇਹੱਦ ਸੰਜੀਦਾ ਸੀ. "ਸੁਣਨ ਦੀ ਮਸ਼ੀਨ ਲਈ ਕਾਨੂੰਨ ਵਿਚ ਕੋਈ ਨਿਯਮ ਨਹੀਂ ਹੈ।"

ਚੌਬੇ ਜੀ ਸਿਰਫ਼ ਹਿੱਲਦੇ ਹੋਏ ਬੁੱਲ੍ਹਾਂ ਨੂੰ ਵੇਖ ਰਹੇ ਹਨ। ਇਕਦਮ ਉਸਦੇ ਮੂੰਹ 'ਚੋਂ ਨਿਕਲਿਆ, "ਕਾਨੂੰਨ ਕਾਨੂੰਨ ਏ।"

ਇਹ ਬੁਝਾਰਤ ਉਸ ਸ਼ਾਮ ਬਾਲਕੋਨੀ ਤੱਕ ਗੌਰੀ ਸ਼ੰਕਰ ਦੇ ਦਿਮਾਗ਼ ਵਿਚ ਲਗਾਤਾਰ ਚਲਦੀ ਰਹੀ ਕਿ ਇਕ ਸੁਣਨ ਦੀ ਮਸ਼ੀਨ ਦੇ ਕੰਨ ਤੋਂ ਗ਼ਾਇਬ ਹੋ ਜਾਣ ਨਾਲ ਉਸਦੇ ਮੁਕੱਦਮੇ ਦੇ ਖ਼ਾਰਿਜ ਹੋ ਜਾਣ ਦਾ ਹਾਦਸਾ ਕਿਵੇਂ ਹੋ ਸਕਦਾ ਹੈ। ਇਹ ਕੁਝ ਉਂਜ ਦਾ ਸੀ ਜਿਵੇਂ ਬਚਪਨ ਵਿਚ ਸੁਣੀ ਕਹਾਣੀ ਵਿਚ ਹੁੰਦਾ ਹੈ ਕਿ ਇਕ ਕੀੜੀ ਹਾਥੀ ਦੀ ਸੁੰਢ ਵਿਚ ਵੜ ਗਈ ਅਤੇ ਉਸਦੇ ਕੱਟਣ ਨਾਲ ਹਾਥੀ ਮਰ ਗਿਆ। ਇਹ ਉਸਦੇ ਮੁਕੱਦਮੇ ਦੀ ਮੌਤ ਹੀ ਸੀ ਕਿ ਇਕ ਮਸ਼ੀਨ ਦੇ ਨਾ ਲਾਈ ਹੋਣ ਨਾਲ ਹੋਈ ਸੀ। ਇਹ ਜ਼ਰੂਰ ਹੈ ਕਿ ਚੌਬੇ ਜੀ ਨੇ ਘਰ ਪਹੁੰਚ ਕੇ ਕੰਨ ਵਿਚ ਮਸ਼ੀਨ ਲਾਈ ਸੀ ਅਤੇ ਗੌਰੀ ਸ਼ੰਕਰ ਨੂੰ ਢਾਰਸ ਬੰਨਣ ਦੀ ਕੋਸ਼ਿਸ਼ ਕੀਤੀ ਸੀ। ਗੌਰੀ ਸ਼ੰਕਰ ਬੇਕਾਰ ਵਕੀਲ ਦੇ ਚਿਹਰੇ ਉੱਤੇ ਅਪਰਾਧ-ਭਾਵ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਸਫ਼ਾ-ਚੱਟ ਚਿਹਰੇ ਉੱਤੇ ਕਰੁਣਾ ਵੀ ਨਹੀਂ ਸੀ। ਸਿਰਫ਼ ਇਕ ਪੇਸ਼ੇਵਰ ਸਲਾਹ ਸੀ ਕਿ ਰਾਜ ਫ਼ੋਰਮ ਵਿਚ ਅਪੀਲ ਦੁਆਰਾ ਮੁਕੱਦਮੇ ਨੂੰ ਫਿਰ ਤੋਂ ਖੋਲ੍ਹਿਆ ਜਾ ਸਕਦਾ ਹੈ। ਇਸ ਸਲਾਹ ਨੂੰ ਗੌਰੀ ਸ਼ੰਕਰ ਨੇ ਇੰਜ ਵੇਖਿਆ, ਜਿਵੇਂ ਘਰ ਵਿਚ ਹਾਥੀ ਵੜ ਆਇਆ ਹੋਵੇ।

"ਚੁੱਪ ਕਿਉਂ ਹੋ?" ਚੌਬੇ ਜੀ ਨੇ ਪੁੱਛਿਆ।

"ਕੁਝ ਨਹੀਂ," ਗੌਰੀ ਸ਼ੰਕਰ ਬੋਲੇ, "ਮੈਂ ਸੋਚਣ ਰਿਹਾ ਸੀ ਕਿ ਹੁਣ ਲੜੇਗਾ ਕੌਣ?"

"ਕਿਉਂ, ਤੁਸੀ ਲੜੋਗੇ?"

"ਮੈਂ ਤਾਂ," ਗੌਰੀ ਸ਼ੰਕਰ ਮੁਸਕਰਾਏ, "ਲੜਦੇ ਲੜਦੇ ਮਿੱਟੀ ਹੋ ਜਾਵਾਂਗਾ।"

"ਪੁੱਤਰ ਤਾਂ ਏ," ਚੌਬੇ ਜੀ ਨੇ ਤਸੱਲੀ ਭਰੇ ਲਹਿਜੇ ਵਿਚ ਕਿਹਾ, "ਉਹ ਸੰਭਾਲ ਲਵੇਗਾ।"

"ਮੈਂ ਅਸਤੀਫ਼ਾ ਦੇ ਦਿੱਤਾ ਏ," ਗੌਰੀ ਸ਼ੰਕਰ ਦਾ ਸੁਰ ਠੰਢਾ ਸੀ।

"ਅਸਤੀਫ਼ਾ? ਕਿਹੋ ਜਿਹਾ ਅਸਤੀਫ਼ਾ?" ਚੌਬੇ ਜੀ ਹੈਰਾਨ ਸਨ।

"ਰਿਸ਼ਤੇ ਤੋਂ।"

ਫਿਰ ਮੁਕੱਦਮੇ ਨਾਲ ਆਤਮਾ ਦਾ ਰਿਸ਼ਤਾ ਸੀ-ਆਤਮਾ ਸਰੀਰ ਵਿਚ ਰਹਿੰਦੀ ਹੈ ਅਤੇ ਸਰੀਰ ਘਰ ਵਿਚ। ਗੌਰੀ ਸ਼ੰਕਰ ਬਾਲੋਕਨੀ ਵਿਚ ਬੈਠੇ ਹੋਏ ਸਾਹਮਣੇ ਆਕਾਸ਼ ਵਿਚ ਉੱਤਰਦੇ ਹਨ੍ਹੇਰੇ ਨੂੰ ਵੇਖ ਰਹੇ ਸਨ। ਇਹ ਅਕਤੂਬਰ ਦਾ ਖ਼ੁਸ਼ਨੁਮਾ ਮੌਸਮ ਸੀ। ਗਰਮੀ ਅਤੇ ਹੁੰਮਸ ਚਲੇ ਗਏ ਸਨ ਠੰਢ ਦਰਵਾਜ਼ੇ ਅੱਗੇ ਖਲੋਤੀ ਦਸਤਕ ਦੇ ਰਹੀ ਸੀ। ਉਸਦਾ ਸਾਹ ਕਦੀ-ਕਦੀ ਅੰਦਰ ਆ ਜਾਂਦਾ ਸੀ ਠੰਢੀ ਹਵਾ ਦਾ ਇਕ ਝੌਂਕਾ ਬਾਲਕੋਨੀ ਉੱਤੇ ਆਇਆ। ਗੌਰੀ ਸ਼ੰਕਰ ਠਰ ਗਏ। ਅਸਮਾਨ ਸ਼ੀਸ਼ੇ ਵਾਂਗ ਸਾਫ਼ ਸੀ। ਅਸਮਾਨ ਵਿਚ ਤਾਰੇ ਚਮਕ ਰਹੇ ਸਨ ਜਿਵੇਂ ਇਹ ਸਿਰਫ਼ ਅਕਸ ਹੋਣ। ਤਾਰੇ ਅਤੇ ਚੰਨ ਆਸਮਾਨ ਛੱਡਕੇ ਕਿਧਰੇ ਚਲੇ ਗਏ ਸਨ?

ਧਰਤੀ ਉੱਤੇ ਦਰਖ਼ਤਾਂ ਦਾ ਹਨ੍ਹੇਰਾ ਸੀ।

ਉਹ ਆਵਾਸ ਵਿਕਾਸ ਦੇ ਪ੍ਰਧਾਨ ਦੇ ਕਮਰੇ ਨਾਲੋਂ ਜ਼ਿਆਦਾ ਕਿਸੇ ਕਿਲ੍ਹੇ ਦਾ ਕੱਚ-ਮਹਿਲ ਲੱਗਦਾ ਸੀ। ਉਹ ਸੋਲ੍ਹਵੀਂ ਮੰਜ਼ਿਲ ਉੱਤੇ ਸੀ ਜੋ ਇਮਾਰਤ ਦੀ ਆਖ਼ਰੀ ਮੰਜ਼ਿਲ ਸੀ। ਚਾਰੇ ਪਾਸੇ ਕੱਚ ਦੀਆਂ ਕੰਧਾਂ ਦੇ ਪਾਰ ਅਸਮਾਨ-ਹੀ-ਅਸਮਾਨ ਸੀ ਅਤੇ ਹੇਠਾਂ ਸ਼ਹਿਰ ਕੁਝ ਝੂਲਦੇ ਦਰਖ਼ਤਾਂ ਦੇ ਨਾਲ ਪੈਰਾਂ ਵਿਚ ਝੁਕਿਆ ਹੋਇਆ ਲੱਗਦਾ ਸੀ। ਕੰਧਾਂ ਉੱਤੇ ਵਿਚ-ਵਿਚ ਪਰਦੇ

ਹਿੱਲ ਰਹੇ ਸਨ। ਇਸਨੂੰ ਕਮਰਾ ਕਹਿਣਾ ਠੀਕ ਨਹੀਂ ਸੀ। ਇਹ ਆਧੁਨਿਕ ਸੱਜਿਆ ਹੋਇਆ ਹਾਲ-ਨੁਮਾ ਦੀਵਾਨ-ਏ-ਖ਼ਾਸ ਲੱਗਦਾ ਸੀ। ਇਕ ਪਾਸੇ ਪ੍ਰਧਾਨ ਦੀ ਕੁਰਸੀ-ਮੇਜ਼ ਸਨ। ਦੂਸਰੇ ਪਾਸੇ ਬੈਠਕ ਲਈ ਲੰਮੀ ਮੇਜ਼ ਸੀ ਜਿਸਦੇ ਸਾਹਮਣੇ ਕੰਧਾਂ ਨਾਲ ਟਿਕੇ ਸੋਫ਼ੇ ਰੱਖੇ ਹੋਏ ਸਨ। ਹੇਠਾਂ ਮੋਟਾ ਕਲੀਨ ਵਿੱਛਿਆ ਹੋਇਆ ਸੀ। ਜਿਸ ਨਾਲ ਕੋਈ ਫ਼ਾਲਤੂ ਆਵਾਜ਼ ਨਾ ਹੋਵੇ।

ਗੌਰੀ ਸ਼ੰਕਰ ਨੂੰ ਅੰਦਰ ਵੜਦਿਆਂ ਹੀ ਠੰਢੀ ਜਿਹੀ ਹਵਾ ਲੱਗੀ, ਜਿਵੇਂ ਗੁਲਮਰਗ ਦੀਆਂ ਹਵਾਵਾਂ ਸਹਿਜੇ ਹੀ ਪੈਦਾ ਹੋ ਗਈਆਂ ਹੋਣ। ਉਹਨਾਂ ਨੇ ਧਿਆਨ ਲਾ ਕੇ ਪ੍ਰਧਾਨ ਵੱਲ ਵੇਖਿਆ ਜੋ ਇਕ ਪਾਰਦਰਸ਼ੀ ਕਮੀਜ਼ ਪਾਈ ਸਾਹਮਣੇ ਬੈਠੇ ਦੋ ਆਦਮੀਆਂ ਨਾਲ ਗੱਲਾਂ ਵਿਚ ਮਸਤ ਸਨ। ਇਹ ਵਿਸ਼ਾ ਸੀ ਕਿ ਉਹ ਗੌਰੀ ਸ਼ੰਕਰ ਵੱਲ ਅੱਖ ਚੁੱਕ ਕੇ ਵੀ ਨਾ ਵੇਖਦੇ ਜਿਵੇਂ ਅਸੀਂ ਕਮਰੇ ਵਿਚ ਘੁੰਮਦੇ ਮੱਛਰ ਵੀ ਨਾ ਹੋਈਏ। ਪ੍ਰਧਾਨ ਦੀ ਮੇਜ਼ ਦੇ ਸਾਹਮਣੇ ਇਕ ਹੋਰ ਵਿਅਕਤੀ ਖਲੋਤਾ ਸੀ ਜਿਸ ਨਾਲ ਗੌਰੀ ਸ਼ੰਕਰ ਦੀ ਧੌਲੀ ਕੇਸ਼-ਰਾਸ਼ੀ ਅਤੇ ਦਾੜ੍ਹੀ ਦੇਖ ਕੇ ਉਸਨੂੰ ਬੈਠਣ ਦਾ ਇਸ਼ਾਰਾ ਕੀਤਾ। ਉਹ ਬੈਠ ਗਏ। ਕੁਝ ਦੇਰ ਬਾਅਦ ਗੌਰੀ ਸ਼ੰਕਰ ਭੁੱਲ ਗਏ ਕਿ ਉਹ ਇੱਥੇ ਕਦੋਂ ਤੋਂ ਬੈਠੇ ਹਨ। ਇਸ ਵਿਚ ਉਹਨਾਂ ਨੇ ਇਕ-ਦੋ ਵਾਰ ਪ੍ਰਧਾਨ ਜੀ ਵੱਲ ਜ਼ਰੂਰ ਵੇਖਿਆ ਸੀ ਜੋ ਗ਼ਜ਼ਬ ਦੇ ਨੌਜਵਾਨ ਲੱਗਦੇ ਸਨ ਜਿਵੇਂ ਫ਼ਿਲਮੀ ਸਿਤਾਰਿਆਂ ਦੀ ਕੋਈ ਉਮਰ ਨਹੀਂ ਹੁੰਦੀ।

ਉਸੇ ਸਮੇਂ ਮੇਜ਼ ਦੇ ਇਸ ਪਾਸੇ ਬੈਠੇ ਦੋਵੇਂ ਆਦਮੀ ਉੱਠੇ ਅਤੇ ਪ੍ਰਧਾਨ ਨੇ ਗੌਰੀ ਸ਼ੰਕਰ ਵੱਲ ਵੇਖ ਕੇ ਭਰਵੱਟੇ ਹਿਲਾਏ ਜਿਵੇਂ ਜ਼ੁਬਾਨ ਨੂੰ ਤਕਲੀਫ਼ ਨਾ ਦੇਣਾ ਚਾਹੁੰਦੇ ਹੋਣ। ਗੌਰੀ ਸ਼ੰਕਰ ਪ੍ਰਭਾਵਹੀਣ ਹੋ ਗਏ। ਵੇਖੋ ਲੌਂਡੇ ਨੂੰ, ਆਪਣੀ ਚਮੜੀ ਵਿਚ ਨਹੀਂ ਸਮਾ ਰਿਹਾ। ਪਰ ਅਗਲੇ ਹੀ ਪਲ ਉਹਨਾਂ ਨੂੰ ਅੰਤਰ-ਗਿਆਨ ਹੋਇਆ ਕਿ ਉਹ ਇੱਥੇ ਦਰਬਾਰ ਵਿਚ ਫ਼ਰਿਆਦ ਲੈ ਕੇ ਆਇਆ ਹੈ ਅਤੇ ਉਹਨਾਂ ਨੇ ਇੱਥੇ ਬੰਦਗੀ ਕਰਨੀ ਹੋਵੇਗੀ।

"ਸਰਕਾਰ," ਗੋਰੀ ਸ਼ੰਕਰ ਨੇ ਮੂੰਹ ਵਿਚੋਂ ਕੱਢਿਆ, "ਮੈਂ ਮੁਸੀਬਤ ਵਿਚ ਫਸ ਗਿਆ ਹਾਂ।"

ਸਰਕਾਰ ਦੇ ਮੁਖ਼ਾਰ-ਬਿੰਦ ਵਿਚੋਂ ਹੁਣ ਤੱਕ ਕੋਈ ਸਵਰ ਨਹੀਂ ਨਿਕਲਿਆ। ਉਹਨਾਂ ਦੀਆਂ ਭਵਾਂ ਸਵਾਲੀਆ ਨਿਸ਼ਾਨ ਨਾਲ ਉੱਪਰ ਚੜ੍ਹਦੀਆਂ ਰਹੀਆਂ।

ਗੌਰੀ ਸ਼ੰਕਰ ਫਿਰ ਬੋਲੇ, "ਮੈਂ ਦੱਸ ਸਾਲ ਤੋਂ ਮੁਕੱਦਮੇ ਵਿਚ ਫਸਿਆ ਹਾਂ, ਕੋਈ ਸਿੱਟਾ ਨਹੀਂ।"

"ਮੁਕੱਦਮਾ ਕਿਸਨੇ ਦਾਇਰ ਕੀਤਾ?" ਸਰਕਾਰ ਨੇ ਪੁੱਛਿਆ।

"ਮੈਂ।"

"ਤਾਂ ਤੁਸੀਂ ਖ਼ੁਦ ਹੀ ਪਿੰਜਰੇ ਵਿਚ ਪੈਰ ਪਾਇਆ।"

ਚੁੱਪ!

"ਤਾਂ ਇੱਥੇ ਤੁਸੀਂ ਕਿਸ ਲਈ ਆਏ ਹੋ?"

"ਨਿਆਂ ਦੀ ਬੇਨਤੀ ਕਰਨ ਲਈ।"

ਜਿਸ ਵਿਅਕਤੀ ਨੇ ਉਸਨੂੰ ਬੈਠਣ ਲਈ ਕਿਹਾ ਸੀ, ਉਹ ਅਸਲ ਵਿਚ ਬਾਬੂ ਬਲਵੰਤ ਸੀ ਜਿਸ ਵੱਲ ਪ੍ਰਧਾਨ ਨੇ ਵੇਖਿਆ। ਬਾਬੂ ਨੇ ਪੰਜ ਵਾਕਾਂ ਵਿਚ ਮਾਮਲਾ ਬਿਆਨ ਕਰ ਦਿੱਤਾ।

"ਅਦਾਲਤ ਨੇ ਨਿਆਂ ਦਿੱਤਾ?" ਪ੍ਰਧਾਨ ਬੋਲੇ, "ਵਿਆਜ ਜਮ੍ਹਾਂ ਕਰਾ ਦਿਓ।"

ਗੌਰੀ ਸ਼ੰਕਰ ਪਲ ਭਰ ਪ੍ਰਧਾਨ ਦੀਆਂ ਅੱਖਾਂ ਵਿਚ ਵੇਖਿਆ, ਫਿਰ ਕਿਹਾ, "ਵਿਆਜ ਮੈਂ ਦੇ ਚੁੱਕਿਆ।"

"ਕਿੱਥੇ?" ਪ੍ਰਧਾਨ ਨੇ ਅੱਖਾਂ ਅੱਡੀਆਂ।

"ਆਪਣੇ ਮਕਾਨ ਮਾਲਕ ਨੂੰ ਇੰਦਰਾ ਨਗਰ ਵਿਚ," ਗੌਰ ਸ਼ੰਕਰ ਕੁਝ ਚਿਰ ਰੁਕੇ,



"ਜਿੱਥੇ ਮੈਂ ਨਵੇਂ ਨਗਰ ਵਿਚ ਕਬਜ਼ਾ ਮਿਲਣ ਤੱਕ ਦੱਸ ਸਾਲ ਰਿਹਾ। ਕੁੱਲ੍ਹ ਕਿਰਾਇਆ ਚਾਰ ਲੱਖ ਹੋਇਆ, ਜੋ ਵਿਆਜ ਬਾਕੀ ਰਕਮ ਉੱਤੇ ਮੇਰੇ ਤੋਂ ਮੰਗਿਆ ਜਾ ਰਿਹਾ ਹੈ।"

"ਕੋਰਟ ਦੀ ਬਹਿਸ ਇੱਥੇ ਨਾ ਦੁਹਰਾਓ।" ਪ੍ਰਧਾਨ ਖਿਝ ਕੇ ਬੋਲੇ, "ਇਹ ਦੱਸੋ ਕਿ ਮੇਰੇ ਤੋਂ ਕੀ ਚਾਹੁੰਦੇ ਹੋ?"

ਗੌਰੀ ਸ਼ੰਕਰ ਨੂੰ ਅਪਣੀ ਗ਼ਲਤੀ ਦਾ ਅਹਿਸਾਸ ਹੋਇਆ ਅਤੇ ਉਹ ਇਕ ਝਟਕੇ ਨਾਲ ਨਿਮਰ ਹੋ ਗਏ। ਉਹਨਾਂ ਦੇ ਅੰਦਰੋਂ ਜਿਵੇਂ ਕੋਈ ਆਹਤ ਪ੍ਰਾਰਥਨਾ ਫੁੱਟੀ:

"ਜਨਾਬ, ਮੈਂ ਇਕ ਮੱਧ-ਵਰਗੀ ਨਾਗਰਿਕ ਹਾਂ ਜੋ ਰਿਟਾਇਰ ਹੋਣ ਦੇ ਬਾਅਦ ਪਹਿਲਾਂ ਤਨਖ਼ਾਹ ਉੱਤੇ ਜੀਂਦਾ ਸੀ ਤੇ ਰਿਟਾਇਰ ਹੋਣਾ ਤੇ ਨਿਖੱਟੂ ਪੈਨਸ਼ਨ ਉੱਤੇ ਜੀਂਦਾ ਹਾਂ। ਮੇਰਾ ਪੀ.ਐੱਫ਼. ਅੱਧਾ ਇੰਦਰਾ ਨਗਰ ਦੇ ਕਿਰਾਏ ਵਿਚ ਖ਼ਰਚ ਹੋਇਆ, ਅੱਧਾ ਲੜਕੇ ਨੂੰ ਲਾਈਕ ਬਣਾਉਣ ਵਿਚ। ਹੁਣ ਬੈਂਕ ਵਿਚ ਆਂਡਾ ਹੈ। ਹਰ ਮਹੀਨੇ ਪੈਨਸ਼ਨ ਆਉਂਦੀ ਹੈ ਤਾਂ ਰੋਟੀ ਚੱਲਦੀ ਹੈ। ਜੇਕਰ ਦੇਰ ਹੋ ਜਾਏ ਤਾਂ ਉਧਾਰ ਦੇ ਸੱਪ ਛਾਤੀ ਉੱਤੇ ਲੇਟਣ ਲੱਗਦੇ ਹਨ।"

ਫ਼ਿਲਮ ਸਟਾਰ-ਨੁਮਾ ਪ੍ਰਧਾਨ ਮੁਸਕਰਾ ਰਿਹਾ ਸੀ ਜਿਵੇਂ ਕੋਈ ਫ਼ਿਲਮ ਵੇਖ ਰਿਹਾ ਹੋਵੇ। ਉਸ ਹੀ ਮੁਸਕਾਨ ਨਾਲ ਉਤਸ਼ਾਹਿਤ ਹੋ ਕੇ ਗੌਰੀ ਸ਼ੰਕਰ ਹੋਰ ਬੋਲਣ ਲੱਗੇ:

"ਵੀਹ ਸਾਲ ਪਹਿਲਾਂ ਮੈਂ ਢਾਈ ਲੱਖ ਅਪਣੇ ਫ਼ਲੈਟ ਲਈ ਜਮ੍ਹਾਂ ਕੀਤੇ ਸਨ। ਉਸ ਸਮੇਂ ਦੇ ਢਾਈ ਲੱਖ ਹੁਣ ਦੇ ਪੰਜਾਹ ਦੇ ਬਰਾਬਰ ਨੇ-ਘੱਟ-ਤੋਂ-ਘੱਟ ਪੈਸਾ ਹੁਣ ਏਨਾ ਸਸਤਾ ਹੋ ਗਿਆ ਏ। ਇਹ ਹਰ ਥਾਂ ਤੈਰਦਾ ਨਜ਼ਰ ਆਉਂਦਾ ਹੈ: ਮਾਲ ਵਿਚ, ਜਲਸਿਆਂ ਵਿਚ, ਲੰਮੀਆਂ-ਲੰਮੀਆਂ ਜਹਾਜ਼-ਨੁਮਾ ਕਾਰਾਂ ਵਿਚ, ਪੌਸ਼ਾਕਾਂ ਵਿਚ-ਪੌਸ਼ਾਕਾਂ ਦੇ ਅੰਦਰ ਲੋਕਾਂ ਦੇ ਈਮਾਨ ਵਿਚ, ਲੋਕਾਂ ਦੀ ਮੁਹੱਬਤ ਵਿਚ, ਲੋਕਾਂ ਦੇ ਖ਼ੂਨ ਵਿਚ।" ਗੌਰੀ ਸ਼ੰਕਰ ਨੇ ਇਕ ਡੂੰਘਾ ਸਾਹ ਲਿਆ।

ਉਸੇ ਪਲ ਕੋਈ ਪੰਛੀ ਕੱਚ ਦੀ ਕੰਧ ਨਾਲ ਟਕਰਾਇਆ ਜਿਵੇਂ ਉਸਨੇ ਕੱਚ ਨੂੰ ਹਵਾ ਸਮਝ ਲਿਆ ਹੋਵੇ। ਪ੍ਰਧਾਨ ਦੇ ਤੇਵਰ ਚੜ੍ਹ ਗਏ। ਉਹ ਬੋਲੇ, "ਮੇਰੇ ਕੋਲ ਤੁਹਾਡੀ ਕਵਿਤਾ ਲਈ ਸਮਾਂ ਨਹੀਂ ਹੈ।"

ਪ੍ਰਧਾਨ ਨੇ ਮੋਢੇ ਝਟਕੇ ਅਤੇ ਅੱਖਾਂ-ਹੀ-ਅੱਖਾਂ ਵਿਚ ਗੌਰੀ ਸ਼ੰਕਰ ਨੂੰ ਬਾਹਰ ਜਾਣ ਦਾ ਇਸ਼ਾਰਾ ਕੀਤਾ।

ਸਰਦੀ ਦਾ ਪੂਰਾ ਜ਼ੋਰ ਸੀ। ਉੱਤੋਂ ਪੋਹ ਦਾ ਤੇਜ਼ ਪੈਂਦਾ ਮੀਂਹ। ਤਿੰਨ ਦਿਨਾਂ ਬਾਅਦ ਧੁੱਪ ਨਿਕਲੀ ਸੀ। ਧੁੱਪ ਜਾ ਰਹੀ ਸੀ। ਰਾਮਕੁਮਾਰ ਦੇ ਫ਼ਲੈਟ ਦੇ ਸਾਹਮਣੇ ਰਾਮਕੁਮਾਰ ਅਤੇ ਗੌਰੀ ਸ਼ੰਕਰ ਚਾਹ ਪੀ ਰਹੇ ਸਨ। ਗੱਲਬਾਤ ਘੁੰਮ-ਘੁਮਾਕੇ ਫਿਰ ਅੰਨਾ ਅੰਦੋਲਨ ਉੱਤੇ ਆ ਗਈ। ਇਸ ਵਿਚ ਸਾਰਾ ਜ਼ੋਰ ਉਪਰ ਤੋਂ ਹੇਠਾਂ ਤੱਕ ਰਿਸ਼ਵਤ ਲੈਣ ਵਾਲਿਆਂ ਉੱਤੇ ਸੀ। ਉਹਨਾਂ ਦੀ ਹੀ ਚੌਕਸੀ ਅਤੇ ਸਜ਼ਾ ਦੀ ਗੱਲ ਸੀ। ਰਿਸ਼ਵਤ ਦੇਣ ਵਾਲਿਆਂ ਦੀ ਗੱਲ ਨਹੀਂ ਸੀ। ਕਾਰਪੋਰੇਟਸ ਦੀ ਇੱਛਾ ਤਾਂ ਸਾਫ਼ ਸੀ: ਲਾਭ। ਉਹ ਨੇਤਾ-ਨੌਕਰਸ਼ਾਹ ਨੂੰ ਸੌ ਦੀ ਰਿਸ਼ਵਤ ਦੇ ਕੇ ਲੱਖ ਕਮਾਉਣਾ ਚਾਹੁੰਦੇ ਸਨ। ਪਰ ਫੁਟਕਲ ਲੋਕ ਰਿਸ਼ਵਤ ਕਿਉਂ ਦੇਂਦੇ ਸਨ? ਦਿਨੋ-ਦਿਨ ਜੀਵਨ ਵਿਚ 'ਸੁਵਿਧਾ ਦਾ ਵਿਆਜ' ਸ਼ਬਦ ਹੁਣ ਪੁਰਾਣਾ ਹੋ ਗਿਆ ਸੀ। ਨਵਾਂ ਸ਼ਬਦ 'ਸੈਟਿੰਗ' ਸੀ ਜਿਸ ਵਿਚ ਰਿਸ਼ਵਤ ਦਾ ਪੂਰਾ ਤੰਤਰ ਸ਼ਾਮਿਲ ਸੀ। ਕਿਉਂਕਿ ਤੰਤਰ ਦਿਨ-ਪ੍ਰਤੀ-ਦਿਨ ਅੰਨਾ ਹੁੰਦਾ ਗਿਆ ਸੀ। ਲੋਕ ਡਰ ਕੇ ਰਿਸ਼ਵਤ ਦੇਂਦੇ ਸਨ ਅਤੇ ਰਿਸ਼ਵਤ ਦੇ ਕੇ ਰਾਹਤ ਦਾ ਸਾਹ ਲੈਂਦੇ ਸਨ। ਮੂਲ-ਜੜ੍ਹ ਵਿਚ ਡਰ ਸੀ।

"ਇਹ ਡਰ ਖ਼ਤਮ ਕਰਨ ਲਈ ਹੀ," ਰਾਮਕੁਮਾਰ ਬੋਲੇ, "ਅੰਨਾ ਕਹਿੰਦੇ ਨੇ ਕਿ ਜਨਤਾ ਮਾਲਿਕ ਏ, ਸਰਕਾਰ ਨੌਕਰ ਏ।"

"ਇਹ ਬਿਸਤ ਨੂੰ ਪਲਟਣ ਦੀ ਕੋਸ਼ਿਸ਼ ਏ," ਗੌਰੀ ਸ਼ੰਕਰ ਨੇ ਕਿਹਾ। ਉਹਨਾਂ ਦੇ ਬੋਲ

ਉਦਾਸ ਸਨ। ਉਹਨਾਂ ਦੇ ਦਿਮਾਗ਼ ਵਿਚ ਆਵਾਸ ਵਿਕਾਸ ਦੇ ਵਿਚਕਾਰ ਮਹਿਲ ਦੇ ਦ੍ਰਿਸ਼ ਘੁੰਮ ਰਹੇ ਸਨ, ਜਿਹੜੇ ਉਸਨੂੰ ਲੋਹ-ਮਹਿਲ ਲੱਗੇ ਸੀ।

ਕੀ ਲੋਹਾ ਵੀ ਪਾਰਦਰਸ਼ੀ ਹੋ ਸਕਦਾ ਹੈ ? ਉਹਨਾਂ ਨੇ ਸੋਚਿਆ।

ਇਸ ਵਿਚ ਗੋਪੀ ਕ੍ਰਿਸ਼ਨ ਮੇਜ਼ ਦੁਆਲੇ ਪਈ ਤੀਸਰੀ ਖ਼ਾਲੀ ਕੁਰਸੀ ਉੱਤੇ ਆ ਕੇ ਬੈਠ ਗਏ ਸਨ ਅਤੇ ਦੋਹਾਂ ਦੀਆਂ ਗੱਲਾਂ ਸੁਣ ਰਹੇ ਸਨ। ਧੁੱਪ ਬਸ ਮੇਜ਼ ਤੋਂ ਖਿਸਕ ਰਹੀ ਸੀ। ਠੰਢੀ ਸ਼ਾਮ ਇਮਾਰਤ ਦੇ ਪ੍ਰਛਾਵਿਆਂ ਵਿਚ ਆਸ-ਪਾਸ ਇੰਤਜ਼ਾਰ ਕਰ ਰਹੀ ਸੀ। ਇਕਦਮ ਰਾਮਕੁਮਾਰ, ਗੋਪੀ ਕ੍ਰਿਸ਼ਨ ਦੀਆਂ ਅੱਖਾਂ ਵਿਚ ਦੇਖ ਰਹੇ ਸਨ: ਦੋਵੇਂ ਅੱਖਾਂ ਵਿਚ ਇਕ-ਇਕ ਛੋਟਾ ਹੰਝੂ ਪੈਦਾ ਹੋ ਰਿਹਾ ਸੀ। ਫਿਰ ਅੱਖਾਂ ਛਲਕੀਆਂ ਅਤੇ ਅੱਥਰੂ ਚਿਹਰੇ ਤੇ ਉੱਭਰ ਆਏ।

"ਕੀ ਹੋਇਆ ?" ਰਾਮਕੁਮਾਰ ਹੈਰਾਨ ਸੀ।

ਗੌਰੀ ਸ਼ੰਕਰ ਨੇ ਵੀ ਹੰਝੂਆਂ ਨੂੰ ਵੇਖਿਆ ਅਤੇ ਵੇਖਦੇ ਰਹਿ ਗਏ। "ਕੀ ਹੋਇਆ ? ਕੀ ਹੋਇਆ ?" ਉਹਨਾਂ ਨੇ ਮੂੰਹ ਵਿਚੋਂ ਕੱਢਿਆ।

ਅੰਦਰ ਦਾ ਬੰਨ੍ਹ ਟੁੱਟ ਗਿਆ। ਲਗਾਤਾਰ ਅੱਥਰੂ ਵਹਿਣ ਲੱਗੇ। ਸੜਕ ਚਾਲੂ ਸੀ। ਕੋਈ ਬਜ਼ੁਰਗ ਖੁੱਲ੍ਹੇ ਵਿਚ ਰੋਏ, ਇਹ ਨਾ ਬਜ਼ੁਰਗ ਲਈ ਚੰਗਾ ਸੀ, ਨਾ ਦੂਸਰਿਆਂ ਲਈ। ਰਾਮਕੁਮਾਰ ਨੇ ਉਸਨੂੰ ਹੱਥਾਂ ਨਾਲ ਸਹਾਰਾ ਦਿੱਤਾ ਅਤੇ ਅੰਦਰ ਲੈ ਗਏ। ਜਦੋਂ ਉਹ ਬੈਠ ਗਏ ਤਾਂ ਗੌਰੀ ਸ਼ੰਕਰ ਨੇ ਫਿਰ ਕਿਹਾ, "ਕੀ ਹੋਇਆ ਗੋਪੀ ਕ੍ਰਿਸ਼ਨ ਜੀ ?" ਉਹ ਉਸਦੀ ਪਿੱਠ ਥਪਥਪਾ ਰਹੇ ਸਨ। ਗੋਪੀ ਕ੍ਰਿਸ਼ਨ ਫੁੱਟ-ਫੁੱਟਕੇ ਰੋਣ ਲੱਗੇ।

ਜਦੋਂ ਉਹ ਫੁੱਟ-ਫੁੱਟ ਕੇ ਰੋ ਚੁੱਕੇ ਤਾਂ ਬੋਲੇ, "ਮੈਂ ਹਾਰ ਗਿਆਂ।"

ਕਿਸ ਤੋਂ ? ਅਪਣੇ ਆਪ ਤੋਂ ? ਜਾਂ ਜ਼ਮਾਨੇ ਤੋਂ ? ਗੌਰੀ ਸ਼ੰਕਰ ਪੁੱਛ ਨਾ ਸਕੇ। ਦੋਹਾਂ ਤੋਂ-ਗੋਪੀ ਕ੍ਰਿਸ਼ਨ ਏਹੀ ਜਵਾਬ ਦੇਂਦੇ।

ਰਾਮਕੁਮਾਰ ਅਤੇ ਗੌਰੀ ਸ਼ੰਕਰ ਦੀਆਂ ਅੱਖਾਂ ਵਿਚ ਸਵਾਲ ਬਰਕਰਾਰ ਸੀ।

ਗੋਪੀ ਕ੍ਰਿਸ਼ਨ ਫਿਰ ਬੋਲੇ:

"ਮੈਂ ਨਿਆਂ ਮੰਗਣ ਗਿਆ ਸੀ। ਰਿਸ਼ਵਤ ਦੇ ਕੇ ਮੁੜਿਆ। ਮੈਨੂੰ ਅੱਜ ਪਿਤਾ ਦੀ ਬਹੁਤ ਯਾਦ ਆ ਰਹੀ ਹੈ। ਉਹ ਸਕੂਲ ਵਿਚ ਅਧਿਆਪਕ ਸੀ। ਉਹ ਇਕ ਸੜਕ ਦੁਰਘਟਨਾ ਵਿਚ ਮਾਰੇ ਗਏ ਸਨ ਜਦੋਂ ਮੈਂ ਚੌਦ੍ਹਾਂ ਸਾਲ ਦਾ ਸੀ। ਇਕ ਦਿਨ ਪਹਿਲਾਂ ਉਹਨਾਂ ਨੇ ਮੈਨੂੰ ਕਿਹਾ ਸੀ ਕਿ ਜ਼ਿੰਦਗੀ ਵਿਚ ਸਭ ਤੋਂ ਅਹਿਮ ਇਮਾਨਦਾਰ ਹੋਣਾ ਹੈ ਕਿਉਂਕਿ ਤੁਸੀਂ ਇਮਾਨਦਾਰ ਰਹੋਗੇ ਤਾਂ ਸਮਾਜ ਆਪਣੇ ਆਪ ਇਕ ਕਦਮ ਅੱਗੇ ਜਾਏਗਾ। ਅਸਲ ਵਿਚ ਉਸ ਦਿਨ ਮੈਂ ਘਰ ਵਿਚ ਵੀਹ ਰੁਪਏ ਚੋਰੀ ਕੀਤੇ ਸਨ ਅਤੇ ਚੋਰੀ ਫੜੀ ਗਈ ਸੀ। ਪਿਤਾ ਨੂੰ ਅੱਗ ਦੇਂਦਿਆਂ ਹੋਇਆਂ ਮੈਂ ਉਹਨਾਂ ਨਾਲ ਈਮਾਨਦਾਰੀ ਦਾ ਵਾਅਦਾ ਕੀਤਾ ਸੀ। ਜੀਵਨ-ਭਰ ਮੈਂ ਵਾਅਦਾ ਨਿਭਾਇਆ। ਮੈਂ ਜਾਣਦਾ ਸੀ ਕਿ ਨੌਕਰੀ ਵਿਚ ਮੇਰੀ ਤਰੱਕੀ ਕਿਉਂ ਨਹੀਂ ਹੁੰਦੀ। ਪਰ ਮੈਨੂੰ ਕੋਈ ਪਰਵਾਹ ਨਹੀਂ ਸੀ। ਮੈਂ ਫ਼ੋਰਮ ਤੋਂ ਨਿਆਂ ਮੰਗਣ ਗਿਆ ਸੀ। ਪਰ ਦੱਸ ਸਾਲ ਵਿਚ ਮੈਂ ਥੱਕ ਗਿਆ। ਅਸਲ ਵਜ੍ਹਾ ਉਮਰ ਸੀ: ਨਿਆਂ ਦੀ ਤੇ ਮੇਰੀ ਖ਼ੁਦ। ਮੈਂ ਸਮੇਂ ਤੋਂ ਹਾਰਿਆ। ਮੈਨੂੰ ਲੱਗਦਾ ਸੀ ਕਿ ਨਿਆਂ ਦੀ ਭਾਲ ਕਰਦੇ ਕਰਦੇ ਮੈਂ ਉੱਤੇ ਚਲਾ ਜਾਵਾਂਗਾ। ਪੁੱਤਰ ਦਾ ਤਾਂ ਬਹਾਨਾ ਸੀ। ਦਰਅਸਲ ਮੈਂ ਹੀ ਥੱਕ ਗਿਆ ਸੀ। ਮੈਂ ਮੁਕਤੀ ਚਾਹੁੰਦਾ ਸੀ। ਇਮਾਨਦਾਰੀ ਤੋਂ ਵੀ। ਪਰ ਮੈਨੂੰ ਮੁਕਤੀ ਕਿੱਥੇ ਮਿਲੀ ? ਪਿਤਾ ਜੀ ਰੋਜ਼ ਜੰਗਲ ਤੋਂ ਸੱਪ ਬਣਕੇ ਮੇਰੇ ਸੁਪਨੇ ਵਿਚ ਆਉਂਦੇ ਹਨ।"

ਗੋਪੀ ਕ੍ਰਿਸ਼ਨ ਫਿਰ ਰੋਣ ਲੱਗੇ।



## (7)

ਜਿਵੇਂ ਦਰਖ਼ਤਾਂ ਦੀਆਂ ਨਵੀਆਂ ਕਰੂੰਬਲਾਂ ਫੁੱਟਦੀਆਂ ਹਨ, ਉਸੇ ਤਰ੍ਹਾਂ ਨਵਾਂ ਨਗਰ ਦੇ ਮੁੱਖ ਗੇਟ ਉੱਤੇ ਪਿੱਪਲ ਦੇ ਦਰਖ਼ਤ ਦੇ ਹੇਠਾਂ ਪਿਛਲੀ ਰਾਤ ਇਕ ਤੰਬੂ ਉੱਗ ਆਇਆ ਸੀ। ਸਵੇਰੇ ਦੀ ਸੈਰ ਤੇ ਜਾਣ ਵਾਲਿਆਂ ਨੇ ਇਹ ਹੈਰਾਨੀ ਨਾਲ ਵੇਖਿਆ ਸੀ ਅਤੇ ਆਪਸ ਵਿਚ ਸੀਤਾ ਰਾਮ-ਰਾਧੇ ਸ਼ਾਮ ਕਰਦੇ ਹੋਏ ਪਾਰਕ ਵਿਚ ਚਲੇ ਗਏ ਸੀ। ਇਹਨਾਂ ਘੁਮੱਕੜਾਂ ਵਿਚ ਰਾਮਕੁਮਾਰ ਵੀ ਸੀ ਜੋ ਨਿੱਕਰ-ਟੀ-ਸ਼ਰਟ ਅਤੇ ਸਫ਼ੈਦ ਜੁੱਤੀ ਪਾ ਕੇ ਜਾਂਦੇ ਸਨ ਜੋ ਦਿਨ ਵਿਚ ਉਹਨਾਂ ਦੀ ਕੁਰਤੇ-ਪਜਾਮੇ ਦੀ ਪੋਸ਼ਾਕ ਤੋਂ ਉਲਟ ਸੀ। ਉਹ ਤੇਜ਼ ਚੱਲਦੇ ਸਨ। ਬਹੁਤ ਤੇਜ਼। ਜਿਵੇਂ ਕਿਸੇ ਹੜਬੜੀ ਵਿਚ ਹੋਣ। ਗੌਰੀ ਸ਼ੰਕਰ ਮੁਸਕਰਾਉਂਦੇ ਹੋਏ ਇਹੀ ਕਹਿੰਦੇ ਸਨ। ਉਹ ਕਹਿੰਦੇ ਸਨ ਕਿ ਜਿਸ ਤਰ੍ਹਾਂ ਤੁਸੀਂ ਵਿਵਸਥਾ-ਪਲਟਣ ਦੀ ਜਲਦੀ ਵਿਚ ਹੋ, ਉਸੇ ਤਰ੍ਹਾਂ ਚੱਲਦੇ ਹੋ।

ਠੰਢ ਉਤਰਨ ਵਾਲੀ ਸੀ। ਰਾਮਕੁਮਾਰ ਨੇ ਟੀ-ਸ਼ਰਟ ਉੱਤੇ ਇਕ ਸਵੈਟਰ ਪਾ ਲਿਆ ਸੀ। ਪਾਰਕ ਵਿਚ ਔਰਤਾਂ ਉੱਨੀ ਕੱਪੜੇ ਘਰ ਛੱਡ ਆਈਆਂ ਸਨ। ਕਿਸੇ-ਕਿਸੇ ਦੇ ਮੋਢੇ ਉੱਤੇ ਸ਼ਾਲ ਖ਼ੁਦ ਆ ਗਿਆ ਸੀ। ਕਿਆਰੀਆਂ ਵਿਚ ਰੰਗ-ਬਿਰੰਗੇ ਫੁੱਲ ਖਿੜੇ ਸਨ ਅਤੇ ਦੋਹਾਂ ਪਾਸੇ ਹਰਿਆਲੀ ਸੀ। ਨਹਿਰ ਅਤੇ ਤਲਾਬ ਵਿਚ ਪਾਣੀ ਦਾ ਚੰਗਾ ਪ੍ਰਬੰਧ ਸੀ। ਦਰਖ਼ਤ ਚੁੱਪ-ਚਾਪ ਸੂਰਜ ਦਾ ਇੰਤਜ਼ਾਰ ਕਰ ਰਹੇ ਸਨ। ਪੰਛੀ ਟਾਹਣੀਆਂ ਉੱਤੇ ਸੁੰਘੜੇ ਬੈਠੇ ਸਨ।

ਰਾਮਕੁਮਾਰ ਤੇਜ਼-ਤੇਜ਼ ਤੁਰਦੇ ਹੋਏ ਸੰਘਣੇ ਕਲਪ-ਵ੍ਰਿਛ ਤੋਂ ਅੱਗੇ ਨਿਕਲ ਗਏ ਅਤੇ ਸਹਿਜੇ ਹੀ ਸੱਜੇ ਪਾਸੇ ਮੁੜ ਕੇ ਗਾਂਧੀ ਦੀ ਮੂਰਤੀ ਦੇ ਸਾਹਮਣੇ ਖਲੋ ਗਏ। ਗਾਂਧੀ ਕੁਝ ਉਚਾਈ ਉੱਤੇ ਹੱਥ ਵਿਚ ਲਾਠੀ ਲਈ ਇਕੱਲੇ ਖਲੋਤੇ ਸਨ ਅਤੇ ਉਹਨਾਂ ਦਾ ਖੱਬਾ ਪੈਰ ਅੱਗੇ ਸੀ ਜਿਵੇਂ ਹੁਣੇ ਸੱਜਾ ਵੀ ਅੱਗੇ ਵਧੇਗਾ। ਉਹ ਹਰ ਮੌਸਮ ਵਿਚ ਇਸੇ ਚਲਾਏਮਾਨ ਅਵਸਥਾ ਵਿਚ ਖਲੋਤੇ ਰਹਿੰਦੇ ਸਨ, ਚਾਹੇ ਆਕਾਸ਼ ਵਿਚੋਂ ਪਾਣੀ ਡਿੱਗੇ ਜਾਂ ਗੜੇ ਜਾਂ ਲੂਅ ਚੱਲੇ ਮੰਨੋ ਬਸ, ਹੁਣੇ ਅਗਲਾ ਕਦਮ ਚੁੱਕਣਗੇ। ਉਹਨਾਂ ਦਾ ਚਿਹਰਾ ਸੰਗਮਰਮਰ ਵਿਚ ਢਲਿਆ ਹੋਇਆ ਸੀ। ਕੋਈ ਸ਼ਿਕਨ ਨਹੀਂ ਸੀ। ਰਾਮਕੁਮਾਰ ਇੰਜ ਹੀ ਖਲੋਤੇ ਸਨ ਜਿਵੇਂ ਸਾਹਮਣੇ ਸਮੁੰਦਰ ਜਾਂ ਹਿਮਾਲਿਆ ਹੋਵੇ।

ਇਕਦਮ ਗਾਂਧੀ ਦਾ ਨੰਗਾ ਸਿਰ ਚਮਕਿਆ। ਫਿਰ ਚਮਕਦਾ ਰਿਹਾ। ਸੂਰਜ ਆਪਣੀ ਖਿੜਕੀ ਵਿਚ ਆ ਗਿਆ ਸੀ। ਦਰਖ਼ਤਾਂ ਦੀਆਂ ਚੋਟੀਆਂ, ਧਰਤੀ ਦੀ ਹਰਿਆਲੀ ਅਤੇ ਤਲਾਬ ਦਾ ਪਾਣੀ ਮੁਸਕਾਉਣ ਲੱਗੇ ਸਨ।

ਮੁੜਦੇ ਹੋਏ ਰਾਮਕੁਮਾਰ ਨੇ ਅਚਰਜ ਨਾਲ ਪਿੱਪਲ ਦੇ ਹੇਠਾਂ ਤੰਬੂ ਵੱਲ ਵੇਖਿਆ ਜਿਸਦਾ ਦਰਵਾਜ਼ਾ ਖੁੱਲ੍ਹਾ ਸੀ। ਉਹਨਾਂ ਨੇ ਅੰਦਰ ਝਾਕਿਆ। ਉਹ ਹੈਰਾਨ ਸਨ: ਤੰਬੂ ਵਿਚ ਗੌਰੀ ਸ਼ੰਕਰ ਖਲੋਤੇ ਸਨ। ਗੌਰੀ ਸੰਕਰ ਨੇ ਦੱਸਿਆ ਕਿ ਕੱਲ੍ਹ ਆਵਾਸ ਵਿਕਾਸ ਦਾ ਦਲ ਪੁਲਿਸ ਲੈ ਕੇ ਆਇਆ ਸੀ ਅਤੇ ਦਲ ਨੇ ਉਹਨਾਂ ਦੇ ਫ਼ਲੈਟ ਉੱਤੇ ਕਬਜ਼ਾ ਕਰ ਲਿਆ । ਸੜਕ ਉੱਤੇ ਪਿਆ ਸਾਮਾਨ ਗੌਰੀ ਸ਼ੰਕਰ ਇਸੇ ਤੰਬੂ ਵਿਚ ਰਾਤ ਨੂੰ ਰਿਕਸ਼ੇ ਨਾਲ ਲੈ ਆਏ ਸਨ। ਉਹਨਾਂ ਦੇ ਹੱਥ ਵਿਚ ਪਾਣੀ ਦੀ ਬੋਤਲ ਸੀ। ਉਹਨਾਂ ਨੇ ਕਿਹਾ ਕਿ ਉਹ ਦਿਸ਼ਾ-ਮੈਦਾਨ ਜਾ ਰਹੇ ਹਨ, ਜਿਵੇਂ ਗਵਾਂਢੀ ਪਿੰਡ ਦੇ ਲੋਕ ਜਾਂਦੇ ਸਨ।

ਤੰਬੂ ਵਿਚ ਤਾਲਾ ਲਾਉਣ ਦੀ ਜ਼ਰੂਰਤ ਨਹੀਂ ਸੀ। ਸੜਕ ਉੱਤੇ ਚੱਲਦੇ ਹੋਏ ਗੌਰੀ ਸ਼ੰਕਰ ਨੇ ਦੱਸਿਆ ਕਿ ਸਭ ਕੁਝ ਪਖਵਾੜੇ ਵਿਚ ਹੋ ਗਿਆ ਜਦੋਂ ਰਾਮਕੁਮਾਰ ਰਾਲੇਗਣ ਸਿੱਧੀ ਗਏ ਸਨ। ਬਾਬੂ ਬਲਵੰਤ ਨੇ ਪਹਿਲਾਂ ਉਹਨਾਂ ਨੂੰ ਭਰੋਸਾ ਦਿੱਤਾ ਕਿ ਪ੍ਰਧਾਨ ਨੇ ਉਹਨਾਂ ਦੀ ਫ਼ਾਈਲ ਪੁਨਰ-ਨਿਰੀਖਣ ਲਈ ਹੇਠਾਂ ਭੇਜੀ ਹੈ। ਫਿਰ ਅਪੀਲ ਦੀ ਮਿਆਦ ਮੁੱਕ ਜਾਣ ਤੇ ਕਿਹਾ ਕਿ ਫ਼ਾਈਲ ਬੇਰੰਗ ਮੁੜ ਆਈ ਹੈ। ਉਸਨੇ ਅੰਤ ਵਿਚ ਦੱਸਿਆ ਕਿ ਇਹ ਕੇਸ ਬਿਲਕੁੱਲ ਗੌਰੀ ਸ਼ੰਕਰ

ਜਿਹਾ ਹੈ ਅਤੇ ਜਿਵੇਂ ਗੋਪੀ ਕ੍ਰਿਸ਼ਨ ਨੇ ਪੰਜਾਹ ਹਜ਼ਾਰ ਦੇ ਕੇ ਮਾਮਲਾ ਸੁਲਝਾ ਲਿਆ ਉਸੇ ਤਰ੍ਹਾਂ ਫਿਰ ਤੋਂ ਸੈਟਿੰਗ ਹੋ ਸਕਦੀ ਹੈ। ਗੌਰੀ ਸ਼ੰਕਰ ਸੈਟਿੰਗ ਦਾ ਸੰਦੇਸ਼ ਲੈ ਕੇ ਕੱਚ-ਮਹਿਲ ਪਹੁੰਚੇ ਅਤੇ ਦਾਸਤਾਨ ਪ੍ਰਧਾਨ ਨੂੰ ਸੁਣਾ ਦਿੱਤੀ। ਬਾਬੂ ਬਲਵੰਤ ਨੂੰ ਬੁਲਾਇਆ ਗਿਆ। ਉਸਨੇ ਕਿਹਾ ਕਿ ਗੌਰੀ ਸ਼ੰਕਰ ਬੇਹਾਲ ਊਲ-ਜਲੂਲ ਬੋਲ ਰਿਹੇ ਸਨ, ਕੀ ਉਹਨਾਂ ਦੇ ਕੋਲ ਕੋਈ ਸਬੂਤ ਹੈ ?

"ਕੋਈ ਸਬੂਤ ਏ ?" ਪ੍ਰਧਾਨ ਨੇ ਪੁੱਛਿਆ।

"ਹਾਂ, ਮੈਂ ਹਾਂ।"

"ਤੁਸੀਂ ਵਕਤਾ ਹੋ ਸਬੂਤ ਨਹੀਂ।" ਪ੍ਰਧਾਨ ਹੱਸਣ ਲੱਗਾ।

ਫਿਰ ਪਿਛਲੇ ਹਫ਼ਤੇ ਗੌਰੀ ਸ਼ੰਕਰ ਨੂੰ ਨੋਟਿਸ ਮਿਲਿਆ ਕਿ ਇਕ ਹਫ਼ਤੇ ਵਿਚ ਚਾਰ ਲੱਖ ਜਮਾ ਕਰਾਓ, ਨਹੀਂ ਤਾਂ ਫ਼ਲੈਟ ਦਾ ਕਬਜ਼ਾ ਵਾਪਸ ਲੈ ਲਿਆ ਜਾਏਗਾ। ਪਰਸੋਂ ਨੋਟਿਸ ਦੀ ਮਿਆਦ ਖ਼ਤਮ ਹੋ ਗਈ ਸੀ।

ਰਾਮਕੁਮਾਰ ਨੇ ਗੌਰੀ ਸ਼ੰਕਰ ਨੂੰ ਕਿਹਾ ਕਿ ਉਹ ਕੱਲ੍ਹ ਰਾਤ ਹੀ ਰਾਲੇਗਣ ਸਿੱਧੀ ਤੋਂ ਮੁੜੇ ਸਨ। ਇਸ ਵਾਰ ਫਿਰ 'ਆਪ' ਪਾਰਟੀ ਨੂੰ ਲੈ ਕੇ ਗੱਲਬਾਤ ਹੋਈ। ਅੰਨਾ ਚਿੱਕੜ ਵਿਚ ਪੈਰ ਨਾ ਪਾਉਣ ਉੱਤੇ ਅੜਿੰਗ ਹਨ। ਪਰ ਭ੍ਰਿਸ਼ਟਾਚਾਰ-ਵਿਰੋਧੀ ਬਿੱਲ ਤਾਂ ਸੰਸਦ ਵਿਚ ਅਟਕ ਗਿਆ ? ਗੌਰੀ ਸ਼ੰਕਰ ਬੋਲੇ, "ਚਿੱਕੜ ਸਾਫ਼ ਕਰਨ ਲਈ ਚਿੱਕੜ ਵਿਚ ਕੁੱਦਣਾ ਪਵੇਗਾ।" ਰਾਮ ਕੁਮਾਰ ਫਿਰ ਸ਼ਸ਼ੋਪੰਜ ਵਿਚ ਘਿਰ ਗਏ, ਕਿੱਥੇ ਜਾਵਾਂ ਦਿੱਲੀ ਜਾਂ ਰਾਲੇਗਣ ਸਿੱਧੀ ? ਉਹਨਾਂ ਨੇ ਗੌਰੀ ਸ਼ੰਕਰ ਦੇ ਹੱਥ ਵਿਚ ਪਾਣੀ ਦੀ ਬੋਤਲ ਵੱਲ ਵੇਖਿਆ ਤੇ ਕਿਹਾ ਕਿ ਇਸ ਨੂੰ ਸੁੱਟ ਦਿਓ ਅਤੇ ਮੇਰੇ ਨਾਲ ਘਰ ਚੱਲੋ, ਤੰਬੂ ਵਿਚੋਂ ਸਾਮਾਨ ਬਾਅਦ ਵਿਚ ਚੁੱਕ ਲਵਾਂਗੇ। ਗੌਰੀ ਸ਼ੰਕਰ ਨੇ ਇਕਦਮ ਮਨਾਂ ਕਰ ਦਿੱਤਾ ਅਤੇ ਸਿੱਧੇ ਜੰਗਲ ਵਿਚ ਵੜ ਗਏ ਜੋ ਨਵੇਂ ਨਗਰ ਦੇ ਗਵਾਂਢ ਵਿਚ ਹੀ ਸੀ ਅਤੇ ਜਿੱਥੋਂ ਸੱਪ ਗੋਪੀ ਕ੍ਰਿਸ਼ਨ ਦੇ ਘਰ ਵਿਚ ਕੁੰਤੀ ਦੇ ਪਲੰਗ ਉੱਤੇ ਰਾਤ ਦੇ ਹਨ੍ਹੇਰੇ ਵਿਚ ਆ ਜਾਂਦੇ ਸਨ।

ਇਕ ਅਚੰਭਾ ਹੋਇਆ ਸੀ। ਜਦੋਂ ਤੋਂ ਗੋਪੀ ਕ੍ਰਿਸ਼ਨ ਦੇ ਫ਼ਲੈਟ ਦੀ ਰਜਿਸਟਰੀ ਸੰਪੂਰਨ ਹੋਈ ਜੰਗਲ ਦੇ ਸੱਪ ਕੁੰਤੀ ਦੇ ਪਲੰਘ ਦਾ ਰਸਤਾ ਭੁੱਲ ਗਏ ਸਨ। ਫੇਰ ਇਕ ਹੋਰ ਅਚੰਭਾ ਹੋਇਆ ਜਦੋਂ ਜੰਗਲ ਦੇ ਸੱਪ ਗੋਪੀ ਕ੍ਰਿਸ਼ਨ ਦੇ ਸੁਪਨਿਆਂ ਵਿਚ ਮੁੜ ਆਏ। ਫਿਰ ਹਰ ਰਾਤ ਸੁਪਨੇ ਵਿਚ ਆਉਣ ਲੱਗੇ। ਉਹ ਇਕੱਲੇ ਨਹੀਂ ਆਉਂਦੇ ਸਨ। ਝੁੰਡ ਵਿਚ ਆਉਂਦੇ ਸਨ ਅਤੇ ਫ਼ਨ ਉੱਤੇ ਖਲੋ ਜਾਂਦੇ ਸਨ। ਰਾਮਕੁਮਾਰ ਸੁਪਨੇ ਵਿਚ ਉਹਦੀ ਲਪਕਦੀ ਜੀਭ ਵੇਖਦੇ। ਕਿਉਂਕਿ ਸੁਪਨੇ ਵਿਚ ਨਾ ਖ਼ੁਦ ਭੱਜਣਾ ਸੰਭਵ ਸੀ ਨਾ ਸੱਪਾਂ ਨੂੰ ਭੱਜਾਉਣਾ, ਇਸ ਲਈ ਉਹ ਨਾ ਜਾਣੇ ਕਿੰਨੀ ਦੇਰ ਜੀਭਾਂ ਵੇਖਦੇ ਰਹਿੰਦੇ। ਸੁਪਨੇ ਦੀ ਇਕ ਹੋਰ ਫ਼ਿਤਰਤ ਸੀ। ਇਸ ਵਿਚ ਗੋਪੀ ਕ੍ਰਿਸ਼ਨ ਦਾ ਸਿਰਫ਼ ਵੇਖਣਾ ਸੀ, ਗੋਪੀ ਕ੍ਰਿਸ਼ਨ ਨਹੀਂ ਸਨ ਜਿਵੇਂ ਸੁਪਨੇ ਵਿਚ ਸਿਰਫ਼ ਉਸਦੀਆਂ ਅਦ੍ਰਿਸ਼ ਅੱਖਾਂ ਹੋਣ। ਉਹ ਚਾਹੁੰਦੇ ਤਾਂ ਡਰ ਵੀ ਨਹੀਂ ਸਕਦੇ ਸਨ ਕਿਉਂਕਿ ਉਹਨਾਂ ਦਾ ਸਰੀਰ ਸੁਪਨੇ ਵਿਚ ਹੀ ਨਹੀਂ ਸੀ। ਪਰ ਸੁਪਨਾ ਆਪਣੇ ਵੱਸ ਵਿਚ ਨਹੀਂ ਸੀ। ਉਹ ਇਹ ਗੱਲ ਵੀ ਸਮਝ ਨਹੀਂ ਸਕਦੇ ਕਿ ਉਹਨਾਂ ਦਾ ਸਰੀਰ ਸੁਪਨੇ ਤੋਂ ਬਾਹਰ ਹੈ। ਸੁਪਨੇ ਤੋਂ ਬਾਹਰ ਕੁੰਤੀ ਵੀ ਸੀ। ਜਦੋਂ ਸੁਪਨਾ ਟੁੱਟਦਾ ਅਤੇ ਪਸੀਨੋ-ਪਸੀਨਾ ਬਿਸਤਰੇ ਉੱਤੇ ਬੈਠ ਜਾਂਦੇ ਤਾਂ ਕੁੰਤੀ ਕਦੀ-ਕਦੀ ਜਾਗ ਜਾਂਦੀ ਅਤੇ ਪੁੱਛਦੀ, ਕੀ ਹੋਇਆ ? ਕੁਝ ਨਹੀਂ, ਗੋਪੀ ਕ੍ਰਿਸ਼ਨ ਕਹਿੰਦੇ ਅਤੇ ਫਿਰ ਲੇਟ ਜਾਂਦੇ ਜਾਂ ਪਾਣੀ ਪੀਣ ਕਿਚਨ ਵਿਚ ਚਲੇ ਜਾਂਦੇ। ਫਿਰ ਉਹ ਕਮੋਡ ਵਿਚ ਡਿੱਗਦੀ ਪੇਸ਼ਾਬ ਦੀ ਧਾਰ ਨੂੰ ਵੇਖਦੇ ਹੋਏ ਸੋਚਦੇ ਕਿ ਕੁੰਤੀ ਤੋਂ ਸੱਪ ਦਾ 'ਸ' ਵੀ ਨਹੀਂ ਬੋਲਿਆ ਜਾਂਦਾ ਹੈ। ਕਦੀ ਉਸਨੂੰ ਫਿਰ ਸੱਪ ਦਾ ਸੁਪਨਾ ਨਾ ਯਾਦ ਆ ਜਾਏ।

ਜਿਸ ਦਿਨ ਰਜਿਸਟਰੀ ਹੋਈ ਭਰਾ ਨੇ ਅੱਧੇ ਘੰਟੇ ਫ਼ੋਨ ਉੱਤੇ ਗੋਪੀ ਕ੍ਰਿਸ਼ਨ ਨਾਲ ਗੱਲਬਾਤ ਕੀਤੀ ਸੀ। ਉਹ ਬਹੁਤ ਖ਼ੁਸ਼ ਸੀ। "ਟੰਟਾ ਮੁੱਕਾ," ਉਸਨੇ ਕਿਹਾ, "ਹੁਣ ਤੁਸੀਂ ਚੈਨ



ਨਾਲ ਸੌਂਵੋ।" ਗੋਪੀ ਕ੍ਰਿਸ਼ਨ ਨੂੰ ਵੀ ਅੰਦਾਜ਼ਾ ਨਹੀਂ ਸੀ ਕਿ ਉਸਦੀ ਨੀਂਦ ਵਿਚ ਚੈਨ ਦੀ ਥਾਂ ਸੱਪ ਆ ਜਾਣਗੇ। ਸੱਚਾਈ ਇਹ ਸੀ ਕਿ ਚਾਹੇ ਪੈਸਾ ਭਰਾ ਨੇ ਭੇਜਿਆ ਹੋਵੇ, ਉਹਨਾਂ ਨੂੰ ਖ਼ੁਦ ਰਿਸ਼ਵਤ ਦੇ ਕੇ ਤਸੱਲੀ ਸੀ। ਉਹ ਖ਼ੁਦ ਦੱਸ ਸਾਲ ਲੜਦੇ-ਲੜਦੇ ਥੱਕ ਗਏ ਸਨ। ਲੜਾਈ ਦਾ ਕੋਈ ਅੰਤ ਨਜ਼ਰ ਨਹੀਂ ਸੀ ਆਉਂਦਾ। ਸ਼ੁਰੂ-ਸ਼ੁਰੂ ਵਿਚ ਜਿਸਨੂੰ ਉਹ ਨਿਆਂ ਦੀ ਲੜਾਈ ਸਮਝਦੇ ਸਨ, ਉਹ ਅਸਲ ਵਿਚ ਇਕ ਚੂਹੇ ਅਤੇ ਹਾਥੀ ਦੀ ਲੜਾਈ ਸੀ। ਉਹਨਾਂ ਦੀ ਮਾਸੂਮੀਅਤ ਵੇਖਕੇ ਬਾਬੂ ਬਲਵੰਤ ਨੂੰ ਇਕ ਵਾਰ ਹਾਸਾ ਆਇਆ ਗਿਆ ਸੀ। ਹਾਸਾ ਜ਼ਬਤ ਕਰਕੇ ਉਸਨੇ ਗੋਪੀ ਕ੍ਰਿਸ਼ਨ ਤੋਂ ਪੁੱਛਿਆ ਸੀ, "ਕੀ ਤੁਸੀਂ ਇਹ ਸਮਝਦੇ ਸੀ ਕਿ ਤੁਸੀਂ ਪ੍ਰਧਾਨ ਨੂੰ ਕੋਰਟ ਵਿਚ ਸੱਦ ਲਓਗੇ ਤੇ ਵਿਆਜ ਮੁਆਫ਼ ਹੋ ਜਾਏਗਾ ?" ਗੋਪੀ ਕ੍ਰਿਸ਼ਨ ਉਸ ਵੱਲ ਵੇਖਦਾ ਰਹਿ ਗਿਆ ਸੀ। ਉਸਦੀ ਛਾਤੀ ਵਿਚ ਹੌਲ ਉੱਠਿਆ ਸੀ। ਰਿਸ਼ਵਤ, ਇਸ ਡਰ ਦੇ ਦੇਵਤਾ ਨੂੰ ਚੜ੍ਹਾਇਆ ਸੀ।

ਚੂਹੇ ਲਈ ਹਾਥੀ ਦੇ ਪੈਰ ਦੇ ਨਹੁੰ ਨੂੰ ਚੁੰਮਣਾ ਇਕ ਸੁਰੱਖਿਅਤ ਚਾਲ ਸੀ। ਰਿਸ਼ਵਤ ਦੇ ਕੇ ਗੋਪੀ ਕ੍ਰਿਸ਼ਨ ਨੂੰ ਰਾਹਤ ਮਹਿਸੂਸ ਹੋਈ ਸੀ। ਉਹਨੂੰ ਬਚ ਜਾਣ ਦਾ ਅਹਿਸਾਸ ਸੀ। ਜਦੋਂ ਉਸਦੀ ਨਜ਼ਰ ਇਸ ਵਿਡੰਬਨਾ ਉੱਤੇ ਗਈ ਕਿ ਉਹ ਜਿੱਥੇ ਨਿਆਂ ਲਈ ਲੜਦੇ ਗਏ ਸਨ, ਉੱਥੋਂ ਅਤਿਅੰਤ ਬਚ ਕੇ ਨਿਕਲਣ ਲਈ ਰਿਸ਼ਵਤ ਦੇਣ ਲਈ ਮਜਬੂਰ ਹੋਏ, ਤਾਂ ਉਹਨੂੰ ਸੁਣਕੇ ਰਾਮਕੁਮਾਰ ਦੇ ਘਰ ਦੇ ਸਾਹਮਣੇ ਰੋਣਾ ਆ ਗਿਆ ਸੀ। ਠੰਢ ਤੇ ਧੁੱਪ ਦੀ ਬਹਿਸ ਵਿਚ ਰਾਮਕੁਮਾਰ ਨੇ ਕਿਹਾ ਸੀ ਕਿ ਮਨੁੱਖ ਦਾ ਕੋਈ ਕਦਮ ਸਵੈ-ਸਿੱਧ ਨਹੀਂ ਹੁੰਦਾ। ਧਰਤੀ ਉੱਤੇ ਇਕ ਕਦਮ ਦੀ ਧਮਕ ਸਮੁੱਚੀ ਧਰਤੀ ਉੱਤੇ ਹੁੰਦੀ ਹੈ।

ਤਾਂ ਕੀ ਮੈਂ ਵੀ ਦੇਸ਼ ਵਿਚ ਭ੍ਰਿਸ਼ਟਾਚਾਰ ਲਈ ਜ਼ਿੰਮੇਵਾਰ ਹੋ ਗਿਆ ? ਗੋਪੀ ਕ੍ਰਿਸ਼ਨ ਨੇ ਆਪਣੇ ਆਪ ਨੂੰ ਪੁੱਛਿਆ।

ਰਾਮਕੁਮਾਰ ਦੁਪਹਿਰ ਵੇਲੇ ਟੈਂਟ ਦਾ ਪਰਦਾ ਚੁੱਕ ਕੇ ਅੰਦਰ ਵੜੇ। ਅੰਦਰ ਗੌਰੀ ਸ਼ੰਕਰ ਕੰਬਲ ਲਈ ਸੌਂ ਰਹੇ ਸਨ। ਉਹਨਾਂ ਦਾ ਮੂੰਹ ਢੱਕਿਆ ਹੋਇਆ ਸੀ। ਰਾਮਕੁਮਾਰ ਕੁਰਸੀ ਉੱਤੇ ਚੁੱਪ-ਚਾਪ ਬੈਠ ਗਏ ਅਤੇ ਉਹਨਾਂ ਨੇ ਤਾਜ਼ਾ ਅਖ਼ਬਾਰ ਹੱਥ ਵਿਚ ਲਿਆ ਜੋ ਉਹ ਘਰ ਵਿਚ ਅਧੂਰਾ ਛੱਡ ਆਏ ਸਨ। ਚੌਥੇ ਪੰਨੇ ਉੱਤੇ ਅਰਵਿੰਦਰ ਕੇਜਰੀਵਾਲ ਦੀ ਇਕ ਟੁੱਟੇ ਬਿਜਲੀ-ਕੁਨੈਕਸ਼ਨ ਨੂੰ ਜੋੜਦੇ ਹੋਏ ਦੀ ਤਸਵੀਰ ਸੀ ਅਤੇ ਇਹ ਖ਼ਬਰ ਸੀ ਕਿ ਇਸਦਾ ਜਨਤਾ ਉੱਤੇ ਕਾਫ਼ੀ ਸਕਾਰਾਤਮਕ ਅਸਰ ਹੋ ਰਿਹਾ ਹੈ। 'ਆਪ' ਪਾਰਟੀ ਸਿੱਧਾ ਜਨ-ਸਮੱਸਿਆਵਾਂ ਨਾਲ ਜੁੜ ਰਹੀ ਸੀ। ਇਹ ਸਿੱਧੇ ਜ਼ਮੀਨ ਦੇ ਯਥਾਰਥ ਤੱਕ ਪਹੁੰਚਣਾ ਸੀ-ਇਥੇ ਬੁੱਢੇ ਸਿਧਾਂਤਾਂ ਦਾ ਸਹਾਰਾ ਨਹੀਂ ਸੀ, ਜਿਸ ਨਾਲ ਰਾਮਕੁਮਾਰ ਘਿਰੇ ਹੋਏ ਸਨ। ਉਹਨਾਂ ਨੂੰ ਫਿਰ ਕੁਝ ਬੇਚੈਨੀ ਮਹਿਸੂਸ ਹੋਈ। ਬੇਚੈਨੀ ਦਾ ਅਸਲੀ ਕੰਡਾ ਪਾਲਾ ਨਾ ਬਦਲਣ ਦੇ ਪਿੱਛੇ ਅਪਣਾ ਸੁਕੁਮਾਰ ਕੁਲਬੁਲਾਉਂਦਾ ਅੰਹਕਾਰ ਸੀ।

"ਕਦੋਂ ਆਏ ?" ਗੌਰੀ ਸ਼ੰਕਰ ਨੇ ਮੂੰਹ ਤੋਂ ਕੰਬਲ ਹਟਾਇਆ।

"ਬਸ, ਹੁਣੇ ਹੀ।" ਰਾਮਕੁਮਾਰ ਨੇ ਪੁੱਛਿਆ, "ਕੀ ਰਾਤ ਨੂੰ ਨੀਂਦ ਠੀਕ ਤਰ੍ਹਾਂ ਨਹੀਂ ਆਈ ?"

"ਪਹਿਲਾਂ ਮੈਨੂੰ ਇਹੀ ਸ਼ੱਕ ਸੀ," ਗੌਰੀ ਸ਼ੰਕਰ ਮੁਸਕਰਾਉਂਦੇ ਹੋਏ ਬੋਲੇ, "ਪਰ ਅੱਖ ਲੱਗੀ ਤਾਂ ਸਵੇਰੇ ਹੀ ਖੁੱਲ੍ਹੀ।" ਫਿਰ ਕੁਝ ਰੁੱਕ ਕੇ, "ਘੋੜਿਆਂ ਦੀ ਥਾਂ ਮਕਾਨ ਵੇਚਕੇ ਸੁੱਤਾ ਸੀ ਨਾ!" ਉਹ ਠਹਾਕਾ ਮਾਰਕੇ ਹੱਸੇ।

"ਰਾਮਕੁਮਾਰ ਸਾਥ ਨਾ ਦੇ ਸਕੇ।

"ਸਵੇਰੇ ਜਦੋਂ ਮੇਰੀ ਅੱਖ ਖੁੱਲ੍ਹੀ," ਗੌਰੀ ਸ਼ੰਕਰ ਕਹਿ ਰਹੇ ਸੀ, "ਤਾਂ ਮੈਂ ਸੋਚਿਆ ਕਿ ਸਿੱਧਾ ਧਰਤੀ ਮਾਤਾ ਦੇ ਸੀਨੇ ਉੱਤੇ ਸੌਣਾ ਕਿੰਨਾ ਸੁਖਦ ਏ। ਲੋਕ ਬੇਕਾਰ ਕਿਲ੍ਹੇ-ਜਿਹੇ ਮਕਾਨ

ਬਣਵਾਉਂਦੇ ਨੇ।" ਉਹ ਮੁਸਕਰਾਏ, "ਪੂਰਾ ਸ਼ਹਿਰ ਤੰਬੂਆਂ ਵਿਚ ਰਹੇ ਤਾਂ ਸਭ ਸੁਰੱਖਿਅਤ ਰਹਿਣਗੇ ਤੇ ਕੋਈ ਭੁੱਖਾ ਨਹੀਂ ਸੌਂਵੇਗਾ।"

"ਤਦ ਗੋਮਤੀ ਦੇ ਕਿਨਾਰੇ ਫ਼ੈਲਿਆ ਸ਼ਹਿਰ ਛਾਉਣੀ ਦੀ ਤਰ੍ਹਾਂ ਲੱਗੇਗਾ," ਰਾਮ ਕੁਮਾਰ ਨੇ ਸੁਰ ਵਿਚ ਸੁਰ ਮਿਲਾਇਆ।

"ਹਾਂ, ਗ਼ੈਰ-ਬਰਾਬਰੀ ਦੇ ਖ਼ਿਲਾਫ਼ ਜੰਗ ਦੀ ਛਾਉਣੀ," ਗੌਰੀ ਸ਼ੰਕਰ ਹੱਸੇ। ਰਾਮਕੁਮਾਰ ਨੇ ਘੜੀ ਵੇਖੀ ਅਤੇ ਕਿਹਾ, "ਚੱਲੀਏ, ਤੁਹਾਡੇ ਲਈ ਸਪੈਸ਼ਲ ਖੀਰ ਬਣਵਾਈ ਏ।"

ਪਲ-ਭਰ ਗੌਰੀ ਸ਼ੰਕਰ ਨੇ ਰਾਮਕੁਮਾਰ ਵੱਲ ਵੇਖਿਆ, ਫਿਰ ਉਹ ਇਕ ਝਟਕੇ ਨਾਲ ਉੱਠੇ ਅਤੇ ਪੈਰ ਚੱਪਲਾਂ ਵਿਚ ਪਾਉਂਦੇ ਹੋਏ ਬੋਲੇ, "ਚੱਲੀਏ, ਹੁਣ ਕੱਪੜੇ ਬਦਲਣ ਦਾ ਵੀ ਝੰਝਟ ਨਹੀਂ। ਅੰਦਰ-ਬਾਹਰ ਕੋਈ ਫ਼ਰਕ ਨਹੀਂ ਰਿਹਾ।"

ਦੋਵੇਂ ਨਵੇਂ ਨਗਰ ਵਿਚ ਚਲੇ ਗਏ। ਰਾਮਕੁਮਾਰ ਦੇ ਘਰ ਪਹੁੰਚ ਕੇ ਉਹ ਸਿੱਧੇ ਡਾਇਨਿੰਗ ਟੇਬਲ ਵੱਲ ਵਧੇ ਅਤੇ ਆਹਮਣੇ-ਸਾਹਮਣੇ ਮੇਜ਼ ਦੇ ਦੋਵਾਂ ਪਾਸੇ ਬੈਠ ਗਏ। ਅੰਦਰੋਂ ਬਾਈ ਭਾਂਡੇ ਲੈ ਕੇ ਆਈ ਅਤੇ ਮੇਜ਼ ਉੱਤੇ ਖਾਣਾ ਲਾਉਣ ਲੱਗੀ।

"ਹਰ ਗੜਬੜੀ ਦੀ ਜੜ੍ਹ ਉਹੀ ਏ," ਰਾਮਕੁਮਾਰ ਨੇ ਕਿਹਾ।

"ਕੀ?"

"ਗ਼ੈਰ-ਬਰਾਬਰੀ।"

ਉਸੇ ਵੇਲੇ ਘੰਟੀ ਖੜਕੀ। ਰਾਮਕੁਮਾਰ ਬਾਹਰ ਗਏ ਅਤੇ ਕੁਝ ਚਿੱਠੀਆਂ ਲਈ ਅੰਦਰ ਆਏ। ਉਹਨਾਂ ਨੇ ਇਕ ਚਿੱਠੀ ਗੌਰੀ ਸ਼ੰਕਰ ਵੱਲ ਵਧਾਈ। ਵਿਦੇਸ਼ੀ ਪੱਤਰ ਵੇਖਕੇ ਉਹਨਾਂ ਦਾ ਮੱਥਾ ਠਣਕਿਆ। ਉਹਨਾਂ ਨੇ ਬੰਦ ਚਿੱਠੀ ਫੜੇ ਹੱਥ ਨੂੰ ਸੱਜੇ-ਖੱਬੇ ਘੁਮਾਇਆ ਜਿਵੇਂ ਚਿੱਠੀ ਕਿਧਰੇ ਛੱਡ ਦੇਣਾ ਚਾਹੁੰਦੇ ਹੋਣ। ਫਿਰ ਜਿਵੇਂ ਅਚਾਨਕ ਝਿਜਕ ਕੇ ਬੰਦ ਲਿਫ਼ਾਫ਼ਾ ਜੇਬ ਵਿਚ ਪਾ ਲਿਆ। ਰਾਮਕੁਮਾਰ ਖਲੋਤੇ-ਖਲੋਤੇ ਚਿੱਠੀ ਖੋਲ੍ਹ ਕੇ ਪੜ੍ਹਨ ਲੱਗੇ ਸਨ। ਜਦੋਂ ਉਹ ਕੁਰਸੀ ਉੱਤੇ ਬੈਠੇ ਤਾਂ ਗੌਰੀ ਸ਼ੰਕਰ ਬੋਲੇ: "ਤੁਸੀਂ ਠੀਕ ਕਿਹਾ ਕਿ ਹਰ ਚੀਜ਼ ਦੀ ਜੜ੍ਹ ਗ਼ੈਰ-ਬਰਾਬਰੀ ਏ।"

ਅਸਲ ਵਿਚ ਪਹਿਲਾ ਅਵਿਨਾਸ਼ ਦੀ ਚਿੱਠੀ ਹੱਥ ਵਿਚ ਲੈਂਦਿਆਂ ਹੀ ਉਹਨਾਂ ਨੂੰ ਉਸਦੇ ਘਰ ਵਿਚ ਹੋਈ ਸਾਲਾਂ ਪਹਿਲਾਂ ਟੇਬਲ-ਟਾਕ ਯਾਦ ਆ ਗਈ ਸੀ ਕਿਉਂਕਿ ਉਹ ਅਜੇ ਖਾਣੇ ਦੀ ਮੇਜ਼ ਉੱਤੇ ਹੀ ਗੱਲ ਕਰ ਰਹੇ ਸਨ। ਮੱਧ-ਵਰਗ ਦਾ ਅਸਲੀ ਵਿਚਾਰ-ਵਟਾਂਦਰਾ ਸ਼ਾਇਦ ਟੇਬਲ-ਟਾਕ ਹੀ ਸੀ।

ਰੋਟੀ ਦੀ ਪਹਿਲੀ ਬੁਰਕੀ ਤੋੜਦੇ ਹੋਏ ਰਾਮਕੁਮਾਰ ਨੇ ਕਿਹਾ,"ਸੱਚੀ ਬਰਾਬਰੀ ਜਨਜਾਤੀਆਂ ਵਿਚ ਸੀ ਜਦੋਂ ਸੱਭਿਅਤਾ ਦੀ ਸ਼ੁਰੂਆਤ ਹੋਈ।"

"ਜਿਵੇਂ ਸੱਭਿਅਤਾ ਦੇ ਵਿਕਾਸ ਵਿਚ ਵਿਸ਼ਮਤਾ ਪੈਦਾਇਸ਼ੀ ਹੋਵੇ," ਗੌਰੀ ਸ਼ੰਕਰ ਨੇ ਵੀ ਰੋਟੀ ਤੋੜੀ। "ਲੱਗਦਾ ਹੈ ਕਿ ਆਦਮੀ ਆਪਣੀ ਚਿੰਪੈਂਜੀ-ਖ਼ੁਦਗਰਜ਼ੀ ਛੱਡ ਨਹੀਂ ਸਕਿਆ।"

ਕੁਝ ਦੇਰ ਖਾਣੇ ਦੀ ਮੇਜ਼ ਸਿਰਫ਼ ਖਾਣਾ ਸੀ। ਕੋਈ ਗੱਲ ਨਹੀਂ ਸੀ। ਫਿਰ ਗੱਲ ਵਧੀ, ਘੜੀ ਨਾਲ ਮੱਧਵਰਗ ਵੱਲ ਮੁੜ ਗਈ, ਜੋ 'ਆਪ' ਦੇ ਕੇਂਦਰ ਵਿਚ ਸੀ। ਇਹ ਨਵਾਂ ਉਭਾਰ ਸੀ। ਇਸਦਾ ਇਕ ਚਿਹਰਾ ਨਵ-ਉਦਾਰਵਾਦ ਦੀ ਫ਼ੌਜ ਦੇ ਸੈਨਿਕ ਦਾ ਸੀ। ਦੂਸਰਾ ਪਰਿਵਰਤਨ ਲਈ ਬੇਚੈਨ ਸੀ। ਇਸ ਲਈ ਬੇਚੈਨੀ ਤੋਂ ਧਰਤੀ ਪੂਰਨ ਤੋਂ ਪੱਛਮ ਤੱਕ ਤੁਰ ਰਹੀ ਹੈ, ਰਾਮਕੁਮਾਰ ਨੇ ਕਿਹਾ।

"ਖੀਰ ਖਾਓ," ਰਾਮਕੁਮਾਰ ਮੁਸਕਰਾਏ।

"ਹਾਂ," ਪਹਿਲਾ ਚਮਚਾ ਮੂੰਹ ਵਿਚ ਪਾਕੇ ਗੌਰੀ ਸ਼ੰਕਰ ਬੋਲੇ, "ਵਧੀਆ ਏ।"



ਬੰਦ ਲਿਫ਼ਾਫ਼ਾ ਸਰਸਰੀ ਉਪਰਲੀ ਜੇਬ ਵਿਚ ਝਾਕ ਰਿਹਾ ਸੀ। ਰਾਮਕੁਮਾਰ ਨੇ ਸਾਹਮਣੇ ਵੇਖਿਆ। ਕਿਹਾ ਕੁਝ ਨਹੀਂ।

ਜਦੋਂ ਗੌਰੀ ਸ਼ੰਕਰ ਟੈਂਟ ਦੇ ਦਰਵਾਜ਼ੇ ਤੱਕ ਪਹੁੰਚੇ ਤਾਂ ਉਸਦਾ ਸੱਜਾ ਹੱਥ ਉਪਰਲੀ ਜੇਬ ਵੱਲ ਵਧਿਆ। ਲਿਫ਼ਾਫ਼ਾ ਉਂਗਲੀਆਂ ਵਿਚ ਫਸ ਗਿਆ। ਉਹ ਉਸਨੂੰ ਖੱਬੇ ਹੱਥ ਦੀ ਮਦਦ ਨਾਲ ਪਾੜਣਾ ਚਾਹੁੰਦੇ ਸਨ। ਪਰ ਉਹਨਾਂ ਸੱਜਾ ਹੱਥ ਲਿਫ਼ਾਫ਼ਾ ਖੋਲ੍ਹ ਰਿਹਾ ਸੀ। ਉਹ ਲਿਫ਼ਾਫ਼ਾ ਖੋਲ੍ਹਦੇ-ਖੋਲ੍ਹਦੇ ਅੰਦਰ ਪਹੁੰਚੇ ਅਤੇ ਮੰਜੀ ਉੱਤੇ ਬੈਠ ਗਏ। ਖੁੱਲ੍ਹੇ ਲਿਫ਼ਾਫ਼ੇ ਵਿਚੋਂ ਅਵਿਨਾਸ਼ ਬੋਲ ਰਿਹਾ ਸੀ ਜਿਵੇਂ ਪੁਰਾਣੀ ਫ਼ਿਲਮਾਂ ਵਿਚ ਹੁੰਦਾ ਹੈ:

ਪਿਆਰੇ ਪਾਪਾ,

ਨਾ ਜਾਣੇ ਮੈਂ ਕਿੰਨੀਆਂ ਚਿੱਠੀਆਂ ਤੁਹਾਨੂੰ ਲਿਖ ਚੁੱਕਿਆ ਹਾਂ। ਪਰ ਤੁਹਾਡਾ ਕੋਈ ਜਵਾਬ ਨਹੀਂ। ਕਿਧਰੇ ਪਤਾ ਤਾਂ ਨਹੀਂ ਬਦਲ ਗਿਆ? ਮੈਨੂੰ ਸ਼ੱਕ ਹੁੰਦਾ ਹੈ। ਤੁਸੀਂ ਆਵਾਸ ਵਿਕਾਸ ਦੇ ਖ਼ਿਲਾਫ਼ ਮੁਕੱਦਮਾ ਦਾਇਰ ਕੀਤਾ ਸੀ-ਉਸ ਵਿਚ ਕੁਝ ਘਪਲਾ ਤਾਂ ਨਹੀਂ ਹੋਇਆ। ਮੈਂ ਤਾਂ ਪਹਿਲਾਂ ਹੀ ਤੁਹਾਨੂੰ ਕਿਹਾ ਸੀ-ਇਸ ਉਮਰ ਵਿਚ, ਇਸ ਚੱਕਰ ਵਿਚ ਨਾ ਪਵੋ। ਹੁਣ ਵੀ ਕੁਝ ਨਹੀਂ ਵਿਗੜਿਆ। ਉਹ ਜਿੰਨਾ ਪੈਸਾ ਮੰਗਦੇ ਹਨ, ਮੈਨੂੰ ਲਿਖੋ। ਮੈਂ ਭੇਜ ਦਿਆਂਗਾ। ਅਮਰੀਕਾ ਵਿਚ ਹਿੰਦੁਸਤਾਨੀ ਪੈਸਾ ਬਹੁਤ ਸਸਤਾ ਹੈ।

ਪਾਪਾ, ਮੈਂ ਜਾਣਦਾ ਹਾਂ ਕਿ ਤੁਸੀਂ ਮੇਰੇ ਤੋਂ ਨਰਾਜ਼ ਹੋ। ਮੇਰੀ ਆਵਾਜ਼ ਸੁਣਦਿਆਂ ਹੀ ਫ਼ੋਨ ਬੰਦ ਕਰ ਦੇਂਦੇ ਹੋ ਅਤੇ ਚਿੱਠੀਆਂ ਦਾ ਜਵਾਬ ਨਹੀਂ ਦੇਂਦੇ। ਮੈਂ ਜਾਣਦਾ ਹਾਂ, ਮੈਂ ਖ਼ੁਦਗਰਜ਼ ਹੋ ਗਿਆ ਸੀ। ਇਹ ਜਦੋਂ ਚਾਰੇ ਪਾਸੇ ਵੇਖਦਾ ਹਾਂ ਤਾਂ ਮੈਨੂੰ ਆਪਣਾ ਬਚਪਨ ਯਾਦ ਆਉਂਦਾ ਹੈ। ਜਿਸ ਵਿਚ ਤੁਸੀਂ ਮੇਰੇ ਮਾਂ-ਬਾਪ ਸੀ। ਅਜਿਹੇ ਮਾਂ-ਬਾਪ ਇੱਥੇ ਨਹੀਂ ਹੁੰਦੇ। ਇਹ ਲਿਖਦਿਆਂ ਹੋਇਆਂ ਮੇਰੀਆਂ ਅੱਖਾਂ ਸਿੱਲੀਆਂ ਹੋ ਗਈਆਂ ਹਨ ਅਤੇ ਉਹਨਾਂ ਵਿਚ ਤੁਹਾਡੀ ਤਸਵੀਰ ਕੰਬਦੀ ਹੈ।

ਜੇਕਰ ਤੁਸੀਂ ਇਸ ਖ਼ਤ ਦਾ ਜਵਾਬ ਨਾ ਦਿੱਤਾ ਤਾਂ ਅਗਲੇ ਮਹੀਨੇ ਮੈਂ ਇੰਡੀਆ ਆ ਜਾਵਾਂਗਾ।

ਤੁਹਾਡਾ,

ਪੁੱਤਰ

ਗੌਰੀ ਸ਼ੰਕਰ ਦੇ ਹੱਥੋਂ ਖ਼ਤ ਡਿੱਗ ਪਿਆ। ਉਹਨਾਂ ਨਜ਼ਰ ਉਤਾਂਹ ਉੱਠੀ ਅਤੇ ਖਾਲੀ ਮੇਜ਼ ਉੱਤੇ ਪਈ ਜਿਸ ਉੱਤੇ ਰੱਖਿਆ ਟੀ. ਵੀ. ਗ਼ਾਇਬ ਸੀ। ਉਹ ਮੁਸਕਰਾਏ। ਟੈਂਟ ਵਿਚ ਬਿਜਲੀ ਨਹੀਂ ਸੀ। ਟੀ. ਵੀ. ਬੇਕਾਰ ਸੀ। ਚੋਰ ਬੇਕਾਰ ਚੀਜ਼ ਲੈ ਗਿਆ ਸੀ। ਟੈਂਟ ਦਾ ਬੋਝ ਹੌਲਾ ਲੱਗ ਰਿਹਾ ਸੀ। ਉਸਦੇ ਪੈਰ ਸਿੱਧੇ ਜ਼ਮੀਨ ਉੱਤੇ ਸਨ ਜਿੱਥੇ ਛੋਟੀ-ਛੋਟੀ ਘਾਹ ਉੱਗੀ ਹੋਈ ਸੀ। ਉਹ ਖਲੋ ਗਏ। ਪੈਰ ਨੰਗੇ ਸਨ। ਘਾਹ ਦਾ ਭਰਿਆ ਪੂਰਾ ਅਹਿਸਾਸ ਸੀ। ਸਵੇਰੇ ਜਦੋਂ ਉਹ ਸੜਕ ਉੱਤੇ ਰਾਮਕੁਮਾਰ ਤੋਂ ਅੱਡ ਹੋ ਕੇ ਜੰਗਲ ਵਿਚ ਗਏ ਸਨ ਤਾਂ ਘਾਹ ਲੰਮੀ ਅਤੇ ਉੱਬੜ-ਖਾਬੜ ਸੀ। ਕੋਈ ਰਸਤਾ ਨਹੀਂ ਸੀ। ਉਹ ਘਾਹ ਵਿਚ ਘੁੰਮਦੇ ਹੋਏ ਦੂਰ ਤੱਕ ਚਲੇ ਗਏ ਸਨ ਜਿੱਥੇ ਕਿੱਕਰ ਅਤੇ ਪਿੱਪਲ ਦੇ ਪੱਤੇ ਧਰਤੀ ਉੱਤੇ ਖਿਲਰੇ ਪਏ ਸਨ। ਪੱਤੇ ਸੁੱਕੇ ਸਨ। ਜਦੋਂ ਗੌਰੀ ਸ਼ੰਕਰ ਦੇ ਪੈਰ ਪੱਤਿਆਂ ਨਾਲ ਟਕਰਾਂਦੇ ਤਾਂ ਪੱਤੇ ਕਰਰ-ਕਰਰ ਜਵਾਬ ਦੇਂਦੇ। ਚਾਰੇ ਪਾਸੇ ਕਿੱਕਰ ਅਤੇ ਪਿੱਪਲ ਅਤੇ ਯੁਕਲਿਟਸ ਦੇ ਦਰਖ਼ਤ ਸਨ, ਜਿਹਨਾਂ ਨੇ ਅਸਮਾਨ ਸਿਰ ਉੱਤੇ ਚੁੱਕਿਆ ਹੋਇਆ ਸੀ। ਸੁੱਕੇ ਪੱਤਿਆਂ ਵਿਚਕਾਰ ਖ਼ਾਲੀਪਣ ਵਿਚ ਧੁਰ ਅਸਮਾਨ ਦਾ ਤੰਬੂ ਤਣਿਆ ਹੋਇਆ ਸੀ।

ਖ਼ਾਲੀ ਬੋਤਲ ਹੱਥ ਵਿਚ ਲਈ ਗੌਰੀ ਸ਼ੰਕਰ ਫਿਰ ਸੁੱਕੇ ਪੱਤਿਆਂ ਦੇ ਕੇਂਦਰ ਵਿਚ ਆ ਗਏ। ਕਿਧਰੇ ਕੋਈ ਆਦਮਜਾਤ ਨਹੀਂ ਸੀ। ਨਾ ਕੋਈ ਆਵਾਜ਼ ਸੀ। ਆਵਾਜ਼ ਸਹਿਜੇ ਹੀ ਕੋਇਲ

ਦੀ ਉੱਭਰੀ। ਫਿਰ ਸੰਨਾਟਾ ਛਾ ਗਿਆ। ਸੰਨਾਟੇ ਦੀ ਚਾਦਰ ਵਿਚੋਂ ਮੂੰਹ ਚੁੱਕ ਕੇ ਫਿਰ ਕੋਈ ਪੰਛੀ ਬੋਲਿਆ। ਫਿਰ ਹੋਰ ਕੋਈ ਪੰਛੀ। ਗੌਰੀ ਸ਼ੰਕਰ ਨੂੰ ਇਕਦਮ ਲੱਗਿਆ ਜਿਵੇਂ ਇਹ ਪੰਛੀ ਉਹਨਾਂ ਦੇ ਅੰਦਰੋਂ ਬੋਲ ਰਿਹਾ ਹੋਵੇ। ਉਹ ਉੱਪਰ ਆਕਾਸ਼ ਦੇ ਤੰਬੂ ਦੀ ਛੱਤ ਵੇਖਣ ਲੱਗੇ ਜਿਸ ਵਿਚ ਰੋਸ਼ਨੀ ਗੂੰਜ ਰਹੀ ਸੀ।

ਉਹਨਾਂ ਦੇ ਕਦਮ ਹਿੱਲੇ ਅਤੇ ਧਰਤੀ ਉੱਤੇ ਪੱਤੇ ਕਿਰਕਰਾਏ। ਪੱਤਿਆਂ ਦੀ ਤਹਿ ਮੋਟੀ ਸੀ, ਜਿਵੇਂ ਕੋਈ ਕਾਲੀਨ ਵਿਛਿਆ ਹੋਵੇ। ਸ਼ਾਇਦ ਪੱਤਿਆਂ ਵਿਚ ਸਰਸਰਾਹਟ ਹੋਈ। ਜਾਂ ਇਹ ਗੌਰੀ ਸ਼ੰਕਰ ਦਾ ਸ਼ੱਕ ਸੀ ਕਿਉਂਕਿ ਉਹਨੂੰ ਉਹ ਸੱਪ ਯਾਦ ਆ ਗਏ ਸਨ ਜੋ ਰਾਤਾਂ ਵਿਚ ਕੁੰਤੀ ਦੇ ਬਿਸਤਰੇ ਉੱਤੇ ਚਲੇ ਜਾਂਦੇ ਸਨ, ਜਿਵੇਂ ਕਿ ਗੋਪੀ ਕ੍ਰਿਸ਼ਨ ਨੇ ਬਿਆਨ ਕੀਤਾ ਸੀ-ਉਹ ਸੱਪ ਹੁਣ ਗੋਪੀ ਕ੍ਰਿਸ਼ਨ ਦੇ ਸੁਪਨਿਆਂ ਵਿਚ ਟਹਿਲਣ ਲੱਗੇ ਸਨ। ਜਿੱਥੇ ਸ਼ੱਕ ਸੀ, ਗੌਰੀ ਸ਼ੰਕਰ ਨੇ ਉਹੀ ਪੈਰ ਰੱਖਿਆ। ਕੋਈ ਸੱਪ ਨਹੀਂ ਸੀ। ਸਿਰਫ਼ ਸੰਨਾਟਾ ਸੀ। ਉਹ ਸੰਨਾਟੇ ਵਿਚ ਉਹ ਅੱਗੇ ਵਧੇ। ਜਿੱਥੇ ਆਕਾਸ਼ ਦੀ ਚਾਦਰ ਖ਼ਤਮ ਹੁੰਦੀ ਸੀ, ਉਤਾਂਹ ਦਰਖ਼ਤਾਂ ਦੇ ਹੇਠਾਂ ਝੌਂਪੜੀ ਦੇ ਆਕਾਰ ਦੀਆਂ ਲੋਹੇ ਦੀਆਂ ਛੜਾਂ ਦੀ ਸ਼ਕਲ ਸੀ ਜਿਸ ਵਿਚ ਜੰਗ ਲੱਗੀ ਹੋਈ ਸੀ। ਝੌਂਪੜੀ ਵਿਚ ਹਵਾ ਦੀਆਂ ਕੰਧਾਂ ਸਨ ਅਤੇ ਹਵਾ ਦਾ ਦਰਵਾਜ਼ਾ ਸੀ-ਖਿੜਕੀ ਦੀ ਕੋਈ ਜ਼ਰੂਰਤ ਨਹੀਂ ਸੀ। ਗੌਰੀ ਸ਼ੰਕਰ ਹੱਥ ਵਿਚ ਖ਼ਾਲੀ ਬੋਤਲ ਲਈ ਝੌਂਪੜੀ ਦੇ ਵਿਚ ਖਲੋ ਗਏ, ਜਿੱਥੇ ਪੱਤੀਆਂ ਵਿੱਛੀਆਂ ਹੋਈਆਂ ਸਨ। ਸਾਰੇ ਪਾਸੇ ਖੁੱਲ੍ਹੇ ਸਨ, ਜਿਵੇਂ ਜੰਗਲ ਇੱਥੇ ਰਹਿੰਦਾ ਹੋਵੇ ਤੇ ਹੁਣੇ ਸਵੇਰੇ ਦੀ ਸੈਰ ਲਈ ਨਿਕਲਿਆ ਹੋਵੇ।

ਸੱਭਿਅਤਾ ਦਾ ਜੰਗਲ!

ਗੌਰੀ ਸ਼ੰਕਰ ਬੁੜਬੁੜਾਏ ਜਦੋਂ ਇਕ ਸ਼ਾਮ ਉਹ ਟੈਂਟ ਵਿਚ ਵੜ੍ਹੇ ਅਤੇ ਉਹਨਾਂ ਨੇ ਵੇਖਿਆ ਕਿ ਪਲੰਗ ਵੀ ਗ਼ਾਇਬ ਹੈ। ਕੋਨਿਆਂ ਵਿਚ ਹਨ੍ਹੇਰਾ ਸੀ। ਉਹਨਾਂ ਨੇ ਮੋਮਬੱਤੀ ਬਾਲੀ ਅਤੇ ਇਕ ਕੋਨੇ ਤੋਂ ਕੈਂਪ-ਕਿੱਟ ਕੱਢਕੇ ਉਸਨੂੰ ਖੋਲ੍ਹਿਆ ਅਤੇ ਵਿਛਾ ਦਿੱਤਾ। ਪਲੰਗ-ਚੋਰ ਨੂੰ ਉਹਨਾਂ ਦੇ ਬਿਸਤਰੇ ਵਿਚ ਦਿਲਚਸਪੀ ਨਹੀਂ ਸੀ। ਉਹ ਵਿਚ ਲਾਵਾਰਿਸ ਪਿਆ ਸੀ। ਉਹਨਾਂ ਨੇ ਬਿਸਤਰ ਚੁੱਕ ਕੇ ਮੰਜੀ ਉੱਤੇ ਲਾ ਲਿਆ। ਇਹ ਚੋਰਾਂ ਦਾ ਸਿਲਸਿਲਾ ਪਹਿਲੇ ਦਿਨ ਤੋਂ ਹੀ ਟੀ. ਵੀ. ਨਾਲ ਸ਼ੁਰੂ ਹੋ ਗਿਆ ਸੀ। ਉਹ ਹਰ ਵਾਰ ਜਦੋਂ ਮੁੜਦੇ ਤਾਂ ਕੋਈ-ਨਾ-ਕੋਈ ਚੀਜ਼ ਗ਼ਾਇਬ ਹੁੰਦੀ। ਹੁਣ ਟੈਂਟ ਵਿਚ ਚਾਰਪਾਈ ਦੇ ਇਲਾਵਾ ਇਕ ਘੜਾ ਅਤੇ ਗਲਾਸ ਅਤੇ ਬੋਤਲ ਬਚੇ ਸਨ। ਉਹਨੂੰ ਇਹ ਖ਼ਿਆਲ ਜ਼ਰੂਰ ਆਇਆ ਕਿ ਕਿਸੇ ਹੋਰ ਚੀਜ਼ ਦੀ ਜ਼ਰੂਰਤ ਵੀ ਨਹੀਂ ਸੀ।

ਉਹ ਫਿਰ ਬਾਹਰ ਨਿਕਲ ਪਏ। ਨੰਨਾ ਗਵਾਂਢੀ ਜੰਗਲ ਅਨ੍ਹੇਰੇ ਦਾ ਜੰਗਲ ਹੋ ਗਿਆ ਸੀ। ਦਰਖ਼ਤ ਜਿਵੇਂ ਇਕ ਦੂਸਰੇ ਨਾਲ ਲਿਪਟ ਗਏ ਸਨ। ਧਰਤੀ ਉੱਤੇ ਠੋਸ ਅੰਧਕਾਰ ਸੀ। ਪਰਲੇ ਸਿਰੇ ਉੱਤੇ 'ਮਜ਼ਾ ਜਨਤੰਤਰ' ਮਾਲ ਦੀਆਂ ਰੋਸ਼ਨੀਆਂ ਆਕਾਸ਼ ਵਿਚ ਫੈਲ ਰਹੀਆਂ ਸਨ, ਜਿਵੇਂ ਜੰਗਲ ਉੱਤੇ ਰਾਜ ਕਰ ਰਹੀਆਂ ਹੋਣ। ਉਹ ਸੱਜੇ ਪਾਸੇ ਮੁੜ ਗਏ। ਖੱਬੇ ਪਾਸੇ ਬੌਣੇ-ਝਾੜ-ਝੰਗਾੜ ਦੂਰ ਤੱਕ ਪੈਲੇ ਸਨ ਜਿਹਨਾਂ ਤੋਂ ਪਰਾਂਹ ਗੋਮਤੀ ਨਦੀ ਸਦੀਆਂ ਤੋਂ ਬਹਿ ਰਹੀ ਸੀ। ਹਨ੍ਹੇਰੇ ਨੇ ਝਾੜ-ਝੰਗਾੜ ਨੂੰ ਆਪਣੀ ਗੋਦ ਵਿਚ ਲੁਕਾ ਲਿਆ ਸੀ। ਨਦੀ ਹਨ੍ਹੇਰੇ ਦੇ ਉਸ ਪਾਰ ਸੀ ਜਿਵੇਂ ਗੌਰੀ ਸ਼ੰਕਰ ਦੇ ਅੰਦਰ ਵਹਿ ਰਹੀ ਹੋਵੇ। ਨਵਾਂ ਨਗਰ ਸੜਕ ਦੇ ਸੱਜੇ ਪਾਸੇ ਜਗਮਗਾ ਰਿਹਾ ਸੀ। ਤਿੰਨ-ਮੰਜ਼ਿਲੀ ਇਮਾਰਤਾਂ ਵਿਚ ਰੋਸ਼ਨੀਆਂ ਦੇ ਵਿਚ ਅਨ੍ਹੇਰਾ ਸੀ ਅਤੇ ਉੱਤੇ ਆਕਾਸ਼ ਵਿਚ ਰੋਸ਼ਨੀ ਦੇ ਪਰਛਾਵੇਂ ਸਨ। ਨਵਾਂ ਨਗਰ ਅਤੇ ਨਦੀ ਦੇ ਵਿਚ ਚੱਲਦੇ ਹੋਏ ਉਹਨੂੰ ਲੱਗਿਆ, ਜਿਵੇਂ ਉਹ ਨਵੇਂ ਨਗਰ ਦੀ ਪਰਿਕਰਮਾ ਕਰ ਰਹੇ ਹੋਣ। ਜਿਵੇਂ ਉਹਨਾਂ ਨੂੰ ਕੋਈ ਮੰਤਰ ਵੀ ਬੋਲਣਾ ਚਾਹੀਦਾ ਹੈ। ਸੱਭਿਅਤਾ ਦਾ ਜੰਗਲ, ਸੱਭਿਅਤਾ ਦਾ ਜੰਗਲ-ਉਹਨਾਂ ਦੇ ਬੁੱਲ੍ਹ ਹਿੱਲੇ। ਫਿਰ ਜਿਵੇਂ ਚਮਤਕਾਰ ਹੋਇਆ ਹੋਵੇ,



ਉਹਨੂੰ ਨਦੀ ਦੇ ਵਹਿਣ ਦੀ ਆਵਾਜ਼ ਸੁਣਾਈ ਦਿੱਤੀ। ਸੜਕ ਪਾਰ ਸੰਨਾਟਾ ਸੀ। ਆਵਾਜ਼ ਉਹਨਾਂ ਦੇ ਅੰਦਰੋਂ ਉੱਠ ਰਹੀ ਸੀ। ਉਹ ਸੜਕ ਦੇ ਡਿਵਾਈਡਰ ਉੱਤੇ ਬੈਠ ਗਏ ਅਤੇ ਨਦੀ ਦੇ ਸਵਰ ਸੁਣਨ ਲੱਗੇ।

ਇਹ ਬੀਆਬਾਨ ਸੜਕ ਸੀ। ਰਾਤ ਵਿਚ ਇੱਥੇ ਕੋਈ ਨਹੀਂ ਆਉਂਦਾ ਸੀ। ਸ਼ਾਇਦ ਨਵੇਂ ਨਗਰ ਦੇ ਪੱਛਮ ਵਿਚ ਵੱਸੇ ਪੁਰਾਣੇ ਪਿੰਡ ਦੀ ਯਾਦ ਚੇਤਿਆਂ ਵਿਚ ਆਉਂਦੀ ਹੋਵੇ ਜਦੋਂ ਇਸ ਅਦ੍ਰਿਸ਼ ਸੜਕ ਉੱਤੇ ਗਿੱਦੜ ਅਤੇ ਸੀਅਰ ਹਵਾਂਕਦੇ ਬੋਲਦੇ ਸਨ। ਇਸੇ ਪਿੰਡ ਦੇ ਕਿਸਾਨਾਂ ਨੇ ਆਵਾਸ ਵਿਕਾਸ ਉੱਤੇ ਦਾਅਵਾ ਕੀਤਾ ਸੀ। ਗੌਰੀ ਸ਼ੰਕਰ ਅੱਗੇ ਵਧਕੇ ਫਿਰ ਸੱਜੇ ਮੁੜ ਗਏ ਜਿਵੇਂ ਇਹ ਪਰਿਕਰਮਾ ਦਾ ਅਗਲਾ ਪੜਾ ਹੋਵੇ। ਇੱਥੇ ਦੋਹਾਂ ਪਾਸੇ ਕੁਝ ਸੂਰ ਲੇਟੇ ਹੋਏ ਸਨ ਅਤੇ ਹਵਾ ਵਿਚ ਬਦਬੂ ਸੀ। ਉਹਨਾਂ ਨੇ ਨੱਕ ਉੱਤੇ ਰੁਮਾਲ ਰੱਖਿਆ ਅਤੇ ਅੱਗੇ ਵੱਧ ਗਏ। ਢਾਬੇ ਦੇ ਸਾਹਮਣੇ ਪਹੁੰਚ ਕੇ ਉਹਨਾਂ ਨੇ ਨੱਕ ਤੋਂ ਰੁਮਾਲ ਹਟਾ ਲਿਆ। ਉਹ ਢਾਬੇ ਦੇ ਸਾਹਮਣੇ ਪਏ ਬੈਂਚ ਉੱਤੇ ਬੈਠ ਗਏ ਅਤੇ ਉਹਨਾਂ ਨੇ ਕਿਸ਼ਨ ਨੂੰ ਸਬਜ਼ੀ-ਰੋਟੀ ਲਿਆਉਣ ਕਿਹਾ। ਉਹ ਮੁੰਡੇ ਨੂੰ ਉਸਦੇ ਨਾਂ ਨਾਲ ਬੁਲਾਂਦੇ ਸਨ। ਦੂਸਰਿਆਂ ਵਾਂਗ 'ਲੜਕਾ' ਨਹੀਂ ਕਹਿੰਦੇ ਸਨ। ਕਿਸ਼ਨ ਨੇ ਅੱਜ ਨੀਲਾ ਸਵੈਟਰ ਵੀ ਲਾਹ ਦਿੱਤਾ ਸੀ ਜੋ ਉਹ ਸਾਰੀਆਂ ਸਰਦੀਆਂ ਪਾਉਂਦਾ ਰਿਹਾ ਸੀ। ਜਿਵੇਂ ਹੁਣ ਠੰਢ ਖ਼ਤਮ ਹੋ ਗਈ ਹੋਵੇ। ਪਰ ਆਸੇ-ਪਾਸੇ ਸਾਰੇ ਲੋਕ ਅਜੇ ਵੀ ਗਰਮ ਕੱਪੜੇ ਪਾਉਂਦੇ ਸਨ। ਗੌਰੀ ਸ਼ੰਕਰ ਨੂੰ ਖੁੱਲ੍ਹੀ ਹਵਾ ਵਿਚ ਸਰਦੀ ਜ਼ਿਆਦਾ ਲੱਗਦੀ ਸੀ। ਉਹਨਾਂ ਨੇ ਸਵੈਟਰ ਉੱਤੇ ਕੋਟ ਪਾਇਆ ਹੋਇਆ ਸੀ।

ਗੌਰੀ ਸ਼ੰਕਰ ਨੇ ਖਾਣਾ ਖਾ ਕੇ ਨਵੇਂ ਨਗਰ ਦੀ ਬਾਕੀ ਪਰਿਕਰਮਾ ਪੂਰੀ ਕੀਤੀ। ਪਰਿਕਰਮਾ ਕਰਦੇ ਹੋਏ ਲੋਕਾਂ ਦੇ ਮਨ ਵਿਚ ਕੋਈ ਮਨੋ-ਕਾਮਨਾ ਹੁੰਦੀ ਹੈ, ਚਾਹੇ ਉਹ ਉਸੇ ਜ਼ੁਬਾਨ ਉੱਤੇ ਲਿਆਂਦੇ ਜਾਂ ਨਾ ਲਿਆਂਦੇ। ਗੌਰੀ ਸ਼ੰਕਰ ਦਾ ਮਨ ਖ਼ਾਲੀ ਸੀ। ਉਹਨਾਂ ਨੇ ਉਸਨੂੰ ਖ਼ੂਬ ਭਾਲਿਆ। ਉੱਥੇ ਸਿਰਫ਼ ਨਦੀ ਦੀ ਫੁਸਫੁਸਾਹਟ ਸੀ। ਉਹ ਟੈਂਟ ਵਿਚ ਵੜ੍ਹੇ। ਆਪਣਾ ਹੀ ਹੱਥ ਨਾ ਦਿੱਸੇ, ਅਜਿਹਾ ਹਨ੍ਹੇਰਾ ਸੀ। ਉਹਨਾਂ ਨੇ ਮੋਮਬੱਤੀ ਜਗਾਈ। ਟੈਂਟ ਅਚਾਨਕ ਜਗ ਪਿਆ। ਉਹਨੂੰ ਲੱਗਾ ਜਿਵੇਂ ਅੰਦਰ ਦੀ ਫੁਸਫੁਸਾਹਟ ਬਾਹਰ ਆ ਗਈ ਹੋਵੇ। ਚਾਰਪਾਈ ਉੱਤੇ ਕੰਬਲ ਨਹੀਂ ਸੀ। ਸ਼ਾਇਦ ਉਦੋਂ ਵੀ ਨਹੀਂ ਸੀ ਜਦੋਂ ਉਹਨਾਂ ਨੇ ਕੈਂਪ-ਕਿੱਟ ਖੋਲ੍ਹੀ। ਉਹਨਾਂ ਨੂੰ ਖ਼ਿਆਲ ਨਹੀਂ ਆਇਆ। ਉਹ ਕੋਟ ਪਾਈ ਹੀ ਮੋਮਬੱਤੀ ਦੀ ਰੋਸ਼ਨੀ ਵਿਚ ਲੇਟ ਗਏ ਅਤੇ ਹੇਠਾਂ ਵਿੱਛੀ ਚਾਦਰ ਉੱਤੇ ਲੈ ਲਈ।

ਤਦ ਸਵੇਰੇ ਸੂਰਜ ਨਹੀਂ ਨਿਕਲਿਆ ਸੀ ਜਦੋਂ ਰਾਮਕੁਮਾਰ ਹੱਥ ਵਿਚ ਬੈਗ ਫੜੀ ਆਟੋ ਤੋਂ ਉੱਤਰੇ ਅਤੇ ਪਿੱਪਲ ਦੇ ਹੇਠਾਂ ਤੰਬੂ ਵੱਲ ਵਧੇ। ਉਹ ਰਾਲੇਗਣ ਸਿੱਧੀ ਤੋਂ ਮੁੜ ਰਹੇ ਸਨ। ਪਰਦਾ ਹਟਾਕੇ ਉਹ ਅੰਦਰ ਵੜ੍ਹੇ। ਚਾਰਪਾਈ ਉੱਤੇ ਗੌਰੀ ਸ਼ੰਕਰ ਕੋਟ-ਪੈਂਟ ਪਾਈ ਲੇਟੇ ਸਨ ਅਤੇ ਚਾਦਰ ਹੇਠਾਂ ਘਾਹ ਉੱਤੇ ਪਈ ਸੀ। ਰਾਮਕੁਮਾਰ ਮੁਸਕਰਾਏ। ਸ਼ਾਇਦ ਗੌਰੀ ਸ਼ੰਕਰ ਬ੍ਰਹਮ-ਮਹੂਰਤ ਵਿਚ ਸੈਰ ਕਰ ਆਏ ਅਤੇ ਫਿਰ ਸੌਂ ਗਏ। ਉਹ ਚਾਰਪਾਈ ਦੇ ਕੋਲ ਪਹੁੰਚੇ। ਅਰੇ, ਗੌਰੀ ਸ਼ੰਕਰ ਦੀਆਂ ਅੱਖਾਂ ਖੁੱਲ੍ਹੀਆਂ ਸਨ। ਉਹਨਾਂ ਨੇ ਬੁਲਾਇਆ: ਗੌਰੀ ਸ਼ੰਕਰ, ਗੌਰੀ ਸ਼ੰਕਰ! ਉਹਨਾਂ ਨੇ ਗੌਰੀ ਸ਼ੰਕਰ ਦਾ ਹੱਥ ਫੜ ਕੇ ਹਿਲਾਇਆ। ਫਿਰ ਉਹਨਾਂ ਦੀਆਂ ਅੱਖਾਂ ਉੱਤੇ ਪਲਕਾਂ ਨੀਵੀਆਂ ਕਰ ਦਿੱਤੀਆਂ।

ਰਾਮਕੁਮਾਰ ਤੰਬੂ ਵਿਚੋਂ ਬਾਹਰ ਆਏ ਅਤੇ ਚੀਖ਼ੇ:

"ਕੋਈ ਮਰ ਗਿਆ ਹੈ, ਕਿਸੇ ਨੂੰ ਖ਼ਬਰ ਨਹੀਂ।"

ਇਹ ਨਵੇਂ ਨਗਰ ਵਿਚ ਦੂਜੀ ਮੌਤ ਸੀ।

-0-

ਹਰਬੰਸ ਸਿੰਘ ਧੀਮਾਨ: 098152-18545
ਰਵਿੰਦਰ ਵਰਮਾ: 09839434149

# ਐਬ ਤਾਂ ਇਕ ਮਾੜਾ ਵੇ ਤੂੰ ਦੋ ਦੋ ਲਾਈ ਫਿਰਦਾ – ਗੁਰਦੇਵ ਸਿੰਘ ਰੁਪਾਣਾ

## –ਹਰਜਿੰਦਰ ਸਿੰਘ ਸੂਰੇਵਾਲੀਆ

1988 ਵਿੱਚ ਮੈਂ ਆਪਣਾ ਐਮ. ਫਿਲ. ਦਾ ਥੀਸਿਸ ਗੁਰਦੇਵ ਸਿੰਘ ਰੁਪਾਣਾ ਦੀਆਂ ਕਹਾਣੀਆਂ ਤੇ ਲਿਖਿਆ ਸੀ। ਮੇਰੇ ਗਾਈਡ ਪਦਮ ਸ੍ਰੀ ਗੁਰਦਿਆਲ ਸਿੰਘ ਨੇ ਮੈਨੂੰ ਛੋਟ ਦਿੱਤੀ ਹੋਈ ਸੀ ਕਿ ਮੈਂ ਕਿਸੇ ਵੀ ਕਹਾਣੀਕਾਰ ਤੇ ਕੰਮ ਕਰ ਸਕਦਾ ਹਾਂ। ਉਸ ਸਮੇਂ ਮੇਰੇ ਦਿਮਾਗ ਵਿੱਚ ਤਿੰਨ ਕਹਾਣੀਕਾਰ ਸਨ, ਭੁਪਿੰਦਰ ਸਿੰਘ ਪੀ. ਸੀ. ਐਸ, ਗੁਰਬਚਨ ਸਿੰਘ ਭੁੱਲਰ ਅਤੇ ਗੁਰਦੇਵ ਸਿੰਘ ਰੁਪਾਣਾ। ਆਪਣੇ ਇਲਾਕੇ ਦਾ ਹੋਣ ਕਰਕੇ ਮੈਂ ਗੁਰਦੇਵ ਸਿੰਘ ਰੁਪਾਣਾ ਦੀਆਂ ਕਹਾਣੀਆਂ ਤੇ ਹੀ ਕੰਮ ਕਰਨ ਦਾ ਮਨ ਬਣਾ ਲਿਆ ਤੇ ਗੁਰਬਚਨ ਸਿੰਘ ਭੁੱਲਰ ਤੋਂ ਖਤ ਰਾਹੀਂ ਰੁਪਾਣੇ ਦਾ ਦਿੱਲੀ ਦਾ ਪਤਾ ਲੈ ਕੇ ਖ਼ਤ ਲਿਖ ਦਿੱਤਾ। ਖ਼ਤ ਦਾ ਕੋਈ ਜਵਾਬ ਨਾ ਆਇਆ ਤਾਂ ਮੈਂ ਦੂਸਰਾ ਖ਼ਤ ਲਿਖ ਦਿੱਤਾ ਤੇ ਜਵਾਬ ਦੀ ਉਡੀਕ ਨਾ ਰੱਖੀ। ਇਸ ਸਮੇਂ ਦੌਰਾਨ ਮੇਰੀ ਗੁਰਬਚਨ ਸਿੰਘ ਭੁੱਲਰ ਨਾਲ ਖ਼ਤੋ ਖ਼ਿਤਾਬਤ ਜਾਰੀ ਰਹੀ। ਭੁੱਲਰ ਮੇਰੇ ਹਰ ਖ਼ਤ ਦਾ ਜਵਾਬ ਦਿੰਦਾ ਰਿਹਾ। ਮੈਨੂੰ ਅਫਸੋਸ ਹੋਣ ਲੱਗਿਆ ਕਿ ਮੈਂ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਨੂੰ ਕਿਉਂ ਨਾ ਚੁਣਿਆ।

ਰੁਪਾਣੇ ਦੀ ਇਕ ਅੱਖੜ ਜੱਟ ਵਾਲੀ ਇਮੇਜ਼ ਮੇਰੇ ਦਿਮਾਗ ਵਿੱਚ ਬਣ ਗਈ ਸੀ। ਮੈਂ ਵੀ ਅੱਗੋਂ ਜੱਟ ਸੀ। ਮੈਨੂੰ ਵੀ ਗੁੱਸਾ ਆਇਆ, ਮੈਂ ਸੋਚਿਆ, ਸ਼ਇਦ ਉਹ ਸੋਚਦਾ ਹੋਵੇਗਾ ਕਿ ਮੈਂ ਦਿੱਲੀ ਵਿਖੇ ਆਪਣੀ ਠਹਿਰ ਬਣਾਉਣੀ ਚਾਹੁੰਦਾ ਹਾਂ। ਮੈਂ ਟਿੰਡੀਆਂ ਲੈਣੀਆਂ ਇਹੋ–ਜਿਹੇ ਬੰਦੇ ਤੋਂ ? ਰੁਪਾਣਾ ਦੀਆਂ ਕਹਾਣੀਆਂ ਦੀਆਂ ਤਿੰਨ ਕਿਤਾਬਾਂ ਸਨ, ਇਕ ਟੋਟਾ ਔਰਤ, ਆਪਣੀ ਅੱਖ ਦਾ ਜਾਦੂ ਅਤੇ ਡਿਫੈਂਸ ਲਾਈਨ। ਮੈਂ ਇਹਨਾਂ ਕਹਾਣੀਆਂ ਤੇ ਆਪਣਾ ਡੈਜ਼ਰਟੇਸ਼ਨ ਲਿਖ ਦਿੱਤਾ ਤੇ ਭੂਮਿਕਾ ਵਿੱਚ ਲਿਖਿਆ ਕਿ ਲੇਖਕ ਵੱਲੋਂ ਸਹਿਯੋਗ ਨਾ ਮਿਲਣ ਤੇ ਮੈਂ ਉਸ ਬਾਰੇ ਕੋਈ ਜਾਣਕਾਰੀ ਨਹੀਂ ਦੇ ਸਕਿਆ। ਮੈਨੂੰ ਉਸਦੀਆਂ ਕਹਾਣੀਆਂ ਬਾਰੇ ਲਿਖਣ ਵਿੱਚ ਵੀ ਦਿੱਕਤ ਪੇਸ਼ ਆਈ ਕਿਉਂਕਿ ਉਸ ਬਾਰੇ ਆਲੋਚਨਾਤਮਕ ਲੇਖ ਤੇ ਟਿੱਪਣੀਆਂ ਬਹੁਤ ਹੀ ਘੱਟ ਮਿਲਦੀਆਂ ਹਨ। ਕਿਸੇ ਇਕ ਅੱਧ ਕਿਤਾਬ ਵਿੱਚ ਉਹਦੇ ਬਾਰੇ ਲਿਖੀ ਇਕ ਅੱਧ ਲਾਈਨ ਹੀ ਮਿਲਦੀ ਸੀ।

ਇਕ ਦਹਾਕੇ ਬਾਅਦ ਮੈਂ ਸੁਣਿਆ ਕਿ ਰੁਪਾਣਾ ਦਿੱਲੀ ਛੱਡ ਕੇ ਆਪਣੇ ਪਿੰਡ ਰੁਪਾਣੇ ਆ ਕੇ ਰਹਿਣ ਲੱਗ ਪਿਆ ਹੈ। ਇਸ ਸਮੇਂ ਦੌਰਾਨ ਮੈਂ ਵੀ ਆਪਣਾ ਪਿੰਡ ਛੱਡ ਕੇ ਮੁਕਤਸਰ ਆ ਗਿਆ ਸੀ। ਮੁਕਤਸਰ ਤੋਂ ਰੁਪਾਣਾ ਸਿਰਫ ਸੱਤ ਕਿਲੋਮੀਟਰ ਦੀ ਵਿੱਥ ਤੇ ਹੈ ਪਰ ਮੈਨੂੰ ਕਦੇ ਵੀ ਉਸਨੂੰ ਮਿਲਣ ਦੀ ਇੱਛਾ ਨਾ ਹੋਈ ਤੇ ਨਾ ਹੀ ਕੋਈ ਲੋੜ ਸੀ। ਇਥੋਂ ਦੀ ਇੱਕ ਨਵੀਂ ਬਣੀ ਸ਼ਾਇਰਾ ਨੇ ਦੱਸਿਆ ਕਿ ਰੁਪਾਣਾ ਸਾਹਿਬ ਤਾਂ ਉਸਦੀ ਦੁਕਾਨ ਤੇ ਘੰਟਿਆਂ ਬੱਧੀ ਬੈਠੇ ਰਹਿੰਦੇ ਹਨ। ਇਕ ਦਿਨ ਵਿਅੰਗ ਟੋਟਕੇ ਲਿਖਣ ਵਾਲਾ ਅਮਰਜੀਤ ਸ਼ਰਮਾ ਮੇਰੇ ਕੋਲ ਆ ਕੇ ਕਹਿਣ ਲੱਗਾ ਕਿ ਅੱਜ ਉਸਨੇ ਸ਼ਾਇਰਾ ਦੀ ਦੁਕਾਨ ਤੇ ਦੋ ਘੰਟੇ ਗੁਰਦੇਵ ਸਿੰਘ ਰੁਪਾਣਾ ਦੀ ਸੰਗਤ ਦਾ ਆਨੰਦ ਮਾਣਿਆ ਹੈ। ਸ਼ਰਮੇ ਨੇ ਦੱਸਿਆ ਕਿ ਸਾਹਿਤ ਸਭਾ ਲੱਖੇਵਾਲੀ ਵਾਲੇ ਉਸ ਨਾਲ ਰੂ–ਬ–ਰੂ ਰੱਖ ਰਹੇ ਹਨ ਪਰ ਰੁਪਾਣੇ ਨੇ ਮੈਨੂੰ ਕਹਿ ਦਿੱਤਾ ਹੈ ਕਿ ਸ਼ਰਮਾ ਤੂੰ ਤਾਂ ਭਾਵੇਂ ਲੱਖੇਵਾਲੀ ਨਾ ਹੀ ਆਵੀਂ ਕਿਉਂਕਿ ਆਪਣੀ ਤਾਂ ਅੱਜ ਹੀ ਬਹੁਤ ਰੂਹ–ਬਦਰੂਹ ਹੋ ਚੁੱਕੀ ਹੈ। ਪਰ ਅੱਜ ਤੱਕ ਉਸ ਸਾਹਿਤ ਸਭਾ ਵੱਲੋਂ ਰੁਪਾਣੇ ਨਾਲ ਰੂ–ਬ–ਰੂ ਨਹੀਂ ਰੱਖਿਆ ਗਿਆ ਪਰ ਹੋਰ ਆਸੇ ਪਾਸੇ ਦਾ ਨਿੱਕਾ–ਮੋਟਾ ਲੇਖਕ ਉਹਨਾਂ ਨੇ ਛੱਡਿਆ ਕੋਈ ਨਹੀਂ। ਰੂ–ਬ–ਰੂ ਨਾ ਹੋਣ ਦਾ ਕਾਰਨ ਵੀ ਜਾਣ ਲਵੋ–ਸਭਾ ਦੇ ਕਰਤਾ ਧਰਤਾ ਤੇ ਵੱਨ ਮੈਨ ਸ਼ੋ ਬਲਦੇਵ ਸਿੰਘ ਅਜ਼ਾਦ ਨੇ ਰੁਪਾਣੇ ਨੂੰ ਫੋਨ ਕੀਤਾ,‘ ਮੈਂ ਸਾਹਿਤ ਸਭਾ ਲੱਖੇਵਾਲੀ ਦਾ ਪ੍ਰਧਾਨ ਬੋਲ ਰਿਹਾ ਹਾਂ... ।’ ਉਸਨੂੰ ਉਮੀਦ ਸੀ ਕਿ ਰੁਪਾਣਾ ਉਸ



ਨਾਲ ਖੁਸ਼ਾਮਦੀ ਭਰੀਆਂ ਮਿੱਠੀਆਂ ਮਿੱਠੀਆਂ ਗੱਲਾਂ ਕਰੇਗਾ ਜਿਵੇਂ ਰੂ–ਬ–ਰੂ ਰੱਖੇ ਜਾਣ ਤੇ ਦੂਜੇ ਲੇਖਕ ਜਾਂ ਕੱਚ ਘਰੜ–ਲੇਖਕ ਕਰਦੇ ਹਨ। ਪਰ ਇੱਥੇ ਤਾਂ ਮਾਮਲਾ ਉਲਟ ਸੀ ਤੇ ਅੱਗੋਂ ਰੁੱਖੀ ਜਿਹੀ ਅਵਾਜ਼ ਆਈ, ‘ ਹਾਂ ਬੋਲੋ। ’ ਤੇ ਪ੍ਰਧਾਨ ਜੀ ਚੁੱਪ ਹੋ ਗਏ।

ਕੁਝ ਮਹੀਨਿਆਂ ਬਾਅਦ ਹੀ ਸਾਹਿਤ ਸਭਾ ਮੁਕਤਸਰ ਨੇ ਪਹਿਲਾ ਫੁਲੇਲ ਸਿੰਘ ਫੁੱਲ ਯਾਦਗਾਰੀ ਅਵਾਰਡ ( ਹੁਣ ਤਾਂ ਸ਼ਾਇਦ ਬੰਦ ਹੈ ) ਗੁਰਦੇਵ ਸਿੰਘ ਰੁਪਾਣੇ ਨੂੰ ਦਿੱਤਾ। ਉਹ ਥੋੜ੍ਹੇ ਜਿਹੇ ਸਮੇਂ ਲਈ ਸਮਾਗਮ ਵਿੱਚ ਆਇਆ ਤੇ ਆਪਣਾ ਨਗਦ ਨਾਂਵਾਂ ਲੈ ਕੇ ਚਲਦਾ ਬਣਿਆ। ਉਸ ਦਿਨ ਪਹਿਲੀ ਵਾਰ ਮੈਂ ਰੁਪਾਣਾ ਨੂੰ ਵੇਖਿਆ ਤੇ ਉਸ ਨਾਲ ਦੋ ਸ਼ਬਦ ਸਾਂਝੇ ਹੋਏ, ‘ ਯਾਰ ਮੈਨੂੰ ਪਤਾ ਹੈ ਤੂੰ ਮੇਰੇ ਨਾਲ ਨਰਾਜ਼ ਐਂ।’ ਜਾਂਦੇ ਜਾਂਦੇ ਉਸਨੇ ਮੇਰੇ ਨਾਲ ਹੱਥ ਮਿਲਾ ਕੇ ਕਿਹਾ ਤਾਂ ਮੈਂ ਵੀ ਮੋੜਵਾਂ ਉੱਤਰ ਦੇ ਦਿੱਤਾ, ‘ ਨਰਾਜਗੀ ਵਾਲੀ ਕੋਈ ਗੱਲ ਨਹੀਂ ਰੁਪਾਣਾ ਸਾਹਿਬ ਮੇਰਾ ਸੁਭਾਅ ਵੀ ਤੁਹਾਡੇ ਵਰਗਾ ਈ ਐ। ’

ਤੇ ਸਾਡੀ ਵਿੱਥ ਬਣੀ ਰਹੀ। ਤਿੰਨ ਚਾਰ ਸਾਲ ਹੋਰ ਬੀਤ ਗਏ ਸਨ। ਸਮਾਂ ਤਾਂ ਭੱਜਿਆ ਜਾ ਰਿਹਾ ਸੀ।

ਇਕ ਸ਼ਾਮ ਦੀ ਮਹਿਫ਼ਲ ਵਿੱਚ ਅਚਾਨਕ ਗੁਰਦੇਵ ਸਿੰਘ ਰੁਪਾਣਾ ਦੇ ਡਰਾਮਾ ਕਲਾਕਾਰ ਪੁੱਤ ਨਾਲ ਮੁਲਾਕਾਤ ਹੋ ਗਈ। ਮੁਕਤਸਰ ਦੇ ਜਗਦੇਵ ਹੋਟਲ ਦੀ ਲਾਅਨ ਵਿੱਚ ਸਾਡੀ ਸੰਸਥਾ ਡਾਇਟ ਦੇ ਪ੍ਰਿੰਸੀਪਲ ਘਰ ਪੋਤਰਾ ਹੋਣ ਦੀ ਖੁਸ਼ੀ ਦੀ ਪਾਰਟੀ ਚੱਲ ਰਹੀ ਸੀ । ਤਿੰਨ–ਤਿੰਨ, ਚਾਰ–ਚਾਰ ਪੈੱਗ ਪੀਤੇ ਜਾ ਚੁੱਕੇ ਸਨ। ਸਾਡਾ ਇਕ ਨਵਾਂ ਆਇਆ ਸਟਾਫ ਮੈਂਬਰ ਇਕ ਅਜਨਬੀ ਨੌਜ਼ਵਾਨ ਨੂੰ ਆਪਣੇ ਨਾਲ ਲੈ ਆਇਆ ਸੀ ਤੇ ਉਹ ਸਾਡੇ ਤੋਂ ਕੁੱਝ ਵਿੱਥ ’ਤੇ ਬੈਠ ਗਏ ਸਨ। ਫਿਰ ਉਹ ਨਵਾਂ ਸਟਾਫ ਮੈਂਬਰ ਆ ਕੇ ਮੈਨੂੰ ਵੀ ਆਪਣੇ ਟੇਬਲ ਤੇ ਲੈ ਗਿਆ ਤੇ ਉਸ ਨੌਜਵਾਨ ਨੂੰ ਮਿਲਾਉਂਦਿਆਂ ਬੋਲਿਆ,‘ ਏਹ ਪ੍ਰਸਿੱਧ ਲੇਖਕ ਗੁਰਦੇਵ ਸਿੰਘ ਰੁਪਾਣਾ ਦੇ ਲੜਕੇ ਪ੍ਰੀਤਪਾਲ ਨੇ ਤੇ ਇਹ ਨੇ ਕਹਾਣੀਕਾਰ ਹਰਜਿੰਦਰ ਸਿੰਘ ਸੂਰੇਵਾਲੀਆ।’ ਪ੍ਰੀਤਪਾਲ ਮੈਨੂੰ ਜੱਫੀ ਪਾ ਕੇ ਮਿਲਿਆ। ਉਹਨਾਂ ਦਿਨਾਂ ਵਿੱਚ ਮੈਗਜ਼ੀਨ ‘ ਸ਼ਬਦ ’ ਵਿੱਚ ਮੇਰੀ ਕਹਾਣੀ ‘ ਪਾਪਾ ਆਪਾਂ ਬਰਾੜ ਹੁੰਨੇ ਆਂ ’ ਛਪੀ ਸੀ । ਪ੍ਰੀਤਪਾਲ ਨੇ ਸੱਜੇ ਹੱਥ ਦੀ ਪਹਿਲੀ ਉਂਗਲ ਮੱਥੇ ’ਤੇ ਰੱਖੀ ਤੇ ਕੁਝ ਸੋਚ ਕੇ ਬੋਲਿਆ,‘ ਤੁਹਾਡੀ ਕਹਾਣੀ ਪੜ੍ਹੀ ਸੀ, ਪਾਪਾ ਆਪਾਂ ਬਰਾੜ ਹੁੰਨੇ ਆਂ, ਕਿਆ ਕਹਾਣੀ ਆ ? ਬਹੁਤ ਵਧੀਆ ਕਹਾਣੀ ਆ। ਇਹ ਕਹਾਣੀ ਤੁਸੀਂ ਲਿਖੀ ਐ ? ’ ਉਸਨੇ ਪੁੱਛਿਆ ਜਿਵੇਂ ਵਧੀਆ ਕਹਾਣੀਆਂ ਉਹਦਾ ਪਿਓ ਹੀ ਲਿਖ ਸਕਦਾ ਹੋਵੇ, ਕੋਈ ਹੋਰ ਨਹੀਂ। ਮੈਂ ਕਿਹਾ, ‘ ਹਾਂ ਇਹ ਕਹਾਣੀ ਮੈਂ ਹੀ ਲਿਖੀ ਐ। ’ ਪ੍ਰੀਤਪਾਲ ਕਾਫੀ ਨਸ਼ੇ ਵਿੱਚ ਸੀ । ਉਹ ਪਹਿਲਾਂ ਵੀ ਕਿਤੋਂ ਪੀਂਦੇ ਆਏ ਸਨ। ਉਹ ਫਿਰ ਬੋਲਿਆ,‘ ਬਹੁਤ ਹੀ ਵਧੀਆ ਕਹਾਣੀ ਐ, ਇਹ ਕਹਾਣੀ ਮੇਰੇ ਨਾਂ ਕਰ ਦੇਵੋ, ਮੈਂ ਤੁਹਾਡੇ ਨਾਂ ਇਕ ਕਿੱਲਾ ਜ਼ਮੀਨ ਦਾ ਕਰ ਦੇਵਾਂਗਾ। ਮੈਂ ਇਸ ਤੇ ਨਾਟਕ ਬਣਾਵਾਂਗਾ। ਕੀ ਇਹ ਕਹਾਣੀ ਸੱਚ–ਮੁੱਚ ਹੀ ਤੁਸੀਂ ਲਿਖੀ ਹੈ ? ’ ਪ੍ਰੀਤਪਾਲ ਨੂੰ ਜਿਵੇਂ ਅਜੇ ਵੀ ਵਿਸ਼ਵਾਸ ਨਹੀਂ ਸੀ ਆ ਰਿਹਾ। ‘ ਹਾਂ ਇਹ ਕਹਾਣੀ ਮੈਂ ਹੀ ਲਿਖੀ ਹੈ। ਕੀ ਤੂੰ ਸੱਚ–ਮੁੱਚ ਹੀ ਗੁਰਦੇਵ ਰੁਪਾਣੇ ਦਾ ਮੁੰਡਾ ਹੈਂ ? ’ ਮੈਨੂੰ ਵੀ ਕਾਫੀ ਨਸ਼ਾ ਹੋ ਗਿਆ ਸੀ ਤੇ ਮੈਨੂੰ ਜਿਵੇਂ ਯਕੀਨ ਨਹੀਂ ਹੋ ਰਿਹਾ ਸੀ ਕਿ ਏਡੇ ਵੱਡੇ ਕਹਾਣੀਕਾਰ ਦਾ ਲੜਕਾ ਮੇਰੀ ਕਹਾਣੀ ਦੀ ਤਾਰੀਫ ਕਰ ਰਿਹਾ ਸੀ। ਪ੍ਰੀਤਪਾਲ ਨੇ ਫਿਰ ਮੈਨੂੰ ਜੱਫੀ ਪਾ ਲਈ। ਸਾਡੇ ਦੂਸਰੇ ਸਟਾਫ ਮੈਂਬਰ ਹੈਰਾਨ ਸਨ ਕਿ ਕੁੱਝ ਚਿਰ ਪਹਿਲਾਂ ਦੇ ਅਜਨਬੀ ਹੁਣ ਜੱਫੀਆਂ ਪਾ ਪਾ ਮਿਲ ਰਹੇ ਹਨ।

ਇਸ ਘਟਨਾ ਤੋਂ ਥੋੜ੍ਹੇ ਦਿਨ ਬਾਅਦ ਹੀ ਗੁਰਦੇਵ ਸਿੰਘ ਰੁਪਾਣਾ ਨੂੰ ਮਿਲਣ ਦਾ ਸਬੱਬ ਬਣ ਗਿਆ। ਕਹਾਣੀਕਾਰ ਜਿੰਦਰ ਆਪਣੇ ਦਫ਼ਤਰੀ ਕੰਮ ਮੁਕਤਸਰ ਆਇਆ ਹੋਇਆ ਸੀ।

ਉਸਨੇ ਫੋਨ ਕੀਤਾ ਕਿ ਮੋਟਰਸਾਈਕਲ ਲੈ ਕੇ ਬੱਸ ਸਟੈਂਡ ਦੇ ਸਾਹਮਣੇ ਵਾਲੇ ਹੋਟਲ ਤੇ ਆ ਜਾਵਾਂ , ਰੁਪਾਣੇ ਨੂੰ ਮਿਲਨ ਜਾਣਾ ਹੈ। ਗਰਮੀ ਰੁੱਤ ਦੀ ਢਲਦੀ ਦੁਪਹਿਰ ਸੀ। ਫਿਰਨੀ ਫਿਰਨੀ ਜਾ ਕੇ ਅਸੀਂ ਪਿੰਡ ਦੇ ਦੂਜੇ ਪਾਸੇ ਚੜ੍ਹਦੇ ਵੱਲ ਜਾ ਕੇ ਰੁਪਾਣੇ ਦਾ ਘਰ ਪੁੱਛਿਆ। ਬਾਹਰਲੀ ਕੱਚੀ ਫਿਰਨੀ ਤੋਂ ਪਿੰਡ ਵੱਲ ਜਾਂਦੀ ਗਲੀ ਵਿੱਚ ਵੀਹ ਕੁ ਕਰਮਾਂ ਸੱਜੇ ਹੱਥ ਟੁੱਟੇ ਜਿਹੇ ਤਖਤਿਆਂ ਵਾਲਾ ਵੱਡਾ ਬਾਰ ਸੀ। ਸਾਹਮਣੇ ਕਾਫੀ ਭਰਤ ਪਾ ਕੇ ਛੋਟੀ ਜਿਹੀ ਕੋਠੀ ਪਾਈ ਹੋਈ ਸੀ ਜੋ ਅਜੇ ਅਧੂਰੀ ਸੀ। ਸੱਜੇ ਹੱਥ ਨੀਵਾਂ ਜਿਹਾ ਪੁਰਾਣਾ ਮਕਾਨ ਸੀ। ਕੋਠੀ ਅਤੇ ਮਕਾਨ ਦੇ ਵਿਚਕਾਰ ਪੰਦਰਾਂ ਕੁ ਫੁੱਟ ਚੌੜਾ ਰਸਤਾ ਸੀ ਜੋ ਅਗਲੇ ਮਕਾਨ ਨੂੰ ਜਾਂਦਾ ਸੀ।

ਮੈਨੂੰ ਸਾਡਾ ਪੁਰਾਣਾ ਘਰ ਯਾਦ ਆ ਗਿਆ। ਸਾਡਾ ਵੀ ਇਸੇ ਤਰ੍ਹਾਂ ਪਿੰਡ ਦੀ ਅੰਦਰਲੀ ਫਿਰਨੀ 'ਤੇ ਟੁੱਟੇ ਜਿਹੇ ਤਖਤਿਆਂ ਵਾਲਾ ਵੱਡਾ ਬਾਰ ਸੀ। ਅਧਿਆਪਕ ਪਿਤਾ ਜੀ ਨੇ ਬਦਲੀ ਨੇੜਲੇ ਪਿੰਡ ਦੀ ਕਰਵਾ ਲਈ ਸੀ ਤੇ ਅਸੀਂ ਹੁਣ ਪੱਕੇ ਤੌਰ ਤੇ ਪਿੰਡ ਰਹਿਣ ਲੱਗ ਪੈਣਾ ਸੀ, ਤਾਂ ਤਿੰਨਾਂ ਭਰਾਵਾਂ ਨੇ ਚੂਹਾ-ਚੂਹੀ ਕਰਕੇ ( ਵੱਖ -ਵੱਖ ਅਕਾਰਾਂ ਦੇ ਡੱਕੇ ਸਾਂਝੇ ਬੰਦੇ ਦੀ ਮੁੱਠੀ ਵਿੱਚੋਂ ਖਿੱਚੇ ਜਾਂਦੇ ਹਨ) ਇਸ ਮਕਾਨ ਨੂੰ ਵੰਡਿਆ ਸੀ। ਪਿਤਾ ਜੀ ਨੂੰ ਸੱਭ ਤੋਂ ਛੋਟਾ ਡੱਕਾ ਚੂਹੀ ਆ ਗਿਆ ਸੀ ਤੇ ਅਗਲੇ ਸਿਰੇ ਤੇ ਪੁਰਾਣੇ ਦੋ ਕਮਰਿਆਂ ਵਾਲਾ ਹਿੱਸਾ ਮਿਲਿਆ ਸੀ। ਦੂਜੇ ਦੋਵੇਂ ਭਰਾ ਰਲ ਗਏ ਸਨ। ਉਹਨਾਂ ਨੇ ਆਪਣੇ ਬਾਰ ਵਿੱਚੋਂ ਸਾਡਾ ਲਾਂਘਾ ਬੰਦ ਕਰ ਦਿੱਤਾ ਤੇ ਸਾਨੂੰ ਖੜ੍ਹੇ ਪੈਰ ਨਾਲ ਜਾਂਦੀ ਗਿਆਰਾਂ ਫੁੱਟੀ ਗਲੀ ਵਿੱਚ ਛੋਟਾ ਬਾਰ ਕੱਢਣਾ ਪਿਆ ਸੀ।

ਦੋ ਕਨਾਲਾਂ ਦੇ ਕਰੀਬ ਥਾਂ ਵਿੱਚ ਇਹ ਵੱਖ ਵੱਖ ਆਕ੍ਰਿਤੀਆਂ ਦੇ ਬੇਤਰਤੀਬੇ ਮਕਾਨ ਵੇਖ ਕੇ ਮੇਰਾ ਮੱਥਾ ਠਣਕਿਆ। ਇਹ ਤਾਂ ਸਪਸ਼ਟ ਹੀ ਲੜਾਈ ਝਗੜੇ ਦਾ ਮੁੱਢ ਬੱਝਿਆ ਦਿੱਸ ਰਿਹਾ ਸੀ। ਇਹ ਤੀਸਰਾ ਮਕਾਨ ਗੁਰਦੇਵ ਰੁਪਾਣਾ ਦਾ ਸੀ। ਸਧਾਰਨ ਜਿਹਾ ਮਕਾਨ ਅੰਗਰੇਜ਼ੀ ਦੇ ਅੱਖਰ ਐਲ ਦੀ ਸ਼ਕਲ ਦਾ ਸੀ ਜਿਸਦੇ ਦੇ ਇਕ ਬਾਹੀ ਤੇ ਦੋ ਕਮਰੇ , ਉਹਨਾਂ ਮੂਹਰੇ ਨੌਂ ਕੁ ਫੁੱਟ ਚੌੜਾ ਬਰਾਂਡਾ ਤੇ ਦੂਜੀ ਬਾਹੀ ਤੇ ਇਕ ਛੋਟਾ ਕਮਰਾ, ਰਸੋਈ ਅਤੇ ਗੁਸਲਖਾਨਾ ਸੀ। ਇਸ ਮਕਾਨ ਵਿੱਚ ਰੁਪਾਣਾ ਆਪਣੀ ਪਤਨੀ, ਨੂੰਹ-ਪੁੱਤ ਅਤੇ ਇਕ ਕੁਆਰੇ ਪੁੱਤ ਪ੍ਰੀਤਪਾਲ ਨਾਲ ਰਹਿ ਰਿਹਾ ਸੀ।

' ਰੁਪਾਣਾ ਸਾਹਿਬ '। ਅਸੀਂ ਵਿਹੜੇ ਵਿੱਚ ਖੜਕੇ ਅਵਾਜ਼ ਮਾਰੀ ਤਾਂ ਪੈਂਹਟ-ਸੱਤਰ ਸਾਲ ਦੀ ਮਾਤਾ ਸਾਹਮਣੇ ਵਾਲੇ ਸੱਜੇ ਕਮਰੇ ਵਿੱਚੋਂ ਨਿੱਕਲ ਕੇ ਨਾਲ ਦੇ ਕਮਰੇ ਵਿੱਚ ਵੜ ਗਈ ਤੇ ਰੁਪਾਣਾ ਇਸ ਕਮਰੇ ਦੇ ਬਾਰ ਵਿੱਚ ਆਣ ਖੜੋਤਾ। ਇਹ ਉਸਦਾ ਕਮਰਾ ਸੀ ਜਿਸਦੇ ਬਾਰ ਦੇ ਨਾਲ ਹੀ ਸਾਦਾ ਜਿਹਾ ਡਬਲ-ਬੈੱਡ ਲੱਗਿਆ ਹੋਇਆ ਸੀ। ਬੈੱਡ ਦੇ ਨਾਲ ਇੱਕ ਪਾਸੇ ਛੋਟੀ ਜਿਹੀ ਤਿਪਾਈ ਪਈ ਸੀ ਤੇ ਇਸਦੇ ਪਿੱਛੇ ਦੋ ਲੱਕੜ ਦੀਆਂ ਆਰਾਮ ਕੁਰਸੀਆਂ ਰੱਖੀਆਂ ਹੋਈਆਂ ਸਨ। ਬੈੱਡ ਦੇ ਸਾਹਮਣੇ ਵਾਲੀ ਕੰਧ ਦੇ ਨਾਲ ਲੱਕੜ ਦੇ ਮੇਜ਼ ਤੇ ਟੈਲੀਵਿਜ਼ਨ ਪਿਆ ਸੀ।

ਰੁਪਾਣਾ ਆਪਣੇ ਬੈੱਡ 'ਤੇ ਬੈਠ ਗਿਆ। ਮੈਂ ਤੇ ਜਿੰਦਰ ਨੇ ਕੁਰਸੀਆਂ ਮੱਲ ਲਈਆਂ। ਬੈੱਡ ਦੇ ਸੱਜੇ ਹੱਥ ਪਏ ਮੇਜ ਤੇ ਕਿਤਾਬਾਂ ਦਾ ਢੇਰ ਪਿਆ ਸੀ ਤੇ ਕੁੱਝ ਕਿਤਾਬਾਂ ਉਸਦੇ ਬੈਡ ਤੇ ਖਿੱਲਰੀਆਂ ਪਈਆਂ ਸਨ। ਤਿਪਾਈ ਦੇ ਇਕ ਕੋਨੇ ਤੇ ਐਸ਼-ਟਰੇਅ ਪਈ ਸੀ । ਇਕ ਕੰਧ 'ਤੇ ਉਸਦੀ ਫਰੇਮ ਕੀਤੀ ਫੋਟੋ ਟੰਗੀ ਹੋਈ ਸੀ। ਵਲੇਟੇ ਮਾਰ ਕੇ ਢਿੱਲੜ ਜਿਹੀ ਪੱਗ ਵਾਲੀ ਫੋਟੋ ਵਿੱਚ ਰੁਪਾਣਾ ਕੋਈ ਮੁਸਲਮਾਨ ਸੂਫ਼ੀ ਫਕੀਰ ਜਾਪਦਾ ਹੈ। ਇਹ ਫੋਟੋ ਕੋਟਕਪੂਰੇ ਵਾਲੇ ਸੁਭਾਸ਼ ਪਰਿਹਾਰ ਦੀ ਖਿੱਚੀ ਹੋਈ ਹੈ। ਸਰਾਣੇ ਵਾਲੇ ਪਾਸੇ ਬੈੱਡ ਦੇ ਪਾਵੇ ਨਾਲ ਮੋਟੇ ਸੰਤਰੇ ਦੀ ਬੋਤਲ ਪਈ ਸੀ ਜਿਸ ਵਿੱਚ ਪਊਆ ਕੁ ਦਾਰੂ ਬਚੀ ਹੋਈ ਸੀ। ਬੈਠਣ ਸਾਰ ਹੀ ਮੈਂ ਕਮਰੇ ਦਾ ਸਰਸਰੀ ਜਿਹਾ ਜਾਇਜ਼ਾ ਲੈ ਲਿਆ ਸੀ।



' ਕਿਹੜੀ ਪਿਆਓਗੇ ਫਿਰ ? ' ਕੁਰਸੀ ਤੇ ਬੈਠ ਕੇ ਆਸੇ ਪਾਸੇ ਵੇਖਕੇ ਕੰਨਾਂ ਤੱਕ ਮੁਸਕਰਾਉਂਦੇ ਹੋਏ ਜਿੰਦਰ ਬੋਲਿਆ। ਸ਼ਾਇਦ ਮੋਟੇ ਸੰਤਰੇ ਦੀ ਬੋਤਲ ਉਸਦੇ ਵੀ ਨਜ਼ਰ ਪੈ ਗਈ ਸੀ।

' ਜਿਹੜੀ ਲਿਆਏ ਓ ਉਹੀ ਪੀ ਲੈਣੀ। '

ਇਹ ਤਾਂ ਉਹ ਗੱਲ ਹੋਈ, ਜੇ ਤੁਸੀਂ ਸਾਡੇ ਆਏ ਤਾਂ ਕੀ ਲਿਆਉਗੇ ਤੇ ਜੇ ਅਸੀਂ ਆਈਏ ਤਾਂ ਕੀ ਦਿਉਗੇ , ਮੈਂ ਕਹਿਣਾ ਚਾਹਿਆ ਪਰ ਕਿਹਾ ਨਹੀਂ। ਅਸੀਂ ਡੇਢ ਦੋ ਘੰਟੇ ਬੈਠੇ ਰਹੇ। ਕਿਸੇ ਤੋਂ ਸੁਣਿਆ ਸੀ ਕਿ ਰੁਪਾਣਾ ਬਿਮਾਰ ਹੈ ਪਰ ਇਸ ਵਿੱਚ ਤਾਂ ਬੀਮਾਰੀ ਵਾਲੀ ਕੋਈ ਗੱਲ ਹੀ ਨਹੀਂ ਸੀ। ਉਹ ਤਾਂ ਸਿਗਰਟ 'ਤੇ ਸਿਗਰਟ ਫੂਕੀ ਜਾ ਰਿਹਾ ਸੀ। ਉਹ ਹਰ ਸਧਾਰਨ ਗੱਲ ਨੂੰ ਅਸਧਾਰਨ ਹਾਵ-ਭਾਵਾਂ ਨਾਲ ਪੇਸ਼ ਕਰ ਰਿਹਾ ਸੀ। ਗੱਲ ਕਰਨ ਵੇਲੇ ਉਹ ਬੁੱਲ੍ਹਾਂ ਨੂੰ ਗੋਲ ਜਿਹਾ ਬਣਾਉਂਦਾ, ਜਿਵੇਂ ਸੀਟੀ ਮਾਰਨ ਵੇਲੇ ਬਣਾਈਦੇ ਹਨ। ਬਹੁਤੀਆਂ ਗੱਲਾਂ ਉਹ ਦਿੱਲੀ ਦੇ ਲੇਖਕਾਂ ਦੀਆਂ ਤੇ ਖਾਸ ਤੌਰ ਤੇ ਅਮ੍ਰਿਤਾ ਪ੍ਰੀਤਮ ਦੀਆਂ ਕਰ ਰਿਹਾ ਸੀ। ਉਸਦੀ ' ਨਾਗਮਣੀ ' ਵਿੱਚ ਪਹਿਲੀ ਕਹਾਣੀ ' ਇਕ ਟੋਟਾ ਔਰਤ ' ਛਪਣ 'ਤੇ ਅਮ੍ਰਿਤਾ ਨੇ ਉਸਨੂੰ ' ਨਾਗਮਣੀ ਸ਼ਾਮ ' ਵਿੱਚ ਸੱਦਾ ਦੇ ਦਿੱਤਾ ਸੀ , ਜਿਸ ਵਿੱਚ ਉਹ ਕੁਝ ਗਿਣਵਿਆਂ ਤੇ ਖਾਸ ਲੇਖਕਾਂ ਨੂੰ ਹੀ ਸੱਦਦੀ ਸੀ। ਅਮ੍ਰਿਤਾ ਦੇ ਸਿਗਰਟਾਂ ਪੀਣ ਦਾ ਤਾਂ ਸੱਭ ਨੂੰ ਪਤਾ ਹੀ ਪਰ ਉਸਨੇ ਦੱਸਿਆ ਕਿ ਅਮ੍ਰਿਤਾ ਸਾਡੇ ਨਾਲ ਬੈਠ ਕੇ ਸ਼ਰਾਬ ਵੀ ਪੀ ਲੈਂਦੀ ਸੀ। ਰੁਪਾਣੇ ਦੇ ਦਿਲ ਵਿਚ ਅਮ੍ਰਿਤਾ ਪ੍ਰਤੀ ਬਹੁਤ ਸਤਿਕਾਰ ਹੈ। ਰੁਪਾਣੇ ਮੁਤਾਬਿਕ ਅਮ੍ਰਿਤਾ ਇਕ ਸਮਝਦਾਰ ਔਰਤ ਸੀ ਜੋ ਆਪਣੇ ਆਪ ਨੂੰਔਰਤ ਨਹੀਂ ਇਨਸਾਨ ਸਮਝਦੀ ਸੀ ਅਤੇ ਮਰਦਾਂ ਵਿਚ ਬੈਠ ਕੇ ਹਰ ਮਸਲੇ ਤੇ ਵਿਚਾਰ ਕਰ ਸਕਦੀ ਸੀ ਤੇ ਮਰਦਾਵੇਂ ਲਤੀਫੇ ਸੁਣਕੇ ਖੁਸ਼ ਹੁੰਦੀ ਸੀ।

ਮੈਨੂੰ ਹੈਰਾਨੀ ਹੋ ਰਹੀ ਸੀ ਕਿ ਦਿੱਲੀ ਛੱਡ ਕੇ ਰੁਪਾਣਾ ਇਥੇ ਕਿਵੇਂ ਰਹਿ ਰਿਹਾ ਹੈ। ਹੁਣ ਤਾਂ ਪਿੰਡ ਵੀ ਸ਼ਹਿਰਾਂ ਵਰਗੇ ਬਣੇ ਪਏ ਹਨ। ਪੱਕੀਆਂ ਗਲੀਆਂ ਨਾਲੀਆਂ ਹਨ। ਪਿੰਡਾਂ ਵਿੱਚ ਹਰ ਚੀਜ਼ ਮਿਲ ਜਾਂਦੀ ਹੈ। ਰੁਪਾਣਾ ਪਿੰਡ ਵੀ ਅੱਡੇ ਵਾਲੇ ਪਾਸੇ ਪੱਛਮ ਤੋਂ ਕਸਬਾ ਹੀ ਹੈ ਪਰ ਜਿਸ ਪਾਸੇ ਗੁਰਦੇਵ ਰੁਪਾਣੇ ਦਾ ਘਰ ਹੈ, ਇਸ ਪਾਸੇ ਦਾ ਪਿੰਡ ਚਾਲੀ ਸਾਲ ਪੁਰਾਣਾ ਜਾਪ ਰਿਹਾ ਸੀ। ਟੋਇਆਂ ਵਾਲੀ ਕੱਚੀ ਫਿਰਨੀ 'ਤੇ ਥਾਂ ਥਾਂ ਪਾਣੀ ਦੇ ਚੀਲ੍ਹੇ ! ਪਰ ਰੁਪਾਣਾ ਪਿੰਡ ਰਹਿ ਕੇ ਵੀ ਖੁਸ਼ ਹੈ। ਉਹ ਪਿੰਡ ਦੇ ਲੋਕਾਂ ਨਾਲ ਤਾਸ਼ ਖੇਡਦਾ ਹੈ। ਉਸ ਨੂੰ ਦੁੱਖ ਹੈ ਕਿ ਪਿੰਡ ਵਿੱਚ ਹੁਣ ਕੋਈ ਵਿਰਲਾ ਟਾਂਵਾਂ ਹੀ ਉਸਦਾ ਤਾਇਆ ਚਾਚਾ ਹੈ। ਕਿਸੇ ਦਿੱਲੀ ਵਾਲੇ ਬੰਦੇ ਨੇ ਵੀ ਉਸਤੋਂ ਇਹ ਸਵਾਲ ਪੁੱਛ ਲਿਆ ਸੀ ਕਿ ਉਹ ਪਿੰਡ ਵਿੱਚ ਕਿਵੇਂ ਰਹਿ ਰਿਹਾ ਹੈ ਤਾਂ ਰੁਪਾਣੇ ਨੇ ਆਪਣੇ ਸੁਭਾਅ ਅਨੁਸਾਰ ਉਸਨੂੰ ਜਵਾਬ ਦਿੱਤਾ ਸੀ ਕਿ ਦਿੱਲੀ ਵਰਗੇ ਖੋਤੇ ਇੱਥੇ ਵੀ ਬਹੁਤ ਹਨ।

ਵਾਪਸ ਮੁੜੇ ਆ ਰਹੇ ਸਾਂ ਤਾਂ ਮੈਂ ਸੋਚ ਰਿਹਾ ਸੀ ਕਿ ਇਸ ਬੰਦੇ ਨੂੰ ਪਹਿਲਾਂ ਕਿਉਂ ਨਾ ਮਿਲਿਆ।

ਤੇ ਫਿਰ ਸਾਡਾ ਮੁਲਾਕਾਤਾਂ ਦਾ ਸਿਲਸਿਲਾ ਚੱਲ ਪਿਆ। ਇਸ ਸਮੇਂ ਗੁਰਸੇਵਕ ਸਿੰਘ ਪ੍ਰੀਤ ਨਵਾਂ ਨਵਾਂ ਕਹਾਣੀ ਲਿਖਣ ਲੱਗਿਆ ਸੀ ਤੇ ਉਸਨੇ ਰੁਪਾਣੇ ਨੂੰ ਆਪਣਾ ਗੁਰੂ ਧਾਰ ਲਿਆ ਸੀ। ਗੁਰੂ ਅਕਸਰ ਹੀ ਚੇਲੇ ਕੋਲ ਆਇਆ ਰਹਿੰਦਾ।

' ਜੱਟਾ ਕੀ ਕਰਦੈਂ ? ਆ ਜਾ ਰੁਪਾਣਾ ਸਾਹਿਬ ਆਏ ਹੋਏ ਨੇ।' ਪ੍ਰੀਤ ਦਾ ਮੈਨੂੰ ਫੋਨ ਆਉਂਦਾ।

ਅਸੀਂ ਦੇਰ ਤੱਕ ਬੈਠੇ ਰਹਿੰਦੇ। ਰਾਤ ਉਤਰ ਆਉਂਦੀ ਤਾਂ ਉਸਨੂੰ ਪਿੰਡ ਛੱਡ ਕੇ ਆਉਂਦੇ। ਕਦੇ ਪ੍ਰੀਤ ਆਪਣੀ ਕਾਰ ਲੈ ਜਾਂਦਾ ਤੇ ਕਦੇ ਮੈਂ। ਪਤਨੀ ਨੂੰ ਪਤਾ ਹੁੰਦਾ ਸੀ । ਵਾਪਸ

ਆਏ ਨੂੰ ਉਹ ਪੁੱਛਦੀ ,' ਛੱਡ ਆਏ ਡੋਲੇ ਨੂੰ ?'

ਰੁਪਾਣਾ ਅਕਸਰ ਦਿੱਲੀ ਦੇ ਲੇਖਕਾਂ ਬਾਰੇ ਹੀ ਗੱਲਾਂ ਕਰਦਾ -ਬਜ਼ੁਰਗਾਂ ਵਾਂਗ ਜਿਨ੍ਹਾਂ ਕੋਲ ਭਵਿਖ ਨਹੀਂ ਬਸ ਭੂਤ-ਕਾਲ ਹੀ ਹੁੰਦਾ ਹੈ। ਰੁਪਾਣੇ ਦੀ ਸੰਗਤ ਮਾਣ ਕੇ ਤੁਸੀਂ ਤਰੋ ਤਾਜਾ ਮਹਿਸੂਸ ਕਰੋਗੇ ਤੇ ਮਨ ਹਲਕਾ ਫੁਲਕਾ ਹੋ ਜਾਂਦਾ ਹੈ ਜਿਵੇਂ ਕੋਈ ਕਾਮੇਡੀ ਫਿਲਮ ਵੇਖ ਕੇ ਨਿਕਲੇ ਹੋਵੋ। ਰੁਪਾਣਾ ਮੂਡ ਵਿੱਚ ਹੋਵੇ ਜਾਂ ਦੋ ਘੁੱਟ ਅੰਦਰ ਗਈ ਹੋਵੇ ਤਾਂ ਟੋਟਕੇ ਲਤੀਫੇ ਉਸਦੇ ਮੂਹੋਂ ਇਸ ਤਰ੍ਹਾਂ ਡਿਗਦੇ ਹਨ ਜਿਵੇਂ ਪੱਕੇ ਬੇਰਾਂ ਵਾਲੀ ਟਾਹਣੀ ਹਿਲਾਉਣ ਤੇ ਪੱਕੇ ਬੇਰ ਡਿਗਦੇ ਹਨ। ਤਾਰਾ ਸਿੰਘ ਬਾਰੇ ਉਹ ਕਹਿੰਦਾ ਹੈ ਕਿ ਗਰੀਬ ਬੰਦਾ ਅਮੀਰਾਂ ਵਾਲੀਆਂ ਬਿਮਾਰੀਆਂ ਸਹੇੜੀ ਬੈਠਾ ਸੀ। ਬਲੱਡ ਪ੍ਰੈਸ਼ਰ ਤੇ ਸ਼ੂਗਰ ਨੂੰ ਉਹ ਅਮੀਰਾਂ ਦੀਆਂ ਬੀਮਾਰੀਆਂ ਮੰਨਦਾ ਹੈ। ਤਾਰਾ ਸਿੰਘ ਨੂੰ ਉਹ ਛੇੜਦਾ ਹੁੰਦਾ ਸੀ-

ਤਾਰਾ ਸਿੰਘ ਸੀ ਯਾਰ ਫਿਰੰਗੀਆਂ ਦਾ,
ਅੱਜ ਕੱਲ ਹੈ ਭੁਖੀਆਂ ਨੰਗੀਆਂ ਦਾ।

ਇਕ ਵਾਰ ਤਾਰਾ ਸਿੰਘ ਨੇ ਆ ਕੇ ਉਸ ਨੂੰ ਹੁਕਮ ਦਿੱਤਾ ਕਿ ਫਟਾ ਫਟ ਤਿਆਰ ਹੋ ਜਾ, ਵਧੀਆ ਕੱਪੜੇ ਪਾ ਲੈ ਤੇ ਟਾਈ ਵੀ ਲਾ ਲੈ, ਆਪਾਂ ਮਹਿੰਦਰ ਸਿੰਘ ਮਠਾੜੂ ਨੂੰ ਮਿਲਣ ਜਾਣਾ ਹੈ। ਮਹਿਦਰ ਸਿੰਘ ਮਠਾੜੂ ਦਿੱਲੀ ਦਾ ਇਕ ਅਮੀਰ ਕਾਰਖਾਨੇਦਾਰ ਸੀ ਅਤੇ ਉਹ ਪੰਜਾਬੀ ਲੇਖਕਾਂ ਕਲਾਕਾਰਾਂ ਦੀ ਮਦਦ ਕਰਕੇ ਇਹ ਸਮਝਦਾ ਸੀ ਕਿ ਉਹ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਿਹਾ ਹੈ। ਮਠਾੜੂ ਦੇ ਦਫ਼ਤਰ ਜਾ ਕੇ ਉਸਨੇ ਮਹਿੰਦਰ ਸਿੰਘ ਨੂੰ ਰੁਪਾਣੇ ਦੀ ਜਾਣ ਪਹਿਚਾਣ ਕਰਵਾਉਂਦਿਆਂ ਕਿਹਾ, ' ਮਿਲੋ ਇਨ੍ਹਾਂ ਨੂੰ , ਇਹ ਨੇ ਡਾ. ਗੁਰਦੇਵ ਸਿੰਘ ਰੁਪਾਣਾ, ਪੰਜਾਬੀ ਦੇ ਬਹੁਤ ਵੱਡੇ ਲੇਖਕ ਅਤੇ ਰੁਪਾਣੇ ਪਿੰਡ ਦੇ ਲੈਂਡਲਾਰਡ...। '

ਮਠਾੜੂ ਨੇ ਤਾਰਾ ਸਿੰਘ ਨੂੰ ਪੁੱਛਿਆ ਕਿ ਕਿਵੇਂ ਆਉਣੇ ਹੋਏ । ਤਾਰਾ ਸਿੰਘ ਨੇ ਦੱਸਿਆ ਕਿ ਬੇਟੀ ਦਾ ਵਿਆਹ ਧਰਿਆ ਹੋਇਆ ਹੈ। ਉਸੇ ਵਕਤ ਮਠਾੜੂ ਨੇ ਆਪਣੇ ਮੇਜ਼ ਦੀ ਦਰਾਜ਼ ਵਿੱਚੋਂ ਪੰਜ ਹਜਾਰ ਦੀ ਗੁੱਟੀ ਕੱਢ ਕੇਉਸਦੇ ਹੱਥ ਫੜਾ ਦਿੱਤੀ। ਵਾਪਸੀ ਤੇ ਰੁਪਾਣੇ ਨੇ ਤਾਰਾ ਸਿੰਘ ਨੂੰ ਪੁੱਛਿਆ ਕਿ ਤੂੰ ਯਾਰ ਮੈਨੂੰ ਨਾਲ ਕਿਉਂ ਨਾਲ ਲਿਆਇਆ ਸੀ । ਤੇ ਮਠਾੜੂ ਦਾ ਉੱਤਰ ਸੀ,

' ਜੇ ਮੈਂ ਇਕੱਲਾ ਆਉਂਦਾ ਫੇਰ ਏਸ ਨੇ ਏਨੇ ਪੈਸੇ ਥੋੜ੍ਹਾ ਦੇਣੇ ਸਨ ? ਤੇਰੀ ਵੱਡਿਆਈ ਵੀ ਮੈਂ ਤਾਂ ਹੀ ਕੀਤੀ ਸੀ ਕਿ ਤੇਰੇ ਸਾਹਮਣੇ ਇਹ ਹਜ਼ਾਰ ਪੰਜ ਸੌ ਨਹੀਂ ਦੇ ਸਕਦਾ ਸੀ...। '

' ਨਾਗਮਣੀ ਸ਼ਾਮ ' ਵਿੱਚ ਸ਼ਾਮਲ ਹੋਣ ਵਾਲੇ ਸਾਰੇ ਲੇਖਕ ਹੀ ਅਮ੍ਰਿਤਾ ਨੂੰ ਦੀਦੀ ਕਹਿੰਦੇ ਸਨ ਪਰ ਇਕੱਲਾ ਰੁਪਾਣਾ ਹੀ ਉਸ ਨੂੰ ਅਮ੍ਰਿਤਾ ਜੀ ਕਹਿੰਦਾ ਸੀ। ਇਕ ਦਿਨ ਦਵਿੰਦਰ ਸਿੰਘ ਰੁਪਾਣੇ ਨੂੰ ਕਹਿਣ ਲੱਗਾ ਕਿ ਸਾਰੇ ਹੀ ਅਮ੍ਰਿਤਾ ਜੀ ਨੂੰ ਦੀਦੀ ਕਹਿੰਦੇ ਹਨ ਪਰ ਤੂੰ ਨਾਂ ਲੈਂਦਾ ਹੈਂ, ਕੀ ਗੱਲ ? ਰੁਪਾਣਾ ਹੱਸਦਾ ਹੋਇਆ ਕਹਿਣ ਲੱਗਾ ਕਿ ਦਵਿੰਦਰ ਰਿਸ਼ਤੇ ਦਾ ਕੀ ਪਤਾ ਹੁੰਦਾ ਕਦੋਂ ਬਦਲ ਜਾਵੇ ? ਅਗਲੀ ਵਾਰ ਜਦੋਂ ਰੁਪਾਣਾ ' ਨਾਗਮਣੀ ਸ਼ਾਮ ' ਵਿੱਚ ਹਿੱਸਾ ਲੇਣ ਗਿਆ ਤਾਂ ਬੂਹੇ ਵੜਦੇ ਨੂੰ ਵੇਖ ਕੇ ਪੈਂਦੀ ਸੱਟੇ ਹੀ ਅਮ੍ਰਿਤਾ ਬੋਲ ਪਈ, ' ਰੁਪਾਣਾ ਉਸੇ ਰਿਸ਼ਤੇ ਨਾਲ ਆਇਐਂ ਕਿ ... ? ' ਇਕ ਵਾਰ ਤਾਂ ਰੁਪਾਣਾ ਥਿੜਕ ਗਿਆ ਤੇ ਮੁਕਰਨਾ ਵੀ ਮੁਸ਼ਕਲ ਸੀ ਪਰ ਫਿਰ ਉਹ ਛੇਤੀ ਹੀ ਸੰਭਲ ਗਿਆ ਤੇ ਮੱਥੇ ਤੇ ਹੱਥ ਮਾਰਦਾ ਬੋਲਿਆ,' ਬਹਿ ਗਈ ਬੇੜੀ ਦਵਿੰਦਰ ਦੀ। ' ਤੇ ਸਾਰੀ ਗੱਲ ਹਾਸੇ ਵਿੱਚ ਹੀ ਆਈ ਗਈ ਹੋ ਗਈ । ਉਸਨੇ ਅਮ੍ਰਿਤਾ ਦੀ ਇਕ ਕਵਿਤਾ ਦੀ ਪੈਰੋਡੀ ਵੀ ਬਣਾਈ ਸੀ-

ਤਾਰਾ ਤਾਰਾ ਅੱਖਰ ਜੋੜ ਕੇ
ਚਿੱਠੀ ਚੰਦ ਨੂੰ ਘੱਲੀ ਹੋ,



ਵੱਡੇ ਵੱਡੇ ਦੁੱਖ ਹੰਡਾਵੇ
ਜਿੰਦ ਅਸਾਡੀ 'ਕੱਲੀ ਹੋ।

ਰੁਪਾਣੇ ਨੇ ਆਖਰੀ ਲਾਈਨ ਵਿਚ ' ਕੱਲੀ ਦੀ ਥਾਂ ਤੇ ਗਿੱਠੀ ਕਰ ਦਿੱਤਾ ਸੀ। ਗੁੱਸਾ ਕਰਨ ਦੀ ਬਜਾਏ ਅਮ੍ਰਿਤਾ ਹੱਸ ਪਈ ਸੀ।

ਟਿੱਚਰ ਕਰਨ ਲੱਗਿਆ ਤਾਂ ਉਹ ਕਿਸੇ ਨੂੰ ਵੀ ਨਹੀਂ ਬਖਸ਼ਦਾ। ਇਕ ਵਾਰ ਅਸੀਂ ਉਸ ਨਾਲ ਤਸਵੀਰਾਂ ਖਿੱਚਵਾ ਰਹੇ ਸਾਂ ਤਾਂ ਗੁਰਸੇਵਕ ਪ੍ਰੀਤ ਨੇ ਉਸਦੇ ਵੱਡੇ ਮੁੰਡੇ ਮਿੱਠੂ ਨੂੰ ਅਵਾਜ ਮਾਰ ਕੇ ਕਿਹਾ ਕਿ ਉਹ ਵੀ ਆ ਕੇ ਨਾਲ ਖੜ ਜਾਵੇ । ' ਤੁਸੀਂ ਬੁਧੀਜੀਵੀ ਹੀ ਠੀਕ ਹੋ ਮੈਂ ਕੀ ਕਰਨੈਂ ? ' ਵਿਹੜੇ ਵਿਚ ਤੁਰੇ ਫਿਰਦੇ ਮਿੱਠੂ ਨੇ ਇਨਕਾਰ ਕਰ ਦਿੱਤਾ।

' ਆ ਜਾ, ਆ ਜਾ ਤੂੰ ਵੀ ਇਹਦੇ ਵਿਚ ਸ਼ਕਲ ਹੀ ਆਉਣੀ ਹੈ ਬੁੱਧੀ ਨਹੀਂ ਆਉਂਦੀ । ' ਪਿਤਾ ਪੁੱਤ ਨੂੰ ਵੀ ਮਖੌਲ ਕਰ ਗਿਆ ਸੀ।

ਰੁਪਾਣੇ ਦੀਆਂ ਗੱਲਾਂ ਬਹੁਤ ਦਿਲਚਸਪ ਹੁੰਦੀਆਂ ਹਨ। ਉਹ ਬੜਾ ਜਿੰਦਾ ਦਿਲ, ਟਿੱਚਰਬਾਜ਼ ਤੇ ਹਾਜ਼ਰ ਜਵਾਬ ਇਨਸਾਨ ਹੈ। ਉਸਦੀ ਹਾਜ਼ਰ ਜਵਾਬੀ ਦਾ ਲੋਹਾ ਸਾਰੇ ਹੀ ਮੰਨਦੇ ਹਨ। ਜਦੋਂ ਉਹ ਗੁਰਬਚਨ ਸਿੰਘ ਭੁੱਲਰ ਨਾਲ ਰਲ ਜਾਂਦਾ ਸੀ ਤਾਂ ਉਹ ਗੱਲ ਬਣ ਜਾਂਦੀ ਸੀ ਕਿ ਇਕ ਕਰੇਲਾ ਦੂਜਾ ਨਿੰਮ ਚੜ੍ਹਿਆ। ਜਿਵੇਂ ਕੋਈ ਮਿਰਾਸੀ ਨੂੰ ਮਖੌਲ ਕਰ ਦੇਵੇ ਤਾਂ ਮਿਰਾਸੀ ਉਸਨੂੰ ਇੱਕੀ ਦੀ ਇਕੱਤੀ ਪਾ ਦਿੰਦਾ ਹੈ ਉਵੇਂ ਰੁਪਾਣਾ ਵੀ ਜੱਟ ਮਿਰਾਸੀ ਹੈ। ਉਸਨੂੰ ਕੀਤੀ ਟਿੱਚਰ ਬੂਮ ਰਿੰਗ ਵਾਂਗ ਕਰਨ ਵਾਲੇ ਦੇ ਹੀ ਆ ਵਜਦੀ ਹੈ ।

ਇਕ ਵੇਰਾਂ ਇਕ ਲੇਖਕਾ ਨੇ ਸਾੜ੍ਹੀ ਬੰਨੀ ਹੋਈ ਸੀ । ਉਹ ਅਕਸਰ ਸਲਵਾਰ ਕਮੀਜ਼ ਹੀ ਪਹਿਨਦੀ ਸੀ। ਰੁਪਾਣਾ ਉਸਦੀ ਤਾਰੀਫ ਕਰ ਬੈਠਾ ਕਿ ਤੇਰੇ ਸਾੜ੍ਹੀ ਬਹੁਤ ਜਚਦੀ ਹੈ। ਲੇਖਕਾ ਕਹਿਣ ਲੱਗੀ ,' ਫਿਰ ਮੈਨੂੰ ਸਾੜ੍ਹੀ ਲੈ ਦੇਵੋ। '

ਰੁਪਾਣੇ ਨੇ ਹਾਜ਼ਰ ਜਵਾਬੀ ਵਿਖਾਈ , ' ਸਾੜ੍ਹੀ ਤਾਂ ਲੈ ਦਿੰਦਾ ਹਾਂ ਪਰ ਤੈਨੂੰ ਸਲਵਾਰ ਕਮੀਜ਼ ਲਾਹੁਣੀ ਪਊ...। '

ਇਕ ਵਾਰ ਗੁਲਜਾਰ ਸਿੰਘ ਸੰਧੂ ਨੇ ਉਸ ਨੂੰ ਮਸ਼ਕਰੀ ਕੀਤੀ,

' ਯਾਰ ਤੂੰ ਤਾਂ ਜਵਾਂ ਹੀ ਡੰਗਰ ਡਾਕਟਰ ਲੱਗਦਾ ਹੈਂ। '

ਰੁਪਾਣਾ ਤੁਰੰਤ ਬੋਲਿਆ, ' ਹਾਂ ਦੱਸੋ, ਕਿਹੜੀ ਝੋਟੀ ਵਿਖਾਉਣੀ ਆ ? '

ਇਕ ਵਾਰ ਭਾਪਾ ਪ੍ਰੀਤਮ ਸਿੰਘ ਨੇ ਕਹਾਣੀ ਦਰਬਾਰ ਕਰਵਾਇਆ ਤਾਂ ਰੁਪਾਣੇ ਦੀ ਕਹਾਣੀ ਅਖੀਰ ਤੇ ਰੱਖ ਲਈ। ਰੁਪਾਣੇ ਕੋਲ ਆ ਕੇ ਭਾਪਾ ਕਹਿਣ ਲੱਗਿਆ ਕਿ ਤੇਰੀ ਕਹਾਣੀ ਅਖੀਰ ਤੇ ਰੱਖੀ ਆ ਕਿਵੇਂ ਲੱਗਿਆ ? ਰੁਪਾਣਾ ਤਪਾਕ ਦੇਣੇ ਬੋਲਿਆ ,' ਸਵੀਟ ਡਿਸ਼ ਅਖੀਰ ਤੇ ਹੀ ਹੁੰਦੀ ਐ। '

ਦਿੱਲੀ ਵਿੱਚ ਇਕ ਦੋਸਤ ਦੇ ਘਰ ਰਾਤ ਦੀ ਪਾਰਟੀ ਵਿਚ ਗਿਆ ਤਾਂ ਇਕੱਲੇ ਨੂੰ ਆਏ ਵੇਖ ਕੇ ਦੋਸਤ ਨੇ ਪੁੱਛਿਆ,' ਭਰਜਾਈ ਨਹੀਂ ਆਈ ? ' ਰੁਪਾਣੇ ਦਾ ਉਤਰ ਸੀ, ' ਜੇ ਘਰਵਾਲੀ ਹੀ ਨਾਲ ਲਿਆਉਣੀ ਸੀ ਤਾਂ ਫਿਰ ਘਰੇ ਈ ਨੀ ਸੀ ਠੀਕ। '

ਦਿੱਲੀ ਵਿਖੇ ਕਰਵਾਏ ਜਾ ਰਹੇ ਕਿਸੇ ਕਵੀ ਦਰਬਾਰ ਦੇ ਸਟੇਜ ਸਕੱਤਰ ਨੇ ਜਾਣ ਬੁੱਝ ਕੇ ਅਨਾਊਂਸ ਕਰ ਦਿੱਤਾ ਕਿ ਹੁਣ ਰੁਪਾਣਾ ਜੀ ਆਪਣੀ ਕਵਿਤਾ ਪੜ੍ਹਨਗੇ । ਗੁਰਦੇਵ ਰੁਪਾਣਾ ਮਾਈਕ ਮੂਹਰੇ ਜਾ ਖੜ੍ਹਿਆ ਤੇ ਹੱਥ ਧੋਣ ਵਾਂਗ ਦੋਵੇਂ ਹੱਥ ਇਕ ਦੂਜੇ ਨਾਲ ਮਲਦਿਆਂ ਸਟੇਜ ਸਕੱਤਰ ਵੱਲ ਝਾਕ ਕੇ ਬੋਲਿਆ, ' ਕਵਿਤਾ ਤਾਂ ਜੀ ਮੈਂ ਕਦੇ ਘੜੀ ਹੀ ਨਹੀਂ ...। ' ਸਟੇਜ ਸਕੱਤਰ ਜੋ ਜਾਤ ਦਾ ਤਰਖਾਣ ਸੀ, ਇਸ ਢੰਗ ਨਾਲ ਤਿਲਮਿਲਾ ਕੇ ਰਹਿ ਗਿਆ।

ਦਵਿੰਦਰ ਸਤਿਆਰਥੀ ਬਾਰੇ ਰੁਪਾਣਾ ਦੱਸਦਾ ਹੈ,‘ ਇਕ ਵਾਰ ਸਤਿਆਰਥੀ ਕਹਿੰਦਾ ਆਓ ਰੁਪਾਣਾ ਜੀ ਤੁਹਾਨੂੰ ਆਪਣੀਆਂ ਰਚਨਾਵਾਂ ਸੁਣਾਵਾਂ। ’ ਉਹ ਪਾਰਕ ਵਿੱਚ ਜਾ ਬੈਠੇ ਅਤੇ ਸਤਿਆਰਥੀ ਨੇ ਆਪਣੇ ਬੂਟ ਲਾਹ ਦਿੱਤੇ ।

‘ ਸਤਿਆਰਥੀ ਸਾਹਿਬ ਆਪਣੀਆਂ ਜੁਰਾਬਾਂ ਵੀ ਲਾਹ ਦਿਓ। ’ ਨੰਗੇ ਪੈਰਾਂ ਵੱਲ ਵੇਖ ਕੇ ਰੁਪਾਣੇ ਨੇ ਵਿਅੰਗ ਨਾਲ ਕਿਹਾ ਤਾਂ ਸਤਿਆਰਥੀ ਨੂੰ ਕਹਿਣਾ ਪਿਆ, ‘ ਇਹ ਤੇ ਮੈਲ ਏ ਰੁਪਾਣਾ ਜੀ। ’ ਸਤਿਆਰਥੀ ਕਹਿੰਦਾ ਹੁੰਦਾ ਸੀ ਕਿ ਮੇਰੀ ਕਹਾਣੀ ਦਾ ਅੱਗਾ ਤੇ ਪਿੱਛਾ ਠੀਕ ਕਰ ਦੇਵੋ ਵਿੱਚ ਵਿਚਾਲੇ ਆਲੂ ਤਾਂ ਮੈਂ ਆਪੇ ਹੀ ਭਰ ਲਵਾਂਗਾ।

ਰੁਪਾਣਾ ਤਾਂ ਕਮੇਡੀਅਨਾਂ ਨਾਲ ਵੀ ਕਮੇਡੀ ਕਰ ਜਾਂਦਾ ਹੈ। ਪ੍ਰਸਿੱਧ ਕਮੇਡੀਅਨ ਮਹਿਮੂਦ ਅਲੀ ਜਦੋਂ ਆਪ ਫਿਲਮਾਂ ਬਣਾਉਣ ਲੱਗ ਪਿਆ ਸੀ ਤਾਂ ਉਸਦੀ ਇਕ ਫਿਲਮ ‘ਲੱਕੀ ਬੁਆਏ ’ ਜਿਸਦਾ ਬਾਅਦ ਵਿੱਚ ਨਾਂ ‘ ਦੁਸ਼ਮਨ ਦੁਨੀਆ ਕਾ ’ ਕਰ ਦਿੱਤਾ ਸੀ, ਦੇ ਕੁਝ ਡਾਇਆਲਾਗ ਰੁਪਾਣੇ ਨੇ ਲਿਖੇ ਸਨ ਤੇ ਉਦੋਂ ਉਹ ਪੂਰੇ ਤੇਈ ਦਿਨ ਮਹਿਮੂਦ ਦੇ ਕੋਲ ਠਹਿਰਿਆ ਸੀ । ਮਹਿਮੂਦ ਅਨਪੜ੍ਹ ਕਿਸਮ ਦਾ ਬੰਦਾ ਸੀ ਜਿਸਨੂੰ ਲਿਖਣਾ ਪੜ੍ਹਨਾ ਨਹੀਂ ਸੀ ਆਉਂਦਾ ਤੇ ਇਕ ਦਿਨ ਕਿਸੇ ਗੱਲ ਤੇ ਉਹ ਰੁਪਾਣੇ ਨੂੰ ਕਹਿਣ ਲੱਗਿਆ ,‘ ਸੋਚਦੇ ਹਾਂ ’ ਤਾਂ ਰੁਪਾਣਾ ਬੋਲਿਆ, ‘ ਹਾਂ ਟਰਾਈ ਕਰ ਕੇ ਦੇਖ ਲਵੋ। ’

ਜਦੋਂ ਰੁਪਾਣਾ ਪਹਿਲੀ ਵਾਰ ਮਹਿਮੂਦ ਨੂੰ ਮਿਲਿਆ ਸੀ ਤਾਂ ਓਦੋਂ ਵੀ ਉਹ ਉਸਨੂੰ ਮਸ਼ਕਰੀ ਕਰ ਗਿਆ ਸੀ । ਮਹਿਮੂਦ ਨੂੰ ਵੇਖ ਕੇ ਉਹ ਹੱਸ ਪਿਆ ਤਾਂ ਮਹਿਮੂਦ ਨੇ ਪੁੱਛਿਆ ਬਈ ਹੱਸ ਕਿਉਂ ਰਹੇ ਹੋ ? ਰੁਪਾਣਾ ਦੱਸਣ ਲੱਗਿਆ ਕਿ ਰਾਜਿੰਦਰ ਸਿੰਘ ਬੇਦੀ ਦਾ ਮੂੰਹ ਲੰਬੂਤਰਾ ਸੀ ਘੋੜੇ ਵਰਗਾ ਤੇ ਕਿਸੇ ਦਾ ਮੂੰਹ ਚੌੜਾ ਅਤੇ ਭਾਰਾ ਹੁੰਦਾ ਹੈ ਸ਼ੇਰ ਵਰਗਾ...।

‘ ਅਰੇ ਭਾਈ ਮੇਰਾ ਮੂੰਹ ਕੈਸਾ ਹੈ ? ’

ਤਾਂ ਰੁਪਾਣਾ ਗੰਭੀਰ ਹੋ ਕੇ ਬੋਲਿਆ,‘ ਆਪਕਾ ਮੂੰਹ ਤੋ ਮਹਿਮੂਦ ਜੈਸਾ ਹੈ। ’

‘ ਅਰੇ ਭਈ ਮੈਂ ਮਹਿਮੂਦ ਹੀ ਹੂੰ। ’

ਉਸਨੂੰ ਰੁਪਾਣੇ ਦੀ ਸ਼ਰਾਰਤ ਦਾ ਨਹੀਂ ਪਤਾ ਲੱਗਿਆ ਸੀ ।

ਰੁਪਾਣੇ ਨੂੰ ਗੱਲ ਨੂੰ ਹਾਸੇ ਦੀ ਚਾਸ਼ਨੀ ਦੇਣੀ ਆਉਂਦੀ ਹੈ ਤੇ ਇਹ ਕਲਾ ਕਿਸੇ ਕਿਸੇ ਵਿੱਚ ਹੀ ਹੁੰਦੀ ਹੈ। ਉਹ ਦੱਸਦਾ ਹੈ ਕਿ ਸਾਡੇ ਪਿੰਡ ਦੇ ਇਕ ਬੰਦੇ ਨੂੰ ਰੇਡੀਓ ਤੋਂ ਖ਼ਬਰਾਂ ਸੁਣਨ ਤੇ ਫਿਰ ਉਹ ਖ਼ਬਰਾਂ ਦੂਸਰਿਆਂ ਨੂੰ ਆਪਣੇ ਹੀ ਢੰਗ ਨਾਲ ਦੱਸਣ ਦਾ ਬੜਾ ਸ਼ੌਂਕ ਸੀ । ਅਕਾਲੀਆਂ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਘਰਸ਼ ਛੇੜਿਆ ਹੋਇਆ ਸੀ ਤੇ ਓਧਰ ਪ੍ਰਤਾਪ ਸਿੰਘ ਕੈਰੋਂ ਇਕ ਧੱਕੜ ਮੁਖ ਮੰਤਰੀ ਵਜੋਂ ਜਾਣਿਆ ਜਾਂਦਾ ਸੀ ਜੋ ਕਛਹਿਰੇ ਵਾਲਿਆਂ ਅਕਾਲੀਆਂ ਨੂੰ ਦਬਾ ਕੇ ਰੱਖਣਾ ਜਾਣਦਾ ਸੀ। ਇਕ ਅਕਾਲੀ ਹਰਚਰਨ ਸਿੰਘ ਹਡਿਆਰਾ ਨੇ ਐਲਾਨ ਕਰ ਦਿੱਤਾ ਕਿ ਜਿਨ੍ਹਾਂ ਚਿਰ ਸਾਨੂੰ ਪੰਜਾਬੀ ਸੂਬਾ ਨਹੀਂ ਮਿਲਦਾ ਮੈਂ ਕਮੀਜ਼ ਨਹੀਂ ਪਾਵਾਂਗਾ। ਪ੍ਰਤਾਪ ਸਿੰਘ ਕੈਰੋਂ ਨੇ ਉਸਨੂੰ ਦਬਕਾਇਆ ਜਾਂ ਕੋਈ ਲਾਲਚ ਦਿੱਤਾ ਉਹ ਆਪਣੀ ਮੰਗ ਛੱਡ ਕੇ ਕਾਂਗਰਸ ਪਾਰਟੀ ਵਿੱਚ ਹੀ ਰਲ ਗਿਆ। ਜਦੋਂ ਹਡਿਆਰੇ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਦੀ ਖ਼ਬਰ ਰੇਡੀਓ ਤੇ ਪ੍ਰਸਾਰਿਤ ਹੋਈ ਤਾਂ ਪਿੰਡ ਦੇ ਉਸ ਬੰਦੇ ਨੇ ਸੱਥ ਵਿੱਚ ਬੈਠੇ ਲੋਕਾਂ ਨੂੰ ਇਹ ਖ਼ਬਰ ਇਸ ਤਰ੍ਹਾਂ ਸੁਣਾਈ, ‘ ਬਈ ਹੁਡਿਆਰੇ ਨੇ ਝੱਗਾ ( ਕਮੀਜ ) ਪਾ ਲਿਆ ਹੈ ਤੇ ਕੱਛਹਿਰਾ ਲਾਹ ਦਿੱਤਾ ਹੈ। ’

ਜਦੋਂ ਰੁਪਾਣੇ ਦਾ ਭਾਪਾ ਪ੍ਰੀਤਮ ਸਿੰਘ ਨਾਲ ਕੇਸ ਚਲਦਾ ਸੀ ਤਾਂ ਰਾਜੀਨਾਵਾਂ ਕਰਵਾਉਣ ਦੇ ਮਕਸਦ ਨਾਲ ਜੱਜ ਨੇ ਕਿਹਾ ਕਿ ਤੁਸੀਂ ਦੋਵੇਂ ਸਕਾਲਰ ਬੰਦੇ ਹੋ, ਇਸ ਤਰ੍ਹਾਂ ਅਦਾਲਤਾਂ ਵਿੱਚ ਧੱਕੇ ਖਾਂਦੇ ਚੰਗੇ ਨਹੀਂ ਲੱਗਦੇ। ਇਸਤੇ ਰੁਪਾਣਾ ਬੋਲ ਉੱਠਿਆ,‘ ਮੈਂ ਦਿੱਲੀ ਯੂਨੀਵਰਸਿਟੀ ਦਾ



ਪੜ੍ਹਿਆ ਹੋਇਆ ਹਾਂ ਪਰ ਇਹ ਤਾਂ ਜੀ ਸਕੂਲਰ ਵੀ ਨਹੀਂ। ’ ਭਾਪਾ ਪ੍ਰੀਤਮ ਸਿੰਘ ਤਾਂ ਕਦੇ ਸਕੂਲ ਗਿਆ ਹੀ ਨਹੀਂ ਸੀ।

ਢੁੱਢੀਕਿਆਂ ਦਾ ਐਸ. ਪੰਛੀ ਜਦੋਂ ਵੀ ਰੁਪਾਣੇ ਨੂੰ ਮਿਲਦਾ ਤਾਂ ਕਹਿੰਦਾ ਕਿ ਆਪਾਂ ਜੱਟ ਭਰਾ ਹਾਂ। ਉਹ ਆਪਣੇ ਆਪ ਨੂੰ ਜਸਵੰਤ ਸਿੰਘ ਕੰਵਲ ਦਾ ਭਤੀਜਾ ਦੱਸਦਾ ਹੁੰਦਾ ਸੀ। ਇਕ ਵਾਰ ਰੁਪਾਣਾ ਜਦੋਂ ਕੰਵਲ ਨੂੰ ਮਿਲਿਆ ਤਾਂ ਉਸ ਨੇ ਪੁੱਛ ਲਿਆ ਕਿ ਉਹ ਤੇਰਾ ਭਤੀਜਾ ਹੈ ਤਾਂ ਕੰਵਲ ਨੇ ਦੱਸਿਆ ਕਿ ਉਹ ਲੱਗਦਾ ਤਾਂ ਮੇਰਾ ਭਤੀਜਾ ਹੀ ਹੈ, ਪਿੰਡ ’ਚੋਂ ਹੈ ਤੇ ਉਹ ਛੀਂਬਿਆਂ ਦਾ ਮੁੰਡਾ ਹੈ। ਫਿਰ ਰੁਪਾਣਾ ਕੰਵਲ ਦੇ ਖਹਿੜੇ ਪੈ ਗਿਆ ਕਿ ਤੂੰ ਵੀ ਛੀਂਬਾ ਹੀ ਹੋਵੇਂਗਾ, ਨਹੀਂ ਤਾਂ ਤੂੰ ਆਪਣੇ ਨਾਂ ਦੇ ਮਗਰ ਆਪਣਾ ਗੋਤ ਲਿਖੇਂ ਜਾਂ ਪਿੰਡ ਦਾ ਨਾਂ ਲਿਖੇਂ । ਤੇ ਫਿਰ ਇਕ ਮਹਿਫ਼ਲ ਵਿੱਚ ਜਦੋਂ ਬਹੁਤ ਸਾਰੇ ਲੇਖਕ ਜੁੜੇ ਹੋਏ ਸਨ ਤੇ ਉਹਨਾਂ ਵਿੱਚ ਢੁੱਢੀਕਿਆਂ ਦਾ ਉਹ ਪੰਛੀ ਵੀ ਸੀ ਤਾਂ ਰੁਪਾਣੇ ਨੇ ਉਸ ’ਤੇ ਨਜ਼ਰਾਂ ਗੱਡਕੇ ਇਕ ਟੋਟਕਾ ਸੁਣਾਇਆ, ਇਕ ਨਵਾਂ ਕਹਾਣੀਕਾਰ ਆਲੋਚਕ ਨੂੰ ਆਪਣੀ ਕਹਾਣੀ ਸੁਣਾ ਰਿਹਾ ਸੀ, ਪੋਹ ਮਾਘ ਦੀ ਰਾਤ ਸੀ, ਠੰਡੀ ਹਵਾ ਸੂਈਆਂ ਵਾਂਗ ਵੱਜ ਰਹੀ ਸੀ , ਮੇਰਾ ਦਿਲ ਦੰਦਰਾਲ ਵਾਂਗ ਧੜਕ ਰਿਹਾ ਸੀ। ਸਾਰਾ ਮਸਲਾ ਰੀਲ ਦੇ ਧਾਗੇ ਵਾਂਗ ਮੇਰੇ ਦਿਮਾਗ ਵਿੱਚ ਉਲਝ ਗਿਆ ਸੀ ਅਤੇ ਫਿਰਕੀ ਵਾਂਗ ਇਕੋ ਗੱਲ ਤੇ ਅਟਕਿਆ ਘੁੰਮ ਰਿਹਾ ਸੀ...। ਏਨਾਂ ਪੜ੍ਹਕੇ ਉਸਨੇ ਪੁੱਛਿਆ ਕਿ ਕਿਵੇਂ ਲੱਗਿਆ ਤਾਂ ਆਲੋਚਕ ਬੋਲਿਆ ਕਿ ਮੈਨੂੰ ਤਾਂ ਤੂੰ ਛੀਂਬਿਆਂ ਦਾ ਮੁੰਡਾ ਲੱਗਦਾ ਹੈਂ। ਸਿਵਾਏ ਉਸ ਪੰਛੀ ਦੇ ਸਾਰੇ ਲੇਖਕ ਠਹਾਕੇ ਲਗਾ ਕੇ ਹੱਸਣ ਲੱਗੇ। ਉਸ ਘਟਨਾ ਤੋਂ ਬਾਅਦ ਪੰਛੀ ਨੇ ਰੁਪਾਣੇ ਨੂੰ ਆਪਣਾ ਜੱਟ ਭਰਾ ਨਹੀਂ ਕਿਹਾ।

ਦਿੱਲੀ ਦਾ ਇਕ ਕਵੀ ਕਰਤਾਰ ਸਿੰਘ ਕੰਵਲ ਜਦੋਂ ਵੀ ਰੁਪਾਣੇ ਨੂੰ ਮਿਲਦਾ ਤਾਂ ਰੁਪਾਣਾ ਕਹਿੰਦਾ, ‘ ਕੰਬਲ ਸਾਹਿਬ ਕੀ ਹਾਲ ਹਨ। ’ ਇਕ ਦਿਨ ਉਸ ਕਵੀ ਨੇ ਗੁਰਬਚਨ ਭੁੱਲਰ ਕੋਲ ਸ਼ਕਾਇਤ ਲਾਈ ਕਿ ਇਹ ਮੈਨੂੰ ਹਮੇਸ਼ਾ ਹੀ ਕੰਵਲ ਦੀ ਬਜਾਏ ਕੰਬਲ ਹੀ ਕਹਿੰਦਾ ਹੈ। ਰੁਪਾਣੇ ਨੇ ਭੋਲਾ ਜਿਹਾ ਬਣਦੇ ਹੋਏ ਕਿਹਾ ਕਿ ਜੀ ਅਸੀਂ ਤਾਂ ਮਾਲਵੇ ਵਾਲੇ ‘ ਵ ’ਨੂੰ ‘ ਬ ’ ਬੋਲਦੇ ਹਾਂ।

ਡਾ. ਮਹਿੰਦਰ ਸਿੰਘ ਰੰਧਾਵਾ ਰੁਪਾਣੇ ਨੂੰ ਵੀ ਓਨਾਂ ਹੀ ਜਾਣਦਾ ਸੀ ਜਿਨਾ ਕਿ ਗੁਲਜ਼ਾਰ ਸਿੰਘ ਸੰਧੂ ਨੂੰ ਬਲਕਿ ਰੁਪਾਣੇ ਨਾਲ ਤਾਂ ਉਸਦੀ ਇਕ ਸਾਂਝ ਵੀ ਸੀ । ਉਹ ਦੋਵੇਂ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮੁਕਤਸਰ ਵਿੱਚ ਪੜ੍ਹੇ ਸਨ। ਰੰਧਾਵਾ ਜਦੋਂ ਵੀ ਰੁਪਾਣੇ ਨੂੰ ਮਿਲਦਾ ਤਾਂ ਉਸਨੂੰ ਆਪਣਾ ਸਕੂਲ ਅਤੇ ਅਧਿਆਪਕ ਯਾਦ ਆ ਜਾਂਦੇ ਤੇ ਉਹ ਪੁੱਛਦਾ, ‘ ਕਿਵੇਂ ਐਂ ਪਿੰਡਾਂ ਵਾਲਿਆ ? ਪੰਡਿਤ ਜੀ ਹੈਗੇ ਆ ਅਜੇ ? ’ ਰੁਪਾਣਾ ਜੇ ਚਾਪਲੂਸ ਜਾਂ ਜੁਗਾੜੀਆ ਹੁੰਦਾ ਤਾਂ ਉਹ ਰੰਧਾਵੇ ਤੋਂ ਕੋਈ ਵੀ ਕੰਮ ਲੈ ਸਕਦਾ ਸੀ। ਪਰ ਰੁਪਾਣਾ ਤਾਂ ਆਪਣਾ ਸਿਰ ਆਪ ਹੀ ਗੁੰਦਣ ਵਾਲਾ ਬੰਦਾ ਹੈ। ਚੰਗਾ ਭਲਾ ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਅਧਿਆਪਕ ਦੀ ਨੌਕਰੀ ਕਰਦਾ ਕਰਦਾ ਦਿੱਲੀ ਦੇ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਲੱਗ ਪਿਆ। ਉਸਦੀ ਪਹਿਲੀ ਨਿਯੁਕਤੀ ਪੰਜਾਬ ਅਤੇ ਰਾਜਸਥਾਨ ਦੇ ਬਾਰਡਰ ਤੇ ਵਸੇ ਪਿੰਡ ਮੌਜ਼ਗੜ੍ਹ ਦੀ ਸੀ । ਫਿਰ ਉਹ ਆਪਣੇ ਪਿੰਡ ਦੇ ਲਾਗਲੇ ਪਿੰਡ ਭੰਗਚੜੀ ਵੀ ਪੜ੍ਹਾਉਂਦਾ ਰਿਹਾ ਹੈ। ਇਕ ਕਾਮਰੇਡਾਂ ਦੇ ਕਿਸੇ ਜਲਸੇ ਮੁਜਾਹਰੇ ਵਿੱਚ ਭਾਗ ਲੈਣ ਦਿੱਲੀ ਗਿਆ ਤਾਂ ਉਸਦਾ ਦਿਲ ਦਿੱਲੀ ਤੇ ਆ ਗਿਆ। ਦਿੱਲੀ ਦੇ ਸਕੂਲ ਕਾਰਪੋਰੇਸ਼ਨ ਦੇ ਅੰਡਰ ਸਨ ਤੇ ਇੰਸਪੈਕਟਰ ਰੈਂਕ ਦਾ ਅਧਿਕਾਰੀ ਇਨ੍ਹਾਂ ਦਾ ਕੰਮ ਕਾਜ ਵੇਖਦਾ ਸੀ । ਉਹ ਇਕ ਇੰਸਪੈਕਟਰ ਦੇ ਸਾਹਮਣੇ ਜਾ ਪੇਸ਼ ਹੋਇਆ ਤੇ ਨੌਕਰੀ ਦੀ ਬੇਨਤੀ ਕੀਤੀ । ਅਫਸਰ ਨੇ ਟਾਲਣ ਦੇ ਲਹਿਜੇ ਨਾਲ ਕਿਹਾ ਕਿ ਅਰਜ਼ੀ ਲਿਖ ਕੇ ਦੇ ਜਾਵੋ। ਅਚਾਨਕ ਰੁਪਾਣੇ ਦੀ ਨਿਗ੍ਹਾ ਉਸਦੇ ਮੇਜ਼ ਤੇ ਪਏ ‘ ਪ੍ਰੀਤਲੜੀ ’ ਦੇ ਤਾਜਾ ਅੰਕ ਤੇ ਪੈ ਗਈ ਜਿਸ ਵਿੱਚ ਉਸਦੀ ਕਹਾਣੀ ‘ ਬਾਲਮ ’ ਛਪੀ ਹੋਈ ਸੀ।

ਰੁਪਾਣੇ ਨੇ ਰਸਾਲੇ ਵੱਲ ਇਸ਼ਾਰਾ ਕਰਕੇ ਦੱਸਿਆ ਕਿ ਇਸ ਵਿੱਚ ਉਸਦੀ ਕਹਾਣੀ ਛਪੀ ਹੈ। ਦੀਨ ਦਿਆਲ ਨਾਂ ਦਾ ਉਹ ਇੰਸਪੈਕਟਰ ਪੰਜਾਬੀ ਸੀ ਤੇ ਉਸੇ ਵਕਤ ਘੰਟੀ ਮਾਰ ਕੇ ਉਸਨੇ ਆਪਣੇ ਸੁਪਰਡੈਂਟ ਨੂੰ ਬੁਲਾਇਆ ਤੇ ਰੁਪਾਣੇ ਵੱਲੋਂ ਅਰਜੀ ਟਾਈਪ ਕਰਨ ਨੂੰ ਕਿਹਾ ਤੇ ਨਾਲ ਹੀ ਉਸਨੂੰ ਨਿਯੁਕਤੀ ਪੱਤਰ ਤਿਆਰ ਕਰਨ ਲਈ ਕਹਿ ਦਿੱਤਾ। ਇਸ ਤਰ੍ਹਾਂ ਨਵੰਬਰ ਉਨੀ ਸੌ ਪੈਂਹਟ ਵਿੱਚ ਰੁਪਾਣੇ ਦੀ ਨਿਯੁਕਤੀ ਇੰਦਰਪੁਰੀ ਦੇ ਸਕੂਲ ਦੀ ਹੋ ਗਈ ਸੀ।

ਰੁਪਾਣਾ ਪੂਰਾ ਵਿਗੜਿਆ ਜੱਟ ਹੈ। ਦਾਰੂ ਪੀ ਕੇ ਤਾਂ ਜੱਟ ਹੋਰ ਵੀ ਲਾਚੜ ਜਾਂਦੇ ਐ। ਸੰਤ ਸਿੰਘ ਸੇਖੋਂ ਵੀ ਰੰਗੀਨ ਤਬੀਅਤ ਦਾ ਮਾਲਕ ਸੀ ਤੇ ਖਾਧੀ ਪੀਤੀ ਵਿੱਚ ਆਪਣੇ ਪ੍ਰੇਮ ਪ੍ਰਸੰਗ ਆਪਣੇ ਤੋਂ ਛੋਟੀ ਉਮਰ ਦੇ ਲੇਖਕਾਂ ਨਾਲ ਵੀ ਸਾਂਝੇ ਕਰ ਲੈਂਦਾ ਸੀ। ਜਦੋਂ ਗੁਲਜ਼ਾਰ ਸਿੰਘ ਸੰਧੂ ਨੂੰ ਸਾਹਿਤ ਅਕਾਦਮੀ ਅਵਾਰਡ ਮਿਲਿਆ ਤਾਂ ਉਸ ਨੇ ਦਿੱਲੀ ਅਤੇ ਪੰਜਾਬ ਦੇ ਵੱਡੇ ਲੇਖਕਾਂ ਨੂੰ ਆਪਣੇ ਘਰ ਰਾਤ ਦੀ ਪਾਰਟੀ ਦਿੱਤੀ। ਜਦੋਂ ਸਾਰੇ ਲੇਖਕ ਵਾਹਵਾ ਤਰਾਰੇ ਜੇ ਵਿੱਚ ਸਨ ਤਾਂ ਰੁਪਾਣੇ ਨੇ ਪ੍ਰਭਜੋਤ ਨੂੰ ਕਿਹਾ, ' ਤੁਹਾਡੇ ਬਾਰੇ ਸੇਖੋਂ ਸਾਹਿਬ ਨੇ ਤੀਹ ਸਾਲ ਪਹਿਲਾਂ ਟ੍ਰਿਬਿਊਨ (ਉਸ ਸਮੇਂ ਟ੍ਰਿਬਿਊਨ ਦਾ ਅਰਥ ਅੰਗਰੇਜ਼ੀ ਟ੍ਰਿਬਿਊਨ ਹੀ ਹੁੰਦਾ ਸੀ ) ਵਿੱਚ ਜੋ ਆਰਟੀਕਲ ਲਿਖਿਆ ਸੀ ਉਹ ਮੈਨੂੰ ਅੱਜ ਵੀ ਯਾਦ ਹੈ। '

' ਹੱਛਾ, ਕੀ ਲਿਖਿਆ ਸੀ ਭਲਾ ਮੇਰੀ ਕਵਿਤਾ ਬਾਰੇ ? ' ਪ੍ਰਭਜੋਤ ਨੇ ਹੈਰਾਨੀ ਵਿੱਚ ਪੁੱਛਿਆ ।

' ਤੁਹਾਡੀ ਕਵਿਤਾ ਬਾਰੇ ਤਾਂ ਘੱਟ ਹੀ ਸੀ ਪਰ ਤੁਹਾਡੇ ਬਾਰੇ ਬਹੁਤ ਲਿਖਿਆ ਸੀ ਤੇ ਬਹੁਤ ਤਾਰੀਫ ਕੀਤੀ ਸੀ। ਲਿਖਿਆ ਸੀ ਕਿ ਪ੍ਰਭਜੋਤ ਬਹੁਤ ਸੋਹਣੀ ਹੈ। ' ਰੁਪਾਣੇ ਨੇ ਸ਼ਰਾਰਤੀ ਹਾਸੀ ਹੱਸਦੇ ਹੋਏ ਕਿਹਾ।

ਕੋਲ ਖੜੇ ਸੇਖੋਂ ਸਾਹਿਬ ਤੋਂ ਬੋਲੇ ਬਿਨਾਂ ਰਿਹਾ ਨਾ ਗਿਆ, ' ਬਈ ਜਦੋਂ ਆਰਟੀਕਲ ਲਿਖ ਰਿਹਾ ਸੀ ਤਾਂ ਆਲੋਚਕ ਤੇ ਆਸ਼ਕ ਭਾਰੀ ਪੈ ਗਿਆ ਸੀ। '

ਪ੍ਰਭਜੋਤ ਝੇਂਪ ਗਈ ਪਰ ਪਤੀ ਦੀ ਹਾਜ਼ਰੀ ਵਿੱਚ ਮੌਕਾ ਸੰਭਾਲਦੀ ਹੋਈ ਸੇਖੋਂ ਦੀ ਟਿਪਣੀ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦੀ ਬੋਲੀ , ' ਐਡਮਾਇਰਰ ਕਹਿਣਾ ਸੀ ਆਸ਼ਕ ਕਹਿ ਬੈਠੇ , ਜੱਟ ਨੇ ਨਾ।'

ਰੁਪਾਣੇ ਦਾ ਬੌਧਿਕ ਪੱਧਰ ਬਹੁਤ ਉੱਚਾ ਹੈ। ਉਹਨਾਂ ਸਮਿਆਂ ਵਿੱਚ ਪਿੰਡਾਂ ਦੇ ਮੁੰਡਿਆਂ ਲਈ ਦਸਵੀਂ ਦਾ ਇਮਤਿਆਨ ਪਾਸ ਕਰਨਾ ਹੀ ਹਿਮਾਲਾ ਦੀ ਚੋਟੀ ਸਰ ਕਰਨ ਦੇ ਬਰਾਬਰ ਹੁੰਦਾ ਸੀ ਤਾਂ ਉਸਨੇ ਦਸਵੀਂ ਪਹਿਲੇ ਦਰਜੇ ਵਿੱਚ ਪਾਸ ਕੀਤੀ ਸੀ ਤੇ ਉਸ ਦਾ ਮਾਧਿਅਮ ਵੀ ਅੰਗਰੇਜ਼ੀ ਸੀ। ਉਸਨੇ ਪੀ.ਐਚ.ਡੀ. ਵੀ ਕੀਤੀ ਹੈ ਪਰ ਆਪਣੇ ਨਾਂ ਨਾਲ ਕਦੇ ਡਾਕਟਰ ਨਹੀਂ ਲਿਖਿਆ। ਉਸਨੇ ਪੰਜਾਬੀ ਅਧਿਆਪਕ ਵਜੋਂ ਸਰਕਾਰੀ ਨੌਕਰੀ ਸ਼ੁਰੂ ਕੀਤੀ ਤੇ ਵਨਸ ਏ ਟੀਚਰ ਆਲਵੇਜ਼ ਏ ਟੀਚਰ ਦੀ ਕਹਾਵਤ ਸਿੱਧ ਕਰਦੇ ਹੋਏ ਪੰਜਾਬੀ ਅਧਿਆਪਕ ਵਜੋਂ ਹੀ ਸੇਵਾ ਮੁਕਤੀ ਹਾਸਲ ਕੀਤੀ। ਮੁਕਤਸਰ ਦੇ ਖਾਲਸਾ ਡਿਗਰੀ ਕਾਲਜ ਦੀ ਕਮੇਟੀ ਦੇ ਪ੍ਰਧਾਨ ਖੁੰਡਜਾਂ ਵਾਲੇ ਸਰਦਾਰ ਨੇ ਉਸਨੂੰ ਪੰਜਾਬੀ ਦਾ ਪ੍ਰੋਫੈਸਰ ਰੱਖ ਲਿਆ ਸੀ ਪਰ ਦਿੱਲੀ ਛੱਡ ਕੇ ਉਹ ਇੱਥੇ ਟਿਕ ਨਾ ਸਕਿਆ। ਦਿੱਲੀ ਯੂਨੀਵਰਸਿਟੀ ਵਿੱਚ ਪੀ. ਐਚ. ਡੀ. ਕਰਦਿਆਂ ਉਸਨੇ ਆਪਣੇ ਗਾਈਡ ਅਤਰ ਸਿੰਘ ਦੀ ਸ਼ਕਾਇਤ ਕਰ ਦਿੱਤੀ ਸੀ। ਆਧੁਨਿਕ ਭਾਰਤੀ ਭਾਸ਼ਾਵਾਂ ਦੇ ਵਿਭਾਗ ਦੇ ਮੁਖੀ ਦਾਸ ਗੁਪਤਾ ਨੇ ਉਸਨੂੰ ਬੁਲਾ ਕੇ ਪੁੱਛਿਆ, ' ਅਰੇ ਭਾਈ ਗਾਈਡ ਤੋ ਆਪਣੇ ਵਿਦਿਆਰਥੀਓਂ ਕੀ ਸ਼ਕਾਇਤੇਂ ਕਰਤੇ ਦੇਖੇ ਹੈਂ ਪਰ ਆਪ ਪਹਿਲੇ ਵਿਦਿਆਰਥੀ ਹੈਂ ਜਿਸਨੇ ਆਪਣੇ ਗਾਈਡ ਕੀ ਹੀ ਸ਼ਕਾਇਤ ਕਰ ਦੀ। ਬਾਤ ਕਿਆ ਹੈ ? '



' ਸਰ ਵੋ ਕਾਮ ਕੀ ਬਾਤੇਂ ਤੋ ਬਤਾਤੇ ਨਹੀਂ ਪਰ ਐਕਸਟਰਾ ਕੋ ਕਰੀਕੂਲਰ ਐਕਟੇਵਿਟੀਜ ਜ਼ਿਆਦਾ ਕਰਵਾਤੇ ਹੈਂ। ' ਰੁਪਾਣੇ ਦਾ ਇਹ ਉੱਤਰ ਸੁਣ ਕੇ ਮੁਖੀ ਨੇ ਉਸਦਾ ਗਾਈਡ ਬਦਲ ਦਿੱਤਾ ਤੇ ਡਾ. ਤਰਲੋਕ ਸਿੰਘ ਕੰਵਰ ਨੂੰ ਉਸਦਾ ਮੁਖੀ ਲਾ ਦਿੱਤਾ। ' ਕਾਦਰਯਾਰ ' ਦੀ ਟੈਕਸਟ ਤੇ ਉਸਨੇ ਨਵੇਂ ਮੁਖੀ ਦੀ ਰਹਿਨੁਮਾਈ ਹੇਠ ਆਪਣੀ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ।

ਰੁਪਾਣਾ ਭਾਵੇਂ ਹਲਕੀਆਂ ਫੁਲਕੀਆਂ ਤੇ ਸ਼ੁਗਲ ਮੇਲੇ ਵਾਲੀਆਂ ਗੱਲਾਂ ਕਰਕੇ ਹੀ ਮਸ਼ਹੂਰ ਹੈ ਪਰ ਉਹ ਵਿਦਵਾਨ ਬੰਦਾ ਹੈ। ਉਸਨੇ ਬਹੁਤ ਅਧਿਐਨ ਕੀਤਾ ਹੈ ਤੇ ਫਿਲਾਸਫੀ, ਧਰਮ ਆਦਿ ਵਿਸ਼ਿਆਂ ਤੇ ਉਸਦੀ ਪੂਰੀ ਪਕੜ ਹੈ। ਉਸ ਨੇ ਅਨੇਕਾਂ ਅੰਗਰੇਜ਼ੀ ਨਾਵਲਕਾਰਾਂ ਨੂੰ ਪੜ੍ਹਿਆ ਹੈ ਤੇ ਹੁਣ ਵੀ ਪੜ੍ਹ ਰਿਹਾ ਹੈ। ਨਵੇਂ ਲੇਖਕਾਂ ਨੂੰ ਵੀ ਉਹ ਅੰਗਰੇਜੀ ਨਾਵਲ ਪੜ੍ਹਨ ਦੀ ਸਲਾਹ ਦਿੰਦਾ ਹੈ।

ਰੁਪਾਣਾ ਦੱਸਦਾ ਹੈ, ' ਇਕ ਵਾਰ ਖੁਸ਼ਵੰਤ ਸਿੰਘ ਨੇ ਕਿਤੇ ਲਿਖਿਆ ਸੀ ਅੰਗਰੇਜ਼ੀ ਸ਼ਬਦ ' ਫੱਕ ' ਯੂਨਾਨੀ ਭਾਸ਼ਾ ਵਿਚੋਂ ਨਿਕਲਿਆ ਹੈ। ਮੈਂ ਉਸਨੂੰ ਚਿੱਠੀ ਲਿਖ ਕੇ ਦੱਸਿਆ ਕਿ ਨਹੀਂ ਇਹ ਸ਼ਬਦ ਪੰਜਾਬੀ ਵਿੱਚੋਂ ਲਿਆ ਗਿਆ ਹੈ। ਅਸੀਂ ਪੰਜਾਬੀ ਕਹਿੰਦੇ ਹਾਂ ' ਫੱਕਾ ਮਾਰਨਾ ' ਬਸ ਉਸੇ ਤੋਂ ਹੀ ਇਹ ਸ਼ਬਦ ਅੰਗਰੇਜ਼ਾਂ ਨੇ ਲਿਆ ਹੈ। ਮੈਨੂੰ ਖੁਸ਼ਵੰਤ ਸਿੰਘ ਨੇ ਇਹ ਜਾਣਕਾਰੀ ਦੇਣ ਲਈ ਧੰਨਵਾਦੀ ਚਿੱਠੀ ਲਿਖੀ ਸੀ ਜੋ ਮੈਂ ਹੁਣ ਤੱਕ ਸਾਂਭੀ ਹੋਈ ਹੈ। '

' ਹੈਗੀ ਹੈ ਇਹ ਚਿੱਠੀ ? ' ਮੈਂ ਪੁੱਛਿਆ। ਵੈਸੇ ਆਸੇ ਪਾਸੇ ਖਿਲਰੀਆਂ ਤੇ ਬੇਤਰਤੀਬੀ ਵਿੱਚ ਪਈਆਂ ਕਿਤਾਬਾਂ ਤੇ ਚੀਜ਼ਾਂ ਵਸਤਾਂ ਵੇਖ ਕੇ ਅੰਦਾਜਾ ਲਾਇਆ ਜਾ ਸਕਦਾ ਸੀ ਕਿ ਜੇ ਚਿੱਠੀ ਆਈ ਵੀ ਹੋਈ ਤਾਂ ਇਸਨੇ ਕਿੱਥੇ ਸੰਭਾਲੀ ਹੋਣੀ ਹੈ।

ਮੁਕਤਸਰ ਦੀ ਇੱਕ ਸ਼ਾਇਰਾ ਨੂੰ ਉਸਨੇ ਆਪਣੇ ਮੁੰਡਿਆਂ ਦੀ ਮਾਸੀ ਬਣਾਇਆ ਹੋਇਆ ਹੈ। ਜਦੋਂ ਉਸਨੂੰ ਭਾਸ਼ਾ ਵਿਭਾਗ ਵੱਲੋਂ ' ਸ਼ਰੋਮਣੀ ਪੰਜਾਬੀ ਸਾਹਿਤਕਾਰ ' ਦਾ ਇਨਾਮ ਮਿਲਿਆ ਤਾਂ ਉਹ ਵੀ ਉਚੇਚਾ ਨਾਲ ਗਈ। ਪਟਿਆਲਿਓਂ ਮੁੜਨ ਲੱਗੇ ਤਾਂ ਪ੍ਰੀਤਪਾਲ ਨੇ ਖਾਣ-ਪੀਣ ਦਾ ਸਾਮਾਨ ਗੱਡੀ 'ਚ ਲਿਆ ਰੱਖਿਆ। ਕੁਆਇਲਸ ਗੱਡੀ ਗੱਡੀ ਅਜੇ ਪਟਿਆਲਿਓਂ ਨਿਕਲੀ ਹੀ ਸੀ ਕਿ ਉਸਨੇ ਪਿੱਛੇ ਬੈਠੇ ਨੇ ਦਾਰੂ ਵਰਤਾਉਣੀ ਸ਼ੁਰੂ ਕਰ ਦਿੱਤੀ। ਸ਼ਾਮ ਨੂੰ ਜਦੋਂ ਬਠਿੰਡੇ ਆ ਕੇ ਉੱਤਰੇ ਤਾਂ ਸੱਭ ਦਾ ਹਾਲ ਜੰਨ੍ਹ ਤੋਂ ਵਾਪਸ ਆਏ ਸ਼ਰਾਬੀਆਂ ਵਰਗਾ ਹੋ ਚੁੱਕਾ ਸੀ। ਪ੍ਰੋ. ਲੋਕ ਨਾਥ ਅਤੇ ਸਰਕਾਰੀ ਕਾਲਜ ਮੁਕਤਸਰ ਦਾ ਇੱਕ ਹੋਰ ਪ੍ਰੋਫੈਸਰ ਵੀ ਇੱਥੇ ਨਾਲ ਰਲ ਗਏ ਸਨ। ਸਰਹਿੰਦ ਨਹਿਰ ਦੇ ਨੇੜੇ ਬਣੇ ਇਕ ਰੈਸਟੋਰੈਂਟ ਦੇ ਮੂਹਰੇ ਫਿਰ ਮਹਿਫ਼ਲ ਜੰਮ ਗਈ।

ਦੋਵਾਂ ਪ੍ਰੋਫੈਸਰਾਂ ਦੀ ਵੀ ਪਹਿਲਾਂ ਪੀਤੀ ਹੋਈ ਸੀ। ਸਾਰੇ ਉੱਧ ਦੀਆਂ ਪਤਾਲ ਮਾਰੀ ਜਾਂਦੇ ਸਨ। ਮਰਦਾਂ ਦੀ ਟੋਲੀ ਵਿੱਚ ਇਕ ਸੁੰਦਰ ਔਰਤ ਨੂੰ ਬੈਠਿਆਂ ਵੇਖ ਕੇ ਕੋਲੋਂ ਦੀ ਲੰਘਣ ਵਾਲੇ ਹੈਰਾਨ ਹੋ ਰਹੇ ਸਨ। ਇਸੇ ਸਮੇਂ ਲੋਕ ਨਾਥ ਦੇ ਸਾਥੀ ਪ੍ਰੋਫੈਸਰ ਨੇ ਸ਼ਾਇਰਾ ਨੂੰ ਕੁਝ ਕਹਿ ਦਿੱਤਾ, ਜੋ ਰੁਪਾਣਾ ਬਰਦਾਸ਼ਤ ਨਾ ਕਰ ਸਕਿਆ। ' ਇਹ ਮੇਰੀ ਧੀ ਹੈ। ਹਾਂ... ਦੱਸ ਕੁਝ ਹੋਰ ਕਹਿਣਾ ਹੈ ? ' ਰੁਪਾਣੇ ਨੇ ਸਖਤੀ ਨਾਲ ਉਸ ਪ੍ਰੋਫੈਸਰ ਨੂੰ ਕਿਹਾ ਤਾਂ ਉਹ ਚੁੱਪ ਕਰਕੇ ਬੈਠ ਗਿਆ। ਮੈਂ ਰੁਪਾਣੇ ਦਾ ਨਵਾਂ ਰੂਪ ਵੇਖ ਰਿਹਾ ਸਾਂ। ਸ਼ਾਇਰਾ 'ਸਾਲੀ ' ਤੋਂ ਧੀ ਬਣ ਗਈ ਸੀ।

ਰੁਪਾਣੇ ਦਾ ਕੱਦ ਸਾਢੇ ਕੁ ਪੰਜ ਫੁੱਟ ਹੈ। ਸਰੀਰ ਪਤਲਾ। ਚਿੱਟੀ ਦਾੜ੍ਹੀ ਠੱਪੀ ਹੋਈ। ਗੋਲ ਜਿਹੀ ਪੱਗ। ਇਕ ਵੇਰਾਂ ਅਸੀਂ ਤਿੰਨੇ (ਤੀਜਾ ਗੁਰਸੇਵਕ ਸਿੰਘ ਪ੍ਰੀਤ) ਮੁਕਤਸਰ ਦੇ ਗੁਰੂ ਗੋਬਿੰਦ ਸਿੰਘ ਪਾਰਕ ਵਿੱਚ ਬੈਠੇ ਸਾਂ। ਆਪਣੇ ਅੰਦਾਜ਼ ਵਿੱਚ ਰੁਪਾਣਾ ਸਧਾਰਨ ਗੱਲ ਨੂੰ ਅਸਧਾਰਨ ਬਣਾ ਕੇ ਦੱਸਣ ਲੱਗਿਆ, ' ਏਸ ਥਾਂ ਤੇ ਖੁੱਲ੍ਹਾ ਮੈਦਾਨ ਹੁੰਦਾ ਸੀ। ਏਥੇ ਅਸੀਂ ਫੁੱਟਬਾਲ ਖੇਡਦੇ ਹੁੰਦੇ ਸਾਂ। ਕਾਲਜੋਂ ਪੜ੍ਹ ਕੇ ਪਿੰਡ ਜਾਣਾ ਤੇ ਫਿਰ ਰੁਪਾਣੇ ਤੋਂ ਇੱਥੇ ਫੁੱਟਬਾਲ ਖੇਡਣ ਆਉਣਾ।

ਇੱਕ ਕਰਤਾਰ ਸਿੰਘ ਢਿੱਲੋਂ ਹੁੰਦਾ ਸੀ ਜੋ ਫੁਟਬਾਲ ਦਾ ਬਹੁਤ ਹੀ ਤਕੜਾ ਪਲੇਅਰ ਸੀ। ਅਸੀਂ ਹਮੇਸ਼ਾ ਹੀ ਉਸਦੀ ਟੀਮ ਦੇ ਉਲਟ ਹੀ ਖੇਡਦੇ। ' ਉਸੇ ਵਕਤ ਮੇਰੇ ਚੇਤੇ ਵਿੱਚ ਛੇ ਫੁੱਟ ਤੋਂ ਉੱਚੇ ਕੱਦ ਵਾਲਾ ਸਵਰਗਵਾਸੀ ਹੈੱਡਮਾਸਟਰ ਕਰਤਾਰ ਸਿੰਘ ਢਿੱਲੋਂ ਆ ਗਿਆ । ਉਹ ਸੱਚ-ਮੁੱਚ ਹੀ ਫੁੱਟਬਾਲ ਦਾ ਬਹੁਤ ਤਕੜਾ ਪਲੇਅਰ ਹੁੰਦਾ ਸੀ। ਅਚਾਨਕ ਮੇਰੀ ਨਿਗ੍ਹਾ ਹੇਠਾਂ ਰੁਪਾਣਾ ਦੀ ਲਾਹੀ ਜੁੱਤੀ ਤੇ ਪਈ। ਜਿਵੇਂ ਕਿਸੇ ਜਵਾਕ ਦੀ ਗੁਰਗਾਬੀ ਹੋਵੇ! ਪੰਜ ਨੰਬਰ ਦੀ! ਮੈਂ ਆਪਣਾ ਹਾਸਾ ਮਸਾਂ ਹੀ ਰੋਕਿਆ। ਇਹ ਕੀ ਕਿੱਕ ਲਾਉਂਦਾ ਹੋਵੇਗਾ? ਪਰ ਨਹੀਂ, ਰੁਪਾਣਾ ਸੱਚ ਮੁੱਚ ਹੀ ਫੁੱਟਬਾਲ ਦਾ ਵਧੀਆ ਖਿਡਾਰੀ ਰਿਹਾ ਹੈ ਤੇ ਉਹ ਯੂਨੀਵਰਸਿਟੀ ਪੱਧਰ ਤੱਕ ਖੇਡਿਆ ਹੈ । ਉਸਦੇ ਖੱਬੇ ਤੇ ਸੱਜੇ ਪੈਰ ਨੂੰ ਬਾਲ ਤੇ ਕੰਟਰੋਲ ਕਰਨ ਦੀ ਇਕੋ ਜਿਨ੍ਹੀ ਮੁਹਾਰਤ ਹਾਸਲ ਸੀ ਤੇ ਇਸੇ ਕਰਕੇ ਹਮਲਾਵਰ ਪੰਕਤੀ ਵਿੱਚ ਉਸਨੂੰ ਰਾਈਟ ਇਨ ਤੇ ਕਦੇ ਰਾਈਟ ਆਊਟ ਖਿਡਾ ਲਿਆ ਜਾਂਦਾ ਸੀ।

ਇੱਕ ਦਿਨ ਉਹ ਆਪਣੀ ਜਵਾਨੀ ਵੇਲੇ ਦੀ ਫੋਟੋ ਵਿਖਾਉਣ ਲੱਗਿਆ। ਪੂਰਾ ਭਰਵਾਂ ਚਿਹਰਾ ਤੇ ਚੌੜੇ ਮੋਢੇ ਜਿਵੇਂ ਕੋਈ ਮਿਲਟਰੀ ਦਾ ਅਫਸਰ ਹੋਵੇ। ਉਸਨੇ ਦੱਸਿਆ ਕਿ ਦਿੱਲੀਓਂ ਰੇਲ ਗੱਡੀ 'ਤੇ ਏਧਰ ਆ ਰਿਹਾ ਸੀ। ਡੱਬੇ ਦੀ ਤਲਾਸ਼ੀ ਹੋ ਗਈ। ਉਸਦੇ ਬੈਗ ਵਿੱਚ ਰੰਮ ਦੀਆਂ ਤਿੰਨ ਚਾਰ ਬੋਤਲਾਂ ਸਨ। ਰੁਪਾਣੇ ਨੂੰ ਮੌਕੇ ਤੇ ਗੱਲ ਬੜੀ ਔੜਦੀ ਹੈ ਤੇ ਇਸ ਮੌਕੇ ਵੀ ਔੜ ਪਈ, ' ਸਾਨੂੰ ਫੌਜੀਆਂ ਨੂੰ ਰੰਮ ਬਿਨਾਂ ਨਹੀਂ ਸਰਦਾ। ' ਹੱਸਦੇ ਹੋਏ ਉਸਨੇ ਪੁਲਸ ਵਾਲਿਆਂ ਨੂੰ ਕਿਹਾ ਤੇ ਉਹ ਉਸਨੂੰ ਕੋਈ ਫੌਜੀ ਅਫਸਰ ਸਮਝਦੇ ਹੋਏ ਬਿਨਾਂ ਕੋਈ ਪੁੱਛ ਪੜਤਾਲ ਕੀਤੇ ਹੋਰਨਾ ਦੀ ਤਲਾਸ਼ੀ ਲੈਣ ਲੱਗ ਪਏ।

ਕਹਾਣੀਆਂ ਵੀ ਰੁਪਾਣਾ ਸ਼ੁਗਲ ਸ਼ੁਗਲ 'ਚ ਹੀ ਲਿਖਣ ਲੱਗ ਪਿਆ ਸੀ। ਉਹਨਾਂ ਦੇ ਪਿੰਡ ਦੇ ਸਕੂਲ ਵਿੱਚ ਪੜ੍ਹਾਉਂਦਾ ਇਕ ਅਧਿਆਪਕ ' ਪੰਜ ਦਰਿਆ ' ਅਤੇ ' ਪ੍ਰੀਤ ਲੜੀ ' ਦਾ ਪੱਕਾ ਪਾਠਕ ਸੀ । ਉਸ ਸਮੇਂ ਰੁਪਾਣਾ ਖਾਲਸਾ ਸੈਕੰਡਰੀ ਸਕੂਲ ਮੁਕਤਸਰ ਵਿੱਚ ਪੜ੍ਹਦਾ ਸੀ ਤੇ ਅਕਸਰ ਹੀ ਸ਼ਾਮ ਨੂੰ ਉਸ ਕੋਲ ਚਲਾ ਜਾਂਦਾ ਸੀ । ਇਕ ਦਿਨ ਉਸਨੇ ਅਧਿਆਪਕ ਨੂੰ ਛੇੜਦੇ ਹੋਏ ਕਿਹਾ ਕਿ ਸਾਰਾ ਦਿਨ ਆਹ ਕਹਾਣੀਆਂ ਜੀਆਂ ਕੀ ਪੜ੍ਹਦੇ ਰਹਿੰਦੇ ਹੋ। ਅੱਗੋਂ ਉਸਨੇ ਮਸ਼ਕਰੀ ਨਾਲ ਕਿਹਾ ਕਿ ਘੁੱਗੀ ਕੀ ਜਾਣੇ ਸਤਿਗੁਰ ਕੀਆਂ ਬਾਤਾਂ । ਰੁਪਾਣਾ ਵੱਟ ਖਾ ਗਿਆ ਤੇ ਬੋਲਿਆ ਕਿ ਏਹੋ ਜਿਹੀਆਂ ਕਹਾਣੀਆਂ ਤਾਂ ਮੈਂ ਵੀ ਲਿਖ ਸਕਦਾ ਹਾਂ। ਅਗਲੇ ਦਿਨ ਉਹ ਮੁਕਤਸਰ ਆਪਣਾ ਦਸਵੀਂ ਦਾ ਰੀਜਲਟ ਵੇਖਣ ਜਾ ਰਿਹਾ ਸੀ ਤਾਂ ਉਸਦੇ ਮੂਹਰੇ ਜਾਂਦੇ ਦੋ ਸਾਈਕਲ ਸਵਾਰ ਗੱਲਾਂ ਕਰਦੇ ਜਾਂਦੇ ਸਨ। ਸਾਈਕਲ ਤੇ ਉਹਨਾਂ ਦੇ ਪਿੱਛੇ ਆਉਂਦਾ ਰੁਪਾਣਾ ਗੱਲਾਂ ਸੁਣਦਾ ਆਇਆ। ਉਸ ਦਿਨ ਉਸਦਾ ਦਸਵੀਂ ਦਾ ਰੀਜਲਟ ਤਾਂ ਨਾ ਆਇਆ ਪਰ ਘਰ ਆ ਕੇ ਰੁਪਾਣੇ ਨੇ ਰਫ ਕਾਪੀ ਚੁੱਕ ਲਈ ਤੇ ਸੁਣੀਆਂ ਗੱਲਾਂ ਨੂੰ ਅਧਾਰ ਬਣਾ ਕੇ ਕਹਾਣੀ ਲਿਖਣ ਬੈਠ ਗਿਆ । ਕਹਾਣੀ ਲਿਖ ਕੇ ਅਧਿਆਪਕ ਤੋਂ ਚੋਰੀਓਂ ਰਸਾਲੇ ਦਾ ਐਡਰੈਸ ਨੋਟ ਕਰ ਲਿਆਇਆ। ਅਗਲੇ ਦਿਨ ਹੀ ਉਸ ਨੇ ' ਪੰਜ ਦਰਿਆ ' ਨੂੰ ਕਹਾਣੀ ਪੋਸਟ ਕਰ ਦਿੱਤੀ । ਕੁੱਝ ਦਿਨਾਂ ਬਾਅਦ ਹੀ ਉਸਨੂੰ ਰਸਾਲੇ ਦੇ ਮੁਲਾਜਮ ਅਜੀਤ ਦਾਗ਼ ਦਾ ਪੱਤਰ ਮਿਲਿਆ ਜਿਸ ਵਿੱਚ ਲਿਖਿਆ ਸੀ ਕਿ ਤੁਹਾਡੀ ਕਹਾਣੀ ਪ੍ਰੋ. ਮੋਹਨ ਸਿੰਘ ਨੂੰ ਪਸੰਦ ਆ ਗਈ ਹੈ। ' ਦਰੋਪਦੀ ' ਨਾਂ ਦੀ ਇਹ ਕਹਾਣੀ ਅਗਲੇ ਹੀ ਅੰਕ ਵਿੱਚ ਛੱਪ ਰਹੀ ਹੈ। ਅੱਗੇ ਤੋਂ ਕਹਾਣੀ ਵਰਕੇ ਦੇ ਇੱਕ ਪਾਸੇ ਹੀ ਲਿਖ ਕੇ ਭੇਜਿਆ ਕਰੋ । ਕਹਾਣੀ ਦੇ ਇਵਜ ਵਿੱਚ ਤੁਹਾਨੂੰ ਦੋ ਸਾਲ ਲਈ ' ਪੰਜ ਦਰਿਆ ' ਮੁਫ਼ਤ ਭੇਜਿਆ ਜਾਵੇਗਾ। ਕਹਾਣੀ ਛਪੀ ਪਰ ਰੁਪਾਣੇ ਦਾ ਨਾਂ ਗੁਰਦੇਵ ਸਿੰਘ ਵਿਰਕ ਦੀ ਬਜਾਏ ਗੁਰਦੇਵ ਸਿੰਘ ਵਿਰਦੀ ਛਪ ਗਿਆ ਜਿਸਦੀ ਦਰੁਸਤੀ ਉਹਨਾਂ ਅਗਲੇ ਅੰਕ ਵਿੱਚ ਕਰ ਦਿੱਤੀ ਸੀ। ਇੱਥੇ ਇਹ ਲਿਖਣ ਦੀ ਲੋੜ ਨਹੀਂ ਕਿ ਉਹ ਅਧਿਆਪਕ ਕਿਨ੍ਹਾ ਹੈਰਾਨ ਹੋਇਆ ਹੋਵੇਗਾ। ਰੁਪਾਣੇ ਦਾ ਗੋਤ ਵਿਰਕ ਹੈ ਪਰ



ਬਾਅਦ ਵਿੱਚ ਉਸ ਨੇ ਵਿਰਕ ਲਿਖਣਾ ਛੱਡ ਦਿੱਤਾ ਤੇ ਆਪਣੇ ਪਿੰਡ ਦੇ ਨਾਂ ਨੂੰ ਹੀ ਤਖੱਲਸ ਬਣਾ ਲਿਆ । ਤਖੱਲਸ ਬਦਲਣ ਦੇ ਮਾਮਲੇ ਤੇ ਉਸਦੀ ਕੁਲਵੰਤ ਸਿੰਘ ਵਿਰਕ ਨਾਲ ਦਿਲਚਸਪ ਵਾਰਤਾਲਾਪ ਹੋਈ ਸੀ।

' ਤੂੰ ਆਪਣੇ ਨਾਂ ਨਾਲੋਂ ਵਿਰਕ ਲਿਖਣਾ ਕਿਓਂ ਛੱਡ ਦਿੱਤਾ ? '

' ਕਿਉਂਕੇ ਪਹਿਲਾਂ ਵੀ ਇਕ ਵਿਰਕ ਹੈਗਾ। '

' ਤੇ ਫੇਰ ਕੀ ਹੈ ? '

' ਉਹ ਬੰਦਾ ਜ਼ੋਰ ਵਾਲਾ ਹੈ ਆਪਣੀਆਂ ਮਾੜੀਆਂ ਕਹਾਣੀਆਂ ਵੀ ਮੇਰੇ ਨਾਂ ਪਾ ਦੇਊ।'

' ਇਥੋਂ ਤੱਕ ਪਹੁੰਚ ਜਾਵੇਂਗਾ ? '

' ਤੁਸੀਂ ਛੱਡੋ ਤਾਂ ਸਹੀ , ਕਿੱਥੋਂ ਤੱਕ ਲੈ ਕੇ ਜਾਂਦੇ ਹੋ ? '

ਗੁਰਦੇਵ ਸਿੰਘ ਰੁਪਾਣਾ ਕੁਲਵੰਤ ਸਿੰਘ ਵਿਰਕ ਦੀ ਪਰੰਪਰਾ ਦਾ ਲੇਖਕ ਹੈ ਤੇ ਉਸਨੇ ਅਨੇਕਾਂ ਹੀ ਯਾਦਗਾਰੀ ਕਹਾਣੀਆਂ ਦੀ ਰਚਨਾ ਕੀਤੀ ਹੈ। ਉਸਦੇ ਨਾਵਲ ਗੋਰੀ, ਆਸੋ ਦਾ ਟੱਬਰ, ਜਲ ਦੇਵ ਅਤੇ ਸ੍ਰੀ ਪਾਰਵਾ ਵੀ ਬਹੁਤ ਪੜ੍ਹੇ ਅਤੇ ਸਲਾਹੇ ਗਏ ਹਨ। ਉਸਦਾ ਪਾਠਕ ਵਰਗ ਵਿਸ਼ਾਲ ਹੈ ਜੋ ਦੇਸ਼ ਦੀਆਂ ਸਰਹੱਦਾਂ ਤੋਂ ਪਾਰ ਤੱਕ ਫੈਲਿਆ ਹੋਇਆ ਹੈ। ਉਸਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼ਿਰੋਮਣੀ ਸਾਹਿਤਕਾਰ ਐਵਾਰਡ, ਪੰਜਾਬੀ ਅਕਾਦਮੀ ਦਿੱਲੀ ਦੇ ਇਨਾਮ, ਵਿਰਕ ਐਵਾਰਡ, ਬਲਰਾਜ ਸਾਹਨੀ ਯਾਦਗਾਰੀ ਐਵਾਰਡ ਅਤੇ ਹੋਰ ਅਨੇਕਾਂ ਹੀ ਇਨਾਮ ਸਨਮਾਨ ਮਿਲ ਚੁੱਕੇ ਹਨ। ਪਰ ਰੁਪਾਣੇ ਨੂੰ ਆਲੋਚਕ ਨਹੀਂ ਮਿਲੇ ਭਾਵੇਂ ਪਾਠਕ ਬਹੁਤ ਮਿਲੇ ਹਨ। ਖੋਜ ਕਾਰਜ ਤਾਂ ਉਸਦੀਆਂ ਰਚਨਾਵਾਂ ਤੇ ਨਾ ਮਾਤਰ ਹੀ ਹੋਇਆ ਹੈ। ਪੰਜਾਬ ਦੀਆਂ ਤਿਨਾਂ ਯੂਨੀਵਰਸਿਟੀਆਂ ਅਤੇ ਉਹਨਾਂ ਦੇ ਰਿਜ਼ਨਲ ਸੈਂਟਰਾਂ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਵਿਦਿਆਰਥੀ ਅਨੇਕਾਂ ਹੀ ਨਵੇਂ ਪੁਰਾਣੇ ਕਹਾਣੀਕਾਰਾਂ ਤੇ ਐਮ. ਫਿਲ ਆਦਿ ਕਰਕੇ ਨਿਕਲ ਰਹੇ ਹਨ ਪਰ ਸਾਰਿਆਂ ਨੇ ਰੁਪਾਣੇ ਨੂੰ ਵਿਸਾਰ ਦਿੱਤਾ ਹੈ ਕਿਉਂਕੇ ਯੂਨੀਵਰਸਿਟੀਆਂ ਦਾ ਗਾਈਡ ਵਰਗ ਲਿਹਾਜਾਂ ਪੂਰਨ ਤੇ ਲੱਗਿਆ ਹੋਇਆ ਹੈ ਤੇ ਰੁਪਾਣੇ ਵਰਗੇ ਬੰਦੇ ਦੀ ਕਿਸੇ ਨਾਲ ਲਿਹਾਜ ਹੀ ਨਹੀਂ ਹੈ ਤੇ ਹੋ ਵੀ ਨਹੀਂ ਸਕਦੀ। ਰੁਪਾਣੇ ਦਾ ਨਾਵਲ ' ਗੋਰੀ ' ਸਰਕਾਰੀ ਕਾਲਜ ਮੁਕਤਸਰ ਦੀ ਲਾਇਬਰੇਰੀ ਵਿੱਚੋਂ ਅਨੇਕਾਂ ਹੀ ਵਿਦਿਆਰਥੀਆਂ ਨੇ ਕਢਾ ਕੇ ਪੜ੍ਹਿਆ ਹੈ ਤੇ ਪੜ੍ਹ ਰਹੇ ਹਨ। ਇਹ ਉਹੀ ਨਾਵਲ ਹੈ ਜਿਸਦੇ ਨਾਂ ਨਾਲ ਮਿਲਦਾ ਨਾਂ ' ਗੌਰੀ ' ਰੱਖ ਕੇ ਭਾਪਾ ਪ੍ਰੀਤਮ ਸਿੰਘ ਨੇ ਇਕ ਲੇਖਕਾ ਦੀ ਕਿਤਾਬ ਛਾਪ ਦਿੱਤੀ ਸੀ ਤੇ ਰੁਪਾਣੇ ਨਾਲ ਪੰਗਾ ਲੈ ਕੇ ਖੱਜਲ ਖੁਆਰ ਹੋਇਆ ਸੀ। ਰੁਪਾਣੇ ਨੂੰ ਗਿਲਾ ਹੈ ਕਿ ਆਲੋਚਕ ਉਸਦੀਆਂ ਕੁਝ ਕਹਾਣੀਆਂ, ਜਿਵੇਂ ਹਵਾ, ਰੋਟੀ ਅਤੇ ਸ਼ੀਸ਼ਾ ਆਦਿ ਦਾ ਹੀ ਨੋਟਿਸ ਲੈਂਦੇ ਹਨ ਜਦੋਂ ਕਿ ਉਸਦੀਆਂ ਹੋਰ ਵੀ ਬਹੁਤ ਵਧੀਆ ਕਹਾਣੀਆਂ ਹਨ ਜਿਵੇਂ ' ਕਣਕ ਦਾ ਦਾਣਾ '। ਇਕ ਵਾਰ ਬਲਦੇਵ ਧਾਲੀਵਾਲ ਨੇ ਵੰਡ ਦੇ ਸਮੇਂ ਦੀਆਂ ਕਹਾਣੀਆਂ 'ਤੇ ਪੇਪਰ ਲਿਖਿਆ ਜਿਸ ਵਿੱਚ ਇਸ ਵਿਸ਼ੇ ਨਾਲ ਸੰਬਧਿਤ ਰੁਪਾਣਾ ਦੀ ਬਹੁਤ ਚਰਚਿਤ ਕਹਾਣੀ 'ਹਵਾ ' ਦਾ ਜ਼ਿਕਰ ਨਹੀਂ ਸੀ । ਉਸਨੂੰ ਪੁੱਛਿਆ ਗਿਆ ਤਾਂ ਉਸਨੇ ਸਹਿਜ ਭਾਅ ਹੀ ਕਹਿ ਦਿੱਤਾ ਕਿ ਇਹ ਕਹਾਣੀ ਉਸਦੇ ਚੌਖਟੇ ਵਿੱਚ ਫਿੱਟ ਨਹੀਂ ਆਉਂਦੀ ਸੀ। ਰੁਪਾਣੇ ਨੂੰ ਅਜੇ ਤੱਕ ਇਹ ਨਹੀਂ ਪਤਾ ਲੱਗਿਆ ਕਿ ਇਹ ਆਲੋਚਕ ਚੋਖਟੇ ਕਿਵੇਂ ਬਣਾਉਂਦੇ ਹਨ।

' ਉਹ ਸੁਰੇਵਾਲੀਆ, ਯਾਰ ਤੇਰੇ ਪਿੰਡ ਦੇ ਛੱਪੜ ਹੀ ਬਲਾ ਵੱਡੇ ਐ। ' ਇਕ ਦਿਨ ਰੁਪਾਣੇ ਨੇ ਮੈਨੂੰ ਆਪਣੀ ਗੱਲ ਨੂੰ ਅਸਧਾਰਨ ਬਣਾਉਣ ਵਾਲੇ ਲਹਿਜੇ ਵਿੱਚ ਕਿਹਾ ਤਾਂ ਮੈਨੂੰ ਆਪਣੇ ਪਿੰਡ ਦੇ ਛੱਪੜ ਹੋਰ ਵੀ ਵੱਡੇ ਨਜ਼ਰ ਆਉਣ ਲੱਗੇ। ਉਹ ਸਾਡੇ ਪਿੰਡ ਉਸ ਵੇਲੇ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਕੋਲ ਆਪਣੇ ਭਤੀਜਿਆਂ ਖਿਲਾਫ ਫਰਿਆਦ ਕਰਨ ਗਿਆ ਸੀ ਜੋ

ਉਸਦੇ ਘਰ ਨੂੰ ਲਾਂਘਾ ਨਹੀਂ ਦੇ ਰਹੇ ਸਨ। ਮੇਰੀ ਸ਼ੰਕਾ ਸਹੀ ਸਾਬਤ ਹੋਈ ਸੀ। ਸ਼ਰੀਕ ਉਹ ਵੀ ਜੱਟ – ਇਸ ਤਰ੍ਹਾਂ ਤਾਂ ਫਿਰ ਹੋਣਾ ਹੀ ਸੀ। ਉਸ ਸਮੇਂ ਸਾਹਿਤ ਰਸੀਆਂ ਡੀ. ਐਸ. ਪੀ. ਬਲਜੀਤ ਸਿੰਘ ਸਿੱਧੂ ਮੁਕਤਸਰ ਵਿਖੇ ਤੈਨਾਤ ਨਾ ਹੁੰਦਾ ਤਾਂ ਸ਼ਰੀਕਾਂ ਨੇ ਰੁਪਾਣੇ ਦਾ ਛੋਟਾ ਜਿਹਾ ਆਸ਼ਿਆਨਾ ਕੌਡੀਆਂ ਦੇ ਭਾਅ ਖਰੀਦ ਕੇ ਉਸਨੂੰ ਇਕ ਵਾਰ ਫੇਰ ਬੇ-ਘਰ ਕਰ ਦੇਣਾ ਸੀ।

ਪਰ ਰੁਪਾਣਾ ਤਾਂ ਪਿੰਡ ਸਰਪੰਚ ਬਣਨ ਨੂੰ ਫਿਰਦਾ ਸੀ। ਤਾਸ਼ ਖੇਡਣ ਵਾਲੇ ਸਾਥੀਆਂ ਨੇ ਉਸਨੂੰ ਉਂਗਲ ਲਾ ਦਿੱਤੀ ਸੀ ਕਿ ਇਸ ਵਾਰ ਤੈਨੂੰ ਪਿੰਡ ਦਾ ਸਰਪੰਚ ਬਣਾਉਣਾ ਹੈ। ਪਰ ਪਿੰਡ ਦੀ ਸਰਪੰਚੀ ਹਰੀਜਨ ਔਰਤ ਵਾਸਤੇ ਰਾਖਵੀਂ ਕਰ ਦਿੱਤੀ ਗਈ। ਮੁਕਤਸਰ ਕਚਹਿਰੀਆਂ ਵਿੱਚ ਪੰਚੀ ਸਰਪੰਚੀ ਦੀ ਉਮੀਦਵਾਰੀ ਲਈ ਨਾਮਜ਼ਦਗੀਆਂ ਭਰਨ ਵਾਲਿਆਂ ਦਾ ਮੇਲਾ ਲੱਗਿਆ ਹੋਇਆ ਸੀ। ਟਾਈਪਿਸਟਾਂ ਦੀਆਂ ਉਂਗਲਾਂ ਤੇਜੀ ਨਾਲ ਟਾਈਪ ਮਸ਼ੀਨਾਂ ਤੇ ਵੱਜ ਰਹੀਆਂ ਸਨ। ਜਿਵੇਂ ਮੇਲੇ ਵਿੱਚ ਤੱਤੀਆਂ ਜਲੇਬੀਆਂ ਕੱਢ ਰਹੇ ਹਲਵਾਈ ਤੋਂ ਜਲੇਬੀਆਂ ਖਾਣ ਵਲਿਆਂ ਦਾ ਰਸ਼ ਨਹੀਂ ਭੁਗਤਾਇਆ ਜਾਂਦਾ , ਉਹੀ ਹਾਲ ਟਾਈਪਿਸਟ ਗੁਰਸੇਵਕ ਪ੍ਰੀਤ ਦਾ ਵੀ ਸੀ। ਨੋਟਾਂ ਨਾਲ ਉਸਦੇ ਕਮੀਜ਼ ਅਤੇ ਪੈਂਟ ਦੀਆਂ ਜੇਬਾਂ ਆਫਰੀਆਂ ਪਈਆਂ ਸਨ ਤੇ ਗੁਰਦੇਵ ਸਿੰਘ ਰੁਪਾਣਾ ਉਸਦੇ ਖੋਖੇ ਦੇ ਅੰਦਰ ਖੂੰਜੇ ਵਿੱਚ ਉਹਲੇ ਬੈਠਾ ਰੈੱਡ ਨਾਈਟ ਦੇ ਪੈੱਗ ਪੀ ਪੀ ਭੁਜੀਏ ਦੇ ਫੱਕੇ ਮਾਰ ਰਿਹਾ ਸੀ।

'ਆ ਯਾਰ ਸੂਰੇਵਾਲੀਆ ਅੱਜ ਤਾਂ ਬੜਾ ਸੋਹਣਾ ਲੱਗਦੈਂ।' ਮੈਨੂੰ ਵੇਖਦਿਆਂ ਸਾਰ ਹੀ ਉਹ ਖਿੜ ਗਿਆ ਤੇ ਗਲਾਸ ਵਿੱਚ ਮੇਰੇ ਲਈ ਪੈੱਗ ਪਾਉਣ ਲੱਗਿਆ।

'ਆਪਣੀ ਸਰਪੰਚੀ ਦਾ ਕੀ ਬਣਿਆ ?' ਮੈਂ ਜਾਣ-ਬੁੱਝ ਕੇ ਪੁੱਛਿਆ।

'ਲੋਕ ਤਾਂ ਚਾਹੁੰਦੇ ਸਨ ਕਿ ਮੈਂ ਸਰਪੰਚ ਬਣਾਂ ਪਰ ਆਹ ਰਾਖਵੇਂਕਰਨ ਨੇ ਗੰਢੇ ਗਾਲਤੇ। ਮੈਂ ਤਾਂ ਕਿਹਾ ਸੀ ਬਈ ਕਿਸੇ ਹਰੀਜਨ ਜਨਾਨੀ ਨਾਲ ਮੇਰਾ ਗੰਢ ਤੋਪਾ ਭਰ ਦਿਓ, ਸਰਪੰਚੀ ਮੈਂ ਕਰੀ ਜਾਊਂਗਾ।' ਉਸਨੇ ਕਿਹਾ ਤੇ ਠਹਾਕਾ ਮਾਰ ਕੇ ਹੱਸ ਪਿਆ। ਹੱਸਦਿਆਂ ਹੱਸਦਿਆਂ ਉਸਨੂੰ ਹੱਥੂ ਆ ਗਿਆ ਤੇ ਫਿਰ ਖੰਘਣ ਲੱਗ ਪਿਆ। ਉਸਦਾ ਪਿੰਜਰ ਖੜ ਖੜ ਕਰ ਰਿਹਾ ਸੀ। ਹਾਰਟ ਅਟੈਕ ਤੋਂ ਬਾਅਦ ਉਹ ਕਾਫੀ ਕਮਜ਼ੋਰ ਹੋ ਗਿਆ ਹੈ। ਉਸਨੂੰ ਖੰਘਦਿਆਂ ਵੇਖ ਕੇ ਮੈਂ ਕੰਬ ਜਿਹਾ ਗਿਆ।

ਜਦੋਂ ਉਸਦੀ ਖੰਘ ਟਿਕ ਗਈ ਤਾਂ ਉਸਨੇ ਸਿੰਮ ਆਈਆਂ ਅੱਖਾਂ ਪੂੰਝੀਆਂ ਤੇ ਫਿਰ ਸਿਗਰਟ ਬਾਲ ਲਈ। ਦਿਨ ਅਜੇ ਢਲਿਆ ਨਹੀਂ ਸੀ। ਅੱਧੀ ਬੋਤਲ ਦੇ ਨੇੜ ਉਹ ਇਕੱਲਾ ਹੀ ਪੀਈ ਬੈਠਾ ਸੀ ਤੇ ਸਿਗਰਟ ਵੀ ਨਹੀਂ ਬੁਝਣ ਦੇ ਰਿਹਾ ਸੀ।

ਉਸਦੀਆਂ ਅੱਖਾਂ ਵਿੱਚ ਲਾਲ ਡੋਰੇ ਉਤਰੇ ਹੋਏ ਸਨ।

ਏਨੀ ਦਾਰੂ! ਏਨੀਆਂ ਸਿਗਰਟਾਂ! ਮੈਨੂੰ ਇਕ ਗਾਣੇ ਦੇ ਬੋਲ ਯਾਦ ਆ ਗਏ-

'ਐਬ ਤਾਂ ਇਕ ਮਾੜਾ ਵੇ ਤੂੰ ਦੋ ਦੋ ਲਾਈ ਫਿਰਦੈਂ।'

ਰੁਪਾਣੇ ਨੇ ਤਾਂ ਪਤਾ ਨਹੀਂ ਕਿੰਨੇ ਐਬ ਲਾਏ ਹੋਏ ਨੇ... ਨਾਲੇ ਸਾਡੀਆਂ ਲੇਖਕਾਂ ਦੀਆਂ ਘਰਵਾਲੀਆਂ 'ਲਿਖਣ' ਨੂੰ ਵੀ ਤਾਂ ਐਬ ਹੀ ਸਮਝਦੀਐਂ!

ਬਾਅਦ ਦੀ ਲਿਖਤ- ਇਨ੍ਹਾਂ ਗੱਲਾਂ ਨੂੰ ਦਹਾਕੇ ਦੇ ਕਰੀਬ ਹੋਣ ਵਾਲਾ ਹੈ ਤੇ ਹੁਣ ਤੱਕ ਬਹੁਤ ਸਾਰਾ ਪਾਣੀ ਪੁਲਾਂ ਹੇਠਾਂ ਦੀ ਵਹਿ ਗਿਆ ਹੈ। ਕਦੇ ਗੁਰਬਚਨ ਸਿੰਘ ਭੁੱਲਰ ਨਾਲ ਫੋਨ ਤੇ ਗੱਲ ਹੁੰਦੀ ਹੈ ਤਾਂ ਉਹ ਰੁਪਾਣੇ ਦਾ ਹਾਲ ਜ਼ਰੂਰ ਪੁੱਛਦਾ ਹੈ ਤੇ ਨਾਲ ਹੀ ਕਹਿੰਦਾ ਹੈ ਕਿ ਬੁੜੇ ਦਾ ਪਤਾ ਲੈਂਦਾ ਰਿਹਾ ਕਰ। ਰੁਪਾਣੇ ਦੇ ਮੁਕਤਸਰ ਦੇ ਗੇੜੇ ਹੁਣ ਘਟ ਗਏ ਹਨ। ਹੁਣ ਤਾਂ ਉਹ ਕਚਹਿਰੀਆਂ ਵਿੱਚ ਤਰੀਕਾਂ ਭੁਗਤਣ ਹੀ ਆਉਂਦਾ ਹੈ। ਇੱਕ ਤਾਂ ਉਸਦਾ ਆਪਣੇ ਭਤੀਜਿਆਂ ਨਾਲ ਹੀ ਘਰ ਵਾਲੇ ਥਾਂ ਦਾ ਕੇਸ ਚਲਦਾ ਹੈ ਤੇ ਦੂਜਾ ਉਸਨੇ ਲੁਧਿਆਣੇ ਦੇ ਪ੍ਰਕਾਸ਼ਕ 'ਤੇ ਕੀਤਾ ਹੋਇਆ ਹੈ ਜਿਹੜਾ ਉਸਦੀ ਰਾਇਲਟੀ ਨਹੀਂ ਦੇ ਰਿਹਾ ਸੀ। ਮੈਂ ਤਾਂ ਕੰਬਲ ਨੂੰ ਛੱਡਦਾ ਹਾਂ ਪਰ ਕੰਬਲ ਨਹੀਂ ਮੈਨੂੰ ਛੱਡ ਰਿਹਾ, ਵਾਲੀ ਗੱਲ ਬਣੀ ਹੋਈ ਹੈ। ਪ੍ਰਕਾਸ਼ਕ ਰਾਇਲਟੀ ਦੇਣ ਨੂੰ ਤਿਆਰ



ਹੈ ਪਰ ਹੁਣ ਰੁਪਾਣਾ ਨਹੀਂ ਲੈਂਦਾ। ਇਕ ਨਿਹੰਗ ਸਿੰਘ ਨੇ ਕਿਹਾ ਸੀ ਕਿ ਮੈਂ ਤੇਜਾ ਸਿੰਘ ( ਰੇਲ ਗੱਡੀ ਦਾ ਇੰਜਨ ) ਨਾਲ ਯੁੱਧ ਕਰਾਂਗਾ ਤੇ ਬਰਛਾ ਲੈ ਕੇ ਲੀਹ ਦੇ ਵਿਚਕਾਰ ਖੜੋ ਗਿਆ ਸੀ ਪਰ ਜਦੋਂ ਕੂਕਾਂ ਮਾਰਦੀ ਗੱਡੀ ਨੇੜੇ ਆਈ ਤਾਂ ਛਾਲ ਮਾਰਕੇ ਪਾਸੇ ਹੋ ਗਿਆ ਤੇ ਕਹਿਣ ਲੱਗਿਆ ਮੈਂ ਤਾਂ ਇਹਦੀਆਂ ਚੀਕਾਂ ਹੀ ਕਢਾਉਣੀਆਂ ਸਨ। ਰੁਪਾਣੇ ਨੇ ਵੀ ਭਾਪੇ ਪ੍ਰਕਾਸ਼ਕ ਦੀਆਂ ਚੀਕਾਂ ਹੀ ਕਢਾਈਆਂ ਸਨ ਤੇ ਹੁਣ ਸ਼ਾਇਦ ਲੁੱਧਿਆਣੇ ਵਾਲੇ ਪ੍ਰਕਾਸ਼ਕ ਦੀਆਂ ਵੀ ਚੀਕਾਂ ਹੀ ਕਢਾਉਣੀਆਂ ਚਾਹੁੰਦਾ ਹੈ।

ਇਕ ਦਿਨ ਘਰੇ ਵਿਹਲਾ ਹੀ ਸਾਂ ਤੇ ਮਨ ਉਂਝ ਹੀ ਉਦਾਸ ਹੋ ਗਿਆ ਸੀ । ਮੈਂ ਰੁਪਾਣੇ ਨੂੰ ਫੋਨ ਲਾ ਲਿਆ। 'ਆ ਜਾ, ਆ ਜਾ ਘਰ ਹੀ ਹਾਂ।' ਉਸਦੀ ਭਾਰੀ ਤੇ ਘੱਗੀ ਜਿਹੀ ਆਵਾਜ਼ ਆਈ ਤੇ ਦਸਾਂ ਮਿੰਟਾਂ ਵਿੱਚ ਹੀ ਮੈਂ ਉਸਦੇ ਪਿੰਡ ਜਾ ਪਹੁੰਚਿਆ। ਜਿਹੜੀ ਫਿਰਨੀ ਪਹਿਲਾਂ ਕੱਚੀ ਸੀ ਹੁਣ ਪੱਕੀ ਸੜਕ ਬਣੀ ਹੋਈ ਹੈ । ਘਰ ਨੂੰ ਜਾਂਦੀ ਗਲੀ ਵੀ ਪੱਕੀ ਹੋ ਗਈ ਹੈ ਪਰ ਘਰ ਦੇ ਲਾਂਘੇ ਵਿੱਚ ਛੋਟੀ ਜਿਹੀ ਕੱਚੀ ਨਾਲੀ ਉਸੇ ਤਰ੍ਹਾਂ ਗੰਦੇ ਪਾਣੀ ਨਾਲ ਭਰੀ ਹੋਈ ਸੀ । ਸੱਜੇ ਹੱਥ ਵਾਲੇ ਘਰ ਦੇ ਨਵੇਂ ਕਮਰੇ ਪੈ ਗਏ ਸਨ ਤੇ ਖੱਬੇ ਹੱਥ ਵਾਲੀ ਕੋਠੀ ਵੀ ਮੁਕੰਮਲ ਹੋਈ ਜਾਪ ਰਹੀ ਸੀ ਪਰ ਰੁਪਾਣੇ ਦੇ ਘਰ ਵਿੱਚ ਮੈਨੂੰ ਕੋਈ ਤਬਦੀਲੀ ਨਜ਼ਰ ਨਾ ਆਈ। ਉਸੇ ਥਾਂ ਉਸੇ ਕਮਰੇ ਵਿੱਚ ਬੂਹੇ ਦੇ ਨਾਲ ਕਰਕੇ ਲੱਗੇ ਬੈੱਡ ਤੇ ਉਹ ਚੌਂਕੜੀ ਮਾਰੀ ਬੈਠਾ ਸੀ। ਬੈੱਡ ਤੇ ਸਾਫ-ਸੁਥਰੀ ਚਾਦਰ ਵਿਛੀ ਹੋਈ ਸੀ। ਜਦੋਂ ਜਿੰਦਰ ਨਾਲ ਪਹਿਲੀ ਵਾਰ ਉਸਦੇ ਘਰ ਗਿਆ ਸੀ ਤਾਂ ਓਦੋਂ ਉਹ ਬੈੱਡ ਤੇ ਖਿਲਰੀਆਂ ਕਿਤਾਬਾਂ ਵਿੱਚ ਘਿਰਿਆ ਬੈਠਾ ਸੀ। ਓਦੋਂ ਉਸਦੇ ਸਰਾਣੇ ਬੈੱਡ ਦੇ ਪਾਵੇ ਨਾਲ ਮੋਟਾ ਸੰਤਰਾ ਮਾਰਕਾ ਖਾਲੀ ਹੋਣ ਦੇ ਕਰੀਬ ਬੋਤਲ ਪਈ ਸੀ। ਬੈੱਡ ਦੇ ਕੋਲ ਹੀ ਤਿਪਾਈ ਤੇ ਉਸਦੀ ਐਸ਼ ਟਰੇਅ ਰੱਖੀ ਹੋਈ ਸੀ । ਅੱਜ ਕਿਧਰੇ ਨਾ ਕੋਈ ਬੋਤਲ ਤੇ ਨਾ ਐਸ਼ ਟਰੇਅ ਦਿੱਸਦੀ ਸੀ । ਉਸਨੇ ਦਾਰੂ ਤੇ ਸਿਗਰਟਾਂ ਛੱਡ ਦਿੱਤੀਆਂ ਹਨ। ਰੁਪਾਣੇ ਦਾ ਮੱਥੇ ਤੋਂ ਲੈ ਕੇ ਗਿੱਚੀ ਤੱਕ ਸਿਰ ਗੰਜਾ ਹੋ ਗਿਆ ਹੈ ਤੇ ਸਿਰਫ ਕੰਨਾਂ ਦੇ ਉਪਰਲੇ ਪਾਸੇ ਵਿਰਲੇ ਵਿਰਲੇ ਗਿੱਠ ਕੁ ਲੰਮੇ ਚਿੱਟੇ ਵਾਲ ਹਨ ਜੋ ਹੇਠਾਂ ਵੱਲ ਲਮਕ ਰਹੇ ਸਨ । ਅੱਜ ਉਹ ਬੜਾ ਸ਼ਾਂਤ ਚਿੱਤ ਗੱਲਾਂ ਕਰ ਰਿਹਾ ਸੀ ਤੇ ਸਧਾਰਨ ਗੱਲ ਨੂੰ ਅਸਧਾਰਨ ਬਣਾ ਕੇ ਪੇਸ਼ ਕਰਨ ਵਾਲਾ ਅੰਦਾਜ਼ ਗਾਇਬ ਸੀ । ਉਸ ਕੋਲ ਬੈਠਿਆਂ ਦਾ ਸਮਾਂ ਤਾਂ ਖੰਭ ਲਾ ਕੇ ਉੱਡ ਜਾਂਦਾ ਹੈ। ਦੋ ਵਾਰ ਅਸੀਂ ਚਾਹ ਪੀ ਲਈ ਸੀ। ਇਸ ਸਾਰੇ ਸਮੇਂ ਦੌਰਾਨ ਉਹ ਇਕ ਵਾਰ ਵੀ ਨਹੀਂ ਸੀ ਖੰਘਿਆ । ਐਂਤਕੀ ਦੀ ਵਿਸਾਖੀ ਵਾਲੇ ਦਿਨ ਤੋਂ ਉਸਨੂੰ ਇਕਿਆਸੀਵਾਂ ਸਾਲ ਲੱਗ ਗਿਆ ਹੈ। ਅੱਜ ਮੈਨੂੰ ਉਸਦੇ ਚਿਹਰੇ ਤੇ ਵੱਖਰੀ ਹੀ ਕਿਸਮ ਦੀ ਸ਼ਾਂਤੀ ਤੇ ਜਲੌਅ ਦਿੱਸਿਆ ਤੇ ਦੁੱਧ ਚਿੱਟੇ ਕੱਪੜਿਆਂ ਵਿੱਚ ਬੈਠਾ ਉਹ ਕੋਈ ਸੰਤ ਮਹਾਤਮਾ ਜਾਪ ਰਿਹਾ ਸੀ।

ਫੋਨ 9501050016

**ਵਿਹੜਿਆਂ ਦੀ ਮਹਿਕ (ਚੋਣਵੀਆਂ ਗ਼ਜ਼ਲਾਂ)**

**ਕਸ਼ਮੀਰ ਨੀਰ**

**ਤਿਕੋਣਾ ਸਫ਼ਰ (ਸਵੈਜੀਵਨੀ)**

**ਦੇਵ**

**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**

# ਸਭ ਦੀ ਬੇਬੇ ਤੇ ਮੇਰੇ ਬੀਜੀ/ਬਲਬੀਰ ਸੰਘੇੜਾ

ਮੇਰੀ ਬੀਜੀ ਕੱਦ ਦੀ ਨਿੱਕੀ ਜਿਹੀ, ਕਾਠ ਦੀ ਭਰਵੀਂ, ਗੋਰੀ-ਚਿੱਟੀ, ਗੋਲ-ਮਟੋਲ, ਬੋਹੜ ਦੀ ਗੋਲ੍ਹ ਵਰਗੀ ਸੋਹਣੀ ਸੀ। ਇਸੇ ਲਈ ਕਈ ਪਿੰਡ ਦੀਆਂ ਸਿਆਣੀਆਂ ਔਰਤਾਂ ਉਨ੍ਹਾਂ ਨੂੰ ਗੋਲ੍ਹ ਵੀ ਆਖ ਦਿੰਦੀਆਂ। ਤੁਰਦੇ ਤਾਂ ਸਹਿਜੇ ਜਿਹੇ। ਹੌਲੇ-ਹੌਲੇ ਪੱਬ ਧਰਦੇ। ਜ਼ਮੀਨ ਉੱਤੇ ਜਿਵੇਂ ਭਾਰ ਨਾ ਦਿੰਦੇ ਹੋਣ। ਧਰਤੀ ਨੂੰ ਬਚਾ-ਬਚਾ ਕੇ ਤੁਰਦੇ ਜਿਵੇਂ ਉਨ੍ਹਾਂ ਦੇ ਭਾਰ ਨਾਲ਼ ਧਰਤੀ ਲਿੱਫ਼ ਜਾਵੇਗੀ। ਉਨ੍ਹਾਂ ਦੇ ਹੱਥ-ਪੈਰ ਬਹੁਤ ਸੋਹਣੇ ਸਨ। ਸੁਨਹਿਰੀ ਜਿਹੀ ਭਾਅ ਮਾਰਦੇ। ਪੈਰ ਨਿੱਕੇ-ਨਿੱਕੇ, ਜਪਾਨੀ ਗੁੱਡੀਆਂ ਵਰਗੇ। ਮੈਂ ਨਿੱਕੀ ਹੁੰਦੀ ਉਨ੍ਹਾਂ ਦੇ ਗੋਡੇ ਮੁੱਢ ਬੈਠ ਕੇ ਉਨ੍ਹਾਂ ਦੇ ਹੱਥ ਅਤੇ ਪੈਰ ਨਾਪਦੀ ਰਹਿੰਦੀ ਸਾਂ। ਮੈਂ ਦੇਖਦੀ ਕਿ ਕਿਵੇਂ ਉਹ ਚਾਟੀ ਵਿਚ ਮਧਾਣੀ ਪਾ ਕੇ ਦੁੱਧ ਰਿੜਕਦੇ? ਕਿਵੇਂ ਚੱਕੀ ਦੀ ਹੱਥੀ ਫੜ ਪੀਂਹਦੇ? ਕਪਾਹ ਦੀਆਂ ਫੁੱਟੀਆਂ ਨੂੰ ਚੁੱਗਦੇ, ਵਿੱਚੋਂ ਕੀੜੇ ਜਿਹੇ ਵਾਲਾ ਰੂੰ ਅੱਡ ਕਰਦੇ। ਖੇਸੀਆਂ ਦੇ ਬੰਬਲ ਵੱਟਦੇ।

ਉਹ ਸਵੇਰੇ ਵੇਲੇ ਸਿਰ ਉੱਠਦੇ ਅਤੇ ਚੱਕੀ ਚਲਾ ਦਿੰਦੇ। ਚੱਕੀ ਤੋਂ ਵਿਹਲੇ ਹੁੰਦੇ ਤਾਂ ਦੁੱਧ ਰਿੜਕਣ ਲੱਗ ਪੈਂਦੇ। ਦੁੱਧ ਰਿੜਕ ਕੇ ਹਟਦੇ ਤਾਂ ਚੁੱਲਾ ਚੌਂਕਾ ਸਾਂਭ ਲੈਂਦੇ। ਉਸਤੋਂ ਵਿਹਲੇ ਹੁੰਦੇ ਤਾਂ ਚਰਖੇ ਨਾਲ਼ ਸਾਂਝ ਪਾ ਲੈਂਦੇ। ਸਮਝੋ ਮੈਂ ਉਨ੍ਹਾਂ ਨੂੰ ਕਦੀ ਵੀ ਵਿਹਲੇ ਬੈਠੇ ਨਹੀਂ ਸੀ ਦੇਖਿਆ। ਕੋਈ ਨਾ ਕੋਈ ਕੰਮ ਉਨ੍ਹਾਂ ਦੇ ਹੱਥਾਂ ਵਿਚ ਹੁੰਦਾ। ਤੇ ਉਹ ਚੁੱਪ-ਚੁੱਪੀਤੇ ਆਪਣੀ ਮਸਤ ਚਾਲ ਵਿਚ ਕੰਮ ਕਰਦੇ ਰਹਿੰਦੇ। ਉਨ੍ਹਾਂ ਦੀ ਚੁੱਪ ਦਾ ਸ਼ੋਰ ਇਉਂ ਜਾਪਦਾ ਜਿਵੇਂ ਉਨ੍ਹਾਂ ਦੇ ਅੰਦਰ ਨੂੰ ਖਾ ਰਿਹਾ ਹੋਵੇ। ਚੁੱਪ ਘਾਤਕ ਹੁੰਦੀ ਹੈ, ਉਹ ਬੰਦੇ ਦਾ ਅੰਦਰ ਬਾਹਰ ਨਿਗਲ਼ ਜਾਂਦੀ ਹੈ। ਤੇ ਮੇਰੀ ਬੀਜੀ ਦਾ ਅੰਦਰ ਵੀ ਇਸੇ ਤਰ੍ਹਾਂ ਖਾ ਹੁੰਦਾ ਰਿਹਾ।

ਜ਼ਿੰਦਗੀ ਦੀ ਬੇਇਨਸਾਫ਼ੀ ਨੇ ਉਨ੍ਹਾਂ ਨੂੰ ਚੁੱਪ-ਚੁਪੀਤੇ ਜਿਹੇ ਬਣਾ ਦਿੱਤਾ ਸੀ। ਜਿਹੜੀ ਕੁੜੀ ਤੇਰਾਂ-ਚੌਦਾਂ ਵਰ੍ਹਿਆਂ ਦੀ ਮੁਕੰਦਪੁਰੀਏ ਸਰਦਾਰਾਂ ਦੇ ਘਰ ਵਿਆਹੀ ਆਈ ਸੀ, ਜਿਹੜੀ ਆਪਣੀ ਮਾਂ ਦੇ ਘਰ ਨੱਟ-ਖੱਟ ਜਿਹੀ ਸ਼ਰਾਰਤਾਂ ਕਰਿਆ ਕਰਦੀ ਸੀ, ਅੰਬਾਂ ਦੇ ਬਾਗਾਂ ਵਿਚ ਦੌੜੀ ਫਿਰਦੀ ਸੀ, ਸਹੇਲੀਆਂ ਨਾਲ਼ ਗੀਟੇ ਖੇਡਦੀ, ਗੀਤ ਗਾਉਂਦੀ, ਨਾਟ ਕਰਦੀ, ਉਹ ਸਹੁਰੇ ਘਰ ਆ ਕੇ ਚੁੱਪ-ਗੜੁੱਪ ਜਿਹੀ ਹੋ ਗਈ ਸੀ। ਬਸ ਸਹਿਜੇ ਜਿਹੇ ਬੋਲਦੇ। ਧੀਮੀ ਜਿਹੀ ਆਵਾਜ਼ ਵਿਚ। ਸਭ ਵੱਲ ਦੇਖਦੇ ਰਹਿੰਦੇ। ਉਨ੍ਹਾਂ ਦੀਆਂ ਝੀਲ ਵਰਗੀਆਂ ਡੂੰਘੀਆਂ ਅੱਖਾਂ ਵਿਚ ਵੀ ਜਿਵੇਂ ਸਵਾਲ ਖੜੇ ਰਹਿੰਦੇ।

ਮੈਨੂੰ ਉਨ੍ਹਾਂ ਦੀ ਤੋਰ ਬਹੁਤ ਸੋਹਣੀ ਲੱਗਦੀ ਸੀ। ਮੈਂ ਨਿੱਕੀ ਹੁੰਦੀ ਉਨ੍ਹਾਂ ਦੀ ਤੋਰ ਦੇਖ ਕੇ ਉਨ੍ਹਾਂ ਨੂੰ ਛੇੜਦੀ ਹੁੰਦੀ ਸਾਂ ਕਿ, "ਤੁਸੀਂ ਐਨੇ ਨਿੱਕੇ ਪੈਰਾਂ ਨਾਲ਼ ਕਿਵੇਂ ਤੁਰ ਲੈਂਦੇ ਹੋ?" ਉਨ੍ਹਾਂ ਦਾ ਭਾਰਾ ਸਰੀਰ, ਪੈਰ ਕਿਵੇਂ ਝੱਲਦੇ ਹੋਣਗੇ? ਮੈਂ ਹੈਰਾਨ ਹੋਇਆ ਕਰਦੀ ਸਾਂ।

ਉਹ ਸਹਿਜੇ ਜਿਹੇ ਆਖਦੇ, "ਰੱਬ ਨੇ ਕੁਛ ਸੋਚ ਕੇ ਹੀ ਬਣਾਏ ਹੋਣਗੇ। ਆਪੇ ਭਾਰ ਝੱਲ ਲੈਂਦੇ ਐ।"

ਮੈਨੂੰ ਮੇਰੀ ਬੀਜੀ ਦੇ ਲੰਮੇ ਵਾਲ਼ ਬਹੁਤ ਸੁੰਦਰ ਲੱਗਦੇ ਸਨ। ਉਨ੍ਹਾਂ ਦੀਆਂ ਪਿੰਨੀਆਂ ਤੱਕ ਲੰਬੇ ਅਤੇ ਭਾਰੇ। ਦੁੱਧ ਚਿੱਟੇ। ਜਦੋਂ ਉਹ ਵਾਲ਼ ਵਾਹੁੰਦੇ, ਤਾਂ ਥੱਕ ਜਾਂਦੇ। ਬਾਹਵਾਂ ਹੱਫ਼ ਜਾਂਦੀਆਂ। ਜਦੋਂ ਉਨ੍ਹਾਂ ਨੂੰ ਧੋਂਦੇ ਤਾਂ ਕਹਿੰਦੇ, "ਅੱਜ ਮੇਰੀਆ ਬਾਹਵਾਂ ਦੀ ਬੱਸ ਹੋਗੀ।" ਉਹ ਆਪਣੀਆਂ ਦੋਨੋਂ ਬਾਹਵਾਂ ਦੋਨੀਂ ਪਾਸੀਂ ਜਿਵੇਂ ਸੁੱਟ ਦਿੰਦੇ। ਤੇ ਉਹ ਨਿੱਸਲ ਪਈਆਂ ਉਨ੍ਹਾਂ ਵੱਲ ਦੇਖਦੀਆਂ।

ਮੈਂ ਉਨ੍ਹਾਂ ਦੇ ਵਾਲ਼ ਹਮੇਸ਼ਾਂ ਦੁੱਧ ਚਿੱਟੇ ਹੀ ਦੇਖੇ। ਮੈਨੂੰ ਕਦੀ ਸਮਝ ਨਹੀਂ ਸੀ ਪਈ ਕਿ ਹੋਰ



ਕੁੜੀਆਂ ਦੀਆਂ ਮਾਵਾਂ ਦੇ ਵਾਲ਼ ਕਾਲ਼ੇ ਸਿਆਹ ਹੁੰਦੇ ਸਨ ਤੇ ਮੇਰੇ ਬੀਜੀ ਦੇ ਚਿੱਟੇ।

ਥੋੜ੍ਹੀ ਵੱਡੀ ਹੋਈ ਤਾਂ ਮੈਂ ਪੁੱਛਿਆ, "ਤੁਹਾਡੇ ਸਿਰ ਦੇ ਵਾਲ਼ ਕਿਉਂ ਚਿੱਟੇ ਹਨ? ਮਾਸੀ ਜੀ ਦੇ ਤਾਂ ਹਾਲੀਂ ਕਾਲ਼ੇ ਹਨ?"

ਉਹ ਮੁਸਕੜੀ ਜਿਹੇ ਹੱਸੇ ਤੇ ਕਹਿਣ ਲੱਗੇ, "ਕਿਉਂਕਿ ਮੈਂ ਰੱਬ ਨੂੰ ਵੱਧ ਪਿਆਰੀ ਹਾਂ।" ਉੱਤਰ ਨਿੱਕਾ ਜਿਹਾ ਸੀ। ਪਰ ਇਸਦੇ ਅੰਦਰਲਾ ਰੁਦਨ ਮੈਂ ਉਸ ਉਮਰ ਨਹੀਂ ਸਾਂ ਸਮਝ ਸਕੀ।

ਮੈਨੂੰ ਇਸ ਗੱਲ ਦੀ ਸਮਝ ਨਾ ਪਈ। ਜਦੋਂ ਮੈਂ ਵੱਡੀ ਹੋਈ ਤਾਂ ਇਕ ਵੇਰ ਮਾਸੀ ਗੁਲਵੰਤ ਤੋਂ ਸੁਣਿਆ, "ਤੇਰੀ ਬੀਬੀ ਐਦਾਂ ਦੀ ਹੀ ਐ। ਅਸੀਂ ਅੰਬਰਸਰ ਜਾਈਦਾ ਸੀ। ਦਾਸੋ ਤੇ ਮਿੰਦਰ (ਮੇਰਾ ਵੀਰਾ ਅਤੇ ਮਾਸੀ ਜੀ ਦਾ ਬੇਟਾ) ਉੱਥੇ ਆਪਣੇ ਤਾਏ ਕੋਲ ਪੜ੍ਹਦੇ ਸੀ। ਜਦੋਂ ਅਸੀਂ ਜਾਂਦੀਆਂ ਤਾਂ ਹਰਮੰਦਰ ਸਾਹਿਬ ਵੀ ਜਾਂਦੀਆਂ। ਸਾਡਾ ਘਰ ਕਿੱਤਿਆਂ ਵਿਚ ਹੁੰਦਾ ਸੀ। ਇਕ ਦਿਨ ਅਸੀਂ ਦੋਨੋਂ ਗੁਰਦੁਆਰੇ ਗਈਆਂ। ਪਰਕਰਮਾਂ ਵਿਚ ਯਾਤਰੀ ਰਾਤ ਕੱਟ ਲਿਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ, ਕਿਹੜਾ ਦਿਹਾੜੀ ਵਿਚ ਪਿੰਡ ਨੂੰ ਮੁੜ ਹੁੰਦਾ ਸੀ। ਪਰ ਸਾਡਾ ਉੱਥੇ ਘਰ ਸੀ। ਅਸੀਂ ਗੁਰਦੁਆਰੇ ਜਾਂਦੀਆਂ ਤੇ ਘਰ ਆ ਜਾਂਦੀਆਂ। ਇਕ ਵੇਰ ਅਸੀਂ ਵੀ ਪਰਕਰਮਾਂ ਵਿਚ ਬੈਠੀਆਂ ਸੀ। ਸੋਚਿਆ ਸੀ ਰਾਤ ਦੀ ਆਰਤੀ ਤੋਂ ਬਾਅਦ ਘਰ ਨੂੰ ਜਾਵਾਂਗੇ। ਇਕ ਬੰਦਾ ਸਾਡੇ ਨੇੜੇ ਹੀ ਪਰਕਰਮਾਂ ਵਿਚ ਲੰਮਾ ਪਿਆ ਸੀ। ਉਸਨੇ ਤੇਰੀ ਬੀਬੀ ਨੂੰ ਦੇਖ ਕੇ ਟਾਂਚ ਜਿਹੀ ਕਰ ਦਿੱਤੀ। ਰਜਿੰਦਰ ਕੌਰ ਉੱਠੀ, ਇਸਨੇ ਅੱਡੀਆਂ ਨਾਲ਼ ਉਸ ਲੰਮੇ ਪਏ ਆਦਮੀ ਦੀ ਹਿੱਕ ਭੰਨ ਦਿੱਤੀ। ਲੋਕੀਂ ਇਕੱਠੇ ਹੋ ਗਏ। ਉਨ੍ਹਾਂ ਨੇ ਵੀ ਉਸ ਆਦਮੀ ਨੂੰ ਫਿੱਟ ਲਾਹਣਤ ਪਾਈ। ਥੱਕ-ਥੁੱਕ ਕੇ ਤੇਰੀ ਬੀਬੀ ਬੈਠ ਗਈ। ਮੂੰਹ ਲਾਲ ਹੋਇਆ ਪਿਐ। ਉਹ ਬੰਦਾ ਤਾਂ ਡਰਦਾ ਔਹ ਗਿਐ, ਔਹ ਗਿਐ। ਤੇ ਇਹ ਬੈਠੀ ਹੱਸੇ ਕਿ ਇਸਨੇ ਕੀ ਕੀਤਾ ਸੀ। ਕਿਵੇਂ ਇਸ ਵਿਚ ਐਨੀ ਹਿੰਮਤ ਆ ਗਈ? ਅਸੀਂ ਦੇਖਦੇ ਰਹਿ ਗਏ। ਇਹ ਘਰ ਆਈ, ਪੇਠੇ ਦਾ ਪਾਣੀ ਲੈ ਕੇ ਵਿਚ ਲੂਣ ਪਾਕੇ ਕੇਸੀ ਨਹਾਉਣ ਬਹਿ ਗਈ। ਪਤਾ ਨੀਂ ਹੋਰ ਕੀ ਵਿਚ ਪਾਇਆ, ਇਸਦਾ ਸਿਰ ਚਿੱਟਾ ਹੋ ਗਿਐ। ਕਹਿਣ ਲੱਗੀ ਹੁਣ ਲੋਕੀਂ ਮੈਨੂੰ ਬੇਬੇ ਸੱਦਿਆ ਕਰਨਗੇ।"

ਸੱਚ ਹੀ ਉਹ ਸਭ ਦੀ ਬੇਬੇ ਬਣ ਗਈ। ਪਿੰਡ ਦੀਆਂ ਕੁੜੀਆਂ-ਵਹੁਟੀਆਂ ਉਨ੍ਹਾਂ ਨੂੰ ਬੇਜੀ ਸੱਦਦੀਆਂ ਅਤੇ ਮੇਰੇ ਤਾਏ ਦੇ ਨਿਆਣੇ ਸਭ ਬੇਬੇ ਸੱਦਦੇ। ਮੇਰਾ ਵੀਰਾ ਦਰਸ਼ਨ ਵੀ ਬੇਬੇ ਹੀ ਸੱਦਦਾ। ਸਿਰਫ਼ ਮੈਂ ਹੀ ਉਨ੍ਹਾਂ ਨੂੰ ਬੀਜੀ ਬੁਲਾਉਂਦੀ ਸਾਂ ਅਤੇ ਲਾਡ ਨਾਲ਼ ਅੰਮ੍ਹ ਕਿਹਾ ਕਰਦੀ ਸਾਂ।

ਬੀਜੀ ਸਿਆਣੇ ਲੱਗ ਕੇ ਬਹੁਤ ਖੁਸ਼ ਹੁੰਦੇ। ਸਿਆਣੇ ਬਣੇ ਰਹਿਣ ਦਾ ਉਨ੍ਹਾਂ ਦਾ ਆਪਣਾ ਤਰਕ ਹੁੰਦਾ ਸੀ। ਜਦੋਂ ਉਹ ਆਖਦੇ ਹੋਏ ਮੈਨੂੰ ਸਮਝਾਉਂਦੇ, "ਬੀਬੋ! ਆਪਣੇ ਤੋਂ ਵੱਡੇ ਨੂੰ ਐਨਾ ਵੱਡਾ ਬਣਾ ਦਿਓ ਕਿ ਉਹ ਕਦੀ ਨੀਵੀਂ ਨਜ਼ਰ ਕਰਕੇ ਤੁਹਾਨੂੰ ਦੇਖ ਨਾ ਸਕੇ ਤੇ ਆਪਣੇ ਤੋਂ ਛੋਟੇ ਨੂੰ ਐਨਾ ਛੋਟਾ ਬਣਾ ਦਿਓ ਕਿ ਉਹ ਤੁਹਾਡੇ ਮੋਹਰੇ ਅੱਖ ਨਾ ਚੁੱਕ ਸਕੇ।" ਉਸ ਵੇਲੇ ਮੈਨੂੰ ਇਸ ਗੱਲ ਦੀ ਸਮਝ ਨਾ ਆਈ ਪਰ ਜ਼ਿੰਦਗੀ ਜਿਉਂਦਿਆਂ, ਹਰ ਖੇਤਰ ਵਿਚ ਵਿਚਰਦਿਆਂ ਇਹ ਤਰਕ ਮੇਰੇ ਬਹੁਤ ਕੰਮ ਆਇਆ।

ਉਹ ਆਪਣੇ ਪਹਿਰਾਵੇ ਦਾ ਖਾਸ ਖਿਆਲ ਰੱਖਦੇ। ਪਹਿਰਾਵਾ ਵੀ ਸਿਆਣਿਆਂ ਵਾਲਾ ਹੀ ਪਹਿਨਦੇ। ਖਾਸ ਤਰ੍ਹਾਂ ਦਾ ਕੁੜਤਾ ਸੁਆਉਂਦੇ। ਜੰਪਰ ਟਾਈਪ ਉਹ ਘੱਟ ਪਹਿਨਦੇ ਸਨ। ਆਪਣੇ ਪਹਿਰਾਵੇ ਬਾਰੇ ਆਖਦੇ, "ਬੰਦਾ ਘਰ ਅੰਦਰ ਭਾਵੇਂ ਜਿਸ ਤਰ੍ਹਾਂ ਮਰਜ਼ੀ ਰਹੇ ਪਰ ਬਾਹਰ ਨਿੱਕਲਣ ਵੇਲੇ ਆਪਣੀ ਤੰਗੀ-ਤੁਰਸ਼ੀ ਨਹੀਂ ਦਿਖਾਉਣੀ ਚਾਹੀਦੀ।"

ਉਨ੍ਹਾਂ ਦਿਨਾਂ ਵਿਚ ਔਰਤਾਂ ਘੁੰਢ ਕੱਢਦੀਆਂ ਸਨ ਤੇ ਬੀਜੀ ਵੀ ਬੜੇ ਅੰਦਾਜ਼ ਨਾਲ਼ ਘੁੰਢ ਕੱਢਦੇ। ਢਾਕੇ ਦੀ ਮਲਮਲ ਦਾ ਦੁੱਪਟਾ ਲੈਂਦੇ ਜਾਂ ਚਿਕਨ ਦਾ ਦੁੱਪਟਾ ਲੈਂਦੇ। ਕਾਲ਼ੇ ਸੂਫ਼ ਦਾ

ਘੱਗਰਾ ਪਹਿਨਦੇ। ਉਹ ਹੋਰ ਔਰਤਾਂ ਵਾਂਗ ਮਲਮਲ ਜਾਂ ਲੱਠੇ ਦਾ ਘੱਗਰਾ ਨਹੀਂ ਸਨ ਪਹਿਨਦੇ। ਚੱਦਰ ਬੋਸਕੀ ਦੀ ਹੁੰਦੀ। ਸ਼ਾਇਦ ਇਹ ਘਰ ਦੀ ਤਹਿਜ਼ੀਬ ਵੀ ਸੀ।

ਸਾਡੇ ਘਰ ਘੁੰਢ 1959-60 ਕੁ ਦੁਆਲ਼ੇ ਚੁੱਕੇ ਗਏ। ਇਸ ਸਮੇਂ ਤੋਂ ਬਾਅਦ ਨਾ ਬੀਜੀ ਨੇ ਅਤੇ ਨਾ ਹੀ ਮਾਸੀ ਜੀ ਨੇ ਘੁੰਢ ਕੱਢਿਆ ਅਤੇ ਨਾ ਅਗਲੀ ਪੀੜ੍ਹੀ ਨੂੰ ਕੱਢਣ ਦਿੱਤਾ। ਬੀਜੀ ਦੇ ਪੈਰਾਂ ਦੀ ਜੁੱਤੀ 'ਜੋਤੀ' ਦੀ ਬਣਾਈ ਹੁੰਦੀ। (ਜੋਤੀ ਦਾ ਪੁੱਤਰ ਪਿਆਰਾ ਹਾਲੀਂ ਵੀ ਸਾਡਾ ਘਰ-ਬਾਰ ਸਾਂਭਦਾ ਹੈ) ਉਸਦੀ ਬਣਾਈ ਜੁੱਤੀ ਤੋਂ ਬਿਨਾਂ, ਕਿਸੇ ਹੋਰ ਤੋਂ ਉਹ ਜੁੱਤੀ ਨਹੀਂ ਸਨ ਬਣਵਾਉਂਦੇ। ਜਦੋਂ ਜੁੱਤੀ ਬਣ ਕੇ ਆਉਂਦੀ ਤਾਂ ਉਹ ਉਸਨੂੰ ਨਿਹਾਰ-ਨਿਹਾਰ ਕੇ ਦੇਖਦੇ ਜਿਵੇਂ ਜੋਤੀ ਦੇ ਹੱਥਾਂ ਦੀ ਕਲਾਕਾਰੀ ਦੀ ਸਿਫ਼ਤ ਕਰ ਰਹੇ ਹੋਣ। ਉਹ ਜੋਤੀ ਨੂੰ ਕੋਲ ਬਿਠਾਲ ਕੇ ਆਖਦੇ, "ਵੇ ਪੁੱਤ! ਮੇਰੇ ਪੈਰਾਂ ਨੂੰ ਆਰਾਮ ਤੇਰੀ ਜੁੱਤੀ ਨਾਲ਼ ਹੀ ਆਉਂਦੈ। ਤੈਨੂੰ ਹੀ ਮੇਰੇ ਮੇਚੇ ਦਾ ਪਤਾ।"

ਉਹ ਤੁਰਦੇ ਮਟਕ-ਮਟਕ ਕੇ। ਸ਼ਾਇਦ ਉਨ੍ਹਾਂ ਨੂੰ ਪਤਾ ਹੁੰਦਾ ਕਿ ਉਨ੍ਹਾਂ ਦੇ ਪੈਰ ਉਨ੍ਹਾਂ ਦਾ ਭਾਰ ਨਹੀਂ ਸਹਿ ਸਕਦੇ। ਤੇਜ਼ ਰਫ਼ਤਾਰ ਨਾਲ਼ ਮੈਂ ਉਨ੍ਹਾਂ ਨੂੰ ਕਦੀ ਤੁਰਦੇ ਨਹੀਂ ਦੇਖਿਆ। ਬਚਪਨ ਵਿਚ ਮੈਂ ਉਨ੍ਹਾਂ 'ਤੇ ਹੱਸਿਆ ਕਰਦੀ ਸਾਂ ਤੇ ਜਦੋਂ ਮੈਂ ਵੱਡੀ ਹੋਈ ਤਾਂ ਇਹ ਸਭ ਅਲਾਮਤਾਂ ਮੇਰੇ ਵਿਚ ਵੀ ਆ ਇਕੱਠੀਆਂ ਹੋਈਆਂ। ਮੈਂ ਉਨ੍ਹਾਂ ਵਾਂਗ ਹੀ ਤੁਰਨ ਲੱਗੀ, ਬੋਲਣ ਲੱਗੀ, ਗੱਲ ਕਰਨ ਅਤੇ ਸਮਝਣ ਲੱਗੀ। ਸ਼ਾਇਦ ਉਨ੍ਹਾਂ ਵਰਗੀ ਸਹਿਜਤਾ ਮੇਰੇ ਵਿਚ ਨਹੀਂ। ਮੇਰੇ ਹੱਥ-ਪੈਰ ਵੀ ਮੇਰੇ ਬੀਜੀ ਵਰਗੇ ਹੀ ਹਨ। ਸਮਝੋ ਕਾਰਬਨ ਕਾਪੀ ਹਨ। ਮੇਰੇ ਹੱਥ ਦੇਖ ਕੇ ਸਭ ਘਰ ਦੇ ਆਖਦੇ ਕਿ ਐਹ ਕੁੜੀ ਕੰਮ ਕਿਸ ਤਰ੍ਹਾਂ ਕਰੂ? ਮੇਰੇ ਬੀਜੀ ਦਾ ਉੱਤਰ ਹੁੰਦਾ, "ਜਿਸ ਤਰ੍ਹਾਂ ਮੈਂ ਕਰ ਲਿਆ। ਉਸੇ ਤਰ੍ਹਾਂ ਇਸਨੇ ਵੀ ਸਾਂਭ ਲੈਣੈ।" ਸੱਚ ਹੀ, ਉਨ੍ਹਾਂ ਦਾ ਕਹਿਣਾ ਬਹੁਤ ਸਹੀ ਸੀ। ਮੈਂ ਆਪਣੀ ਬੀਜੀ ਵਾਂਗ ਹੀ ਸਭ ਕੁਝ ਸਾਂਭ-ਸੰਭਾਲ ਲਿਆ।

ਜੇ ਕਰ ਅਸੀਂ ਕਿੱਧਰੇ ਵਾਂਢੇ ਜਾਂਦੇ, ਉਨ੍ਹਾਂ ਦਿਨਾਂ ਵਿਚ ਸਫ਼ਰ ਕਰਨ ਲਈ ਬਹੁਤੀ ਸੁਵਿਧਾ ਨਹੀਂ ਸੀ ਹੁੰਦੀ। ਸਾਡੇ ਪਿੰਡੋਂ ਸਿਰਫ਼ ਬੰਗਿਆਂ ਤੱਕ ਟਾਂਗਾ ਜਾਂਦਾ ਸੀ। ਕੋਈ ਇਕ ਅੱਧੀ ਬੱਸ ਬੰਗਿਆਂ ਤੱਕ ਜਾਂ ਜਲੰਧਰ ਨੂੰ ਜਾਂਦੀ ਸੀ। ਹੋਰ ਛੋਟੇ ਪਿੰਡਾਂ ਨੂੰ ਜਾਣਾ ਹੋਵੇ ਤਾਂ ਤੁਰ ਕੇ ਜਾਣਾ ਪੈਂਦਾ ਸੀ। ਬੰਗਿਆਂ ਤੋਂ ਮਾਹਲਾਂ ਨੂੰ ਜਾਣਾ ਹੋਵੇ ਤਾਂ ਵੀ ਤੁਰ ਕੇ। ਜੇ ਕਰ ਰੁੜਕੇ ਭੂਆ ਜੀ ਹਰਨਾਮ ਕੌਰ ਦੇ ਜਾਣਾ ਹੋਵੇ ਤਾਂ ਵੀ ਬੜੇ ਪਿੰਡ ਤੱਕ ਤੁਰ ਕੇ ਜਾਣਾ ਪੈਂਦਾ ਸੀ। ਮਸਾਣੀ ਤੋਂ ਬੜੇ ਪਿੰਡ ਤੱਕ ਉਜਾੜ ਹੀ ਉਜਾੜ ਹੁੰਦੀ ਸੀ। ਬੀਜੀ ਹੋਰੀਂ ਅਕਸਰ ਹੇੜੀਆਂ ਪਿੰਡ ਨੂੰ ਜਾਂਦੇ। ਹੇੜੀਆਂ ਦਾ ਰਸਤਾ ਰੇਤਲਾ ਸੀ। ਤਲਵੰਡੀ ਫੱਤੂ ਤੋਂ ਹੇੜੀਆਂ ਤੱਕ ਕੋਈ ਚਿੜੀ ਪਰਿੰਦਾ ਵੀ ਨਜ਼ਰ ਨਹੀਂ ਸੀ ਆਉਂਦਾ। ਘਰ ਦੀਆਂ ਔਰਤਾਂ, ਮਾਸੀ ਜੀ, ਭੂਆ ਜੀ, ਤੇ ਮੇਰੀਆਂ ਭਾਬੀਆਂ ਸਾਡੇ ਸਕਿਆਂ ਵਿੱਚੋਂ ਸਭ ਆਪਣੀ ਤੋਰੇ ਤੁਰਦੀਆਂ ਤੇ ਮੇਰੇ ਬੀਜੀ ਸਭ ਤੋਂ ਪਿੱਛੇ ਖੇਤ ਦੇ ਫ਼ਾਸਲੇ 'ਤੇ ਹੌਲੀ-ਹੌਲੀ ਤੁਰੇ ਆਉਂਦੇ। ਮੈਂ ਛੋਟੀ ਸਾਂ, ਦਸਾਂ ਕੁ ਵਰ੍ਹਿਆਂ ਦੀ। ਤੇ ਮੈਂ ਬੀਜੀ ਦਾ ਫ਼ਿਕਰ ਕਰਦੀ। ਬੀਜੀ ਮੈਨੂੰ ਵਾਰ-ਵਾਰ ਆਖਦੇ, "ਜਾਹ ਆਪਣੀ ਭੂਆ ਨਾਲ਼ ਰਲ਼ ਜਾ ਕੇ। ਆਪਣੀ ਮਾਸੀ ਕੋਲ ਜਾਹ। ਮੈਂ ਆਪੇ ਆ ਜਾਣੈ। ਦੌੜ ਮੇਰੀ ਰਾਣੀ।"

ਮੈਂ ਕਦੀ ਪਿੱਛੇ ਅਤੇ ਕਦੀ ਅੱਗੇ ਦੌੜਦੀ। ਮੈਨੂੰ ਅੱਜ ਵੀ ਉਹ ਦਿਨ ਉਸੇ ਤਰ੍ਹਾਂ ਕਾਂਬਾ ਛੇੜ ਜਾਂਦੇ ਹਨ ਕਿ ਮੈਂ ਆਪਣੀ ਬੀਜੀ ਦਾ ਕਿਵੇਂ ਫਿਕਰ ਕਰਿਆ ਕਰਦੀ ਸਾਂ ਕਿ ਭੂਆ ਜੀ ਕਿਉਂ ਨਹੀਂ ਉਨ੍ਹਾਂ ਨੂੰ ਉਡੀਕਦੇ? ਬੀਜੀ ਇਕੱਲਿਆਂ ਨੂੰ ਜੇ ਕੁਝ ਹੋ ਗਿਆ ਤਾਂ ਕੀ ਹੋਊ?

ਪਰ ਨਹੀਂ, ਮੇਰੇ ਬੀਜੀ ਦਾ ਹੱਠ ਕਮਾਲ ਦਾ ਸੀ। ਉਹ ਨਾ ਕਿਸੇ ਨੂੰ ਕੁਝ ਆਖਦੇ ਅਤੇ ਨਾ ਕਿਸੇ ਤੋਂ ਆਸ ਰੱਖਦੇ। ਅਗਲੀਆਂ ਗੱਲਾਂ ਬਾਤਾਂ ਕਰਦੀਆਂ ਤੁਰੀਆਂ ਰਹਿੰਦੀਆਂ। ਕਈ ਵੇਰ ਪਿੱਛੇ ਸਿਰ ਘੁੰਮਾ ਕੇ ਦੇਖ ਲੈਂਦੀਆਂ। ਮੈਨੂੰ ਇਉਂ ਵੀ ਲੱਗਦਾ ਜਿਵੇਂ ਉਹ ਬੀਜੀ 'ਤੇ ਹੱਸਦੀਆਂ



ਹੋਣ।

ਬੀਜੀ ਆਪਣੀ ਮਾਂ ਦੀ ਵੱਡੀ ਧੀ ਸੀ। ਉਨ੍ਹਾਂ ਤੋਂ ਵੱਡਾ ਉਨ੍ਹਾਂ ਦਾ ਵੀਰਾ ਮਾਸਟਰ ਨਿਰਮਲ ਸਿੰਘ ਸੀ। ਬੀਜੀ ਤੋਂ ਬਾਅਦ ਉਨ੍ਹਾਂ ਦੀਆਂ ਦੋ ਜੌੜੀਆਂ ਭੈਣਾਂ ਜੰਮੀਆਂ ਪਰ ਉਨ੍ਹਾਂ ਵਿੱਚੋਂ ਇਕ ਹੀ ਬਚ ਸਕੀ। ਇਕ ਡੇਢ ਕੁ ਸਾਲ ਦੀ ਹੋ ਕੇ ਰੱਬ ਦੇ ਘਰ ਚਲੀ ਗਈ। ਦੋਹਾਂ ਭੈਣਾਂ ਦਾ ਪੰਜ ਵਰ੍ਹੇ ਦਾ ਪਾੜਾ ਸੀ। ਮੇਰੇ ਬੀਜੀ ਜਿੱਥੇ ਸਹਿਜ ਜਿਹੇ ਸਨ ਉੱਥੇ ਮੇਰੀ ਮਾਸੀ ਗੁਲਵੰਤ ਚੁਸਤ-ਫੁਰਤ ਸਨ। ਦੋਹਾਂ ਭੈਣਾਂ ਦਾ ਭੈਣਾਂ ਵਾਲਾ ਰਿਸ਼ਤਾ ਤਾਂ ਸੀ ਪਰ ਉਹ ਨੇੜਤਾ ਨਹੀਂ ਸੀ। ਇਕੋ ਘਰ ਵਿਆਹੀਆਂ ਦਰਾਣੀ-ਜਠਾਣੀ ਹੋਣ ਕਾਰਨ ਸ਼ਰੀਕੇਬਾਜੀ ਵੀ ਸੀ। ਉਨ੍ਹਾਂ ਦੋਹਾਂ ਦੀ ਨੇੜਤਾ ਉਦੋਂ ਬਣਦੀ ਜਦੋਂ ਮਾਸੀ ਜੀ ਗੁਲਵੰਤ ਕਾਹਲ਼ੀ ਵਿਚ ਕੋਈ ਗ਼ਲਤੀ ਕਰ ਲੈਂਦੇ ਅਤੇ ਉਨ੍ਹਾਂ ਨੂੰ ਬੀਜੀ ਦੀ ਮਦਦ ਦੀ ਲੋੜ ਪੈਂਦੀ ਕਿ ਹੁਣ ਉਹ ਗੱਲ ਸਾਂਭ ਲੈਣ। ਇਹ ਦੋਨੋਂ ਭੈਣਾਂ ਕੱਦ-ਕਾਠ ਵੱਲੋਂ ਇਕੋ ਜਿਹੀਆਂ ਹੀ ਸਨ। ਫਰਕ ਐਨਾ ਸੀ ਕਿ ਬੀਜੀ ਮੂਲੋਂ ਨਿੱਕੇ ਜਿਹੇ ਭਾਵ ਚਾਰ ਫੁੱਟ ਦਸ ਇੰਚ ਕੱਦ ਵਾਲੇ ਸਨ ਅਤੇ ਮਾਸੀ ਜੀ ਪੰਜ ਫੁੱਟ ਸਨ। ਦੋਹਾਂ ਦੇ ਵਿਆਹ ਦੋਹਾਂ ਭਰਾਵਾਂ ਨਾਲ਼ ਮੁਕੰਦਪੁਰ ਵਿਖੇ ਹੋਏ। ਇੱਥੇ ਵੀ ਇਕ ਫਰਕ ਸੀ, ਬੀਜੀ ਅਤੇ ਭਾਈਆ ਜੀ ਦੋਨੋਂ ਉਮਰ ਪੱਖੋਂ ਠੀਕ ਸਨ ਅਤੇ ਸੁਭਾ ਪੱਖੋਂ ਇਕ ਦੂਜੇ ਦੇ ਉਲਟ ਤੇ ਦੂਜੇ ਬੰਨੇ ਮਾਸੀ ਜੀ ਛੋਟੇ ਸਨ ਅਤੇ ਉਹ ਮੇਰੇ ਤਾਇਆ ਜੀ ਨੂੰ ਵਿਆਹੇ ਗਏ। ਸੁਭਾ ਪੱਖੋਂ ਉਹ ਵੀ ਇਕ-ਦੂਜੇ ਤੋਂ ਉਲਟ। ਜਿੱਥੇ ਤਾਇਆ ਜੀ ਸਹਿਜ ਸਨ ਤੇ ਮਾਸੀ ਜੀ ਮੇਰੇ ਭਾਈਆ ਜੀ ਵਾਂਗ ਗਰਮ ਸੁਭਾ ਸਨ। ਅਸੀਂ ਸਾਰੇ ਭੈਣ-ਭਰਾ ਆਪੋ ਵਿੱਚੀਂ ਹੁਣ ਵੀ ਹੱਸਦੇ ਹਾਂ ਸਾਡੇ ਮਾਂ-ਬਾਪ ਦੀਆਂ ਜੋੜੀਆਂ ਉਲਟ ਬਣੀਆਂ।

ਬੀਜੀ ਦਾ ਬਚਪਨ ਚੰਗੇ ਰੱਜੇ-ਪੁੱਜੇ ਖਾਨਦਾਨ ਵਿਚ ਬੀਤਿਆ। ਬਾਪ ਦਾ ਸਾਇਆ ਸਿਰ ਤੋਂ ਚੁੱਕੇ ਜਾਣ ਕਾਰਨ ਹਾਲਾਤ ਬਦਲ ਗਏ। ਫੇਰ ਵੀ ਉਨ੍ਹਾਂ ਦਿਨਾਂ ਵਿਚ ਕੁੜੀਆਂ ਬਹੁਤ ਛੋਟੀ ਉਮਰ ਵਿਚ ਵਿਆਹੀਆਂ ਜਾਂਦੀਆਂ ਸਨ ਤੇ ਬੀਜੀ ਵੀ ਤੇਰਾਂ-ਚੌਦਾਂ ਵਰ੍ਹਿਆਂ ਦੀ ਉਮਰ ਵਿਚ ਵਿਆਹੇ ਗਏ। ਬੀਜੀ ਦੇ ਵਿਆਹ ਦਾ ਕਿੱਸਾ ਵੀ ਅਜਬ ਹੈ। ਜਦੋਂ ਮੇਰੀ ਨਾਨੀ ਨੇ ਬੀਜੀ ਦਾ ਰਿਸ਼ਤਾ ਮੁਕੰਦਪੁਰ ਕੀਤਾ ਤਾਂ ਪਿੰਡ ਮਾਹਲ ਗਹਿਲਾਂ ਦੀ ਪੰਚਾਇਤ ਆਫ਼ਰ ਗਈ ਕਿ ਤੁਸੀਂ ਕੁੜੀ ਨੂੰ ਵੱਡੇ ਪਿੰਡ ਅਤੇ ਵੱਡੇ ਖਾਨਦਾਨ ਵਿਚ ਕਿਉਂ ਵਿਆਹ ਰਹੇ ਹੋ? ਮੁਕੰਦਪੁਰੀਏ ਮਾਹਲ ਗਹਿਲਾਂ ਨਾਲੋਂ ਵੱਡੇ ਗਿਣੇ ਜਾਂਦੇ ਸਨ। ਉਨ੍ਹਾਂ ਦਿਨਾਂ ਵਿਚ ਸ਼ਾਇਦ ਕੁਝ ਬੰਦਿਸ਼ਾਂ ਹੁੰਦੀਆਂ ਹੋਣਗੀਆਂ ਕਿ ਕਿਹੜੇ ਪਿੰਡ ਮੁੰਡੇ ਵਿਆਹੇ ਜਾਣ ਅਤੇ ਕਿਹੜੇ ਪਿੰਡ ਕੁੜੀਆਂ ਵਿਆਹੀਆਂ ਜਾਣ।

ਬੀਜੀ ਦੱਸਿਆ ਕਰਦੇ ਸਨ ਕਿ ਉਨ੍ਹਾਂ ਦਿਨਾਂ ਵਿਚ ਪਿੰਡਾਂ ਦੀਆਂ ਕਮੇਟੀਆਂ ਹੋਇਆ ਕਰਦੀਆਂ ਸਨ ਅਤੇ ਉਨ੍ਹਾਂ ਤੋਂ ਵੱਡੀ ਕਮੇਟੀ ਹੁੰਦੀ ਸੀ ਬਾਰ੍ਹਾਂ ਪਿੰਡਾਂ ਦੀ ਪੰਚਾਇਤ। ਜੋ ਇਹ ਵੱਡੀ ਕਮੇਟੀ ਕਹਿੰਦੀ ਕਰਦੀ, ਉਹੋ ਹੀ ਸਭ ਨੂੰ ਮੰਨਣਾ ਪੈਂਦਾ ਸੀ। ਉਨ੍ਹਾਂ ਨੇ ਵੀ ਮੇਰੇ ਬੀਜੀ ਦਾ ਰਿਸ਼ਤਾ ਕਬੂਲਣ ਤੋਂ ਇਨਕਾਰ ਕਰ ਦਿੱਤਾ ਅਤੇ ਮੇਰੀ ਨਾਨੀ ਨੂੰ ਹੁਕਮ ਚਾੜ੍ਹਿਆ ਕਿ ਆਪਣੀ ਕੁੜੀ ਦਾ ਰਿਸ਼ਤਾ ਤੁੜਵਾਓ ਵਰਨਾ ਉਹ ਨਾਨੀ ਦਾ ਬਾਈਕਾਟ ਕਰ ਦੇਣਗੇ।

ਮੇਰੀ ਨਾਨੀ ਬੋਲਾਂ ਦੀ ਪੱਕੀ ਔਰਤ ਸੀ। ਉਹ ਆਪਣੀ ਨਣਾਨ ਨੂੰ ਦਿੱਤੇ ਹੋਏ ਬੋਲ ਤੋਂ ਕਿਸ ਤਰ੍ਹਾਂ ਮੁੱਕਰ ਜਾਂਦੀ? ਬੀਜੀ ਦੀ ਭੂਆ ਵੀ ਸਾਡੇ ਹੀ ਭਾਈਚਾਰੇ ਵਿਚ ਵਿਆਹੀ ਹੋਈ ਸੀ। ਬੀਜੀ ਦੀ ਭੂਆ ਦਾ ਪੁੱਤ ਸਾਡੇ ਸਕਿਆਂ ਵਿੱਚੋਂ ਮੇਰੇ ਤਾਇਆ ਜੀ ਭੁੱਲਾ ਸਿੰਘ, ਬੀਜੀ ਦਾ ਰਿਸ਼ਤਾ ਲੈ ਕੇ ਗਏ ਸਨ। ਗੱਲ ਕੀ ਨਾਨੀ ਨੇ ਰਿਸ਼ਤਾ ਤੁੜਵਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਪੰਚਾਇਤ ਨੂੰ ਆਖਿਆ ਕਿ ਤੁਸੀਂ ਪਹਿਲਾਂ ਆਪਣੀਆਂ ਵਿਆਹੀਆਂ ਧੀਆਂ ਦੇ ਰਿਸ਼ਤੇ ਤੁੜਵਾਓ ਤੇ ਮੈਂ ਵੀ ਆਪਣੀ ਮੰਗੀ ਹੋਈ ਧੀ ਦਾ ਰਿਸ਼ਤਾ ਤੁੜਵਾ ਲਵਾਂਗੀ।

ਬਾਰ੍ਹਾਂ ਪਿੰਡਾਂ ਦੀ ਪੰਚਾਇਤ ਨੇ ਨਾਨੀ ਦਾ ਬਾਈਕਾਟ ਕਰ ਦਿੱਤਾ। ਨਤੀਜਾ ਇਹ

ਹੋਇਆ ਕਿ ਨਾ ਪਿੰਡ ਦਾ ਬੰਦਾ ਅਤੇ ਨਾ ਹੀ ਬਾਰਾਂ ਪਿੰਡਾਂ ਵਿੱਚੋਂ ਕੋਈ ਲਾਗੀ-ਜੋਗੀ ਨਾਨੀ ਦੀ ਮਦਦ ਕਰ ਸਕਦਾ ਸੀ। ਨਾਨੀ ਨੇ ਸੁਨੇਹਾ ਮੁਕੰਦਪੁਰ ਭੇਜਿਆ। ਆਪਣੀ ਬਿਪਤਾ ਦੱਸੀ। ਮੁਕੰਦਪੁਰੀਏ ਪਹਿਲਾਂ ਹੀ ਬੋਲਾਂ 'ਤੇ ਖੜ੍ਹਣ ਵਾਲੇ ਸਨ ਤੇ ਉਨ੍ਹਾਂ ਨੇ ਆਪਣੇ ਪਿੰਡੋਂ ਕੰਮ ਕਰਨ ਵਾਲੇ ਬੰਦੇ ਭੇਜ ਦਿੱਤੇ। ਉਹ ਰਾਤ ਨੂੰ ਕੰਮ ਕਰਦੇ ਅਤੇ ਦਿਨ ਨੂੰ ਲੁਕ ਛਿੱਪ ਕੇ ਰਹਿੰਦੇ। ਜਦੋਂ ਜੰਨ ਵਿਆਹੁਣ ਚੜ੍ਹੀ ਤਾਂ ਮੇਰੇ ਭਾਈਆ ਜੀ ਅਤੇ ਦੋਨੋਂ ਤਾਏ ਅਤੇ ਭਾਈਆ ਜੀ ਦੇ ਦੋਸਤ ਆਪਣੀਆਂ ਢੋਲਕੀਆਂ ਛੈਣੇ ਵਜਾਉਂਦੇ ਨਾਨੀ ਦੇ ਘਰ ਜਨੇਤ ਲੈ ਕੇ ਪਹੁੰਚੇ। ਨਾਨੀ ਨੇ ਬੀਜੀ ਦਾ ਵਿਆਹ ਕੋਠੇ ਦੀ ਛੱਤ ਉੱਤੇ ਕੀਤਾ ਤਾਂਕਿ ਦੁਨੀਆਂ ਦੇਖ ਸਕੇ। ਮੇਰੀ ਨਾਨੀ ਵੀ ਰੈਵਲੂਸ਼ਨਰੀ ਔਰਤ ਸੀ ਤੇ ਉਸਦੀ ਕਹਾਣੀ ਵੱਖਰੀ ਹੈ।

ਵਿਆਹ ਤੋਂ ਬਾਅਦ ਬੀਜੀ ਦੀ ਜ਼ਿੰਦਗੀ ਦਾ ਸੰਘਰਸ਼ ਸ਼ੁਰੂ ਹੋਇਆ। ਭਾਵੇਂ ਇਸ ਬੱਚੀ ਦਾ ਵਿਆਹ ਛੋਟੀ ਉਮਰੇ ਕੀਤਾ ਗਿਆ ਸੀ ਪਰ ਸਹੁਰੇ ਘਰ ਉਹ ਸਤਾਰਾਂ-ਅਠਾਰਾਂ ਵਰ੍ਹਿਆਂ ਦੀ ਹੋ ਕੇ ਆਈ ਅਤੇ ਆਉਂਦੀ ਹੀ ਜਿਵੇਂ ਬੁੱਢੀ ਹੋ ਗਈ। ਅੱਗੇ ਆਉਂਦਿਆਂ ਤੇ ਘਰ ਵਿਚ ਦੋ ਵੱਡੀਆਂ ਨਣਾਨਾਂ ਸਨ ਜਿਨ੍ਹਾਂ ਦੀ ਘਰ ਵਿਚ ਸਰਦਾਰੀ ਚੱਲਦੀ ਸੀ। ਮੇਰੀ ਵੱਡੀ ਭੂਆ ਜੀ ਚਿੰਤੀ ਸਾਰੇ ਭੈਣ ਭਰਾਵਾਂ ਤੋਂ ਵੱਡੀ ਸੀ ਅਤੇ ਬਾਲ ਵਿਧਵਾ ਸੀ। ਉਸਨੇ ਸਹੁਰਾ ਘਰ ਦੇਖਿਆ ਹੀ ਨਹੀਂ ਸੀ। ਛੋਟੀ ਭੂਆ ਜੀ ਹਰਨਾਮ ਕੌਰ ਵੀ ਅੱਧਾ ਵਕਤ ਮੁਕੰਦਪੁਰ ਰਹਿੰਦੀ ਸੀ ਤੇ ਭਰਾਵਾਂ ਦੇ ਘਰ ਦੀ ਸਰਦਾਰੀ ਕਰਦੀ ਸੀ। ਮੇਰੀ ਦਾਦੀ ਭਲੀਮਾਨਸ ਔਰਤ ਸੀ। ਕੱਦ ਕਾਠ ਦੀ ਵਾਹਵਾ ਉੱਚੀ ਲੰਮੀ, ਜਬ੍ਹੇਦਾਰ ਔਰਤ। ਤੇ ਬੀਜੀ ਉਸਦੇ ਤਿੱਕ ਤੱਕ ਆਉਂਦੇ ਸਨ।

ਘਰ ਦੇ ਅਸੂਲ ਦਸਤੂਰ ਬੀਜੀ ਨੂੰ ਮੇਰੀ ਵੱਡੀ ਭੂਆ ਨੇ ਸਮਝਾ ਦਿੱਤੇ ਤੇ ਇਕ ਦਹਿਲ ਵੀ ਉਨ੍ਹਾਂ ਦੇ ਅੰਦਰ ਬਿਠਾ ਦਿੱਤਾ। ਉਹ ਡਰ ਬੀਜੀ ਨੂੰ ਜਿਵੇਂ ਸਾਰੀ ਉਮਰ ਖਾਂਦਾ ਰਿਹਾ। ਜੀਵਨ ਦੇ ਸਾਥ ਵਾਲਾ ਇਨਸਾਨ ਵਧੀਆ ਤੇ ਛੈਲ-ਛਬੀਲਾ ਸੀ। ਪਰ ਸੀ ਸਰਦਾਰਾਂ ਦਾ ਮਨ ਮਰਜੀ ਕਰਨ ਵਾਲਾ ਪੁੱਤ। ਸਭ ਭੈਣ ਭਰਾਵਾਂ ਤੋਂ ਛੋਟਾ। ਭੂਆ ਜੀ ਚਿੰਤੀ ਦਾ ਲਾਡਲਾ ਤੇ ਆਗਿਆਕਾਰੀ ਵੀਰ। ਮਿੱਤਰਾਂ ਦੋਸਤਾਂ ਵਿਚ ਬੈਠਣ ਵਾਲਾ। ਦਾਰੂ ਸਿੱਕਾ ਪੀਣ ਵਾਲਾ। ਫੱਕਰ ਇਨਸਾਨ। ਕੱਛ ਵਿਚ ਹੀਰ ਵਾਰਿਸ ਸਾਂਭੀ ਤੇ ਪਤਾ ਹੀ ਨਾ ਚੱਲਦਾ ਕਿੱਥੇ ਅਤੇ ਕਿਵੇਂ ਪਹੁੰਚ ਗਿਆ। ਬੀਜੀ ਉਨ੍ਹਾਂ ਨੂੰ ਬੈਠੀ ਉਡੀਕਦੀ ਰਹਿੰਦੀ। ਬੀਜੀ ਦੇ ਅੰਦਰਲੇ ਮਨ ਨੂੰ ਜਿਵੇਂ ਕੋਈ ਸਮਝਣ ਵਾਲਾ ਨਾ ਅਗਲਿਆਂ ਵਿਚ ਤੇ ਨਾ ਪਿੱਛਲਿਆਂ ਵਿਚ ਹੈ ਹੀ ਨਹੀਂ ਸੀ। ਤੇ ਉਹ ਆਪਣੀ ਵਿਥਿਆ ਕਿਸੇ ਨਾਲ਼ ਸਾਂਝੀ ਵੀ ਨਹੀਂ ਸਨ ਕਰਦੇ। ਉਨ੍ਹਾਂ ਦਿਨਾਂ ਦੀਆਂ ਔਰਤਾਂ ਦਾ ਸੰਤਾਪ ਅੱਜ ਦੀ ਔਰਤ ਵੀ ਨਹੀਂ ਸਮਝ ਸਕਦੀ। ਮਾਸੀ ਜੀ ਦੱਸਿਆ ਕਰਦੇ ਸਨ ਕਿ, "ਤੇਰੀ ਬੀਬੀ ਤਾਂ ਸਾਰਾ ਕੰਮ ਕਰਕੇ ਰੋਟੀ ਵੀ ਉਦੋਂ ਖਾਂਦੀ ਸੀ ਜਦੋਂ ਇਸਨੂੰ ਬੜੀ ਬੀਬੀ ਭਾਵ ਭੂਆ ਜੀ ਚਿੰਤੀ ਆਪ ਪਾ ਕੇ ਦਿੰਦੇ। ਵਰਨਾ ਇਹ ਸਾਰਾ ਦਿਨ ਭੁੱਖੀ ਕੰਮ ਕਰਦੀ ਰਹਿੰਦੀ।" ਮਾਸੀ ਜੀ ਨੇ ਇਸ ਤਰ੍ਹਾਂ ਨਹੀਂ ਸੀ ਕੀਤਾ। ਉਹ ਆਪਣੀ ਮਨ ਮਰਜ਼ੀ ਕਰਦੇ ਸਨ ਕਿਉਂਕਿ ਤਾਇਆ ਜੀ ਉਨ੍ਹਾਂ ਦੇ ਨਾਲ਼ ਹੁੰਦੇ।

ਮੇਰੇ ਭਾਈਆ ਜੀ ਨੂੰ ਬੀਜੀ ਦੀ ਕਦਰ ਉਦੋਂ ਪਈ ਜਦੋਂ ਔਖੇ ਵਕਤਾਂ ਵਿਚ ਬੀਜੀ ਨੇ ਉਨ੍ਹਾਂ ਦਾ ਸਾਥ ਦਿੱਤਾ ਸੀ। ਫੇਰ ਵੀ ਹਾਲਾਤ ਨੇ ਬੀਜੀ ਦੇ ਅੰਦਰ ਨੂੰ ਐਸੀ ਗੰਢ ਦਿੱਤੀ ਜਿਹੜੀ ਖੁੱਲ੍ਹੀ ਹੀ ਨਾ। ਮੇਰੇ ਨਿੱਕੇ ਜਿਹੇ ਬੀਜੀ ਦਾ ਹੱਠ ਕਮਾਲ ਦਾ ਸੀ। ਭਾਵੇਂ ਉਹ ਨਾਪ ਤੋਲ ਕੇ ਬੋਲਦੇ, ਪਰ ਜੇ ਕਰ ਟੱਬਰ ਉੱਤੇ ਬਿਪਤਾ ਆਣ ਪਵੇ ਤਾਂ ਲੋਹੇ ਦੀ ਲੱਠ ਬਣ ਕੇ ਖੜੋਅ ਜਾਂਦੇ ਸਨ।

ਬੀਜੀ ਵਿਆਹਿਆਂ ਨੂੰ ਦਸ ਕੁ ਸਾਲ ਹੋ ਗਏ ਸਨ। ਕੋਈ ਬੱਚਾ ਪੈਦਾ ਨਾ ਹੋਣ ਕਾਰਨ ਮੇਰੇ ਭੂਆ ਜੀ ਚਿੰਤੀ ਭਾਈਆ ਜੀ ਦਾ ਦੂਜਾ ਵਿਆਹ ਕਰਨ ਦੀ ਤਿਆਰੀ ਕਰਨ ਲੱਗੇ। ਕਾਰਨ ਤਾਇਆ ਜੀ ਹਰਨਾਮ ਸਿੰਘ ਦਾ ਵਿਆਹ ਹੋਇਆ ਨਹੀਂ ਸੀ ਤੇ ਤਾਇਆ ਜੀ ਫੁੱਮਣ ਸਿੰਘ ਦੋ



ਵੇਰ ਵਿਆਹੇ ਅਤੇ ਮੇਰੀਆਂ ਦੋਨੋਂ ਤਾਈਆਂ ਰੱਬ ਘਰ ਜਾ ਬੈਠੀਆਂ ਸਨ। ਇਕ ਬੱਚੇ ਦੇ ਜਨਮ ਵੇਲੇ ਅਤੇ ਦੂਜੀ ਬਿਮਾਰ ਹੋ ਕੇ।

ਬੀਜੀ ਬੜੀ ਡੂੰਘੀ ਸੋਚ ਰੱਖਦੇ ਸਨ। ਉਹ ਆਪਣੀ ਮਾਂ ਕੋਲ ਗਏ ਅਤੇ ਆਪਣੀ ਬਿਪਤਾ ਸਾਂਝੀ ਕੀਤੀ। ਉਹ ਆਪਣੀ ਛੋਟੀ ਭੈਣ ਗੁਲਵੰਤ ਦਾ ਰਿਸ਼ਤਾ ਆਪਣੇ ਜੇਠ ਹਰਨਾਮ ਸਿੰਘ ਨੂੰ ਲੈ ਆਏ। ਸੋਚਿਆ ਜੇ ਕਰ ਮੇਰੇ ਔਲਾਦ ਨਹੀਂ ਹੈ ਤਾਂ ਮੇਰੀ ਭੈਣ ਦੇ ਹੀ ਬੱਚਾ ਹੋ ਜਾਊ। ਤੇ ਮੈਨੂੰ ਇਸ ਘਰੋਂ ਬਾਹਰ ਨਾ ਹੋਣਾ ਪਊ। ਰੱਬ ਦੀ ਮਿਹਰ ਦੇਖੋ, ਮਾਸੀ ਦੇ ਪੈਰ ਸਾਡੇ ਘਰ ਪੈਂਦੇ ਹੀ, ਵੀਰੇ ਦਾ ਸਾਲ ਬਾਅਦ ਜਨਮ ਹੋ ਗਿਆ। ਪਰ ਇਹ ਖੁਸ਼ੀ ਬੀਜੀ ਵਾਸਤੇ ਵਕਤੀ ਸੀ। ਉੱਨੇ ਚਿਰ ਵਾਸਤੇ ਹੀ ਜਿੰਨਾ ਚਿਰ ਵੀਰਾ ਉਨ੍ਹਾਂ ਦੇ ਗਰਭ ਵਿਚ ਸੀ। ਵੀਰੇ ਦਾ ਜਨਮ ਹੋਇਆ ਹੀ, ਦੋ ਕੁ ਮਹੀਨੇ ਦੇ ਵੀਰੇ ਨੂੰ ਬੀਜੀ ਦੀ ਗੋਦ ਨਾਲੋਂ, ਮੇਰੀ ਵੱਡੀ ਭੂਆ ਜੀ ਚਿੰਤੀ ਨੇ ਤੋੜ ਲਿਆ। ਦੁੱਧ ਵੀ ਬੋਤਲ ਦਾ ਪਿਲਾਉਣ ਲੱਗ ਪਏ। ਬਾਕੀ ਸਭ ਘਰ ਦੇ ਵੀ ਆਖਣ ਲੱਗੇ, "ਮੁੰਡਾ ਤਾਂ ਘਰ ਵਿਚ ਹੀ ਐ। ਚਿੰਤੀ ਬਾਲ ਵਿਧਵਾ ਹੈ। ਇਸਨੇ ਦੂਜਾ ਵਿਆਹ ਵੀ ਨਹੀਂ ਕਰਾਇਆ। ਇਹ ਦਰਸ਼ਨ ਨੂੰ ਪਾਲ਼ ਲਊ ਤੇ ਇਸਦੀ ਮਾਂ ਬਣ ਜਾਊ।"

ਬੀਜੀ ਆਪਣੀ ਹੁਬਕ ਅੰਦਰ ਦੱਬ ਕੇ ਰਹਿ ਗਏ। ਉਹ ਸਿਰਫ਼ ਵੀਰੇ ਦੀ ਗੋਲੀ ਬਣ ਕੇ ਹੀ ਰਹੇ। ਭਾਵੇਂ ਵੀਰਾ ਉਸੇ ਘਰ ਵਿਚ ਪਲ਼ ਰਿਹਾ ਸੀ ਪਰ ਉਹ ਨਾ ਭਾਈਆ ਜੀ ਅਤੇ ਨਾ ਬੀਜੀ ਦੇ ਹਿੱਸੇ ਆਇਆ। ਇੱਥੋਂ ਹੀ ਸ਼ਾਇਦ ਮੇਰੇ ਭਾਈਆ ਜੀ ਦੀ ਸੋਚ ਵੀ ਬਦਲਨੀ ਸ਼ੁਰੂ ਹੋਈ। ਜ਼ਿੰਦਗੀ ਦੀ ਗੰਭੀਰਤਾ ਨੂੰ ਉਹ ਸਮਝਣ ਲੱਗੇ। ਜ਼ਿੰਦਗੀ ਦਾ ਦਰਦ ਭੋਗਣ ਲੱਗੇ। ਭਾਈਆ ਜੀ ਅਤੇ ਬੀਜੀ ਦੋਨੋਂ ਲਲਚਾਈਆਂ ਅੱਖਾਂ ਨਾਲ਼ ਵੀਰੇ ਨੂੰ ਦੂਰ ਖੜੇ ਦੇਖਦੇ ਅਤੇ ਗੋਦੀ ਚੁੱਕਣ ਨੂੰ ਤਰਸਦੇ।

ਮੇਰੀ ਬੀਜੀ ਅੰਦਰ ਹੌਕੇ ਤੋਂ ਹੌਕੇ ਭਰਦੇ ਗਏ। ਘਰ ਵਾਲਿਆਂ ਦਾ ਵਿਵਹਾਰ ਸਹਿਣਯੋਗ ਨਹੀਂ ਸੀ। ਭਾਈਆ ਜੀ ਵੀ ਇਸ ਗੱਲ ਨੂੰ ਸਮਝਣ ਲੱਗ ਪਏ ਸਨ ਤੇ ਉਹ ਬੀਜੀ ਦਾ ਖਿਆਲ ਰੱਖਣ ਲੱਗ ਪਏ। ਦੂਜੀ ਜੰਗ ਵੇਲੇ ਭਾਈਆ ਜੀ ਮਲਾਇਆ ਨੂੰ ਗਏ ਹੋਏ ਵਾਪਸ ਪਰਤ ਆਏ ਤੇ ਮੇਰਾ ਜਨਮ ਉਸ ਜੰਗ ਤੋਂ ਬਾਅਦ ਹੋਇਆ। ਮੇਰਾ ਅਤੇ ਵੀਰੇ ਦਾ ਪੂਰੇ ਚੌਦਾਂ ਵਰ੍ਹਿਆਂ ਦਾ ਪਾੜ੍ਹਾ ਸੀ। ਮੇਰੇ ਜਨਮ ਤੋਂ ਬਾਅਦ ਬੀਜੀ ਬਿਮਾਰ ਹੋ ਗਏ। ਪਹਿਲੇ ਕੁਝ ਮਹੀਨੇ ਮੈਨੂੰ ਮਾਸੀ ਜੀ ਗੁਲਵੰਤ ਨੇ ਪਾਲ਼ਿਆ। ਬੀਜੀ ਦੇ ਬਿਮਾਰ ਹੋਣ ਦਾ ਕਾਰਨ ਜਿੱਥੇ ਜਿਸਮਾਨੀ ਬਿਮਾਰੀ ਸੀ , ਉਸਦੇ ਨਾਲ਼ ਮਾਨਸਿਕ ਬਿਮਾਰੀ ਵੀ ਸੀ, ਕਿਉਂਕਿ ਬੀਜੀ ਨੂੰ ਵੱਜਦੇ ਮਿਹਣੇ, "ਧੀ ਜੰਮੀ ਉਹ ਵੀ ਲੀਰ ਜਿਹੀ। ਇਸ ਧੀ ਖੁਣੋਂ ਕੀ ਥੁੜਿਆ ਸੀ। ਅੱਗੇ ਘਰ ਵਿਚ ਧੀਆਂ ਘੱਟ ਬੈਠੀਆਂ ਸਨ।" ਨੇ ਉਨ੍ਹਾਂ ਨੂੰ ਰੋਗੀ ਬਣਾ ਦਿੱਤਾ। ਮੈਂ ਲਾਡਲੀ ਸਾਂ ਆਪਣੇ ਭਾਈਆ ਜੀ ਦੀ ਅਤੇ ਦਾਦੀ ਦੀ। ਸ਼ਾਇਦ ਇਸੇ ਕਾਰਨ ਭਾਈਆ ਜੀ ਨੇ ਮੈਨੂੰ ਬਹੁਤ ਲਾਡ ਲਡਾਇਆ। ਬੀਜੀ ਮੈਨੂੰ ਲਾਡ ਵੀ ਡਰਦੇ-ਡਰਦੇ ਕਰਦੇ ਸਨ ਕਿ ਕੋਈ ਦੇਖ ਤਾਂ ਨਹੀਂ ਰਿਹਾ।

ਫੇਰ ਵੀ ਬੀਜੀ 'ਤੇ ਹੋਰ ਤਰ੍ਹਾਂ ਦੀਆਂ ਮੁਸੀਬਤਾਂ ਪੈਂਦੀਆਂ ਰਹੀਆਂ। ਮੇਰੇ ਭਾਈਆ ਜੀ ਦੋ ਮੁਕੱਦਮਿਆਂ ਵਿਚ ਵੀ ਫਸੇ। ਇਸ ਸਮੇਂ ਭਾਈਆ ਜੀ ਦਾ ਸਾਥ ਕਿਸੇ ਭੈਣ-ਭਾਈ ਨੇ ਨਾ ਦਿੱਤਾ। ਇਹ ਬੀਜੀ ਹੀ ਸਨ ਜਿਨ੍ਹਾਂ ਨੇ ਭਾਈਆ ਜੀ ਦੇ ਨਾਲ਼ ਮੋਢੇ ਨਾਲ਼ ਮੋਢਾ ਜੋੜ ਕੇ ਸਾਥ ਦਿੱਤਾ। ਵੱਡੇ ਖਾਨਦਾਨਾਂ ਵਿਚ ਪਲ਼ੇ ਅਤੇ ਵਿਆਹੇ ਬੀਜੀ ਮੁਕਦਮਿਆਂ ਨੇ ਝੰਬ ਸੁੱਟੇ। ਮੁਕੱਦਮੇਂ ਘਰ ਖਾਲੀ ਕਰਾ ਦਿੰਦੇ ਹਨ ਤੇ ਮੇਰੇ ਬੀਜੀ ਨੇ ਵੀ ਇਹ ਔਖ ਝੱਲੀ। ਉਨ੍ਹਾਂ ਨੇ ਭੁੱਖੇ ਰਹਿ-ਰਹਿ ਕੇ ਦਿਨ ਕੱਟ ਲਏ ਪਰ ਕਿਸੇ ਕੋਲ ਬਾਹਰ ਗੱਲ ਨਹੀਂ ਕੱਢੀ। ਭੂਆ ਜੀ ਚਿੰਤੀ ਨੇ ਗੰਢ ਕੇ ਆਪਣੇ ਹੱਥ ਵਿਚ ਰੱਖਿਆ ਤਿੰਨਾਂ ਭਰਾਵਾਂ ਦਾ ਟੱਬਰ ਜਿਸਦੀ ਸਜ਼ਾ ਮੇਰੇ ਬੀਜੀ ਦੇ ਹੀ ਹਿੱਸੇ ਆਉਂਦੀ

ਰਹੀ, ਖੁਰ ਗਿਆ। ਮਾਸੀ ਜੀ ਗੁਲਵੰਤ ਮੁੱਢ ਤੋਂ ਹੀ ਜਵਾਬ ਦੇ ਦਿੰਦੇ ਸਨ ਤੇ ਬੀਜੀ ਅੰਤਰਮੁਖੀ ਹੋਣ ਕਾਰਨ ਸਭ ਝੱਲ ਲੈਂਦੇ ਸਨ। ਜੇ ਕਰ ਕਿਸੇ ਨੇ ਕੁਝ ਆਖ ਦਿੱਤਾ ਤਾਂ ਉਹ ਚੱਕੀ ਦਾ ਗੇੜਾ ਹੋਰ ਦੇ ਦਿੰਦੇ। ਕੋਈ ਹੋਰ ਕੰਮ ਵਿੱਢ ਲੈਂਦੇ। ਗੁੱਸਾ ਅੰਦਰ ਰੀਂਘਦਾ ਸਭ ਨੂੰ ਦਿਖਾਈ ਦਿੰਦਾ। ਪਰ ਉਹ ਮੂੰਹੋਂ ਕੁਝ ਨਾ ਬੋਲਦੇ। ਸਾਨੂੰ ਸਭ ਨੂੰ ਪਤਾ ਹੁੰਦਾ ਕਿ ਬੀਜੀ ਅੱਜ ਗੁੱਸੇ ਵਿਚ ਹਨ। ਉਹ ਗੁੱਸਾ ਵੀ ਆਪਣੇ ਆਪ ਤੇ ਹੀ ਕੱਢਦੇ। ਫੇਰ ਵੀ ਉਨ੍ਹਾਂ ਨੇ ਹੌਸਲਾ ਨਾ ਛੱਡਿਆ। ਅੰਦਰ ਵੜ ਕੇ, ਰਲ਼ ਕੇ ਵਕਤ ਕੱਟ ਲਿਆ ਪਰ ਕਿਸੇ ਕੋਲ ਆਪਣੀ ਔਖ ਦਾ ਧੂਅ ਨਹੀਂ ਕੱਢਿਆ। ਇਸੇ ਸਮੇਂ ਨੇ ਭਾਈਆ ਜੀ ਨੂੰ ਬੀਜੀ ਦੇ ਹੋਰ ਵੀ ਕਰੀਬ ਲਿਆਂਦਾ ਅਤੇ ਉਹਨਾਂ ਦੇ ਅੰਦਰ ਬੀਜੀ ਲਈ ਮੋਹ ਦੇ ਨਾਲ਼ ਆਦਰ ਭਰਿਆ ਗਿਆ। ਉਹ ਦੋਨੋਂ ਹਰ ਕੰਮ ਰਲ਼ ਕੇ ਕਰਦੇ। ਬੀਜੀ ਰੋਟੀ ਪਕਾਉਂਦੇ ਤਾਂ ਭਾਈਆ ਜੀ ਸਬਜੀ ਗਰਮ ਕਰਦੇ। ਭਾਈਆ ਜੀ ਸਾਝਰੇ ਸਵੇਰੇ ਉੱਠਦੇ, ਚਾਹ ਬਣਾਉਂਦੇ, ਬੀਜੀ ਅਤੇ ਮੈਨੂੰ ਬੈੱਡ ਟੀ ਦਿੰਦੇ। ਗੱਲ ਕੀ, ਉਹ ਦੋਨੋਂ ਇਸੇ ਤਰ੍ਹਾਂ ਇਕੱਠੇ ਜ਼ਿੰਦਗੀ ਦੀ ਕੁੜਤੱਣ ਰਲ਼ ਕੇ ਪੀਂਦੇ। ਮੇਰੇ ਲਈ ਉਹ ਦੋਨੋਂ ਨਵ-ਯੁੱਗ ਦੇ ਸਾਥੀ ਸਨ।

ਮੈਂ ਪੜ੍ਹਣ ਨੂੰ ਬਹੁਤ ਨਿਕੰਮੀ ਸਾਂ। ਮੈਂ ਘਰ ਆਉਂਦੀ ਆਪਣੀ ਫੱਟੀ ਪੋਚਣ ਦੀ ਥਾਂ ਲੁਕੋ ਦਿੰਦੀ। ਬੀਜੀ ਪਤਾ ਨਹੀਂ ਕਿਸ ਤਰ੍ਹਾਂ ਭਾਲ਼ ਲੈਂਦੇ। ਦੂਜੀ ਸਵੇਰ ਮੇਰੀ ਫੱਟੀ ਪੋਚੀ ਹੋਈ ਹੁੰਦੀ, ਦਵਾਤ ਤਿਆਰ ਹੁੰਦੀ। ਕਲਮ ਘੜੀ ਹੋਈ ਹੁੰਦੀ। ਮੇਰਾ ਬਸਤਾ ਤਿਆਰ ਕਰਕੇ ਰੱਖ ਦਿੰਦੇ। ਪੜ੍ਹਣ ਦਾ ਉਨ੍ਹਾਂ ਨੂੰ ਸ਼ੌਕ ਸੀ। ਆਪਣੇ ਬਚਪਨ ਦੀ ਗ਼ਲਤੀ ਉਹ ਮੈਨੂੰ ਨਾ ਕਰਨ ਦਿੰਦੇ। ਉਹ ਮੈਨੂੰ ਦੱਸਿਆ ਕਰਦੇ ਕਿ, "ਮੈਂ ਪੜ੍ਹਨ ਨੂੰ ਨਿਕੰਮੀ ਸਾਂ। ਸਕੂਲ ਜਾਂਦੀ, ਪੜ੍ਹਦੀ ਘੱਟ ਤੇ ਖੇਲਦੀ ਵੱਧ। ਸ਼ਰਾਰਤਾਂ ਕਰਦੀ ਰਹਿੰਦੀ। ਕੈਦੇ ਦੇ ਪਤੰਗ ਬਣਾ ਕੇ ਉਡਾ ਆਉਂਦੀ। ਮਾਂ ਹੋਰ ਕੈਦਾ ਲੈ ਦਿੰਦੀ ਤੇ ਦੂਜੇ ਦਿਨ ਉਸਦਾ ਵੀ ਰਾਮ ਨਾਮ ਸੱਤ ਹੋ ਜਾਂਦਾ। ਹੁਣ ਤੂੰ ਇੱਦਾਂ ਨ੍ਹੀਂ ਕਰਨਾ।" ਬੀਜੀ ਅਤੇ ਭਾਈਆ ਮੈਨੂੰ ਹਰ ਹਾਲ ਵਿਚ ਪੜ੍ਹਾਉਣਾ ਚਾਹੁੰਦੇ ਸਨ।

ਬੀਜੀ ਭਾਈਚਾਰੇ ਵਿਚ ਸਿਆਣੀ-ਸੂਝਵਾਨ ਔਰਤ ਦੇ ਤੌਰ 'ਤੇ ਗਿਣੇ ਜਾਂਦੇ ਸਨ। ਚੰਗੀ ਸਲਾਹਕਾਰ ਦੇ ਤੌਰ 'ਤੇ ਮੰਨੇ ਜਾਂਦੇ। ਹਰ ਕੋਈ ਉਨ੍ਹਾਂ ਦੀ ਸਲਾਹ ਲੈਂਦਾ ਤੇ ਲੈਣ ਘਰ ਆਉਂਦਾ। ਬੀਜੀ ਹਰ ਇਕ ਨੂੰ ਸਹਿਜ ਜਿਹੀ ਅਤੇ ਸਿਆਣੀ ਸਲਾਹ ਦਿੰਦੇ। ਆਂਢ-ਗੁਆਂਢ ਦੀਆਂ ਔਰਤਾਂ ਉਨ੍ਹਾਂ ਕੋਲ ਦਿਲ ਦੇ ਰਾਜ਼ ਖੋਲ੍ਹ ਜਾਂਦੀਆਂ। ਆਪਣੇ ਦੁੱਖੜੇ ਰੋ ਜਾਂਦੀਆਂ। ਪਰ ਮਜ਼ਾਲ ਐ ਬੀਜੀ ਕਦੀ ਕਿਸੇ ਗੱਲ ਦਾ ਧੂਅ ਕੱਢ ਜਾਣ। ਉਹ ਮਾਸੀ ਗੁਲਵੰਤ ਨੂੰ ਵੀ ਵਾਧੂ ਗੱਲ ਕਰਨ ਤੋਂ ਰੋਕਦੇ ਰਹਿੰਦੇ। ਕਿਹਾ ਕਰਦੇ, "ਢਿੱਡ ਵਿਚ ਰੋਟੀ ਹਜ਼ਮ ਹੁੰਦੀ ਐ, ਕੀ ਗੱਲ ਹਜ਼ਮ ਨ੍ਹੀਂ ਹੁੰਦੀ?" ਬੀਜੀ ਨੂੰ ਜੇ ਕਰ ਕੋਈ ਕੁਝ ਆਖ ਵੀ ਦਿੰਦਾ ਤਾਂ ਉਹ ਆਪਣੇ ਆਪ ਵਿਚ ਭਾਵੇਂ ਕੁੜ੍ਹ ਲੈਂਦੇ ਪਰ ਉਸਦਾ ਉੱਤਰ ਤੱਤੇ ਘਾਅ ਨਾ ਦਿੰਦੇ। ਵਕਤ ਪੈਣ ਤੇ ਇਸ਼ਾਰੇ ਮਾਤਰ ਗੱਲ ਕਰਦੇ। ਅਗਲਾ ਸਮਝ ਵੀ ਜਾਂਦਾ ਤੇ ਸ਼ਰਮਿੰਦਾ ਵੀ ਹੁੰਦਾ। ਇਹ ਗੁਣ ਸ਼ਾਇਦ ਕੁਝ-ਕੁਝ ਮੇਰੇ ਵਿਚ ਵੀ ਹੈ। ਮੈਂ ਬਹੁਤ ਦੇਰ ਤੱਕ ਹਊ ਪਰ੍ਹੇ ਕਰ ਦਿੰਦੀ ਹਾਂ ਤੇ ਫੇਰ ਗੱਲ ਕਹਿਣ ਵੇਲੇ ਕਹਿ ਵੀ ਦਿੰਦੀ ਹਾਂ। ਉਸ ਵੇਲੇ ਬੀਜੀ ਮੈਨੂੰ ਜਿਵੇਂ ਮੇਰੇ ਕੰਨਾਂ ਕੋਲ ਕੁਝ ਆਖਦੇ ਸੁਣਾਈ ਦਿੰਦੇ ਹਨ।

ਬੀਜੀ ਕਲਾ ਪਾਰਖੂ ਵੀ ਸਨ। ਉਨ੍ਹਾਂ ਦੇ ਕਸ਼ੀਦਾ ਕੀਤੇ ਹੋਏ ਸਾਲੂ ਭਾਵ ਫੁਲਕਾਰੀਆਂ ਹਾਲੀਂ ਮੇਰੇ ਕੋਲ ਮੌਜੂਦ ਹਨ। ਲੰਮੇ ਗੀਤ ਬੀਜੀ ਅਤੇ ਮਾਸੀ ਜੀ ਰਲ਼ ਕੇ ਗਾਉਂਦੀਆਂ ਅਤੇ ਸਾਨੂੰ ਸਿਖਾਉਂਦੀਆਂ। ਬੀਜੀ ਰੇਡੀਓ 'ਤੇ ਫੋਕ ਗੀਤ ਸੁਣਿਆ ਕਰਦੇ ਸਨ। ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨੂੰ ਉਹ ਰੂਹ ਨਾਲ਼ ਸੁਣਦੇ। ਗੁਰਦਾਸ ਮਾਨ ਦਾ ਛੱਲਾ ਉਨ੍ਹਾਂ ਦੇ ਮਨ ਭਾਉਂਦਾ ਗੀਤ ਸੀ। ਸ਼ਾਮ ਨੂੰ ਰੇਡੀਓ ਉੱਤੇ ਦਿਹਾਤੀ ਪ੍ਰੋਗਰਾਮ ਵਿਚ ਆ ਰਿਹਾ ਇਹ ਗੀਤ ਸੁਣਨ ਵਾਸਤੇ ਉਹ ਹਰ ਕੰਮ ਛੱਡ ਦਿੰਦੇ। ਬੀਜੀ ਨੂੰ ਕਹਾਣੀਆਂ ਗੁੰਦਣ ਦਾ ਸ਼ੌਕ ਵੀ ਸੀ। ਉਹ ਮੈਨੂੰ ਨਿੱਕੀ ਹੁੰਦੀ ਨੂੰ ਆਪ ਕਹਾਣੀਆਂ



ਘੜ-ਘੜ ਕੇ ਸੁਣਾਉਂਦੇ ਹੁੰਦੇ ਸਨ। ਇਹ ਸਭ ਰਾਜੇ ਰਾਣੀਆਂ ਦੀਆਂ ਕਹਾਣੀਆਂ ਸੁਣ-ਸੁਣ ਮੈਂ ਵੱਡੀ ਹੋਈ। ਬੀਜੀ ਨੂੰ ਬਹੁਤੀ ਲੋਲੋ-ਪੋਪੋ ਨਹੀਂ ਸੀ ਆਉਂਦੀ। ਤੇ ਨਾ ਹੀ ਉਹ ਮੈਨੂੰ ਆਮ ਮਾਵਾਂ ਵਾਂਗ ਜੱਫ਼ੀਆਂ ਹੀ ਪਾਉਂਦੇ ਸਨ। ਮੈਂ ਦੂਰ ਬੈਠੀ ਉਨ੍ਹਾਂ ਨੂੰ ਨਿਹਾਰਦੀ। ਉਨ੍ਹਾਂ ਦਾ ਲਾਡ ਇਸੇ ਤਰ੍ਹਾਂ ਦਾ ਹੁੰਦਾ, ਜਦੋਂ ਉਹ ਮੈਨੂੰ ਸਹਿਜ ਜਿਹੇ ਕਹਿੰਦੇ, "ਐਦਾਂ ਨ੍ਹੀਂ ਕਰੀਦਾ। ਬਿਗਾਨੇ ਘਰ ਜਾਵੇਂਗੀ ਤਾਂ ਅਗਲੇ ਕਹਿਣਗੇ ਮਾਂ ਨੇ ਮੱਤ ਨ੍ਹੀਂ ਦਿੱਤੀ। ਅਗਲੇ ਮੇਰੀ ਚੂੰਡੀ ਪੁੱਟਣਗੇ।"

ਬੀਜੀ ਦੀ ਤੱਕਣੀ ਵਿਚ ਹੀ ਮੈਨੂੰ ਪਤਾ ਚਲ ਜਾਂਦਾ ਕਿ ਉਹ ਮੇਰੇ ਨਾਲ਼ ਕਿਸੇ ਗੱਲੋਂ ਗੁੱਸੇ ਹਨ ਜਾਂ ਖੁਸ਼ ਹਨ। ਮੈਨੂੰ ਬੀਜੀ ਨੇ ਕਦੀ ਝਿੜਕਿਆ ਨਹੀਂ। ਮਾਰਨਾ ਤਾਂ ਕਦੀ ਹੋ ਹੀ ਨਹੀਂ ਸੀ ਸਕਦਾ। ਬਸ ਹੌਲੀ ਜਿਹੇ ਕਹਿੰਦੇ, "ਬੀਬੇ ਬਣੀਦਾ ਹੁੰਦੈ।"

ਜੇ ਕਰ ਕੋਈ ਵਣਜਾਰਣ/ਗੱਡੀਆਂ ਵਾਲੀ ਸੂਈਆਂ ਸਲਾਈਆਂ ਵੇਚਣ ਆ ਜਾਵੇ ਤਾਂ ਬੀਜੀ ਉਸਨੂੰ ਵਰਾਂਢੇ ਵਿਚ ਬਿਠਾ ਲੈਂਦੇ ਤੇ ਆਖਦੇ, "ਕੁੜੀਏ! ਐਹ ਥਾਲ ਤੇਰੇ ਸਾਮ੍ਹਣੇ ਦਾਣਿਆਂ ਦਾ ਪਿਐ। ਮਿਲੂ ਉਦੋਂ ਜਦੋਂ ਤੂੰ ਮੈਨੂੰ ਕੋਈ ਗੀਤ ਸੁਣਾਵੇਂਗੀ।" ਗਲੀ ਗੁਆਂਢ ਦੀਆਂ ਔਰਤਾਂ ਆਖਦੀਆਂ, "ਲੈ ਬੇਬੇ ਫੇਰ ਗੁਆਉਣ ਬੈਠਗੀ।"

ਬੀਜੀ ਕਰਮ ਕਾਂਡਾਂ ਵਿਚ ਵਿਸ਼ਵਾਸ ਨਹੀਂ ਸਨ ਕਰਦੇ। ਉਹ ਸਿਰਫ਼ ਤੇ ਸਿਰਫ਼ ਗੁਰਬਾਣੀ ਦੇ ਲੜ ਲੱਗਦੇ ਸਨ। ਸਾਡੇ ਪਿੰਡ ਇਕ ਪੰਡਿਤ ਹੁੰਦਾ ਸੀ ਜਿਸਦਾ ਨਾਂ ਸੀ ਚੂਨੀ। ਉਹ ਹਰ ਮਹੀਨੇ ਆਉਂਦਾ, ਆਟਾ ਜਾਂ ਦਾਣੇ ਲੈ ਜਾਂਦਾ। ਉਹ ਹਰ ਵੇਰ ਪੱਤਰੀ ਖੋਲ੍ਹਣ ਲੱਗਦਾ ਤਾਂ ਬੀਜੀ ਉਸਨੂੰ ਪਹਿਲਾਂ ਹੀ ਬੰਦ ਕਰ ਦਿੰਦੇ। "ਦੇਖ ਚੂਨੀ! ਐਵੇਂ ਤੂੰ ਸਾਡਾ ਟੈਮ ਨਾ ਖਰਾਬ ਕਰ। ਇਹ ਵਹਿਮ ਜਿਹੇ ਚੋਚਲੇ ਨਾ ਪਾਇਆ ਕਰ। ਤੂੰ ਆਟਾ ਲੈਣਾ, ਲੈ ਤੇ ਚਲਦਾ ਬਣ।" ਬੀਜੀ ਕੋਲ ਇਸ ਤਰ੍ਹਾਂ ਕੋਰਾ ਜਵਾਬ ਹੁੰਦਾ।

ਸਾਡੇ ਪੂਰੇ ਟੱਬਰ ਉੱਤੇ ਕੋਈ ਬਿਪਤਾ ਆਣ ਪਵੇ ਤਾਂ ਬੀਜੀ ਸਾਮ੍ਹਣੇ ਖੜੋ ਜਾਂਦੇ ਸਨ। ਉਸ ਵੇਲੇ ਉਨ੍ਹਾਂ ਤੋਂ ਸਭ ਡਰ ਜਾਂਦੇ ਸਨ। ਪਤਾ ਨਹੀਂ ਰੋਹ ਉਨ੍ਹਾਂ ਵਿਚ ਕਿਵੇਂ ਆ ਜਾਂਦਾ ਸੀ। ਇਕ ਭੂਆ ਜੀ ਹੋਰਾਂ ਮੋਹਰੇ ਹੀ ਨਹੀਂ ਉਹ ਖੜੋ ਸਕੇ। ਇੱਕ ਕਿੱਸਾ ਸਾਡੇ ਘਰ ਬੀਤਿਆ ਜੋ ਮੇਰੇ ਅੰਦਰੋਂ ਜਾਂਦਾ ਹੀ ਨਹੀਂ। ਮੇਰੀ ਉਮਰ ਉਸ ਵੇਲੇ ਪੰਦਰਾਂ-ਸੋਲ੍ਹਾਂ ਕੁ ਵਰ੍ਹਿਆਂ ਦੀ ਸੀ। ਸਾਡੇ ਗੁਆਂਢ ਹੀ ਸਾਡੇ ਸਕਿਆਂ ਵਿੱਚੋਂ ਚਾਚੇ ਚੈਨੇ ਦਾ ਘਰ ਸੀ। ਚਾਚਾ ਚੈਨਾ ਇਕੱਲਾ ਰਹਿੰਦਾ ਸੀ। ਉਸਦੀ ਘਰਵਾਲੀ ਮਰ ਗਈ ਸੀ। ਇਕ ਧੀ ਸੀ ਜੋ ਬੱਚੇ ਦੇ ਜਣੇਪੇ ਵੇਲੇ ਮਰ ਗਈ। ਸਮਝੋ ਇਕੱਲੀ ਜਾਨ ਸੀ ਉਹ। ਉਸਦਾ ਜੁਆਈ ਸੋਹਣ ਸਿੰਘ ਕਦੀ ਕਦਾਈਂ ਉਸਨੂੰ ਮਿਲਣ ਆ ਜਾਂਦਾ ਅਤੇ ਢੱਡ ਸਾਰੰਗੀ ਨਾਲ਼ ਵਿਹੜੇ ਵਿਚ ਗੀਤ-ਸੰਗੀਤ ਚਲਦਾ। ਦਾਰੂ ਵੀ ਚੱਲਦਾ। ਮੇਰੇ ਤਾਇਆ ਜੀ ਹਰਨਾਮ ਸਿੰਘ ਇਹ ਸਭ ਪਸੰਦ ਨਹੀਂ ਸਨ ਕਰਦੇ ਤੇ ਉਨ੍ਹਾਂ ਨੇ ਚਾਚੇ ਚੈਨੇ ਨੂੰ ਝਿੜਕ ਦਿੱਤਾ ਕਿ, "ਤੂੰ ਤਾਂ ਛੜਾ ਛਟਾਂਕ ਹੈਂ। ਸਾਡੇ ਘਰੀਂ ਧੀਆਂ-ਨੂੰਹਾਂ ਵੀ ਹੈਨ। ਇੱਥੇ ਗਲ਼ੀ ਵਿਚ ਇਸ ਤਰ੍ਹਾਂ ਦਾ ਸ਼ੋਰ-ਸ਼ਰਾਬਾ ਨਹੀਂ ਚੱਲਣਾ।"

ਹੁਣ ਚਾਚੇ ਨੇ ਤਾਇਆ ਜੀ ਤੋਂ ਬਦਲਾ ਲੈਣਾ ਸੀ। ਉਸਨੇ ਆਪਣੇ ਜੁਆਈ ਦੇ ਨਾਲ਼ ਦੋ-ਚਾਰ ਬੰਦੇ ਹੋਰ ਸੱਦ ਲਏ। ਉਨ੍ਹਾਂ ਨੇ ਸੋਚਿਆ ਕਿ ਮੇਰੇ ਭਾਈਆ ਜੀ ਇਸ ਤਰ੍ਹਾਂ ਦੀਆਂ ਮਹਿਫ਼ਲਾਂ ਵਿਚ ਬੈਠ ਲੈਂਦੇ ਹਨ ਤੇ ਉਨ੍ਹਾਂ ਨੂੰ ਦਾਰੂ ਵਿਚ ਕੁਝ ਦੇ ਕੇ ਬਿਹੋਸ਼ ਕਰ ਦਿੰਦੇ ਹਾਂ। ਬਾਅਦ ਵਿਚ ਤਾਇਆ ਜੀ ਦਾ ਕੰਡਾ ਕੱਢ ਦਿਆਂਗੇ। ਉਨ੍ਹਾਂ ਬੰਦਿਆਂ ਵਿਚ ਇਕ ਮੁੰਡਾ ਪਿੰਡ ਦਾ ਵੀ ਸੀ। ਉਹ ਸਾਰੀ ਗੱਲ ਸਮਝ ਗਿਆ। ਤੇ ਉਸਨੇ ਆ ਕੇ ਬੀਜੀ ਨੂੰ ਦੱਸਿਆ ਕਿ ਅੱਜ ਕੀ ਹੋਣ ਵਾਲਾ ਹੈ। ਬੀਜੀ ਨੇ ਭਾਈਆ ਜੀ ਨੂੰ ਆਵਾਜ਼ ਮਾਰ ਕੇ ਬਹਾਨੇ ਨਾਲ਼ ਘਰ ਸੱਦ ਲਿਆ ਅਤੇ ਗੁਲਾਬੀ ਜਿਹੀ ਹਾਲਤ ਵਿਚ ਦਲਾਨ ਵਿਚ ਬੰਦ ਕਰ ਦਿੱਤਾ ਅਤੇ ਬਾਹਰੋਂ ਜੰਦਰਾ ਲਾ ਦਿੱਤਾ।

ਤਾਇਆ ਜੀ ਨੂੰ ਵੀ ਹਵੇਲੀ ਨੂੰ ਭੇਜ ਦਿੱਤਾ ਜਿੱਥੇ ਉਹ ਸੌਂਦੇ ਹੁੰਦੇ ਸਨ। ਸਾਨੂੰ ਸਭ ਨਿਆਣਿਆਂ ਨੂੰ ਵੀ ਆਖ ਦਿੱਤਾ ਕਿ ਗਲ਼ੀ ਵਿਚ ਨਹੀਂ ਨਿੱਕਲਣਾ। ਡਿਉੜੀ ਦਾ ਬਾਹਰੋਂ ਕੁੰਡਾ ਲਾ ਲਿਆ। ਮਾਸੀ ਅਤੇ ਭੂਆ ਜੀ ਨੂੰ ਵੀ ਦੂਜੇ ਘਰ ਅੰਦਰ ਛੱਡ ਕੇ ਬਾਹਰੋਂ ਕੁੰਡਾ ਲਾ ਦਿੱਤਾ। ਘਰ ਵਿਚ ਕਿਸੇ ਨੂੰ ਪਤਾ ਨਾ ਲੱਗਣ ਦਿੱਤਾ ਕਿ ਉਹ ਇਸ ਤਰ੍ਹਾਂ ਕਿਉਂ ਕਰ ਰਹੇ ਸਨ।

ਤੇ ਆਪ ਉਹ ਘਰ ਦੇ ਬਾਹਰ, ਸਾਡੇ ਵੱਡੇ ਚੌਂਤੇ ਉੱਤੇ, ਸੰਮ ਵਾਲੀ ਲਾਠੀ ਲੈ ਕੇ ਖੜੋਅ ਗਏ ਅਤੇ ਚਾਚੇ ਚੈਨੇ ਨੂੰ ਲਲਕਾਰ ਕੇ ਬੋਲੇ, "ਚੈਨਿਆਂ! ਹਿੰਮਤ ਆ ਤਾਂ ਅੱਜ ਬਾਹਰ ਨਿੱਕਲ।"

ਗੱਲ ਕੀ, ਅਸੀਂ ਸਾਰੇ ਬਨੇਰਿਆਂ ਉੱਤੇ ਬੈਠੇ ਦੇਖੀਏ ਕਿ, ਕੀ ਬਣਦਾ ਹੈ? ਭੂਆ ਜੀ ਰੌਲ਼ੀ ਪਾਉਣ, ਮਾਸੀ ਜੀ ਕਹਿਣ। ਪਰ ਬੀਜੀ ਨੂੰ ਜਿਵੇਂ ਕੁਝ ਨਾ ਸੁਣੇ। ਸਾਡੀ ਗਲ਼ੀ ਵਿਚ ਆਲ਼ੇ ਦੁਆਲ਼ੇ ਦੇ ਬੰਦੇ ਇਕੱਠੇ ਹੋ ਗਏ। ਬਾਜ਼ਾਰ ਦੇ ਲੋਕ ਆ ਗਏ। ਪਰ ਬੀਜੀ, ਗਲ਼ੀ ਦੇ ਗੱਭੇ ਸਿਪਾਹੀ ਵਾਂਗ ਖੜ੍ਹੇ ਆਖਣ ਕਿ "ਚੈਨਿਆਂ! ਜਿਹੜਾ ਚੌਣਾਂ ਤੂੰ ਅੰਦਰ ਬਿਠਾਲਿਆ ਹੋਇਐ, ਉਸਨੂੰ ਕੱਢ ਬਾਹਰ।"

ਜਿਸ ਔਰਤ ਨੂੰ ਬਾਹਰ ਆਦਮੀਆਂ ਸਾਮ੍ਹਣੇ ਬੋਲਣ ਦੀ ਮਨਾਹੀ ਸੀ, ਜਿਹੜੀ ਔਰਤ ਕੋਈ ਮਰਦ ਘਰ ਆ ਜਾਵੇ ਤਾਂ ਭੂਆ ਜੀ ਤੋਂ ਬਿਨਾਂ ਦਰਵਾਜ਼ਾ ਨਹੀਂ ਸੀ ਖੋਲ੍ਹ ਸਕਦੀ। ਹੁਣ ਉਹੀ ਔਰਤ ਘੁੰਢ ਚੁੱਕ ਕੇ ਸਭ ਨੂੰ ਲਲਕਾਰ ਰਹੀ ਸੀ। ਲੋਕੀਂ ਬੀਜੀ ਨੂੰ ਚੁੱਪ ਕਰਾਉਣ। ਪਰ ਬੀਜੀ ਆਖਣ, "ਇਸ ਬੰਦੇ ਨੇ ਸੋਚ ਕਿੱਦਾਂ ਲਿਆ ਕਿ, ਇਨ੍ਹਾਂ ਦੇ ਮੁੰਡੇ ਪਰਦੇਸ ਚਲੇ ਗਏ। ਘਰ ਵਿਚ ਕੋਈ ਹੈਨੀ ਬਚਾਉਣ ਵਾਲਾ। ਮੈਂ ਹੈਗੀਆਂ ਚੈਨਿਆਂ। ਅੱਜ ਤੂੰ ਮੇਰੇ ਨਾਲ਼ ਗੱਲ ਕਰ।"

ਭੂਆ ਜੀ, ਮਾਸੀ ਜੀ ਸਭ ਬੀਜੀ ਨੂੰ ਕੁੰਡਾ ਖੋਲਣ ਨੂੰ ਕਹਿਣ। ਪਰ ਬੀਜੀ ਕਿੱਥੇ ਮੰਨਣ। ਗੁਲੂ ਦਿਆਂ ਦਾ ਭਾਵ ਬਾਜ਼ਾਰ ਵਿਚਲਿਆਂ ਦਾ ਚਾਚਾ ਅਰਜਣ ਸਿੰਘ ਬੀਜੀ ਨੂੰ ਆਖਣ ਲੱਗਾ, "ਤੁਸੀਂ ਜਾਓ ਜੀ ਅੰਦਰ। ਮੈਂ ਦੇਖਦਾਂ।"

ਬੀਜੀ ਉਸਨੂੰ ਵੀ ਬੋਲੇ, "ਮੈਂ ਹੈਗੀ ਆਂ ਜੀ। ਤੁਸੀਂ ਜਾਓ ਆਪਣੇ ਘਰਾਂ ਨੂੰ।"

ਗੱਲ ਕੀ, ਬੀਜੀ ਨੂੰ ਐਸਾ ਭਵਕ ਚੜ੍ਹਿਆ ਕਿ ਉਨ੍ਹਾਂ ਨੇ ਉਸੇ ਵੇਲੇ, ਉਹ ਸਾਰੇ ਬੰਦੇ ਉੱਥੋਂ ਕੱਢਵਾ ਕੇ ਸਾਹ ਲਿਆ। ਇਹੋ ਦਿਨ ਸੀ ਜਦੋਂ ਤੋਂ ਸਾਡੇ ਘਰ ਔਰਤਾਂ ਦਾ ਘੁੰਡ ਚੁੱਕਿਆ ਗਿਆ।

ਦੂਜੇ ਦਿਨ ਸਾਰੇ ਪਿੰਡ ਵਾਲੇ ਆਖਣ, "ਰਾਤੀਂ ਬੇਬੇ ਨੇ ਕਮਾਲ ਕਰ ਦਿੱਤੀ। ਚੈਨੇ ਦੇ ਮਨਸੂਬੇ ਫੇਲ੍ਹ ਕਰ ਦਿੱਤੇ। ਵਰਨਾ ਪਤਾ ਨ੍ਹੀਂ ਕੀ ਹੋ ਜਾਂਦਾ। ਇਨ੍ਹਾਂ ਦੋਹਾਂ ਭਰਾਵਾਂ ਨੂੰ ਉਨ੍ਹਾਂ ਨੇ ਬੰਨੇ ਲਾ ਦੇਣਾ ਸੀ।"

ਬੱਸ ਇੱਦਾਂ ਦੇ ਹੀ ਸਨ ਮੇਰੇ ਬੀਜੀ।

ਮੈਂ ਇੰਗਲੈਂਡ ਨੂੰ 1962 ਵਿਚ ਤੁਰੀ ਤਾਂ ਉਨ੍ਹਾਂ ਨੇ ਮੇਰੀ ਹਰ ਰੀਝ ਪੂਰੀ ਕਰਨ ਦੀ ਕੋਸ਼ਿਸ਼ ਕੀਤੀ। ਇੱਥੋਂ ਤੱਕ ਦਿੱਲੀ ਚਾਰ ਪੰਜ ਦਿਨ ਰਹਿ ਕੇ ਘੁਮਾਇਆ ਫਿਰਾਇਆ। ਬੀਜੀ ਸੰਸਕਾਰੀ ਔਰਤ ਸਨ ਪਰ ਪਿਛਾਂਹ ਖਿਚੂ ਜਾਂ ਨੈਰੋ ਮਾਈਂਡ ਨਹੀਂ ਸਨ। ਉਹ ਮੇਰੇ ਲਈ ਨਵੇਂ ਯੁੱਗ ਦੀ ਔਰਤ ਬਣ ਕੇ ਮੈਨੂੰ ਹੱਲਾਸ਼ੇਰੀ ਦਿੰਦੇ। ਉਨ੍ਹਾਂ ਦੇ ਕਹਿਣ ਅਨੁਸਾਰ, "ਮੈਨੂੰ ਜ਼ਿੰਦਗੀ ਵਿਚ ਕਦੀ ਵੀ ਹਾਰਨਾ ਨਹੀਂ ਚਾਹੀਦਾ।" ਸੱਚ ਹੀ, ਬੀਜੀ ਨੇ ਸਮੇਂ ਅਨੁਸਾਰ ਜੋ ਵੀ ਝੱਲਿਆ, ਪਰ ਆਪਣੇ ਚਿਹਰੇ ਉੱਤੇ ਸ਼ਿਕਨ ਨਹੀਂ ਆਉਣ ਦਿੱਤੀ ਅਤੇ ਨਾ ਹੀ ਕਿਸੇ ਕੋਲ ਰੋਂਦੂ ਜਿਹੀਆਂ ਕਹਾਣੀਆਂ ਹੀ ਸੁਣਾਈਆਂ। ਚੁੱਪ-ਚੁਪੀਤੇ ਜਿਹੇ ਸਭ ਦੇਖਦੇ-ਸਹਿੰਦੇ ਰਹੇ ਪਰ ਹੱਠ ਦਾ ਪਲਾ ਨਹੀਂ ਛੱਡਿਆ।



ਬੀਜੀ ਨੂੰ ਹਰ ਚੀਜ਼ ਦੀ ਸਮਝ ਅਤੇ ਪਰਖ ਸੀ। ਹਰ ਬੰਦੇ ਦੇ ਧੁਰ ਅੰਦਰਲੇ ਨੂੰ ਉਹ ਪਛਾਣ ਲੈਂਦੇ ਸਨ। ਦੂਜੇ ਦੇ ਗੱਲ ਕਰਨ ਦੇ ਅੰਦਾਜ਼ ਤੋਂ ਉਹ ਸਮਝ ਜਾਂਦੇ ਸਨ। ਸਾਡੇ ਘਰ ਭਾਈਆ ਜੀ ਅਤੇ ਤਾਇਆ ਜੀ ਭਾਵੇਂ ਜੁਦੇ ਹੋਏ ਪਰ ਬੱਚਿਆਂ ਵਿਚ ਇਕ ਦੂਜੇ ਪਾਸੇ ਕੋਈ ਰੋਕ-ਟੋਕ ਨਹੀਂ ਸੀ। ਮੇਰੀ ਮਾਸੀ ਦਾ ਮੁੰਡਾ ਰਣਜੀਤ ਸਕੂਲ ਜਾਣ ਤੋਂ ਪਹਿਲਾਂ ਭਾਵੇਂ ਘਰੋਂ ਰੋਟੀ ਖਾ ਕੇ ਆਉਂਦਾ ਪਰ ਉਹ ਬੀਜੀ ਦੇ ਹੱਥ ਦੀ ਰੋਟੀ ਜ਼ਰੂਰ ਖਾਂਦਾ। ਛਾਬੇ ਵਿਚ ਤਾਜ਼ੀ ਪੱਕੀ ਰੋਟੀ ਤੋਂ ਬਿਨਾਂ ਜਿਵੇਂ ਉਸਨੂੰ ਸਾਹ ਨਾ ਆਉਂਦਾ। ਬੀਜੀ ਦੇਖਦੇ ਰਹਿ ਜਾਂਦੇ ਤੇ ਰਣਜੀਤ ਰੋਟੀ ਚੁੱਕਦਾ, ਉੱਪਰ ਸਾਗ/ਸਬਜ਼ੀ ਪਾਉਂਦਾ, ਖਾਂਦਾ ਹੋਇਆ ਸਕੂਲ ਨੂੰ ਦੌੜ ਜਾਂਦਾ।

ਬੀਜੀ ਲਾਡ ਜਿਹੇ ਨਾਲ਼ ਕਹਿੰਦੇ, "ਵੇ ਰੰਜੋ! ਹੁਣ ਮੈਨੂੰ ਹੋਰ ਰੋਟੀ ਪਕਾਉਣੀ ਪਊ।" ਕਿਉਂ ਕਿ ਸਾਡੀ ਤਿੰਨਾਂ ਜੀਆਂ ਦੀ ਗਿਣਵੀਂ ਤਾਂ ਰੋਟੀ ਹੁੰਦੀ ਸੀ। ਪਰ ਉਹ ਰੰਜੋ ਨੂੰ ਇਹ ਨਾ ਦੱਸਦੇ ਕਿ ਉਨ੍ਹਾਂ ਨੇ ਵਾਧੂ ਰੋਟੀ ਪਹਿਲਾਂ ਹੀ ਪਕਾ ਕੇ ਰੱਖੀ ਹੋਈ ਐ।

1963 ਵਿਚ ਵੀਰੇ ਨੇ ਭਾਈਆ ਜੀ ਨੂੰ ਇੰਗਲੈਂਡ ਸੱਦ ਲਿਆ ਅਤੇ 1965 ਵਿਚ ਬੀਜੀ ਵੀ ਇੰਗਲੈਂਡ ਆ ਗਏ। ਇੰਗਲੈਂਡ ਵਿਚ ਸੱਤ ਕੁ ਵਰ੍ਹੇ ਬੀਜੀ ਬਹੁਤ ਖੁਸ਼ ਰਹੇ। ਇੰਗਲੈਂਡ ਵਿਚ ਵੀ ਵੀਰੇ ਦੇ ਸਭ ਰਿਸ਼ਤੇਦਾਰਾਂ/ਦੋਸਤਾਂ ਦੀ ਬੀਜੀ, ਬੇਬੇ ਹੀ ਰਹੀ। ਉਮਰ ਬੀਤਣ ਬਾਅਦ ਵੀਰੇ ਦੀ ਉਹ ਬੇਬੇ ਤਾਂ ਸੀ ਪਰ ਭੂਆ ਜੀ ਚਿੰਤੀ ਮਾਂ ਰਹੀ। ਇਹ ਵਿੱਥ ਕਦੀ ਪੂਰੀ ਨਹੀਂ ਹੋਈ।

ਬੀਜੀ ਕਈ ਗੱਲਾਂ ਤੋਂ ਬਹੁਤ ਸਿੱਧੇ ਵੀ ਸਨ। ਜਿਵੇਂ ਉਨ੍ਹਾਂ ਦੇ ਘਰ ਨੇੜੇ ਇਕ ਔਰਤਾਂ ਦੇ ਵਾਲ਼ ਬਣਾਉਣ ਵਾਲਾ ਸੈਲੂਨ ਸੀ। ਔਰਤਾਂ ਵਾਲ਼ ਬਣਵਾਉਣ ਆਉਂਦੀਆਂ ਤੇ ਵਾਲ਼ ਧੋ ਕੇ-ਸੈੱਟ ਕਰਕੇ ਔਰਤਾਂ ਨੂੰ ਵਾਲ਼ ਸੈੱਟ ਕਰਨ ਵਾਲੀਆਂ ਮਸ਼ੀਨਾਂ, ਟੋਪੀ ਜਿਹੇ ਹੁੱਡ ਵਾਲ਼ੀਆਂ ਹੇਠਾਂ ਬਿਠਾ ਦਿੰਦੇ। ਹੁੱਡ ਕਾਲ਼ੇ ਰੰਗ ਦੇ ਹੁੰਦੇ ਸਨ। ਬੀਜੀ ਉਸ ਵਿੰਡੋ ਮੋਹਰਦੀ ਲੰਘਦੇ ਦੇਖਦੇ। ਤੇ ਇਕ ਦਿਨ ਸਾਡੇ ਹੀ ਪਿੰਡ ਦੀ ਨੂੰਹ, ਭਾਬੀ ਨੰਜੋ ਨੂੰ ਕਹਿਣ ਲੱਗੇ, "ਕੁੜੇ ਨੰਜੋ! ਤੇਰੇ ਘਰ ਦੇ ਨਾਲ਼ ਐਨੀ ਪੁਲਸ ਕਿਉਂ ਬੈਠੀ ਰਹਿੰਦੀ ਐ?"

ਉਹ ਕਹਿੰਦੀ, "ਕਿੱਥੇ ਬੇਜੀ?"

"ਜਿਹੜਾ ਤੈਥੋਂ ਅਗਲਾ ਘਰ ਐ? ਉੱਥੇ ਪੁਲਸ ਹੀ ਪੁਲਸ ਬੈਠੀ ਹੁੰਦੀ ਐ। ਟੋਪੀਆਂ ਵਾਲੀ।"

ਮੇਰੀ ਛੋਟੀ ਭਾਬੀ ਜਗਜੀਤ (ਮਾਸੀ ਜੀ ਗੁਲਵੰਤ ਦੀ ਨੂੰਹ) ਵਿੱਚੋਂ ਬੋਲੀ, "ਮਰ ਜਾਏਂ ਬੇਜੀ, ਉਹ ਪੁਲਿਸ ਨ੍ਹੀ ਹੈ। ਉਹ ਤਾਂ ਤੀਵੀਂਆਂ ਦੇ ਵਾਲ਼ ਬਣਾਉਣ ਵਾਲ਼ੀਆਂ ਮਸ਼ੀਨਾਂ ਨੇ।"

ਇਸੇ ਤਰ੍ਹਾਂ ਇਕ ਵੇਰ ਉਹ ਸਟੈਫੋਰਡ ਸ਼ਹਿਰ ਸ਼ਾਪਿੰਗ ਵਾਸਤੇ ਜਾ ਰਹੇ ਸਨ। ਉਨ੍ਹਾਂ ਦੇ ਨਾਲ਼ ਮੇਰੀ ਵੱਡੀ ਭੈਣ (ਭੂਆ ਜੀ ਹਰਨਾਮ ਕੌਰ ਦੀ ਕੁੜੀ) ਅਮਰਜੀਤ ਸੀ। ਅਮਰਜੀਤ ਮੋਹਰੇ ਅਤੇ ਬੀਜੀ ਮਗਰ। ਬੀਜੀ ਜਦੋਂ ਤੁਰਦੇ ਤਾਂ ਆਪਣੀ ਹਿੱਪ ਭਾਵ ਲੱਕ ਉੱਥੇ ਹੱਥ ਧਰ ਲੈਂਦੇ। ਸ਼ਾਇਦ ਇਸ ਤਰ੍ਹਾਂ ਉਨ੍ਹਾਂ ਨੂੰ ਮਹਿਸੂਸ ਹੁੰਦਾ ਜਿਵੇਂ ਉਹ ਆਪਣਾ ਬੈਲੈਂਸ ਠੀਕ ਰੱਖ ਸਕਦੇ ਹੋਣ। ਜਦੋਂ ਉਹ ਇਕ ਚੁਰਾਹੇ ਨੂੰ ਪਾਰ ਕਰਕੇ ਵੱਡੀ ਸਾਰੀ ਵਿਲਡਿੰਗ ਕੋਲ ਦੀ ਲੰਘਣ ਲੱਗੇ ਤਾਂ ਖੜੋਅ ਕੇ, ਜੁੱਤੀ ਖੋਲ੍ਹ ਕੇ ਉੱਥੇ ਪੌੜੀਆਂ 'ਤੇ ਮੱਥਾ ਟੇਕਣ ਲੱਗ ਪਏ।

ਭੈਣ ਜੀ ਨੇ ਪਿੱਛਾ ਮੁੜ ਕੇ ਦੇਖਿਆ ਤੇ ਉਹ ਬੀਜੀ ਵੱਲ ਦੇਖ ਕੇ ਹੱਸ ਪਏ। ਕਹਿਣ ਲੱਗੇ, "ਮਾਮੀ ਜੀ ਐਹ ਕੀ ਕਰਦੇ ਓਂ?"

ਬੀਜੀ ਬੋਲੇ, "ਅੰਬੋ! ਰੱਬ ਹਰ ਥਾਂ ਹੈ। ਦੇਖ ਗੋਰਿਆਂ ਦਾ ਕਿੱਡਾ ਵੱਡਾ ਗੁਰਦੁਆਰਾ ਹੈ। ਕਿੰਨੀ ਸੋਹਣੀ ਇਮਾਰਤ। ਰੂਹ ਖੁਸ਼ ਹੁੰਦੀ ਐ। ਇਹ ਲੋਕ ਇਸਨੂੰ ਚਰਚ ਕਹਿੰਦੇ ਐ। ਮੈਂ ਸੋਚਿਆ ਮੈਂ ਵੀ ਮੱਥਾ ਟੇਕ ਦਿਆਂ।"

ਭੈਣ ਜੀ ਹੱਸਣੋਂ ਨਾ ਰੁਕਣ। ਤੇ ਉਨ੍ਹਾਂ ਨੇ ਬੀਜੀ ਨੂੰ ਦੱਸਿਆ, "ਮਾਮੀ ਜੀ! ਇਹ ਗੁਰਦੁਆਰਾ ਨਹੀਂ ਹੈ। ਇਹ ਤਾਂ ਜੂਆਖਾਨਾ ਹੈ। ਇੱਥੇ ਲੋਕ ਬਿੰਗੋ ਖੇਡਣ ਆਉਂਦੇ ਹਨ।"

"ਹੈਹਾ ਤੁਹਾਨੂੰ। ਮੈਂ ਨਾ ਕਹਾਂ ਐਨੇ ਲੋਕ ਕਿਉਂ ਐਥੇ ਆਉਂਦੇ ਐ। ਖਸਮਾਂ ਨੂੰ ਖਾਣਿਓ ਪੈਸੇ ਵਾਧੂ ਦੇ ਬਰਬਾਦ ਕਰਦੇ ਓਂ।"

ਬੀਜੀ ਦੀਆਂ ਝੱਲ-ਵਲੱਲੀਆਂ ਗੱਲਾਂ, ਜਦੋਂ ਅਸੀਂ ਸਾਰੇਂ ਭੈਣਾਂ ਭਰਾ (ਭਾਵ ਸਭ ਕਜ਼ਨ) ਇਕੱਠੇ ਹੁੰਦੇ ਹਾਂ ਤਾਂ ਕਰਦੇ ਹਾਂ।

ਬੀਜੀ ਦੀ ਪਰਸਨੈਲਿਟੀ ਦੇ ਕਈ ਪੱਖ ਸਨ। ਮੇਰੇ ਬੀਜੀ, ਜਿੱਥੇ ਹੱਠ ਵਾਲੀ ਔਰਤ ਸਨ ਉੱਥੇ ਬਹੁਤ ਨਰਮ ਦਿਲ ਔਰਤ ਵੀ ਸਨ। ਸਮਾਜੀ ਤੌਰ 'ਤੇ ਹਰ ਰਿਸ਼ਤੇ ਨੂੰ ਨਿਭਾਉਣ ਵਾਲੇ। ਮੈਂ ਜਦੋਂ ਇੰਗਲੈਂਡ ਨੂੰ ਤੁਰੀ ਤਾਂ ਉਨ੍ਹਾਂ ਦੀ ਸਿੱਖਿਆ ਮੈਨੂੰ ਕਦੀ ਨਹੀਂ ਭੁੱਲੀ। ਸਿਰਫ਼ ਦੋ ਚਾਰ ਸ਼ਬਦ ਸਨ ਉਨ੍ਹਾਂ ਨੇ ਆਖੇ ਪਰ ਉਨ੍ਹਾਂ ਦੇ ਅਰਥ ਬਹੁਤ ਡੂੰਘੇ ਸਨ। ਉਨ੍ਹਾਂ ਨੇ ਮੈਨੂੰ ਆਖਿਆ ਸੀ, "ਬੀਬੋ ਤੂੰ ਪਰਦੇਸ ਚੱਲੀ ਐਂ। ਦੂਜੇ ਘਰ ਵੀ ਜਾਣੈ। ਹਰ ਕੋਈ ਆਪਣੇ ਟੱਬਰ ਦਾ ਖਿਆਲ ਰੱਖ ਸਕਦੈ। ਬੰਦਾ ਉਹ ਹੈ ਜੋ ਸਹੁਰੇ ਦੇ ਟੱਬਰ ਦਾ ਉੱਨਾ ਹੀ ਖਿਆਲ ਰੱਖੇ।" ਗੱਲ ਨਿੱਕੀ ਜਿਹੀ ਸੀ ਪਰ ਜ਼ਿੰਦਗੀ ਦੇ ਨਿਚੋੜ ਅਤੇ ਰਿਸ਼ਤਿਆਂ ਦੇ ਨਿਭਾ ਨੂੰ ਤੋਰੀ ਰੱਖਣ ਦੀ ਜਾਚ ਮੈਨੂੰ ਇਨ੍ਹਾਂ ਸ਼ਬਦਾਂ ਤੋਂ ਹੀ ਆਈ। ਸੱਚ ਹੀ ਉਹ ਰਿਸ਼ਤੇ ਪੂਰੀ ਇਮਾਨਦਾਰੀ ਨਾਲ਼ ਨਿਭਾਉਂਦੇ ਸਨ। ਭੂਆ ਜੀ ਅੱਗੇ ਨਾ ਬੋਲਣਾ ਵੀ ਇਨ੍ਹਾਂ ਰਿਸ਼ਤਿਆਂ ਦੇ ਨਿਭਾ ਅਤੇ ਆਦਰ ਦੀ ਗੱਲ ਸੀ। ਜੋ ਬੀਜੀ ਹੀ ਸਮਝ ਸਕਦੇ ਸਨ। ਅੱਜ ਦੇ ਵੇਲੇ ਹਰ ਕੋਈ ਆਖ ਦੇਵੇਗਾ, ਭਲਾ ਨਣਾਨ ਦਾ ਕੀ ਹੱਕ ਹੋਇਐ ? ਪਰ ਨਹੀਂ, ਇਹ ਸਮਝ ਅਤੇ ਸਹਿਣਸ਼ੀਲਤਾ ਬੀਜੀ ਵਿਚ ਹੀ ਹੋ ਸਕਦੀ ਸੀ। ਉਹ ਅਕਸਰ ਆਖਦੇ, "ਕੀ ਹੋਇਐ ਜੇ ਬੜੀ ਬੀਬੀ ਨੇ ਕੁਛ ਕਹਿ ਦਿੱਤਾ, ਮਾਂ ਐ ਸਾਡੀ।" ਕਾਰਨ ਇਹ ਵੀ ਸੀ ਕਿ ਭੂਆ ਜੀ ਭਾਈਆ ਜੀ ਤੋਂ ਅਠਾਰਾਂ ਵਰ੍ਹੇ ਵੱਡੇ ਸਨ। ਬੀਜੀ ਅਤੇ ਭਾਈਆ ਜੀ ਉਨ੍ਹਾਂ ਨੂੰ ਵੱਡੀ ਭੈਣ ਤਾਂ ਮੰਨਦੇ ਹੀ ਸਨ ਪਰ ਮਾਂ ਦਾ ਥਾਂ ਵੀ ਦਿੰਦੇ ਸਨ।

ਵੀਰੇ ਨਾਲ਼ ਉਨ੍ਹਾਂ ਦਾ ਰੂਹ ਦਾ ਰਿਸ਼ਤਾ ਸੀ ਜੋ ਉਨ੍ਹਾਂ ਨੂੰ ਨਿਭਾਉਣਾ ਨਹੀਂ ਸੀ ਮਿਲਿਆ। ਪੂਰੀ ਉਮਰ ਉਹ ਉਸ ਰਿਸ਼ਤੇ ਦੇ ਦਰਦ ਵਿਚ ਜੀਵੇ। ਉਸ ਲਈ ਤਰਸੇ। ਚੁੱਪ ਦੀ ਭਾਸ਼ਾ ਵਿਚ ਬੜਾ ਦਰਦ ਹੁੰਦਾ ਹੈ। ਇਨ੍ਹਾਂ ਮਾਂ-ਪੁੱਤ ਦੀ ਵੀ ਚੁੱਪ ਦੀ ਭਾਸ਼ਾ ਸੀ। ਦਰਦ ਵੀ ਆਪਣਾ-ਆਪਣਾ ਸੀ। ਬੀਜੀ ਨੇ ਤਾਂ ਹੰਢਾਇਆ ਹੀ ਪਰ ਵੀਰੇ ਨੇ ਵੀ ਹੰਢਾਇਆ। ਕੁੱਝ ਹੱਦ ਤੀਕਰ ਅਸੀਂ ਪਿਓ-ਧੀ ਨੇ ਵੀ ਹੰਢਾਇਆ। ਸ਼ਾਇਦ ਇਹੀ ਕਾਰਨ ਸੀ, ਮੈਂ ਵੀ ਬੀਜੀ ਦੇ ਹਿੱਸੇ ਨਹੀਂ ਸਾਂ ਆਈ। ਮੇਰਾ ਰਿਸ਼ਤਾ ਮੇਰੇ ਭਾਈਆ ਜੀ ਨਾਲ਼ ਐਸਾ ਪੀਢਾ ਸੀ ਜਿਵੇਂ ਬੀਜੀ ਲਈ ਵਿਚਾਲੇ ਥਾਂ ਹੀ ਨਹੀਂ ਸੀ ਰਹਿੰਦੀ। ਉਹ ਸਿਰਫ਼ ਮੇਰੀ ਮਾਂ ਸਨ। ਉਨ੍ਹਾਂ ਅੰਦਰ ਕੀ ਟੁੱਟਦਾ ਹੋਵੇਗਾ, ਸ਼ਾਇਦ ਮੈਨੂੰ ਗਿਆਨ ਨਹੀਂ ਸੀ। ਮੇਰੇ ਲਈ ਉਹ ਆਪਣਾ ਫ਼ਰਜ਼ ਨਿਭਾਉਂਦੇ, ਲਾਡ ਵੀ ਕਰਦੇ। ਫੇਰ ਵੀ ਇਕ ਖਲਾਅ ਸੀ ਕਿੱਧਰੇ ਜੋ ਕਦੀ ਪੂਰਾ ਨਹੀਂ ਸੀ ਹੁੰਦਾ। ਤੇ ਜਦੋਂ ਉਹ ਮੈਨੂੰ ਅਤੇ ਭਾਈਆ ਜੀ ਨੂੰ ਇਕੱਠੇ ਦੇਖਦੇ ਤਾਂ ਇਕ ਗੀਤ ਗਾਉਂਦੇ ਤੁਰੇ ਫਿਰਦੇ, "ਲਾਡਲੀ ਨਾ ਰੱਖੀਂ ਬਾਬਲਾ, ਤੇਰੀ ਲਾਡਲੀ ਨੂੰ ਦੁੱਖ ਵੇ ਘਨੇਰੇ।" ਸ਼ਾਇਦ ਇਹ ਉਨ੍ਹਾਂ ਦੀ ਆਪਣੀ ਜ਼ਿੰਦਗੀ ਦਾ ਨਿਚੋੜ ਸੀ।

1982 ਨੂੰ ਬੀਜੀ ਨੂੰ ਬਰੇਨ ਸਟਰੋਕ ਹੋ ਗਿਆ। ਚੰਗੀ ਭਲੀ ਸਿਹਤ ਪਰ ਚੇਤਾ ਕਿਸੇ ਦਾ ਵੀ ਨਹੀਂ। ਮੈਂ ਅਤੇ ਵੀਰਾ ਦੋਨੋਂ ਇੰਡੀਆ ਉਨ੍ਹਾਂ ਦੀ ਦੇਖ ਭਾਲ਼ ਕਰਨ ਲਈ ਗਏ। ਵੀਰੇ ਦੀ ਜ਼ਿੱਦ ਸੀ ਕਿ ਇਹ ਉਸਦਾ ਫਰਜ਼ ਹੈ। ਮੈਂ ਵੀਰੇ ਦੇ ਰੋਕਦੇ-ਰੋਕਦੇ ਵੀ ਇੰਡੀਆ ਚਲੀ ਗਈ। ਜ਼ਿੰਦਗੀ ਵਿਚ ਪਹਿਲੀ ਵੇਰ ਮੇਰੇ ਬੀਜੀ ਅਤੇ ਭਾਈਆ ਜੀ ਦਾ ਆਪਣਾ ਟੱਬਰ ਭਾਵ ਮੈਂ ਅਤੇ ਵੀਰਾ ਇਕੱਠੇ ਉਨ੍ਹਾਂ ਦੇ ਕੋਲ਼ ਇਕ ਘਰ ਵਿਚ ਸਾਂ। ਪਰ ਬੀਜੀ ਸਾਨੂੰ ਦੋਹਾਂ ਨੂੰ ਪਛਾਣ ਨਹੀਂ ਸਨ ਰਹੇ।



ਹਫ਼ਤੇ ਕੁ ਬਾਅਦ ਉਹ ਸਮਝ ਗਏ ਕਿ ਅਸੀਂ ਕੌਣ ਹਾਂ। ਉਹ ਕੁਝ ਠੀਕ ਵੀ ਹੋਣ ਲੱਗ ਪਏ। ਪਰ ਤਰਾਸਦੀ ਦੇਖੋ ਵੀਰਾ ਲਿਵਰ ਸਰੋਸਿਸ ਦਾ ਮਰੀਜ਼ ਸੀ ਤੇ ਉਹ ਬਿਮਾਰ ਹੋ ਗਿਆ ਤੇ ਸਾਨੂੰ ਸਦਾ ਲਈ ਵਿਛੋੜਾ ਦੇ ਗਿਆ। ਇਕ ਹੋਰ ਹਾਉਕਾ ਬੀਜੀ ਦੀ ਹਿੱਕ ਅੰਦਰ ਬੀਜਿਆ ਗਿਆ ਕਿ ਮੇਰੀ ਦੇਖ ਭਾਲ ਕਰਨ ਆਇਆ ਮੇਰਾ ਪੁੱਤ ਤੁਰ ਗਿਆ। ਵੀਰੇ ਨੂੰ ਦੇਖਦਿਆਂ ਸਾਰ ਬੀਜੀ ਧੜੱਮ ਕਰਕੇ ਡਿੱਗ ਪਏ। ਮੁੜ ਪੂਰੀ ਹੋਸ਼ ਆਈ ਹੀ ਨਹੀਂ। ਬਸ ਨਰਵਿਸ ਬਰੇਕ ਡਾਊਨ ਹੋ ਗਈ। ਪੂਰੇ ਅੱਠ ਵਰ੍ਹੇ ਇਸ ਸੁਰਤ ਬੇਸੁਰਤੀ ਦੇ ਆਲਮ ਦਾ ਉਨ੍ਹਾਂ ਨੇ ਸੰਤਾਪ ਭੋਗਿਆ। ਉਨ੍ਹਾਂ ਦਾ ਦਿਮਾਗ ਇੱਕੋ ਲੈਅ ਵਿਚ, ਭਾਵ ਵੀਰੇ ਵਿਚ ਲੱਗਾ ਰਿਹਾ। ਮੈਂ ਛੇ ਮਹੀਨੇ ਕਦੀ ਘਰ ਅਤੇ ਕਦੀ ਹਸਪਤਾਲ ਉਨ੍ਹਾਂ ਨੂੰ ਲੈ ਕੇ ਬੈਠੀ ਰਹੀ। ਉਹ ਮੇਰੀ ਜ਼ਿੰਦਗੀ ਦੀ ਸਾੜ੍ਹ ਸਤੀ ਦਾ ਵਰ੍ਹਾ ਸੀ।

ਜਦੋਂ ਉਹ ਕੁਝ ਠੀਕ ਹੋਏ ਤਾਂ ਅਸੀਂ ਉਨ੍ਹਾਂ ਨੂੰ ਫੇਰ ਇੰਗਲੈਂਡ ਬੁਲਾ ਲਿਆ। ਪਰ ਕਿੱਥੇ ? ਉਨ੍ਹਾਂ ਦੀ ਰੂਹ ਪਿੰਡ ਦੇ ਸਿਵਿਆਂ ਵਿਚ ਹੀ ਭਟਕਦੀ ਰਹੀ, ਜਿੱਥੇ ਉਨ੍ਹਾਂ ਦਾ ਲਾਡਲਾ ਸੁੱਤਾ ਪਿਆ ਸੀ। ਤੇ ਉਹ ਜ਼ਿੱਦ ਕਰਕੇ ਫੇਰ ਵਾਪਸ ਪਿੰਡ ਨੂੰ ਚਲੇ ਗਏ। ਭਾਈਆ ਜੀ ਵੀ ਕਹਿਣ ਲੱਗੇ ਕਿ, "ਜੇ ਕਰ ਇਹ ਵੱਧ ਉਦਾਸ ਰਹਿਣਗੇ ਤਾਂ ਇਨ੍ਹਾਂ ਦੀ ਸਿਹਤ ਹੋਰ ਖਰਾਬ ਹੋਊ। ਇਨ੍ਹਾਂ ਦਾ ਮਨ ਜਿਸ ਤਰ੍ਹਾਂ ਖੁਸ਼ ਹੈ, ਉਸੇ ਤਰ੍ਹਾਂ ਠੀਕ ਹੈ।"

1989 ਵਿਚ ਮੈਂ ਉਨ੍ਹਾਂ ਨੂੰ ਮਿਲਣ ਪੰਜਾਬ ਗਈ। ਉਸ ਮਹੀਨੇ-ਡੂੜ ਮਹੀਨੇ ਵਿਚ ਉਨ੍ਹਾਂ ਨੇ ਆਪਣੀ ਸੁਰਤ ਬੇਸੁਰਤੀ ਦੀ ਹਾਲਤ ਵਿਚ ਵੀ ਮੈਨੂੰ ਐਨਾ ਪਿਆਰ ਦਿੱਤਾ ਕਿ ਸਾਰੀ ਉਮਰ ਦੇ ਉਲਾਂਭੇ ਲਾਹ ਦਿੱਤੇ। ਤੇ ਉਸੇ ਵਰ੍ਹੇ ਮੈਂ ਉਨ੍ਹਾਂ ਨੂੰ ਆਖਰੀ ਵਾਰ ਦੀ ਫਤਿਹ ਬੁਲਾ ਕੇ ਕੈਨੇਡਾ ਵਾਪਸ ਆ ਗਈ। 1990 ਵਿਚ ਉਹ ਮੈਨੂੰ ਸਦਾ ਲਈ ਛੱਡ ਕੇ ਚਲੇ ਗਏ। ਤੇ ਮੇਰੀ ਅੰਮ੍ਰਿ ਰਹਿ ਗਈ ਮੇਰੇ ਮਨ ਦੇ ਹਨ੍ਹੇਰਿਆਂ ਵਿਚ। ਮੇਰੀਆਂ ਕਹਾਣੀਆਂ ਦੇ ਕਈ ਕੋਨਿਆਂ ਵਿਚ। ਮੈਨੂੰ ਜਾਪਦੈ ਜਿਵੇਂ ਮੇਰੀ ਅੰਮ੍ਰਿ ਮੇਰੀਆਂ ਕਹਾਣੀਆਂ ਨੂੰ ਕੰਧਾਂ ਦੇ ਕੇ ਕਈ ਥਾਂ ਖੜੋਂਦੀ ਹੋਵੇ।

ਮੈਨੂੰ ਹਾਲੀ ਵੀ ਜਾਪਦੈ ਜਿਵੇਂ ਬੀਜੀ ਦੇ ਅਨੇਕ ਰੂਪ ਉੱਭਰ ਕੇ ਮੇਰੇ ਸਾਮ੍ਹਣੇ ਆਉਂਦੇ ਹੋਣ। ਇਕ ਜੰਗਲ ਵਾਂਗ ਮੇਰੇ ਅੱਗੇ ਵਿੱਛ ਜਾਂਦੇ ਹੋਣ। ਜਿਵੇਂ ਆਖ ਰਹੇ ਹੋਣ ਤੂੰ ਕਦੋਂ ਮੇਰੀ ਗੱਲ ਕਰੇਂਗੀ ? ਉਨ੍ਹਾਂ ਦੀਆਂ ਪੀੜਾਂ, ਜਿਵੇਂ ਮੇਰੀ ਹਿੱਕ ਵਿਚ ਜੰਮ ਜਾਂਦੀਆਂ ਰਹੀਆਂ ਹੋਣ ਤੇ ਮੈਂ ਉਨ੍ਹਾਂ ਬਾਰੇ ਕੋਈ ਗੱਲ ਨਾ ਕਰ ਸਕੀ। ਅੱਜ ਵੀ ਗੱਲ ਕਰਦਿਆਂ ਬਹੁਤ ਕੁਝ ਐਸਾ ਹੈ ਜੋ ਆਖ ਸਕਣ ਦੀ ਮੇਰੇ ਵਿਚ ਸਮਰੱਥਾ ਨਹੀਂ ਹੈ।

---


**ਅੰਧ ਕੂਪ (ਨਾਵਲ)**
**ਚੰਦਨ ਨੇਗੀ**
**ਆਰਸੀ ਪ੍ਰਕਾਸ਼ਨ, ਦਿੱਲੀ**

**ਸਾਹਿਤ ਤੇ ਸੰਵਾਦ**
**ਕਿਰਪਾਲ ਕਜ਼ਾਕ**
**ਸੰਪਾਦਕ : ਡਾ. ਦਰਸ਼ਨ**
**ਪੰਜਾਬੀ ਸਾਹਿਤ ਪਬਲੀਕੇਸ਼ਨ, ਬਲੀਆ**

# ਪੰਜਾਬੀ ਸਾਹਿਤ ਤੇ ਇਨਾਮ/ ਐੱਸ ਬਲਵੰਤ

ਕਹਿੰਦੇ ਹਨ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਔਰ ਇਹ ਸੱਚ ਵੀ ਹੈ ਕਿ ਸਾਹਿਤ ਹੀ ਇਕ ਵਿਧਾ ਹੈ ਜਿਸ ਰਾਹੀਂ ਅੱਜ ਤਕ ਦੇ ਸਮਾਜ ਤੇ ਇਤਿਹਾਸ ਦੇ ਸ਼ੁਧ ਦਰਸ਼ਨ ਕੀਤੇ ਜਾਂਦੇ ਰਹੇ ਹਨ। ਅਤੇ ਇਹ ਵੀ ਅਹਿਮ ਗੱਲ ਹੈ ਕਿ ਪੁਰਾਤਨ ਭਾਰਤ ਵਿਚ ਲਿਖੇ ਵੇਦ ਤੇ ਹੋਰ ਗਰੰਥ, ਤੇ ਆਧੁਨਿਕ ਸਮਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਸਿਰਫ ਕਾਵਿ ਵਿਧਾ ਵਿਚ ਹੀ ਹੋਈ ਤੇ ਇਹੀ ਵਿਧਾ ਹੈ ਜੋ ਸਾਨੂੰ ਇਤਿਹਾਸ ਦੇ ਦਰਸ਼ਨ ਕਰਾਉਂਦੀ ਹੈ।

ਪੁਰਾਤਨ ਸਮਿਆਂ ਵਿਚ ਛਪਾਈ ਦੀ ਈਜਾਦ ਨਾ ਹੋਣ ਕਰਕੇ ਰਚਨਾ ਨੂੰ ਪਿੱਤਲ, ਤਾਂਬੇ, ਕੰਧਾਂ, ਦਰੱਖਤਾਂ, ਮੰਦਿਰਾਂ ਤੇ ਹੋਰ ਵਿਧੀਆਂ ਰਾਹੀਂ ਪਰਚਾਰਿਤ ਕੀਤਾ ਜਾਂਦਾ ਸੀ। ਇਸ ਦੇ ਨਾਲ ਨਾਲ "ਓਰਲ ਪਰੰਪਰਾ" ਵੀ ਆਮ ਲੋਕਾਂ ਵਿਚ ਬਹੁਤ ਪ੍ਰਚੱਲਿਤ ਸੀ। ਪੁਰਾਤਨ ਤੋਂ ਆਧੁਨਿਕ ਸਮੇਂ ਤੀਕ ਕਥਾਵਾਂ, ਨਾਟਕਾਂ, ਸਾਂਗਾਂ ਰਾਹੀਂ ਵੱਖ ਵੱਖ ਰਚਨਾਵਾਂ ਨੂੰ ਪ੍ਰਚਾਰਿਤ ਜਾਂ ਪਰਸਾਰਿਤ ਕੀਤਾ ਜਾਂਦਾ ਰਿਹਾ। ਕਾਗਜ਼ ਬਣਨ ਬਾਅਦ ਇਨ੍ਹਾਂ ਤੇ ਹੋਰ ਰਚਨਾਵਾਂ ਦੇ ਪਰਚਾਰ 'ਚ ਵਾਧਾ ਹੋਣਾ ਸ਼ੁਰੂ ਹੋਇਆ ਤੇ ਹੁਣ ਇਸ ਦੀ ਥਾਂ ਇਲੈਕਟ੍ਰੋਨਿਕ ਮੀਡੀਆ ਨੇ ਲੈ ਲਈ ਹੈ।

ਇਸ ਕ੍ਰਿਆ ਨੂੰ ਪ੍ਰਫੁੱਲਤ ਕਰਨ ਤੇ ਲੇਖਕਾਂ ਅਤੇ ਅਦਾਕਾਰਾਂ ਜਾਂ ਇਸ ਕਾਰਜ ਵਿਚ ਹੋਰ ਕਈ ਤਰ੍ਹਾਂ ਦੀ ਪ੍ਰਫੁੱਲਤਾ ਲਿਆਉਣ ਵਾਲਿਆਂ ਨੂੰ ਪੁਰਾਤਨ ਕਾਲ ਤੋਂ ਸਤਿਕਾਰਾਂ, ਮਾਇਕ ਸਹਾਇਤਾਵਾਂ ਜਾਂ ਹੋਰ ਵਿਧੀਆਂ ਰਾਹੀਂ ਰਾਹੀ ਸਨਮਾਨਿਤ ਵੀ ਕੀਤਾ ਜਾਂਦਾ ਰਿਹਾ। ਪਹਿਲੋਂ ਰਾਜੇ-ਮਹਾਰਾਜੇ ਇਸ ਵਿਧੀ ਨੂੰ ਪ੍ਰੋਤਸਾਹਿਤ ਕਰਦੇ ਸਨ। ਰਾਜੇ ਆਪਣੇ ਦਰਬਾਰ ਵਿਚ ਵੀ ਸਾਹਿਤਕਾਰਾਂ, ਕਵੀਆਂ ਦੀ ਸ਼ਮੂਲੀਅਤ ਕਰਦੇ ਸਨ। ਕਿਸੇ ਨੇ ਉਸ ਨੂੰ "ਰਤਨ" ਯਾਣੀ ਹੀਰਾ ਕਹਿ ਕੇ ਪ੍ਰਚਾਰਿਤ ਕੀਤਾ ਤੇ ਕਿਸੇ ਨੇ "ਰਾਜ ਕਵੀ" ਕਹਿਕੇ। ਪੁਰਾਤਨ ਯੁੱਗ ਤੋਂ ਲੈਕੇ ਮੁਗਲ ਬਾਦਸ਼ਾਹਾਂ ਦੀ ਹਕੂਮਤ ਵੇਲੇ ਅਜਿਹੇ "ਰਤਨਾਂ" ਦੇ ਜ਼ਿਕਰ ਅਕਸਰ ਮਿਲਦੇ ਹਨ। ਤਾਨਸੈਨ, ਬੈਜੂ ਬਾਵਰਾ 'ਤੇ ਤਾਂ ਫਿਲਮਾਂ ਵੀ ਬਣ ਚੁੱਕੀਆ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਬਵੰਜਾ ਕਵੀਆਂ ਦਾ ਹਵਾਲਾ ਵੀ ਮਿਲਦਾ ਹੈ। ਅੰਗਰੇਜ਼ਾਂ ਵੇਲੇ ਇਸ ਵਿਧੀ ਦੇ ਲੇਖਕਾਂ ਨੂੰ ਜਾਗੀਰਾਂ ਤੇ ਹੋਰ ਵਿਧੀਆਂ ਨਾਲ ਪ੍ਰਫੁੱਲਤ ਕੀਤਾ ਜਾਂ ਨਿਵਾਜਿਆ ਗਿਆ। ਤੇ ਆਜ਼ਾਦ ਭਾਰਤ ਵਿਚ ਸਾਹਿਤ-ਪ੍ਰੋਤਸਾਹਨ ਲਈ "ਰਾਜ-ਕਵੀ" ਦੀ ਪਦਵੀ ਨਾਲ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਹੁਣ ਸ਼ਾਇਦ ਇਸ ਪਦਵੀ ਨੂੰ ਸਥਗਿਤ ਕਰ ਦਿੱਤਾ ਗਿਆ ਹੈ ਕਿਉਂਕਿ ਇੰਰਜੀਤ ਸਿੰਘ "ਤੁਲਸੀ" ਤੋਂ ਮਗਰੋਂ ਕਿਸੇ ਹੋਰ "ਰਾਜ-ਕਵੀ" ਦਾ ਨਾਂਅ ਸੁਣਨ 'ਚ ਨਹੀਂ ਆਇਆ। ਪਰ ਇਸ ਦੇ ਨਾਲ ਨਾਲ ਪੰਡਤ ਜਵਾਹਰ ਲਾਲ ਨਹਿਰੂ ਵੇਲੇ ਇਹ ਵੀ ਸੋਚਿਆ ਗਿਆ ਕਿ ਭਾਰਤ ਵਿਚਲੇ ਸਾਹਿਤ ਦੇ ਇਸ ਉਪਰਾਲੇ ਵਿਚ ਭਾਰਤੀ ਭਾਸ਼ਾਵਾਂ ਵੀ ਬਹੁਤ ਸ਼ਲਾਘਾਯੋਗ ਯੋਗਦਾਨ ਪਾ ਰਹੀਆਂ ਹਨ। ਇਸ ਲਈ ਫੈਸਲਾ ਕੀਤਾ ਗਿਆ ਕਿ ਸਰਕਾਰ ਦੀ ਸੂਚੀ ਵਿਚ ਪ੍ਰਵਾਨਿਤ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਹਰ ਸਾਲ ਜੋ ਸਭ ਤੋਂ ਬਿਹਤਰੀਨ ਪੁਸਤਕ ਪ੍ਰਕਾਸ਼ਿਤ ਹੋਵੇ ਉਸ ਨੂੰ ਅਤੇ ਉਸ ਦੇ ਲੇਖਕ ਨੂੰ ਸਨਮਾਨਿਤ ਕੀਤਾ ਜਾਵੇ। ਸਮੇਂ ਦੀ ਲੋੜ ਅਨੁਸਾਰ ਇਨ੍ਹਾਂ ਇਨਾਮਾਂ ਵਿਚ ਹੋਰ ਇਨਾਮ ਵੀ ਸ਼ਾਮਿਲ ਹੋਏ ਤੇ ਅਨੁਵਾਦ ਨੂੰ ਪ੍ਰੋਤਸਾਹਿਤ ਕਰਨ ਲਈ ਅਨੁਵਾਦ ਦੇ ਇਨਾਮ ਦੀ ਵੀ ਸਥਾਪਨਾ ਹੋਈ। ਇਨਾਮ-ਜੇਤੂ ਪੁਸਤਕਾਂ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਵਾ ਕੇ ਪ੍ਰਕਾਸ਼ਿਤ ਹੋਣ ਲਗੀਆਂ, ਤਾਂ ਕਿ ਇਨ੍ਹਾਂ ਭਾਸ਼ਾਵਾਂ ਦੇ ਲੇਖਕਾਂ ਅਤੇ ਪਾਠਕਾਂ ਨੂੰ ਦੂਸਰੀਆਂ ਭਾਸ਼ਾਵਾਂ ਦੇ ਸਾਹਿਤ ਨੂੰ ਹੋਰ ਪੜ੍ਹਨ ਲਈ ਉਤਸਾਹਿਤ ਤੇ ਸੰਪੂਰਣ ਭਾਰਤ ਵਿਚ ਸਾਂਝੇ ਸਭਿਆਚਾਰ ਨੂੰ ਭਰਪੂਰ ਪ੍ਰਫੁੱਲਤ ਕੀਤਾ ਜਾ ਸਕੇ। ਇਸ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਣ



ਲਈ ਰਾਸ਼ਟਰੀ ਸਾਹਿਤ ਅਕਾਦਮੀ ਦਾ ਗਠਨ 12 ਮਾਰਚ 1954 ਨੂੰ ਕੀਤਾ ਗਿਆ ਤੇ ਹੋਰ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਵਿਚ ਵੀ ਹੁਣ ਤੀਕ ਕੁੱਲ 60 ਵਾਰੀ ਇਨ੍ਹਾਂ ਇਨਾਮ ਦੀ ਤਕਸੀਮ ਹੋ ਚੁੱਕੀ ਹੈ। ਪੰਜਾਬੀ ਵਿਚ ਸਭ ਤੋਂ ਪਹਿਲਾ ਇਨਾਮ ਭਾਈ ਵੀਰ ਸਿੰਘ ਦੀ ਪੁਸਤਕ "ਮੇਰੇ ਸੱਈਆਂ ਜੀਓ" ਨੂੰ 1955 ਵਿਚ ਦਿੱਤਾ ਗਿਆ ਤੇ ਹੁਣ ਤੀਕ ਦੇ ਇਨਾਮਾਂ ਵਿਚ 2016 ਵਿਚ ਡਾਕਟਰ ਸਵਰਾਜ ਬੀਰ ਦੀ ਪੁਸਤਕ "ਮੱਸਿਆ ਦੀ ਰਾਤ" ਨੂੰ ਦਿੱਤਾ ਗਿਆ। ਕੁੱਲ ਮਿਲਾ ਕੇ ਇਨਾਮ ਲੈਣ ਵਾਲਿਆਂ ਦੀ ਇਸ ਸੂਚੀ ਵਿਚ ਬਹੁਤ ਹੀ ਨਾਮਵਰ ਲੇਖਕ ਸ਼ਾਮਿਲ ਹਨ।

ਇਸੇ ਤਰ੍ਹਾਂ ਸਾਰੀਆਂ ਭਾਰਤੀ ਭਾਸ਼ਾਵਾਂ ਦੀਆਂ ਲਿਖਤਾਂ 'ਚੋਂ ਚੋਣ ਕਰਕੇ ਦਿੱਤੇ ਜਾਣ ਵਾਲੇ ਇਨਾਮਾਂ ਵਿਚ "ਭਾਰਤੀ ਗਿਆਨਪੀਠ" ਤੇ "ਸਰਸਵਤੀ ਸਨਮਾਨ" ਅਵਾਰਡ ਵੀ ਸਥਾਪਤ ਕੀਤੇ ਗਏ ਜੋ ਭਾਰਤ ਦੇ ਆਹਲਾ ਇਨਾਮਾਂ ਵਿਚ ਗਿਣੇ ਜਾਂਦੇ ਹਨ। ਭਾਰਤੀ ਭਾਸ਼ਾਵਾਂ ਵਿਚ ਹੋਰ ਵੀ ਕਈ ਸੰਸਥਾਵਾਂ ਅਜਿਹੇ ਇਨਾਮ/ਸਨਮਾਨ ਪ੍ਰਦਾਨ ਕਰ ਰਹੀਆਂ ਹਨ, ਜਿਨ੍ਹਾਂ ਵਿਚ ਅਨੁਵਾਦ ਵਗੈਰਾ ਵੀ ਸ਼ਾਮਿਲ ਹਨ।

ਪੰਜਾਬੀ ਭਾਸ਼ਾ ਵਿਚ ਇਕ ਦੂਸਰਾ ਵੱਡਾ ਤੇ ਸਤਿਕਾਰਤ ਇਨਾਮ ਸ਼ੁਰੂ ਹੋਇਆ ਸੀ, "ਭਾਸ਼ਾ ਵਿਭਾਗ, ਪੰਜਾਬ" ਵਲੋਂ ! ਇਹ ਵਿਭਾਗ ਪਹਿਲੀ ਜਨਵਰੀ, 1948 ਨੂੰ ਪੰਜਾਬੀ ਸੈਕਸ਼ਨ ਦੀ ਸਥਾਪਨਾ ਨਾਲ ਸ਼ੁਰੂ ਹੋਇਆ ਤੇ ਹੁਣ ਵੀ ਲਗਾਤਾਰ ਜਾਰੀ ਹੈ। ਇਸ ਵਿਭਾਗ ਵਲੋਂ ਪਹਿਲੀ ਵੇਰ ਸੰਨ 1949 ਵਿਚ ਸੱਤ ਪੰਜਾਬੀ ਸ਼ਾਇਰਾਂ ਦਾ ਸਨਮਾਨ ਸਮਾਗਮ ਪੂਰੀ ਸੱਜ-ਧੱਜ ਨਾਲ ਕੀਤਾ ਗਿਆ। ਭਾਈ ਵੀਰ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ, ਪ੍ਰੋ ਮੋਹਨ ਸਿੰਘ 'ਮਾਹਿਰ', ਅੰਮ੍ਰਿਤਾ ਪ੍ਰੀਤਮ, ਅਵਤਾਰ ਸਿੰਘ 'ਆਜ਼ਾਦ', ਹਰਿੰਦਰ ਸਿੰਘ 'ਰੂਪ' ਤੇ ਕੇਦਾਰ ਨਾਥ 'ਤਿਵਾੜੀ' ਨੂੰ ਸਨਮਾਨ-ਪੱਤਰ ਭੇਟ ਕੀਤੇ ਗਏ। ਅਤੇ ਉਨ੍ਹਾਂ ਦੀਆਂ ਕਵਿਤਾਵਾਂ ਨੂੰ ਇਕ ਪੈਂਫਲਟੀ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਹ ਪੰਜਾਬੀ ਵਿਭਾਗ ਦੀ ਮੁੱਢਲੀ ਪ੍ਰਕਾਸ਼ਨਾ ਸੀ।

ਭਾਈ ਵੀਰ ਸਿੰਘ ਇਸ ਸਮਾਗਮ ਵਿਚ ਆਪ ਖੁਦ ਨਾ ਆ ਸਕੇ ਕਿਉਂਕਿ ਉਹ ਉਮਰ ਦੇ ਸਤੱਤਰ ਵਰ੍ਹੇ ਹੰਢਾ ਚੁੱਕੇ ਸਨ ਤੇ ਚੰਗੀ ਸਿਹਤ ਨਾ ਹੋਣ ਕਰਕੇ ਉਨ੍ਹਾ ਦਾ ਇਸ ਸਮਾਗਮ ਵਿਚ ਸ਼ਾਮਿਲ ਹੋਣਾ ਸੰਭਵ ਨਾ ਹੋ ਸਕਿਆ। ਪਰ ਉਨ੍ਹਾਂ ਇਸ ਸਮਾਗਮ ਮੌਕੇ ਉਨ੍ਹਾਂ ਆਪਣੀ ਇੱਕ ਕਵਿਤਾ ਲਿਖ ਕੇ ਭੇਜੀ, ਜਿਸ ਦੇ ਮੁੱਢਲੇ ਬੋਲ ਇਉਂ ਸਨਃ

ਤਿਲਕ ਗਈ ਮੇਰੇ ਹੱਥ ਦੀ ਪੂਣੀ, ਚੁੱਪ ਹੋ ਗਈ ਘੁਮੇਂਦੜੀ ਚਰਖੀ।<br>
ਅਰਸ਼ਾਂ ਦਾ ਚੰਦ ਜ਼ਿਮੀਂ ਆ ਖਲੋਤਾ, ਸੂਰਤ ਗਈ ਮੈਥੋਂ ਨਿਰਖੀ ਨਾ ਪਰਖੀ।

ਫਿਰ ਕਾਫੀ ਚਿਰ ਬਾਅਦ ਦਿੱਲੀ ਵਿਖੇ 1981 ਵਿਚ ਪੰਜਾਬੀ ਅਕਾਦਮੀ ਦੀ ਸਥਾਪਨਾ ਹੋਈ ਤੇ ਦਿੱਲੀ ਸਰਕਾਰ ਵਲੋਂ ਇਸ ਅਕਾਦਮੀ ਰਾਹੀਂ ਪੰਜਾਬੀ ਭਾਸ਼ਾ ਦੇ ਹਿੱਤਾਂ ਨੂੰ ਮੁਹਰੇ ਰੱਖਦਿਆਂ ਤੇ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਬਾਰੇ ਸਭਿਅਚਾਰਕ, ਐਜੂਕੇਸ਼ਨਲ ਤੇ ਪੰਜਾਬੀ ਲੇਖਕਾਂ ਨੂੰ ਇਨਾਮ ਦੇਣ ਵਰਗੇ ਮੁਖ ਟੀਚੇ ਮਿਥ ਇਸ ਪਾਸੇ ਪੁਲਾਂਘਾਂ ਪੁੱਟਣ ਲਈ ਯਤਨ ਸ਼ੁਰੂ ਹੋਏ। ਇਸ ਅਕਾਦਮੀ ਵਲੋਂ ਸਿਰਫ ਦਿੱਲੀ ਦੇ ਲੇਖਕਾਂ ਨੂੰ ਹੀ ਹਰ ਸਾਲ ਸਨਮਾਨਿਤ ਕੀਤਾ ਜਾਂਦਾ ਹੈ ਜਿਸ ਵਿਚ ਲੇਖਕ ਦੀ ਰਚਨਾ ਦਾ ਕਾਫੀ ਘੋਖ ਕਰਨ ਉਪਰੰਤ ਹੀ ਚੋਣ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਦਿੱਲੀ ਵਿਚ ਹੀ, ਹੋਰ ਅਕਾਦਮੀਆਂ ਵੀ ਇਨ੍ਹਾਂ ਲੀਹਾਂ 'ਤੇ ਕੰਮ ਕਰ ਰਹੀਆਂ ਹਨ ਜਿਨ੍ਹਾਂ ਵਿਚ ਹਿੰਦੀ, ਉਰਦੂ, ਸੰਸਕ੍ਰਿਤ ਤੇ ਸਿੰਧੀ ਅਕਾਦਮੀਆਂ ਵੀ ਸ਼ਾਮਲ ਹਨ ਜੋ ਆਪੋ ਆਪਣੀ ਭਾਸ਼ਾ ਦੀ ਪ੍ਰਫੁੱਲਤਾ ਲਈ ਕੰਮ ਕਰਦੀਆਂ ਤੇ ਆਪੋ-ਆਪਣੀ ਭਾਸ਼ਾ ਦੇ ਲੇਖਕਾਂ ਨੂੰ ਇਸੇ ਸੇਧ ਵਿਚ ਸਨਮਾਨਿਤ ਵੀ ਕਰਦੀਆਂ ਹਨ।

ਹੋਰ ਵੱਖ ਵੱਖ ਸੂਬਿਆਂ ਵਿਚ ਵੀ ਸਰਕਾਰੀ ਭਾਸ਼ਾਵਾਂ ਤੇ ਸਾਹਿਤ ਨੂੰ ਪ੍ਰਫੁੱਲਤ ਕਰਨ ਦੇ ਉਪਰਾਲੇ

ਕੀਤੇ ਜਾਂਦੇ ਹਨ। ਕਈ ਪ੍ਰੋਗਰਾਮ ਉਲੀਕੇ ਜਾਂਦੇ ਹਨ ਪਰ ਇਨ੍ਹਾਂ ਵਿਚ ਸਾਹਿਤਿਕ ਇਨਾਮ ਜ਼ਰੂਰ ਉਲੀਕਿਆ ਜਾਂਦਾ ਰਿਹਾ ਤੇ ਅੱਜ ਵੀ ਜਾਰੀ ਹੈ।

ਉਪਰੋਕਤ ਇਹ ਸਾਰੀ ਕਥਾ ਦਰਜ ਕਰਨ ਤੋਂ ਮੇਰਾ ਭਾਵ ਇਹੀ ਹੈ ਕਿ ਕੀ ਅੱਜ ਦੇ ਯੁਗ ਵਿਚ ਸਾਹਿਤ ਦੀ ਪ੍ਰਫੁੱਲਤਾ ਲਈ ਇਹ ਸਾਰੇ ਪ੍ਰਬੰਧ ਅਤੇ ਦਿੱਤੇ ਜਾ ਰਹੇ ਇਨਾਮਾਂ ਉੱਪਰ ਕੀਤੇ ਜਾ ਰਹੇ ਖਰਚ, ਸਾਹਿਤ ਦੀ ਉੱਤਮਤਾ ਲਈ ਮੁਨਾਸਿਬ ਯੋਗਦਾਨ ਪਾਉਂਦੇ ਹਨ ? ਜਾਂ ਇਨਾਮ ਦੇਣ ਤੇ ਸਾਹਿਤ ਦੀ ਪ੍ਰਫੁੱਲਤਾ 'ਚ ਘਾਲਾ-ਮਾਲਾ ਹੀ ਹੋ ਰਿਹਾ ?

ਭਾਵੇਂ ਇਹ ਕਿਹਾ ਜਾਂਦਾ ਹੈ ਕਿ ਇਨ੍ਹਾਂ ਇਨਾਮਾਂ ਦੀ ਚੋਣ ਕਰਨ ਵਿਚ ਫੁਲ-ਪਰੂਫ ਇੰਤਜ਼ਾਮ ਕੀਤੇ ਗਏ ਸਨ ਪਰ ਫਿਰ ਵੀ ਕਾਫੀ ਸਮੇਂ ਤੋਂ ਇਸ ਤਰ੍ਹਾਂ ਦਿੱਤੇ ਜਾ ਰਹੇ ਇਨਾਮਾਂ ਬਾਰੇ ਕਿੰਤੂ-ਪਰੰਤੂ ਹੋਣੇ ਸ਼ੁਰੂ ਹੋ ਗਏ ਸਨ। ਲੋਕਾਂ ਵਿਚ ਇਨ੍ਹਾਂ ਇੰਤਜ਼ਾਮਾਂ ਜਾਂ ਪ੍ਰਬੰਧਾਂ ਵਿਚਲੀ ਪਾਰਦਰਸ਼ਿਤਾ ਵਾਲੀਆਂ ਸ਼ੀਸ਼ਾਂ ਵਿਚਲੀਆਂ ਮੋਰੀਆਂ ਲੱਭ ਕੇ ਇਸ ਪ੍ਰਕ੍ਰਿਆ ਅੰਦਰ ਘੁਸਣ ਦੀ ਗੁੰਜਾਇਸ਼ ਪ੍ਰਾਪਤ ਕਰ ਗੁਪਤੀ ਬੂਹੇ ਵਿਚੋਂ ਅੰਦਰ ਵੜ ਇਸ ਦੌੜ ਨੂੰ ਜਿੱਤਣ ਦੇ ਉਪਰਾਲੇ ਕਾਫੀ ਚਿਰ ਪਹਿਲੋਂ ਹੀ ਸ਼ੁਰੂ ਹੋ ਗਏ ਲਗਦੇ ਸਨ। ਸਾਹਿਤ ਅਕਾਦਮੀ ਦੀ ਇਨਾਮ ਪ੍ਰਾਪਤੀ ਲਈ ਪੁਸਤਕ ਦਾ ਚੋਣ ਪ੍ਰਬੰਧ ਐਸਾ ਹੈ ਕਿ ਉਹ ਵੋਟ 'ਤੇ ਆਧਾਰਿਤ ਹੈ, ਪਰ ਉਹ ਵੋਟਾਂ ਦਾ ਸਿਲਸਿਲਾ ਵਧੇਰੇ ਕਰਕੇ ਸਾਹਿਤ ਅਕਾਦਮੀ ਵਲੋਂ ਇਨਾਮ-ਜੇਤੂ ਸਾਹਿਤਕਾਰਾਂ ਤੋਂ ਹੀ ਸ਼ੁਰੂ ਹੁੰਦਾ ਤੇ ਅਗਾਂਹ ਤਕ ਵੀ ਉਨ੍ਹਾਂ ਦੀਆਂ ਵੋਟਾਂ ਦੀ ਸ਼ਮੂਲੀਅਤ ਰਹਿੰਦੀ ਹੈ। ਇਸ ਲਈ ਨਵੇਂ ਲੇਖਕ ਨੂੰ ਉਨ੍ਹਾਂ ਇਨਾਮ-ਜੇਤੂ ਸਾਹਿਤਕਾਰਾਂ ਤੀਕ ਪਹੁੰਚ ਕਰਨੀ ਸੌਖੀ ਹੀ ਹੈ ਤੇ ਮੂੰਹ-ਲਿਹਾਜੇ ਕਰਕੇ ਕੁਝ ਨਾ ਕੁਝ ਘਾਲਾ-ਮਾਲਾ ਹੋ ਜਾਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਰ ਕਈ ਲੋਕ ਇਸ ਤਰੱਦਦ ਵਿਚ ਨਹੀਂ ਪੈਂਦੇ ਕਿ ਖੁਦ ਜਾਂ ਕਿਸੇ ਹੋਰ ਰਾਹੀ ਸਿਫਾਰਿਸ਼ ਕਰਵਾ ਕੇ ਆਪਣੀ ਪੁਸਤਕ ਨੂੰ ਇਨਾਮ ਦੀ ਦੌੜ ਵਿਚ ਸ਼ਾਮਿਲ ਕਰਾਉਣ। ਔਰ ਇਹ ਗੱਲ ਕਿਸੇ ਹੱਦ ਤਕ ਦਰੁੱਸਤ ਵੀ ਹੈ ਕਿ ਜੇ ਲਿਖਤ ਚੰਗੀ ਹੈ ਤਾਂ ਇਹ ਕੰਮ ਲੇਖਕ ਦਾ ਨਹੀਂ ਕਿ ਉਹ ਖੁਦ ਉੱਠ ਕੇ ਕਹੇ ਕਿ ਉਸ ਦੀ ਲਿਖਤ ਚੰਗੀ ਹੈ। ਇਕ ਨਜ਼ਰੀਆ ਇਹ ਵੀ ਉਭਰਿਆ ਸੀ ਕਿ ਜੇ ਸੱਠ ਸਾਲਾਂ ਵਿਚ ਅਦਬੀ ਇਨਾਮਾਂ ਦੀ ਗਿਣਤੀ-ਮਿਣਤੀ ਇੰਨੀ ਘੱਟ ਹੀ ਰਹਿਣੀ ਹੈ ਤਾਂ ਬਹੁਤ ਸਾਰੇ ਲੇਖਕਾਂ ਨੂੰ ਚੰਗੇ ਲੇਖਕ ਹੋਣ ਦੇ ਬਾਵਜੂਦ ਇਹ ਭਾਸਣ ਲੱਗ ਪਿਆ ਸੀ ਕਿ ਅਜਿਹੇ ਸਨਮਾਨ/ਸਤਿਕਾਰ ਉਨ੍ਹਾਂ ਦੀ ਇਸ ਜ਼ਿੰਦਗੀ ਵਿਚ ਤਾਂ ਪ੍ਰਾਪਤ ਹੋਣੇ ਸੰਭਵ ਨਹੀਂ ਤੇ ਕਈਆਂ ਨੂੰ ਉਦੋਂ ਮਿਲੇ ਜਦੋਂ ਉਹ ਸਾਹਾਂ ਦੇ ਆਖਰੀ ਪੜਾਵਾਂ 'ਤੇ ਪਹੁੰਚ ਚੁਕੇ ਸਨ। ਜਿਵੇਂ ਹਿੰਦੀ ਫਿਲਮ-ਜਗਤ ਦੀ ਮਸ਼ਹੂਰ ਗਾਇਕਾ ਆਸ਼ਾ ਭੋਂਸਲੇ ਨੂੰ ਜਦੋਂ ਪਦਮ-ਸ੍ਰੀ ਨਾਲ ਨਿਵਾਜਿਆ ਗਿਆ ਤਾਂ ਉਸ ਦਾ ਕਹਿਣਾ ਸੀ ਕਿ "ਜੇ ਇਹ ਸਨਮਾਨ ਦਸ ਕੁ ਸਾਲ ਪਹਿਲਾਂ ਮਿਲਦਾ ਤਾਂ ਮੈਂ ਛੜੱਪਾ ਮਾਰ ਕੇ ਲੈਂਦੀ ਪਰ ਹੁਣ ਤਾਂ ਗੋਡੇ ਹੀ ਨਹੀਂ ਹਿੱਲਣ ਦਿੰਦੇ ਛੜੱਪਾ ਕਿਥੋਂ ਮਾਰਾਂ ?" ਇਸੇ ਕਰਕੇ ਹੈਰਾਨੀ ਵੀ ਹੁੰਦੀ ਹੈ ਕਿ ਭਾਰਤੀ ਸਾਹਿਤ ਅਕਾਦਮੀ ਵਲੋਂ ਦਿੱਤੇ ਗਏ ਪੰਜਾਬੀ ਲੇਖਕਾਂ ਦੇ ਇਨਾਮਾਂ ਦੀ ਸੂਚੀ ਵਿਚੋਂ ਗੁਰਬਖਸ਼ ਸਿੰਘ "ਪ੍ਰੀਤਲੜੀ", ਦੇਵਿੰਦਰ ਸਤਿਆਰਥੀ, ਬਾਵਾ ਬਲਵੰਤ, ਨਵਤੇਜ ਸਿੰਘ ਜਾਂ ਹੋਰ ਕਈ ਲੋਕਾਂ ਦੇ ਕੁਝ ਅਜਿਹੇ ਨਾਂਅ ਹਨ ਜੋ ਇਨਾਮ ਪ੍ਰਾਪਤ ਕਰਨ ਵਾਲਿਆਂ ਦੀ ਸੂਚੀ ਵਿਚ ਨਹੀਂ ਦਿਸਦੇ। ਇਹ ਉਹ ਨਾਂਅ ਹਨ ਜਿਨ੍ਹਾਂ ਪੰਜਾਬੀ ਸਾਹਿਤ ਰਚ ਕੇ ਨਾਮਣਾ ਖੱਟਿਆ ਪਰ ਸਨਮਾਨਾਂ ਤੋਂ ਵਾਂਝਿਆਂ ਹੀ ਇਸ ਦੁਨੀਆਂ ਤੋਂ ਤੁਰ ਜਾਣਾ ਪਿਆ। ਅਤੇ ਬਹੁਤ ਸਾਰੇ ਜੀਵਤ ਤੇ ਬਿਹਤਰੀਨ ਲੇਖਕ ਹਾਲੇ ਤੀਕ ਅਣਗੌਲੇ ਹੀ ਪਏ ਹਨ।

ਇਵੇਂ ਹੀ ਭਾਸ਼ਾ ਵਿਭਾਗ ਦੇ ਇਨਾਮ ਤੋਂ ਵੀ ਵੱਡੇ ਵੱਡੇ ਨਾਂ ਵਾਂਝੇ ਪਏ ਹਨ। ਇਸੇ ਤਰ੍ਹਾਂ ਇਹ ਵੀ ਚਰਚਾ ਰਹਿੰਦੀ ਹੈ ਕਿ ਭਾਸ਼ਾ ਵਿਭਾਗ ਦੇ ਇਨਾਮਾਂ ਦੀ ਤਕਸੀਮ ਉਪਰ ਵੀ ਇਕ ਖਾਸ



ਕਿਸਮ ਦੀ ਲੌਬੀ ਦਾ ਕਬਜ਼ਾ ਹੈ। ਇਥੇ ਵੀ ਅਧਿਕਾਰੀ ਆਪੋ-ਆਪਣੇ ਗਰੁੱਪ ਦੇ ਲੋਕਾਂ ਨੂੰ ਸਨਮਾਨ ਦੁਆਉਣ ਵਿੱਚ ਸਰਗਰਮ ਰਹਿੰਦੇ ਹਨ। ਇਥੇ ਇਹ ਵੀ ਵਰਣਨ ਯੋਗ ਹੈ ਕਿ ਭਾਸ਼ਾ ਵਿਭਾਗ ਵਲੋਂ ਬਹੁਤ ਸਾਰੀਆਂ ਅਣਗਹਿਲੀਆਂ ਤੇ ਸ਼ਾਇਦ ਭਾਈ-ਭਤੀਜਾਵਾਦ ਕਾਰਣ ਦੇਸੀ ਤੇ ਪਰਵਾਸੀ ਲੇਖਕਾਂ ਵਿਚੋਂ ਬਹੁਤ ਲੋਕ ਅਣਗੌਲੇ ਪਏ ਹਨ। ਪਰਵਾਸੀ ਸਾਹਿਤਕਾਰਾਂ ਵਿਚੋਂ ਜੇ ਕੁਝ ਕੁ ਨਾਂਅ ਗਿਣਨੇ ਹੋਣ ਤਾਂ ਜਗਤਾਰ ਢਾਹ, ਹਰਬਖਸ਼ ਮਕਸੂਦਪੁਰੀ, ਇਕਬਾਲ ਰਾਮੂਵਾਲੀਆ, ਗੁਰਪਾਲ ਲਿੱਟ, ਬਲਬੀਰ ਕੌਰ ਸੰਘੇੜਾ, ਹਰਜੀਤ ਅਟਵਾਲ ਵਰਗੇ ਸਥਾਪਿਤ ਲੇਖਕਾਂ ਨੂੰ ਛੱਡ ਕੇ ਕਈ ਵਾਰ ਐਸੇ ਲੋਕਾਂ ਨੂੰ ਸਨਮਾਨਿਤ ਕਰ ਦਿੱਤਾ ਜਾਂਦਾ ਹੈ ਜੋ ਲੇਖਕ ਦੀ ਥਾਂ ਵਧੇਰੇ ਅਲੇਖਕ ਹੋਣ। ਜਦੋਂ ਅਜਿਹੇ ਇਨਾਮ ਦਾ ਵਿਤਰਣ ਹੁੰਦਾ ਹੈ ਤਾਂ ਆਮ ਲੇਖਕ ਦੇ ਮੰਨ ਵਿਚ ਸ਼ੱਕ ਹੋਣਾ ਸੁਭਾਵਕ ਹੀ ਹੈ ਕਿਉਂਕਿ ਇਸ ਵਿਚੋਂ ਹੀ ਮਿਲ-ਭੁਗਤ ਦਾ ਨਤੀਜਾ ਝਲਕਦਾ ਹੈ।

ਸ਼ਾਇਦ ਇਸੇ ਵਿਰੋਧ ਵਿਚ ਜਾਂ ਕੁਝ ਹੋਰ ਕਾਰਣਾਂ ਕਰਕੇ ਕਈ ਲੋਕਾਂ ਨੇ ਪੈਰੇਲਲ ਇਨਾਮ ਵੀ ਖੜ੍ਹੇ ਕਰਨੇ ਸ਼ੁਰੂ ਕੀਤੇ ਹਨ, ਜਿਵੇਂ ਕੈਨੇਡਾ ਦੀ ਧਰਤੀ 'ਤੇ ਕੁਝ ਸਾਲ ਪਹਿਲਾਂ ਹੀ "ਢਾਹਾਂ" ਇਨਾਮ ਦੀ ਸਥਾਪਨਾ ਕੀਤੀ ਗਈ ਪਰ ਇਸ ਦੇ ਸ਼ੁਰੂ ਹੁੰਦਿਆਂ ਹੀ ਇਸ ਵਿਚ ਵਾਦ-ਵਿਵਾਦ ਸ਼ੁਰੂ ਹੋ ਗਿਆਂ ਤੇ ਨਤੀਜੇ ਵਜੋਂ ਪਿਛਲੇਰੇ ਸਾਲ ਦਿੱਲੀ ਦੇ ਨਾਵਲਕਾਰ ਦਰਸ਼ਨ ਸਿੰਘ ਨੂੰ ਵਧੀਆ ਨਾਵਲ ਲੇਖਕ ਦੇ ਵਜੋਂ ਨਿਵਾਜਣ ਕਰਕੇ ਲੰਡਨ ਦੇ ਹਰਜੀਤ ਅਟਵਾਲ ਨੇ ਦੂਸਰੇ ਨੰਬਰ ਦਾ ਇਨਾਮ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਇਨ੍ਹਾਂ ਇਨਾਮਾਂ ਜਾਂ ਸਨਮਾਨਾਂ ਦਾ ਇਕ ਹੋਰ ਦਿਲਚਸਪ ਪਹਿਲੂ ਹੈ ਕਿ ਸਰਕਾਰੀ ਅਹੁਦਿਆਂ 'ਤੇ ਬਿਰਾਜਮਾਨ ਅਫਸਰ ਜਾਂ ਲੇਖਕ ਤੇ ਜਾਂ ਅਖਬਾਰਾਂ ਦੇ ਸੰਪਾਦਕਾਂ ਦੇ ਸਨਮਾਨ ਕਰਨ ਲਈ ਤਾਂ ਕਈ ਲੇਖਕ ਸਭਾਵਾਂ ਪੱਬਾਂ ਭਾਰ ਹੋਈਆਂ ਰਹਿੰਦੀਆਂ ਹਨ। ਇਹੋ ਜਿਹੇ ਮੌਕਿਆਂ 'ਤੇ ਕਈ ਲੋਕ ਜੁਮਲੇ ਵੀ ਕੱਸਦੇ ਹਨ ਤੇ ਇੱਥੋਂ ਤਕ ਕਿ ਇਕ ਵਾਰ ਪੰਜਾਬੀ ਦੇ ਇਕ ਮਸ਼ਹੂਰ ਸ਼ਾਇਰ ਤੇ ਸੰਪਾਦਕ ਨੂੰ ਇਸੇ ਸਬੰਧ ਵਿਚ ਕਿਸੇ ਨੇ "ਅਵਾਜ਼ਾ" ਵੀ ਕੱਸਿਆ ਸੀ। ਇਕ ਅਖਬਾਰ ਦੇ ਸਾਹਿਤਕ ਐਡੀਟਰ ਦੇ ਹੋਏ ਸਨਮਾਨਾਂ ਬਾਰੇ ਉਸ ਨੇ ਦੋਸਤਾਂ ਮੂਹਰੇ ਇਕ ਵਾਰੀ ਇਹ ਜੁਮਲਾ ਕੱਸਿਆ ਕਿ ਉਸ ਕੋਲ ਸਨਮਾਨਾਂ ਵਿਚ ਮਿਲੀਆਂ ਏਨੀਆਂ ਲੋਈਆਂ ਹਨ ਕਿ ਉਹ ਲੋਈਆਂ ਦੀ ਰੇਹੜੀ ਲਗਾ ਸਕਦਾ ਹੈ।

ਪਰ ਹੁਣ ਤਾਂ ਹੱਦ ਹੀ ਹੋ ਗਈ। ਭਾਵੇਂ ਇਹ ਸਿਲਸਿਲਾ ਪਹਿਲਾਂ ਵੀ ਸੀ ਪਰ ਹੁਣ ਤਾਂ ਹੋਰ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਅੱਜ ਕਈ ਲੋਕਾਂ ਨੇ ਜ਼ਾਤੀ ਤੌਰ 'ਤੇ ਕਈ ਇਨਾਮ ਹੋਰ ਸਥਾਪਤ ਕਰ ਲਏ ਹੋਏ ਹਨ ਤੇ ਉਨ੍ਹਾਂ ਇਨਾਮ ਦੇਣ ਵਾਲਿਆ ਦੀ ਅੱਖ ਐੱਨ ਆਰ ਆਈ ਲੇਖਕਾਂ ਤੇ ਪੈਸੇ ਵਾਲੇ ਅਲੇਖਕਾਂ 'ਤੇ ਹੀ ਟਿਕੀ ਹੋਈ ਹੈ। ਇਹ ਵੀ ਹੈਰਾਨੀ ਦੀ ਗੱਲ ਹੈ ਪਹਿਲਾਂ ਐਨ ਆਰ ਆਈ ਪੰਜਾਬੀ ਲੇਖਕ ਡਾਲਰ-ਪੌਂਡ ਖਰਚ ਕੇ ਕਿਤਾਬਾਂ "ਪ੍ਰਕਾਸ਼ਿਤ" ਕਰਵਾਉਣ ਵਿਚ ਖੂਬ "ਨਾਮਣਾ" ਖੱਟ ਚੁੱਕੇ ਹਨ ਤੇ ਹੁਣ "ਇਨਾਮ-ਪ੍ਰਾਪਤੀ" ਦੀ ਇਸ ਹੋੜ੍ਹ 'ਚ ਪੰਜਾਬੀ ਸਾਹਿਤ ਦਾ ਬਾਕੀ ਦਾ ਬਚਿਆ-ਖੁਚਿਆ ਵਕਾਰ ਵੀ ਖਤਮ ਕਰਾਉਣ ਵਲ ਯੋਗਦਾਨ ਪਾਉਣ ਵਲ ਵਧ ਰਹੇ ਹਨ। ਪੰਜਾਬੀ ਪਾਠਕ ਪਹਿਲਾਂ ਹੀ ਡਾਲਰਾਂ-ਪੌਂਡਾ ਨਾਲ ਛਪਵਾਈਆਂ ਪੁਸਤਕਾਂ ਤੋਂ ਬੌਂਦਲਿਆ ਪਿਆ ਹੈ ਤੇ ਰਹਿੰਦ-ਖੂੰਹਦ ਇਨ੍ਹਾਂ ਇਨਾਮਾਂ ਨੇ ਕੱਢ ਦੇਣੀ ਹੈ। ਔਰ ਇਨਾਮਾਂ ਦੇ ਨਾਂਅ ਵੀ ਐਸੇ ਰੱਖੇ ਜਾਂਦੇ ਹਨ ਕਿ ਸੁਣਦਿਆਂ ਸਾਰ ਦਿਮਾਗ ਬੌਖਲਾ ਉੱਠਦਾ ਹੈ। ਮਸਲਨ ਯੂਰਪ ਦੇ ਇਕ ਦੇਸ਼ ਵਿਚ ਇਕ ਇਨਾਮ ਰਖਿਆ ਗਿਆ ਸੀ, ਜਿਸ ਦਾ ਨਾਂਅ ਸੀ "ਇੰਟਰਨੈਸ਼ਨਲ ਟੈਗੋਰ ਐਵਾਰਡ"। ਇਹ ਇਨਾਮ ਉਨ੍ਹਾਂ ਲੋਕਾਂ ਵਲੋਂ ਸਥਾਪਤ ਕੀਤਾ ਗਿਆ ਸੀ ਜਿਨ੍ਹਾਂ 'ਚੋਂ ਉਨ੍ਹਾਂ ਬੰਦਿਆਂ 'ਚੋਂ ਕਿਸੇ ਦਾ ਵੀ ਭਾਰਤ ਦੇ ਮਹਾਨ ਲੇਖਕ ਠਾਕੁਰ ਰਾਬਿੰਦਰਨਾਥ ਟੈਗੋਰ ਨਾਲ ਕੋਈ ਲੈਣਾ ਦੇਣਾ ਨਹੀਂ ਸੀ ਤੇ

ਨਾ ਹੀ ਇਹ ਇਨਾਮ ਲੈਣ ਵਾਲੇ ਕਿਸੇ ਦਾ ਟੈਗੋਰ ਨਾਲ ਕੋਈ ਵਾਸਤਾ ਸੀ, ਜਦ ਕਿ ਚਾਹੀਦਾ ਇਹ ਸੀ ਕਿ ਇਨਾਮ ਸਥਾਪਤ ਕਰਨ ਵਾਲੀ ਸੰਸਥਾ ਜਾਂ ਲੋਕ ਟੈਗੋਰ 'ਤੇ ਕੋਈ ਕੰਮ ਕਰ ਰਹੇ ਹੁੰਦੇ ਤੇ ਇਨਾਮ ਲਈ ਉਸ ਬੰਦੇ ਨੂੰ ਚੁਣਦੇ ਜਿਸ ਨੇ ਟੈਗੋਰ ਦੀਆਂ ਲਿਖਤਾਂ 'ਤੇ ਕੋਈ ਕੰਮ ਤਾਂ ਕੀਤਾ ਹੁੰਦਾ ? ਕੋਈ ਖੋਜ ਜਾਂ ਉਸ ਦਾ ਕੋਈ ਸੰਬੰਧ ਤਾਂ ਹੁੰਦਾ ਟੈਗੋਰ ਨਾਲ ? ਪਰ ਜਿਵੇਂ ਕਿ ਇਹ ਦਿੱਲ-ਖਿਚਵਾਂ ਨਾਂਅ ਸੀ, ਸੁਣਿਆ ਹੈ ਕਿ ਭਾਰਤ ਵਿਚ ਅਜਿਹੇ ਇਨਾਮਾਂ ਦੇ ਨਾਂਅ ਕਿਸੇ ਇਕ ਵਿਸ਼ੇਸ਼ ਵਿਅਕਤੀ ਨੂੰ ਸਨਮਾਨਿਤ ਕਰਨ ਲਈ ਸ਼ੁਰੂ ਕੀਤੇ ਜਾਂਦੇ ਹਨ ਤੇ ਨਾਲ ਹੀ ਇਸ ਇਨਾਮੀ ਫੰਕਸ਼ਨ ਮਗਰੋਂ ਇਸ ਨਾਂਅ ਦੇ ਇਨਾਮ ਦਾ ਭੋਗ ਪੈ ਜਾਂਦਾ ਰਿਹਾ। ਟੈਗੋਰ ਵਾਲੇ ਇਨਾਮ ਦਾ ਵੀ ਇਕੋ ਇਨਾਮ ਦੇਣ ਮਗਰੋਂ ਭੋਗ ਪੈ ਗਿਆ ਸੀ।

ਜੋ ਲੋਕ ਇਨਾਮ ਪ੍ਰਦਾਨ ਕਰਨ ਲਈ ਅੱਜ ਕਲ ਭਾਰਤ ਵਿਚ ਸਰਗਰਮ ਹੋ ਰਹੇ ਹਨ, ਉਨ੍ਹਾਂ ਨੂੰ ਇਨਾਮ ਦੇਣ ਲਈ ਐਨ ਆਰ ਆਈ ਲੇਖਕ ਦੀ ਚੋਣ ਕਰਨ ਵੇਲੇ ਇੰਨਾ ਕੁ ਧਿਆਨ ਰੱਖਣਾ ਤਾਂ ਵਾਜਬ ਹੀ ਹੈ ਕਿ ਜਿਸ ਮਹਾਨ ਸ਼ਖਸੀਅਤ ਦੇ ਨਾਂ 'ਤੇ ਉਹ ਇਨਾਮ ਦੇ ਰਹੇ ਹਨ ਉਹ ਉਸ ਸ਼ਖਸੀਅਤ ਨੂੰ ਦੇਣ ਜਿਸ ਨੇ ਘੱਟੋ-ਘੱਟ ਉਸ ਲੇਖਕ ਨੂੰ ਪੂਰੀ ਤਰ੍ਹਾਂ ਪੜ੍ਹਿਆਂ ਤਾਂ ਹੋਵੇ ? ਉਸ ਨੂੰ ਜਾਣਿਆਂ ਤਾਂ ਹੋਵੇ ? ਇਨਾਮ ਪ੍ਰਾਪਤ ਕਰਨ ਵਾਲੇ ਲੇਖਕ ਨੂੰ ਆਪਣੇ ਮੁਹੱਲੇ ਵਿਚ ਤਾਂ ਕੋਈ ਜਾਣਦਾ ਹੋਵੇ ? ਉਸ ਦੀ ਸਾਹਿਤ ਵਿਚ ਹੀ ਕੋਈ ਮੁਨਾਸਿਬ ਕੰਟਰੀਬਿਊਸ਼ਨ ਤਾਂ ਹੋਵੇ ?

ਕਿ ਜਾਂ ਸਿਰਫ ਇਕੋ ਇਕ ਕਰਾਈਟੇਰੀਆ ਹੈ "ਬਾਕੀ ਸਾਰਾ ਕੁਝ ਪਵੇ ਢੱਠੇ ਖੂਹ 'ਚ ਸਾਨੂੰ ਤਾਂ ਟਿਕਟ ਅਤੇ ਵੀਜ਼ਾ ਮਿਲ ਰਿਹਾ ?"

****

ਸਰਕਾਰ ਨੇ ਪ੍ਰਕਾਸ਼ਨ ਖੋਹਲਣ 'ਤੇ ਤਾਂ ਕੋਈ ਪਾਬੰਦੀ ਨਹੀਂ ਲਗਾਈ ਕਿਉਂਕਿ ਸਰਕਾਰ ਦਾ ਸ਼ੁਰੂ ਤੋਂ ਹੀ ਇਹ ਮੰਨਣਾ ਰਿਹਾ ਕਿ ਲੇਖਕ ਦੀ ਆਜ਼ਾਦੀ ਬਰਕਰਾਰ ਰੱਖੀ ਜਾਣੀ ਚਾਹੀਦੀ ਹੈ, ਤੇ ਆਜ਼ਾਦ ਭਾਰਤ ਵਿਚ ਵੀ ਕੋਈ ਲੇਖਕ ਆਪਣੀ ਕਿਤਾਬ ਖੁਦ ਪ੍ਰਕਾਸ਼ਿਤ ਕਰ ਸਕਦਾ ਹੈ, ਪਰ ਲੇਖਕ ਨੂੰ ਸਨਮਾਨਿਤ ਕਰਨ ਦੇ ਬਹਾਨੇ ਉਸ ਨੂੰ ਐਕਸਪਲਾਇਟ ਕਰਨ ਵਾਲੀਆਂ ਸੰਸਥਾਵਾਂ ਲਈ ਤਾਂ ਘੱਟੋ-ਘੱਟ ਇਕ ਨੌਰਮ ਬਣਾ ਕੇ ਉਸ ਦੀ ਰਜਿਸਟਰੇਸ਼ਨ ਲਾਜ਼ਮੀ ਬਨਾਉਣੀ ਚਾਹੀਦੀ ਹੈ ?

---

**ਦੀਪਕ ਜੈਤੋਈ : ਜੀਵਨ ਤੇ ਰਚਨਾ**
**ਡਾ. ਮੋਹਨ ਸਿੰਘ ਤਿਆਗੀ**
**ਪਲਬੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

**ਚੇਤਰ ਬਾਗ਼ (ਪਾਕਿਸਤਾਨੀ ਨਾਵਲ)**
**ਸੱਜਾਦ ਹੈਦਰ**
**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**

**ਕਤਰੇ ਖੰਭਾਂ ਵਾਲਾ ਉਕਾਬ**
**ਕਸ਼ਮੀਰ ਸਿੰਘ ਪੰਨੂੰ**
**ਲੋਕਗੀਤ ਪ੍ਰਕਾਸ਼ਨ, ਮੋਹਾਲੀ**



## ਕੀ ਸਾਹਿਤ ਅਸਫ਼ਲ ਹੈ ?/ਆਲੇ ਅਹਿਮਦ ਸਰੂਰ

ਲਗਭਗ ਸੱਤਰ ਸਾਲ ਪਹਿਲਾਂ ਟੀ. ਐੱਸ. ਏਲੀਅਟ ਨੇ ਕਿਹਾ ਸੀ ਕਿ ਨਾਵਲ ਮਰ ਚੁੱਕਿਆ ਹੈ, ਅਤੇ ਬਾਅਦ ਵਿਚ ਜਦੋਂ ਅਡਮੰਡ ਵਿਲਸਨ ਨੇ ਐਲਾਨ ਕੀਤਾ ਕਿ 'ਕਵਿਤਾ ਇਕ ਮਰਦੀ ਹੋਈ ਵਿਧਾ ਹੈ' ਤਾਂ ਉਹਨਾਂ ਦਾ ਮੰਤਵ ਏਹੀ ਸੀ ਕਿ ਦੂਸਰੇ ਰੂਪ ਅਤੇ ਪੱਧਤੀਆਂ ਉਹਨਾਂ ਦਾ ਸਥਾਨ ਲੈ ਲੈਣਗੀਆਂ। ਉਹਨਾਂ ਨੇ ਇਹ ਨਹੀਂ ਸੀ ਕਿਹਾ ਕਿ ਸਾਹਿਤ ਇਕ ਮਰਦੀ ਹੋਈ ਕਲਾ ਹੈ। ਪਰੰਤੂ ਇਹਨਾਂ ਦਿਨਾਂ ਵਿਚ ਕੋਈ ਖ਼ਾਸ ਰੂਪ ਜਾਂ ਵਿਧਾ ਨਹੀਂ, ਬਲਕਿ ਸੰਚਰਿਤ ਭਾਸ਼ਾਈ ਪ੍ਰਵਚਨਾਂ ਦਾ ਮਾਧਿਅਮ ਹੀ ਹਮਲਿਆਂ ਦੇ ਘੇਰੇ ਵਿਚ ਹੈ। ਦੂਰਦਰਸ਼ਨ ਅਤੇ ਹੋਰ ਆਧੁਨਿਕ ਤਕਨੀਕੀ ਚਮਤਕਾਰਾਂ ਦੇ ਸਾਹਮਣੇ ਮੁਦ੍ਰਿਤ ਸ਼ਬਦ ਆਪਣੀ ਤਾਕਤ ਗਵਾ ਰਿਹਾ ਹੈ। ਇਹ ਇਕ ਹਕੀਕੀ ਖ਼ਤਰਾ ਹੈ ਕਿ ਕਿਤਾਬਾਂ ਬੇਕਾਰ ਹੋਣ ਜਾਣ ਅਤੇ ਮੁਦ੍ਵ ਘੱਟ-ਗਿਣਤੀ ਉਪਯੋਗੀ ਕੰਮਾਂ ਤੱਕ ਸੀਮਿਤ ਹੋ ਜਾਏ।

ਸੰਯੁਕਤ ਰਾਜ ਅਮਰੀਕਾ ਦੀ ਇਕ ਜੀਵੰਤ ਬੌਧਿਕ ਪੱਤ੍ਰਿਕਾ 'ਕਮੈਂਟਰੀ' ਦੇ ਸੰਪਾਦਕ ਨਾਰਮਨ ਪੋਡਹੋਰਟੇਜ਼ ਨੇ 1947 ਵਿਚ 'ਸੇਟਰਡੇ ਰੀਵਿਊ' ਵਿਚ ਇਕ ਲੇਖ ਵਿਚ ਸਵੀਕਾਰ ਕੀਤਾ ਸੀ, "ਦੁਨੀਆ ਵਿਚ ਹੁਣ ਤੱਕ ਦੀਆਂ ਪੀੜ੍ਹੀਆਂ ਵਿਚ ਸਭ ਤੋਂ ਵਧ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਨਵੀਂ ਪੀੜ੍ਹੀ ਫ਼ਿਲਮਾਂ ਦੀ ਬਜਾਏ ਕਿਤਾਬਾਂ ਦੀ ਭਾਵਨਾ ਦੀ ਬਜਾਏ ਵਿਵੇਕ ਦੀ, ਬਿੰਬਾਂ ਦੀ ਬਜਾਏ ਸ਼ਬਦਾਂ ਵੱਲ ਅਤੇ ਨਿਮਨ ਦੀ ਬਜਾਏ ਉੱਚ ਸੰਸਕ੍ਰਿਤੀ ਦੀ ਘੱਟ ਚਿੰਤਾ ਕਰਦੀ ਹੈ। ਇਸ ਤਰ੍ਹਾਂ ਉਹ ਇਕ ਅਜਿਹੇ ਭਵਿੱਖ ਲਈ ਆਕਰਸ਼ਕ ਹੋ ਰਹੇ ਹਨ ਜਿੱਥੇ ਸਾਹਿਤ ਦੀ ਹੋਂਦ ਵੀ ਨਹੀਂ ਰਹੇਗੀ "

ਤੱਥ ਫਿਰ ਇਹ ਹੈ ਕਿ ਕਿਤਾਬਾਂ ਪਹਿਲਾਂ ਨਾਲੋਂ ਜ਼ਿਆਦਾ ਛਪ ਰਹੀਆਂ ਅਤੇ ਵਿਕ ਰਹੀਆਂ ਹਨ ਅਤੇ ਸ਼ਾਇਦ ਪੜ੍ਹੀਆਂ ਵੀ ਜਾਂਦੀਆਂ ਹੋਣਗੀਆਂ। ਇਹ ਠੀਕ ਹੈ, ਜਿਵੇਂਕਿ ਇਕ ਸਮੀਖਿਅਕ ਨੇ 'ਟਾਈਮਜ਼ ਲਿਟਰੇਰੀ ਸਪਲੀਮੈਂਟ' ਵਿਚ ਕੁਝ ਸਮਾਂ ਪਹਿਲਾਂ ਇਸ਼ਾਰਾ ਕੀਤਾ ਸੀ ਕਿ ਹਾਲਾਤ ਹੋਰ ਜ਼ਿਆਦਾਤਰ 'ਕੂੜਾ' ਹੋ ਜਾਣਗੇ। ਭਾਰਤ ਵਿਚ ਹਾਲਾਤ ਹੋਰ ਵੀ ਬਦਤਰ ਹੋਣਗੇ, ਪਰ ਸ਼ਾਇਦ ਕੁਝ ਵਿਸ਼ਵਾਸ ਨਾਲ ਇਹ ਦਾਅਵਾ ਕੀਤਾ ਜਾ ਸਕਦਾ ਹੈ ਕਿ ਵਧੇਰੇ ਭਾਰਤੀ ਭਾਸ਼ਾਵਾਂ ਵਿਚ ਅਜੇ ਵੀ ਕੁਝ ਚੰਗੀਆਂ ਕਿਤਾਬਾਂ ਆ ਰਹੀਆਂ ਹਨ ਅਤੇ ਕਵਿਤਾ ਤੇ ਗੱਦ ਵਿਚ ਕੁਝ ਮਹੱਤਵਪੂਰਨ ਪ੍ਰਯੋਗ ਕੀਤੇ ਜਾ ਰਹੇ ਹਨ। ਭਾਰਤੀ ਭਾਸ਼ਾਵਾਂ ਵਿਚ ਆਪਸ ਵਿਚ ਅਤੇ ਵਿਦੇਸ਼ੀ ਸਾਹਿਤ ਤੋਂ ਪਹਿਲਾਂ ਦੇ ਵਧੇਰੇ ਅਨੁਵਾਦ ਵੇਖੇ ਜਾ ਸਕਦੇ ਹਨ। ਸਾਹਿਤ ਦੇ ਵਿਭਿੰਨ ਰੂਪਾਂ ਅਤੇ ਵਿਧਾਵਾਂ ਵਿਚਕਾਰਲੀਆਂ ਰੇਖਾਵਾਂ ਧੁੰਦਲੀਆਂ ਹੋਣ ਲੱਗੀਆਂ ਹਨ। ਭਾਸ਼ਾ, ਖ਼ੁਦ ਬਦਲ ਰਹੀ ਹੈ, ਨੈਤਿਕ ਸਮਾਧਾਨਾਂ ਦਾ ਪ੍ਰਚਲਨ ਨਾ ਰਿਹਾ, ਵਿਚਾਰਧਾਰਾ ਦੀ ਪਕੜ ਢਿੱਲੀ ਹੁੰਦੀ ਜਾ ਰਹੀ ਹੈ ਅਤੇ ਸ਼ੰਕਾਵਾਦ, ਸੰਦੇਹ ਅਤੇ ਨਿਰਾਸ਼ਾ, ਅੰਨ੍ਹੀ ਆਸਥਾ, ਨਿਸ਼ਚਿਤ ਵੋਟ-ਬੈਂਕ ਅਤੇ ਅਸਪਸ਼ਟ ਬਰਾਬਰਤਾ ਦੀ ਥਾਂ ਲੈ ਰਹੇ ਹਨ। ਮਹਾਨ ਹੋਣ ਦਾ ਦੌਰ ਖ਼ਤਮ ਹੋ ਗਿਆ ਹੈ। ਜੇਕਰ ਗੱਦ ਦਾ, ਨਾਵਲ ਦਾ, ਕਹਾਣੀ ਦਾ, ਆਤਮਕਥਾ ਅਤੇ ਆਲੋਚਨਾ ਦਾ ਦੌਰ ਹੈ। ਕੁਝ ਰਚਨਾਕਾਰਾਂ ਨੇ ਆਲੋਚਕਾਂ ਦੀ ਵਰਤਮਾਨ ਹੈਸੀਅਤ ਉੱਤੇ ਵਿਰੋਧ ਪ੍ਰਗਟ ਕੀਤਾ ਹੈ। ਉਹ ਵਧੇਰੇ ਕਰਕੇ ਪੁਰਾਣੀਆਂ ਰੁਚੀਆਂ ਉੱਤੇ ਹੀ ਟੇਕ ਰੱਖਦੇ ਹਨ; ਵਿਚਾਰਧਾਰਾ ਦੀ ਆਪਣੀ ਤਲਾਸ਼ ਵਿਚ ਭਟਕੇ ਉਹ ਸਾਹਿਤ ਦੇ ਮੁਲਾਂਕਣ ਵਿਚ ਨਾ-ਕਾਮਯਾਬ ਰਹੇ ਹਨ; ਫਿਰ ਵੀ ਇਕ ਪਰਿਪੇਖ ਲਈ ਇਕ ਮੁੱਲ-ਬੋਧ ਅਤੇ ਸੰਸਕ੍ਰਿਤੀ ਦੀ ਖੋਜ ਵਾਸਤੇ ਅਤੇ ਇਸ ਦੌਰ ਦੀ ਵਧਦੀ ਬਰਬਰਤਾ ਵਿਚ ਇਕ ਸਮਾਜਿਕ ਚੇਤਨਾ, ਇਕ ਨੈਤਿਕ ਤਾਣੇ-ਬਾਣੇ ਲਈ ਅਤੇ ਭਾਸ਼ਾ ਨਾਂ ਦੇ ਰਹੱਸ ਦੇ ਸਤਿਕਾਰ ਲਈ ਆਲੋਚਕ ਦਾ

ਮਹੱਤਵ ਹੈ। ਸਾਹਿਤਕ ਸੰਵੇਦਨਾ ਵਿਚ ਇਕ ਬਦਲਾਓ ਹੈ ਅਤੇ ਆਲੋਚਕ ਹੀ ਹੈ, ਜੋ ਦੱਸਦਾ ਹੈ ਕਿ 'ਨਵੀਨੀਕਰਣ' ਕਿਉਂ ਮਹੱਤਵਪੂਰਨ ਹੈ। ਪੇਸ਼ਕਾਰੀ ਵਿਚ ਕੁਝ ਅਜਿਹੀਆਂ ਭਿੰਨਤਾਵਾਂ ਅਤੇ ਖੋਜਾਂ ਹਨ ਜੋ ਦੋਸ਼-ਪੂਰਨ ਸਿੱਖਿਆ, ਪਰਿਵਾਰ ਦੇ ਟੁੱਟਣ, ਵਧਦੇ ਹੋਏ ਆਰਥਿਕ ਤਣਾਵਾਂ, ਸਥਾਨ-ਪਰਿਵਰਤਨ ਅਤੇ ਦਾਖਲਾ ਅਤੇ ਪ੍ਰਕ੍ਰਿਤੀ ਤੋਂ ਵੱਖ ਹੋਣ ਦੇ ਕਾਰਨ ਆਮ ਜਨਤਾ ਨੂੰ ਅਸਪਸ਼ਟ ਲੱਗਦੇ ਹਨ।

ਪਾਠਕ ਆਮ ਤੌਰ 'ਤੇ ਰੂੜ੍ਹੀਵਾਦੀ ਹੁੰਦੇ ਹਨ, ਉਹ ਸਾਧਾਰਨ ਸਾਹਿਤ ਵਿਚ ਆਪਣੀਆਂ ਸਥਾਪਤ ਮਰਿਆਦਾਵਾਂ ਦੀ ਪ੍ਰਵਾਨਗੀ ਜਾਂ ਇਕ ਸੰਪੰਨ ਸੰਸਾਰ ਵਿਚ ਵਿਚਰਨਾ ਚਾਹੁੰਦੇ ਹਨ। ਸਾਹਿਤ ਇਕ ਝਟਕੇ ਵਿਚ ਉਹਨਾਂ ਨੂੰ ਆਪਣੇ ਆਲੇ-ਦੁਆਲੇ ਦੇ ਉਸ ਜੀਵਨ ਪ੍ਰਤੀ ਸੁਚੇਤ ਕਰਦਾ ਹੈ। ਪ੍ਰਯੋਗਾਂ ਦੇ ਇਸ ਦੌਰ ਵਿਚ ਦੇ ਨਤੀਜੇ ਜੀਵਨ ਦੇ ਹਰ ਪਹਿਲੂ ਵਿਚ ਨਕਦ-ਪ੍ਰਾਪਤੀ ਲਈ ਵਧਦਾ ਹੋਇਆ ਇਕ ਪਾਗਲਪਣ ਹੈ; ਅਤੇ ਸਾਡੇ ਰਾਜਨੀਤਕ ਆਗੂ, ਸੱਤਾ ਦੇ ਦਲਾਲ, ਵਿਉਪਾਰੀ, ਨੌਕਰਸ਼ਾਹ-ਸਾਰੇ ਹੀ ਲੋਕਾਂ ਨੂੰ ਇਸ ਦੌੜ ਵਿਚ ਸ਼ਾਮਿਲ ਨਹੀਂ ਹੋਣ ਦੇਂਦੇ, ਜਿਵੇਂ ਦੂਸਰੇ ਕਰਦੇ ਹਨ ਉਵੇਂ ਕਰਨ, ਚੂਹਾ-ਦੌੜ ਵਿਚ ਸ਼ਾਮਿਲ ਹੋਣ ਅਤੇ ਕੁਝ ਨਾ ਕੁਝ ਹਾਸਿਲ ਕਰ ਲੈਣ ਲਈ ਜੀ ਰਹੇ ਹਨ। ਅਸੀਂ ਥੱਕ ਕੇ ਸਾਹ ਲੈਣਾ ਅਤੇ ਆਪਣੇ ਆਪਣੇ ਆਲੇ-ਦੁਆਲੇ ਦੇਖਣਾ, ਹਵਾ ਦੇ ਦਰਖ਼ਤ ਵਿਚੋਂ ਲੰਘਣ ਵੇਲੇ ਪੱਤਿਆਂ ਦੀ ਮਨਮੋਹਣੀ ਲੈਅ-ਗਤੀ ਨੂੰ ਅਤੇ ਫੁੱਲਾਂ ਦੇ ਜਾਦੂਈ ਰੰਗਾਂ ਨੂੰ, ਸਰੋਂ ਦੇ ਫੁੱਲਾਂ ਦਾ ਚਮਤਕਾਰੀ ਪੀਲਾਪਣ, ਵਿਸ਼ਾਲ, ਪੱਧਰੇ ਮੈਦਾਨਾਂ ਦੀਆਂ ਸੰਘਣੀਆਂ ਹਰਿਆਵਲ ਭਰੀਆਂ ਖਿੱਤੀਆਂ ਨੂੰ ਅਤੇ ਸਹਿਜ-ਧੁਨੀ ਦੀ ਸੁੰਦਰਤਾ, ਪਹਾੜ ਦੀਆਂ ਚੋਟੀਆਂ ਦੀ ਭਿਆਨਕਤਾ, ਸਮੁੰਦਰੀ ਤੱਟ ਉੱਤੇ ਫੈਲਦੀਆਂ ਲਹਿਰਾਂ ਦੇ ਹੜ੍ਹ ਨੂੰ ਦੇਖਣਾ-ਸੁਣਨਾ ਭੁੱਲ ਗਏ ਹਨ।

ਕੁਝ ਲੋਕ ਸੋਚਦੇ ਹਨ ਕਿ ਪੱਛਮ ਦਾ ਆਧੁਨਿਕਵਾਦ ਅਤੇ ਭਾਰਤ ਤੇ ਹੋਰ ਤੀਸਰੀ ਦੁਨੀਆ ਦੇ ਨਵ-ਉਪਨਿਵੇਸ਼ਕ ਚਿੰਤਨ ਦੇ ਨਾਲ ਨਾਲ ਆਪਣੀਆਂ ਜੜ੍ਹਾਂ ਤੋਂ ਟੁੱਟਣਾ, ਵਿਅਕਤੀਵਾਦੀ ਅਜਨਬੀਪਣ ਵਿਚ ਸਾਡਾ ਲਾਜ਼ਮੀ ਤੌਰ 'ਤੇ ਬੇਲਗਾਮ ਖੁੱਭਣਾ, ਅਚੇਤਨ ਦੇ ਬਿੰਬ, ਬੌਧਿਕਤਾ ਨਾਲ, ਵਿਦਰੋਹ, ਇਹ ਐਲਾਨ ਕਿ 'ਦਿਮਾਗ਼ ਆਪਣੀ ਰੱਸੀ ਦੇ ਆਖ਼ਰੀ ਸਿਰੇ ਤੇ ਹੈ', ਯਥਾਰਥਵਾਦ ਦੀ ਨਿੰਦਿਆ, ਕੰਮ ਦਾ ਕੇਂਦਰੀਕਰਣ ਸੁਖ ਮਾਤਰ ਰਹਿ ਜਾਣਾ ਅਤੇ ਮਾਨਵੀ ਭਾਵਨਾਵਾਂ ਦਾ ਵਪਾਰੀਕਰਣ ਅਤੇ ਨਿਮਨ-ਪੱਧਰੀਕਰਣ ਇਸ ਅੰਨ੍ਹੀ ਘਾਟੀ ਵਿਚ ਆ ਫਸਣ ਦੇ ਕਾਰਨ ਹਨ। ਪਰ ਉਹ ਭੁੱਲ ਜਾਂਦੇ ਹਨ ਕਿ ਆਧੁਨਿਕੀਕਰਣ ਇਤਿਹਾਸ ਦੀ ਇਕ ਸੱਚਾਈ ਹੈ ਕਿ ਨਵੀਆਂ ਸਮਸਿਆਵਾਂ ਨੂੰ ਜਨਮ ਦੇਣ ਅਤੇ ਜੀਵਨ ਨੂੰ ਵਧੇਰੇ ਜਟਿਲ ਬਣਾਉਣ ਦੇ ਬਾਵਜੂਦ ਆਧੁਨਿਕੀਕਰਣ, ਇਸ ਤਰ੍ਹਾਂ ਨਾਲ ਮਨੁੱਖ ਜਾਤੀ ਦੀ ਨੀਅਤ ਹੈ। ਉਹ ਇਹ ਭੁੱਲ ਜਾਂਦੇ ਹਨ ਕਿ ਆਧੁਨਿਕੀਕਰਣ ਸੌ ਫ਼ੀ ਸਦੀ ਪੱਛਮੀਕਰਣ ਨਹੀਂ, ਬਲਕਿ ਇਕ ਬਿੰਦੂ ਦੇ ਬਾਅਦ ਆਪਣਾ ਰਸਤਾ ਖ਼ੁਦ ਬਣਾਉਂਦਾ ਹੈ। ਸਾਨੂੰ ਇਸ ਤੱਥ ਉੱਤੇ ਵੀ ਵਿਚਾਰ ਕਰਨਾ ਚਾਹੀਦਾ ਹੈ ਕਿ ਭਾਰਤੀ ਪੁਨਰ ਜਾਗਰਣ ਦਾ ਪੁੰਗਰਨਾ ਬੁਰਜੂਆ ਵਰਗ ਦੁਆਰਾ ਆਪਣੀਆਂ ਜ਼ਰੂਰਤਾਂ ਲਈ ਵਰਗਲਾਇਆ ਗਿਆ ਹੈ ਅਤੇ ਅਧੂਰਾ ਹੀ ਰਹਿ ਗਿਆ ਹੈ। ਸਾਨੂੰ ਮਸ਼ੀਨ ਦੁਆਰਾ ਮਨੁੱਖ ਦੇ ਪ੍ਰਵਾਸ, ਮਹਾਂਨਗਰਾਂ ਦੇ ਜੰਗਲਾਂ ਦਾ ਨਿਰਮਾਣ ਅਤੇ ਵਿਕਾਸ ਦੇ ਨਾਂ ਤੇ ਸੱਤਾ ਦੀ ਰਾਜਨੀਤੀ ਨੂੰ ਵੀ ਸਮਝਣਾ ਚਾਹੀਦਾ ਹੈ। ਆਧੁਨਿਕਤਾ ਦੇ ਬਹੁਤ ਸਾਰੇ ਪਹਿਲੂ ਹਨ, ਪਰ ਪੱਛਮ ਵਿਚ ਪੂੰਜੀਵਾਦ ਦੀ ਭੂਮਿਕਾ ਤੋਂ ਸਿੱਖਦੇ ਹੋਏ ਭਾਰਤ ਵਿਚ ਵੀ ਇਸਨੂੰ ਸੰਪੰਨ-ਮਨੁੱਖ ਦੇ ਬਾਰੇ ਵਿਚ ਮਹਿਸੂਸ ਕਰਨ ਅਤੇ ਸੋਚਣ ਲਈ ਨਿਰ-ਉਤਸ਼ਾਹਿਤ ਕੀਤਾ ਹੈ ਅਤੇ ਉਦਾਸੀ ਤੇ ਮਨੁੱਖ ਵਿਚ ਲੁਕੇ ਪਸ਼ੂਪਣ ਦੇ ਰਸਾਤਲ ਵਿਚ ਉਦਾਸ ਚਿੰਤਨ ਦੇ ਰੇਗਿਸਤਾਨ ਨੂੰ ਉਤਸ਼ਾਹਿਤ ਕੀਤਾ ਹੈ। ਮਾਨਵਤਾ ਅਤੇ ਮਾਨਵੀਅਤਾ



ਦੀ ਥਾਂ ਨਿਰਦਾਇਤਾ ਅਤੇ ਪਸ਼ੂਪਣ ਨੇ ਲੈ ਲਈ ਹੈ।

ਮੇਰਾ ਵਿਚਾਰ ਹੈ ਕਿ ਵਿਵੇਕਹੀਣ ਆਧੁਨਿਕਤਾ ਦੇ ਬਾਵਜੂਦ ਆਧੁਨਿਕਤਾ ਦੀ ਦਿਸ਼ਾ ਵਿਚ ਸਹਿਜ ਭਰਪੂਰ ਸੰਗਠਿਤ ਯਤਨ ਹੋਣੇ ਚਾਹੀਦੇ ਹਨ। ਯਥਾਰਥਵਾਦ ਦਾ ਅਰਥ 'ਵਿਅਰਥ' ਦੇ ਵਿਅੰਗ ਵਿਚ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ 'ਸਵਸਥ' ਕੰਮ ਨੂੰ ਅਸ਼ਲੀਲ ਲਿਖਤ ਵਿਚ ਢਲਣਾ ਚਾਹੀਦਾ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਲਾਸਿਕੀ ਸਾਹਿਤ ਨੇ ਕੰਮ-ਵਿਵਹਾਰ ਨੂੰ ਵੀ ਅਪਣੇ ਘੇਰੇ ਵਿਚ ਲਿਆ ਪਰ ਉਸ ਵਿਚ ਜ਼ਿਆਦਾਤਰ ਉਤਸੁਕਤਾ ਸਬਰ-ਸੰਤੋਖ ਨਹੀਂ ਸੀ।

ਸਾਹਿਤ ਕਰਾਂਤੀ ਨਹੀਂ ਕਰਦਾ; ਉਹ ਮਨੁੱਖ ਦੇ ਮਨ ਨੂੰ ਬਦਲਦਾ ਅਤੇ ਉਹਨਾਂ ਨੂੰ ਕ੍ਰਾਂਤੀ ਦੀ ਲੋੜ ਪ੍ਰਤੀ ਜਾਗਰੂਕ ਬਣਾਉਂਦਾ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪੱਖਪਾਤੀ ਸਾਹਿਤ, ਸਾਹਿਤ ਦਾ ਇਕ ਪ੍ਰਕਾਰ ਮਾਤਰ ਹੈ ਕਿ ਵਿਚਾਰਧਾਰਾ ਸਿਰਜਣਾਤਮਕ ਦ੍ਰਿਸ਼ਟੀ ਨੂੰ ਸੀਮਿਤ ਕਰ ਸਕਦੀ ਹੈ, ਜਦੋਂਕਿ ਉਹ, ਉਸਨੂੰ ਇਕ ਦਿਸ਼ਾ ਵੀ ਦੇਂਦਾ ਹੈ। ਸਾਹਿਤ ਵਿਚ 'ਚਾਹੀਦਾ' ਨੂੰ ਵੀ ਧਿਆਨ ਵਿਚ ਰੱਖਿਆ ਜਾ ਸਕਦਾ ਹੈ, ਪਰ ਉਸਦਾ ਮੁੱਖ ਸਰੋਕਾਰ 'ਹੈ' ਨਾਲ ਹੁੰਦਾ ਹੈ। ਜਦੋਂ ਪਾਠਕ ਨੂੰ ਲੱਗਦਾ ਹੈ ਕਿ ਉਸਨੂੰ ਇਕ ਸ਼ੋ-ਰੂਮ ਵਿਚ ਲਿਜਾਇਆ ਗਿਆ ਹੈ ਤਾਂ ਉਹ ਫਸਿਆ ਹੋਇਆ ਮਹਿਸੂਸ ਕਰਦਾ ਹੈ; ਤਾਂ ਉਹ ਇਕ ਖਿੜਕੀ ਵਿਚੋਂ ਦੁਨੀਆ ਨੂੰ ਦੇਖਦਾ ਹੈ ਤਾਂ ਉਸ ਵਿਚ ਹਰੇਕ ਚੀਜ਼ ਨੂੰ ਦੇਖਣ ਦੀ ਉਤਸੁਕਤਾ ਅਤੇ ਜੁਗਿਆਸਾ ਜਾਗਦੀ ਹੈ। ਸਾਹਿਤ ਰਾਜਨੀਤਕ ਹੋ ਸਕਦਾ ਹੈ ਓਤੇ ਧਾਰਮਿਕ, ਰਹੱਸਵਾਦੀ, ਦਾਰਸ਼ਨਿਕ ਵੀ, ਪਰ ਉਸਨੂੰ ਕਿਸੇ ਦਰਸ਼ਨ ਜਾਂ ਵਿਚਾਰਧਾਰਾ ਨੂੰ ਹਥੌੜਾ ਨਹੀਂ ਬਣਾਉਣਾ ਚਾਹੀਦਾ। ਦੋਸਤੋਵਸਕੀ ਨੇ ਇਕ ਵਾਰ ਕਿਹਾ ਸੀ ਕਿ ਸਿਰਫ਼ 'ਸੌਂਦਰਯ' ਹੀ ਦੁਨੀਆ ਨੂੰ ਬਚਾ ਸਕਦਾ ਹੈ। ਕੁਝ ਪਤਨਸ਼ੀਲ ਕਵੀਆਂ ਅਤੇ ਲੇਖਕਾਂ ਨੇ ਸਮਝਿਆ ਅਤੇ ਨਾਲ ਹੀ ਉਸਦਾ ਮੰਤਵ ਉਪਯੋਗਤਾ ਦੇ ਉਸ ਸੰਕੀਰਣ ਅਰਥ ਤੋਂ ਸੀ, ਜਿਸਦਾ ਉਪਦੇਸ਼ 'ਕਾਡਵੈੱਲ' ਨੇ ਦਿੱਤਾ। ਸੌਂਦਰਯ ਤੋਂ ਉਸਦਾ ਮੰਤਵ ਸ਼ਾਇਦ ਪੂਰਨਤਾ ਦੀ ਖੋਜ ਵਿਚ ਸਕ੍ਰਿਆ ਮਨੁੱਖ; ਜਾਣੇ ਤੇ ਅਣਜਾਣੇ ਵਿਚ, ਜੀਵਨ ਦੀ ਖ਼ੁਸ਼ੀ ਤੇ ਦੁੱਖ ਵਿਚ, ਸੰਗਤ ਅਤੇ ਇਕੱਲਤਾ ਵਿਚ, ਟੇਢੀਆਂ ਗਤੀਆਂ ਅਤੇ ਉਜਵੱਲ ਭਾਵਾਂ ਦਾ, ਉਤਪ੍ਰੇਰਕ ਵਿਚਾਰਾਂ ਦਾ, ਨਿਰਾਸ਼ਾ ਦੇ ਅਤਲ ਵਿਚ ਆਸ਼ਾ ਦਾ, ਉਤਸਾਹਿਤ ਜਵਾਨੀ ਅਤੇ ਥੱਕੇ ਹਾਰੇ ਯੁਗ ਦਾ ਸੌਂਦਰਯ; ਮਨੁੱਖ ਵਿਚ ਲੋਅ ਦੇ ਕੰਬਣ ਤੇ, ਅਤੇ ਅੱਜ ਇਕ ਪੌਦਾ ਲਾਉਣ ਦਾ ਸੌਂਦਰਯ। ਮਾਰਟਿਨ ਲੂਥਰ ਦੇ ਸ਼ਬਦਾਂ ਵਿਚ ਇਹ ਜਾਣਦੇ ਹੋਏ ਵੀ ਕਿ ਇਹ ਦੁਨੀਆ ਕੱਲ੍ਹ ਸਮਾਪਤ ਹੋ ਸਕਦੀ ਹੈ।

ਸੌਂਦਰਯ ਦੀ ਤਲਾਸ਼ ਸਰਵ-ਪ੍ਰਾਭੌਤਿਕਤਾ ਦੀ ਤਲਾਸ਼ ਹੈ-ਹਮੇਸ਼ਾ ਇਹ ਯਾਦ ਰੱਖਦਿਆਂ ਹੋਇਆਂ ਕਿ ਸਰਵ-ਪ੍ਰਾਭੌਤਿਕਤਾ ਅਮੂਰਤ ਵਿਚ ਨਹੀਂ ਮੂਰਤ ਵਿਚ ਹੈ, ਇਹ ਸਥਾਨਕਤਾ ਹੈ; ਜੋ ਆਦਿੱਖ ਅਤੇ ਸਾਰਿਆਂ ਲਈ-ਅਰਥਵਾਨ ਬਣਾ ਦਿੱਤੀ ਗਈ ਹੈ। ਇਹ ਬਾਜ਼ਾਰ ਅਤੇ ਰਾਜਨੀਤੀ-ਸੰਕੀਰਣ ਅਰਥਾਂ ਵਿਚ-ਅਤੇ ਸ਼ੋ-ਬਿਜਨਸ ਹੈ, ਜੋ ਸੋਨੇ ਦੀ ਥਾਂ ਨਕਲੀ ਚਮਕ ਵਾਲੇ ਟੀਨ ਦੇ ਟੁੱਕੜੇ ਚਲਾਉਣਾ ਚਾਹੁੰਦੇ ਹਨ, ਜਿਸ ਦਾ ਸਿੱਟਾ ਸਾਹਿਤ ਦੀ ਗਿਰਾਵਟ ਹੈ। 'ਆਧੁਨਿਕਤਾਵਾਦੀ' (ਜੋ ਅਸਲ ਵਿਚ 'ਆਧੁਨਿਕਤਾ' ਤੋਂ ਵੱਖਰੇ ਹਨ)-ਅਤੇ ਇਕ ਧੁੰਦਲੇ ਸੁਨਹਿਰੀ ਯੁੱਗ ਦੀ ਸਿਮ੍ਰਿਤੀ ਨਾਲ ਗ੍ਰਸਤ ਅਤੇ ਪ੍ਰਾਚੀਨ ਗਿਆ ਦੇ ਭੋਲੇ, ਪਰ ਸਦਾ ਤੋਂ ਵਿਸ਼ਵਾਸੀ-ਦੋਵੇਂ ਹੀ ਚੌਥੀ ਸਦੀ ਦੇ ਉਸ ਐਕਸ-ਬੀ ਇੰਜਣ ਦੀ ਤਰ੍ਹਾਂ ਹਨ, ਜੋ ਪਟੜੀ ਨੂੰ ਤੋੜ ਦੇਂਦਾ ਸੀ ਅਤੇ ਗੱਡੀ ਨੂੰ ਉਸ ਤੋਂ ਉਤਾਰ ਦੇਂਦਾ ਸੀ। ਇਹ ਸੋਚਣਾ ਬਹੁਤ ਦੁਖਦਾਈ ਹੈ ਕਿ ਪ੍ਰਯੋਗਵਾਦ ਦੇ ਯੁੱਗ ਵਿਚ ਦਾਖ਼ਲ ਹੋਣ ਦੇ ਯਤਨਾਂ ਵਿਚ ਅਸੀਂ ਸੰਸਕ੍ਰਿਤੀ ਅਤੇ ਭਾਸ਼ਾ ਨਾਲ ਕੀ ਵਿਵਹਾਰ ਕੀਤਾ ਹੈ।

ਲੋਕ ਸੰਸਕ੍ਰਿਤੀ ਲਈ ਮੌਖਿਕ ਸਹਾਨੁਭੂਤੀ ਅਤੇ ਮਨੋਰੰਜਨ ਲਈ ਕੁਝ ਸੰਸਕ੍ਰਿਤੀ

ਸੰਮੇਲਨ ਕਰਨਾ, ਸੰਸਕ੍ਰਿਤੀ ਦੀ ਸੇਵਾ ਨਹੀਂ ਹੈ। ਲੋਕ-ਸੰਸਕ੍ਰਿਤੀ ਅਤੇ ਕਲਾ ਦੀ ਸੰਭਾਲ ਵਿਚ ਰਾਜਨੀਤਕ ਉਦੇਸ਼ ਡੂੰਘੇ ਹਨ। ਕਲਾ ਦੀ ਕੋਈ ਢੁੱਕਵੀਂ ਸਿੱਖਿਆ ਨਹੀਂ ਹੈ ਅਤੇ ਸਾਹਿਤ ਦੀ ਸਿੱਖਿਆ ਤਾਂ ਜੜ੍ਹ ਅਤੇ ਆਤਮਾ ਵਿਹੂਣੀ ਹੈ। ਵਰਤਮਾਨ ਪੀੜ੍ਹੀ ਅਸਲ ਵਿਚः ਅੱਧ-ਗੂੰਗੀ ਹੈ। ਉਸਦਾ ਸ਼ਬਦਕੋਸ਼ ਬਹੁਤ ਦਰਿਦਰ ਭਰਿਆ ਹੈ ਅਤੇ ਪਹਿਲੀਆਂ ਪੀੜ੍ਹੀਆਂ ਦੁਆਰਾ ਵਰਤੇ ਗਏ ਸ਼ਬਦਾਂ ਦੇ ਭੰਡਾਰ ਤੱਕ ਉਹਨਾਂ ਦੀ ਪਹੁੰਚ ਹੀ ਨਹੀਂ ਹੈ। ਹਿੰਦੀ ਵਿਚ ਤਤਸਮ ਸ਼ਬਦਾਂ ਲਈ ਇਕ ਅਢੁੱਕਵਾਂ ਯਤਨ ਹੈ, ਉਰਦੂ ਵਿਚ ਅਜੇ ਵੀ ਫ਼ਾਰਸੀਕਰਣ ਦਾ ਪ੍ਰਚਲਣ ਹੈ। ਭਾਸ਼ਾ ਨੂੰ ਵਰਤੋਂ ਨਾਲ ਸੰਪੰਨ, ਗੁੱਦੇ ਵਾਲੀ, ਕਰੁਣਾਮਈ ਅਤੇ ਸਾਰਥਕ ਅਤੇ ਸਾਫ਼ ਸੁਥਰੀ ਨੋਕਦਾਰ ਭਾਸ਼ਾ ਨੂੰ; ਪ੍ਰੇਮ, ਆਵੇਗ ਅਤੇ ਕ੍ਰੋਧ ਦੀ ਭਾਸ਼ਾ ਨੂੰ; ਉਤੇਜਿਤ ਅਤੇ ਲਹਿਰਦਾਰ ਭਾਵਾਂ ਦੀ ਭਾਸ਼ਾ ਨੂੰ; ਨਾਇਕ-ਉੱਚਿਤ ਵਿਚਾਰਾਂ ਅਤੇ ਚੰਚਲ ਭਾਸ਼ਾ ਦੀ ਭਾਸ਼ਾ ਨੂੰ, ਮਨੁੱਖ ਅਤੇ ਪ੍ਰਮਾਤਮਾ ਦੀ ਸੰਵਾਦ ਵਾਲੀ ਭਾਸ਼ਾ ਦੀ ਬਨਾਉਟੀ, ਅਡੰਬਰ ਭਰਪੂਰ, ਉੱਚ-ਵਰਗੀ ਸੰਕੀਰਣ ਅਤੇ ਉੱਚ-ਪ੍ਰਭੂ, ਭਾਵ ਬਹੁਤੇ ਲੋਕਾਂ ਦੀ ਕੀਮਤ ਉੱਤੇ ਕੁਝ ਦਾ ਉਦੇਸ਼ ਪੂਰਾ ਵਾਲੀ ਭਾਸ਼ਾ ਬਣਾਇਆ ਜਾ ਰਿਹਾ ਹੈ। ਸਾਹਿਤ ਦਾ ਢੁੱਕਵਾਂ ਪ੍ਰਭਾਵ ਨਾ ਹੋਣ ਦੇ ਕਾਰਨ ਇਕ ਭਾਸ਼ਾ ਦਾ ਪਾਰਦਰਸ਼ੀ ਸਪਸ਼ਟ ਸਾਦਾ ਅਤੇ ਪ੍ਰਚਲਿਤ ਵਰਤੋਂ ਉੱਤੇ ਆਧਾਰਿਤ ਨਾ ਹੋਣਾ ਵੀ ਹੈ। ਸਾਧਾਰਨ ਭਾਸ਼ਾ ਰੋਜ਼ਾਨਾ ਜੀਵਨ ਦੀ ਆਮ ਭਾਸ਼ਾ ਵੀ ਨਵੇਂ ਅਜਨਬੀ ਅਤੇ ਰੂਪਾਤਮਕ ਪ੍ਰਗਟਾਵਿਆਂ ਦੀ ਵਰਤੋਂ ਕਰ ਸਕਦੀ ਹੈ, ਪਰ ਆਪਣੇ ਆਪ ਨੂੰ ਹੋਰ ਸੰਪੰਨ ਕਰਕੇ ਹੀ। ਵਿਦਵਾਨਾਂ ਨੂੰ ਚਾਹੇ ਇਹ ਭਾਸ਼ਾ ਕੁਝ ਵਧੇਰੇ ਕਹੇ, ਪਰ ਸਾਧਾਰਨ ਲੋਕਾਂ ਤੱਕ, ਆਮ ਪਾਠਕ ਤੱਕ ਵੀ ਪਹੁੰਚਣ ਲਈ ਉਸਨੂੰ ਬਹੁਤ ਕੁਝ ਸ਼ਾਮਿਲ ਕਰਨਾ ਚਾਹੀਦਾ ਹੈ।

ਸਾਰੇ ਸਾਹਿਤਾਂ ਦੇ ਇਤਿਹਾਸ ਤੋਂ ਏਹੀ ਪਤਾ ਲੱਗਦਾ ਹੈ ਕਿ ਆਮ ਤੌਰ'ਤੇ ਜੋ ਸਭ ਤੋਂ ਵਧੀਆ ਅਤੇ ਕਲਾਸਿਕੀ ਸਾਹਿਤ ਉਹੀ ਹੈ, ਜੋ ਸਾਦਾ ਅਤੇ ਸਰਲ ਹੈ। ਟੀ.ਐੱਸ.ਏਲੀਅਟ ਅਤੇ ਬਰਟੈਂਡ ਰਸਲ ਨੇ ਵੀਹਵੀਂ ਸਦੀ ਦੇ ਵਧੀਆ ਲੇਖ ਲਿਖੇ, ਫਿਰ ਵੀ ਉਹਨਾਂ ਨੂੰ ਅੰਗ੍ਰੇਜ਼ੀ ਜਾਨਣ ਵਾਲੇ ਸਾਰੇ ਲੋਕਾਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਕਵਿਤਾ ਦਾ ਮਾਮਲਾ ਕੁਝ ਅਲੱਗ ਹੈ। ਇੱਥੇ ਉਸਨੂੰ 'ਨਵਾਂ' ਬਣਾਉਣ ਲਈ ਉਹਨਾਂ ਸ਼ਬਦਾਂ ਦੀ ਘਾੜਤ ਕਰਨੀ ਪਈ ਹੈ, ਜਿਹਨਾਂ ਦਾ ਰਸ ਨਿਚੋੜ ਦਿੱਤਾ ਗਿਆ ਹੈ ਅਤੇ ਸਿਰਫ਼ 'ਘਾਹ-ਫੂਸ' ਬਚਿਆ ਹੈ-ਉਹ ਸ਼ਬਦ ਜੋ ਦਿਮਾਗ਼ ਵਿਚ ਕੋਈ ਸੋਚ ਪੈਦਾ ਨਹੀਂ ਕਰਦੇ, ਜੋ ਏਨੇ ਤਿਲਕਣਬਾਜ਼ੀ ਭਰੇ ਹਨ ਕਿ ਉਹਨਾਂ ਨਾਲ ਕੋਈ ਸੰਬੰਧ ਹੀ ਨਹੀਂ ਬਣਦਾ। ਉਰਦੂ ਵਿਚ ਗ਼ਾਲਿਬ ਦੇ ਉਦਾਹਰਣ ਤੋਂ ਮੈਂ ਆਪਣੀ ਗੱਲ ਸਾਫ਼ ਕਰ ਸਕਦਾ ਹਾਂ। ਉਸਨੇ ਸ਼ੁਰੂਆਤੀ ਦੌਰ ਵਿਚ ਇਕ ਅਪ੍ਰਚਲਿਤ ਭਾਸ਼ਾ ਦੀ ਵਰਤੋਂ ਕੀਤੀ ਅਤੇ ਫਿਰ ਵੀ ਉੱਥੇ ਵੀ ਪ੍ਰਤਿਭਾ ਝਲਕਦੀ ਹੈ, ਪਰ ਉਸਦੀ ਬਾਅਦ ਦੀ ਕਵਿਤਾ ਪਰੰਪਰਾ ਵੱਲ ਪਰਤਦੀ ਹੈ ਅਤੇ ਉਸ ਵਿਚ ਕੁਝ ਨਵਾਂ ਰਸ ਪੈਦਾ ਕਰਦੀ ਹੈ।

ਹਿੰਦੁਸਤਾਨ ਵਿਚ ਭਾਸ਼ਾ ਦੇ ਪ੍ਰਤੀ ਸਾਡਾ ਅਖੜ ਵਿਵਹਾਰ ਸਾਹਿਤ ਦੇ ਵਿਕਾਸ ਦੇ ਰਸਤੇ ਵਿਚ ਇਕ ਬਹੁਤ ਵੱਡੀ ਰੁਕਾਵਟ ਹੈ। ਅਜਿਹੇ ਲੋਕਾਂ ਦੁਆਰਾ ਭਾਸ਼ਾ ਦੇ ਲਾ-ਪ੍ਰਵਾਹੀ, ਅਧਿਐਨ, ਜੋ ਖ਼ੁਦ ਨਾ ਸਿਰਫ਼ ਘੱਟ ਯੋਗਤਾ ਰੱਖਦੇ ਹਨ ਬਲਕਿ ਸਾਰੇ ਮਾਮਲਿਆਂ ਪ੍ਰਤੀ ਗੰਭੀਰ ਨਹੀਂ ਹਨ; ਇਸ ਗ਼ਲਤਫ਼ਹਿਮੀ ਕਿ ਵਿਗਿਆਨ ਅਤੇ ਤਕਨੀਕੀ ਦੌਰ ਵਿਚ ਸਾਹਿਤ ਅਤੇ ਭਾਸ਼ਾ ਓਨੇ ਮਹੱਤਵਪੂਰਨ ਨਹੀਂ ਹਨ; ਮਾਨਵਿਕੀ ਅਤੇ ਕਲਾਸਿਕ ਗ੍ਰੰਥ ਉਦਯੋਗ ਸਥਾਪਿਤ ਕਰਨ ਕਿਸੇ ਕਾਰਖ਼ਾਨੇ ਨੂੰ ਚਲਾਉਣ, ਕੰਪਿਊਟਰ ਦੀ ਵਰਤੋਂ ਕਰਨ ਜਾਂ ਊਰਜਾ ਬਚਾਉਣ ਵਿਚ ਮਦਦ ਨਹੀਂ ਕਰਦੇ। ਇਹਨਾਂ ਦਾ ਨਤੀਜਾ ਅਸੰਤੁਲਿਤ ਵਿਕਾਸ, ਵਿਚਾਰਾਂ ਵਿਚ ਭਾਵਹੀਣਤਾ, ਧੁੰਦਲੇ ਚਿੰਤਨ, ਭੇਡ-ਚਾਲ ਅਤੇ ਲੋਕ, ਬੱਧੀ ਜ਼ਿੰਦਗੀ ਦੇ ਰੂਪ ਵਿਚ ਸਾਹਮਣੇ ਆਇਆ ਹੈ। ਵਿਚਾਰਾਂ ਦੇ ਨਾਲ ਭਾਸ਼ਾ ਦਾ ਸੰਘਣਾ ਰਿਸ਼ਤਾ ਸਪਸ਼ਟ ਹੈ। ਭਾਸ਼ਾਈ ਆਧਾਰ ਜਿੰਨਾ ਮਜਬੂਤ ਹੋਵੇਗਾ ਅੰਤਰ-



ਦ੍ਰਿਸ਼ਟੀ ਵੀ ਓਨੀ ਹੀ ਸਾਫ਼ ਹੋਵੇਗੀ। ਹਿੰਦੁਸਤਾਨ ਵਿਚ ਭਾਸ਼ਾ ਲਈ ਕਿਧਰੇ ਇਹ ਸੰਪੂਰਨ ਸ਼ਖ਼ਸੀਅਤ ਦੇ ਵਿਕਾਸ, ਸਭਿਆਚਾਰਕ ਚੇਤਨਾ ਅਤੇ ਲੋਕਾਂ ਦੇ ਮੁੱਲ-ਗਿਆਨ ਨੂੰ ਖ਼ਤਮ ਕਰਨ ਦਾ ਛੜਯੰਤਰ ਤਾਂ ਨਹੀਂ ਹੈ! ਮੁੱਢਲੀ ਅਤੇ ਮਿਡਲ ਪੱਧਰ ਤੇ ਮਾਤ-ਭਾਸ਼ਾ ਜਾਂ ਖੇਤਰੀ ਭਾਸ਼ਾ ਅਤੇ ਮਾਧਿਅਮ ਪੱਧਰ ਤੇ ਕਿਸੇ ਹੋਰ ਭਾਰਤੀ ਭਾਸ਼ਾ ਅਤੇ ਦੁਨੀਆਂ ਨੂੰ ਦੇਖਣ ਦੀ ਖਿੜਕੀ ਦੇ ਰੂਪ ਵਿਚ ਅੰਗ੍ਰੇਜ਼ੀ ਦੇ ਚੰਗੇ ਗਿਆਨ ਨਾਲ ਲੋਕਾਂ ਦੀ ਪ੍ਰਤਿਭਾ ਖਿੜ ਸਕਦੀ ਹੈ। ਮੁੱਢਲੇ ਪੱਧਰ ਤੇ ਹੀ ਅੰਗ੍ਰੇਜ਼ੀ ਮੀਡੀਅਮ ਨਾਲ ਪੜ੍ਹਾ ਕੇ, ਅਸੀਂ ਆਪਣੇ ਵਿਦਿਆਰਥੀਆਂ ਵਿਚ ਇਕ ਭਾਰਤੀ ਚੇਤਨਾ, ਭਾਰਤੀ-ਵਿਅਕਤਿਤਵ ਅਤੇ ਭਾਰਤੀ ਦ੍ਰਿਸ਼ਟੀਕੋਣ ਦਾ ਵਿਕਾਸ ਕਿਵੇਂ ਕਰ ਸਕਦੇ ਹਾਂ? ਅੰਗ੍ਰੇਜ਼ੀ ਸਿਰਫ਼ ਇਕ ਵਿਸ਼ੇ ਦੇ ਰੂਪ ਵਿਚ ਮੀਡੀਅਮ ਪੱਧਰ ਤੋਂ ਪੜ੍ਹਾਈ ਜਾਣੀ ਚਾਹੀਦੀ ਹੈ। ਕੁਝ ਕਾਲਜਾਂ ਅਤੇ ਸਕੂਲਾਂ ਵਿਚ ਉਹ ਉੱਚ-ਸਿੱਖਿਆ ਦਾ ਮਾਧਿਅਮ ਹੋ ਵੀ ਸਕਦੀ ਹੈ, ਪਰ ਅੰਗ੍ਰੇਜ਼ੀ ਲਈ ਅਤੇ ਖ਼ਾਸ ਤੌਰ 'ਤੇ ਸਾਡੇ ਉੱਚ-ਵਰਗ ਵਿਚ ਵੇਖਿਆ ਜਾ ਰਿਹਾ ਪਾਗਲਪਣ ਬਹੁਤ ਖ਼ਤਰਨਾਕ ਹੈ ਅਤੇ ਅੰਗ੍ਰੇਜ਼ੀ ਵਿਰੋਧੀ ਅੰਦੋਲਨ ਵੀ ਬਹੁਤ ਗ਼ੈਰ ਦੂਰਦਰਸ਼ੀ ਹੈ। ਮਹਤੱਵਪੂਰਨ ਚੀਜ਼ਾਂ ਦੇ ਪ੍ਰਤੀ ਸਾਡਾ ਵਤੀਰਾ ਬਹੁਤ ਸਰਲੀਕ੍ਰਿਤ ਹੈ। 'ਇਹ' ਹਾਂ 'ਉਹ' (ਸਰਲ ਅਤੇ ਇਕ ਪੱਖੀ ਵਿਕਲਪ ਦੀ ਭਾਸ਼ਾ ਵਿਚ) ਦਿਨ ਹੁਣ ਪੂਰੇ ਹੋ ਚੁੱਕੇ ਹਨ। ਨਵੀਂ ਪੀੜ੍ਹੀ ਨੂੰ ਅਜਿਹੇ ਭਾਰਤੀਆਂ ਦੇ ਰੂਪ ਵਿਚ ਵਿਕਸਿਤ ਕਰਨਾ ਹੈ, ਜੋ ਵਿਸ਼ਵ ਨਾਗਰਿਕ ਬਣਨ ਦੀ ਹਸਰਤ ਰੱਖਦੇ ਹੋਣ, ਜਿਹਨਾਂ ਰਾਸ਼ਟਰਵਾਦ ਅਤੇ ਸੰਕੀਰਣ ਅਤੇ ਇਲਾਕਾਈ ਨਾ ਹੋਵੇ, ਬਲਕਿ ਜੋ ਅੱਜ ਦੀ ਦੁਨੀਆਂ ਵਿਚ ਭਾਰਤ ਦੇ ਸੰਦਰਭ ਵਿਚ ਵਿਚਾਰ ਕਰ ਸਕਣ।

ਸਿਰਫ਼ ਭਾਰਤੀ ਭਾਸ਼ਾਵਾਂ ਅਤੇ ਸਾਹਿਤ ਹੀ ਨਹੀਂ, ਅੰਗ੍ਰੇਜ਼ੀ ਭਾਸ਼ਾ ਅਤੇ ਸਾਹਿਤ ਦੀ ਪੜ੍ਹਾਈ ਨੂੰ ਵੀ ਇਸ ਦੌਰ ਦੇ ਅਨੁਕੂਲ ਕਰਨਾ ਹੋਵੇਗਾ। ਵਿਗਿਆਨੀ, ਵਧੀਆ ਵਿਗਿਆਨੀ ਹੋਣਗੇ, ਜੇਕਰ ਉਹਨਾਂ ਦੀ ਆਪਣੀ ਭਾਸ਼ਾ ਉੱਤੇ ਓਨਾ ਵਧੇਰੇ ਅਧਿਕਾਰ ਹੋਵੇ ਅਤੇ ਅਪਣੇ ਅਤੇ ਦੁਨੀਆਂ ਦੇ ਸਾਹਿਤ ਵਿਚ ਡੂੰਘੀ ਅੰਤਰ-ਦ੍ਰਿਸ਼ਟੀ ਹੋਵੇ; ਅਤੇ ਇਸ ਤਰ੍ਹਾਂ ਲੇਖਕ, ਕਵੀ ਅਤੇ ਅਨੁਵਾਦਿਕ ਸਾਹਿਤਕ ਲੋਕ ਵੀ ਜ਼ਿਆਦਾ ਵਧੀਆ ਹੋਣਗੇ, ਜੇਕਰ ਉਹ ਵਿਗਿਆਨ ਦੀਆਂ ਬੁਨਿਆਦੀ ਗੱਲਾਂ ਨੂੰ ਸਮਝਦੇ ਹੋਣ।

ਦੂਰਦਰਸ਼ਨ ਵਿਚ ਚੰਗਾ ਮਾਧਿਅਮ ਹੈ, ਪਰ ਅਜੇ ਤੱਕ ਇਹ ਰਾਜਨੀਤਕ ਤੁਛਤਾਵਾਂ, ਉਪਭੋਗਤਾਵਾਦ ਨੂੰ ਵਧਾਉਣ ਵਾਲੇ ਵਿਗਿਆਪਨਾਂ ਅਤੇ ਉਹਨਾਂ ਫ਼ਾਰਮੂਲਿਆਂ ਅਤੇ ਲੜੀਵਾਰਾਂ ਨਾਲ ਵਧੇਰੇ ਭਰਿਆ ਹੋਇਆ ਹੈ, ਜਿਹਨਾਂ ਵਿਚ ਸਾਹਿਤਕ ਸ਼੍ਰੇਸ਼ਟਤਾ ਜਾਂ ਉਲੇਖ-ਯੋਗ ਕਲਾ ਦੀ ਝਲਕ ਵੀ ਕਦੀ-ਕਦਾਈਂ ਹੀ ਮਿਲਦੀ ਹੈ। ਸਾਧਾਰਨ ਦਰਸ਼ਕ ਦੀ ਬੁੱਧੀ ਦੇ ਬਾਰੇ ਵਿਚ ਦੂਰਦਰਸ਼ਨ ਦੀ ਧਾਰਨਾ ਚੰਗੀ ਨਹੀਂ ਹੈ ਅਤੇ ਉਹ ਵਿਡੰਬਨਾ ਦੀ ਥਾਂ ਭਾਸ਼ਣਬਾਜ਼ੀ ਦਾ ਜ਼ਿਆਦਾ ਇਸਤੇਮਾਲ ਕਰਦਾ ਹੈ। ਲੋਕ ਦੂਰਦਰਸ਼ਨ ਦੀ ਗੱਲ ਨਹੀਂ ਕਰਦੇ, ਉਹ ਸਿਰਫ਼ ਭਾਸ਼ਣ ਪਰੋਸਦੇ ਹਨ। ਉਹਨਾਂ ਦਾ ਖ਼ਿਆਲ ਹੈ ਕਿ ਕਿਸੇ ਪ੍ਰੋਗਰਾਮ ਦਾ ਮੰਤਰੀ ਦੁਆਰਾ ਉਦਘਾਟਨ ਜਾਂ ਕਿਸੇ ਸਵਰਗਵਾਸੀ ਆਤਮਾ ਨੂੰ ਉਹਨਾਂ ਦੀ ਸ਼ਰਧਾਂਜਲੀ ਹੀ ਸਾਰਾ ਕੁਝ ਹੈ।

ਸਾਹਿਤ ਅਸਫ਼ਲ ਨਹੀਂ ਹੋਇਆ ਹੈ। ਕਦੀ ਸਾਹਿਤ ਪ੍ਰਤੀ ਜਾਗਰੂਕਤਾ ਦੇ ਨਾਂ ਤੇ ਤਾਂ ਕਈ ਸਮਾਜਿਕ ਜ਼ਰੂਰਤਾਂ ਦੇ ਪ੍ਰਤੀ ਜਾਗਰੂਕਤਾ ਦੇ ਨਾਂ ਤੇ ਸਾਹਿਤ ਦੇ ਖ਼ਿਲਾਫ਼ ਇਕ ਛੜਯੰਤਰ ਹਮੇਸ਼ਾ ਹੀ ਚੱਲ ਰਿਹਾ ਹੈ। ਦੁਨੀਆਂ ਵਿਚ ਵੱਡੀਆਂ ਤਬਦੀਲੀਆਂ ਆ ਰਹੀਆਂ ਹਨ। ਭਾਰਤ ਈ ਇਹਨਾਂ ਬਦਲਾਵਾਂ ਤੋਂ ਅਛੂਤਾ ਨਹੀਂਰਹਿ ਸਕਦਾ। ਸੱਤਾਵਾਂ ਜਾਣਦੀਆਂ ਹਨ ਕਿ ਅੰਤ ਵਿਚ, ਸਾਹਿਤ ਹੀ ਜਨਤਾ ਦੀ ਅੰਤਰ-ਆਤਮਾ ਹੈ, ਇਸ ਲਈ ਉਹ, ਉਸਦੇ ਪ੍ਰਤੀ ਆਪਣੀ ਮੌਖਿਕ ਸਹਾਨੁਭੂਤੀ ਪ੍ਰਗਟ ਕਰਦੀ ਰਹਿੰਦੀ ਹੈ; ਪਰ ਕਿਉਂਕਿ ਸਾਹਿਤ ਕੁਝ ਅਨੋਖੇ ਸਵਾਲ ਪੁੱਛਦਾ ਹੈ

ਅਤੇ ਘੱਟ-ਗਿਣਤੀਆਂ ਵਿਚ ਲੁਕੇ ਪਿੰਜਰਾਂ ਨੂੰ ਦਿਖਾ ਦੇਂਦਾ ਹੈ, ਇਸ ਲਈ ਕਈ ਪਾਸਿਆਂ ਤੋਂ ਉਸਦੀ ਆਵਾਜ਼ ਨੂੰ ਦਬਾ ਦੇਣਾ ਹੈ। ਸਟੇਟ ਮੀਡੀਆ; ਵਪਾਰ ਦੁਆਰਾ ਪ੍ਰਚਲਿਤ ਧਾਰਾਵਾਂ ਹਨ; ਉਦੇਸ਼ ਹਨ; ਸੁਰੱਖਿਅਕਤਾ ਦਾ ਲਾਲਚ ਹੈ; ਪ੍ਰਗਤੀ, ਵਿਕਾਸ ਅਤੇ ਉਦਯੋਗੀਕਰਣ ਦੀਆਂ ਲਾਜ਼ਮੀ ਜ਼ਰੂਰਤਾਂ ਹਨ। ਪਰਿਵਾਰ ਵਿਚ ਮਾਪਿਆਂ ਕੋਲ ਬੱਚਿਆਂ ਲਈ ਸਮਾਂ ਨਹੀਂ ਹੈ। ਪਬਲਿਕ ਸਕੂਲਾਂ ਨੂੰ ਛੱਡ ਦਿਓ ਤਾਂ ਮੁੱਢਲੀ ਅਤੇ ਮਿਡਲ ਪੱਧਰ ਤੇ ਵਧੇਰੇ ਅਧਿਆਪਕ ਅਯੋਗ ਅਤੇ ਕੁੰਠਿਤ ਹਨ ਅਤੇ ਬਹੁਤ ਸਾਰੇ ਟਿਊਸ਼ਨ ਦੇ ਜ਼ਰੀਏ ਕਮਾਈ ਵਧਾਉਣ ਵਿਚ ਲੱਗੇ ਰਹਿੰਦੇ ਹਨ। ਲਾਜ਼ਮੀ ਹੀ, ਕੁਝ ਅਪਵਾਦ ਵੀ ਹਨ, ਪਰ ਆਮ ਸਥਿਤੀ ਇਹੀ ਹੈ।

ਹਾਈ ਸਕੂਲ ਪੱਧਰ ਤੱਕ ਇਕੋ ਜਿਹੀ ਸਿੱਖਿਆ ਹੋਣੀ ਚਾਹੀਦੀ ਹੈ ਅਤੇ ਉੱਚ ਪੱਧਰ ਤੋਂ ਇੱਛੁਕ ਰਸਤੇ ਖੁੱਲ੍ਹਣੇ ਚਾਹੀਦੇ ਹਨ। ਬੇਸ਼ਕ ਜ਼ਿਆਦਾ ਕਿੱਤਈ ਪਾਠਕ੍ਰਮਾਂ ਅਤੇ ਬਹੁ-ਤਕਨੀਕਾਂ ਦੀ ਜ਼ਰੂਰਤ ਹੈ, ਪਰ ਉੱਚ-ਸਿੱਖਿਆ ਲਈ ਅੰਨ੍ਹੀ ਦੌੜ ਨੂੰ ਵੀ ਰੋਕਿਆ ਜਾਣਾ ਚਾਹੀਦਾ ਹੈ। ਸਾਨੂੰ ਜ਼ਿਆਦਾ ਯੂਨੀਵਰਸਿਟੀਆਂ ਦੀ ਲੋੜ ਨਹੀਂ ਹੈ। ਸਾਨੂੰ ਚਾਹੀਦੇ ਹਨ; ਚੰਗੇ ਅਧਿਆਪਕਾਂ ਦੇ ਨਾਲ ਚੰਗੇ ਵਿਸ਼ਵ-ਵਿਦਿਆਲੇ। ਅਜੇ ਵੀ ਸਾਡੇ ਸ੍ਰੇਸ਼ਟ ਦਿਮਾਗ਼ ਕਿੱਤਈ ਪਾਠਕ੍ਰਮਾਂ ਅਤੇ ਸਿਵਲ ਸੇਵਾਵਾਂ ਅਤੇ ਵਪਾਰ ਵੱਲ ਰੁਝਾਨ ਰੱਖਦੇ ਹਨ, ਜਿਹੜੇ ਲੋਕ ਸਾਹਿਤ ਦਾ ਅਧਿਐਨ ਵੀ ਕਰਦੇ ਹਨ, ਉਹ ਕਿਸੇ ਰੁਚੀ ਦੇ ਕਾਰਨ ਨਾਲ ਨਹੀਂ; ਬਲਕਿ ਇਸ ਲਈ ਕਿ ਉਹਨਾਂ ਦੇ ਕੋਲ ਹੋਰ ਕੋਈ ਵਿਕਲਪ ਨਹੀਂ ਹੈ। ਵਿਗਿਆਨ ਦੇ ਪਾਠਕ੍ਰਮਾਂ ਲਈ ਦੌੜ ਹੈ, ਪਰ ਗਣਿਤ ਲਈ ਨਹੀਂ।

ਬੁਲਗਾਰੀਅਨ ਲੇਖਕ ਤੋਦੋਰੋਵ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਗੱਦ ਪੈਮਾਨਾ ਹੈ, ਜਦੋਂਕਿ ਕਵਿਤਾ ਆਪਣੇ ਵਿਰਾਮਾਂ ਅਤੇ ਰਿਚਾਵਾਂ ਦੇ ਕਾਰਨ ਇਕ ਵਿਚਲਨ ਹੈ। ਪੁਨਰ-ਜਾਗਰਣ ਦੇ ਬਾਅਦ ਇਹ ਵਿਚਲਨ ਵਧਦਾ ਗਿਆ ਹੈ ਅਤੇ ਅਧੁਨਿਕ ਕਵਿਤਾ ਵਿਚ ਵਿਰਾਮਾਂ ਅਤੇ ਰਿਚਾਵਾਂ ਦਾ ਪ੍ਰਤੀਸ਼ਤ ਬਹੁਤ ਜ਼ਿਆਦਾ ਵਧ ਗਿਆ ਹੈ। ਉਨ੍ਹੀਵੀਂ ਸਦੀ ਵਿਚ ਕਲਾਰਕ ਨੇ ਕਿਹਾ ਸੀ ਕਿ 'ਗਾਉਣ ਦਾ ਆਨੰਦ ਅਜੇ ਹੈ, ਜਦੋਂ ਗਾਇਕ ਦੇ ਬਿਨਾਂ ਕੋਈ ਸਰੋਤਾ ਨਾ ਹੋਵੇ।'

ਸੇਸਿਲ ਡੇ. ਲੁਈਸ ਦੇ ਸ਼ਬਦਾਂ ਵਿਚ 'ਕਵਿਤਾ' ਨਿਸ਼ਚਿਤ ਹੀ ਸ਼ਬਦਾਂ ਨਾਲ ਇਕ ਖੇਡ ਹੈ, ਪਰ ਇਸ ਖੇਡ ਦੇ ਨਿਯਮਾਂ ਦਾ ਪਾਲਣ ਵੀ ਜ਼ਰੂਰੀ ਹੈ ਅਤੇ 'ਛੋਨਡਇਚਟੋਨਿਓਲ ਫੋਣਟੇ' ਇਕ ਪ੍ਰਵਾਹ ਬਣ ਚੁੱਕਿਆ ਹੈ। ਕਵੀ ਲਈ ਦੁਨੀਆਂ ਕਈ ਮਾਮਲਿਆਂ ਵਿਚ ਬਹੁਤ ਸੁੰਘੜ ਗਈ ਹੈ, 'ਸਵੈ' ਅਤੇ ਉਸਦੀਆਂ ਗੁਪਤ ਡੂੰਘਾਈਆਂ, ਉਸਦੀ ਲਿਖਤ ਵਧੇਰੇ ਮਿਹਨਤ ਨਾਲ ਲਿਖੀ ਲੱਗਦੀ ਹੈ ਅਤੇ ਦੂਸਰਿਆਂ ਉੱਤੇ ਕੋਈ ਪ੍ਰਭਾਵ ਨਹੀਂ ਪਾਉਂਦੀ ਅਤੇ ਆਮ ਪਾਠਕ ਉਹਨਾਂ ਦੀ ਅਧਿਆਤਮਕ ਯਾਤਰਾ ਵਿਚ ਸਾਂਝ ਨਹੀਂ ਕਰ ਸਕਦਾ। ਸ਼ੂਨਯ ਵਿਚ 'ਸਵੈ' ਕੋਈ ਸੰਬੰਧ ਨਹੀਂ ਬਣਾ ਸਕਦਾ, ਜੋ ਕਿ ਮਨੁੱਖੀ ਰਸਾਤਲ ਵਿਚ ਵੀ ਬਣਾ ਲੈਂਦਾ ਹੈ। ਕਵੀ ਨੂੰ ਸਿਰਫ਼ ਆਪਣਾ ਹੀ ਨਹੀਂ, ਆਪਣੀ ਪੀੜ੍ਹੀ ਦਾ ਸਲੀਬ ਵੀ; ਅਤੇ ਸਿਰਫ਼ ਇਕੱਲੇ ਦਾ ਦੁੱਖ ਹੀ ਨਹੀਂ ਪੂਰੀ ਦੁੱਖੀ ਮਾਨਵਤਾ ਦੀ ਵੇਦਨਾ ਦਾ ਪ੍ਰਗਟਾਵਾ ਕਰਨ ਵਾਲੀ ਚੀਜ਼ ਹੈ। ਕਵੀ ਦੇ ਅਨੁਭਵ ਨੂੰ ਨਿਰਾਲੇਪਣ ਨੂੰ, ਪਾਠਕ ਨੂੰ ਵੀ ਉਸੇ ਹੀ ਪਰਿਵਰਤਨਸ਼ੀਲ ਅਤੇ ਖ਼ੁਦ ਨੂੰ ਦੁਨੀਆਂ ਨੂੰ ਸਮਝਣ ਲਈ ਯੋਗ ਬਣਾਨਾ ਚਾਹੀਦਾ ਹੈ, ਜਿਸ ਪ੍ਰਤੀ ਉਹ ਧਿਆਨ ਨਹੀਂ ਦੇਂਦਾ। ਦਇਆ ਵਿਚ ਕਵਿਤਾ ਹੈ, ਕ੍ਰੋਧ ਵਿਚ ਕਵਿਤਾ ਹੈ, ਇੱਥੋਂ ਤੱਕ ਕਿ ਚੀਖ਼ ਵਿਚ ਵੀ; ਪਰ ਕਵਿਤਾ, ਕ੍ਰੋਧ ਦਾ ਅਨੰਤ ਵਿਸਫੋਟ ਜਾਂ ਪੀੜ ਵਿਚ ਨਿਰੰਤਰ ਚੀਖ਼ ਹੀ ਨਹੀਂ ਹੈ, ਕ੍ਰੋਧ ਅਤੇ ਨਿਰਾਸ਼ਾ ਦੇ ਇਹਨਾਂ ਸਮਿਆਂ ਦੇ ਜ਼ਰੀਏ ਹੀ ਉਸ ਦੁਨੀਆ ਤੱਕ ਪਹੁੰਚਦਾ ਹੈ, ਜੋ ਸੀ ਤਾਂ ਸਹੀ; ਪਰ ਜਿਸਨੂੰ ਅਸੀਂ ਨਹੀਂ ਜਾਣਦੇ। ਐੱਫ਼. ਆਰ. ਲੀਵਿਸ ਦੇ ਸ਼ਬਦਾਂ ਵਿਚ, ਸਾਡੇ 'ਕੇਂਦਰੀ ਮਾਨਵੀਪਣ' ਦੇ ਨਾਲ ਕਵਿਤਾ ਦਾ ਸੰਬੰਧ ਹੋਣਾ ਚਾਹੀਦਾ ਹੈ। ਲੀਵਿਸ ਸੀ. ਪੀ. ਸਨੋ ਦੀ



ਆਲੋਚਨਾ ਕਰ ਰਿਹਾ ਸੀ, ਪਰ ਉਹ ਦਰਅਸਲ ਸਨੋ ਦੇ ਇਕ ਪਾਸੜ ਝੁਕਾਅ ਦੀ ਆਲੋਚਨਾ ਕਰ ਰਿਹਾ ਸੀ। 'ਸਨੋ' ਜੇਤੂ ਪੱਖ ਦੀ ਵਡਿਆਈ ਕਰਦੇ ਸਮੇਂ ਇਹ ਭੁੱਲ ਰਿਹਾ ਸੀ ਕਿ ਅਸੀਂ ਦੌੜ ਜਿੱਤਣ ਵਿਚ ਕੁਝ ਗਵਾ ਵੀ ਦਿੱਤਾ ਹੈ, ਕੁਝ ਬਹੁਤ ਮੁੱਲਵਾਨ ਅਤੇ ਜੀਵੰਤ, ਮੁੱਲਾਂ ਦੀ ਤਲਾਸ਼, ਸੌਂਦਰਯਮਈ ਆਨੰਦ, ਸਮਾਜਿਕ ਅਤੇ ਨੈਤਿਕ ਦ੍ਰਿਸ਼ਟੀ, ਉਹ ਜਿਹੜੀ ਮਾਨਵਤਾ ਨੂੰ ਸਮਝਣ ਅਤੇ ਕੁਝ ਕਰਨ ਲਈ ਪ੍ਰੇਰਦੀ ਹੈ। ਪਰ ਜਿਸਨੂੰ ਅਸੀਂ ਪ੍ਰਕਿਰਤੀ ਉੱਤੇ ਜਿੱਤ ਅਤੇ ਮਸ਼ੀਨੀ-ਮਨੁੱਖ ਦੀ ਪੁਲਾਂਘ ਵਿਚ ਗਵਾ ਦਿੱਤਾ ਹੈ।

ਜਦੋਂ ਏਲੀਅਟ ਨੇ ਨਾਵਲ ਦੀ ਮੌਤ ਦਾ ਐਲਾਨ ਕੀਤਾ ਤਾਂ ਉਹ ਭੁੱਲ ਰਿਹਾ ਸੀ ਕਿ ਮਸਤੀ ਵਿਚ ਉਸਦੀ ਕਵਿਤਾ ਦਾ ਦਰਸ਼ਨ। ਉਹ ਕਰ ਰਿਹਾ ਸੀ ਕਿ ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀ ਦੇ ਆਰੰਭਲੇ ਸਾਲਾਂ ਵਿਚ ਤੱਥ ਅਤੇ ਕਲਪਨਾਂ ਦੋਵੇਂ ਹੀ ਨਾਵਲ ਦੇ ਹਿੱਸੇ ਸਨ। ਟੇਢਾ-ਮੇਢਾ ਕਥਾਨਕ ਜਾਂ ਕਥਾਨਕ-ਹੀਣਤਾ ਵੀ ਅਤੇ ਚਰਿਤਰ-ਚਿਤ੍ਰਣ ਦਾ ਅੰਤ ਨਾਵਲ ਦੇ ਅੰਤ ਦਾ ਆਧਾਰ ਨਹੀਂ ਹਨ। ਬਿਰਤਾਂਤ ਕਈ ਤਰ੍ਹਾਂ ਦੀਆਂ ਵਿਧੀਆਂ ਇਸਤੇਮਾਲ ਕਰ ਸਕਦਾ ਹੈ। ਨਾਵਲ ਵਿਚ ਮਹਾਂਕਾਵਿ ਦੇ ਆਯਾਮ ਹੁੰਦੇ ਹਨ ਅਤੇ ਉਹ ਇਕ ਪੂਰੀ ਸਭਿਅਤਾ ਜਾਂ ਯੁੱਗ ਆਤਮਾ ਨੂੰ ਚਿਤਰਿਤ ਕਰ ਸਕਦਾ ਹੈ। ਜੋ ਕਹਾਣੀ ਦੀਆਂ ਸੰਭਾਵਨਾਵਾਂ ਵੀ ਚੁਕ ਨਹੀਂ ਗਈਆਂ ਹਨ। ਪਹਿਲਾਂ ਦੇ ਦੌਰ ਵਿਚ ਚੰਗੇ ਨਾਵਲਾਂ ਦੀ ਅਣਹੋਂਦ ਤੋਂ ਲੱਗਦਾ ਸੀ ਕਿ ਗੱਦ ਅਜੇ ਵਿਕਸਿਤ ਨਹੀਂ ਹੈ, ਪਰ ਆਜ਼ਾਦੀ ਮਿਲਣ ਦੇ ਬਾਅਦ ਇਸ ਪੱਖ ਵਿਚ ਬਹੁਤ ਤਰੱਕੀ ਹੋਈ ਹੈ। ਆਤਮ-ਕਥਾ ਇਕ ਮਨ ਦਾ ਅੰਤਰੰਗ ਅਧਿਐਨ ਹੈ। ਲਿਖਤ ਦੇ ਵੱਖ-ਵੱਖ ਕਿੱਸਿਆਂ ਵਿਚਲੀਆਂ ਰੇਖਾਵਾਂ ਧੁੰਦਲੀਆਂ ਪੈ ਰਹੀਆਂ ਹਨ। ਜੇਕਰ ਆਤਮ-ਕਥਾਤਮਕ ਨਾਵਲ ਦੀ ਤਾਂ ਆਤਮਕਥਾ ਵਿਚ ਨਾਵਲ ਆ ਰਿਹਾ ਹੈ। ਪੋਡਹੋਰੇਟਿਜ਼ ਦੇ ਅਨੁਸਾਰ 'ਆਧੁਨਿਕਤਾ', "ਉਪਚਾਰਕ ਪ੍ਰਯੋਗਸ਼ੀਲਤਾ ਹੈ, ਪਰ ਇਸਦਾ ਭਾਵ ਆਧੁਨਿਕ ਦੁਨੀਆਂ ਪ੍ਰਤੀ ਇਕ ਖ਼ਾਸ ਵਰਤਾਓ ਵੀ ਹੈ।" ਮੱਧਵਰਗੀ ਕੀਮਤਾਂ ਦੇ ਵਿਰੁੱਧ ਜੱਹਾਦ ਅਤੇ ਬੁਰਜੂਆ ਸਮਾਜ ਪ੍ਰਤੀ ਦੁਸ਼ਮਣੀ ਸਾਹਿਤਕ ਦੁਨੀਆਂ ਦਾ ਆਮ ਕਾਵਿ-ਦਰਸ਼ਨ ਬਣਦਾ ਗਿਆ ਹੈ।

ਇਹੋ ਗੱਲ ਭਾਰਤੀ ਸਾਹਿਤ ਵਿਚ ਆਧੁਨਿਕਤਾ ਦੇ ਬਾਰੇ ਵਿਚ ਕਹੀ ਜਾ ਸਕਦੀ ਹੈ, ਜੋ ਪ੍ਰਗਤੀਸ਼ੀਲ ਲਿਖਤ ਆਮ ਮਿਸ਼ਰਣ ਅਤੇ ਉਸਦੇ ਬੰਦਨਕਾਰੀ ਰਾਜਨੀਤਕ ਨਿਰੂਪਣਾਂ ਦੇ ਵਿਰੁੱਧ ਵਿਦਰੋਹ ਦੇ ਰੂਪ ਵਿਚ ਹੋਇਆ ਸੀ। ਛੇਤੀ ਹੈ ਹੀ ਪ੍ਰਤੀਕਾਂ ਦੇ ਸਾਂਝੇ ਯਤਨਾਂ ਦਾ ਇਸਤੇਮਾਲ ਅਤੇ ਮਿਥਕਾਂ ਦਾ ਸਹਾਰਾ ਲੈਂਦੇ ਹੋਏ ਅਜਨਬੀਅਤ ਦੀ ਰੇਤ ਅਤੇ ਆਤਮਾ ਦੇ ਸਮੁੰਦਰਾਂ ਵਿਚ ਚੁਕ ਗਿਆ। ਯਥਾਰਥਵਾਦ ਦਾ ਆਰੰਭ ਨਾਵਲ ਦੀ ਥਾਂ ਨਵ-ਪਤ੍ਰਿਕਾ ਵਿਚ ਉਜਾਗਰ ਹੋਣ ਲੱਗਾ, ਪਰ ਇਹ ਅਲਪ-ਜੀਵੀ ਸੀ। ਇਸ ਲਈ ਵਿਵੇਕਸ਼ੀਲ ਦਿਮਾਗ਼ਾਂ ਨੇ ਸੰਸਕ੍ਰਿਤਕ ਅਤੇ ਨੈਤਿਕ ਦ੍ਰਿਸ਼ ਉੱਤੇ ਧਿਆਨ ਕੇਂਦ੍ਰਿਤ ਕਰਨਾ ਸ਼ੁਰੂ ਕਰ ਦਿੱਤਾ-ਸੰਖੇਪ ਵਿਚ, ਪੂਰਨਤਾ ਦੀ ਤਲਾਸ਼ ਵਿਚ ਰੱਤ ਮਨੁੱਖ ਵੱਲ, ਸਮੱਰਥ ਬੁੱਧੀ ਅਤੇ ਮਾਨਸਿਕ ਛਲ ਵੱਲ, ਜੀਵਨ ਦੀ ਉਦਾਸੀ ਅਤੇ ਖ਼ੂਬਸੂਰਤੀ ਵੱਲ-ਜਿਸਨੂੰ (ਚਾਰਲੀ ਚੈਪਲਿਨ ਦੀ ਸ਼ਬਦਾਵਲੀ ਵਿਚ ਕਹੀਏ ਤਾਂ) ਸਾਹਿਤ ਦੇ ਮੰਚ ਵਿਚ ਕੇਂਦ੍ਰਿਤ ਹੋਣਾ ਹੈ।

ਸਾਹਿਤ ਵਿਚ ਇਕ ਦਵੰਦਾਤਮਕ ਪ੍ਰਕਿਰਿਆ ਹੈ। ਇਕ ਵਿਧਾ ਜਾਂ ਰੂਪ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਦੇਖਦੇ ਹੋਏ ਇਕ ਨਵੀਂ ਦ੍ਰਿਸ਼ਟੀ ਉਹਨਾਂ ਵਿਚ ਇਕ ਨਵੀਂ ਅੰਤਰ-ਦ੍ਰਿਸ਼ਟੀ ਭਰਨ ਦੀ ਕੋਸ਼ਿਸ਼ ਕਰਦੀ ਅਤੇ ਇਸ ਪ੍ਰਕਿਰਿਆ ਵਿਚ ਭਾਸ਼ਾ ਨੂੰ ਵੀ ਬਦਲਦੀ ਹੈ। ਜਦੋਂ ਇਹ ਚੁਕ ਜਾਂਦੀ ਹੈ ਜਾਂ ਇਕ ਨਵੀਂ ਦਿਸ਼ਾ ਵਿਚ ਪਰਿਵਰਤਨ ਜ਼ਰੂਰੀ ਹੁੰਦਾ ਹੈ, ਅਤੇ ਜਦੋਂ ਇਸਦੀਆਂ ਸੰਭਾਵਨਾਵਾਂ ਪੂਰੀਆਂ ਹੋ ਜਾਂਦੀਆਂ ਹਨ, ਤਾਂ ਇਕ ਨਵੇਂ ਸੰਸ਼ਲੇਸ਼ਣ ਦੀ ਜ਼ਰੂਰਤ ਹੁੰਦੀ

ਹੈ। ਇਹ ਉਹਨਾਂ ਲੋਕਾਂ ਲਈ ਇਕ ਸਬਕ ਹੈ, ਜੋ ਕਿਸੇ ਇਕ ਹੀ ਦ੍ਰਿਸ਼ਟੀ ਨਾਲ, ਚੀਜ਼ਾਂ ਨੂੰ ਦੇਖਣ ਦੇ ਇਕ ਢੰਗ ਨਾਲ, ਪ੍ਰਤੀਬੱਧ ਮਹਿਸੂਸ ਕਰਦੇ ਹਨ ਅਤੇ ਜੋ ਸੋਚਦੇ ਹਨ ਕਿ ਸਾਹਿਤ ਦਾ ਸਰੋਕਾਰ ਸਿਰਫ਼ ਅਸਹਿਮਤੀ ਅਤੇ ਵਿਦਰੋਹ ਤੋਂ ਹੈ, (ਕੈਥਰੀਨ ਰੇਨ ਦੇ ਸ਼ਬਦਾਂ ਵਿਚ ਕਹੀਏ ਤਾਂ) 'ਅਣਹੋਇਆ' ਅਤੇ ਅੱਖੋਂ ਉਹਲੇ' ਕਰਨ ਨਾਲ। 'ਅਣਹੋਇਆ' ਕਰਨ ਦਾ ਉਦੇਸ਼ ਵਸਤੂਆਂ ਨੂੰ ਦੂਜੇ ਢੰਗ ਨਾਲ ਕਰਨਾ ਹੈ। ਸਾਹਿਤ ਨਾਲ ਪ੍ਰਤੀਬੱਧ ਲੋਕ, ਲੇਖਕ ਦੇ ਸੁਤੰਤਰਤਾ ਪੂਰਵਕ ਇਸ ਜਾਂ ਉਸ ਤਰੀਕੇ ਨਾਲ ਖੋਜ ਕਰਨ, ਪੁਰਾਣੇ ਸੱਚ ਦੀ ਥਾਂ ਨਵੇਂ ਸੱਚ ਦੀ ਤਲਾਸ਼ ਅਤੇ ਸੰਪੂਰਨ ਸੱਚ ਦੀ ਪੇਸ਼ਕਾਰੀ ਕਰਨ, ਇਕ ਨਵੇਂ ਕੇਂਦਰ ਨੂੰ ਪ੍ਰਾਪਤ ਕਰਨ ਦੇ ਅਧਿਕਾਰ ਨੂੰ ਸਵੀਕਾਰ ਕਰਦੇ ਹਨ। ਜੀਵਨ ਨੂੰ ਧੀਰਜ ਨਾਲ ਅਤੇ ਸਮੱਰਥਾ ਵਿਚ ਵੇਖਣ ਦੀ ਆਪਣੀ ਇਮਾਨਦਾਰ ਕੋਸ਼ਿਸ਼ਾਂ ਦੇ ਕਾਰਨ ਸਾਹਿਤ ਉੱਤੇ ਦੋਹਾਂ ਪਾਸਿਆਂ ਤੇ ਹਮਲਾ ਹੋਇਆ: ਉਹਨਾਂ ਵੱਲੋਂ ਵੀ, ਜੋ ਸਾਹਿਤ ਨਾਲ ਸੰਕੀਰਣ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਚਾਹੁੰਦੇ ਹਨ। ਸਾਹਿਤ ਇਸ ਸਭ ਕੁਝ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ, ਪਰ ਸੰਪੂਰਨ ਮਨੁੱਖ ਦੀ ਖੋਜ ਵੀ ਜਾਰੀ ਰੱਖਦਾ ਹੈ। ਇਹ ਗ਼ੌਰ ਕਰਨ ਵਾਲੀ ਗੱਲ ਹੈ ਕਿ ਵਿਰਲਾਪ ਦੇ ਸਵਰ ਵਿਚ ਸਭ ਤੋਂ ਉੱਚੇ ਸਵਰ ਅਤੇ ਜਾਂ ਤਾਂ ਉਹਨਾਂ ਦੇ ਹਨ ਜੋ ਇਸਨੂੰ ਕ੍ਰਾਂਤੀ ਦਾ ਇਕ ਮਾਧਿਅਮ ਬਣਾਉਣਾ ਚਾਹੁੰਦੇ ਸਨ ਜਾਂ ਉਹਨਾਂ ਦੇ, ਜੋ ਕਿਸੇ-ਨਾ-ਕਿਸੇ ਤਰ੍ਹਾਂ ਯਥਾ-ਸਥਿਤੀ ਜਾਂ ਇਕ ਪੂਰੀਆਂ ਗਾਥਾਵਾਂ ਵਾਲੇ ਅਤੀਤ ਵੱਲ ਮੁੜਣ ਦੇ ਪੱਖ ਵਿਚ ਸਨ। ਸਾਨੂੰ ਆਪਣੀਆਂ ਅੱਖਾਂ ਉੱਤੇ ਜ਼ੋਰ ਦੇਣਾ ਪੈਂਦਾ ਹੈ, ਜਦੋਂ ਅਸੀਂ ਜਾਂ ਤਾਂ ਅਨ੍ਹੇਰੇ ਵਿਚ ਜਾਂ ਬਹੁਤ ਦੂਰ ਦੇਖਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਾਂ। ਜੀਵਨ ਬਦਲਦਾ ਹੈ ਤਾਂ ਸਾਹਿਤ ਵੀ ਬਦਲਦਾ ਹੈ; ਅਤੇ ਨਵੇਂ ਅਰਥਾਂ ਨੂੰ ਆਕਾਰ ਦੇਣ ਲਈ ਨਵੇਂ ਰੂਪਾਂ ਦਾ ਵਿਕਾਸ ਕਰਦਾ ਹੈ, ਪਰ ਉਹ ਖ਼ੁਦ ਨਵੇਂ ਵੇਸ਼ ਅਤੇ ਵਧੇਰੇ ਅੰਤਰ-ਦ੍ਰਿਸ਼ਟੀ ਦੇ ਨਾਲ ਆਪਣੀ ਕੇਂਦਰੀ ਮਾਨਵਤਾ, ਕੇਂਦਰੀ ਮਾਨਵੀਕਰਣ ਵੱਲ ਮੁੜਦਾ ਹੈ।

ਸਾਹਿਤ ਸਹੀ ਸਵਾਲ ਕਰਦਾ ਹੈ। ਕਦੀ ਸਾਨੂੰ ਵੀ ਉਹ ਅਸੁਖਾਵੇਂ ਲੱਗਦੇ ਹਨ। ਉੱਤਰ ਦੇਣਾ ਉਸਦਾ ਕੰਮ ਨਹੀਂ ਹੈ। 'ਬ੍ਰੇਵ ਨਿਊ ਵਰਲਡ' ਵਿਚ ਹਕਸਲੇ ਨੇ ਸਹੀ ਸਵਾਲ ਪੁੱਛੇ ਸਨ। ਉਹ ਚੰਗਾ ਸਾਹਿਤ ਹੈ। ਲੇਕਿਨ 'ਆਈਲੈਂਡ' ਵਿਚ ਉਸਨੇ ਉੱਤਰ ਦੇਣ ਦੀ ਕੋਸ਼ਿਸ਼ ਕੀਤੀ। ਅਕਸਰ ਇਹ ਨਹੀਂ ਸਮਝਿਆ ਗਿਆ ਕਿ ਸਹੀ ਸਵਾਲ ਪੁੱਛਣ ਵਿਚ ਹੀ ਸਹੀ ਉੱਤਰ ਦਾ ਸੂਤਰ ਲੁਕਿਆ ਰਹਿੰਦਾ ਹੈ। ਸਾਹਿਤ ਰੂਪਕ, ਪ੍ਰਤੀਕ, ਮਿਥ ਆਦਿ ਆਪਣੀਆਂ ਵਿਧੀਆਂ ਨਾਲ ਸੰਕੇਤ ਕਰਦਾ, ਸੁਝਾਂਦਾ ਅਤੇ ਚੰਗੀ ਤਰ੍ਹਾਂ ਦੇਖਦਾ ਹੈ। ਹਰ ਇਕ ਨੂੰ ਆਪਣੇ ਨਿਰਣਿਆਂ ਤੱਕ ਖ਼ੁਦ ਅਪੜਣਾ ਹੁੰਦਾ ਹੈ। ਇਹ ਸੋਚਣਾ ਗ਼ਲਤ ਹੈ ਕਿ ਵਿਗਿਆਨ ਅਤੇ ਤਕਨੀਕਾਂ ਦੇ ਵਿਕਾਸ ਦੀ ਸਾਹਿਤ ਨਾਲ ਦੁਸ਼ਮਣੀ ਹੈ। ਦੋਵੇਂ ਸੱਚ-ਸ਼ੋਧਕ ਹਨ। ਵਿਗਿਆਨ ਦਾ ਜ਼ਿਆਦਾ ਸੰਬੰਧ 'ਕਿਵੇਂ' ਨਾਲ ਹੈ ਅਤੇ ਸਾਹਿਤ ਦਾ 'ਕੀ' ਅਤੇ 'ਕਿਉਂ' ਨਾ। ਸਾਹਿਤ ਨੂੰ ਨਵੇਂ ਪ੍ਰਤੀਕ, ਨਵੇਂ ਰੂਪਕ ਚਾਹੀਦੇ ਹਨ ਅਤੇ ਇਹ ਉਹਨੂੰ ਐਟ੍ਰੋਫ਼ਿਜਿਕਸ ਜਾਂ ਮਾਈਕਰੋਬਾਇਲੋਜੀ ਵਿਚ ਵੀ ਮਿਲ ਸਕਦੇ ਹਨ। ਸਾਹਿਤ ਪੁਰਾਣੀ ਬੋਤਲ ਵਿਚ ਨਵੀਂ ਸ਼ਰਾਬ ਨਹੀਂ ਹੈ; ਉਹ ਨਵੀਂ ਬੋਤਲ ਵਿਚ ਪੁਰਾਣੀ ਸ਼ਰਾਬ ਅਤੇ ਨਵੀਂ ਬੋਤਲ ਵਿਚ ਨਵੀਂ ਸ਼ਰਾਬ ਵੀ ਹੋ ਸਕਦਾ ਹੈ। ਲੇਖਕ ਨੂੰ ਕਦੀ ਵੀ ਸਰਕਾਰ ਦਾ ਹਿੱਸਾ ਜਾਂ ਵਿਰੋਧ ਦਾ ਸਥਾਈ ਨੇਤਾ ਨਹੀਂ ਹੋਣਾ ਚਾਹੀਦਾ। ਉਸਨੂੰ ਆਪਣੀ ਅਸਹਿਮਤੀ ਨੂੰ ਬੁਲੰਦ ਕਰਨਾ ਹੋਵੇਗਾ, ਜਦੋਂ ਚਾਰੇ ਪਾਸੇ ਅਸਹਿਮਤੀ ਦੀ ਕੂਕ-ਪੁਕਾਰ ਉੱਠ ਰਹੀ ਹੋਵੇ: ਪਰ ਉਸਨੂੰ ਆਪਣਾ ਸਿਰ, ਸਹਿਮਤੀ ਵਿਚ ਨਹੀਂ ਹਿਲਾਉਣਾ ਚਾਹੀਦਾ, ਜਦੋਂ ਪ੍ਰਸਥਿਤੀਆਂ ਦੀ ਅਜੇਹੀ ਮੰਗ ਹੋਵੇ, ਜਦੋਂ ਅਸਹਿਮਤੀ ਅਤਿਅੰਤ ਰੂਪ ਵਿਚ ਵਿਨਾਸ਼ਕਾਰੀ ਹੁੰਦੀ ਜਾ ਰਹੀ ਹੋਵੇ। ਪਰ ਲੇਖਕ ਨੂੰ ਆਪਣੇ ਆਪ ਪੂਰੀ ਦੁਨੀਆਂ ਨਹੀਂ ਮੰਨ ਲੈਣਾ ਚਾਹੀਦਾ। ਉਹ ਇਕ ਵਧੀਆ ਸਮਾਜ ਦਾ ਰਾਹ ਸਾਫ਼ ਕਰਨ ਲਈ, ਆਪਣੇ ਸਮਾਜ ਦੇ ਗਤੀਰੋਧ ਨੂੰ ਤੋੜ ਸਕਦਾ ਹੈ, ਇਕ ਪੱਧਰੀ ਨੈਤਿਕਤਾ ਤੱਕ



ਲਿਜਾਣ ਲਈ ਪ੍ਰਚਲਿਤ ਨੈਤਿਕਤਾ ਉੱਤੇ ਆਕਰਮਣ ਕਰ ਸਕਦਾ ਹੈ। ਇਸ ਲਈ ਉਸਨੂੰ 'ਤਤਕਾਲੀਨਤਾ' ਤੋਂ ਉੱਤੇ ਉੱਠਣਾ ਚਾਹੀਦਾ ਹੈ। ਉਸਨੂੰ ਅਤੀਤ, ਵਰਤਮਾਨ ਅਤੇ ਭਵਿੱਖ ਦਾ ਇਕ ਪਰਿਪੇਖ ਵਿਕਸਿਤ ਕਰਨਾ ਹੋਵੇਗਾ। ਸਮਾਂ ਰਹਿੰਦਿਆਂ ਨਾ ਰੋਕੇ ਜਾਣ ਤੇ ਵਿਗਿਆਨ ਅਤੇ ਤਕਨੀਕਾਂ ਸਾਨੂੰ ਇਕ ਨਵੀਂ ਬਰਬਾਦੀ ਵਿਚ ਧੱਕ ਰਹੀਆਂ ਹਨ। ਉਪਭੋਗਤਾਵਾਦ, ਅਤੇ ਸਮਰਿਧੀ ਸਾਹਿਤ ਨੂੰ ਰੁਕਾਵਟ ਸਮਝਦੇ ਹਨ। ਸਿਰਜਣਾਤਮਕ ਯਤਨਾਂ ਦੀ ਸਮਗ੍ਰਤਾ ਨੂੰ ਸੰਰਚਨਾਵਾਦ, ਵਿਛੇਦਵਾਦ, ਭਾਸ਼ਾਈ ਵਿਸ਼ਲੇਸ਼ਣ ਅਤੇ ਉਦੇਸ਼-ਸ਼ਾਸਤਰ ਦੀਆਂ ਬਹਿਸਾਂ ਵਿਚ ਵੰਡ ਦੇਣ ਲਈ ਉਹ ਵੰਡਵਾਦ ਨੂੰ ਉਤਸ਼ਾਹਿਤ ਕਰ ਦੇਂਦੇ ਹਨ। ਸਾਹਿਤਕ ਆਲੋਚਨਾ ਆਪਣੀ ਕੇਂਦਰੀ ਭੂਮਿਕਾ-ਅਨੁਭਵ ਅਤੇ ਅਨੁਭਵ ਵਿਚ ਅੰਤਰ ਅਤੇ ਉਸਦਾ ਮੁਲਾਂਕਣ, ਮਨੁੱਖ ਦੀ ਰੁਚੀ ਬਣਾਉਣ ਅਤੇ ਖੋਜ ਵਿਚ ਅਰਥ ਤਲਾਸ਼ਣ ਤੋਂ ਦੂਰ ਹਟ ਚੁੱਕਿਆ ਹੈ। ਮੁੱਲ ਨਿਰਮਾਣ ਜ਼ਰੂਰੀ ਹੈ, ਜੇਕਰ ਨਵੀਆਂ ਕੀਮਤਾਂ ਨਿਰੰਤਰ ਵਿਕਸਿਤ ਹੁੰਦੀਆਂ ਹਨ। ਸਾਹਿਤ ਨਾ ਤਾਂ ਧਰਮ ਦੀ ਦਾਸੀ ਹੈ, ਨਾ ਇਕ ਸਮਾਜਿਕ ਵਰਤ ਜਾਂ ਰਾਜਨੀਤਕ ਯਤਨ। ਉਸਦੀ ਵਿਸ਼ੇਸ਼ ਅੰਤਰ-ਦ੍ਰਿਸ਼ਟੀ ਅਤੇ ਪ੍ਰਭਾਵੀ ਰੂਪ, ਹਰ ਥਾਂ ਦਿਲਾਂ ਨੂੰ ਪਾ ਲੈਂਦੇ ਹਨ: ਆਸਥਾ ਵਿਚ, ਸਮਾਜ ਵਿਚ, ਆਪਣੇ ਅਤੇ ਆਪਣੇ ਸਥਾਨ ਨੂੰ ਪ੍ਰਾਪਤ ਕਰਨ ਲਈ ਵਿਅਕਤੀ ਦੀ ਜਦੋਜਹਿਦ ਵਿਚ। ਲੇਖਕ ਅਤੇ ਕਵੀ ਨਸ਼ਟ ਕਰਕੇ ਨਵਾਂ ਰਚਦਾ ਹੈ ਅਤੇ ਫਿਰ ਨਵਾਂ ਰਚਨ ਲਈ ਉਸਨੂੰ ਨਸ਼ਟ ਕਰਦਾ ਹੈ। ਜਿਸਨੂੰ ਸਾਹਿਤ ਮੰਨ ਲਿਆ ਜਾਂਦਾ ਹੈ, ਉਹ ਵਧੇਰੇ ਸਾਹਿਤ ਨਹੀਂ ਹੁੰਦਾ; ਉਹ ਕੱਚੀ ਭਾਵੁਕਤਾ, ਸਥੂਲ ਦਰਸ਼ਨ, ਉਪਦੇਸ਼ਾਤਮਕਤਾ, ਸੁਪਨੇ ਜਾਂ ਰਾਜਨੀਤਕ ਮਤਵਾਦੀਕਰਣ ਹੈ; ਪਰ ਇਸਦਾ ਅਰਥ ਇਹ ਨਹੀਂ ਕਿ ਸਾਹਿਤ ਦੀ ਨੈਤਿਕ, ਸਾਮਾਜਿਕ ਅਤੇ ਰਾਜਨੀਤਕ ਦ੍ਰਿਸ਼ਟੀ ਨਹੀਂ ਹੁੰਦੀ। ਭਾਸ਼ਾ ਦਾ ਆਪਣਾ ਅਧੂਰਾਪਣ ਹੈ, ਪਰ ਸਭਿਅ ਮਨੁੱਖ ਦੇ ਕੋਲ ਏਹੀ ਸਰਵ-ਸ੍ਰੇਸ਼ਟ ਉਪਕਰਣ ਹੈ, ਜਿਸ ਨਾਲ ਉਹ ਆਪਣੀ ਖੋਜ ਕਰ ਸਕਦਾ ਹੈ ਅਤੇ ਆਪਣੇ ਆਪ ਨੂੰ ਸਮਝਣ ਲੱਗਦਾ ਹੈ। ਹਮੇਸ਼ਾ ਹੀ ਕੁਝ ਸਵਾਰਥੀ ਪੱਖਾਂ ਦੁਆਰਾ ਅਤੇ ਉਸਦੇ ਕੇਂਦਰੀ ਸਰੋਕਾਰਾਂ ਨੂੰ ਹਾਸ਼ੀਏ ਉੱਤੇ ਕਰ ਦੇਣ, ਉੱਚ-ਨੀਚ ਬਣਾਉਣ, ਉਸਦੀ ਊਰਜਾ ਨੂੰ ਗ਼ਲਤ ਮੋੜ ਦੇਣ, ਉਸਦੇ ਨੇੜੇ-ਤੇੜੇ ਦੇ ਸੱਚ, ਯਥਾਰਥ ਅਤੇ ਜਟਿਲਤਾ ਨੂੰ ਲੁਕਾ ਦੇਣ ਦੇ ਉਦੇਸ਼ ਨਾਲ ਬਹੁਤ ਸਾਰਾ ਭ੍ਰਮ ਫੈਲਾਇਆ ਜਾਂਦਾ ਰਿਹਾ ਹੈ। ਇਸੇ ਲਈ ਸਾਹਿਤ ਦੇ ਖ਼ਿਲਾਫ਼ ਇਹ ਨਿੰਦਿਆ ਅਭਿਆਨ ਚਲਾਇਆ ਜਾਂਦਾ ਹੈ। ਉਸਨੂੰ ਗ਼ੈਰ-ਆਧੁਨਿਕ, ਪ੍ਰਗਤੀ ਵਿਰੋਧੀ, ਵਿਗਿਆਨ ਵਿਰੋਧੀ ਕਿਹਾ ਜਾਂਦਾ ਹੈ, ਜੋ ਮਨੁੱਖ ਜਾਤੀ ਦਾ ਰੱਖਿਅਕ ਅਤੇ ਉਪਕਾਰਕ ਹੈ। ਅਲੇਗਜ਼ੈਂਡਰ ਸੋਲਜੇਨਿਤਸਨ ਨੇ ਆਪਣੇ ਨੋਬਲ ਪੁਰਸਕਾਰ-ਗ੍ਰਹਿਣ ਵਿਖਿਆਨ ਵਿਚ ਕਿਹਾ ਸੀ, "ਅਭਾਗਾ ਹੈ ਉਹ ਰਾਸ਼ਟਰ, ਜਿਸਦਾ ਸਾਹਿਤ ਸੱਤਾ ਦੀ ਦਖ਼ਲ-ਅੰਦਾਜ਼ੀ ਵਿਚ ਪਰੇਸ਼ਾਨ ਹੈ; ਕਿਉਂਕਿ ਇਹ ਸਿਰਫ਼ ਪ੍ਰਕਾਸ਼ਨ ਦੀ ਸੁਤੰਤਰਤਾ ਦਾ ਹੀ ਹਨਨ ਨਹੀਂ ਹੈ, ਇਹ ਰਾਸ਼ਟਰ ਦੇ ਦਿਲ ਦੀ ਧੜਕਣ ਦਾ ਬੰਦ ਹੋ ਜਾਣਾ, ਉਸਦੀ ਸਿਮ੍ਰਿਤੀ ਦੇ ਟੁਕੜੇ-ਟੁਕੜੇ ਕਰ ਦੇਣਾ ਹੈ।" ਖ਼ੁਸ਼ਕਿਸਮਤੀ ਨਾਲ ਸਾਡੇ ਦੇਸ਼ ਵਿਚ ਪ੍ਰਗਟਾਵੇ ਦੀ ਸੁਤੰਤਰਤਾ ਹੈ, ਪਰ ਅਸੀਂ ਖ਼ੁਦ ਕੁਝ ਜਾਣੇ-ਪਛਾਣੇ ਸੂਤਰਾਂ ਤੇ ਹੀ ਗੱਲ ਕਰਦੇ ਹਨ; ਆਪਣੀ ਸੰਸਕ੍ਰਿਤੀ ਦੇ ਆਧਾਰਾਂ ਅਤੇ ਜੜ੍ਹਾਂ ਜਾਂ ਆਪਣੇ ਅਤੀਤ ਦੇ ਧੁੰਦਲੇ ਵਕਫ਼ਿਆਂ ਦੇ ਬਾਰੇ ਵਿਚ ਲਿਖਣਾ ਜਾਂ ਪੱਛਮ ਦੇ ਮਾੜੇ ਸੁਪਨਿਆਂ ਨੂੰ ਦੁਹਰਾਉਣਾ, ਉਪਭੋਗਤਾ-ਵਾਦ ਜਾਂ ਸ਼ਸਤਰੀਕਰਣ ਦੀ ਪਾਗ਼ਲ ਦੌੜ ਵਿਚ ਸ਼ਾਮਿਲ ਹੋਣਾ; ਅਤੇ ਕਿਸੇ ਦੂਰ ਦੇ ਯੁੱਗ ਦੀ ਜਾਦੂਈ ਦੁਨੀਆਂ ਦੇ ਕੋਲ ਜਾਂ ਜ਼ਿੰਦਗੀ ਦੀ ਇਕ ਬਦਸੂਰਤ ਅਤੇ ਆਤਮਾਹੀਣ, ਅਮਾਨਵੀ ਸ਼ੈਲੀ ਕੋਲ ਆਪਣੀ ਰਚਨਾਤਮਕ ਊਰਜਾ ਨੂੰ ਗਹਿਣੇ ਰੱਖ ਦੇਣਾ, ਜੋ ਆਕਰਸ਼ਕ ਹੋਣ ਦੇ ਬਾਵਜੂਦ ਸਾਨੂੰ ਇੱਕ ਬਰਬਰਤਾ ਵਿਚ ਪਾ ਰਹੀ ਹੈ। "ਸਾਡੇ ਵੱਡੇ ਮਕਾਨਾਂ ਵਿਚ", ਗਾਂਧੀ ਜੀ ਨੇ ਕਿਹਾ ਸੀ, "ਬਹੁਤ ਸਾਰੀਆਂ ਖਿੜਕੀਆਂ ਹਨ, ਅਸੀਂ ਸਾਰੀਆਂ ਖਿੜਕੀਆਂ

ਨੂੰ ਖੁੱਲ੍ਹਾ ਰੱਖਣਾ ਚਾਹੁੰਦੇ ਹਾਂ ਤਾਂ ਜੋ ਸਾਰੇ ਪਾਸਿਆਂ ਤੋਂ ਤਾਜ਼ੀ ਹਵਾ ਆਉਂਦੀ ਰਹੇ। ਪਰ ਅਸੀਂ ਨਹੀਂ ਚਾਹੁੰਦੇ ਕਿ ਉਹ ਸਾਨੂੰ ਉਡਾ ਕੇ ਲੈ ਜਾਏ।"

ਸਾਲ ਬੇਲੋ ਨੇ 1971 ਵਿਚ ਕਿਹਾ ਸੀ (ਡਾਇਲਾਗ਼ ਜਿਲਦ 4) : "ਇੱਕ ਪੱਖੀ ਕਿੱਤਾਵਾਦ ਮੌਤ ਹੈ। ਮਸ਼ੀਨੀਕਰਨ ਅਤੇ ਨੌਕਰਸ਼ਾਹੀ ਖ਼ੁਦ ਸਾਡੇ ਨਾਲ ਹੈ। ਅਸੀਂ ਇਹ ਬਹਾਨਾ ਨਹੀਂ ਕਰ ਸਕਦੇ ਕਿ ਪ੍ਰਯੋਗਿਕੀ ਕ੍ਰਾਂਤੀ ਨਹੀਂ ਹੋਈ ਹੈ, ਅਸੀਂ ਉਸਦਾ ਲਾਭ ਲੈ ਰਹੇ ਹਾਂ। ਅਸੀਂ ਉਸਦੇ ਗ਼ੁਲਾਮ ਵੀ ਹੋ ਸਕਦੇ ਹਾਂ। ਮੁੱਢਲੀ ਜ਼ਰੂਰਤ, ਇਸ ਲਈ ਨਿਆਂ ਅਤੇ ਸਮਾਨਤਾ ਲਈ ਲੜਣ ਦੀ ਹੈ। ਸਾਰਿਆਂ ਦੇ ਨਾਲ ਕਲਾਕਾਰ ਨੂੰ ਵੀ ਆਪਣੇ ਜੀਵਨ, ਆਪਣੀ ਸੁਤੰਤਰਤਾ ਲਈ ਲੜਣਾ ਹੋਵੇਗਾ। ਇਹ ਨਾਵਲਕਾਰ ਨੂੰ ਸਿੱਧੇ ਰਾਜਨੀਤੀ ਵਿਚ ਕੁੱਦ ਪੈਣ ਦੀ ਸਲਾਹ ਨਹੀਂ ਹੈ ਪਰ ਇੱਕ ਸ਼ੁਰੂਆਤ ਲਈ, ਉਸ ਨੂੰ ਆਪਣੀ ਉਸ ਬੁੱਧੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਜੋ ਇਕ ਲੰਮੇ ਸਮੇਂ ਤੋਂ ਬੇਕਾਰ ਪਈ ਹੈ। ਜੇਕਰ ਇਹ ਰਾਜਨੀਤੀ ਨੂੰ ਖਾਰਜ ਵੀ ਕਰਦਾ ਹੈ ਤਾਂ ਉਸ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਕੀ ਖਾਰਜ ਕਰ ਰਿਹਾ ਹੈ। ਉਸ ਨੂੰ ਸੋਚਣਾ ਚਾਹੀਦਾ ਹੈ ; ਅਤੇ ਸਿਰਫ਼ ਆਪਣੇ ਸੰਕੀਰਣ ਸਵਾਰਥਾਂ ਦੇ ਬਾਰੇ ਹੀ ਨਹੀਂ, ਬਲਕਿ ਉਸ ਆਮ ਦੁਨੀਆਂ ਦੇ ਬਾਰੇ ਵੀ ਸੋਚਣਾ ਚਾਹੀਦਾ ਹੈ ਜਿਸਨੂੰ ਦੇਖ ਸਕਣ ਵਿਚ ਉਹ ਹੁਣ ਤੱਕ ਨਾ-ਕਾਮਯਾਬ ਰਿਹਾ ਹੈ। ਆਪਣੇ ਅਲਗਾਓ ਨੂੰ ਬਹੁਤ ਮਹੱਤਵਪੂਰਨ ਸਮਝਣ ਦਾ ਖ਼ਿਆਲ ਸਹੀ ਨਹੀਂ ਹੈ। ਉਸਦਾ ਅੱਸੀ ਪ੍ਰਤੀਸ਼ਤ ਵਿਅਰਥ ਹੈ। ਜੇਕਰ ਉਹ ਸੋਚਦਾ ਹੈ ਕਿ ਉਸਦਾ ਵਿਦਰੋਹ ਮਹੱਤਵਪੂਰਨ ਹੈ ਤਾਂ ਉਹ ਗ਼ਲਤ ਹੈ, ਕਿਉਂਕਿ ਇਹ ਦੁਨੀਆਂ ਆਪਣੇ ਹੋਣ ਵਿਚ ਹੀ ਕਿਧਰੇ ਜ਼ਿਆਦਾ ਕ੍ਰਾਂਤੀਕਾਰੀ ਹੈ। ਸੱਤਾ ਦੇ ਅਨੁਕਰਣ ਦੇ ਆਪਣੇ ਯਤਨਾਂ ਵਿਚ, ਹਿੰਸਾ ਅਤੇ ਉਗਰਤਾ ਨਾਲ 'ਵਾਸਤਵਿਕ ਰਾਜਨੀਤੀ' ਦੇ ਅਨੁਕਰਣ ਵਿਚ ਲੇਖਕ ਆਪਣੀ ਬੇਵਕੂਫ਼ੀ ਹੀ ਜ਼ਾਹਿਰ ਕਰਦੇ ਹਨ। 'ਰੁਮਾਂਟਿਕ ਅਪਰਾਧੀ ਜਾਂ ਪਾਤਕੀ ਮਹੱਤਵਪੂਰਨ ਮਾਨਵੀ ਸੱਚ ਤੋਂ ਮੀਲਾਂ ਦੂਰ ਹਨ। ਲੇਖਕ ਦਾ ਸਰੋਕਾਰ ਨਾਲ ਸੱਚ ਨਾਲ ਹੋਣਾ ਚਾਹੀਦਾ ਹੈ।"

ਸਾਹਿਤ ਅਸਫ਼ਲ ਨਹੀਂ ਰਿਹਾ ਹੈ ਪਰ ਫਾਰਮੂਲ਼ਿਆਂ ਅਤੇ ਫ਼ੈਸ਼ਨ ਦਾ ਸਾਹਿਤ ਕਾਮ ਅਤੇ ਹਿੰਸਾ, ਅਵਿਚਾਰਤ ਪ੍ਰਵਾਨਗੀ ਅਤੇ ਅਵਚੇਤਨ ਦੇ ਅੱਧ-ਵਿਸ਼ਵ ਵਿਚ ਅੰਤਹੀਣ ਭਟਕਣਾਂ, ਅਤੇ ਵਿਵੇਕ-ਸ਼ੂਨਯ ਦੀਆਂ ਕੁੰਠਾਵਾਂ ਦਾ ਸਾਹਿਤ ਅਸਫ਼ਲ ਹੈ। ਆਲੋਚਨਾ ਇਕ ਅਭਿਜਾਤੀ ਉਦਯੋਗ ਬਣ ਗਈ ਹੈ। ਲੇਸਲੀ ਫ਼ੀਲਡਰ ਨੇ ਉਸ ਸੰਪਾਦਕ ਦੇ ਬਾਰੇ ਵਿਚ ਲਿਖਿਆ, ਜਿਸਨੇ ਨਵੀਆਂ ਚੀਜ਼ਾਂ ਦੇ ਆਗਮਨ ਦੇ ਬਾਰੇ ਵਿਚ ਪੁੱਛਣ ਤੇ ਜਵਾਬ ਦਿੱਤਾ ਸੀ, "ਕੇਵਲ ਕੁਝ ਨਵੀਆਂ ਕਹਾਣੀਆਂ। ਜਦੋਂ ਆਲੋਚਨਾ ਸਿਰਫ਼ ਆਲੋਚਕਾਂ ਦੇ ਬਾਰੇ ਵਿਚ ਹੁੰਦੀ ਹੈ ਤਾਂ ਉਹ ਭਟਕ ਜਾਂਦੀ ਹੈ। ਇਕ ਆਲੋਚਕ ਨੂੰ ਪੜ੍ਹਕੇ ਜਦੋਂ ਪਾਠਕ ਕਿਤਾਬ ਬੰਦ ਕਰਦਾ ਹੈ ਤਾਂ ਉਸਨੂੰ ਨਵੀਆਂ ਹੋਰ ਕਿਤਾਬਾਂ ਨੂੰ ਖੋਲ੍ਹਣ ਦੇ ਯੋਗ ਹੋ ਸਕਣਾ ਚਾਹੀਦਾ ਹੈ। ਆਲੋਚਕ ਮ੍ਰਿਤੂ-ਦੰਡ ਸੁਣਾਉਣ ਵਾਲਾ ਜੱਜ ਨਹੀਂ ਹੈ; ਉਹ ਸਲਾਹਕਾਰ, ਦਾਰਸ਼ਨਿਕ ਅਤੇ ਮਿੱਤਰ ਹੈ। ਉਹ ਅਜਿਹੀ ਭਾਸ਼ਾ ਵਿਚ ਗੱਲ ਕਰਦਾ ਹੈ, ਜਿਸਦੀ ਆਪਣੀ ਸਿਰਜਣਾਤਮਕ ਅਤੇ ਬਿਚਾਰ-ਉਤੇਜਿਕ ਸ਼ੈਲੀ ਹੈ। ਅਸੀਂ ਆਪਣੀ ਕਲਪਨਾ ਦਾ ਉਪਯੋਗ ਦਿਮਾਗ਼ੀ ਕੈਦਖ਼ਾਨੇ ਬਣਾਉਣ ਵਿਚ ਕੀਤਾ ਹੈ, ਦੁੱਖੀ ਅਤੇ ਸੰਘਰਸ਼ ਮਾਨਵਤਾ ਦੀ ਦ੍ਰਿਸ਼ਟੀ ਵਿਕਸਿਤ ਕਰਨ ਵਿਚ ਨਹੀਂ; ਦਰਖ਼ਤਾਂ ਨੂੰ ਡੇਗਣ ਵਿਚ ਅਸੀਂ ਜੰਗਲ ਨੂੰ ਭੁੱਲ ਗਏ ਹਾਂ। ਸਾਹਿਤ ਸਿਰਫ਼ 'ਕਥਨ' ਹੀ ਨਹੀਂ ਹੈ, ਉਹ 'ਰਚਨਾ' ਵੀ ਹੈ; ਅਤੇ ਜੋ ਕੁਝ ਉਦੈਮਾਨ ਹੈ, ਉਸਨੂੰ ਦੇਖਦੇ ਹੋਏ ਇਹ 'ਰਚਨਾ' ਹੋਰ ਵੀ ਪ੍ਰਸੰਗਿਕ ਹੋ ਜਾਂਦੀ ਹੈ। ਪਵਿਤਰ ਅਤੇ ਅਪਵਿਤਰ ਦੇ ਵਿਚਕਾਰ ਇਹ ਸੰਘਰਸ਼ ਜਾਰੀ ਰਹਿਣਾ ਚਾਹੀਦਾ ਹੈ।



# ਭਾਰਤੀ ਦਰਸ਼ਨ ਦੇ ਸੰਦਰਭ 'ਚ ਦਲੀਪ ਕੌਰ ਟਿਵਾਣਾ ਦੇ ਨਾਵਲ

- ਜਸਵਿੰਦਰ ਕੌਰ

ਭਾਰਤੀ ਪੱਧਰ ਤੇ ਨਾਵਲ ਇੱਕ ਸਥਾਪਿਤ ਸਾਹਿਤਕ ਵਿਧਾ ਹੈ ਜਿਸ ਨੇ ਲੰਬਾ ਸਫ਼ਰ ਤੈਅ ਕਰਦਿਆਂ ਆਪਣੇ-ਆਪ ਨੂੰ ਹੋਰ ਸਾਹਿਤਕ ਰੂਪਾਂ ਦੇ ਮੁਕਾਬਲੇ ਵੱਧ ਵਿਕਸਿਤ ਕੀਤਾ ਹੈ। ਸਮੁੱਚੇ ਭਾਰਤੀ ਸਾਹਿਤ ਦੇ ਸੰਦਰਭ ਵਿਚ ਇਹ ਗੱਲ ਹੋਰ ਵੀ ਦ੍ਰਿੜ੍ਹ ਹੋ ਜਾਂਦੀ ਹੈ ਕਿ ਭਾਰਤੀ ਰੂਪ ਨੂੰ ਯਥਾਰਥਵਾਦੀ ਰੂਪ 'ਚ ਜਿੰਨਾ ਨਾਵਲ ਉਭਾਰ ਸਕਿਆ ਹੈ ਕੋਈ ਹੋਰ ਵਿਧਾ ਨਹੀਂ। ਨਾਵਲ ਦਾ ਆਪਣਾ ਇੱਕ ਵਿਸ਼ਾਲ ਕੈਨਵਸ ਹੈ। ਰਚਨਾਕਾਰ ਸਮਾਜ ਦੇ ਹਰ ਪਹਿਲੂ ਨੂੰ ਡੂੰਘਾਈ ਦੀ ਪੱਧਰ 'ਤੇ ਸਿਰਜਦਿਆਂ ਸਮੁੱਚੇ ਮਾਨਵ ਜਾਤੀ ਨਾਲ ਜੁੜੇ ਕਈ ਪਹਿਲੂ ਪੇਸ਼ ਕਰਦਾ ਹੈ। ਉਸ ਦੀ ਪੇਸ਼ਕਾਰੀ ਸਮੁੱਚੇ ਸਮਾਜਿਕ ਧਰਾਤਲ ਦੀ ਪੇਸ਼ਕਾਰੀ ਹੋ ਨਿੱਬੜਦੀ ਹੈ। ਇਸੇ ਕਰਕੇ ਨਾਵਲ ਨੂੰ ਮਹਾਂਕਾਵਿ ਦਾ ਰੂਪ ਦਿੱਤਾ ਗਿਆ ਹੈ।

ਇਸੇ ਸੰਦਰਭ ਵਿਚ ਪੰਜਾਬੀ ਨਾਵਲ ਪਰੰਪਰਾ ਦਾ ਵਿਕਾਸ ਹੋਇਆ ਹੈ। ਪੰਜਾਬੀ ਨਾਵਲ ਦੇ ਖੇਤਰ 'ਚ ਅਜਿਹੀ ਭੂਮਿਕਾ ਦਲੀਪ ਕੌਰ ਟਿਵਾਣਾ ਦੀ ਰਚਨਾ ਪ੍ਰਕਿਰਿਆ ਨੇ ਨਿਭਾਈ ਹੈ। ਉਸ ਦੇ ਨਾਵਲ ਜਦੋਂ ਸਮਾਜ ਦੇ ਹਰ ਪਹਿਲੂ ਨੂੰ ਇੱਕ ਖਾਸ ਦ੍ਰਿਸ਼ਟੀਕੋਣ ਤੋਂ ਸਮਝਦੇ ਤੇ ਉਭਾਰਦੇ ਹਨ ਤਾਂ ਅਜਿਹੇ ਰੂਪ 'ਚ ਪੰਜਾਬੀ ਨਾਵਲ ਦੀ ਸਥਾਪਨਾ ਦੇਣ ਦੇ ਨਾਲ-ਨਾਲ ਕਈ ਹੋਰ ਪਹਿਲੂ ਵੀ ਸਥਾਪਿਤ ਹੁੰਦੇ ਹਨ ਜਿਹੜੇ ਪੰਜਾਬੀ ਸਮਾਜ ਦੀ ਗੱਲ ਕਰਦੇ ਹਨ। ਰਚਨਾਕਾਰ ਦੀ ਰਚਨਾ ਦਾ ਇਹ ਅਗਾਂਹਵਧੂ ਤੇ ਅਹਿਮ ਪਹਿਲੂ ਹੈ ਕਿ ਉਸ ਨੇ ਭਾਰਤੀ ਦਰਸ਼ਨ ਦੇ ਸੰਦਰਭ 'ਚ ਆਪਣੇ ਵਿਸ਼ਿਆਂ ਨੂੰ ਪੇਸ਼ ਕਰਦਿਆਂ ਮਾਨਵ ਜਾਤੀ ਦੇ ਹਰ ਪਹਿਲੂ ਨੂੰ ਸਿਰਜਣ ਦੇ ਨਾਲ-ਨਾਲ ਸਮਝਦਿਆਂ ਜੀਵਨ ਦੇ ਕਈ ਪੱਖ ਉਭਾਰੇ ਹਨ। ਉਸ ਦੀਆਂ ਲਿਖਤਾਂ ਤੋਂ ਇਹ ਗੱਲ ਉਜਾਗਰ ਹੁੰਦੀ ਹੈ ਕਿ ਉਸ ਨੇ ਜੀਵਨ ਦੇ ਯਥਾਰਥ ਤੇ ਆਧੁਨਿਕ ਚਿੰਤਨ ਦੇ ਸੁੰਦਰ ਸੁਮੇਲ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕੀਤਾ ਹੈ। ਉਸ ਦੇ ਨਾਵਲਾਂ ਨੇ ਸਮੁੱਚੇ ਪੰਜਾਬੀ ਨਾਵਲ ਨੂੰ ਵਿਸ਼ੇ ਅਤੇ ਨਿਭਾਅ ਪੱਖੋਂ ਵਿਲੱਖਣ ਸਥਾਨ ਦਿੱਤਾ ਹੈ।

ਦਲੀਪ ਕੌਰ ਟਿਵਾਣਾ ਨੇ ਆਪਣੇ ਨਾਵਲਾਂ ਰਾਹੀਂ ਮਨੁੱਖੀ ਮਨ ਦੀਆਂ ਵਿਭਿੰਨ ਪਰਤਾਂ ਨੂੰ ਕੇਵਲ ਫ਼ਰੋਲਣ ਦਾ ਯਤਨ ਹੀ ਨਹੀਂ ਕੀਤਾ ਸਗੋਂ ਉਸ ਨੂੰ ਸਮਝਣ ਤੇ ਸਮਝਾਉਣ ਦਾ ਉਪਰਾਲਾ ਵੀ ਕੀਤਾ ਹੈ। ਉਸ ਦੀਆਂ ਰਚਨਾਵਾਂ ਦੇ ਵਿਸ਼ੇ ਜੀਵਨ ਦੀ ਪ੍ਰਤੀਨਿਧਤਾ ਕਰਦੇ ਪ੍ਰਤੀਤ ਹੁੰਦੇ ਹਨ। ਨਾਵਲਾਂ ਵਿਚਲੇ ਵਿਸ਼ੇ, ਪਾਤਰਾਂ ਦੀ ਮਨੋਸਥਿਤੀ ਨੂੰ ਸਮਝਣ ਲਈ ਦਲੀਪ ਕੌਰ ਟਿਵਾਣਾ ਦੇ ਨਾਵਲ ਭਾਰਤੀ ਦਰਸ਼ਨ ਦੇ ਸੰਦਰਭ 'ਚ ਵਿਚਰਦੇ ਹਨ।

ਭਾਰਤੀ ਫ਼ਲਸਫ਼ੇ ਨੂੰ ਆਪਣੀ ਵਿਲੱਖਣਤਾ ਕਰਕੇ ਵਿਸ਼ਵ ਦਰਸ਼ਨ ਦੇ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਹੈ। ਭਾਰਤੀ ਪਰੰਪਰਾ ਅਨੁਸਾਰ ਫ਼ਲਸਫ਼ੇ ਨੂੰ ਦਰਸ਼ਨ ਕਿਹਾ ਜਾਂਦਾ ਹੈ। ਮੁੱਢ ਤੋਂ ਹੀ ਮਨੁੱਖ ਅੰਦਰ ਜੀਵਨ ਤੇ ਜਗਤ ਦੇ ਗੂੜ੍ਹ ਰਹੱਸ ਨੂੰ ਜਾਨਣ ਦੀ ਪ੍ਰਬਲ ਇੱਛਾ ਰਹੀ ਹੈ ਜਿਸ ਦੀ ਪੂਰਤੀ ਲਈ ਮਨੁੱਖ ਨਿਰੰਤਰ ਯਤਨ ਕਰਦਾ ਰਿਹਾ ਹੈ। ਉਹ ਆਪਣੇ ਜੀਵਨ ਦਾ ਉਦੇਸ਼, ਜਨਮ-ਮਰਨ ਦੇ ਰਹੱਸ, ਸ੍ਰਿਸ਼ਟੀ ਤੇ ਬ੍ਰਹਿਮੰਡ ਦੇ ਰਚਨਹਾਰ ਨੂੰ ਆਪਣੇ ਗਿਆਨ ਦਾ ਵਿਸ਼ਾ ਬਣਾਉਣ ਚਾਹੁੰਦਾ ਹੈ। ਦਰਸ਼ਨ-ਸ਼ਾਸਤਰ ਇਨ੍ਹਾਂ ਸੁਆਲਾਂ ਨਾਲ ਜੂਝਦੇ ਹੋਏ ਇਨ੍ਹਾਂ ਦਾ ਹੱਲ ਕਰਨ ਦਾ ਉਪਰਾਲਾ ਕਰਦਾ ਹੈ। ਦਰਸ਼ਨ ਦੀ ਉਤਪਤੀ ਦਾ ਪ੍ਰਯੋਜਨ ਦੁੱਖ ਦੀ ਨਵਿਰਤੀ ਤੇ ਸੁੱਖ ਦੀ ਪ੍ਰਾਪਤੀ ਹੈ। ਭਾਰਤੀ ਦਰਸ਼ਨ ਦੀਆਂ ਅਨੇਕ ਵਿਸ਼ੇਸ਼ਤਾਵਾਂ ਉਸ ਦੇ ਮਹੱਤਵ ਨੂੰ ਉਜਾਗਰ ਕਰਕੇ ਸੰਸਾਰ ਦੇ ਬਾਕੀ ਦਰਸ਼ਨਾਂ ਨਾਲੋਂ ਭਿੰਨਤਾ ਪ੍ਰਦਾਨ ਕਰਦੀਆਂ ਹਨ। ਭਾਰਤੀ ਦਰਸ਼ਨ ਦਾ ਦ੍ਰਿਸ਼ਟੀਕੋਣ ਆਤਮ ਨਿਸ਼ਠ ਹੈ ਜੋ ਸੰਸਲੇਸ਼ਣੀ ਵਿਧੀ ਨੂੰ ਅਪਣਾਉਂਦਾ ਹੈ। ਇਹ ਦਰਸ਼ਨ ਅੰਤਰ-ਦ੍ਰਿਸ਼ਟੀ ਨੂੰ ਮਹੱਤਤਾ ਦੇ ਕੇ ਸੰਸਾਰ ਦੀ ਮਾਇਆਗਤ ਵਿਆਖਿਆ ਹੈ। ਭਾਰਤੀ ਦਰਸ਼ਨ ਅਨੁਸਾਰ ਜੀਵਨ ਦੇ ਚਾਰ

ਆਦਰਸ਼ ਧਰਮ, ਅਰਥ, ਕਾਮ ਅਤੇ ਮੋਕਸ਼ ਹਨ ਜਿਨ੍ਹਾਂ ਨੂੰ ਚਾਰ ਪੁਰਸ਼ਾਰਥ ਵੀ ਕਿਹਾ ਜਾਂਦਾ ਹੈ। ਇਨ੍ਹਾਂ ਚਾਰ ਪੁਰਸ਼ਾਰਥਾਂ ਦੇ ਆਧਾਰ 'ਤੇ ਭਾਰਤੀ ਦਰਸ਼ਨ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ-ਧਰਮ ਸ਼ਾਸਤਰ, ਅਰਥ ਸ਼ਾਸਤਰ, ਕਾਮ ਸ਼ਾਸਤਰ ਤੇ ਮੋਕਸ਼ ਸ਼ਾਸਤਰ। ਧਰਮ ਸ਼ਾਸਤਰ, ਅਰਥ ਸ਼ਾਸਤਰ ਤੇ ਕਾਮ ਸ਼ਾਸਤਰ ਦੇ ਵਿਸ਼ਵ ਪ੍ਰਸਿੱਧ ਗ੍ਰੰਥ ਕ੍ਰਮਵਾਰ ਮਨੂੰ ਸਮ੍ਰਿਤੀ, ਕੌਟਿਲਯ ਰਚਿਤ ਅਰਥ ਸ਼ਾਸਤਰ ਅਤੇ ਆਚਾਰੀਆ ਵਾਤਸਾਇਨ ਰਚਿਤ ਕਾਮਸੂਤਰ ਹਨ।

ਭਾਰਤੀ ਦਰਸ਼ਨ ਦਾ ਦੀਰਘ ਅਧਿਐਨ ਵਿਭਿੰਨ ਭਾਰਤੀ ਦਾਰਸ਼ਨਿਕ ਪ੍ਰਣਾਲੀਆਂ ਦੇ ਅੰਤਰਗਤ ਕੀਤਾ ਗਿਆ ਹੈ। ਇਹ ਦਾਰਸ਼ਨਿਕ ਪ੍ਰਣਾਲੀਆਂ ਭਿੰਨ-ਭਿੰਨ ਸਮੇਂ ਮਨੁੱਖੀ ਵਿਕਾਸ ਨਾਲ ਬਦਲਦੀ ਵਿਚਾਰਧਾਰਾ ਦੌਰਾਨ ਹੋਂਦ ਵਿਚ ਆਈਆਂ। ਭਾਵੇਂ ਇਹ ਵਿਚਾਰਧਾਰਾਵਾਂ/ ਪ੍ਰਣਾਲੀਆਂ ਇੱਕ ਦੂਜੀ ਨਾਲ ਇਕਸੁਰ ਨਹੀਂ ਹੁੰਦੀਆਂ ਅਤੇ ਸੁਤੰਤਰ ਹਨ ਪਰ ਇਹ ਸਮੇਂ-ਸਮੇਂ 'ਤੇ ਇੱਕ ਦੂਜੀ ਤੋਂ ਪ੍ਰਭਾਵਿਤ ਹੁੰਦੀਆਂ ਰਹੀਆਂ ਹਨ। ਭਾਰਤੀ ਦਰਸ਼ਨ ਦਾ ਆਰੰਭ ਵੇਦਾਂ ਤੋਂ ਹੁੰਦਾ ਹੈ। ਜੇਕਰ ਦਾਰਸ਼ਨਿਕ ਵਿਚਾਰਧਾਰਾ ਨੂੰ ਇਤਿਹਾਸਕ ਆਧਾਰ 'ਤੇ ਵੰਡਿਆ ਜਾਵੇ ਤਾਂ ਇਸ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ-ਵੈਦਿਕ ਯੁੱਗ, ਰਾਮਾਇਣ, ਮਹਾਂਭਾਰਤ ਦਾ ਯੁੱਗ, ਸੂਤਰ ਯੁੱਗ ਤੇ ਛੇ ਦਾਰਸ਼ਨਿਕ ਪ੍ਰਣਾਲੀਆਂ ਦਾ ਯੁੱਗ।

ਭਾਰਤੀ ਦਰਸ਼ਨ ਵਿਚ ਅਧਿਆਤਮਕ ਅਤੇ ਸੁਤੰਤਰ ਦ੍ਰਿਸ਼ਟੀਆਂ ਆਰੰਭ ਤੋਂ ਹੀ ਮੌਜੂਦ ਹਨ, ਜਿਨ੍ਹਾਂ ਦੀ ਕਾਲ ਦੇ ਆਧਾਰ 'ਤੇ ਵੰਡ ਕਰਨੀ ਕਠਿਨ ਹੈ। ਇਸ ਲਈ ਇਨ੍ਹਾਂ ਦਾ ਲੜੀਬੱਧ ਅਧਿਐਨ ਕਰਨ ਦਾ ਕ੍ਰਮ ਇਸ ਪ੍ਰਕਾਰ ਹੈ-ਵੈਦਿਕ ਦਰਸ਼ਨ, ਚਾਰਵਾਕ ਦਰਸ਼ਨ, ਜੈਨਮਤ, ਬੁੱਧਮਤ, ਗੀਤਾ ਦਰਸ਼ਨ, ਸਾਂਖ ਦਰਸ਼ਨ, ਨਿਆਇ-ਵੈਸ਼ੇਸ਼ਕ, ਪੂਰਵ ਤੇ ਉੱਤਰ ਮੀਮਾਂਸਾ ਅਤੇ ਸਮਕਾਲੀ ਦਰਸ਼ਨ।

ਭਾਰਤੀ ਦਾਰਸ਼ਨਿਕ ਪਰੰਪਰਾ ਦਾ ਆਰੰਭ ਵੇਦਾਂ ਤੋਂ ਮੰਨਿਆ ਜਾਂਦਾ ਹੈ ਜੋ ਇਸ ਦਾ ਮੂਲ ਸਰੋਤ ਵੀ ਹੈ। ਵੇਦਾਂ ਦੀ ਕੁੱਲ ਗਿਣਤੀ ਚਾਰ ਹੈ-ਰਿਗਵੇਦ, ਸਾਮਵੇਦ, ਯਜੁਰਵੇਦ ਅਤੇ ਅਥਰਵਵੇਦ। ਹਰੇਕ ਵੇਦ ਦੇ ਚਾਰ ਭਾਗ ਹਨ-ਸਹਿੰਤਾ, ਬ੍ਰਾਹਮਨ, ਆਰਨਾਇਕ ਅਤੇ ਉਪਨਿਸ਼ਦ। ਵੈਦਿਕ ਪਰੰਪਰਾ ਅਨੁਸਾਰ ਵੇਦ ਦੇ ਇਨ੍ਹਾਂ ਭਾਗਾਂ ਦਾ ਸੰਬੰਧ ਮਨੁੱਖੀ ਜੀਵਨ ਦੇ ਚਾਰ ਪੜਾਵਾਂ ਨਾਲ ਹੈ। ਵੇਦਾਂ ਵਿਚ ਮਨੁੱਖ ਦੀ ਉਮਰ ਸੌ ਸਾਲ ਮੰਨੀ ਗਈ ਹੈ। ਮਨੁੱਖੀ ਉਮਰ ਦੇ ਚਾਰ ਪੜਾਅ ਵੇਦਾਂ ਦੇ ਹੀ ਰੂਪ ਹਨ, ਵੈਦਿਕ ਧਰਮ ਦਾ ਜਨਮ ਦੇਵੀ-ਦੇਵਤਿਆਂ ਦੀ ਕਲਪਨਾ, ਉਨ੍ਹਾਂ ਵਿਚ ਅਟਲ ਵਿਸ਼ਵਾਸ, ਉਨ੍ਹਾਂ ਦੀ ਉਪਾਸ਼ਨਾ ਅਤੇ ਉਨ੍ਹਾਂ ਤੋਂ ਯੱਗ ਦੇ ਸਮੇਂ ਅਨੇਕ ਪ੍ਰਕਾਰ ਦੀਆਂ ਮੰਗਾਂ ਮੰਗਣ ਤੋਂ ਹੋਇਆ ਹੈ। ਆਰੀਆ ਲੋਕਾਂ ਨੇ ਉਨ੍ਹਾਂ ਸਾਰੀਆਂ ਵਸਤੂਆਂ ਅਤੇ ਸ਼ਕਤੀਆਂ ਨਾਲ ਦੇਵੀ ਜਾਂ ਦੇਵਤੇ ਦੀ ਧਾਰਨਾ ਜੋੜ ਦਿੱਤੀ ਜਿਹੜੇ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਹਨ। ਹਵਾ, ਪਾਣੀ, ਪ੍ਰਿਥਵੀ, ਸੂਰਜ, ਅਜਨੀ, ਵਰਖਾ, ਬਨਸਪਤੀ ਆਦਿ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਸਨ। ਇਸ ਲਈ ਇਹ ਦੇਵਤਿਆਂ ਦੇ ਰੂਪ ਵਿਚ ਸਥਾਪਿਤ ਹੋ ਗਏ। ਵੇਦ ਭਾਰਤੀ ਦਾਰਸ਼ਨਿਕ ਪਰੰਪਰਾ ਦੀ ਅਗਵਾਈ ਕਰਦੇ ਹਨ। ਸਵਰਗ-ਨਰਕ ਦਾ ਸੰਕਲਪ ਵੇਦਾਂ ਤੋਂ ਆਰੰਭ ਹੁੰਦਾ ਹੈ। ਜਾਤੀ ਪ੍ਰਥਾ ਦੇ ਆਰੰਭਕ ਬੀਜ ਅਰਥਾਤ ਸਮਾਜ ਦਾ ਚਾਰ ਵਰਗਾਂ ਵਿਚ ਵਰਗੀਕਰਣ ਵੀ ਵੇਦਾਂ ਤੋਂ ਹੀ ਆਰੰਭ ਹੁੰਦਾ ਹੈ।

ਉਪਨਿਸ਼ਦਾਂ ਲਈ 'ਵੇਦਾਂਤ' ਸ਼ਬਦ ਦੀ ਵਰਤੋਂ ਵੀ ਕੀਤੀ ਗਈ ਹੈ। ਉਪਨਿਸ਼ਦਾਂ ਦਾ ਮੁੱਖ ਵਿਸ਼ਾ ਪਰਮ ਸਤ ਦੀ ਖੋਜ ਕਰਨ ਅਤੇ ਉਸ ਦਾ ਸਰੂਪ ਪ੍ਰਗਟ ਕਰਨਾ ਹੈ। ਉਪਨਿਸ਼ਦਾਂ ਵਿਚ ਆਤਮਾ ਅਤੇ ਬ੍ਰਹਮ ਦੋ ਪਰਮ ਵਾਸਤਵਿਕਤਾਵਾਂ ਹਨ। ਦੋਵੇਂ ਸੱਚਿਦਾਨੰਦ ਹਨ ਅਤੇ ਦੋਵਾਂ ਵਿਚ ਅਭੇਦਤਾ ਹੈ। ਭਾਰਤੀ ਦਰਸ਼ਨ ਅਨੁਸਾਰ ਵੇਦਾਂ, ਪਰਲੋਕ ਅਤੇ ਪਰਮਾਤਮਾ ਦੀ ਹੋਂਦ ਸਵੀਕਾਰ ਕਰਨ ਵਾਲੇ ਦਰਸ਼ਨ ਨੂੰ ਆਸਤਕ ਮੰਨਿਆ ਜਾਂਦਾ ਹੈ ਅਤੇ ਜਿਹੜਾ ਦਰਸ਼ਨ ਇਨ੍ਹਾਂ ਦੀ ਹੋਂਦ ਤੋਂ ਇਨਕਾਰੀ ਹੈ ਉਹ ਨਾਸਤਕ ਦਰਸ਼ਨ ਹੈ। ਭਾਰਤੀ ਦਾਰਸ਼ਨਿਕ ਪਰੰਪਰਾ ਦੇ ਪੂਰਨ ਤੌਰ 'ਤੇ ਭਿੰਨ ਹੈ।

ਜੈਨ ਮਤ ਅਵੈਦਿਕ ਦਰਸ਼ਨ ਹੈ ਜੋ ਨੈਤਿਕ ਸ਼ੁੱਧਤਾ ਨੂੰ ਮਹੱਤਵ ਦਿੰਦੇ ਹੋਏ ਵੈਦਿਕ ਕਰਮਕਾਂਡ



ਵਿਚ ਵਿਸ਼ਵਾਸ ਨਹੀਂ ਰੱਖਦਾ। ਇਹ ਦਰਸ਼ਨ ਮੋਕਸ਼ ਨੂੰ ਹੀ ਮਨੁੱਖੀ ਜੀਵਨ ਦਾ ਉੱਚਤਮ ਉਦੇਸ਼ ਮੰਨਦਾ ਹੈ। ਜੈਨ ਮਤ ਆਪਣੇ ਸਦਾਚਾਰ, ਨੈਤਿਕਤਾ, ਸਿਆਦਵਾਦ ਅਤੇ ਨਯ ਸਿਧਾਂਤ ਦੀ ਵਿਲੱਖਣਤਾ ਕਰਕੇ ਭਾਰਤੀ ਦਰਸ਼ਨ ਵਿਚ ਨਿਵੇਕਲਾ ਹੈ। ਬੁੱਧ ਮਤ ਭਾਰਤੀ ਦਾਰਸ਼ਨਿਕ ਪਰੰਪਰਾ ਦੇ ਅੰਤਰਗਤ ਅਜਿਹੀ ਵਿਚਾਰਧਾਰਾ ਸੀ ਜਿਸ ਦਾ ਉਦੇਸ਼ ਮਨੁੱਖ ਦੇ ਨੈਤਿਕ ਪੱਖ 'ਤੇ ਬਲ ਦੇਣਾ ਤੇ ਪਰ ਉਦੇਸ਼ ਨੂੰ ਪ੍ਰਾਪਤ ਕਰਨਾ ਸੀ। ਇਸ ਦਰਸ਼ਨ ਦਾ ਆਧਾਰ ਮਹਾਤਮਾ ਬੁੱਧ ਦੇ ਆਪਣੇ ਅਨੁਭਵ ਰਾਹੀਂ ਪ੍ਰਾਪਤ ਅਟੱਲ ਸੱਚਾਈਆਂ ਸਨ। ਬੁੱਧ ਨੇ ਇਸ ਉਦੇਸ਼ ਦੀ ਪੂਰਤੀ ਲਈ ਚਾਰ ਸ੍ਰੇਸ਼ਠ ਤੱਤ ਅਸ਼ਟਅੰਗੀ ਮਾਰਗ ਅਤੇ ਸ਼ੂਨਿਆਵਾਦ ਦਾ ਵਿਚਾਰ ਦਿੱਤਾ। ਬੁੱਧ ਮਤ ਅਵੈਦਿਕ ਵਿਚਾਰਧਾਰਾ ਹੈ ਜਿਸ ਦਾ ਮੇਲ ਜੈਨ ਮਤ ਦੇ ਚਾਰਵਾਕ ਦਰਸ਼ਨ ਨਾਲ ਹੈ। ਇਹ ਤਿੰਨੇ ਹੀ ਵੇਦਾਂ ਦੀ ਨਿਖੇਧੀ ਕਰਨ ਦੇ ਕਾਰਣ ਸੁਤੰਤਰ ਨੀਤੀਆਂ ਅਖਵਾਉਂਦੇ ਹਨ। ਬੁੱਧ ਮਤ ਪ੍ਰਤੱਖਵਾਦੀ ਸਿਧਾਂਤ ਹੈ ਜੋ ਪੂਰਨ ਤੌਰ 'ਤੇ ਮਾਨਵਵਾਦੀ ਹੈ।

ਭਾਵੇਂ 'ਮਹਾਂਭਾਰਤ' ਦੇ ਅੰਤਰਗਤ ਹੋਣ ਕਰਕੇ ਸ੍ਰੀਮਦ ਭਗਵਾਦ ਗੀਤਾ ਸਮ੍ਰਿਤੀ ਗ੍ਰੰਥ ਹੈ ਪਰ ਇਸ ਦੀ ਗਿਣਤੀ ਉਪਨਿਸ਼ਦਾਂ ਵਿਚ ਹੁੰਦੀ ਹੈ। ਇਸ ਦੀ ਰਚਨਾ ਏਕਾਂਤ ਵਿਚ ਹੋਣ ਦੀ ਥਾਂ ਯੁੱਧ ਦੇ ਤਣਾਅ ਵਿਚ ਹੋਈ ਹੈ। ਗੀਤਾ ਦਰਸ਼ਨ ਦਾ ਮੂਲ ਸਿਧਾਂਤ ਇਹ ਹੈ ਕਿ ਵੇਦਾਂਤ ਅਸਲ ਵਿਚ ਕਿਰਿਆ ਦਾ ਗਿਆਨ ਹੈ। ਇਹ ਦਰਸ਼ਨ ਵਿਚ ਕਰਮਯੋਗ, ਭਗਤੀਯੋਗ ਅਤੇ ਗਿਆਨਯੋਗ ਤਿੰਨ ਸਿਧਾਂਤ ਮੁੱਖ ਰੂਪ ਵਿਚ ਉੱਭਰਦੇ ਹਨ ਜਿਸ ਦਾ ਆਧਾਰ ਉਪਨਿਸ਼ਦਾਂ ਦਾ ਬ੍ਰਹਮਵਾਦ ਹੈ। 'ਗੀਤਾ' ਦੇ ਪਹਿਲੇ ਛੇ ਅਧਿਆਇ ਕਰਮ ਯੋਗ ਦੇ ਅਰਥਾਂ ਦੀ ਅਭਿਵਿਅਕਤੀ ਹਨ। ਅਗਲੇ ਛੇ ਅਧਿਆਇ ਯੋਗ ਨੂੰ ਗਿਆਨ ਨਾਲ ਜੋੜ ਕੇ ਇਸ ਨੂੰ ਨਵੇਂ ਅਰਥ ਦਿੰਦੇ ਹਨ। ਇਸ ਦਰਸ਼ਨ ਦੀ ਵਿਸ਼ੇਸ਼ਤਾ ਅਨੇਕਤਾ ਵਿਚ ਏਕਤਾ ਹੈ ਅਤੇ ਆਤਮਾ ਦਾ ਦਰਸ਼ਨ ਹੈ।

ਸਾਂਖ ਦਰਸ਼ਨ ਅਜਿਹਾ ਭੌਤਿਕਵਾਦੀ ਦਰਸ਼ਨ ਹੈ ਜਿਸ ਦੇ ਮਹੱਤਵ ਨੂੰ ਅੱਜ ਵੀ ਨਕਾਰਿਆ ਨਹੀਂ ਜਾ ਸਕਦਾ। ਇਹ ਅਜਿਹਾ ਮਨੋਵਿਗਿਆਨ ਦਰਸ਼ਨ ਹੈ ਜਿਸ ਦੇ ਤੱਤ ਬੌਧਿਕ ਜਗਤ ਦੇ ਹਨ। ਇਸ ਦਰਸ਼ਨ ਅਨੁਸਾਰ ਸੰਸਾਰ ਦੀ ਉਤਪਤੀ ਦਾ ਮੂਲ ਕਾਰਣ ਅਜਿਹਾ ਹੋਣਾ ਚਾਹੀਦਾ ਹੈ ਜਿਹੜਾ ਜੜ੍ਹ ਪਦਾਰਥ ਹੋਣ ਦੇ ਨਾਲ-ਨਾਲ ਅਤਿ ਸੂਖ਼ਮ ਵੀ ਹੋਵੇ। ਇਸ ਸੂਖ਼ਮ ਪਦਾਰਥ ਨੂੰ ਸਾਂਖ ਦਰਸ਼ਨ ਵਿਚ ਪ੍ਰਕਿਰਤੀ ਕਿਹਾ ਗਿਆ ਹੈ ਜੋ ਪੁਰਸ਼ ਦੇ ਸੰਯੋਗ ਨਾਲ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਆਰੰਭ ਵਿਚ ਯੋਗ ਸਰੀਰ ਅਤੇ ਮਨ ਨੂੰ ਤੰਦਰੁਸਤ ਰੱਖਣ ਲਈ ਕੀਤੀ ਜਾਣ ਵਾਲੀ ਮਾਨਸਿਕ ਅਤੇ ਸਰੀਰਕ ਕਸਰਤ ਸੀ ਪਰ ਸਮੇਂ ਅਨੁਸਾਰ ਇਸ ਦੇ ਅਰਥ ਪਰਮਾਤਮਾ ਨਾਲ ਜੁੜਨਾ ਕੀਤੇ ਜਾਣ ਲੱਗੇ। ਇਹ ਦਰਸ਼ਨ ਗਿਆਨ ਪ੍ਰਾਪਤੀ ਲਈ ਯੋਗ ਸਾਧਨਾਂ ਨੂੰ ਪਹਿਲ ਦਿੰਦਾ ਹੈ। ਇਸ ਅਨੁਸਾਰ ਧਿਆਨ ਕੇਂਦਰੀਕਰਨ ਦੀ ਅੰਤਰ ਅਵਸਥਾ ਸਮਾਧੀ ਹੈ। ਨਿਆਂਇ ਦਰਸ਼ਨ ਆਸਤਕ ਦਰਸ਼ਨ ਹੈ ਜੋ ਸ਼ੁੱਧ ਗਿਆਨ ਦੀ ਖੋਜ ਦਾ ਵਿਗਿਆਨ ਹੈ। ਇਹ ਦਰਸ਼ਨ ਪ੍ਰਤੱਖ ਅਨੁਮਾਨ, ਉਪਮਾਨ ਅਤੇ ਸ਼ਬਦ ਚਾਰ ਪ੍ਰਮਾਣਾਂ ਨੂੰ ਸਵੀਕਾਰਦਾ ਹੈ। ਵੈਸ਼ੇਸ਼ਕ ਦਰਸ਼ਨ ਭਾਰਤੀ ਵੈਦਿਕ ਪ੍ਰਥਾ ਦੇ ਅੰਤਰਗਤ ਇੱਕ ਪਦਾਰਥਵਾਦੀ, ਬਹੁਲਤਾਵਾਦੀ ਅਤੇ ਵਾਸਤਵਵਾਦੀ ਪ੍ਰਣਾਲੀ ਦਾ ਵਿਕਾਸ ਹੈ ਜਿਸ ਨੇ ਪ੍ਰਮਾਣਵਾਦ, ਭੌਤਿਕਵਾਦ, ਅਨੇਕਵਾਦ ਅਤੇ ਈਸ਼ਵਰਵਾਦ ਨੂੰ ਇੱਕੋ ਥਾਂ ਰੱਖਣ ਦਾ ਯਤਨ ਕੀਤਾ।

ਭਾਰਤ ਦਰਸ਼ਨ ਵਿਚ ਮੀਮਾਂਸਕਾਂ ਦਾ ਵਿਸ਼ੇਸ਼ ਸਥਾਨ ਹੈ ਜੋ ਈਸ਼ਵਰ ਦੀ ਹੋਂਦ ਨੂੰ ਨਹੀਂ ਸਵੀਕਾਰਦੇ ਪਰ ਵੈਦਿਕ ਦੇਵਤਿਆਂ ਦੀ ਹੋਂਦ ਨੂੰ ਮੰਨਦੇ ਹਨ। ਇਸ ਦਰਸ਼ਨ ਨੇ ਸਵੈਪ੍ਰਮਾਣਵਾਦ ਦਾ ਸਿਧਾਂਤ ਦਿੱਤਾ ਜਿਸ ਅਨੁਸਾਰ ਗਿਆਨ ਆਪਣੇ-ਆਪ ਵਿਚ ਹੀ ਸ਼ੁੱਧ ਹੁੰਦਾ ਹੈ, ਉਸ ਦੀ ਪ੍ਰਮਾਣਿਕਤਾ ਕਿਸੇ ਬਾਹਰੀ ਵਸਤੂ ਉੱਤੇ ਨਿਰਭਰ ਨਹੀਂ। ਖਿਆਤੀ ਦਾ ਸਿਧਾਂਤ, ਅਖਿਆਤੀਵਾਦ ਅਤੇ ਵਿਪਰੀਤਖਿਆਤੀਵਾਦ ਦਾ ਵਿਚਾਰ ਦਿੱਤਾ। ਮੀਮਾਂਸਕ ਕੇਵਲ ਧਰਮ ਦੇ ਸਰੂਪ ਦੀ ਵਿਆਖਿਆ ਕਰਦੇ ਹਨ ਜਿਸ ਦੇ ਫ਼ਲਸਰੂਪ ਤੱਤ-ਵਿਗਿਆਨ ਅਣਗੌਲਿਆ ਅਤੇ ਅਵਿਕਸਿਤ ਰਹਿ ਗਿਆ ਹੈ। ਧਰਮ ਦੀ ਖੇਤਰ ਵਿਚ ਵੀ ਮੀਮਾਂਸਕ ਵਿਆਖਿਆ ਕੱਟੜਪਣ ਤੇ ਕਰਮਕਾਂਡ ਤੋਂ ਅੱਗੇ ਨਹੀਂ ਜਾਂਦੀ। ਇਸ ਲਈ ਮੀਮਾਂਸਾ ਪੂਰਨ ਦਾਰਸ਼ਨਿਕ ਪ੍ਰਣਾਲੀ ਨਹੀਂ

ਬਣਦੀ।

ਭਾਰਤੀ ਦਾਰਸ਼ਨਿਕ ਪਰੰਪਰਾ ਅਨੁਸਾਰ ਵੇਦਾਂਤ ਅਜਿਹੀ ਦਾਰਸ਼ਨਿਕ ਪ੍ਰਣਾਲੀ ਹੈ ਜਿਸ ਦਾ ਮੂਲ ਸਰੋਤ ਉਪਨਿਸ਼ਦ ਹਨ। ਵੇਦਾਂਤ ਦਰਸ਼ਨ ਜਗਤ ਦਾ ਮੂਲ ਆਧਾਰ ਇੱਕ ਤੱਤ ਨੂੰ ਹੀ ਮੰਨਦਾ ਹੈ। ਵੇਦਾਂਤ ਦੇ ਅਧਿਆਤਮਵਾਦ ਅਨੁਸਾਰ ਇੱਕ ਤੱਤ ਤੋਂ ਹੀ ਇਸ ਜਗਤ ਦੀ ਅਨੇਕਤਾ ਅਭਿਵਿਅਕਤ ਹੁੰਦੀ ਹੈ। ਵੇਦਾਂਤੀ ਉਪਨਿਸ਼ਦ ਨੂੰ ਪ੍ਰੇਰਨਾ-ਸਰੋਤ ਮੰਨਣ ਦੇ ਨਾਲ-ਨਾਲ ਭਗਵਦ ਗੀਤਾ ਉੱਤੇ ਟੀਕਾ ਵੀ ਕਰਦੇ ਹਨ। ਸ਼ੰਕਰ ਭਾਰਤੀ ਦਾਰਸ਼ਨਿਕ ਪਰੰਪਰਾ ਦਾ ਪ੍ਰਮੁੱਖ ਦਾਰਸ਼ਨਿਕ ਹੈ ਜਿਸ ਨੇ ਅਦਵੈਤਵਾਦ ਦਾ ਸਿਧਾਂਤ ਦਿੱਤਾ ਜਿਸ ਦੇ ਤਿੰਨ ਆਧਾਰ ਆਤਮਾ, ਬ੍ਰਹਮ ਅਤੇ ਮਾਇਆ ਹਨ। ਸ਼ੰਕਰ ਦਾ ਮਾਇਆ ਸਿਧਾਂਤ ਉਸ ਦੇ ਦਰਸ਼ਨ ਦਾ ਪ੍ਰਭਾਵਸ਼ਾਲੀ ਪੱਖ ਹੈ ਜੋ ਸਿਰਫ਼ ਦਾਰਸ਼ਨਿਕ ਗ੍ਰੰਥਾਂ ਤੱਕ ਹੀ ਸੀਮਤ ਨਾ ਰਹਿ ਕੇ ਲੋਕਾਂ ਵਿਚ ਮਕਬੂਲ ਹੋਇਆ। ਸ਼ੰਕਰ ਤੋਂ ਬਾਅਦ ਰਾਮਾਨੁਜ ਦਾ ਵਿਸ਼ਿਸ਼ਟ ਅਦਵੈਤਵਾਦ ਦਾ ਸਿਧਾਂਤ ਭਾਰਤੀ ਦਰਸ਼ਨ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਉਸ ਦਾ ਸਿਧਾਂਤ ਜੀਵ, ਪ੍ਰਕ੍ਰਿਤੀ ਅਤੇ ਈਸ਼ਵਰ ਦਾ ਸੰਯੁਕਤ ਰੂਪ ਹੈ। ਉਹ ਸ਼ੰਕਰ ਦੇ ਨਿਰਗੁਣ ਬ੍ਰਹਮ ਦੀ ਥਾਂ ਸਗੁਣ ਬ੍ਰਹਮ ਨੂੰ ਪ੍ਰਧਾਨਤਾ ਦਿੰਦਾ ਹੈ। ਭਾਵੇਂ ਰਾਮਾਨੁਜ ਦਾ ਦਰਸ਼ਨ ਸ਼ੰਕਰ ਦੇ ਅਦਵੈਤਵਾਦ ਦੇ ਮੇਚ ਦਾ ਨਹੀਂ ਹੈ ਪਰ ਭਾਰਤੀ ਦਾਰਸ਼ਨਿਕ ਪਰੰਪਰਾ ਵਿਚ ਇਸ ਦੇ ਮਹੱਤਵ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਸਮਕਾਲੀ ਭਾਰਤੀ ਦਰਸ਼ਨ ਪੱਛਮੀ ਸਾਹਿਤ ਤੋਂ ਪ੍ਰਭਾਵਿਤ ਹੈ। ਇਹ ਦਰਸ਼ਨ ਭੌਤਿਕਵਾਦ ਅਤੇ ਅਧਿਆਤਮਵਾਦ ਦਾ ਸੁਮੇਲ ਹੈ ਜੋ ਇਕੀਸ਼ਵਰਵਾਦ ਵੱਲ ਪ੍ਰੇਰਿਤ ਹੁੰਦਾ ਹੈ। ਪੱਛਮੀ ਸੱਭਿਅਤਾ ਦੇ ਵਿਗਿਆਨ ਅਤੇ ਲੋਕਤੰਤਰ ਦੇ ਆਦਰਸ਼ਾਂ ਨੇ ਭਾਰਤੀ ਵਿਚਾਰਕਾਂ ਨੂੰ ਪ੍ਰਭਾਵਿਤ ਕੀਤਾ ਹੈ। ਭਾਵੇਂ ਸਮਕਾਲੀ ਦਾਰਸ਼ਨਿਕਾਂ ਦੇ ਪ੍ਰੇਰਨਾ ਸਰੋਤ ਵੱਖ-ਵੱਖ ਹਨ ਪਰ ਇਹ ਵਿਭਿੰਨ ਦਰਸ਼ਨਾਂ ਦਾ ਪ੍ਰਭਾਵ ਕਬੂਲਦੇ ਹੋਏ ਆਪਣੀ ਸੁਤੰਤਰ ਵਿਚਾਰਧਾਰਾ ਰੱਖਦੇ ਹਨ।

ਇਸ ਪ੍ਰਕਾਰ ਭਾਰਤੀ ਦਰਸ਼ਨ ਵੇਦਾਂ ਤੋਂ ਆਰੰਭ ਹੋ ਕੇ ਆਪਦੇ ਅੰਦਰ ਅਨੇਕ ਆਸਤਕ ਅਤੇ ਨਾਸਤਕ ਦਾਰਸ਼ਨਿਕ ਪ੍ਰਣਾਲੀਆਂ ਸਮੋ ਕੇ ਵੇਦਾਂਤ, ਇਕੀਸ਼ਵਰਵਾਦ ਦਾ ਸਫ਼ਰ ਤੈਅ ਕਰਦਾ ਹੋਇਆ ਸਮਕਾਲੀ ਦਰਸ਼ਨ ਦੇ ਆਧੁਨਿਕ ਵਿਚਾਰਕਾਂ ਤੇ ਚਿੰਤਕਾਂ ਤੱਕ ਪੁੱਜਦਾ ਹੈ। ਭਾਰਤੀ ਦਰਸ਼ਨ ਦੀ ਮੌਲਿਕ ਸਮੱਸਿਆ ਮਨੁੱਖੀ ਜੀਵਨ ਦੇ ਅੰਤਿਮ ਉਦੇਸ਼ ਨੂੰ ਜਾਨਣ ਅਤੇ ਇਸ ਅੰਤਿਮ ਸੱਚਾਈ ਨਾਲ ਸੰਬੰਧ ਨਿਸ਼ਚਿਤ ਕਰਨਾ ਹੈ, ਜਿਸ ਦੀ ਪੂਰਤੀ ਲਈ ਵਿਭਿੰਨ ਦਾਰਸ਼ਨਿਕ ਪ੍ਰਣਾਲੀਆਂ ਆਪਣੇ ਸੰਕਲਪਾਂ ਤੇ ਸਿਧਾਂਤਾਂ ਨਾਲ ਇਸ ਉਦੇਸ਼ ਨੂੰ ਜਾਨਣ ਲਈ ਯਤਨਸ਼ੀਲ ਹਨ। ਸਮਕਾਲੀ ਦਾਰਸ਼ਨਿਕ ਜਿੱਥੇ ਉਪਨਿਸ਼ਦਾਂ ਅਤੇ ਸਮਾਜਿਕ ਸਮੱਸਿਆਵਾਂ ਨਾਲ ਦੋ-ਚਾਰ ਹੁੰਦੇ ਹੋਏ ਧਾਰਮਿਕ-ਸਮਾਜ ਸੁਧਾਰਕ ਲਹਿਰਾਂ ਚਲਾ ਕੇ ਇਨ੍ਹਾਂ ਨਾਲ ਨਜਿੱਠਣ ਦਾ ਯਤਨ ਕਰਦੇ ਹਨ। ਇਸ ਸੰਦਰਭ ਵਿਚ ਭਾਰਤੀ ਦਰਸ਼ਨ ਅਧਿਆਤਮਕ ਵਿਕਾਸ ਦੇ ਨਾਲ-ਨਾਲ ਨੈਤਿਕ ਵਿਕਾਸ ਦਾ ਵੀ ਮਾਰਗ ਹੈ।

### ਸਹਾਇਕ ਪੁਸਤਕਾਂ


1. ਆਰ.ਡੀ. ਨਿਰਾਕਾਰੀ 'ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ' ਉਪਨਿਸ਼ਦ ਵਿਦਿਆ
2. ਇਕਬਾਲ ਨਰਾਇਣ ਚੋਪੜਾ, 'ਭਾਰਤੀ ਦਰਸ਼ਨ'
3. ਰਾਧਾ ਕ੍ਰਿਸ਼ਨਨ, 'ਮਨੁੱਖ ਦਾ ਧਰਮ'
4. ਕੋਟਿਲਯ, 'ਅਰਥ ਸ਼ਾਸਤਰ'
5. ਤਾਰਾ ਸਿੰਘ, ਦਲੀਪ ਕੌਰ ਟਿਵਾਣਾ ਦਾ ਨਾਵਲ ਜਗਤ






# ਚਿਤਰ-ਗੁਪਤ/ ਕਿਰਪਾਲ ਕਜ਼ਾਕ

ਅੱਡੇ ਵਿਚ ਬੱਸ ਲੱਭਦੇ ਜਿਵੇਂ ਉਹਦੀ ਘੀਸੀ ਹੋਈ ਅਤੇ ਲੰਮੇ ਰੂਟ ਦੇ ਕੰਡਕਟਰਾਂ ਉਹਨੂੰ ਥੱਲੇ ਲਾਹਿਆ, ਇਕ ਵੇਰ ਤਾਂ ਜੀ 'ਚ ਆਈ ਪਰਤ ਜਾਵੇ; ਪਰ ਅਚਾਨਕ ਬੱਸ ਮਿਲਣ 'ਤੇ ਗੁਰੀਏ ਸੁਖ ਦਾ ਸਾਹ ਲਿਆ। ਇਕੋ ਚਿੰਤਾ ਹੋਈ, ਉਹ ਕਿਸੇ ਤਰ੍ਹਾਂ ਉੱਡ ਕੇ ਪਹੁੰਚ ਜਾਵੇ।

ਬੱਸ ਜਿਵੇਂ ਰੀਂਘ ਰਹੀ ਸੀ। ਉਕਤਾਅ ਕੇ ਬਾਹਰ ਦੇਖਣ ਲੱਗਾ। ਤਿੰਨ ਸਾਲ ਉਹਨੇਂ ਹਸਨਪੁਰ ਦਾ ਇਹ ਰਾਹ ਗਾਹਿਆ ਸੀ। ਕੋਈ ਪਹਿਚਾਣ ਸਕਦੈ ਸੋਚ, ਉਹ ਗਰਮ ਸੂਟ, ਉਨਾਬੀ ਪੱਗ ਤੇ ਚੌੜੀ ਟਾਈ ਨਾਲ ਆਇਆ ਸੀ। ਕਿਸੇ ਝਾਕਿਆ ਹੀ ਨਾ ਤਾਂ ਉਹ ਬੁਝ ਜਿਹਾ ਗਿਆ। ਨਾਲ ਕੋਈ ਬਜ਼ੁਰਗ ਬੈਠਾ ਸੀ। ਨਜ਼ਰ ਬਚਾਅ ਉਹਨੇ ਟਾਈ ਦੀ ਨਾਟ ਠੀਕ ਕੀਤੀ। ਸੁਨਹਿਰੀ ਘੜੀ ਅਤੇ ਸੋਨੇ ਦਾ ਕੜਾ ਕੋਟ ਦੀ ਬਾਂਹ ਹੇਠੋਂ ਬਾਹਰ ਕੱਢਿਆ ਤੇ ਠੋਡੀ ਦੀ ਦਾੜ੍ਹੀ ਹੇਠਲੀ ਗੁੱਟੀ ਨੂੰ ਅੰਗੂਠੇ ਨਾਲ ਘੁੱਟਦਾ ਸੁੰਗੜ ਕੇ ਬੈਠ ਗਿਆ।

ਮਿਥੀ ਸਕੀਮ ਅਨੁਸਾਰ ਉਹਨੇ ਨੀਲੂ ਨੂੰ ਭੇਜਣਾ ਸੀ। ਅਚਾਨਕ ਪੈਂਤੜਾ ਬਦਲਣਾ ਪਿਆ। ਹਸਨਪੁਰ, ਗੁਰੀਏ ਦਾ ਸਹੁਰਾ ਤੇ ਨੀਲੂ ਦਾ ਪੇਕਾ ਪਿੰਡ ਸੀ। ਸੋਚਿਆ ਨਹੀਂ ਸੀ ਕਿ ਇਤਨੀਂ ਤਲਖ਼-ਕਲਾਮੀ ਤੋਂ ਚਾਰ ਸਾਲ ਬਾਦ ਦੁਬਾਰਾ ਆਉਣਾ ਪਵੇਗਾ। ਪਰ ਜਿਸ ਮਨਸੂਬੇ ਤਹਿਤ ਉਹ ਸਾਜ਼ਿਸ਼ ਨੂੰ ਘੜ ਰਿਹਾ ਸੀ, ਉਸ ਕਾਜ਼ ਲਈ ਥੁੱਕ ਕੇ ਚੱਟਣ ਦੇ ਕੋਈ ਮਾਅਨੇ ਨਹੀਂ ਸਨ।...

ਸੱਤ ਸਾਲ ਪਹਿਲਾਂ ਜਦੋਂ ਉਹ ਪ੍ਰਾਇਮਰੀ ਟੀਚਰ ਬਣ ਕੇ ਹਸਨਪੁਰ ਆਇਆ ਸੀ ਤਾਂ ਉਹਦੇ ਸੁਪਨੇ ਅੰਬਰ ਤੋਂ ਵੀ ਉੱਚੇ ਸਨ। ਸੋਚਿਆ ਵੀ ਨਹੀਂ ਸੀ ਕਿ ਨੀਲੂ ਜੋ ਪੰਚਾਇਤ ਵੱਲੋਂ ਆਰਜ਼ੀ ਟੀਚਰ ਲਾਈ ਗਈ ਸੀ, ਉਹਦੇ ਅੰਬਰ ਜੇਡ ਉੱਚੇ ਸੁਪਨੇ ਨੂੰ ਮੁੱਠੀ ਵਿਚ ਘੁੱਟੀ ਫਿਰੇਗੀ।

ਸਕੂਲ ਵਿਚ ਉਹ ਦੋਵੇਂ ਸਨ। ਬੱਚੇ ਸਨ। ਸੁਪਨੇ ਸਨ। ਕਲਾਸਾਂ ਮਨੀਟਰਾਂ ਹਵਾਲੇ ਕਰ, ਉਹ ਜਾਗਦਿਆਂ ਵੀ ਸੁਪਨਿਆਂ ਦੇ ਆਦੀ ਹੁੰਦੇ ਚਲੇ ਗਏ।...ਇਸਦੇ ਬਾਵਜੂਦ ਕਿ ਦੋਹਾਂ ਦੀ ਨੀਂਦਰ ਵਿਚ ਢੇਰ ਅੰਤਰ ਸੀ।

ਗੁਰੀਆ ਇਕ ਦਮ ਮਾਡਰਨ। ਗਿੱਚੀ ਤੱਕ ਲਟਕਦੇ ਛੱਤੇ। ਜ਼ਨਾਨਾ ਕੱਪੜੇ ਦੀ ਟੀ-ਸ਼ਰਟ। ਤੇੜ ਜੀਨ। ਗਿੱਟਿਆਂ ਤੱਕ ਬੂਟ। ਅੱਖਾਂ ਸ਼ਾਤਰ। ਹਰਕਤਾਂ ਫ਼ਿਲਮੀ। ਰੰਗ ਕੱਕਾ। ਸ਼ੇਖੀ ਝੂਠ ਤੋਂ ਵੀ ਵੱਡੀ।

ਨੀਲੂ ਉਲਟ ਸੀ। ਸਾਦਾ ਲਿਬਾਸ। ਧੀਮੇਂ ਬੋਲ। ਤਰਾਸ਼ੇ ਨਕਸ਼। ਛੀਟਕਾ ਬਦਨ। ਰੰਗ, ਦੁੱਧ ਵਿਚ ਘੁਲਿਆ ਸੰਧੂਰ। ਹਰਕਤਾਂ ਛੂਈ-ਮੂਈ। ਹਾਸਾ ਮਕਈ ਦੇ ਫੁੱਲਿਆਂ ਜਿਹਾ।...

ਹੋਰ ਵੀ ਕਈ ਅੰਤਰ ਸਨ। ਗੁਰੀਆ ਐਮ.ਏ., ਬੀ.ਐਡ.। ਨੀਲੂ ਖਿੱਚ-ਧੂਹ ਕੇ ਬੀ.ਏ.। ਗੁਰੀਆ ਸ਼ਹਿਰੀ (ਜੱਦੀ) ਮਕਾਨ ਦਾ ਮਾਲਕ। ਸਵਰਗਵਾਸੀ ਪੁਲਸੀਏ ਪਿਉ ਦਾ ਇਕਲੌਤਾ। ਸੱਕੀ ਤੇ ਮਤੇਈ ਮਾਂ ਦੇ ਨਿਧਨ ਮਗਰੋਂ ਦੋਹਾਂ ਤੋਂ ਸੁਰਖ਼ਰੂ। ਨਾ ਫ਼ਿਕਰ ਨਾ ਫਾਕਾ। ਰੰਡੀਬਾਜ਼ੀ ਦਾ ਠਰਕ। ਦੂਜੇ ਚੌਥੇ ਕਬਾਬ ਤੇ ਵਿਸਕੀ ਦੀ ਲਤ।

ਨੀਲੂ ਵਿਧਵਾ ਮਾਂ, ਸੱਤੀ, ਬੀਰੋ ਤੇ ਰੱਜੀ ਭੈਣਾਂ ਤੋਂ ਵੱਡੀ। ਭੁੰਏ ਨਾ ਭਾਂਡਾ। ਸਿਰ 'ਤੇ ਖ਼ਸਤਾ ਹਾਲ ਛੱਤ। ਚੁੱਲ੍ਹਾ, ਮਾਂ ਦੀ ਸਿਲਾਈ 'ਤੇ ਨਿਰਭਰ। ਪਿਤਾ ਗੁਰਦੁਆਰੇ ਦਾ ਗ੍ਰੰਥੀ, ਪਰ ਕਈ ਸਾਲ ਪਹਿਲਾਂ ਹਜ਼ੂਰ ਸਾਹਿਬ ਗਿਆ ਲਾ-ਪਤਾ।

ਗੁਰੀਏ ਪਤਾ ਨਹੀਂ ਕੀ ਭੁੰਨ ਕੇ ਬੀਜਿਆ ਸੀ; ਮਿਡਲ ਜਾਂ ਹਾਈ ਸਕੂਲ ਵਿਚ ਬਦਲੀ ਦੇ ਆਰਡਰ ਹੱਥ ਆਉਣ ਤੋਂ ਪਹਿਲਾਂ ਨੀਲੂ ਹੱਥ ਆ ਗਈ।

ਫ਼ਿਰ ਵੀ ਕਈ ਮੁਸ਼ਕਲਾਂ ਸਨ ਜੋ ਵਿਚਾਲੇ ਖਾਈ ਵਾਂਗ ਸਨ। ਗੁਰੀਏ ਲਈ ਉਹਨਾਂ ਦਾ ਇਕੋ

ਹੱਲ ਸੀ। ਬਿਸਤਰ। ਨੀਲੂ ਦੀ ਸੰਜੀਦਗੀ ਹੀਆ ਨਾ ਪੈਣ ਦਿੰਦੀ। ਆਖ਼ਰ ਜਦੋਂ ਹੱਥ ਫੜਨ ਅਤੇ ਚੁੰਮਣ ਤੱਕ ਦੇ ਸਾਰੇ ਹਰਬੇ ਠੁੱਸ ਹੋ ਗਏ ਤਾਂ ਉਹ ਬਦੀ 'ਤੇ ਉੱਤਰ ਆਇਆ। ਨੀਲੂ ਦੀ ਰਿਪੋਰਟ ਖ਼ਰਾਬ ਕਰਨ ਦੀ ਸੋਚ ਲਈ। ਰੋਸ ਵਜੋਂ ਪਾਸਾ ਵੱਟ ਲਿਆ।

ਇਕ ਦਿਨ ਰੁੱਸੇ ਜਿਹੇ ਮਨ ਧੁੱਪੇ ਖੜ੍ਹਾ ਸੀ ਜਾਂ ਪਿੱਠ ਪਿੱਛੋਂ ਸੁਣਿਆ।

"ਸਰ ! ਜੇ ਬੁਰਾ ਨਾ ਮੰਨੋ ਤਾਂ ਇਕ ਗੱਲ ਕਹਾਂ ?"

"ਹਾਂ ਦੱਸ..." ਗੁਰੀਏ ਖਿਝ ਨਾਲ ਕਿਹਾ।

"ਵਿਆਹ ਕਰੋਗੇ ਮੇਰੇ ਨਾਲ ?..."

ਗੁਰੀਆ ਸੁੰਨ ਰਹਿ ਗਿਆ। ਉਹ ਕੀ ਸੁਣ ਰਿਹਾ ਸੀ। ਕੰਨਾਂ ਵਿਚ ਸਾਂ-ਸਾਂ ਹੋਣ ਲੱਗੀ।

"ਕੀ ਕਿਹਾ ?" ਉਹਦਾ ਦਿਲ ਬੈਠਣ ਲੱਗਾ।

"ਜੋ ਸੁਣਿਆ..." ਨੀਲੂ ਨੀਵੀਂ ਪਾਈ ਖੜ੍ਹੀ ਸੀ।

"ਨੀਲੂ ਤੈਨੂੰ ਪਤੈ ਮੈਨੂੰ ਮਜ਼ਾਕ ਪਸੰਦ ਨਹੀਂ।"

ਗੁਰੀਏ ਨੂੰ ਲੱਗਾ, ਇਹ ਠੀਕ ਉੱਤਰ ਨਹੀਂ ਸੀ।

"ਸਰ ! ਮੈਂ ਸਿਆਣੀ ਨਹੀਂ। ਪਰ ਬਦਕਾਰ ਨਹੀਂ ਹਾਂ। ਤੁਹਾਨੂੰ ਪਤੈ, ਪਿਤਾ ਸਿਰ 'ਤੇ ਨਹੀਂ। ਨਿੱਕੀ ਜਿਹੀ ਭੁੱਲ ਤੇ ਟੱਬਰ ਮਿੱਟੀ। ਗ੍ਰੰਥੀ ਸੀ ਪਿਤਾ। ਵੱਟਾ ਲੱਗੇਗਾ ਗੁਰੂ-ਘਰ ਤੇ ਉਹਨਾਂ ਘਰਾਂ ਨੂੰ ਜਿਨ੍ਹਾਂ 'ਚੋਂ ਹੰਦੇ ਮੰਗ ਕੇ ਅਸੀਂ ਅੰਨ ਖਾਧਾ। ਸਰ ! ਰੱਬ ਦਾ ਵਾਸਤਾ, ਰਿਪੋਟ ਖ਼ਰਾਬ ਨਾ ਕਰਿਉ।"

ਗੁਰੀਆ ਮਿੱਟੀ ਹੋ ਗਿਆ। ਉਹਨੇਂ ਤਾਂ ਰਿਪੋਟ ਬਾਰੇ ਹਾਲੇ ਸੋਚਿਆ ਹੀ ਸੀ। ਇਹਨੂੰ ਕਿਵੇਂ ਪਤਾ ਲੱਗਿਆ।

"ਤੈਨੂੰ ਕਿਸ ਕਿਹਾ ਰਿਪੋਟ ਬਾਰੇ ?..."

"ਮਾਂ ਨੇ..."

"ਮਾਂ ਨੇ ?" ਗੁਰੀਏ 'ਤੇ ਜਿਵੇਂ ਬੰਬ ਡਿੱਗਾ।

"ਕਹਿੰਦੀ ਸਕੂਲ ਛੱਡ... ਜਾਂ ਸਿੱਧੀ ਗੱਲ ਕਰ। ਉਰਾਰ ਜਾਂ ਪਾਰ।"

"ਮੈਂ ਹੈਰਾਨ ਆਂ... ਏਨਾ ਵੱਡਾ ਫ਼ੈਸਲਾ, ਜਦ ਕੇ ਕੋਈ ਗੱਲ ਹੀ ਨਹੀਂ। ਤੇਰੀ ਮਾਂ ਜਾਸੂਸ ਐ ?"

"ਪਤਾ ਨਹੀਂ, ਪਰ ਜਿਤਨੀ ਵਾਰ ਤੁਸੀਂ ਘਰ ਆਏ, ਜਾਂ ਮਾਂ ਸਕੂਲ ਆਈ, ਪਤਾ ਨਹੀਂ ਉਹਨੇ ਕੀ ਦੇਖਿਆ। ਹਮੇਸ਼ਾ ਕਿਹਾ, ਕੁੜੀਏ ਸੰਭਲ ਕੇ... ਕੋਈ ਬਿੱਜ ਡਿੱਗੂ ਤੇਰੇ ਸਿਰ।"

"ਮੈਂ ਰਿਪੋਟ ਬਾਰੇ ਪੁੱਛ ਰਿਹਾਂ ! ਉਹ ਕਿਸ ਬਿਹਾਫ਼ 'ਤੇ ਕਿਹਾ।"

ਗੁਰੀਆ ਆਪਦੀ ਚਤੁਰਾਈ 'ਤੇ ਸੰਨ੍ਹ ਲੱਗਣ ਤੋਂ ਹਫ਼ਿਆ ਖੜ੍ਹਾ ਸੀ।

"ਪਤਾ ਨਹੀਂ, ਪਰ ਮਾਂ ਤਾਂ ਮੇਰੇ ਰੋਟੀ ਵਾਲੇ ਡੱਬੇ ਨੂੰ ਹੀ ਦੇਖ ਕੇ ਲੱਖਣ ਲਾ ਸਕਦੀ ਹੈ, ਤੁਸੀਂ ਗੁੱਸੇ ਹੋ ਕੇ ਨਹੀਂ। ਫ਼ਿਰ ਉਹ ਤਾਂ ਇਹ ਵੀ ਜਾਣਦੀ ਹੈ ਕਿ ਤੁਹਾਡੇ ਦਸਤਖ਼ਤਾਂ ਬਾਦ ਹੀ ਤਨਖ਼ਾਹ ਮਿਲੂ ਮੈਨੂੰ..."

"ਫ਼ਿਰ ?" ਗੁਰੀਆ ਨੰਗਾ ਹੋਇਆ ਕਾਹਲਾ ਪੈ ਗਿਆ।

"ਕਹਿੰਦੀ, ਮੁੰਡਾ ਹੋਛੈ... ਕੱਲ੍ਹ ਤੋਂ ਸਕੂਲ ਨਾ ਜਾਈਂ।"

ਗੁਰੀਏ ਨੂੰ ਹੋਛਾ ਸ਼ਬਦ ਵਿੰਨ੍ਹ ਕੇ ਰੱਖ ਗਿਆ, ਪਰ ਉਹਦਾ ਸ਼ਾਤਰ ਮਨ; ਸਭ ਕੁਝ ਭੁੱਲ, ਨੀਲੂ ਨੂੰ ਸਾਖ਼ਸ਼ਾਤ ਨਿਰ-ਵਸਤਰ ਦੇਖ ਰਿਹਾ ਸੀ।

"ਤੇ ਜਾਤ-ਪਾਤ ਵਾਲਾ ਮਸਲਾ..." ਗੁਰੀਏ ਫਾਲ ਸੁੱਟੀ।

"ਮੈਂ ਇਹ ਵੀ ਕਿਹਾ। ਮਾਂ ਕਹਿੰਦੀ ਜੇ ਰੱਬ ਦੀ ਜਾਤ ਨਹੀਂ ਤਾਂ ਸਾਡੀ ਕਿਉਂ ?"



"ਪਰ ਮੇਰਾ ਤਾਂ ਹੁਲੀਆ ਹੀ ਪਸੰਦ ਨਹੀਂ ਕਿਸੇ ਨੂੰ।" ਉਸ ਆਖ਼ਰੀ ਨਰਦ ਸੁੱਟੀ।

"ਫੈਸਲਾ ਸਾਡੇ ਵਿਚ ਹੈ। ਕੱਪੜਿਆਂ ਵਿਚ ਨਹੀਂ।"

ਇਕ ਵੇਰ ਲੱਗਾ, ਉਹ ਆਪਣੇ ਹੀ ਜਾਲ ਵਿਚ ਘਿਰ ਗਿਆ। ਫਿਰ ਜਕੋ-ਤਕੇ 'ਚ ਕਿਹਾ।

"ਸੋਚ ਲੈ... ਮੈਨੂੰ ਕੋਈ ਇਤਰਾਜ਼ ਨਹੀਂ।"

"ਸੋਚ ਲਿਆ, ਮੈਂ ਕੱਲ੍ਹ ਤੋਂ ਸਕੂਲ ਨਹੀਂ ਆ ਰਹੀ। ਜੇ ਤੁਹਾਡੀ ਹਾਂ ਹੋਈ ਤਾਂ ਇਕੋ ਸ਼ਰਤ ਐ।"

"ਕੀ ?"

"ਸਾਡੇ ਰਿਸ਼ਤੇ 'ਚ ਦਾਜ-ਦਹੇਜ ਨਹੀਂ ਆਏਗਾ।"

ਗੁਰੀਏ ਨੀਲੂ ਦੀ ਮਾਂ ਬਾਰੇ ਸੁਣਿਆ ਤਾਂ ਸੀ। ਜਾਣ ਵੀ ਲਿਆ। ਦਲੇਰ ਅਤੇ ਖ਼ੁੱਦਾਰ ਔਰਤ ਸੀ, ਜੋ ਨੰਗੇ ਧੜ ਚਾਰ ਧੀਆਂ ਨੂੰ ਬੁੱਕਲ ਹੇਠ ਲਕੋਈ ਬੈਠੀ ਸੀ।

ਗੁਰੀਏ ਲਈ ਬਦੀ ਦੀ ਨੌਬਤ ਹੀ ਨਾ ਆਈ । ਤੀਜੇ ਦਿਨ ਉਹਦੀ ਬਦਲੀ ਸ਼ਹਿਰ ਦੀ ਦਾਣਾ-ਮੰਡੀ ਸਕੂਲ ਵਿਚ ਹੋ ਗਈ।

ਉਹਨੂੰ ਖ਼ੁਸ਼ ਹੋਣਾ ਚਾਹੀਦਾ ਸੀ; ਪਰ ਉਹ ਉਦਾਸ ਹੋ ਗਿਆ।

ਸਟਾਫ਼ ਵਿਚ ਕਈ ਮੈਡਮਾਂ ਸਨ। ਸਭ ਜੀਵਨ ਦਾ ਭਾਰ ਢੋਂਦੀਆਂ। ਨੀਰਸ। ਸੂਟਾਂ ਅਤੇ ਪਰਸਾਂ ਦੇ ਨਮੂਨਿਆਂ ਵਿਚ ਉਲਝੀਆਂ। ਗੱਲ-ਗੱਲ ਵਿਚ ਹਉਮੈ ਅਤੇ ਸ਼ਿਕਵੇ। ਟੀਚਰ ਸਾਥੀ ਵੀ ਤਰੱਕੀਆਂ ਅਤੇ ਗਰੁੱਪਾਂ ਦੀ ਰਾਜਨੀਤੀ ਵਿਚ ਫਸੇ ਹੋਏ। ਇਕ ਦੂਜੇ ਨੂੰ ਪਛਾੜਨ ਦੇ ਗੁਰ ਭਾਲਦੇ...

ਅਜਿਹੀ ਹਾਲਤ ਵਿਚ ਦਿਨ ਤਾਂ ਨਿਕਲ ਜਾਂਦਾ। ਰਾਤ ਨੂੰ ਨੀਲੂ ਦੀ ਤੜਪ ਇਸ ਕਦਰ ਸਾਹ ਘੋਟ ਦਿੰਦੀ ਕਿ ਨੀਲੂ ਦਾ ਨਿਰ-ਵਸਤਰ ਅਹਿਸਾਸ, ਕਾਮੁਕ ਮਨ ਦੀਆਂ ਮਮਟੀਆਂ ਤੇ ਜਾ ਬੈਠਦਾ।

ਪਰੇਸ਼ਾਨ ਰਹਿਣ ਲੱਗਾ ਤਾਂ ਇਕ ਦਿਨ ਸ਼ਰਾਬ ਦੀ ਮਹਿਫ਼ਲ ਵਿਚ ਆਪਣੇ ਇਕ ਡਾਕਟਰ ਦੋਸਤ ਅੱਗੇ ਰੋ ਪਿਆ। ਡਾ. ਸਿਆਣਾ ਸੀ। ਉਹ ਕਿਹਾ।

"ਤੁਰੰਤ ਵਿਆਹ ਕਰ ਲੈ।"

——————

ਬੱਸ ਮਾਜਰੀ ਅੱਡੇ 'ਤੇ ਰੁਕੀ ਤਾਂ ਅੱਧੀ ਖਾਲੀ ਹੋ ਗਈ।

ਯਾਦ ਆਇਆ, ਇਸੇ ਪਿੰਡ ਦੀ ਰੱਖੀ 'ਸੇਵਾਦਾਰਨੀ' ਸੀ। ਜਿਸ ਦੀ ਧੀ ਲੱਖੋ, ਕੁਝ ਦਿਨ ਮਾਂ ਦੀ ਥਾਂ ਆਈ ਸੀ। ਉਫ਼ ! ਕੀ ਰੂਪ ਸੀ ਓਹਦਾ। ਜਿਤਨੇ ਦਿਨ ਆਈ। ਉਹ ਸਕੂਟਰ ਤੇ ਬਿਠਾ ਕੇ ਲਿਆਉਂਦਾ ਰਿਹਾ ਸੀ।

ਯਾਦ ਆਇਆ, ਨੀਲੂ ਨਾਲ ਵਿਆਹ ਤਾਂ ਅੱਖ ਦੇ ਫੋਰ ਵਿਚ ਹੋ ਗਿਆ ਸੀ। ਦਿੱਕਤ ਉਦੋਂ ਆਈ ਜਦੋਂ ਉਹ ਨੀਲੂ ਨੂੰ ਵਿਆਹ ਤੋਂ ਬਾਦ ਪਹਿਲੇ ਫੇਰੇ ਲੈਣ ਆਇਆ।

ਉਹਦਾ ਕਾਰ 'ਤੇ ਲੈ ਕੇ ਆਉਣ ਦਾ ਮਨ ਸੀ। ਸਕੂਲ ਤੋਂ ਸਿੱਧਾ ਹੀ ਝੋਲਾ ਗਲ਼ 'ਚ ਪਾਈ ਆ ਗਿਆ। ਉਹੋ ਹਿੱਪੀ ਕੱਟ ਬਾਣਾ। ਸਧਾਰਨ।

ਅੱਡੇ 'ਤੇ ਉਤਰਿਆ ਤਾਂ ਖੁੰਢਾਂ ਤੇ ਬੈਠੇ ਦੋ ਬੁੜ੍ਹਿਆਂ ਵਾਜ਼ ਮਾਰੀ। ਨੇੜੇ ਗਿਆ ਤਾਂ ਬੁੜ੍ਹੇ ਸ਼ਰਮਿੰਦਾ ਹੋਏ।

"ਓ ਨਹੀਂ ਭਾਈ ! ਮਖਿਆ ਕੋਈ ਬਲਦਾਂ ਦੀਆਂ ਪੂਛਾਂ ਮੁਨਣ ਆਲੈ।"

"ਬਜ਼ੁਰਗੋ ! ਮਾਸਟਰ ਆਂ ਗੁਰਿੰਦਰ ਸਿੰਘ।"

"ਹੱਛਾ-ਹੱਛਾ ! ਆਹ ਸਹੁਰਾ ਹੁਲੀਏ ਤੋਂ ਟਪਲਾ ਲੱਗ ਗਿਆ।"

ਬੋੜ੍ਹਾਂ ਥੱਲੇ ਮੁਢੀਰ ਬੈਠੀ ਸੀ। ਇਸ ਤੋਂ ਪਹਿਲਾਂ ਕੇ ਨੇੜੇ ਜਾਂਦਾ ਕੁੱਤਿਆਂ ਦੀ ਇਕ ਹੇੜ ਕੋਈ

ਓਪਰਾ ਜਾਣ ਉਸ ਵੱਲ ਲਪਕੀ। ਉਸ ਝੋਲਾ ਘੁਮਾਇਆ ਅਤੇ ਹੇਠੀ ਮਹਿਸੂਸੀ। ਤਾਸ਼ ਕੁੱਟਦਿਆਂ 'ਚੋਂ ਕਿਸੇ ਕਿਹਾ।

"ਸਾਲਿਓ ! ਤਕਾਵੀਆਂ ਆਲੈ ਓਏ !..." ਦੋ ਤਿੰਨ ਖੇਡ ਵਿਚੇ ਛੱਡ ਕੇ ਖਿਸਕ ਗਏ।...

ਜਵਾਈ ਨੂੰ ਅਚਾਨਕ ਆਇਆ ਦੇਖ ਟੱਬਰ ਦੀ ਖਾਨਿਉਂ ਗਈ। ਜੀਵੀ ਨੂੰ ਚਾਅ ਚੜ੍ਹ ਗਿਆ। ਉਸ ਅਸੀਸਾਂ ਦੀ ਝੜੀ ਲਾਈ। ਕੁੜੀਆਂ ਦਾ ਚਾਅ ਠੱਲ੍ਹਿਆ ਨਹੀਂ ਸੀ ਜਾ ਰਿਹਾ।

ਵਿਆਹ ਬਹੁਤ ਸਾਦੇ ਢੰਗ ਨਾਲ ਹੋਇਆ ਸੀ। ਗੁਰੀਏ ਦੇ ਦੋ ਚਾਰ ਯਾਰ ਦੋਸਤ ਹੀ ਆਏ। ਫੇਰੇ ਹੋਏ। ਰੋਟੀ ਖਾਧੀ ਤੇ ਨੀਲੂ ਨੂੰ ਲੈ ਕੇ ਤੁਰਦੇ ਬਣੇ। ਹਾਸੇ-ਠੱਠੇ ਦਾ ਕੋਈ ਸਬਬ ਹੀ ਨਹੀਂ ਸੀ ਬਣਿਆ।

ਇਸ ਵਾਰ ਗੁਰੀਏ ਸੱਤੀ, ਬੀਰੋ ਤੇ ਰਾਜੀ ਗੌਰ ਨਾਲ ਦੇਖੀਆਂ। ਲੱਗਾ ਅੱਗ ਦੇ ਅੰਗਿਆਰ ਸਨ, ਜੋ ਸ਼ਰਮ ਹਯਾ ਵਿਚ ਲਿਪਟੇ ਤੁਰ ਫ਼ਿਰ ਰਹੇ ਸਨ।

ਜੀ ਕੀਤਾ ਰਾਤ ਰਹੇ; ਪਰ ਉਹ ਨੀਲੂ ਲਈ ਤੜਪਿਆ ਪਿਆ ਸੀ। ਸ਼ਾਮ ਦੀ ਬੱਸ ਪਰਤਣ ਵਜੋਂ ਨੀਲੂ ਕੱਪੜਾ-ਲੀੜਾ ਸਮੇਟ ਰਹੀ ਸੀ।

ਜਦ ਨੂੰ ਰੋਟੀ ਟੁੱਕ ਪੱਕਿਆ, ਗੁਰੀਆ ਬੀਰ੍ਹੀ ਤੇ ਰੱਜੀ ਤੋਂ ਵੱਧ ਸੱਤੀ ਨਾਲ ਖੁੱਲ੍ਹ ਚੁੱਕਾ ਸੀ। ਤੁਰਨ ਦੀ ਕਾਹਲੀ ਹੋਈ ਤਾਂ ਖੋਹ ਪਈ। ਕਾਸ਼ ਉਹ ਸੱਤੀ ਨਾਲ ਕੁਝ ਪਲ ਹੋਰ ਗੁਜ਼ਾਰ ਸਕਦਾ।

ਸੱਤੀ ਵੀ ਆਖ ਰਹੀ ਸੀ।

"ਜੀਜਾ ਜੀ ਅੱਜ ਨਹੀਂ... ਕੱਲ੍ਹ ਜਾਇਓ...।"

ਸੱਤੀ ਆਖ ਨਹੀਂ ਸੀ ਰਹੀ; ਬਰਛੀ ਵਾਂਗ ਅੰਦਰ ਕਿਧਰੇ ਖੁੱਭ ਰਹੀ ਸੀ।

ਉਹ ਰੁਕਣ ਬਾਰੇ ਹਾਲੇ ਦੁਬਿਧਾ ਵਿਚ ਹੀ ਸੀ ਕਿ ਹਾਸੇ ਦਾ ਮੜਾਸਾ ਹੋ ਗਿਆ।

ਮਸ਼ਕੂਲੇ ਵਜੋਂ ਬੀਰ੍ਹੀ ਨੇ ਇਕ ਪਰੌਂਠੇ ਦੇ ਆਟੇ ਵਿਚ ਰੂੰਈ ਗੁੰਨ ਕੇ ਪਕਾ ਦਿੱਤੀ ਸੀ, ਤੇ ਸ਼ੱਕਰ ਵਿਚ ਘਿਉ ਦੀ ਥਾਂ ਪਾਣੀ ਪਾ ਦਿੱਤਾ।

ਗਰਾਹੀ ਸੰਘ ਵਿਚ ਹੀ ਫਸ ਗਈ ਅਤੇ ਸ਼ੱਕਰ ਸ਼ਰਬਤ ਵਾਂਗ ਘੁੱਲ ਗਈ। ਗੁਰੀਆ ਮੱਚ ਉੱਠਿਆ। ਲੰਬ ਉਹਦੇ ਸਿਰ ਨੂੰ ਚੜ੍ਹਿਆ।

ਕੁੜੀਆਂ ਹੱਸ-ਹੱਸ ਦੂਹਰੀਆਂ ਹੋ ਰਹੀਆਂ ਸਨ।

"ਕੀ ਬਕਵਾਸ ਐ ਇਹ ?..." ਗੁਰੀਏ ਚੀਕ ਕੇ ਥਾਲੀ ਪਰੇ ਵਗਾਹ ਮਾਰੀ।

"ਜੀ ਇਹ ਤਾਂ ਕੁਝ ਵੀ ਨਹੀਂ... ਇਹ ਤਾਂ ਮੰਜੇ ਤੋਂ ਡੇਗਣ ਨੂੰ ਫਿਰਦੀਆਂ ਸੀ।" ਨੀਲੂ ਹੋਰ ਲਾਚੜ ਗਈ।

"ਤਾਂ ਮੈਂ ਐਹੋ ਜਿਹੇ ਜਾਹਲ ਲੋਕਾਂ 'ਚ ਫਸ ਗਿਆਂ ?" ਗੁਰੀਆ ਹੋਰ ਤਪ ਗਿਆ।

"ਜੀ ਇਹ ਤਾਂ ਰਿਵਾਜ ਨੇ ਸਾਡੇ..."

"ਜੁੱਤੀ 'ਤੇ ਮਾਰਦਾਂ ਮੈਂ ਇਹੋ ਜਿਹੇ ਰਿਵਾਜਾਂ ਤੇ ਬੰਦਿਆਂ ਨੂੰ..."

ਉਹ ਬਿਨਾਂ ਰੋਟੀ ਖਾਧੇ ਉੱਠ ਖੜ੍ਹਾ।

ਕੁੜੀਆਂ ਅੱਖਾਂ ਭਰ ਆਈਆਂ। ਜੀਵੀ ਹੱਥ ਜੋੜੇ। ਤਦੇ ਬਲਦੀ 'ਤੇ ਤੇਲ ਪੈ ਗਿਆ।

ਅੱਖਾਂ ਦੇ ਛੱਪਰ 'ਤੇ ਹੱਥ ਰੱਖੀ, ਸੋਟੀ ਟੇਕਦੀ ਹਰਦੇਈ ਆ ਖੜ੍ਹੀ।

"ਨੀ ਕੁੜੀਉ ਆਪਣੇ ਭਲਾ ਡਾਕਦਾਰਨੀ ਆਈ ਐ ਸਫ਼ਾਖਾਨਿਉਂ..."

ਸੱਤੀ ਕਾਹਲੀ ਨਾਲ ਹਰਦੇਈ ਨੂੰ ਧੱਕਿਆ।

"ਕੀ ਕਰਦੀ ਐਂ ਤਾਈ, ਪਰਾਹੁਣੈ ਦੀਦੀ ਦਾ..."

ਹੁਣ ਸਭ ਬਰਦਾਸ਼ਤ ਤੋਂ ਬਾਹਰ ਸੀ। ਗੁਰੀਆ ਗੁੱਸੇ 'ਚ ਕੰਬਣ ਲੱਗਾ।



ਜੀਵੀ ਕੁਝ ਕੱਪੜਾ-ਲੀੜਾ ਤੇ ਘਿਉ ਦੀ ਪੀਪੀ ਦਰਾਂ 'ਤੇ ਖੜ੍ਹੀ ਨੀਲੂ ਵੱਲ ਕੀਤੀ। ਇਸਤੋਂ ਪਹਿਲਾਂ ਕਿ ਨੀਲੂ ਫੜਦੀ, ਗੁਰੀਏ ਵਗਾਹ ਕੇ ਓਟੇ ਨਾਲ ਮਾਰੀ। ਮਾਮੂਲੀ ਖੜਕਾ ਹੋਇਆ, ਪਰ ਉਹਦੀ ਗੂੰਜ ਸਾਰੇ ਪਿੰਡ 'ਚ ਸੁਣੀ।

ਉਹ ਦਿਨ ਤੇ ਆਹ ਦਿਨ... ਚਾਰ ਸਾਲ ਬਾਦ ਉਹ ਫਿਰ ਆ ਰਿਹਾ ਸੀ...

———————

ਬੱਸ ਨਹਿਰਾਂ ਟੱਪ ਰਹੀ ਸੀ...

ਸ਼ਾਨ ਨਾਲ ਉਹ ਅੱਡੇ 'ਚ ਉੱਤਰਿਆ। ਉਸ ਚਾਹਿਆ, ਕੋਈ ਇਸ ਬਾਣੇ ਵਿਚ ਵੀ ਉਹਨੂੰ ਦੇਖੇ ਅਤੇ ਪਹਿਚਾਣੇ।...

ਕਈ ਕੁਝ ਬਦਲਿਆ ਹੋਇਆ ਸੀ। ਛੱਪੜ ਕੰਢੇ ਕੰਧ ਕਰ ਦਿੱਤੀ ਗਈ ਸੀ। ਬੋਹੜ ਵਾਲਾ ਥੜ੍ਹਾ ਖਾਲੀ ਸੀ ਤੇ ਸਕੂਲ ਦੀ ਚਾਰ ਦਿਵਾਰੀ 'ਤੇ ਕਈ ਲੋਗੋ ਲਿਖ ਦਿੱਤੇ ਗਏ ਸਨ।

ਬੀਹੀ ਵਿਚ ਇਕ ਦੋ ਬੁੜ੍ਹੀਆਂ ਅੱਗੇ ਸਿਰ ਨਿਵਾਉਂਦਾ ਉਹ ਨੀਲੂ ਕੇ ਵਿਹੜੇ ਵਿਚ ਜਾ ਖੜ੍ਹਾ। ਇੱਥੇ ਵੀ ਕਈ ਕੁਝ ਬਦਲਿਆ ਪਿਆ ਸੀ। ਚੌਂਕੇ ਵਿਚਲਾ ਓਟਾ ਪੱਕਾ ਕਰ ਦਿੱਤਾ ਗਿਆ ਸੀ ਅਤੇ ਵਿਹੜਾ ਸੱਜਰਾ ਲਿੱਪਿਆ ਗਿਆ ਸੀ। ਇਹਦਾ ਮਤਲਬ ਉਹਦੇ ਆਉਣ ਦੀ ਖ਼ਬਰ ਕਰ ਦਿੱਤੀ ਗਈ ਸੀ।

ਜੀਵੀ ਸੰਗਦੇ ਜਿਹੇ ਸਿਰ ਪਲੋਸਿਆ ਅਤੇ ਕੁੜੀਆਂ ਦੂਰੋਂ ਹੀ ਹੱਥ ਜੋੜ ਠਿਠਕ ਗਈਆਂ। ਚਾਹ ਫੜਾਉਂਦੇ ਜੀਵੀ ਸਰਸਰੀ ਸੁੱਖ-ਸਾਂਦ ਪੁੱਛੀ ਤਾਂ ਲੱਗਾ, ਹਰ ਕੋਈ ਸਹਿਮਿਆ ਪਿਆ ਸੀ।

ਕੁੜੀਆਂ ਲੁੱਕ ਕੇ ਗੁਰੀਆ ਦੇਖਿਆ।

"ਨੀ ਕੁੱਤੀਏ ਇਹ ਤਾਂ ਜਮਾ ਸਿੱਖ ਬਣਿਆ ਫਿਰਦੈ..." ਸੱਤੀ ਕਿਹਾ।

"ਬਹੁਤੀ ਚੌੜੀ ਨਾ ਹੋ... ਖੇਖਣਹਾਰੈ ਪੂਰਾ..." ਬੀਰ੍ਹੀ ਮੱਚੀ ਪਈ ਸੀ।

"ਵਿਚਾਰੀ ਦੀਦੀ !" ਰਾਜੀ ਹਉਕਾ ਲਿਆ।

ਜੀਵੀ ਮਸ਼ੀਨ ਅੱਗੋਂ ਕੱਪੜੇ ਸਮੇਟੇ ਅਤੇ ਕੁੜੀਆਂ ਨਾਲ ਰੋਟੀ ਆਹਰੇ ਜਾ ਲੱਗੀ।

ਗੁਰੀਆ ਦਲ੍ਹਾਨ 'ਚ ਬੈਠਾ ਸੀ। ਇਕ ਦੋ ਵਾਰ ਕੁੜੀਆਂ ਅੰਦਰ ਆਈਆਂ ਵੀ, ਹਨੇਰੀ ਵਾਂਗ ਪਰਤ ਗਈਆਂ। ਦਿਲ ਕੀਤਾ ਉਹ ਕੁੜੀਆਂ ਨਾਲ ਕੋਈ ਗੱਲ ਕਰੇ। ਹੋਰ ਨਹੀਂ ਤਾਂ ਹਾਸਾ-ਠੱਠਾ ਹੀ।

ਉਕਤਾਅ ਕੇ ਬਾਹਰ ਆ ਗਿਆ। ਦੇਖਿਆ, ਸੱਤੀ ਟੋਕਾ-ਮਸ਼ੀਨ 'ਤੇ ਪੱਠੇ ਕੁਤਰ ਰਹੀ ਸੀ। ਉਹਨੇ ਇਕ ਨਜ਼ਰ ਗਲਮੇ ਤੋਂ ਬਾਹਰ ਸੱਤੀ ਦਾ ਡੁੱਲ੍ਹਦਾ ਜੋਬਨ ਦੇਖਿਆ। ਹਉਕਾ ਲਿਆ ਅਤੇ ਨੇੜੇ ਆਇਆ।

"ਲਿਆਓ ਮੈਂ ਕਰਾਵਾਂ ਮਦਦ..."

"ਨਾ ਜੀਜਾ ਜੀ ! ਕੱਪੜੇ ਨਾ ਗੰਦੇ ਕਰਿਉ।" ਸੱਤੀ ਕਿਹਾ।

ਅਚਾਨਕ ਖਿਆਲ ਆਇਆ, ਉਹ ਕੋਟ ਪੈਂਟ ਅਤੇ ਟਾਈ ਵਿਚ ਸੀ। ਸੱਤੀ ਕੁਤਰਿਆ ਬਰਸੀਮ ਗਾਂ ਦੀ ਖੁਰਲੀ 'ਚ ਪਾਉਣ ਖਿਸਕ ਗਈ। ਉਹ ਟਹਿਲਦਾ ਫ਼ਿਰਨੀ ਵੱਲ ਨਿਕਲ ਆਇਆ। ਇਸ ਵਾਰ ਉਸ ਪੱਕੀ ਧਾਰ ਲਈ ਕਿ ਕੋਈ ਗ਼ਲਤੀ ਨਹੀਂ ਕਰੇਗਾ।

ਖਾਸ ਕਰ ਘਰ ਆਈ ਸੱਸ ਨਾਲ ਬਦ-ਕਲਾਮੀ ਵਰਗੀ।...

ਵਿਆਹ ਨੂੰ ਦੂਜਾ ਸਾਲ ਤੇ ਨੀਲੂ ਨੂੰ ਚੌਥਾ ਮਹੀਨਾ ਸੀ। ਹਸਨਪੁਰ ਆਉਂਦੀ ਬੱਸ ਕਿਸੇ ਕਾਰਨ ਬੰਦ ਹੋ ਗਈ ਤਾਂ ਬੀਰ੍ਹੀ ਦਾ ਕਾਲਜ ਜਾਣਾ ਮੁਸ਼ਕਿਲ ਹੋ ਗਿਆ।

ਜੀ ਭਿਆਣੀ ਜੀਵੀ, ਧੀ ਜਵਾਈ ਦੇ ਦਰੀਂ ਜਾ ਖੜ੍ਹੀ।

"ਜਿਵੇਂ ਜਾਣੋ... ਕੁੜੀ ਦੇ ਇਮਤਿਹਾਨਾਂ ਤੱਕ ਦੇ ਦਿਨ ਕਟਾਓ...।"

ਗੁਰੀਆ ਨੀਲੂ ਦੇ ਹਮਲ ਤੋਂ ਪਹਿਲੋਂ ਹੀ ਦੁਖੀ ਸੀ। ਚੌਕਸੀ ਅਤੇ ਹੇਠ ਉੱਤੇ ਗਿਰਾਏ ਦੋ ਹਮਲਾਂ ਤੋਂ ਬਾਦ ਵੀ ਦਿਨ ਚੜ੍ਹ ਜਾਣ ਨੇ ਸਭ ਕੁਝ ਉਲਟ-ਪੁਲਟ ਕਰਕੇ ਰੱਖ ਦਿੱਤਾ ਸੀ। ਉਤੋਂ ਸੱਸ ਮੁਸੀਬਤ ਬਣ ਕੇ ਆ ਖੜ੍ਹੀ। ਉਸਦਾ ਜੱਬਤ ਜਾਂਦਾ ਰਿਹਾ।

"ਹੱਦ ਹੋ ਗਈ... ਤੁਹਾਡੀ ਕੁੜੀ ਨਾਲ ਵਿਆਹ ਕਰਾਉਣ ਦਾ ਮਤਲਬ, ਸਾਰੇ ਟੱਬਰ ਦਾ ਠੇਕਾ ਲੈ ਲਿਆ ਮੈਂ?"

ਜੀਵੀ ਪਰਤ ਤਾਂ ਗਈ। ਗੁਰੀਆ ਸਿਰ ਫੜ ਕੇ ਬੈਠ ਗਿਆ।

ਜਵਾਨ ਕੁੜੀ ਨੂੰ ਘਰ 'ਚ ਆਉਣੋ ਰੋਕ ਦਿੱਤਾ; ਪਰ ਤੀਰ ਹੱਥੋਂ ਨਿਕਲ ਕੇ ਉਹਨੂੰ ਆਪ ਨੂੰ ਹੀ ਵਿੰਨ੍ਹ ਗਿਆ ਸੀ। ਗੁਰੀਆ ਪਛਤਾਵੇ ਨਾਲ ਭਰ ਗਿਆ, ਕਮਾਲ ਦੀ ਗੱਲ ਉਹਦੇ ਸ਼ਾਤਰ ਮਨ ਨੇ ਨੀਲੂ ਨੂੰ ਆਪਣੀ ਗਲੀਜ਼ ਇੱਛਾ ਦੀ ਭਿਣਕ ਤੱਕ ਨਾ ਸੀ ਪੈਣ ਦਿੱਤੀ।

ਫ਼ਿਰ ਪਿੰਕੀ ਹਾਲੇ ਜਨਮੀ ਨਹੀਂ ਸੀ ਕਿ ਗੁਰੀਏ ਦਾ ਜੀਵਨ ਹੀ ਬਦਲ ਗਿਆ। ਨੀਲੂ ਹਮਲ ਦੌਰਾਨ ਬਿਮਾਰ ਰਹਿਣ ਲੱਗੀ ਸੀ।

ਲਗਾਤਾਰ ਕਈ ਟੈਸਟਾਂ ਤੋਂ ਬਾਦ ਡਾਕਟਰ ਸ਼ਾਲਿਨੀ ਨੇ ਗੁਰੀਏ ਨੂੰ ਪਾਸੇ ਲੈ ਜਾ ਕੇ ਕਿਹਾ ਸੀ।

"ਮੁਸ਼ਕਲ ਹੈ ਮਾਂ ਤੇ ਬੱਚੇ ਦਾ ਬਚਣਾ। ਬੱਚਾ ਹੋ ਵੀ ਗਿਆ ਤਾਂ ਪਾਲੇ ਗਾ ਕੌਣ?"

"ਕਿਉਂ?"

"ਇਹ ਬਹੁਤੇ ਦਿਨ ਨਹੀਂ।" ਉਹਦਾ ਇਸ਼ਾਰਾ ਨੀਲੂ ਵੱਲ ਸੀ।

"ਕਾਰਨ?"

"ਕੈਂਸਰ ਦੀ ਲੇਟਰ ਸਟੇਜ..."

"ਨੀਲੂ ਨੂੰ ਪਤੈ?"

"ਨਹੀਂ!... ਪਤਾ ਲੱਗਾ ਤਾਂ ਸਮਝੋ ਗਈ। ਬਿਹਤਰ ਹੈ ਬੱਚਾ ਨਾ ਲਵੋ। ਇਹਦੀ ਸੇਵਾ ਕਰੋ, ਜੇ ਕਰ ਸਕਦੇ ਓ ਤਾਂ।"

ਬੱਸ ਉਸੇ ਦਿਨ ਤੋਂ ਗੁਰੀਏ ਦਾ ਸ਼ਾਤਰ ਮਨ, ਸਾਜ਼ਿਸ਼ਾਂ ਦੀ ਜੂੰਨੇ ਪੈ ਗਿਆ। ਪਤਾ ਹੀ ਨਾ ਲੱਗਾ ਕਦੋਂ ਅੰਮ੍ਰਿਤ ਛਕ ਲਿਆ। ਕੇਸ ਰੱਖ ਲਏ, ਪੂਜਾ ਪਾਠ ਵਿਚ ਖਚਿਤ ਹੋਇਆ ਆਉਣ ਵਾਲੇ ਬੱਚੇ ਨੂੰ ਸੱਤੀ ਤੱਕ ਪੁੱਜਣ ਦੀ ਪੌੜੀ ਸਮਝਣ ਲੱਗਾ।

ਨੀਲੂ ਦੀ ਗੋਦ 'ਚ ਪਿੰਕੀ ਆਈ ਤਾਂ ਲੱਗਾ ਹੁਣ ਸੱਤੀ ਉਸ ਤੋਂ ਬਹੁਤੀ ਦੂਰ ਨਹੀਂ ਸੀ। ਨੀਲੂ ਦਿਨ-ਬਦਿਨ ਡਿੱਗ ਰਹੀ ਸੀ। ਗੁਰੀਆ ਹੌਂਸਲੇ 'ਚ ਸੀ। ਨੀਲੂ ਗੁਰੀਏ ਦੇ ਰਵੱਈਏ ਨੂੰ ਸੰਜੀਦਗੀ ਨਾਲ ਦੇਖਦੀ ਅਤੇ ਮਹਿਸੂਸਦੀ ਕਿ ਹਰ ਦਿਨ ਉਸ 'ਚੋਂ ਕੁਝ ਮਰ ਰਿਹਾ ਸੀ।

"ਤੇਰਾ ਵਹਿਮ ਐ...।" ਗੁਰੀਆ ਆਖਦਾ।

ਨੀਲੂ ਹੱਸ ਛੱਡਦੀ।

ਗੁਰੀਆ ਨੀਲੂ ਨੂੰ ਹਰ ਭਿਣਕ ਤੋਂ ਦੂਰ ਰੱਖ ਰਿਹਾ ਸੀ। ਗੁਰੀਆ ਜਾਣਦਾ ਸੀ। ਕੁੜੀਆਂ ਜੀਵੀ ਦੇ ਗਲ਼ ਚੜ੍ਹੀਆਂ ਖੜ੍ਹੀਆਂ ਸਨ। ਗੁਜ਼ਾਰਾ ਮਹਿਜ਼ ਮਸ਼ੀਨ 'ਤੇ ਸੀ। ਗਰਮ ਲੋਹੇ 'ਤੇ ਇਕ ਸੱਟ, ਤੇ ਪਾਰ। ਆਖ਼ਰੀ ਹਥਿਆਰ ਪਿੰਕੀ ਸੀ, ਜਿਸਨੂੰ ਪਾਲਣ ਲਈ ਮਾਸੀ ਤੋਂ ਵੱਧ ਕਿਹੜਾ ਹੋ ਸਕਦਾ ਸੀ।

ਇਸ ਵੇਰ ਰਿਪੋਰਟਾਂ ਆਈਆਂ ਤਾਂ ਗੁਰੀਏ ਦੀਆਂ ਚੜ੍ਹ ਮੱਚੀਆਂ। ਪਿੰਕੀ ਦਾ ਦੁੱਧ ਛੁਡਾਉਣ ਲਈ ਸਖ਼ਤ ਹਦਾਇਤ ਸੀ ਤੇ ਨੀਲੂ ਲਈ ਵੱਧ ਤੋਂ ਵੱਧ ਤਿੰਨ ਮਹੀਨੇਂ ਹੋਰ ਉਮੀਦ ਕੀਤੀ ਗਈ ਸੀ।

ਗੁਰੀਏ ਜ਼ੱਬਤ ਹੋਰ ਪੱਕਾ ਕੀਤਾ ਤੇ ਨੀਲੂ ਨੂੰ ਬੁੱਕਲ 'ਚ ਲਿਆ।

"ਪਿਛਲੀ ਵੇਰ ਬੜੀ ਭੁੱਲ ਹੋਈ, ਮੇਰੀ ਮੂਰਖ਼ਤਾ ਤੇ ਬੀਰ੍ਹੀ ਦਾ ਕਾਲਜ ਛੁੱਟ ਗਿਆ। ਇਸ ਵਾਰ ਬਾਜਾਂ ਵਾਲੇ ਤੋਂ ਭੁੱਲ ਬਖ਼ਸ਼ਾਈਏ ਤੇ ਸੱਤੀ ਨੂੰ ਬੀ.ਏ. ਕਰਵਾਈਏ। ਹੋ ਸਕੇ ਤਾਂ ਉਹਦੇ ਵਿਆਹ ਦਾ ਜੁਗਾੜ ਵੀ ਕਰੀਏ ਕਿਤੇ।" ਗੁਰੀਏ ਫ਼ਿਕਰਾ ਤੜਫ਼ਦਾ
ਛੱਡ ਦਿੱਤਾ।

ਨੀਲੂ ਅੱਖਾਂ ਭਰ ਆਈ।

"ਜਿਵੇਂ ਮਰਜ਼ੀ...।" ਉਹਤੋਂ ਗੱਲ ਪੂਰੀ ਨਾ ਹੋਈ।

"ਨਾਲੇ ਪਿੰਕੀ ਦਾ ਦਿਲ ਲੱਗਾ ਰਹੂ... ਤੂੰ ਮਾਂ ਨਾਲ ਗੱਲ ਕਰ।"

"ਮੈਥੋਂ ਨਹੀਂ ਹੋਣੀ... ਮੈਂ ਤਾਂ ਚਾਰ ਸਾਲਾਂ ਤੋਂ ਨਹੀਂ ਕੀਤੀ ਗੱਲ।"

"ਹੁਣ ਮੈਂ ਕਹਿ ਰਿਹਾਂ ਨਾ... ਤੂੰ ਬੇਸ਼ੱਕ ਵਿਆਹ ਦਾ ਵੀ ਖਰਚਾ ਓਟ ਲੈ ਉਹਦਾ...।"

ਨੀਲੂ ਤ੍ਰਭਕ ਕੇ ਪਤੀ ਵੱਲ ਦੇਖਿਆ। ਉਹ ਕੀ ਸੁਣ ਰਹੀ ਸੀ।

"ਦੇਖ ਆਪਾਂ ਵੀ ਬੱਚੇ ਹਾਂ ਉਹਨਾਂ ਦੇ... ਕੁਝ ਤਾਂ ਭਾਰ ਹਲਕਾ ਕਰੀਏ ਉਹਨਾਂ ਦਾ...।"

"ਠੀਕ ਐ... ਕੱਲ੍ਹ ਦੇਖਾਂਗੀ।" ਨੀਲੂ ਕਿਹਾ।

ਗੁਰੀਆ ਮਨ ਹੀ ਮਨ ਝੂੰਮਣ ਲੱਗਾ।

ਅਗਲੇ ਦਿਨ ਨੀਲੂ ਕਿਹਾ, "ਜਾਉ ਲੈ ਆਓ ਸੱਤੀ ਨੂੰ।"

ਇਸੇ ਮਨਸੂਬੇ ਅਧੀਨ ਉਹ ਸਹੁਰੇ ਘਰ ਆਇਆ ਖੜ੍ਹਾ ਸੀ...

ਬਾਹਰੋਂ ਮੁੜਦਾ ਉਹ ਸਿੱਧਾ ਜੀਵੀ ਲਾਗ ਆ ਖੜ੍ਹਾ। ਜੀਵੀ ਕਿਸੇ ਜ਼ੱਬਤ 'ਚ ਮੰਜੇ ਤੇ ਬੈਠੀ ਸੀ।

"ਜੀ ਮੈਂ ਗੱਲ ਕਰਨੀ ਸੀ ਬਹੁਤ ਜ਼ਰੂਰੀ।" ਉਸ ਮੁੱਢ ਬੰਨ੍ਹਦੇ ਕਿਹਾ।

ਜੀਵੀ ਚੁੱਪ।

"ਨੀਲੂ ਨੇ ਕਿਹਾ ਹੋਊ ਕੁਛ..."

"ਹਾਂ ਕਿਹਾ!"

"ਕੀ?"

"ਇਹੋ ਬਈ ਸੱਤੀ ਨੂੰ ਬੀ.ਏ. ਕਰਵਾਏਂਗਾ। ਪਹਿਲਾਂ ਭੁੱਲ ਹੋਈ। ਪਿੰਕੀ ਦਾ ਦਿਲ ਲੱਗੇਗਾ। ਵਿਆਹ ਦਾ ਵੀ ਖਰਚਾ ਓਟੇਂਗਾ।"

"ਦਰਅਸਲ ਉਦੋਂ ਬੀਰ੍ਹੀ ਲਈ ਤੁਸੀਂ ਕਿਹਾ, ਮੈਥੋਂ ਨਾਂਹ ਹੋ ਗਈ। ਪਛਤਾਵੈ ਤਾਂ ਕਹਿ ਰਿਹਾਂ। ਪਲੀਜ਼ ਬੀ ਜੀ ਨਾਂਹ ਨਾ ਕਰਿਉ।"

ਗੁਰੀਏ ਹੱਥ ਜੋੜੇ।

"ਸੋਚਦਾਂ ਪੰਜ ਵਾਲੀ ਬੱਸ ਪਰਤ ਜਾਵਾਂ।"

"ਠੀਕ ਐ... ਜਿਵੇਂ ਤੇਰੀ ਮਰਜ਼ੀ।" ਜੀਵੀ ਹਾਲੇ ਵੀ ਜੱਬਤ ਵਿਚ ਸੀ।

"ਫ਼ਿਰ ਸੱਤ ਨੂੰ ਕਹੋ ਤਿਆਰ ਹੋਵੇ।" ਗੁਰੀਆ ਚਹਿਕਿਆ।

"ਕਿਉਂ?"

"ਜੀ ਨਾਲ ਜਾਣ ਲਈ..."

"ਕੀਹਦੇ?"

"ਮੇਰੇ ਨਾਲ, ਹੋਰ ਕੀਹਦੇ?" ਗੁਰੀਆ ਹੈਰਾਨ ਸੀ।

"ਨਹੀਂ ਭਾਈ! ਕੁੜੀ ਨਹੀਂ ਭੇਜਣੀ ਮੈਂ..."

"ਪਰ ਕਿਉਂ?"

"ਇਕ ਭੇਜ ਤਾਂ ਦਿੱਤੀ..."

"ਬੀ ਜੀ ਮੈਂ ਸੱਤੀ ਲਈ ਕਹਿ ਰਿਹਾਂ।"

"ਸੁਣ ਲਿਆ, ਪਰ ਕੁੜੀ ਲਈ ਨਾਂਹ ਐ।"

"ਤੁਹਾਨੂੰ ਕਿਸੇ ਕਿਹੈ ਕੁਝ ?" ਗੁਰੀਆ ਤਲਖ਼ੀ ਨਾਲ ਬੋਲਿਆ।

"ਹਾਂ ਕਿਹੈ।"

"ਕੀਹਨੇ ?" ਗੁਰੀਆ ਹੈਰਾਨ ਸੀ।

"ਹੈ ਕੋਈ ?"

"ਕੌਣ ?"

"ਇਕ ਵੇਰ ਮਾਂ ਧੀ ਤੁਰੀਆਂ ਜਾਂਦੀਆਂ ਸੀ। ਕੁੜੀ ਥੱਕ ਗਈ। ਪਿੱਛੋਂ ਕੋਈ ਘੋੜੇ ਤੇ ਚੜ੍ਹਿਆ ਆ ਗਿਆ। ਮਾਂ ਨੇ ਘੋੜੇ ਵਾਲੇ ਨੂੰ ਕਿਹਾ, ਪੁੱਤ ਮੇਰੀ ਧੀ ਨੂੰ ਹੀ ਬਿਠਾ ਲੈ। ਘੋੜੇ ਵਾਲੇ ਕਿਹਾ, ਬੁੜ੍ਹੀਏ ਮੈਂ ਘੋੜੇ 'ਤੇ, ਤੂੰ ਪੈਦਲ...। ਪਹਿਲਾਂ ਲੰਘ ਗਿਆ। ਫਿਰ ਖੜ੍ਹ ਗਿਆ। ਕਹਿੰਦਾ ਚਲ ਬਿਠਾ ਦੇ। ਪਤੈ ਮਾਂ ਨੇ ਕੀ ਕਿਹਾ ? ਕਹਿੰਦੀ ਜੀਹਨੇਂ ਤੈਨੂੰ ਕਿਹੈ ਨਾ ਬਿਠਾ ਲੈ, ਉਹਨੇ ਮੈਨੂੰ ਕਹਿ ਦਿੱਤੈ ਹੁਣ ਨਾ ਬਿਠਾਈਂ।"

"ਤੁਸੀਂ ਸਿੱਧਾ ਦੱਸੋ, ਮੈਂ ਕੀ ਕਹਾਂ ਨੀਲੂ ਨੂੰ..." ਗੁਰੀਏ ਦਾ ਬੰਨ੍ਹ ਟੁੱਟ ਗਿਆ। ਇਕ ਜਲਜ਼ਲਾ ਤੇ ਗੁਰੀਏ ਦੇ ਕੰਨ ਸਾਂ-ਸਾਂ ਕਰਨ ਲੱਗੇ।

"ਕੁੱਤਿਆ ਕੀ ਕਹੇਂਗਾ ਉਹਨੂੰ... ਕਿੰਨੇ ਦਿਨ ਦੀ ਪ੍ਰਾਹੁਣੀ ਐ ਉਹ... ਪਹਿਲਾਂ ਤੂੰ ਉਹਨੂੰ ਮਰਨ ਲਈ ਤਿਆਰ ਕੀਤਾ। ਫੇ ਨਿਆਣਾ ਜੰਮਿਆ। ਬਈ ਕੁੜੀ ਦਾ ਵਾਸਤਾ ਪਾ ਕੇ ਦੂਜੀ ਤੀਕ ਅਪੜੇਂ ਗਾ। ਤੂੰ ਕੀ ਸਮਝਦੈਂ ਸਾਨੂੰ ਪਤਾ ਨਹੀਂ।"

ਗੁਰੀਆ ਥਰ-ਥਰ ਕੰਬਣ ਲੱਗਾ। ਹੈਰਾਨੀ 'ਚ ਕਿਹਾ।

"ਪਰ ਇਸ ਗੱਲ ਦਾ ਤਾਂ ਨੀਲੂ ਨੂੰ ਵੀ..."

ਮੱਚਦੀ ਜੀਵੀ ਨੇ ਬਾਂਹ ਵਧਾ ਕੇ ਗੁਰੀਏ ਦਾ ਮੋਢਾ ਛੋਹਿਆ।"ਕੁੱਤਿਆ ! ਹਰ ਬੰਦੇ ਦੇ ਐਥੇ ਬੈਠੇ ਹੁੰਦੇ ਐ ਜਮ। ਚਿਤਰ ਤੇ ਗੁਪਤ। ਜਿਹੜੇ ਪਾਪ ਲਿਖਦੇ ਐ ਬੰਦੇ ਦੇ। ਪਰ ਮਾਂ ਦੇ ਮੋਢਿਆਂ ਤੇ ਨਹੀਂ ਬੈਠਦੇ। ਉਡਦੇ ਐ ਹਵਾ 'ਚ। ਪਲ-ਪਲ ਦੀ ਖ਼ਬਰ ਦਿੰਦੇ ਐ ਮਾਂ ਦੀ ਆਂਦਰ ਨੂੰ... ਲਿਆ ਕੁੜੀਏ ਦਿਖਾ ਇਸ ਕੁੱਤੇ ਨੂੰ, ਕੀ ਜਾਣਦੀ ਆਂ ਮੈਂ..."

ਸੱਤੀ ਨੇ ਕੁਝ ਕੱਪੜੇ ਅਤੇ ਪੈਸੇ ਲਿਆ ਕੇ ਗੁਰੀਏ ਦੇ ਪੈਰਾਂ 'ਚ ਮਾਰੇ।

"ਪਤੈ ਕੀ ਐ ? ਖੱਫਣ ਐ ਮੇਰੀ ਧੀ ਦਾ... ਜੀਹਦੇ ਪਲ-ਪਲ ਦਾ ਪਤੈ ਸਾਨੂੰ ਮਰਨ ਦਾ... ਤੇ ਐਹ ਪੈਸੇ, ਸਿੜ੍ਹੀ ਦੇ ਲੱਕੜ-ਕਾਠ ਲਈ। ਹੁਣੇ ਦਿਆਂ...? ਬੰਦੇ ਦਾ ਪੁੱਤ ਐਂ ਤਾਂ ਨਿਕਲ ਏਥੋਂ..."

ਬਰਛੀ ਵਾਂਗ ਤਣ ਗਈ ਜੀਵੀ ਦੀ ਉਂਗਲ।

ਗੁਰੀਆ ਖੜ੍ਹਾ ਖੜੋਤਾ ਮਿੱਟੀ ਸੀ...

ਚਿਤਰ ਤੇ ਗੁਪਤ ਗੁਰੀਏ ਦੇਖੇ ਨਹੀਂ ਸਨ ਪਰ ਲੱਗਾ, ਜੇ ਕੋਈ ਸਨ ਤਾਂ ਜੀਵੀ ਜਹੇ ਹੀ ਸਨ, ਜੋ ਮੋਢਿਆਂ ਤੇ ਬੈਠੀ ਉਹਦੇ ਪਾਪ ਲਿਖ ਰਹੀ ਸੀ।...

-0-

---

## ਪਿਸ਼ਾਚ ਕੁੱਤਾ (ਸਰ ਆਰਥਰ ਕਾਨਨ ਡਾਇਲ)
## ਅਨੁ: ਮਹਿੰਦਰ ਬੇਦੀ ਜੈਤੋ
## ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ



## ਮਲਿਆਲਮ ਕਹਾਣੀ
# ਮੌਤ ਤੋਂ ਬਾਅਦ / ਸੁਜੀਤ ਕਮਲ

ਨਵੇਂ ਦਿਨ ਦੇ ਅੱਠਵੇਂ ਘੰਟੇ ਵਿੱਚ ਸੁਸਤੀ ਨਾਲ ਘਿਰਿਆ ਜਿਜੋ ਪੈਰ 'ਤੇ ਪੈਰ ਧਰੀ ਅੱਧ-ਸੁੱਤਾ ਲੰਮਾ ਪਿਆ ਸੀ। ਅਚਾਨਕ ਉਸ ਦੀ ਪਿੱਠ 'ਤੇ ਗਰਮੀ ਜਿਹੀ ਮਹਿਸੂਸ ਹੋਈ। ਉਸ ਨੇ ਚਾਦਰ ਲਾਹ ਕੇ ਦੇਖਿਆ, ਲੀਮਾ ਸੀ। ਜਿਜੋ ਨੇ ਸੁਸਤੀ ਤੇ ਗੁੱਸੇ ਨਾਲ ਲੀਮਾ ਵੱਲ ਦੇਖਿਆ ਤੇ ਚਾਦਰ ਨੂੰ ਸਿਰ ਤੋਂ ਪੈਰਾਂ ਤਕ ਲੈ ਸਿੱਧਾ ਹੋ ਕੇ ਲੰਮਾ ਪੈ ਗਿਆ। ਆਪਣਾ ਸੱਜਾ ਹੱਥ ਕਾਫੀ ਟੇਬਲ ਉਪਰ ਰੱਖ ਕੇ ਲੀਮਾ ਨੇ ਆਪਣਾ ਸਿਰ ਜਿਜੋ ਦੀ ਛਾਤੀ ਉਪਰ ਰੱਖ ਦਿੱਤਾ ਤੇ ਫਿਰ ਉਸ ਦਾ ਨੱਕ ਫੜਦੀ ਹੋਈ ਬੋਲੀ, "ਮਾਮਾ ਜੀ, ਉਠੋ, ਅੱਠ ਵੱਜ ਗਏ।"

ਲੀਮਾ ਨੂੰ ਪਲੰਘ 'ਤੇ ਪਾ ਕੇ ਜਿਜੋ ਨੇ ਆਪਣੇ ਮੁਬਾਈਲ ਦਾ ਪੈਡ ਚਾਲੂ ਕਰ ਲਿਆ। ਉਸ ਨੇ ਸਾਈਲੈਂਟ ਮੋਡ 'ਤੇ ਲਾਇਆ ਹੋਇਆ ਸੀ। ਵੈਨਲ ਦੇ ਤਿੰਨ ਮੈਸਜ਼ ਤੇ ਦੋ ਮਿਸ ਕਾਲਾਂ ਸਨ। 'ਉਠਿਆ ਨਹੀਂ ਹਾਲੇ ?' ਮਲਿਆਲਮ ਤੇ ਅੰਗਰੇਜ਼ੀ ਵਿੱਚ ਰਲਵੇਂ ਮੈਸਜ਼। ਲੀਮਾ ਤੋਂ ਚੋਰੀ ਵੇਨਲ ਨੂੰ ਵਾਪਸ ਟੈਕਸਟ ਮੈਸਜ ਕਰਨ ਲੱਗਿਆ ਤਾਂ ਲੀਮਾ ਨੇ ਆਪਣੇ ਆਈ ਪੈਡ ਤੋਂ ਨਜ਼ਰਾਂ ਹਟਾਏ ਬਗੈਰ ਪੁੱਛਿਆ, "ਵੇਨਲ ਅੰਟੀ ਐ ?"

ਲੀਮਾ ਦਾ ਕੰਨ ਫੜਦੇ ਹੋਏ ਹਾਸੇ ਨੂੰ ਰੋਕ ਕੇ ਗੰਭੀਰਤਾ ਨਾਲ ਜਿਜੋ ਨੇ ਪੁੱਛਿਆ, "ਅੱਜ ਤੂੰ ਸਕੂਲ ਨਹੀਂ ਜਾਣਾ ?"

"ਜਾਣਾਂ।" ਲੀਮਾ ਨੇ ਜਵਾਬ ਦਿੱਤਾ।

"ਫਿਰ ਤਿਆਰ ਕਿਉਂ ਨਹੀਂ ਹੁੰਦੀ ?"

"ਮੰਮੀ ਇਥੇ ਨਹੀਂ।"

"ਕਿਥੇ ਗਈ ਤੇਰੀ ਮੰਮੀ ?"

ਵੀਡੀਓ ਗੇਮ ਰੋਕ ਕੇ ਲੀਮਾ ਨੇ ਆਖਿਆ, "ਰੂਪਾ ਅੰਟੀ ਦੇ ਫਲੈਟ ਵਿੱਚ ਗਈ ਐ। ਅੰਟੀ ਦੇ ਪਿਤਾ ਦਾ ਦੇਹਾਂਤ ਹੋ ਗਿਆ। ਪਾਪਾ ਤੇ ਮੰਮੀ ਹਾਲੇ ਤਕ ਨਹੀਂ ਮੁੜੇ।"

ਜਿਜੋ ਨੇ ਆਪਣਾ ਫੋਨ ਚੁੱਕ ਕੇ ਜੀਜਾ ਜੀ ਨੂੰ ਕਾਲ ਕੀਤੀ, "ਮੈਂ ਵੀ ਓਧਰ ਹੀ ਆ ਜਾਵਾਂ ?"

"ਨਹੀਂ, ਲੋੜ ਨਹੀਂ ਐ।"

"ਲੀਮਾ ਦਾ ਸਕੂਲ ਵੀ ਐ ਅੱਜ, ਮੈਂ ਉਹਨੂੰ ਤਿਆਰ ਕਰ ਦੇਵਾਂ ?"

"ਹਾਂ, ਨੌਂ ਵਜੇ ਸਕੂਲ ਦੀ ਬੱਸ ਆਏਗੀ। ਤੂੰ ਜ਼ਰਾ ਉਹਨੂੰ ਸੰਭਾਲ ਲੈ।"

"ਜੀ।"

"ਆਏ ਵਾਂਟ ਯੋਅਰ ਹੈਲਪ। ਤੂੰ ਹੇਠਾਂ ਆਉਂਦੇ ਵਕਤ ਲੀਮਾ ਦਾ ਸਕੂਲ ਵਾਲਾ ਬੈਗ, ਮੇਰਾ ਤੇ ਜੀਨਾ ਦਾ ਯੂਨੀਫਾਰਮ ਤੇ ਆਫਿਸ ਵਾਲਾ ਬੈਗ ਵੀ ਲੈਂਦਾ ਆਵੀਂ।" ਹਲਕੀ ਜਿਹੀ ਆਵਾਜ਼ ਵਿੱਚ ਏਨੀ ਗੱਲ ਕਹਿ ਕੇ ਜੀਜਾ ਜੀ ਨੇ ਫੋਨ ਰੱਖ ਦਿੱਤਾ।

ਗੇਮ ਖੇਡ ਰਹੀ ਲੀਮਾ ਨੂੰ ਬੜੀ ਮੁਸ਼ਕਲ ਨਾਲ ਉਠਾਇਆ। ਉਸ ਦੇ ਚਿਹਰੇ 'ਤੇ ਗੇਮ ਨੂੰ ਪੂਰੀ ਨਾ ਖੇਡ ਲੈਣ ਦੇਣ ਦਾ ਗੁੱਸਾ ਸੀ ਪਰ ਜਿਜੋ ਨੇ ਇਸ ਬਾਰੇ ਗੌਰ ਨਾ ਕਰਦਿਆਂ ਉਸ ਨੂੰ ਯੂਨੀਫਾਰਮ ਪੁਆਈ। ਟਾਈਮ ਟੇਬਲ ਦੇ ਹਿਸਾਬ ਨਾਲ ਕਿਤਾਬਾਂ ਉਹਦੇ ਬੈਗ ਵਿੱਚ ਪਾਈਆਂ। ਨਾਲ ਦੀ ਨਾਲ ਜੀਜਾ ਜੀ ਦੀਆਂ ਦੱਸੀਆਂ ਦੂਜੀਆਂ ਚੀਜ਼ਾਂ ਨੂੰ ਲੈ ਕੇ, ਫਲੈਟ ਬੰਦ ਕਰਕੇ ਉਹ ਬਾਹਰ ਨਿਕਲ ਆਇਆ। ਲੀਮਾ ਨੂੰ ਸਕੂਲ ਦੀ ਬੱਸ ਵਿੱਚ ਬਿਠਾਉਣ ਤੋਂ ਬਾਅਦ ਉਹ ਜੀਜਾ ਜੀ

ਨੂੰ ਫੋਨ ਕੀਤਾ ਪਰ ਦੂਜੇ ਪਾਸਿਓਂ ਕਾਲ ਕੱਟ ਦਿੱਤੀ ਗਈ। ਮੈਸਜ਼ ਦੀ ਆਵਾਜ਼ ਸੁਣ ਕੇ ਇਨਬੌਕਸ ਖੋਹਲਿਆ, "ਜਸਟ ਏ ਮਿਨਟ, ਵੀ ਆਰ ਕਮਿੰਗ।"

ਪੌੜੀਆਂ ਉਤਰ ਕੇ ਆਉਣ ਵੇਲੇ ਦੋਨਾਂ ਦੇ ਚਿਹਰਿਆਂ ਉਪਰ ਦੇਰ ਹੋ ਜਾਣ ਦਾ ਫਿਕਰ ਸਾਫ ਦਿੱਸ ਰਿਹਾ ਸੀ। ਜਿਜੋ ਤੋਂ ਬੈਗ ਲੈ ਕੇ ਉਹ ਕਾਰ ਪਾਰਕਿੰਗ ਸਪੇਸ ਵੱਲ ਤੁਰਨ ਲਗੇ।

"ਤੂੰ ਕਾਰ ਦੀ ਚਾਬੀ ਨਹੀਂ ਲਿਆਇਆ?" ਜੀਜਾ ਜੀ ਨੇ ਪੁੱਛਿਆ।

"ਓਹ! ਨਹੀਂ, ਮੈਂ ਇਹ ਸੋਚ ਕੇ ਸਕੂਲ ਦੀ ਬੱਸ ਨਹੀਂ ਮਿਲੇਗੀ, ਮੋਟਰਸਾਈਕਲ ਦੀ ਚਾਬੀ ਲੈ ਆਇਆਂ।" ਜਿਜੋ ਨੇ ਜਵਾਬ ਦਿੱਤਾ।

"ਇਹ ਤੂੰ ਚੰਗਾ ਕੀਤਾ। ਏਨੇ ਟਰੈਫਿਕ ਵਿੱਚ ਕਾਰ ਚਲਾ ਕੇ ਦਫਤਰ ਕੌਣ ਪੁੱਜੇਗਾ?" ਘੜੀ ਦੇਖਦਿਆਂ ਜੀਜੇ ਨੇ ਆਖਿਆ। ਰਸੋਈ ਉਪਰ ਸੁਨਹਿਰੇ ਅੱਖਰਾਂ ਵਿੱਚ ਜਿਜੋ ਤੇ ਵੇਨਲ ਦੇ ਨਾਂ ਪੜ੍ਹਦਿਆਂ, ਮੋਟਰਸਾਈਕਲ ਨੂੰ ਕਿੱਕ ਮਾਰਦਿਆਂ ਜੀਜੂ ਨੇ ਪੁੱਛਿਆ, "ਇਹ ਹਾਲੇ ਵੀ ਹੈਗੀ ਐ, ਮੈਨੂੰ ਤਾਂ ਲੱਗਦਾ ਸੀ ਕਿ ਨੌਕਰੀ ਲੱਗਦਿਆਂ ਹੀ ਇਹ ਤੈਨੂੰ ਛੱਡ ਜਾਏਗੀ।"

"ਨਹੀਂ, ਵੇਨਲ ਅਜਿਹੀ ਨਹੀਂ।" ਜਿਜੋ ਨੇ ਆਖਿਆ।

ਸਿਰ ਝੁਕਾਈ ਖੜੇ ਭਰਾ ਦਾ ਚਿਹਰਾ ਉਪਰ ਨੂੰ ਕਰਦੀ ਹੋਈ ਜੀਨਾ ਕਹਿਣ ਲੱਗੀ,

"ਹੁਣ ਆਲਸੀ ਬਣ ਕੇ ਬੈਠਾ ਨਾ ਰਹੀਂ। ਜਾ ਕੇ ਇੰਟਰਵਿਊ ਲਈ ਤਿਆਰ ਹੋ ਜਾ। ਹੁਣ ਇਹ ਨਾ ਕਹਿਣਾ ਕਿ ਕਿਸੇ ਦੇ ਹੇਠਾਂ ਕੰਮ ਨਹੀਂ ਕਰਨਾ। ਇਵੇਂ ਜੀਉਣਾ ਬਹੁਤ ਮੁਸ਼ਕਲ ਹੋ ਜਾਏਗਾ। ਅੱਗੇ ਜਾ ਕੇ ਤੂੰ ਸਭ ਸਮਝ ਜਾਏਂਗਾ।"

ਜੀਜਾ ਜੀ ਦੇ ਹੈਲਮੈਟ ਪਾਉਂਦੇ ਸਮੇਂ ਉਹਨਾਂ ਦੇ ਕੋਲ ਖੜੀ ਦੀਦੀ ਬੋਲੀ, "ਰਵੀ ਨੇ ਜੀ. ਐਮ. ਨੂੰ ਫੋਨ ਕਰ ਦਿੱਤਾ ਏ ਤੇ ਉਹਨਾਂ ਨੇ ਵਾਅਦਾ ਵੀ ਕਰ ਲਿਆ ਏ।"

ਆਪਣੇ ਆਲਸੀਪੁਣੇ ਕਾਰਨ ਖਰਾਬ ਹੋਏ ਏਨੇ ਸਾਲਾਂ ਬਾਰੇ ਸਦਾ ਵਾਂਗ ਦੀਦੀ ਦੇ ਸਵਾਲਾਂ ਉਪਰ ਕੁਝ ਨਾ ਬੋਲਿਆ, ਉਹਦੀਆਂ ਅੱਖਾਂ ਵਿੱਚ ਦੇਖਦਾ ਰਿਹਾ ਤੇ ਫਿਰ ਹੌਲੇ ਜਿਹੇ ਪੁੱਛਿਆ, "ਅੱਜ ਛੁੱਟੀ ਨਹੀਂ ਲੈ ਸਕਦੀ ਦੀਦੀ?"

"ਹੈਂ? ਛੁੱਟੀ ਕਾਹਦੇ ਲਈ ਲਵਾਂ?" ਹੈਰਾਨ ਹੁੰਦੀ ਦੀਦੀ ਬੋਲੀ।

"ਕੁਝ ਨਹੀਂ। ਨਾਲ ਵਾਲੇ ਫਲੈਟ ਵਿੱਚ ਮੌਤ ਹੋਣ ਕਾਰਨ ਉਹਨਾਂ ਦੀ ਮੱਦਦ ਕਰਨ ਦੀ ਥਾਂਵੇਂ ਤੁਸੀਂ ਕੰਮ 'ਤੇ ਜਾ ਰਹੇ ਓ, ਇਸ ਲਈ ਮੈਂ ਪੁੱਛਿਆ।"

"ਇਹੀ ਤਾਂ ਮੈਂ ਤੈਨੂੰ ਪਹਿਲਾਂ ਕਿਹਾ ਸੀ, ਤੂੰ ਇਸ ਸ਼ਹਿਰ ਬਾਰੇ ਹੌਲੀ ਹੌਲੀ ਸਮਝ ਜਾਵੇਂਗਾ। ਤੂੰ ਇਕ ਗੱਲ ਸਮਝ ਲੈ ਕਿ ਰਵੀ ਦੇ ਚਾਚਾ ਜੀ ਦੇ ਪੂਰੇ ਹੋਣ 'ਤੇ ਅਸੀਂ ਛੁੱਟੀ ਨਹੀਂ ਸੀ ਕੀਤੀ। ਅੱਜ ਫਿਰ? ਇਹ ਚੰਗਾ ਹੋਇਆ ਕਿ ਤੂੰ ਰਵੀ ਤੋਂ ਇਹਦੇ ਬਾਰੇ ਨਹੀਂ ਪੁੱਛ ਲਿਆ।"

ਦੀਦੀ ਕਿਸੇ ਭੇਤ ਨੂੰ ਖੋਲਹਣ ਵਾਂਗ ਬੋਲ ਰਹੀ ਸੀ। ਜਿਜੋ ਦੀਦੀ ਨੂੰ ਦੇਖਦਾ ਜਾ ਰਿਹਾ ਸੀ,

"ਬੇਟਾ, ਸ਼ਹਿਰ ਵਿੱਚ ਬੰਦੇ ਦੀ ਸਿਰਫ ਆਪਣੇ ਬਾਰੇ ਹੀ ਗਰੰਟੀ ਏ, ਇਥੇ ਦੇ ਲੋਕਾਂ ਬਾਰੇ ਤੂੰ ਅੱਗੇ ਜਾ ਕੇ ਸਮਝ ਜਾਏਂਗਾ।"

ਜਿਜੋ ਬਿਨਾਂ ਕੁਝ ਬੋਲੇ ਚੁੱਪਚਾਪ ਖੜਾ ਸੀ।

"ਸੁਣ, ਖਾਣਾ ਕਮਰੇ ਵਿੱਚ ਹੀ ਮੰਗਾ ਲੈਣਾ। ਫੂਡ-ਕਾਰਡ ਅਲਮਾਰੀ ਵਿੱਚ ਏ। ਪੰਚ ਕਰਵਾ ਲੈਣਾ। ਮਹੀਨੇ ਦਾ ਅਖ਼ੀਰ ਏ, ਵੈਸੇ ਅਸੀਂ ਦੇਰ ਨਾਲ ਆਵਾਂਗੇ, ਐਨੀਵੇ, ਗੁੱਡ ਲੱਕ ਮਾਈ ਡੀਅਰ ਬਰੱਦਰ!"

ਇਮਤਿਹਾਨਾਂ ਦੇ ਦਿਨਾਂ ਵਿੱਚ ਜਿਵੇਂ ਉਹ ਲੀਮਾ ਨੂੰ ਆਤਮ-ਵਿਸ਼ਵਾਸ ਦਿਆ ਕਰਦੀ



ਹੈ, ਉਸੇ ਅੰਦਾਜ਼ ਵਿੱਚ ਜਿਜੋ ਦਾ ਮੋਢਾ ਥਾਪੜਿਆ ਤੇ ਫਿਰ ਦੀਦੀ ਜੀਜਾ ਜੀ ਦਾ ਮੋਢੇ ਫੜਦੀ ਹੋਈ, ਪੈਰ ਫੁੱਟਰੈਸਟ 'ਤੇ ਰੱਖਦੀ ਮੋਟਰ ਸਾਈਕਲ 'ਤੇ ਬਹਿ ਗਈ। ਮੋਟਰ ਸਾਈਕਲ ਗੇਟ ਦੇ ਹਰੇ ਸਿਗਨਲ ਨੂੰ ਲੰਘਦੀ ਸ਼ਹਿਰ ਦੀ ਭੀੜ ਵਿੱਚ ਦੀ ਤੇਜ਼ੀ ਨਾਲ ਅੱਗੇ ਵਧ ਗਈ। ਇਕ ਸਕਿਉਰਟੀ ਵਾਲੇ ਨੇ ਜਿਜੋ ਦੇ ਮੋਢੇ 'ਤੇ ਹੱਥ ਰੱਖਦਿਆਂ ਪੁੱਛਿਆ, "ਰਵੀ ਸਰ ਦੇ ਸਾਲਾ ਐਂ ਨਾ?"

"ਹਾਂ।"

"ਕੀ ਕਰਦਾਂ?"

ਕਿਸੇ ਬੇਰੁਗਜ਼ਾਰ ਨੌਜਵਾਨ ਨੂੰ ਅਸਹਿਜਤਾ ਵਿੱਚ ਪਾਉਣ ਵਾਲੇ ਇਸ ਸਵਾਲ 'ਤੇ ਜਿਜੋ ਨੇ ਆਪਣੀਆਂ ਅੱਖਾਂ ਪੂਰੀ ਤਰ੍ਹਾਂ ਮੀਟ ਲਈਆਂ ਤੇ ਤੀਜੀ ਮੰਜ਼ਿਲ ਵੱਲ ਵਧ ਗਿਆ। ਫਲੈਟ ਵਿੱਚ ਪੁੱਜ ਕੇ ਫਲਾਸਕ ਵਿੱਚੋਂ ਥੋੜ੍ਹੀ ਚਾਹ ਗਲਾਸ ਵਿੱਚ ਪਾਈ ਤੇ ਅਖ਼ਬਾਰ ਪੜ੍ਹਨ ਲਗਾ। ਰਾਤੀਂ ਚੈਨਲਾਂ ਉਪਰ ਹੋਈਆਂ ਰਾਜਨੀਤਕ ਨੇਤਾਵਾਂ ਦੀਆਂ ਬਹਿਸਾਂ ਨੂੰ ਤਰਤੀਬਵਾਰ ਸਜਾਇਆ ਹੋਇਆ ਸੀ। ਥੋੜ੍ਹਾ ਕੁ ਪੜ੍ਹ ਕੇ ਉਹ ਉਕਤਾਉਣ ਲੱਗਾ। ਅਖ਼ਬਾਰ ਬੰਦ ਕਰਕੇ ਉਸ ਨੇ 'ਵੇ ਟੂ ਫਰੈਂਡਜ਼' ਵੈਬਸਾਈਟ ਨੂੰ ਦੇਖਦੇ ਹੋਏ ਕੁਝ ਸਮਾਂ ਲੰਘਾਇਆ। ਸੁਸਤੀ ਪੈ ਜਾਣ ਕਾਰਨ ਬਾਹਰ ਥੋੜ੍ਹਾ ਘੁੰਮ ਆਉਣ ਬਾਰੇ ਸੋਚਿਆ। ਤਦੇ ਉਸ ਨੂੰ ਮਹਿਸੂਸ ਹੋਇਆ ਕਿ ਨਾਲ ਵਾਲੇ ਫਲੈਟ ਵਿੱਚ ਜਾ ਕਿ ਮ੍ਰਿਤਕ ਨੂੰ ਹੀ ਦੇਖ ਆਵੇ।

ਮੁਬਾਈਲ ਨੂੰ ਸਾਈਲੈਂਟ ਮੋਡ 'ਤੇ ਲਾ ਕੇ ਉਹ ਛੇ-ਸੱਤ ਪੌੜੀਆਂ ਚੜ੍ਹ ਗਿਆ। ਫਲੈਟ ਅੰਦਰ ਗਿਆ ਤਾਂ ਆਪਣੇ ਉਪਰ ਪੈਂਦੀਆਂ ਨਜ਼ਰਾਂ ਨੂੰ ਇਵੇਂ ਮਹਿਸੂਸ ਕੀਤਾ ਜਿਵੇਂ ਕਿਸੇ ਇੰਟਰਵਿਊ ਬੋਰਡ ਦਾ ਸਾਹਮਣਾ ਕਰ ਰਿਹਾ ਹੋਵੇ। ਚਿਹਰਿਆਂ ਉਪਰ ਛਾਏ ਅਣਜਾਣੇ ਜਿਹੇ ਪ੍ਰਭਾਵਾਂ ਨੇ ਜਿਜੋ ਨੂੰ ਦੁਬਿਧਾ ਵਿੱਚ ਪਾ ਦਿੱਤਾ। ਗੁਨਾਹਗਾਰ ਬਣੇ ਨੇ ਚਾਰੇ ਪਾਸੇ ਨਜ਼ਰ ਦੁੜਾਈ। ਇਕ ਕੁੜੀ ਆਪਣੇ ਗੋਦ ਵਿੱਚ ਲੈਪਟੌਪ ਲਈ ਬੈਠੀ ਸੀ। ਕੰਧ 'ਤੇ ਲੱਗੀ ਫੋਟੋ ਤੋਂ ਜਿਜੋ ਨੂੰ ਜਾਪਿਆ ਜਿਵੇਂ ਉਹ ਰੂਪਾ ਹੋਵੇ। ਇਕ ਹੋਰ ਕੁੜੀ ਹੱਥ ਵਿੱਚ ਅੰਗਰੇਜ਼ੀ ਮੈਗਜ਼ੀਨ ਫੜੀ ਮੁਬਾਈਲ 'ਤੇ ਗੱਲਾਂ ਕਰ ਰਹੀ ਸੀ। ਅੰਦਰ ਖਿਲਰੇ ਸਨ ਭਿੱਜੇ ਹੋਏ ਕਪੜੇ, ਅੱਧੇ ਨਾਲੋਂ ਜ਼ਿਆਦਾ ਭਰਿਆ ਪਾਣੀ ਦਾ ਗਲਾਸ।। ਕਈ ਮੋਬਾਈਲ ਫੋਨ, ਚਾਬੀਆਂ, ਮੇਜ਼ ਦੇ ਵਿਚਕਾਰ ਕਾਲੇ ਰੰਗ ਦਾ ਐਸ਼ਟ੍ਰੇ। ਖੱਬੇ ਪਾਸੇ ਕੰਧ ਅਤੇ ਖਿੜਕੀ ਨਾਲ ਲੱਗਦਾ ਹੋਏ ਪਲੰਘ ਉਪਰ ਹਲਕੇ ਪੀਲੇ ਰੰਗ ਦੀ ਚਾਦਰ ਦੇ ਵਿਚ ਵਿਚਕਾਰ ਸੱਠ ਸਾਲ ਦੇ ਬਿਜ਼ੁਰਗ ਦੀ ਲਾਸ਼।

ਮ੍ਰਿਤਕ ਦੇਹ ਨੂੰ ਆਪਣਾ ਆਦਰ ਭੇਂਟ ਕਰਕੇ ਮੁੜਨੇ 'ਤੇ ਦੇਖਿਆ ਕਿ ਰੂਪਾ ਲੈਪਟੌਪ 'ਤੇ ਕਿਸੇ ਵੈਬਸਾਈਟ ਨੂੰ ਵਾਰ ਵਾਰ ਸਰਚ ਕਰ ਰਹੀ ਸੀ ਪਰ ਸਾਈਟ ਖੁੱਲ੍ਹ ਨਹੀਂ ਸੀ ਰਹੀ। ਕੁਝ ਸੋਚ ਕੇ ਜਿਜੋ ਥੋੜ੍ਹਾ ਨਜ਼ਦੀਕ ਜਾ ਕੇ ਲੈਪਟੌਪ ਉਪਰ ਝੁਕ ਕੇ ਸਕਰੀਨ ਦੇਖਣ ਲੱਗਾ।

ਡਬਲਿਯੂ ਡਬਲਿਯੂ ਡਬਲਿਯੂ ਡੌਟ ਸਰਵਿਸ ਆਫਟਰ ਡੈਥ ਡੌਟ ਕੌਮ।

ਹੈਰਾਨਕੁੰਨ ਵੈਬਸਾਈਟ! ਮੌਤ ਤੇ ਵੈਬਸਾਈਟ ਦੇ ਨਾਵਾਂ ਨਾਲ ਮਿਲਦਾ ਕੋਈ ਵੀ ਲਿੰਕ ਜਿਜੋ ਦੇ ਮਨ ਵਿੱਚ ਨਹੀਂ ਸੀ ਆ ਰਿਹਾ। ਉਹਨੇ ਮੁਬਾਈਲ ਉਪਰ ਵਕਤ ਦੇਖਿਆ ਤੇ ਫੋਨ ਵਾਪਸ ਜੇਬ੍ਹ ਵਿੱਚ ਪਾ ਲਿਆ। ਕਦੇ ਕਦੇ ਆ ਜਾ ਰਹੇ ਲੋਕਾਂ ਵੱਲ ਸਿਰ ਉਠਾ ਕੇ ਰੂਪਾ ਦੇਖ ਲੈਂਦੀ ਪਰ ਹੋਰ ਕੀ ਹੋ ਰਿਹਾ ਹੈ ਇਸ ਵੱਲ ਉਸ ਦਾ ਧਿਆਨ ਬਿਲਕੁਲ ਨਹੀਂ ਸੀ। ਇੰਟਰਨੈੱਟ ਕਨੈਕਟ ਨਹੀਂ ਸੀ ਹੋ ਰਿਹਾ ਇਸ ਲਈ ਉਹ ਨੈੱਟ ਸੈੱਟਰ ਨੂੰ ਵਾਰ ਵਾਰ ਕੱਢ ਕੇ ਵਾਪਸ ਲਗਾ ਰਹੀ ਸੀ ਪਰ ਕਾਮਯਾਬ ਨਹੀਂ ਸੀ ਹੋਈ। ਜਿਜੋ ਕੁਝ ਦੇਰ ਤਕ ਤਾਂ ਖੜਾ ਦੇਖਦਾ ਰਿਹਾ ਤੇ ਫਿਰ ਆਪਣੇ ਫਲੈਟ ਵਿੱਚ ਜਾ ਕੇ ਆਪਣਾ ਲੈਪਟੌਪ ਚੁੱਕ ਲਿਆਇਆ। ਰੂਪਾ ਹਾਲੇ ਵੀ ਆਪਣੀਆਂ ਨਿਸਫਲ ਕੋਸ਼ਿਸ਼ਾਂ ਕਰੀ ਜਾ ਰਹੀ ਸੀ। ਲੈਪਟੌਪ ਨੂੰ ਚਾਲੂ ਕਰ, ਇੰਟਰਨੈੱਟ ਕਨੈਕਟ ਕਰਕੇ ਉਹੋ ਵੈਬਸਾਈਟ ਖੋਹਲਣ

ਦੀ ਕੋਸ਼ਿਸ਼ ਕਰਨ ਲੱਗਾ ਜਿਸ ਨੂੰ ਰੂਪਾ ਲੱਭ ਰਹੀ ਸੀ। ਉਹ ਲੈਪਟੌਪ ਰੂਪਾ ਨੂੰ ਦੇਣ ਲੱਗਾ ਤਾਂ ਉਸ ਦੇ ਚਿਹਰੇ ਦੇ ਹਾਵ-ਭਾਵ ਦੇਖ ਕੇ ਉਹ ਰੁਕ ਗਿਆ। ਉਸ ਨੇ ਸਾਈਟ ਲੌਗ ਇਨ ਕਰਕੇ ਲੈਪਟੌਪ ਦੀ ਸਕਰੀਨ ਰੂਪਾ ਦੀ ਲੋੜ ਮੁਤਾਬਕ ਉਹਦੇ ਵੱਲ ਉੱਚੀ ਕਰ ਦਿੱਤੀ। ਉਹਨੇ ਜਿਜੋ ਦਾ ਧੰਨਵਾਦ ਕੀਤਾ। ਜਿਜੋ ਨੇ ਫੀਚਰਜ਼-ਲਿੰਕ ਕਲਿੱਕ ਕਰ ਦਿੱਤਾ।

"ਕੱਲ੍ਹ ਚੈਟਿੰਗ 'ਤੇ ਮਿਲਿਆ ਸੀ ਗੈਬਰੀਅਲ, ਕਿੰਨੀ ਜਲਦੀ ਉਹ ਜ਼ਿੰਦਗੀ ਵਿੱਚੋਂ ਲੌਗ ਆਊਟ ਹੋ ਗਿਆ!" ਮੌਤ ਬਾਰੇ ਸੁਣ ਕੇ ਕੋਈ ਜਾਣਕਾਰ ਉੱਧਰ ਪੁੱਜਾ, ਕਿਸੇ ਵਾਕਫਕਾਰ ਨਾਲ ਗੱਲ ਕਰਦਿਆਂ ਉਸ ਨੇ ਫਲੈਟ ਅਸੋਸੀਏਸ਼ਨ ਦੇ ਰਜਿਸਟਰ ਵਿੱਚ ਸਹਾਣਭੂਤੀ ਵਾਲੇ ਸ਼ਬਦ ਦਰਜ ਕੀਤੇ ਤੇ ਫੋਨ ਕੰਨ ਨਾਲ ਲਾਈ ਦਰਵਾਜ਼ਾ ਬੰਦ ਕਰਦਾ ਬਾਹਰ ਨਿਕਲ ਗਿਆ।

ਫੀਚਰਜ਼-ਲਿੰਕ ਖੁੱਲ੍ਹਣ 'ਤੇ ਈਸਾ ਮਸੀਹ ਦਾ ਧੰਨਵਾਦ ਕਰਨ ਲਈ ਉਸ ਨੇ ਹਵਾ ਵਿੱਚ ਕਰੌਸ ਬਣਾਇਆ ਤੇ ਫਿਰ ਗਲ਼ ਵਾਲੇ ਕਰੌਸ ਨੂੰ ਚੁੰਮਿਆਂ। ਹਲਕੇ ਜਾਮਨੀ ਰੰਗ ਵਾਲੇ ਸਕਰੀਨ 'ਤੇ ਸੱਜੇ ਪਾਸੇ ਵਿਸਥਾਰ ਪੂਰਬਕ ਫੀਚਰਜ਼ ਤੇ ਖੱਬੇ ਪਾਸੇ ਉਹਨਾਂ ਦੀਆਂ ਸ਼ਾਖਾਵਾਂ ਦੀ ਜਾਣਕਾਰੀ ਦਿੱਤੀ ਹੋਈ ਹੈ। ਉਹਨਾਂ ਦੇ ਵਿਚਕਾਰ ਚਾਰ ਕੁੜੀਆਂ ਵੱਲੋਂ ਮੱਦਦ ਲਈ ਫੈਲਾਏ ਹੋਏ ਹੱਥਾਂ ਵਾਲਾ ਦ੍ਰਿਸ਼ ਹੈ। ਰੂਪਾ ਜ਼ਰਾ ਕੁ ਸਕਰੀਨ ਦੇ ਨੇੜੇ ਨੂੰ ਹੋਈ। ਜਾਣਕਾਰੀਆਂ ਨੂੰ ਪੜ੍ਹਦੇ ਹੋਏ ਤੀਰ ਇਕ ਜਗਾਹ ਲੈ ਜਾ ਕੇ ਉਸ ਨੇ ਜਿਜੋ ਨੂੰ ਬਟਣ ਦੱਬਣ ਲਈ ਆਖਿਆ। ਬਟਣ ਦੇ ਦਬਾਂਦਿਆਂ ਹੀ ਅਰਜ਼ੀ ਦੇ ਰੂਪ ਵਿੱਚ ਇਕ ਪੇਜ ਸਾਹਮਣੇ ਆ ਗਿਆ। ਅਰਜ਼ੀ ਦੇਣ ਵਾਲੇ ਦਾ ਨਾਂ, ਮ੍ਰਿਤਕ ਵਿਅਕਤੀ ਦੇ ਸਬੰਧ ਵਿੱਚ ਜਾਣਕਾਰੀ, ਸਰੀਰਕ ਨਾਪ-ਤੋਲ, ਮੌਤ ਦਾ ਕਾਰਨ, ਫਲੈਟ ਪੁੱਜਣ ਦਾ ਰਸਤਾ, ਫਲੈਟ ਦਾ ਨੰਬਰ ਤੇ ਹੋਰ ਲੋੜੀਂਦੀ ਜਾਣਕਾਰੀ ਉਸ ਨੇ ਰੂਪਾ ਦੇ ਕਹਿਣ ਅਨੁਸਾਰ ਟਾਈਪ ਕਰ ਦਿੱਤੇ। ਅਖੀਰ ਵਿੱਚ 'ਆਈ ਐਗਰੀ ਯੋਅਰ ਟਰਮਜ਼ ਐਂਡ ਕੰਡੀਸ਼ਨਜ਼' ਵਾਲੀਆਂ ਸਤਰਾਂ ਆਈਆਂ। ਉਥੇ ਸਹੀ ਪਾ ਕੇ ਤੇ ਅਰਜ਼ੀ ਨੂੰ ਸੰਪੂਰਨ ਕਰਦਿਆਂ ਜਿਜੋ ਨੂੰ ਲੱਗਿਆ ਜਿਵੇਂ ਮਰਨ ਵਾਲੇ ਦੀ ਗਤੀ ਠੀਕ ਠਾਕ ਹੋ ਗਈ ਹੋਵੇ। ਫਿਰ ਉਸ ਨੇ ਪੈਸਿਆਂ ਦਾ ਭੁਗਤਾਨ ਕਰਨ ਲਈ ਲੈਪਟੌਪ ਰੂਪਾ ਦੇ ਅੱਗੇ ਕਰ ਦਿੱਤਾ। ਨਿਸਚਤ ਰਕਮ ਨੂੰ ਈ-ਭੁਗਤਾਨ ਰਾਹੀਂ ਭੁਗਤਾਉਣ 'ਤੇ 'ਕ੍ਰਿਪਾ ਕਰਕੇ ਇਕ ਘੰਟਾ ਉਡੀਕ ਕਰੋ' ਵਾਲਾ ਸਨੇਹਾ ਪੀਲੇ ਹਾਸ਼ੀਏ ਵਾਲੇ ਸਕਰੀਨ ਉਪਰ ਕਾਲੇ ਅੱਖਰਾਂ ਵਿੱਚ ਆ ਗਿਆ। ਉਸੇ ਵੇਲੇ ਤੁਰੰਤ ਰੂਪਾ ਦੇ ਫੋਨ ਉਪਰ ਵੀ ਸੁਨੇਹਾ ਆਉਣ ਦੀ ਟੀਂ ਹੋ ਗਈ। ਲੈਪਟੌਪ ਬੰਦ ਕਰਨੇ ਲਈ ਵਾਪਸ ਜਿਜੋ ਨੂੰ ਦੇ ਕੇ ਰੂਪਾ ਕਮਰੇ ਵਿੱਚ ਏਧਰ ਓਧਰ ਖੜੇ ਲੋਕਾਂ ਨੂੰ ਮਰਨ ਵਾਲੇ ਦੀ ਮੌਤ ਦਾ ਕਾਰਨ ਦੱਸਣ ਲੱਗੀ। ਮਹਿਮਾਨ ਲੋਕ ਸਹਾਨੂੰਭੂਤੀ ਵਾਲਾ ਸੁਨੇਹਾ ਲਿਖਣ ਲਈ ਜਲਦਬਾਜ਼ੀ ਕਰ ਰਹੇ ਸਨ। ਜਿਜੋ ਦੇ ਇਸ ਫਲੈਟ ਵਿੱਚ ਪੁੱਜਣ ਵੇਲੇ ਰੂਪਾ ਦੀਆਂ ਦੋ ਹੀ ਸਹੇਲੀਆਂ ਉਥੇ ਹਾਜ਼ਰ ਸਨ ਜੋ ਪੂਰਾ ਸਮਾਂ ਅੰਗਰੇਜ਼ੀ ਦਾ ਮੈਗਜ਼ੀਨ ਪੜ੍ਹਦੀਆਂ ਰਹੀਆਂ। ਬੋਰੀਅਤ ਨੂੰ ਦੂਰ ਕਰਨ ਲਈ ਹਰ ਇਕ ਦਾ ਆਪਣਾ ਤਰੀਕਾ ਹੁੰਦਾ ਹੈ।

ਨਾ ਜਾਣੇ ਕਿਉਂ ਜਿਜੋ ਦਾ ਫਲੈਟ ਛੱਡ ਕੇ ਜਾਣ ਨੂੰ ਦਿਲ ਨਹੀਂ ਸੀ ਕਰ ਰਿਹਾ। ਉਸ ਦੀ ਸੋਚ ਸੀ ਕਿ ਤਿੰਨ ਬੇਸਹਾਰਾ ਔਰਤਾਂ ਰਲ਼ ਕੇ ਵੀ ਕੀ ਕਰ ਲੈਣਗੀਆਂ। ਉਸ ਨੇ ਵੇਨਲ ਨੂੰ ਮੈਸਜ਼ ਕਰ ਦਿੱਤਾ ਕਿ ਉਹ ਇੰਟਰਵਿਊ ਲਈ ਨਹੀਂ ਜਾ ਰਿਹਾ ਤੇ ਉਹ ਉਹਨਾਂ ਦੀ ਮੱਦਦ ਕਰਨ ਲਈ ਉਥੇ ਖੜਾ ਰਿਹਾ। ਮੈਸਜ਼ ਦਾ ਕੋਈ ਜਵਾਬ ਨਾ ਆਇਆ।

ਠੀਕ ਘੰਟੇ ਬਾਅਦ ਇਕ ਔਰਤ ਤੇ ਦੋ ਆਦਮੀ ਅਸਮਾਨੀ ਰੰਗਵਾਲੀ ਯੂਨੀਫਾਰਮ ਪਹਿਨੇ ਫਲੈਟ ਵਿੱਚ ਆਏ। ਉਹਨਾਂ ਨੇ ਕੁਝ ਕਾਗਜ਼ਾਂ ਉਪਰ ਰੂਪਾ ਦੇ ਦਸਤਖਤ ਕਰਾਏ ਤੇ ਫਿਰ ਰੂਪਾ ਦੇ ਦੋਸਤਾਂ ਤੋਂ ਪਤਾ ਕਰਨ ਲੱਗੇ ਕਿ ਮਰਨ ਵਾਲੇ ਨੂੰ ਕਿਹੜੀ ਕਿਹੜੀ ਬਿਮਾਰੀ ਸੀ। ਉਹਨਾਂ



ਦੋਨਾਂ ਆਦਮੀਆਂ ਨੇ ਰਲ਼ ਕੇ ਆਪਣੇ ਕੈਮਰੇ ਨਾਲ ਲਾਸ਼ ਦੀਆਂ ਤਸਵੀਰਾਂ ਲਈਆਂ। ਫਿਰ ਮ੍ਰਿਤਕ ਦੇਹ ਨੂੰ ਨਹਿਲਾਉਣ ਲਈ ਬਾਥਰੂਮ ਵਿੱਚ ਲੈ ਜਾਂਦਿਆਂ ਮੱਦਦ ਲਈ ਜਿਜੋ ਵੱਲ ਦੇਖਿਆ। ਜਿਜੋ ਪਹਿਲਾਂ ਹੀ ਸਹਾਇਤਾ ਲਈ ਅਹੁੜ ਪਿਆ। ਮ੍ਰਿਤਕ ਦੇਹ ਨੂੰ ਨਹਿਲਾ ਕੇ ਉਸ ਦੇ ਕੱਪੜੇ ਪਵਾਏ ਤੇ ਤਿਆਰ ਕਰ ਦਿੱਤਾ। ਫਿਰ ਦੋ ਬੰਦੇ ਤਾਬੂਤ ਨੂੰ ਬਾਥਰੂਮ ਵਿੱਚ ਲੈ ਆਏ। ਮ੍ਰਿਤਕ ਦੇਹ ਨੂੰ ਤਾਬੂਤ ਵਿੱਚ ਲਿਟਾ ਕੇ ਬੈਠਕ ਵਿੱਚ ਲੈ ਗਏ। ਬਾਅਦ ਵਿੱਚ ਆਏ ਹੋਰ ਦੋ ਲੋਕਾਂ ਵਿੱਚੋਂ ਇਕ ਨੇ ਨਾਲ ਵਾਲੀ ਔਰਤ ਦੇ ਬੈੱਗ ਵਿੱਚੋਂ ਪਾਦਰੀ ਵਾਲੇ ਕੱਪੜੇ ਕੱਢੇ ਤੇ ਪ੍ਰਾਰਥਨਾ ਕਰਨ ਲੱਗਾ। ਉਸ ਵੇਲੇ ਫਲੈਟ ਵਿੱਚ ਅਣਜਾਣਿਆਂ ਚਿਹਰਾ ਸਿਰਫ ਜਿਜੋ ਦਾ ਹੀ ਸੀ।

ਪ੍ਰਾਰਥਨਾ ਤੋਂ ਬਾਅਦ 'ਆਫਟਰ ਡੈਥ ਸਰਵਿਸ ਸੈਂਟਰ' ਲਿਖਿਆ ਹੋਇਆ ਪੁਸ਼ਪਹਾਰ ਸੈਂਟਰ ਤੋਂ ਆਈ ਕਰਮਚਾਰੀ ਮਾਰੀਆ ਨੇ ਮ੍ਰਿਤਕ ਦੇਹ ਦੇ ਨਜ਼ਦੀਕ ਰੱਖ ਦਿੱਤਾ। ਉਸ ਤੋਂ ਬਾਅਦ ਇਕ ਨੌਜਵਾਨ ਆਇਆ ਤੇ ਫਲੈਟ ਅਸੋਸੀਏਸ਼ਨ ਵੱਲੋਂ ਇਕ ਪੁਸ਼ਪਹਾਰ ਸਮਰਪਿਤ ਕੀਤਾ ਤੇ ਰੂਪਾ ਨੂੰ ਕੁਝ ਕਹਿ ਕੇ ਜਲਦੀ ਨਾਲ ਚਲੇ ਗਿਆ। ਇਸ ਤੋਂ ਅਗਲੇ ਕਿਰਿਆ-ਕਰਮ ਬਾਰੇ ਮਾਰੀਆ ਨੇ ਆਫਟਰ ਡੈਥ ਸਰਵਿਸ ਸੈਂਟਰ ਵੱਲੋਂ ਪੂਰੀ ਜ਼ਿਮੇਵਾਰੀ ਨਾਲ ਨਿਭਾਉਣ ਦਾ ਵਾਅਦਾ ਕੀਤਾ। ਮਹੀਨੇ ਦਾ ਅਖੀਰ ਹੋਣ ਕਰਕੇ ਹੋਰ ਬਹੁਤੇ ਲੋਕਾਂ ਦੇ ਆਉਣ ਦੀ ਆਸ ਨਹੀਂ ਸੀ। ਮਾਰੀਆ ਤੇ ਉਸ ਦੇ ਨਾਲ ਦੇ ਲੋਕ ਮ੍ਰਿਤਕ ਦੇਹ ਨੂੰ ਲੈ ਕੇ ਗਿਰਜਾਘਰ ਵੱਲ ਚੱਲ ਪਏ। ਲਿਫਟ ਰਾਹੀਂ ਗਰਾਊਂਡ ਫਲੋਰ 'ਤੇ ਪੁੱਜੇ ਤਾਂ ਰੂਪਾ ਦੀਆਂ ਸਹੇਲੀਆਂ ਵਿੱਚੋਂ ਇਕ ਨੇ ਕਾਰ ਦੀਆਂ ਚਾਬੀਆਂ ਜਿਜੋ ਨੂੰ ਫੜਾ ਦਿੱਤੀਆਂ। ਅਣਚਾਹੇ ਮਨ ਨਾਲ ਚੁੱਪਚਾਪ ਜਿਜੋ ਨੇ ਕਾਰ ਨੂੰ ਸਰਵਿਸ ਸੈਂਟਰ ਦੀ ਐਂਬੂਲੈਂਸ ਦੇ ਪਿੱਛੇ ਲਾ ਲਿਆ।

ਰਾਹ ਵਿੱਚ ਕਾਰ ਟਰੈਫਿਕ ਵਿੱਚ ਫਸ ਗਈ। ਕਾਰ ਵਿਚਲੀ ਬੋਝਲ ਚੁੱਪ ਨੂੰ ਤੋੜਦਿਆਂ ਉਹਨਾਂ ਨਾਲ ਆ ਬੈਠੀ ਮਾਰੀਆ ਨੇ ਪੁੱਛਿਆ, "ਮੈਡਮ ਰੂਪਾ, ਗੈਬਰੀਅਲ ਸਰ ਔਨਲਾਈਨ ਸੋਸ਼ੀਅਲ ਸੰਬੰਧਾਂ ਵਾਲੇ ਆਦਮੀ ਸਨ?"

"ਵੈਸੇ ਪਹਿਲਾਂ ਤੋਂ ਪਾਪਾ ਦੇ ਬਹੁਤੇ ਦੋਸਤ ਨਹੀਂ ਸਨ। ਰਿਟਾਇਰ ਹੋ ਕੇ ਤੇ ਫਿਰ ਮੰਮੀ ਦੀ ਮੌਤ ਤੋਂ ਬਾਅਦ ਪਾਪਾ ਬਹੁਤ ਇਕੱਲੇ ਸਨ। ਮੈਂ ਹੀ ਉਹਨਾਂ ਦਾ ਵਕਤ ਲੰਘਾਉਣ ਲਈ 'ਵੇ ਟੂ ਫਰੈਂਡਜ਼' ਸੋਸ਼ਲ ਸਾਈਟ ਉਪਰ ਉਹਨਾਂ ਦਾ ਅਕਾਊਂਟ ਬਣਾ ਦਿੱਤਾ ਸੀ। ਫਿਰ ਤਾਂ ਉਹ ਰੋਟੀ ਖਾਣ ਹੀ ਚੈਟ ਰੂਮ ਤੋਂ ਬਾਹਰ ਨਿਕਲਦੇ ਸਨ। ਉਹ ਹਰ ਵੇਲੇ ਕੰਪਿਊਟਰ ਦੇ ਸਾਹਮਣੇ ਬੈਠੇ ਟਾਈਪ ਕਰਦੇ ਹੀ ਦਿਖਾਈ ਦਿੰਦੇ ਸਨ। ਮੈਂ ਪੁੱਛਦੀ ਤਾਂ ਕਹਿੰਦੇ ਕਿ ਤੇਰੇ ਦਫਤਰ ਜਾਣ ਤੋਂ ਬਾਅਦ ਹੋਰ ਕਰਾਂ ਵੀ ਕੀ। ਪਾਪਾ ਕਹਿੰਦੇ ਸਨ ਕਿ ਕਦੇ ਕਦੇ ਕੰਪਿਊਟਰ ਜਿਊਂਦਾ ਜਾਪਦਾ ਹੈ। ਇਹ ਸੱਚ ਏ ਕਿ ਕੁਝ ਸਾਲ ਪਾਪਾ ਨੇ ਸੋਸ਼ਲ ਨੈਟਵਰਕ ਨੂੰ ਸਾਹਾਂ ਨਾਲ ਸਾਹ ਬਣਾ ਕੇ ਰੱਖਿਆ ਏ।"

'ਹਾਂ, ਹਾਂ' ਦੀ ਆਵਾਜ਼ ਕੱਢਦੀ ਮਾਰੀਆ ਕੁਝ ਕਹਿਣ ਲੱਗੀ ਤਾਂ ਰੁਕੀ ਹੋਈ ਟਰੈਫਿਕ ਤੁਰ ਪਈ। ਜਿਜੋ ਨੇ ਵੀ ਗੱਡੀ ਸਟਾਰਟ ਕਰ ਲਈ ਤੇ ਆਪਣੇ ਤੋਂ ਅਗਲੀ ਗੱਡੀ ਦੀ ਬ੍ਰੇਕ ਲਾਈਟ ਉਪਰ ਧਿਆਨ ਦਿੰਦੇ ਹੋਏ ਉਹ ਮਾਰੀਆ ਦੀਆਂ ਗੱਲਾਂ ਵੱਲ ਵੀ ਕੰਨ ਰੱਖ ਰਿਹਾ ਸੀ।

"ਮੈਡਮ, ਸਾਨੂੰ ਪਤਾ ਚਲ ਗਿਆ ਹੈ ਕਿ ਸੋਸ਼ਾਈਜ਼ ਸਾਈਟ ਉਪਰ ਬਹੁਤ ਸਰਗਰਮ ਰਹੇ ਨੇ ਤੁਹਾਡੇ ਪਾਪਾ। ਇਸ ਲਈ ਮੈਂ ਆਪਣੇ ਸੈਂਟਰ ਦੇ ਨਵੀਆਂ ਵਿਵਸਥਾਵਾਂ ਤੇ ਸੁਵਿਧਾਵਾਂ ਬਾਰੇ ਤੁਹਾਨੂੰ ਜਾਣਕਾਰ ਕਰਾਉਣਾ ਚਾਹੁੰਦੀ ਹਾਂ। ਸੋਸ਼ਿਲ ਸਾਈਟਾਂ ਵਿੱਚ ਸਰਗਰਮ ਲੋਕਾਂ ਦੀਆਂ ਪ੍ਰੋਫਾਈਲਾਂ ਦੁਆਰਾ ਵਿਗਿਆਪਨ ਵਿਵਸਥਾ ਸ਼ੁਰੂ ਕਰਨ ਦੀ ਸਾਡੀ ਯੋਜਨਾ ਹੈ। ਸਰਗਰਮ ਪ੍ਰੋਫਾਈਲਾਂ ਵਿੱਚ ਪਹਿਲਾਂ ਸਭ ਤੋਂ ਪਹਿਲਾਂ ਪ੍ਰੋਡੱਕਟ ਦੀ ਪੱਛਾਣ ਕਰਾਈ ਜਾਏਗੀ। ਇਸ ਵੇਲੇ ਜਿਹੜੇ ਵੀ ਸੰਪਰਕ ਮਿਲਦੇ ਨੇ ਉਹਨਾਂ ਦੁਆਰਾ ਦਿੱਤੇ ਗਏ ਵੇਰਵਿਆਂ ਦੇ ਸਹਾਰੇ ਅਸੀਂ ਉਹਨਾਂ ਨੂੰ ਅਪਡੇਟ ਰੱਖਾਂਗੇ।

ਪ੍ਰੋਫਾਈਲ ਉਪਰ ਬਿਜਨੈਸ ਦੇ ਹਿਸਾਬ ਨਾਲ ਭੁਗਤਾਨ ਵੀ ਕਰਾਂਗੇ। ਇਹਦੇ ਵਾਸਤੇ ਅਸੀਂ ਚੌਵੀ ਘੰਟੇ ਕੰਮ ਕਰ ਰਹੇ ਹਾਂ।"

ਮਾਰੀਆ ਨੇ ਲੈਪਟੌਪ ਚਲਾ ਕੇ ਆਪਣੀ ਕਾਰਜ ਪ੍ਰਣਾਲੀ ਦਿਖਾਈ। ਰੂਪਾ ਨੂੰ ਆਪਣੇ ਦੋਸਤਾਂ ਨਾਲ ਇਸ ਸੰਬੰਧ ਵਿੱਚ ਗੱਲਬਾਤ ਕਰਦੀ ਦੇਖ ਕੇ ਮਾਰੀਆ ਕੈਨਵੈਸਿੰਗ ਦੀ ਭਾਸ਼ਾ ਵਿੱਚ ਬੋਲਣ ਲੱਗੀ,

"ਮਨੁੱਖ ਇਕ ਬਹੁਤ ਵੱਡਾ ਰਿਸੋਰਸ ਏ। ਜਨਮ ਤੋਂ ਬਾਅਦ ਦੀ ਜ਼ਿੰਦਗੀ ਨੂੰ ਦੂਜਿਆਂ ਦੀ ਭਲਾਈ ਲਈ ਜਿਵੇਂ ਉਪਯੋਗ ਕਰਦੇ ਹਾਂ, ਉਵੇਂ ਹੀ ਮੌਤ ਤੋਂ ਬਾਅਦ ਦੀ ਜ਼ਿੰਦਗੀ ਨੂੰ ਵੀ ਦੂਜਿਆਂ ਦੇ ਹਿੱਤ ਵਿੱਚ ਵਰਤਣ ਵਿੱਚ ਕੋਈ ਬੁਰਾਈ ਨਹੀਂ। ਤੁਸੀਂ ਤਾਂ ਬਿਸਨੈਸ ਸਲਾਹਕਾਰ ਹੋ ਮੈਡਮ, ਤੁਹਾਨੂੰ ਤਾਂ ਇਸ ਮਾਮਲੇ ਵਿੱਚ ਬਹੁਤਾ ਦੱਸਣ ਦੀ ਵੀ ਲੋੜ ਨਹੀਂ। ਜੇ ਤੁਸੀਂ ਸਹਿਮਤ ਹੋਵੋਂ ਤਾਂ ਇਕ ਘੰਟੇ ਦੇ ਅੰਦਰ ਅੰਦਰ ਇਹ ਸੇਵਾ ਤੁਹਾਨੂੰ ਉਪਲੱਬਧ ਹੋ ਸਕਦੀ ਏ। ਇਹਦੇ ਲਈ ਜਿਹੜੀ ਪਹਿਲਾਂ ਤੁਸੀਂ ਪ੍ਰੋਫਾਈਲ ਜਾਣਕਾਰੀ ਦਿੱਤੀ ਸੀ, ਉਹੀ ਕਾਫੀ ਏ।"

ਥੋੜ੍ਹੀ ਦੇਰ ਸੋਚਣ ਤੋਂ ਬਾਅਦ ਰੂਪਾ ਨੇ ਐਗਰੀਮੈਂਟ 'ਤੇ ਸਾਈਨ ਕਰ ਦਿੱਤੇ। ਤਦ ਤਕ ਕਾਰ ਕਬਰਸਤਾਨ ਦੇ ਗੇਟ ਤਕ ਪੁੱਜ ਚੁੱਕੀ ਸੀ। ਅੰਤਿਮ ਸਸਕਾਰ ਸੰਬੰਧੀ ਕੰਮਾਂ ਬਾਰੇ ਦੱਸਣ ਲਈ ਮਾਰੀਆ ਕਾਰ ਵਿੱਚੋਂ ਉਤਰ ਕੇ ਐਂਬੂਲੈਂਸ ਕੋਲ ਚਲੇ ਗਈ। ਉਸ ਦੇ ਪਿੱਛੇ ਪਿੱਛੇ ਹੀ ਰੂਪਾ ਤੇ ਉਸ ਦੀਆਂ ਸਹੇਲੀਆਂ ਵੀ।

ਕਿਰਿਆ ਕਰਮ ਵਾਲੀ ਜਗ੍ਹਾ ਤੋਂ ਥੋੜੇ ਹਟ ਕੇ ਖੜੋਤੇ ਜਿਜੋ ਨੇ ਵੇਨਲ ਨੂੰ ਇਕ ਮੈਸਜ਼ ਕੀਤਾ, 'ਸ਼ਾਮ ਨੂੰ ਖਾਲੀ ਏਂ ਕੀ ?'

'ਨੋ।' ਥੋੜ੍ਹੀ ਦੇਰ ਬਾਅਦ ਜਵਾਬ ਆਇਆ।

ਵੇਨਲ ਦਾ ਮੈਸਜ਼ ਇਨਬੌਕਸ ਤੋਂ ਡਿਲੀਟ ਕਰਕੇ ਜਿਜੋ ਨੇ 'ਵੇ ਟੂ ਫਰੈਂਡਜ਼' ਲੌਗ ਔਨ ਕਰ ਲਿਆ। ਗੈਬਰੀਅਲ ਨੋਇਲ ਨੂੰ ਫਰੈਂਡ ਰਿਕੁਐਸਟ ਭੇਜ ਕੇ ਲੌਗ ਆਊਟ ਕਰ ਦਿੱਤਾ। ਕਿਸੇ ਵੀ ਮਰੇ ਹੋਏ ਇਸਨਸਾਨ ਬਾਰੇ ਜਾਣਦੇ ਹੋਏ ਵੀ ਉਸ ਨੂੰ ਫਰੈਂਡ ਰੁਕੈਅਸਟ ਭੇਜਣ ਵਾਲਾ ਮੈਂ ਪਹਿਲ ਬੰਦਾ ਹਾਂ, ਇਹ ਸੋਚ ਕੇ ਉਸ ਨੇ ਉਹ ਸਿਰ ਚੁੱਕ ਆਲੇ ਦੁਆਲੇ ਦੇਖਣ ਲੱਗਾ। ਉਹ ਯਤਨ ਕਰ ਰਿਹਾ ਸੀ ਕਿ 'ਆਫਟਰ ਡੈਥ ਸਰਵਿਸ ਸੈਂਟਰ' ਦੇ ਕੰਮ ਕਰਨ ਦੇ ਤਰੀਕੇ ਨੂੰ ਸਮਝ ਸਕੇ। ਗਿਰਜਾ ਘਰ ਵਿਚਲੇ ਕਿਰਿਆ ਕਰਮ ਤੋਂ ਬਾਅਦ ਰੂਪਾ ਦੇ ਕੰਮ ਤੋਂ ਆਏ ਦੋਸਤ ਮਹੀਨੇ ਦਾ ਆਖਰੀ ਦਿਨ ਹੋਣ ਕਰਕੇ ਦਫਤਰੀ ਰੁਝੇਵਿਆਂ ਦਾ ਬਹਾਨਾ ਕਰਦੇ ਹੋਏ ਜਾਣ ਲੱਗੇ। ਉਹਨਾਂ ਵਿੱਚੋਂ ਕੁਝ ਲੋਕਾਂ ਨੇ ਜਿਜੋ ਕੋਲ ਆ ਕੇ ਆਪਣੀ ਵਾਕਫੀ ਕਰਾਉਂਦੇ ਹੋਏ ਉਹਦੇ ਵੱਲੋਂ ਕੀਤੀ ਮੱਦਦ ਕਾਰਨ ਸ਼ੁਕਰੀਆ ਅਦਾ ਕੀਤਾ ਤੇ ਵਾਪਸ ਦਫਤਰ ਚਲੇ ਗਏ। ਮਾਰੀਆ ਨੇ ਆਪਣੀ ਸ਼ੱਕ ਬਾਰੇ ਗੱਲ ਕਰਦਿਆਂ ਜਿਜੋ ਨੂੰ ਕਿਹਾ ਕਿ ਉਹ ਤਾਂ ਉਸ ਨੂੰ ਡਰਾਈਵਰ ਹੀ ਸਮਝਦੀ ਰਹੀ।

ਵਾਪਸ ਫਲੈਟ ਦੇ ਗਰੀਨ ਸਿਗਨਲ ਲੰਘਦੀ ਕਾਰ ਅੰਦਰ ਆ ਗਈ। ਉਹਨਾਂ ਨੂੰ ਫਲੈਟ ਦੇ ਸਾਹਮਣੇ ਲਾਹ ਕੇ ਜਿਜੋ ਕਾਰ ਪਾਰਕ ਕਰਨ ਚਲੇ ਗਿਆ। ਬਿਨਾਂ ਕਿਸੇ ਹੋਰ ਦੀ ਸਹਾਇਤਾ ਲਏ ਮੌਤ ਤੋਂ ਬਾਅਦ ਵਾਲੇ ਕਿਰਆ ਕਰਮਾਂ ਦੇ ਕੰਮਾਂ ਵਿੱਚ ਮੱਦਦ ਕਰਨ ਵਾਸਤੇ 'ਆਫਟਰ ਡੈਥ ਸਰਵਿਸ ਸੈਂਟਰ' ਦਾ ਧੰਨਵਾਦ ਕਰਦਿਆਂ ਬਾਕੀ ਰਹਿੰਦੀ ਰਕਮ ਦਾ ਚੈੱਕ ਰੂਪਾ ਨੇ ਮਾਰੀਆ ਨੂੰ ਦੇ ਦਿੱਤਾ। ਫਲੈਟ ਵਿੱਚ ਪੁੱਜ ਕੇ ਹਮਦਰਦੀ ਵਾਲੇ ਸੁਨੇਹਿਆਂ ਦਾ ਵੇਰਵਾ ਉਸ ਨੇ ਲੈਪਟੌਪ ਉਪਰ ਟਾਈਪ ਕੀਤਾ ਤੇ ਨਾਲ ਹੀ ਆਪਣਾ ਦੁੱਖ ਵੀ ਪ੍ਰਗਟ ਕਰ ਦਿੱਤਾ। ਉਸ ਨੇ ਕਾਰ ਦੀ ਚਾਬੀ ਰੂਪਾ ਦੇ ਹੱਥ ਵਿੱਚ ਦੇ ਦਿੱਤੀ ਤੇ ਵਾਪਸ ਜਾਣ ਲਈ ਤਿਆਰ ਹੋ ਗਿਆ। ਇਹ ਮੌਤ ਹੁਣ ਇਕ ਔਰਤ ਤਕ ਹੀ ਸੀਮਤ ਰਹਿ ਗਈ ਹੈ ਤੇ ਮੌਤ ਨੇ ਉਸ ਨੂੰ ਕਿਵੇਂ ਨਿਆਸਰਾ ਕਰ ਦਿੱਤਾ ਹੈ, ਸੋਚਦੇ ਹੋਏ



ਉਹ ਬਾਹਰ ਨਿਕਲ ਹੀ ਰਿਹਾ ਸੀ ਕਿ ਪਿੱਛਿਓਂ ਆਵਾਜ਼ ਆਈ,

"ਹੈਲੋ, ਇਕ ਮਿੰਟ ਰੁਕੋਂਗੇ ਜ਼ਰਾ।"

ਜਿਜੋ ਨੇ ਪਿੱਛੇ ਮੁੜ ਕੇ ਰੂਪਾ ਨੂੰ ਦੇਖਿਆ। ਉਸ ਨੇ ਅੰਦਰੋਂ ਇਕ ਲਿਫ਼ਾਫ਼ਾ ਲਿਆ ਕੇ ਜਿਜੋ ਵੱਲ ਵਧਾਇਆ,

"ਪਲੀਜ਼ ਟੇਕ ਦਿਸ ਮਿਸਟਰ, ...ਐਨੀਵੇਅ, ਥੈਂਕਸ ਵੈਰੀ ਮੱਚ ਫਾਰ ਯੋਅਰ ਵੈਲਯੂਏਬਲ ਹੈਲਪ। ਸੀ ਯੂ।"

ਲਿਫ਼ਾਫ਼ਾ ਲੈਣ ਤੋਂ ਮਨ੍ਹਾਂ ਕੀਤਾ ਤਾਂ ਉਸ ਦੇ ਮੋਢ੍ਹੇ 'ਤੇ ਹੱਥ ਰੱਖ ਕੇ ਉਹ ਮੁਸਕ੍ਰਾਈ। ਲੌਬੀ ਵਿੱਚ ਹੋਰ ਵੀ ਲੋਕ ਖੜੇ ਸਨ ਇਸ ਲਈ ਲਿਫ਼ਾਫ਼ਾ ਖੋਹਲ ਕੇ ਨਹੀਂ ਦੇਖਿਆ। ਮੁਬਾਈਲ 'ਤੇ ਵਕਤ ਦੇਖਿਆ ਤਾਂ ਪੰਜ ਵੱਜ ਰਹੇ ਸਨ।

ਗਰਾਊਂਡ ਫਲੋਰ ਤੋਂ ਦੇਖਿਆ ਕਿ ਲਿਫਟ ਬਾਰਵੀਂ ਮੰਜ਼ਿਲ 'ਤੇ ਰੁਕੀ ਹੋਈ ਹੈ, ਲਿਫਟ ਦਾ ਇੰਤਜ਼ਾਰ ਨਾ ਕਰਦਿਆਂ ਉਹ ਲੀਮਾ ਨੂੰ ਲੈ ਕੇ ਪੌੜੀਆਂ ਚੜ੍ਹਨ ਲੱਗਾ ਤਾਂ ਰੂਪਾ ਪੌੜੀਆਂ ਉਤਰ ਰਹੀ ਸੀ।

"ਅੰਟੀ ਦੀ ਅੱਜ ਨਾਈਟ ਸ਼ਿਫਟ ਏ ਕੀ ?" ਰੂਪਾ ਨੂੰ ਦੇਖਦਿਆਂ ਲੀਮਾ ਨੇ ਪੁੱਛਿਆ।

"ਹਾਂ ਬੇਟਾ, ਦੇਰ ਹੋ ਰਹੀ ਏ, ਅੰਟੀ ਜਾਵੇ ?" ਲੀਮਾ ਦੇ ਵਾਲ਼ਾਂ ਵਿੱਚ ਪਿਆਰ ਨਾਲ ਹੱਥ ਫੇਰ ਕੇ ਬਿਨਾਂ ਜਿਜੋ ਨੂੰ ਦੇਖਿਆ ਰੂਪਾ ਪੌੜੀਆਂ ਉਤਰ ਗਈ।

"ਮਾਮਾ ਜੀ, ਇਹ ਉਹੀ ਅੰਟੀ ਏ ਜਿਹਦੇ ਬਾਰੇ ਮੈਂ ਸਵੇਰੇ ਕਿਹਾ ਸੀ ਨਾ ?" ਜਿਜੋ ਦਾ ਹੱਥ ਫੜੀ ਲੀਮਾ ਪੌੜੀਆਂ ਚੜ੍ਹਦੀ ਜਾ ਰਹੀ ਸੀ। ਜਿਜੋ ਨੇ 'ਹਾਂ' ਕਿਹਾ ਤੇ ਜਿਹੜਾ ਲਿਫ਼ਾਫ਼ਾ ਰੂਪਾ ਨੇ ਉਸ ਨੂੰ ਦਿੱਤਾ ਸੀ ਖੋਹਲ ਲਿਆ। ਹਜ਼ਾਰ ਦੇ ਨੋਟ ਸਨ। ਜਿਜੋ ਦਾ ਸਾਹ ਚੜ੍ਹਨ ਲੱਗਾ। ਜਲਦੀ ਨਾਲ ਪੌੜੀਆਂ ਉਤਰ ਕੇ ਜਾਂਦੀ ਹੋਈ ਰੂਪਾ ਵੱਲ ਗੌਰ ਨਾਲ ਦੇਖਣ ਲੱਗਾ ਤੇ ਫਿਰ ਲੀਮਾ ਨੂੰ ਲੈ ਕੇ ਆਪਣੇ ਫਲੈਟ ਵਿੱਚ ਵੜ ਗਿਆ। ਫਲੈਟ ਵਿੱਚ ਪੁੱਜ ਕੇ ਲੀਮਾ ਯੂਨੀਫਾਰਮ ਬਦਲੇ ਬਿਨਾਂ ਆਈਪੈਡ 'ਤੇ ਗੇਮਾਂ ਖੇਡਣ ਲੱਗੀ। ਜਿਜੋ ਨੇ ਫਰਿੱਜ ਵਿੱਚੋਂ ਜੂਸ ਕੱਢ ਕੇ ਉਸ ਨੂੰ ਦਿੱਤਾ ਤੇ ਆਪ ਪੈਰ ਪਸਾਰ ਕੇ ਸੋਫੇ 'ਤੇ ਬਹਿ ਗਿਆ। ਉਹ ਗੁੱਸੇ ਵਿੱਚ ਆਪਣੇ ਵਾਲ ਪੁੱਟਣ ਲੱਗਾ। ਲੀਮਾ ਨੇ ਪੁੱਛਿਆ, "ਮਾਮਾ ਜੀ, ਕੀ ਹੋਇਆ, ਪੇਰਸ਼ਾਨ ਲੱਗ ਰਹੇ ਓ ?"

"ਕੁਝ ਨਹੀਂ।"

"ਤੁਹਾਡਾ ਇੰਟਰਵਿਊ ਠੀਕ ਨਹੀਂ ਹੋਇਆ ਕੀ ?" ਲੀਮਾ ਵੱਲੋਂ ਫਿਰ ਸਵਾਲ।

"ਨਹੀਂ।"

ਜਿਜੋ ਨੇ ਮੁਬਾਈਲ ਚੁੱਕ ਕੇ ਵੇਨਲ ਦਾ ਫੋਨ ਲਾਇਆ, ਨੰਬਰ ਪਹੁੰਚ ਤੋਂ ਬਾਹਰ ਸੀ। ਉਸ ਨੂੰ ਲੱਗਿਆ ਕਿ ਓਨ ਲਾਈਨ ਹੋਵੇਗੀ ਤਾਂ ਉਸ ਨੇ 'ਵੇ ਟੂ ਫਰੈਂਡਜ਼' ਲੌਗ ਇਨ ਕੀਤਾ। ਅੱਖ ਝਮੱਕੇ ਬਿਨਾਂ ਉਹ ਲੈਪਟੌਪ ਨੂੰ ਦੇਖਦਾ ਰਿਹਾ। ਉਸ ਦੀ ਫਰੈਂਡ ਰੁਕੈਅਸਟ ਗੈਬਰੀਅਲ ਨੇ ਸਵੀਕਾਰ ਕਰ ਲਈ ਸੀ। ਕਈ ਪੋਸਟਾਂ ਵੀ ਪਾਈਆਂ ਹੋਈਆਂ ਸਨ। ਉਸ ਨੇ ਆਪਣੀ ਚੈਟ-ਲਿਸਟ ਨੂੰ ਦੇਖਿਆ। ਉਸ ਨੂੰ ਆਪਣੀਆਂ ਅੱਖਾਂ 'ਤੇ ਯਕੀਨ ਹੀ ਨਹੀਂ ਸੀ ਹੋ ਰਿਹਾ।

"ਹੀ'ਜ਼ ਔਨ ਲਾਈਨ !" ਜਿਜੋ ਨੇ ਜ਼ੋਰ ਨਾਲ ਕਿਹਾ।

"ਹੂ ਇਜ਼ ਮਾਮਾ ਜੀ ?" ਜਿਜੋ ਦੀ ਹੈਰਾਨਕੁੰਨ ਆਵਾਜ਼ ਸੁਣ ਕੇ ਲੀਮਾ ਨੇ ਫਿਕਰ ਨਾਲ ਪੁੱਛਿਆ।

"ਗੇਬਰੀਅਲ ! ਉਹ ਔਨ ਲਾਈਨ ਏ ਲੀਮਾ।" ਜਿਜੋ ਆਖ ਰਿਹਾ ਸੀ, "ਮੈਂ ਕਿਹੜੇ ਨਰਕ ਵਿੱਚ ਫਸਦਾ ਜਾ ਰਿਹਾਂ !"

ਉਸ ਨੇ ਮਾਰੀਆ ਦੀ 'ਆਫਟਰ ਡੈਥ ਸਰਵਿਸ' ਬਾਰੇ ਸੋਚਿਆ। ਜਿਜੋ ਅਟਰ-ਪਟਰ ਬੋਲਦਾ ਜਾ ਰਿਹਾ ਸੀ। ਲੀਮਾ ਨੇ ਉੱਠ ਕੇ ਲੈਪਟੌਪ ਦੀ ਸਕਰੀਨ ਦੇਖੀ ਕਿ ਗੈਬਰੀਅਲ ਔਨ ਲਾਈਨ ਹੈ। ਲੀਮਾ ਹੱਸਦੀ ਹੋਈ ਬੋਲੀ,

"ਗੈਬਰੀਅਲ ਅੰਕਲ ਵੀ ਫਾਮੀ ਵਾਂਗ ਸਵਰਗ ਵਿੱਚ ਪੁੱਜ ਗਏ ਹੋਣਗੇ। ਦੈਟ'ਸ ਗੁੱਡ!"

"ਫਾਮੀ ਕੌਣ ਏ?" ਜਿਜੋ ਨੇ ਪੁੱਛਿਆ।

"ਮੇਰੀ ਸਹੇਲੀ ਸੀ। ਮਰ ਗਈ। ਉਹਨੇ ਵੀ ਕਿਹਾ ਸੀ ਕਿ ਉਹ ਸਵਰਗ ਵਿੱਚ ਏ। ਅਸੀਂ ਕਦੇ ਕਦੇ ਚੈਟ ਕਰਦੇ ਆਂ। ਮੈਨੂੰ ਨਵੇਂ ਨਵੇਂ ਵੀਡੀਓ, ਗੇਮਾਂ ਬਗੈਰਾ ਭੇਜਦੀ ਏ ਪਰ ਇਹਨਾਂ ਦਾ ਈ-ਭੁਗਤਾਨ ਕਰਨ 'ਤੇ ਹੀ ਭੇਜਦੀ ਏ। ਹੁਣ ਤਾਂ ਮੈਂ ਗੈਬਰੀਅਲ ਅੰਕਲ ਤੋਂ ਵੀ ਮੰਗ ਸਕਦੀ ਆਂ ਨਾ। ਇਹ ਪਹਿਲਾਂ ਵਾਂਗ ਹੀ ਸਭ ਮੁਫਤ ਵਿੱਚ ਮਿਲ ਜਾਇਆ ਕਰੇਗਾ। ਮਾਮਾ ਜੀ, ਤੁਸੀਂ ਵੀ ਗੈਬਰੀਅਲ ਅੰਕਲ ਤੋਂ ਕੁਝ ਮੰਗ ਲੈਣਾ। ਮੰਮੀ ਸਦਾ ਮੈਨੂੰ ਗਾਲ੍ਹਾਂ ਦਿੰਦੀ ਏ ਕਿ ਪਾਪਾ ਦੇ ਸਾਰੇ ਪੈਸੇ ਮੈਂ ਇੰਟਰਨੈੱਟ 'ਤੇ ਖਰਚ ਕਰ ਦਿੰਦੀ ਆਂ। ਹੁਣ ਗਾਲ੍ਹਾਂ ਨਹੀਂ ਖਾਣੀਆਂ ਪੈਣਗੀਆਂ।"

ਉਹ ਜਿਜੋ ਵੱਲ ਦੇਖਦੀ ਮੁਸਕਰਾਈ ਤੇ ਮੁੜ ਨਵੀਂ ਵੀਡੀਓ ਗੇਮ ਸ਼ੁਰੂ ਕਰ ਲਈ।

ਲੀਮਾ ਦੀ ਦੁਨੀਆਂ ਵਿੱਚ ਆਪਣੇ ਆਪ ਨੂੰ ਬਹੁਤ ਛੋਟਾ ਮਹਿਸੂਸ ਕਰਦਿਆਂ ਜਿਜੋ ਦੀ ਬੇਚੈਨੀ ਵਧ ਗਈ। ਲੀਮਾ ਦਾ ਚਿਹਰਾ ਦੇਖ ਕੇ ਉਹਨੇ ਆਪਣੇ ਅੰਦਰ ਇਕ ਵਾਰ ਦੇਖਿਆ। ਇਨਸਾਨ ਦਾ ਖੂਨ ਤੇ ਪਸੀਨਾ ਹੁਣ ਮਸ਼ੀਨਾਂ ਵਰਗਾ ਹੀ ਹੋ ਗਿਆ ਹੈ। ਮਨ ਦੁਖੀ ਹੋਣ ਲੱਗਾ ਤਾਂ ਜਿਜੋ ਨੇ ਆਪਣੀਆਂ ਅੱਖਾਂ ਨੂੰ ਘੁੱਟ ਕੇ ਬੰਦ ਕਰ ਲਿਆ। ਜੀਵਨ ਹਾਲੇ ਵੀ ਉਸ ਦੇ ਆਲੇ ਦੁਆਲੇ ਧੜਕ ਰਿਹਾ ਸੀ।

---


**ਰਵਿੰਦਰ ਰਵੀ ਦੀਆਂ ਤਿੰਨ ਪੁਸਤਕਾਂ**

**ਮੇਰੀਆਂ ਸਾਰੀਆਂ ਕਹਾਣੀਆਂ**

**ਪਰਤੱਖ ਤੋਂ ਅਗਾਂਹ (ਦੋ ਕਾਵਿ-ਨਾਟਕ)**

**ਰਵਿੰਦਰ ਰਵੀ ਦਾ ਕਾਵਿ 'ਸ਼ਾਸਤਰੀ ਚਿੰਤਨ'**

**(ਡਾ. ਨਾਨਕ ਸਿੰਘ)**

**ਨੈਸ਼ਨਲ ਬੁਕ ਸ਼ਾਪ, ਦਿੱਲੀ**

**ਕੋਈ ਤਾਂ ਹੈ....(ਕਹਾਣੀ ਸੰਗ੍ਰਹਿ)**

**ਰਘਬੀਰ ਸਿੰਘ ਮਾਨ**

**ਚੇਤਨਾ ਪ੍ਰਕਾਸ਼ਨ, ਲੁਧਿਆਣਾ**




# ਮਰੀਅਮ/ਹਰਮਹਿੰਦਰ ਚਹਿਲ

ਖਚਾ- ਖਚ ਭਰੀ ਅਦਾਲਤ 'ਚ ਮੁਕੰਮਲ ਚੁੱਪ ਪਸਰੀ ਹੋਈ ਸੀ। ਸਭ ਆਪੋ ਆਪਣੀ ਥਾਂ 'ਤੇ ਬੈਠੇ ਫੈਸਲਾ ਸੁਣਨ ਲਈ ਉਤਾਵਲੇ ਸਨ। ਥੋੜ੍ਹੀ ਦੇਰ ਪਹਿਲਾਂ ਹੀ ਜਿਊਰੀ ਵੱਲੋਂ ਸੁਨੇਹਾ ਆਇਆ ਸੀ ਕਿ ਉਹ ਫੈਸਲਾ ਕਰ ਚੁੱਕੀ ਹੈ। ਫਿਰ ਜੱਜ ਨੇ ਜਿਊਰੀ ਨੂੰ ਅਦਾਲਤ 'ਚ ਬੁਲਾਇਆ ਤਾਂ ਆਦਮੀ ਔਰਤਾਂ ਦੀ ਮਿਲੀ ਜੁਲੀ ਜਿਊਰੀ ਦੇ ਗਿਆਰਾਂ ਮੈਂਬਰ, ਆ ਕੇ ਆਪੋ ਆਪਣੀਆਂ ਸੀਟਾਂ 'ਤੇ ਬੈਠ ਗਏ। ਜੱਜ ਨੇ ਸਟੈਨੋ ਨੂੰ ਅੱਗੇ ਦੀ ਕਾਰਵਾਈ ਕਰਨ ਨੂੰ ਕਿਹਾ ਤਾਂ ਉਹ ਹੱਥ 'ਚ ਪੇਪਰ ਫੜੀ ਖੜ੍ਹੀ ਹੋ ਗਈ। ਉਸਨੇ ਐਨਕ ਠੀਕ ਕਰਦਿਆਂ ਅਦਾਲਤ 'ਚ ਬੈਠੇ ਲੋਕਾਂ ਵੱਲ ਵੇਖਿਆ। ਉਸਦੀ ਨਜ਼ਰ ਕੁਟਿਹਰੇ 'ਚ ਖੜ੍ਹੇ ਦੋਸ਼ੀ, ਜੌਹਨ ਮਰਫੀ ਵੱਲ ਗਈ ਤੇ ਫਿਰ ਉਸਨੇ ਨੇੜੇ ਹੀ ਬੈਠੀ ਇਸ ਕੇਸ ਦੀ ਮੁਦੱਈ, ਜਾਣੀ ਕਿ ਮਾਰਥਾ ਸਟੂਵਾਰਟ ਵੱਲ ਨਜ਼ਰ ਮਾਰੀ। ਇੱਧਰ ਉੱਧਰ ਝਾਕਦਿਆਂ ਸਟੈਨੋ ਨੇ ਪੇਪਰ, ਪੜ੍ਹਨ ਲਈ ਖੋਲ੍ਹਿਆ ਤਾਂ ਅਦਾਲਤ 'ਚ ਪਸਰੀ ਚੁੱਪ ਹੋਰ ਵੀ ਗਹਿਰੀ ਹੋ ਗਈ। ਜੱਜ ਨੇ ਹੁਕਮ ਦਿੱਤਾ ਕਿ ਕਾਰਵਾਈ ਸ਼ੁਰੂ ਕੀਤੀ ਜਾਵੇ ਤਾਂ ਸਟੈਨੋ ਨੇ ਬੋਲਣਾ ਸ਼ੁਰੂ ਕੀਤਾ,

"ਕੇਸ ਨੰਬਰ ਜ਼ੀਰੋ ਜ਼ੀਰੋ ਨਾਈਨ ਸੈਵਨ, ਡਿਸਟਰਿਕਟ ਆਫ ਕੁਲੰਬੀਆ, ਵਰਸਜ਼ ਮਿਸਟਰ ਜੌਹਨ ਮਰਫੀ। ਮਿਸਟਰ ਜੌਹਨ ਮਰਫੀ 'ਤੇ ਜੋ ਗੈਰੀ ਸਟੂਵਾਰਡ ਨੂੰ ਕਤਲ ਕਰਨ ਦਾ ਕੇਸ ਚੱਲ ਰਿਹਾ ਐ ਉਸ ਬਾਰੇ ਜਿਊਰੀ ਦਾ ਕੀ ਫੈਸਲਾ ਹੈ? ਗਿਲਟੀ ਜਾਂ ਨਾਟਗਿਲਟੀ?"

ਉਸਦੀ ਗੱਲ ਖਤਮ ਹੁੰਦਿਆਂ ਹੀ ਜਿਊਰੀ ਫੋਰਮੈਨ ਉੱਠ ਕੇ ਖੜ੍ਹਾ ਹੁੰਦਿਆਂ ਜੱਜ ਵੱਲ ਝਾਕਿਆ। ਜੱਜ ਨੇ ਸਿਰ ਹਿਲਾ ਕੇ ਉਸਨੂੰ ਬੋਲਣ ਦੀ ਇਜਾਜ਼ਤ ਦਿੱਤੀ ਤਾਂ ਅਦਾਲਤ 'ਚ ਬੈਠੇ ਹਰ ਜਣੇ ਦੀ ਨਜ਼ਰ, ਫੋਰਮੈਨ 'ਤੇ ਜੰਮ ਗਈ। ਹਰ ਕੋਈ ਸਾਹ ਰੋਕ ਕੇ ਫੋਰਮੈਨ ਦੇ ਮੂੰਹੋਂ ਨਿਕਲਣ ਵਾਲੇ ਲਫਜ਼ ਉਡੀਕਣ ਲੱਗਿਆ। ਫੋਰਮੈਨ ਨੇ ਲੰਬਾ ਸਾਹ ਭਰਦਿਆਂ ਕਿਹਾ, "ਨਾਟ ਗਿਲਟੀ, ਜਾਣੀ ਕਿ ਨਿਰਦੋਸ਼।"

ਉਸਦੀ ਇੰਨੀ ਗੱਲ ਸੁਣਦਿਆਂ ਹੀ ਜਾਣੋ ਅਦਾਲਤ 'ਚ ਬੈਠੇ ਲੋਕਾਂ ਦੇ ਰੋਕੇ ਹੋਏ ਸਾਹ ਫਿਰ ਤੋਂ ਚੱਲ ਪਏ। ਪਲ ਭਰ ਪਹਿਲਾਂ ਪਸਰੀ ਖਾਮੋਸ਼ੀ ਇਕ ਦਮ ਟੁੱਟ ਗਈ। ਆਪਸੀ ਘੁਸਰ ਮੁਸਰ ਦੀਆਂ ਆਵਾਜ਼ਾਂ ਸੁਣਨ ਲੱਗੀਆਂ। ਸਭਨਾਂ ਦੇ ਚਿਹਰਿਆਂ 'ਤੇ ਵੱਖੋ ਵੱਖਰੇ ਭਾਵ ਸਨ ਜਦੋਂ ਕਿ ਮਾਰਥਾ ਦੇ ਚਿਹਰੇ 'ਤੇ ਨਿਰਾਸ਼ਾ ਹੀ ਨਿਰਾਸ਼ਾ ਸੀ। ਉਸਦੇ ਹੰਝੂ ਵਹਿਣ ਲੱਗ ਪਏ ਤਾਂ ਉਸਦੇ ਨੇੜਲੇ, ਧਰਵਾਸ ਦਿੰਦਿਆਂ, ਉਸਨੂੰ ਸੰਭਾਲਣ ਲੱਗੇ। ਇਸ ਪਿਛੋਂ ਜੌਹਨ ਮਰਫੀ 'ਤੇ ਲੱਗੇ ਕਈ ਹੋਰ ਚਾਰਜ ਪੜ੍ਹੇ ਗਏ ਤੇ ਜਿਊਰੀ ਆਪਣਾ ਫੈਸਲਾ ਦੱਸਦੀ ਰਹੀ। ਪਰ ਮਾਰਥਾ ਕੁਝ ਨਹੀਂ ਸੁਣ ਰਹੀ ਸੀ। ਅਗਲੇ ਕੁਝ ਮਿੰਟ ਉਹ ਆਪਣੇ ਆਪ ਵਿਚ ਨਹੀਂ ਰਹੀ ਸੀ। ਉਸਦਾ ਧਿਆਨ ਉਦੋਂ ਹੀ ਟੁੱਟਿਆ ਜਦੋਂ ਉਸਦੇ ਕੰਨੀ ਜੱਜ ਦੀ ਆਵਾਜ਼ ਪਈ। ਜੱਜ ਨੇ ਜਿਊਰੀ ਫੋਰਮੈਨ ਅਤੇ ਸਟੈਨੋ ਨੂੰ ਬੈਠਣ ਦਾ ਕਹਿੰਦਿਆਂ ਬੋਲਣਾ ਸ਼ੁਰੂ ਕੀਤਾ,

"ਜਿਊਰੀ ਨੇ, ਮਿਸਟਰ ਜੌਹਨ ਮਰਫੀ 'ਤੇ ਲੱਗੇ ਦੋਸ਼ਾਂ ਦਾ ਫੈਸਲਾ ਸੁਣਾ ਦਿੱਤਾ ਐ। ਇੱਕ ਨੂੰ ਛੱਡ ਕੇ, ਕਤਲ ਕੇਸ ਸਮੇਤ ਸਾਰੇ ਚਾਰਜਾਂ ਵਿਚੋਂ ਉਸਨੂੰ ਬਰੀ ਕਰ ਦਿੱਤਾ ਗਿਆ ਹੈ। ਇਹ ਇੱਕ ਚਾਰਜ, ਜੋ ਕਿ ਸਬੂਤਾਂ ਨੂੰ ਤੋੜਨ ਮਰੋੜਨ ਦਾ ਹੈ ਉਸ 'ਚ ਉਸਨੂੰ ਕਸੂਰਵਾਰ ਠਹਿਰਾਇਆ ਗਿਆ ਹੈ। ਅਦਾਲਤ ਉਸਨੂੰ ਸਬੂਤਾਂ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਦੇ ਦੋਸ਼ ਵਿਚ ਤਿੰਨ ਸਾਲ ਦੀ ਸਜ਼ਾ ਸੁਣਾਉਂਦੀ ਹੈ। ਇਸ ਦੇ ਨਾਲ ਹੀ ਅਦਾਲਤ ਸਰਕਾਰ ਨੂੰ ਤਿੰਨ ਮਹੀਨਿਆਂ ਦਾ ਸਮਾਂ ਦਿੰਦੀ ਹੈ। ਜੇਕਰ ਸਰਕਾਰ ਨੇ ਇਸ ਕੇਸ ਦੀ, ਉੱਚ ਅਦਾਲਤ ਵਿਚ ਅਪੀਲ ਕਰਨੀ ਹੋਵੇ ਤਾਂ ਉਹ ਇਨ੍ਹਾਂ

ਤਿੰਨ ਮਹੀਨਿਆਂ ਦੇ ਵਿਚ ਵਿਚ ਕਰ ਸਕਦੀ ਹੈ। ਅਦਾਲਤ, ਜਿਊਰੀ ਮੈਂਬਰਾਂ ਦਾ, ਉਨ੍ਹਾਂ ਦੀਆਂ ਸੇਵਾਵਾਂ ਲਈ ਵੀ ਧੰਨਵਾਦ ਕਰਦੀ ਹੈ। ਅਤੇ ਇਸਦੇ ਨਾਲ ਹੀ ਅਦਾਲਤ ਬਰਖਾਸਤ ਕੀਤੀ ਜਾਂਦੀ ਹੈ।" ਇੰਨਾ ਕਹਿੰਦਿਆਂ ਜੱਜ ਆਪਣੀ ਕੁਰਸੀ ਤੋਂ ਉੱਠਿਆ ਤੇ ਦਰਵਾਜ਼ਾ ਖੋਲ੍ਹਦਾ ਪਿਛਲੇ ਕਮਰੇ ਵਿਚ ਚਲਿਆ ਗਿਆ। ਅਦਾਲਤ 'ਚ ਬੈਠੇ ਲੋਕ ਉੱਠਣ ਲੱਗੇ। ਪਰ ਮਾਰਥਾ ਥਾਂ 'ਤੇ ਹੀ ਜੰਮੀ ਬੈਠੀ ਸੀ। ਉਸਨੂੰ ਕੁਝ ਸੁੱਝ ਹੀ ਨਹੀਂ ਰਿਹਾ ਸੀ। ਉਸਦੀਆਂ ਅੱਖਾਂ ਭਰ ਭਰ ਡੁੱਲ ਰਹੀਆਂ ਸਨ। ਇੰਨੇ ਨੂੰ ਉਸਦੇ ਕੰਨੀਂ, ਹੱਥਕੜੀ ਦੇ ਖੜਾਕ ਦੀ ਆਵਾਜ਼ ਪਈ ਤਾਂ ਉਸਨੇ ਸਾਹਮਣੇ ਵੇਖਿਆ। ਪੁਲੀਸ ਵਾਲਾ, ਜੌਹਨ ਦੇ ਹੱਥਕੜੀ ਲਾ ਚੁੱਕਿਆ ਸੀ। ਉਹ ਉਸਨੂੰ ਤੋਰਨ ਹੀ ਲੱਗਿਆ ਸੀ ਕਿ ਮਾਰਥਾ ਇਕਦਮ ਮੂਹਰੇ ਆ ਕੇ ਖੜ੍ਹੋ ਗਈ। ਪਲ ਦੀ ਪਲ ਪੁਲੀਸ ਵਾਲਾ ਵੀ ਰੁਕ ਗਿਆ। ਉਸਦੀਆਂ ਨਜ਼ਰਾਂ 'ਚ ਹਮਦਰਦੀ ਜਾਗ ਉੱਠੀ ਸੀ। ਕਿਉਂਕਿ ਉਸਦੇ ਸਾਹਮਣੇ ਕਤਲ ਹੋ ਚੁੱਕੇ ਮੁੰਡੇ ਦੀ ਵਾਰਸ, ਬਜ਼ੁਰਗ ਔਰਤ ਆ ਖੜ੍ਹੀ ਹੋਈ ਸੀ। ਮਾਰਥਾ ਨੇ ਹੋਰ ਨੇੜੇ ਹੁੰਦਿਆਂ ਪੁਲਸ ਵਾਲੇ ਨੂੰ ਕਿਹਾ ਕਿ ਉਹ ਜੌਹਨ ਨਾਲ ਗੱਲ ਕਰਨਾ ਚਾਹੁੰਦੀ ਹੀ। ਪੁਲਸ ਵਾਲੇ ਨੇ ਸਿਰ ਹਿਲਾਉਂਦਿਆਂ ਉਸਨੂੰ ਉਸਦੀ ਇਜਾਜ਼ਤ ਦਿੱਤੀ ਤਾਂ ਮਾਰਥਾ, ਜੌਹਨ ਵੱਲ ਵੇਖਦਿਆਂ ਬੋਲਣ ਲੱਗੀ,

"ਜੌਹਨ, ਤੂੰ ਗੈਰੀ ਨੂੰ ਮਾਰਿਆ ਐ, ਮੈਂ ਜਾਣਦੀ ਆਂ ਕਿ ਗੈਰੀ ਨੂੰ ਕਤਲ ਕਰਨ ਵਾਲਾ ਤੂੰ ਈ ਐਂ। ਕੀ ਹੋਇਆ ਜੇਕਰ ਸਬੂਤਾਂ ਦੀ ਘਾਟ ਕਾਰਨ ਤੂੰ ਕਤਲ ਕੇਸ 'ਚੋਂ ਬਰੀ ਹੋ ਗਿਆ ਐਂ। ਪਰ ਮੈਂ ਅਜੇ ਜਿਉਂਦੀ ਆਂ। ਕੀ ਹੋਇਆ ਜੇਕਰ ਤੈਨੂੰ ਅਦਾਲਤ ਨੇ ਛੱਡ ਦਿੱਤਾ ਤਾਂ। ਪਰ ਤੈਨੂੰ ਸਜ਼ਾ ਮੈਂ ਦੇਊਂਗੀ। ਯਾਦ ਰੱਖੀਂ ਕਿ ਮਾਰਥਾ ਤੈਨੂੰ ਸਜ਼ਾ ਦੇਣ ਆ ਰਹੀ ਐ। ਠੀਕ ਐ ਮਿਲਦੇ ਆਂ ਫਿਰ।"

ਆਪਣੀ ਗੱਲ ਮੁਕਾ ਕੇ ਮਾਰਥਾ ਪਿਛਾਂਹ ਹਟ ਗਈ। ਪੁਲਸ ਵਾਲਾ ਜੌਹਨ ਨੂੰ ਲੈ ਕੇ ਤੁਰ ਗਿਆ। ਮਾਰਥਾ ਵੀ ਦਰਵਾਜ਼ੇ ਵੱਲ ਚੱਲ ਪਈ। ਪਰ ਉਸ ਤੋਂ ਤੁਰ ਨਾ ਹੋਇਆ। ਉਸਦੇ ਪੈਰ ਮਣ ਮਣ ਪੱਕੇ ਦੇ ਹੋ ਚੁੱਕੇ ਸਨ। ਉਸਨੇ ਇਕ ਪਾਸੇ ਪਈ ਕੁਰਸੀ ਨੂੰ ਹੱਥ ਪਾਇਆ ਤੇ ਉੱਥੇ ਹੀ ਬੈਠ ਗਈ। ਉਸਨੇ ਨਜ਼ਰ ਭੰਵਾਉਂਦਿਆਂ ਕਟਿਹਰੇ ਵੱਲ ਵੇਖਿਆ। ਉੱਥੇ ਕੋਈ ਨਹੀਂ ਸੀ। ਪੁਲੀਸ ਵਾਲੇ ਜੌਹਨ ਨੂੰ ਲੈ ਕੇ ਚਲੇ ਗਏ ਸਨ। ਫਿਰ ਉਸਨੇ ਆਲੇ ਦੁਆਲੇ ਨਜ਼ਰ ਮਾਰੀ। ਅਦਾਲਤ ਵਿਚ ਕੋਈ ਨਹੀਂ ਸੀ, ਸਭ ਜਾ ਚੁੱਕੇ ਸਨ।

ਫਿਰ ਉਹ ਨੀਵੀਂ ਪਾਇਆਂ ਸੋਚਣ ਲੱਗੀ, 'ਉਂਝ ਭਾਵੇਂ ਮੈਂ ਗੈਰੀ ਨੂੰ ਪੁੱਤਰ ਹੀ ਸਮਝਦੀ ਸੀ ਪਰ ਉਵੇਂ ਉਸ ਨਾਲ ਮੇਰਾ ਖ਼ੂਨ ਦਾ ਤਾਂ ਕੋਈ ਰਿਸ਼ਤਾ ਨ੍ਹੀਂ ਸੀ। ਮੇਰਾ ਕੁੱਖੋਂ ਜਾਇਆ ਪੁੱਤ ਤਾਂ ਸੈਮੂਅਲ ਸਟੂਵਾਰਟ ਸੀ, ਜਿਸਨੂੰ ਕਿ ਮੈਂ ਸੈਮ ਕਹਿ ਕੇ ਬੁਲਾਉਂਦੀ ਹੁੰਦੀ ਸੀ। ਜਿਵੇਂ ਹੁਣ ਗੈਰੀ ਦਾ ਕਤਲ ਹੋਇਐ, ਉਵੇਂ ਈ ਕਦੇ ਸੈਮ ਦਾ ਵੀ ਕਤਲ ਹੋਇਆ ਸੀ। ਗੈਰੀ ਦਾ ਕਾਤਲ, ਜੌਹਨ ਹੈ ਜਿਸਨੂੰ ਕਿ ਹੁਣੇ ਹੀ ਪੁਲੀਸ ਵਾਲੇ ਜੇਲ੍ਹ ਵੱਲ ਲੈ ਗਏ ਨੇ। ਪਰ ਮੇਰੇ ਆਪਣੇ ਪੁੱਤਰ ਸੈਮ ਦਾ ਕਾਤਲ ਤਾਂ ਗੈਰੀ ਈ ਸੀ। ਇਹ ਗੱਲ ਮੈਨੂੰ ਚੰਗੀ ਤਰ੍ਹਾਂ ਪਤਾ ਐ। ਫਿਰ ਵੀ ਮੈਂ ਗੈਰੀ ਲਈ ਕਿਉਂ ਤੜਪ ਰਹੀ ਆਂ ?' ਉਸਨੇ ਇਹ ਸਾਰਾ ਕੁਝ ਸੋਚਦਿਆਂ ਲੰਬਾ ਹੌਂਕਾ ਭਰਿਆ। ਫਿਰ ਉਸਨੂੰ ਯਾਦ ਆਇਆ ਕਿ ਅੱਜ ਦੀ ਤਰ੍ਹਾਂ ਹੀ ਗੈਰੀ ਵੀ ਉਸਦੇ ਪੁੱਤਰ ਦੇ ਕਤਲ ਕੇਸ 'ਚੋਂ ਬਰੀ ਹੋ ਗਿਆ ਸੀ। ਅਤੇ ਉਸਨੂੰ ਵੀ ਅੱਜ ਦੀ ਤਰ੍ਹਾਂ ਹੀ ਚਿਤਾਵਨੀ ਦਿੰਦਿਆਂ ਉਸਨੇ ਕਿਹਾ ਸੀ, 'ਕੀ ਹੋਇਆ ਜੇਕਰ ਤੂੰ ਮੇਰੇ ਪੁੱਤਰ ਦੇ ਕਤਲ ਕੇਸ 'ਚੋਂ ਬਰੀ ਹੋ ਗਿਆ ਹੈਂ। ਪਰ ਮੈਂ ਜਾਣਦੀ ਆਂ ਕਿ ਤੂੰ ਹੀ ਉਸਦਾ ਅਸਲੀ ਕਾਤਲ ਐਂ। ਅਤੇ ਉਸਦੇ ਕਤਲ ਦਾ ਬਦਲਾ ਤੇਰੇ ਤੋਂ ਮੈਂ ਆਪ ਲਵਾਂਗੀ।' ਇੰਨਾ ਕੁਝ ਸੋਚਦਿਆਂ ਉਸਦੇ ਮਨ 'ਚੋਂ ਬਹੁਤ ਕੁਝ ਲੰਘ ਗਿਆ ਅਤੇ ਉਸਨੂੰ ਖਿਆਲ ਆਇਆ, 'ਖੈਰ ਗੈਰੀ ਤੋਂ ਤਾਂ ਬਦਲਾ, ਮੈਂ ਤਕਰਬੀਨ ਲੈ ਹੀ ਲਿਆ ਸੀ। ਪਰ ਆਖਰ 'ਤੇ ਇਸ ਜੌਹਨ ਨਾਂ ਦੇ ਬੰਦੇ ਆ ਕੇ



ਮੇਰੇ ਕੀਤੇ ਕਰਾਏ 'ਤੇ ਪਾਣੀ ਫੇਰ ਦਿੱਤਾ।'

ਸੋਚਾਂ ਸੋਚਦਿਆਂ ਉਸਦਾ ਮਨ ਪਿਛਾਂਹ ਪਰਤਦਾ ਗਿਆ ਤੇ ਉਹ ਬਹੁਤ ਪਿੱਛੇ ਜਾ ਪਹੁੰਚੀ....।

ਮਾਰਥਾ ਦਾ ਜਨਮ, ਵਾਸ਼ਿੰਗਟਨ ਡੀਸੀ ਦੀਆਂ ਭੀੜੀਆਂ ਗਲੀਆਂ ਵਾਲੇ ਗਰੀਬੀ ਮਾਰੇ ਇਲਾਕੇ, ਸਾਊਥ ਈਸਟ 'ਚ ਇਕ ਕਾਲੇ ਅਮਰੀਕਨ ਪਰਿਵਾਰ 'ਚ ਹੋਇਆ ਸੀ। ਉਸਦੇ ਮਾਂ ਪਿਉ, ਬੜੀਆਂ ਰੀਝਾਂ ਨਾਲ ਉਸਦਾ ਪਾਲਣ ਪੋਸਣ ਕਰਦੇ ਸਨ। ਜਦੋਂ ਉਹ ਥੋੜ੍ਹੀ ਵੱਡੀ ਹੋਈ ਤਾਂ ਉਸਨੂੰ ਸਕੂਲ ਪੜ੍ਹਨ ਪਾ ਦਿੱਤਾ ਗਿਆ। ਉਸਦੇ ਮਾਪੇ ਧਾਰਮਿਕ ਪਰਵਿਰਤੀਆਂ ਦੇ ਸਨ। ਉਹ ਉਸਨੂੰ ਹਰ ਐਤਵਾਰ ਚਰਚ ਲੈ ਕੇ ਜਾਂਦੇ। ਇਸ ਤੋਂ ਬਿਨਾਂ ਘਰ ਵਿਚ ਵੀ ਉਸਨੂੰ ਬਾਈਬਲ ਪੜ੍ਹਾਉਂਦੇ ਤੇ ਧਰਮ ਬਾਰੇ ਹੋਰ ਸਿੱਖਿਆ ਦਿੰਦੇ। ਇਹ ਇਸਦਾ ਨਤੀਜਾ ਹੀ ਸੀ ਕਿ ਮਾਰਥਾ ਸੁਰਤ ਸੰਭਲਦਿਆਂ ਹੀ ਧਾਰਮਿਕ ਹੋਣ ਲੱਗੀ ਸੀ। ਉਹ ਹਰ ਐਤਵਾਰ ਚਰਚ 'ਚ ਸੇਵਾ ਦੇ ਕੰਮ ਨਿਭਾਉਂਦੀ। ਇਸ ਤੋਂ ਬਿਨਾਂ ਉਸਨੂੰ ਸਕੂਲ ਵੱਲੋਂ ਸ਼ੁਰੂ ਕੀਤੇ ਸੇਵਾ ਭਾਵ ਦੇ ਕੰਮਾਂ ਵਿਚ ਹਿੱਸਾ ਲੈ ਕੇ ਸੰਤੁਸ਼ਟੀ ਮਿਲਦੀ। ਉਹ ਸਕੂਲ ਵੱਲੋਂ ਕਮਿਊਨਟੀ ਲਈ ਕੀਤੇ ਜਾਂਦੇ ਹਰ ਕੰਮ ਵਾਲੀ ਟੀਮ ਦੀ ਮੈਂਬਰ ਸੀ। ਹਾਈ ਸਕੂਲ ਪਾਸ ਕਰਦਿਆਂ ਉਸਨੇ ਕਾਲਜ 'ਚ ਦਾਖਲਾ ਲੈ ਲਿਆ। ਪਰ ਉਸਨੂੰ ਸ਼ਹਿਰ ਨਾ ਛੱਡਣਾ ਪਿਆ। ਕਿਉਂਕਿ ਕਾਲਜ, ਡੀ ਸੀ ਸ਼ਹਿਰ ਵਿਚ ਹੀ ਸੀ। ਕਾਲਜ ਦੇ ਦੂਜੇ ਸਾਲ ਹੀ ਉਸਦੀ ਮੁਲਾਕਾਤ, ਜਾਰਜ ਸਟੂਵਾਰਟ ਨਾਲ ਹੋਈ। ਕੁਛ ਦੇਰ ਦੀ ਦੋਸਤੀ ਪਿਛੋਂ ਹੀ ਉਨ੍ਹਾਂ ਨੇ ਵਿਆਹ ਕਰਵਾਉਣ ਦਾ ਐਲਾਨ ਕਰ ਦਿੱਤਾ। ਪਰ ਮਾਰਥਾ ਦੇ ਮਾਪੇ ਇਸ ਗੱਲ ਦੇ ਹੱਕ 'ਚ ਨਹੀਂ ਸਨ। ਉਨ੍ਹਾਂ ਮੁਤਾਬਕ ਵਿਆਹ ਲਈ ਨਾ ਹੀ ਤਾਂ ਮਾਰਥਾ ਦੀ ਅਜੇ ਉਮਰ ਸੀ ਤੇ ਨਾ ਹੀ ਉਸਨੇ ਅਜੇ ਪੜ੍ਹਾਈ ਪੂਰੀ ਕੀਤੀ ਸੀ। ਪਰ ਉਸਨੇ ਕਿਸੇ ਦੀ ਪ੍ਰਵਾਹ ਨਾ ਮੰਨੀ ਤੇ ਜਾਰਜ ਨਾਲ ਵਿਆਹ ਬੰਧਨ ਵਿਚ ਬੱਝ ਗਈ। ਉਹ ਕਾਲਜ ਨੇ ਨੇੜੇ ਹੀ ਕਿਸੇ ਨਾਲ ਸਾਂਝੇ ਅਪਾਰਟਮੈਂਟ 'ਚ ਰਹਿਣ ਲੱਗ ਪਏ। ਜਾਰਜ ਪੜ੍ਹਾਈ 'ਚ ਉਸ ਤੋਂ ਅੱਗੇ ਸੀ। ਇਸ ਲਈ ਮਾਰਥਾ ਦੀ ਪੜ੍ਹਾਈ ਅਜੇ ਅੱਧ ਵਿਚਕਾਰ ਹੀ ਸੀ ਜਦੋਂ ਕਿ ਜਾਰਜ ਨੇ ਡਿਗਰੀ ਪੂਰੀ ਕਰ ਲਈ। ਉਦੋਂ ਹੀ ਉਨ੍ਹਾਂ ਦੇ ਘਰ ਮੁੰਡੇ ਨੇ ਜਨਮ ਲਿਆ ਜਿਸਦਾ ਨਾਂ ਉਨ੍ਹਾਂ ਸੈਮੂਅਲ ਰੱਖਿਆ ਤੇ ਪਿਆਰ ਨਾਲ ਉਸਨੂੰ ਉਹ ਸੈਮ ਕਹਿੰਦੇ ਸਨ।

ਸੈਮ ਦੇ ਜਨਮ ਪਿਛੋਂ ਘਰਦੀਆਂ ਜ਼ਿੰਮੇਵਾਰੀਆਂ ਵਧੀਆਂ ਤਾਂ ਨਾਲ ਖਰਚੇ ਵੀ ਵਧ ਗਏ। ਉਂਝ ਤਾਂ ਜਾਰਜ ਕਿਸੇ ਕੰਪਨੀ ਵਿਚ ਚੰਗੀ ਨੌਕਰੀ ਕਰਨ ਲੱਗ ਪਿਆ ਸੀ। ਪਰ ਮਾਰਥਾ ਅਜੇ ਪੜ੍ਹਦੀ ਹੋਣ ਕਰਕੇ ਇਕ ਜਣੇ ਦੀ ਕਮਾਈ ਨਾਲ ਘਰ ਦਾ ਖਰਚ ਚਲਾਉਣਾ ਔਖਾ ਸੀ। ਪੈਸੇ ਪੱਖੋਂ ਔਖਿਆਈ ਹੋਈ ਤਾਂ ਜਾਰਜ ਪਰੇਸ਼ਾਨ ਜਿਹਾ ਰਹਿਣ ਲੱਗਿਆ। ਕਈ ਵਾਰੀ ਦੋਨਾਂ ਵਿਚਕਾਰ ਤਲਖ਼ੀ ਵੀ ਹੋ ਜਾਂਦੀ ਸੀ। ਪਹਿਲਾਂ ਕਦੇ ਕਦਾਈਂ ਹੋਣ ਵਾਲੀ ਤਕਰਾਰ, ਆਖਰ ਵਧਣ ਲੱਗੀ। ਜਾਰਜ ਸੋਚਦਾ ਕਿ ਉਹ ਇਕੱਲਾ ਕਮਾਈ ਕਰਦਾ ਹੈ ਤੇ ਸਾਰੇ ਘਰ ਦਾ ਖਰਚ ਚਲਾਉਂਦਾ ਹੈ। ਉਸਦੀ ਇਸ ਸੋਚ 'ਚੋਂ ਹੀ ਉਸਨੂੰ ਇਕ ਹੋਰ ਖਿਆਲ ਸਤਾਉਣ ਲੱਗਿਆ। ਉਹ ਵਿਚਾਰ ਕਰਨ ਲੱਗਿਆ ਕਿ ਜੇਕਰ ਉਹ ਇਕੱਲਾ ਹੁੰਦਾ ਤਾਂ ਇਸ ਨੌਕਰੀ ਨਾਲ ਉਸਨੇ ਖੂਬ ਮਜ਼ੇ ਲੁੱਟਣੇ ਸਨ। ਫਿਰ ਉਹ ਸੋਚਣ ਲੱਗ ਪਿਆ ਕਿ ਉਸਨੇ ਵਿਆਹ ਕਰਵਾ ਕੇ ਗਲਤੀ ਕਰ ਲਈ ਹੈ। ਇਨ੍ਹਾਂ ਹੀ ਨਵੀਆਂ ਸੋਚਾਂ ਦੇ ਚਲਦਿਆਂ ਉਨ੍ਹਾਂ ਵਿਚਕਾਰ ਲੜਾਈ ਝਗੜਾ ਆਮ ਜਿਹੀ ਗੱਲ ਹੋ ਗਈ। ਇਹ ਲੜਾਈ ਝਗੜਾ ਵਧਦਾ ਗਿਆ ਤੇ ਆਖਰ ਉਨ੍ਹਾਂ ਦਾ ਵਿਆਹ ਟੁੱਟ ਗਿਆ। ਜਦੋਂ ਕੋਰਟ ਵੱਲੋਂ ਉਨ੍ਹਾਂ ਦੇ ਤਲਾਕ ਦਾ ਫੈਸਲਾ ਹੋਇਆ ਤਾਂ ਸੈਮ ਉਦੋਂ ਦੋ ਸਾਲਾਂ ਦਾ ਸੀ।

ਮਾਰਥਾ ਇਕੱਲੀ ਰਹਿ ਗਈ ਸੀ। ਕਿਉਂਕਿ ਉਸਦੇ ਮਾਂ ਪਿਉ ਕੁਝ ਦੇਰ ਪਹਿਲਾਂ ਇਕ ਸੜਕ ਹਾਦਸੇ ਵਿਚ ਮਾਰੇ ਗਏ ਸਨ। ਫਿਰ ਮਾਰਥਾ ਨੇ ਪੜ੍ਹਾਈ ਛੱਡ ਕੇ ਨੌਕਰੀ ਸ਼ੁਰੂ ਕਰ ਲਈ ਤੇ

ਕਿਸੇ ਦੇ ਘਰ ’ਚ ਕਮਰਾ, ਕਿਰਾਏ ’ਤੇ ਕਮਰਾ ਲੈ ਲਿਆ। ਇਸ ਘਰ ਦਾ ਮਾਲਕ, ਇਕ ਬਜ਼ੁਰਗ ਕਾਲਾ ਜੋੜਾ ਸੀ। ਉਥੇ ਰਹਿਣ ਨਾਲ ਮਾਰਥਾ ਨੂੰ ਸੈਮ ਦੀ ਸੰਭਾਲ ਵੱਲੋਂ ਵੀ ਕੁਝ ਰਾਹਤ ਮਿਲੀ। ਭਾਵੇਂ ਉਹ ਘਰ ਦੇ ਮਾਲਕਾਂ ਨੂੰ ਸੈਮ ਦੇ ਸੇਵਾ ਸੰਭਾਲ ਦੇ ਕੁਝ ਪੈਸੇ ਦਿੰਦੀ ਸੀ ਪਰ ਉਨ੍ਹਾਂ ਦੇ ਹੁੰਦਿਆਂ ਉਹ ਸੈਮ ਵੱਲੋਂ ਬੇਫਿਕਰ ਰਹਿੰਦੀ ਸੀ। ਥੋੜ੍ਹੀ ਦੇਰ ਪਿਛੋਂ ਉਸਨੂੰ ਇਸ ਘਰ ਦੇ ਨੇੜੇ ਹੀ ਗਰੀਬਾਂ ਲਈ ਬਣੇ ਸਸਤੇ ਅਪਾਰਟਮੈਂਟਾਂ ਵਿਚ ਇਕ ਅਪਾਰਟਮੈਂਟ ਮਿਲ ਗਿਆ। ਪਰ ਉਸਨੇ ਇਸ ਜੋੜੇ ਨਾਲ ਸਬੰਧ ਉਵੇਂ ਜਿਵੇਂ ਕਾਇਮ ਹੀ ਰੱਖੇ। ਇਥੇ ਆ ਕੇ ਮਾਰਥਾ ਨੂੰ ਜਿਹੜੀ ਗੱਲ ਚੰਗੀ ਲੱਗੀ ਉਹ ਸੀ ਇਸ ਜੋੜੇ ਦਾ ਬਹੁਤ ਜ਼ਿਆਦਾ ਧਾਰਮਿਕ ਹੋਣਾ। ਅਤੇ ਉਨ੍ਹਾਂ ਦਾ ਸਮਾਜ ਸੇਵਾ ਦੇ ਕੰਮਾਂ ’ਚ ਹਿੱਸਾ ਲੈਣਾ। ਕਿਉਂਕਿ ਮਾਰਥਾ ਪਹਿਲਾਂ ਹੀ ਇਸ ਖੇਤਰ ਵੱਲ ਝੁਕਾ ਰੱਖਦੀ ਸੀ। ਉਸਨੇ ਫੈਸਲਾ ਕਰ ਲਿਆ ਕਿ ਦੁਬਾਰਾ ਵਿਆਹ ਨਹੀਂ ਕਰਵਾਏਗੀ। ਉਸਦਾ ਮੁੱਖ ਮਕਸਦ ਸੈਮ ਦੀ ਜ਼ਿੰਦਗੀ ਬਣਾਉਣਾ ਹੀ ਸੀ। ਫਿਰ ਉਹ ਬਜ਼ੁਰਗ ਜੋੜੇ ਨਾਲ ਸਮਾਜ ਸੇਵਾ ਦੇ ਕੰਮਾਂ ਵਿਚ ਹਿੱਸਾ ਲੈਣ ਲੱਗੀ ਸੀ। ਬਜ਼ੁਰਗ ਜੋੜਾ ਇਕ ਯਤੀਮਖਾਨੇ ਵਿਚ ਨੌਕਰੀ ਕਰਦਾ ਸੀ। ਮਾਰਥਾ ਨੇ ਵੀ ਹਫਤੇ ਦੇ ਅਖੀਰ ’ਤੇ ਇਕ ਦਿਨ ਇੱਥੇ ਕੰਮ ਸ਼ੁਰੂ ਕਰ ਦਿੱਤਾ। ਇੰਨੇ ਨੂੰ ਸੈਮ ਸਕੂਲ ਜਾਣ ਲੱਗਿਆ ਤਾਂ ਮਾਰਥਾ ਨੂੰ ਹੱਦੋਂ ਵੱਧ ਖੁਸ਼ੀ ਹੋਈ। ਉਸਦੀ ਦਿਲੀ ਇੱਛਾ ਸੀ ਕਿ ਉਹ ਹਰ ਹੀਲੇ ਸੈਮ ਨੂੰ ਪੜ੍ਹਾ ਲਿਖਾ ਕੇ ਕੋਈ ਚੰਗੀ ਡਿਗਰੀ ਕਰਵਾਏ। ਵਕਤ ਗੁਜ਼ਰਦਾ ਗਿਆ ਤੇ ਸੈਮ ਮਿਡਲ ਸਕੂਲ ’ਚੋਂ ਲੰਘਦਾ, ਹਾਈ ਸਕੂਲ ਪਹੁੰਚ ਗਿਆ। ਮਾਰਥਾ ਵੀ ਸਿਆਣੀ ਉਮਰ ’ਚ ਪਰਵੇਸ਼ ਕਰ ਗਈ ਸੀ। ਬਜ਼ੁਰਗ ਜੋੜਾ ਬਹੁਤ ਬਿਰਧ ਹੋ ਗਿਆ ਸੀ ਤੇ ਉਨ੍ਹਾਂ ਆਪਣਾ ਸਾਰਾ ਕੰਮ ਮਾਰਥਾ ਦੇ ਹਵਾਲੇ ਕਰ ਦਿੱਤਾ ਸੀ। ਜੋ ਸਮਾਜ ਭਲਾਈ ਦੇ ਕੰਮ ਕਦੇ ਬਜ਼ੁਰਗ ਜੋੜਾ ਕਰਦਾ ਹੁੰਦਾ ਸੀ ਉਹ ਸਾਰਾ ਹੁਣ ਮਾਰਥਾ ਕਰਨ ਲੱਗ ਪਈ ਸੀ।

ਮਾਰਥਾ ਦੀ ਰਿਹਾਇਸ਼ ਵਾਲਾ ਇਲਾਕਾ, ਜਿੱਥੇ ਕਿ ਸਾਰੀ ਆਬਾਦੀ ਕਾਲਿਆਂ ਦੀ ਸੀ, ਪਹਿਲਾਂ ਹੀ ਗਰੀਬੀ ਦੀ ਮਾਰ ਝੱਲ ਰਿਹਾ ਸੀ, ਉੱਪਰੋਂ ਇਕ ਮਾਰ ਹੋਰ ਪੈ ਗਈ। ਡੀ ਸੀ ਵਿਚ ਇਸ ਵੇਲੇ ਨਸ਼ਿਆਂ ਦੀ ਭਰਮਾਰ ਸੀ। ਪਰ ਇਨ੍ਹੀਂ ਦਿਨੀਂ, ਨਸ਼ੇ ਦੇ ਵਪਾਰੀਆਂ ਨੇ ਮਾਰਥਾ ਦੇ ਇਲਾਕੇ, ਸਾਊਥ ਈਸਟ ਨੂੰ ਅੱਡਾ ਬਣਾ ਲਿਆ। ਇੰਨਾ ਹੀ ਨਹੀਂ ਸਗੋਂ ਮਾਰਥਾ ਦੇ ਘਰ ਦੇ ਆਲੇ ਦੁਆਲੇ ਨਸ਼ੇ ਦਾ ਵਪਾਰ, ਖੁੱਲ੍ਹਮ ਖੁੱਲ੍ਹ ਚੱਲਣ ਲੱਗਿਆ। ਇਸ ਗੱਲ ਨੇ ਮਾਰਥਾ ਨੂੰ ਬਹੁਤ ਪਰੇਸ਼ਾਨ ਕਰ ਦਿੱਤਾ। ਉਸਨੂੰ ਸਭ ਤੋਂ ਵੱਧ ਫਿਕਰ ਸੈਮ ਦਾ ਸੀ। ਉਹ ਸੈਮ ਨੂੰ ਹਰ ਪਾਸਿਉਂ ਬਚਾ ਕੇ ਰੱਖ ਰਹੀ ਸੀ। ਇਲਾਕੇ ਦੇ ਬਹੁਤੇ ਮੁੰਡੇ ਸਕੂਲ ਛੱਡ ਕੇ ਗਲਤ ਕੰਮਾਂ ਵਿਚ ਗਲਤਾਨ ਹੋ ਰਹੇ ਸਨ। ਪਰ ਸੈਮ ਅਜੇ ਤੱਕ ਇਸ ਪਾਸਿਉਂ ਬਚਿਆ ਹੋਇਆ ਸੀ। ਇੰਨੇ ਨੂੰ ਸੈਮ ਨੇ ਹਾਈ ਸਕੂਲ ਪਾਸ ਕਰ ਲਿਆ ਤਾਂ ਮਾਰਥਾ ਨੇ ਸੁੱਖ ਦਾ ਸਾਹ ਲਿਆ। ਪੜ੍ਹਾਈ ਲਈ ਕਰਜ਼ਾ ਲੈ ਕੇ, ਉਸਨੇ ਸੈਮ ਨੂੰ ਦੂਰ ਵਰਜੀਨੀਆਂ ਵੱਲ ਦੇ ਕਾਲਜ ਵਿਚ ਦਾਖਲ ਕਰਵਾ ਦਿੱਤਾ। ਉਸਨੇ ਸੈਮ ਦਾ ਪ੍ਰਬੰਧ ਹੋਸਟਲ ਰਹਿਣ ਦਾ ਹੀ ਕਰ ਦਿੱਤਾ ਤਾਂ ਕਿ ਉਹ ਇਸ ਇਲਾਕੇ ਤੋਂ ਬਿਲਕੁਲ ਪਾਸੇ ਰਹੇ। ਸੈਮ ਨੇ ਕਾਲਜ ਸ਼ੁਰੂ ਕਰ ਦਿੱਤਾ ਤੇ ਹੋਸਟਲ ਜਾ ਕੇ ਰਹਿਣ ਲੱਗਿਆ। ਮਾਰਥਾ ਉਸ ਵੱਲੋਂ ਬੇਫਿਕਰ ਹੋ ਗਈ। ਇੱਧਰ ਮਾਰਥਾ ਦੇ ਘਰ ਦੇ ਨੇੜੇ ਹਾਲਾਤ ਖਰਾਬ ਹੁੰਦੇ ਜਾ ਰਹੇ ਸਨ। ਨਸ਼ਿਆਂ ਦੇ ਵਪਾਰੀ ਦਿਨੋਂ ਦਿਨ ਤਾਕਤਵਰ ਹੁੰਦੇ ਜਾ ਰਹੇ ਸਨ। ਉਹ ਇੰਨੇ ਤਾਕਤਵਰ ਹੋ ਚੁੱਕੇ ਸਨ ਕਿ ਪੁਲੀਸ ਤੋਂ ਵੀ ਭੈਅ ਨਹੀਂ ਸਨ ਮੰਨਦੇ। ਪਹਿਲਾਂ ਤਾਂ ਉਹ ਸਿਰਫ ਹੀਰੋਇਨ, ਮਰਵਾਨਾ ਜਾਂ ਕੋਕੀਨ ਨਸ਼ੇ ਬਗੈਰਾ ਹੀ ਵੇਚਦੇ ਸਨ। ਫਿਰ ਉਨ੍ਹਾਂ ਹੋਰ ਗੈਰ ਕਾਨੂੰਨੀ ਕੰਮ ਸ਼ੁਰੂ ਕਰ ਦਿੱਤੇ। ਹਥਿਆਰ ਵੇਚਣੇ ਅਤੇ ਜਾਅਲੀ ਕਾਗਜ਼ ਬਣਾਉਣ ਬਗੈਰਾ ਦੇ ਕੰਮ ਸ਼ੁਰੂ ਹੋ ਚੁੱਕੇ ਸਨ। ਪਰ ਸਭ ਤੋਂ ਮਾੜੀ ਹਾਲਾਤ ਉਦੋਂ ਹੋ ਗਈ ਜਦੋਂ ਇੱਧਰ ਕੋਈ ਹੋਰ ਗੈਂਗ ਆ ਨਿਕਲਿਆ। ਕਿਉਂਕਿ ਇਸ ਪਿੱਛੋਂ ਦੋਨੋਂ ਗੈਂਗਾਂ ਵਿਚਕਾਰ ਇਸ ਇਲਾਕੇ ’ਤੇ ਆਪਣਾ ਕਬਜ਼ਾ



ਰੱਖਣ ਲਈ ਲੜਾਈ ਹੋਣ ਲੱਗੀ। ਧੱਕਾ-ਮੁੱਕੀ ਤੋਂ ਵਧਦੀ ਲੜਾਈ, ਮਾਰਾ ਮਰਾਈ ਤੱਕ ਪਹੁੰਚ ਗਈ। ਕੋਈ ਇਕ ਗਰੁੱਪ ਆਪਣਾ ਕੰਮ ਚਲਾ ਰਿਹਾ ਹੁੰਦਾ ਤੇ ਦੂਸਰਾ ਆ ਪਹੁੰਚਦਾ ਤਾਂ ਗੋਲੀਬਾਰੀ ਸ਼ੁਰੂ ਹੋ ਜਾਂਦੀ। ਅਜਿਹੇ ਵੇਲੇ ਇਲਾਕੇ ਦੇ ਲੋਕ ਸੰਨ ਵਿਚਕਾਰ ਫਸ ਜਾਂਦੇ। ਉਹ ਉਦੋਂ ਤੱਕ ਘਰਾਂ ’ਚ ਦੜੇ ਬੈਠੇ ਰਹਿੰਦੇ ਜਦੋਂ ਤੱਕ ਲੜਾਈ ਬੰਦ ਨਾ ਹੁੰਦੀ।

ਮਾਰਥਾ ਦੇ ਘਰ ਦੇ ਨੇੜੇ ਖਾਲੀ ਪਏ ਵੱਡੀ ਪਾਰਕਿੰਗ ਵਾਲੀ ਥਾਂ ਨੂੰ ਸਾਰੇ ਮੈਟਰੋ ਲਾਟ ਕਹਿੰਦੇ ਸਨ। ਮੈਟਰੋ ਲਾਟ ਇਸਦਾ ਨਾਂ ਇਸ ਕਰਕੇ ਪਿਆ ਸੀ ਕਿਉਂਕਿ ਇਥੋਂ ਨੇੜੇ ਹੀ ਮੈਟਰੋ ਦਾ ਸਟੇਸ਼ਨ ਸੀ। ਇਹੀ ਮੈਟਰੋ ਲਾਟ ਇਨ੍ਹਾਂ ਗੈਂਗ ਵਾਲਿਆਂ ਦਾ ਮੁੱਖ ਅੱਡਾ ਸੀ। ਸਵੇਰ ਵੇਲੇ ਲੋਕ ਇਸ ਲਾਟ ’ਚ ਕਾਰਾਂ ਪਾਰਕ ਕਰਦਿਆਂ ਮੈਟਰੋ ਲੈ ਕੇ ਕੰਮਾਂ ਨੂੰ ਨਿਕਲ ਜਾਂਦੇ ਸਨ। ਸ਼ਾਮ ਵੇਲੇ ਪੰਜ ਵਜੇ ਲੋਕ ਵਾਪਸ ਆਉਣ ਲੱਗਦੇ। ਸ਼ਾਮ ਵੇਲੇ ਤੱਕ ਮੈਟਰੋ ਲਾਟ ਬਿਲਕੁਲ ਖਾਲੀ ਹੋ ਜਾਂਦਾ ਸੀ ਤੇ ਉਸ ਪਿਛੋਂ ਇਥੇ ਗੈਂਗ ਵਾਲਿਆਂ ਦੀਆਂ ਰੌਣਕਾਂ ਲੱਗ ਜਾਂਦੀਆਂ ਸਨ। ਉਹ ਦੇਰ ਰਾਤ ਤੱਕ ਨਸ਼ੇ ਵੇਚਣ ਦਾ ਅਤੇ ਹੋਰ ਕਾਰੋਬਾਰ ਕਰਦੇ। ਰਾਤ ਵੇਲੇ ਇੱਥੇ ਚਹਿਲ ਪਹਿਲ ਦਿਨ ਨਾਲੋਂ ਵੀ ਵੱਧ ਹੁੰਦੀ ਸੀ। ਸਭ ਕੁਝ ਆਮ ਵਾਂਗ ਚੱਲਦਾ ਰਹਿੰਦਾ। ਫਿਰ ਅਚਾਨਕ ਹੀ ਕੋਈ ਦੂਸਰਾ ਗੈਂਗ ਆ ਨਿਕਲਦਾ ਤੇ ਲੜਾਈ ਸ਼ੁਰੂ ਹੋ ਜਾਂਦੀ। ਹਾਰਨ ਵਾਲਾ ਧੜਾ ਭੱਜ ਨਿਕਲਦਾ ਤੇ ਜਿੱਤਣ ਵਾਲਾ ਇਸ ਲਾਟ ’ਤੇ ਕਾਬਜ ਹੋ ਕੇ ਆਪਣਾ ਕੰਮ ਸ਼ੁਰੂ ਕਰ ਦਿੰਦਾ। ਮਾਰਥਾ ਨੂੰ ਇਸ ਲਾਟ ਦੀ ਸਭ ਤੋਂ ਵੱਧ ਪਰੇਸ਼ਾਨੀ ਸੀ ਕਿਉਂਕਿ ਇਹ ਉਸਦੇ ਘਰ ਦੇ ਬਿਲਕੁਲ ਪਿਛਲੇ ਪਾਸੇ ਸੀ। ਘਰ ਦੀ ਇਕ ਖਿੜਕੀ ’ਚੋਂ ਸਾਰਾ ਲਾਟ ਦਿੱਸਦਾ ਸੀ। ਆਮ ਤੌਰ ’ਤੇ ਉਹ ਖਿੜਕੀ ਬੰਦ ਰੱਖਦੀ। ਪਰ ਅਚਾਨਕ ਚੱਲਦੀ ਗੋਲੀ ਵੇਲੇ ਉਹ ਜ਼ਰੂਰ ਪਰਦਾ ਚੁੱਕ ਕੇ ਵੇਖਦੀ। ਉਦੋਂ ਉਸਨੂੰ ਕੋਈ ਨਾ ਕੋਈ ਜ਼ਖ਼ਮੀ ਹੋਇਆ ਡਿੱਗਿਆ ਪਿਆ ਦਿੱਸਦਾ ਤਾਂ ਉਸਦੀ ਰੂਹ ਕੰਬ ਜਾਂਦੀ। ਉਹ ਇਸ ਇਲਾਕੇ ’ਚੋਂ ਇਹ ਸਭ ਕੁਝ ਬੰਦ ਕਰਵਾਉਣਾ ਚਾਹੁੰਦੀ ਸੀ ਪਰ ਉਸਦੀ ਕੋਈ ਪੇਸ਼ ਨਹੀਂ ਜਾਂਦੀ ਸੀ। ਗੈਂਗ ਬਹੁਤ ਤਾਕਤਵਰ ਸਨ। ਲੰਘਦੀ ਟੱਪਦੀ ਵੀ ਉਹ ਉੱਧਰ ਨਜ਼ਰ ਮਾਰ ਲੈਂਦੀ ਸੀ।

ਉਦੋਂ ਜਿਹੇ ਹੀ ਉਸਨੇ ਨਵੇਂ ਗੈਂਗ ਵਾਲਿਆਂ ਦੇ ਇਕ ਸ਼ੂਕੇ ਜਿਹੇ ਮੁੰਡੇ ਨੂੰ ਉੱਥੇ ਆਮ ਘੁੰਮਦਿਆਂ ਵੇਖਿਆ। ਫਿਰ ਇਕ ਦਿਨ ਉਸਨੂੰ ਪਤਾ ਲੱਗਿਆ ਕਿ ਇਸ ਮੁੰਡੇ ਦਾ ਪੂਰਾ ਨਾਂ ਗੈਰੀਉਨ ਫਰੀਆਨ ਹੈ ਪਰ ਉਂਝ ਸਾਰੇ ਉਸਨੂੰ ਗੈਰੀ ਹੀ ਕਹਿੰਦੇ ਨੇ। ਜੇ ਕਦੇ ਮਾਰਥਾ ਦੀਆਂ ਗੈਰੀ ਨਾਲ ਨਜ਼ਰਾਂ ਮਿਲਦੀਆਂ ਤਾਂ ਉਸਨੂੰ ਗੈਰੀ ਤੋਂ ਭੈਅ ਆਉਂਦਾ। ਉਹ ਉਸਨੂੰ ਵੇਖ ਕੇ ਹੀ ਘਬਰਾ ਉੱਠਦੀ। ਉਸ ਵੱਲੋਂ ਕੀਤੀਆਂ ਜਾ ਰਹੀਆਂ ਵਾਰਦਾਤਾਂ ਬਾਰੇ ਵੀ ਉਸਨੂੰ ਕਿਸੇ ਨੇ ਦੱਸਿਆ ਸੀ। ਉਹ ਰੋਜ਼ ਦੀ ਮਾਰਾ ਮਰਾਈ ’ਚ ਸ਼ਾਮਲ ਹੁੰਦਾ ਸੀ। ਪਰ ਮਾਰਥਾ ਨੂੰ ਇਕ ਗੱਲੋਂ ਤਸੱਲੀ ਸੀ ਕਿ ਸੈਮ ਇਸ ਸਭ ਤੋਂ ਦੂਰ, ਕਾਲਜ ਵਿਚ ਮਹਿਫੂਜ਼ ਆਪਣੀ ਪੜ੍ਹਾਈ ਕਰ ਰਿਹਾ ਸੀ। ਉਸਨੂੰ ਕਾਲਜ ਗਏ ਨੂੰ ਕਈ ਮਹੀਨੇ ਹੋ ਚੁੱਕੇ ਸਨ। ਜੇਕਰ ਉਹ ਕਦੇ ਆਉਂਦਾ ਵੀ ਤਾਂ ਮਾਰਥਾ ਉਸਨੂੰ ਉਸ ਇਲਾਕੇ ’ਚੋਂ ਛੇਤੀ ਵਾਪਸ ਕਾਲਜ ਵੱਲ ਭੇਜ ਦਿੰਦੀ ਸੀ।

ਕਰਿਸਮਿਸ ਦੀਆਂ ਛੁੱਟੀਆਂ ਵੇਲੇ ਸੈਮ ਘਰ ਆਇਆ। ਮਾਰਥਾ ਨੂੰ ਖੁਸ਼ੀ ਤਾਂ ਸੀ ਪਰ ਨਾਲ ਹੀ ਇਹ ਵੀ ਕਿ ਉਹ ਛੇਤੀ ਵਾਪਸ ਮੁੜ ਜਾਵੇ। ਖੈਰ ਜਿਵੇਂ ਤਿਵੇਂ ਛੁੱਟੀਆਂ ਪੂਰੀਆਂ ਹੋ ਗਈਆਂ ਤੇ ਅਗਲੇ ਦਿਨ ਸੈਮ ਨੇ ਵਾਪਸ ਮੁੜ ਜਾਣਾ ਸੀ। ਰਾਤ ਦੇ ਨੌਂ ਕੁ ਵਜੇ ਮਾਰਥਾ ਨੇ ਫਰਿਜ ਖੋਲ੍ਹਿਆ। ਜੂਸ ਖਤਮ ਸੀ। ਉਸਨੇ ਬਾਹਰ ਨਿਗ੍ਹਾ ਮਾਰੀ। ਬਾਹਰ ਘੁੱਪ ਹਨੇਰਾ ਸੀ। ਪਰ ਜੂਸ ਦੀ ਲੋੜ ਸੀ। ਉਸਨੇ ਸੈਮ ਨੂੰ ਨੇੜਲੇ ਸਟੋਰ ’ਤੇ ਭੇਜਣ ਦਾ ਸੋਚਿਆ। ਪਰ ਪਹਿਲਾਂ ਉਸਨੇ ਪਿਛਲੀ ਖਿੜਕੀ ਖੋਲ੍ਹ ਕੇ ਲਾਟ ਵੱਲ ਵੇਖਿਆ। ਕਿਧਰੇ ਕੋਈ ਨਹੀਂ ਸੀ। ਸਭ ਪਾਸੇ ਸ਼ਾਂਤੀ ਸੀ। ਅਣਮੰਨੇ ਜਿਹੇ ਮਨ ਨਾਲ ਉਸਨੇ ਆਪਣੇ ਆਪ ਨੂੰ ਕਿਹਾ ‘ਲੈ ਸਟੋਰ ਕਿਹੜਾ ਦੂਰ ਐ ਆਹ ਦੋ ਬਲਾਕ ’ਤੇ

ਈ ਐ। ਦਸ ਪੰਦਰਾਂ ਮਿੰਟਾਂ ਵਿਚ ਸੈਮ, ਜੂਸ ਲੈ ਕੇ ਵਾਪਸ ਮੁੜ ਆਵੇਗਾ।' ਅਜਿਹਾ ਸੋਚਦਿਆਂ ਉਸਨੇ ਸੈਮ ਨੂੰ ਸਟੋਰ ਵੱਲ ਭੇਜ ਦਿੱਤਾ। ਸੈਮ ਮਸਾਂ ਸਟੋਰ 'ਤੇ ਪਹੁੰਚਿਆ ਹੀ ਹੋਵੇਗਾ ਕਿ ਮਾਰਥਾ ਦੇ ਕੰਨੀਂ ਗੋਲੀ ਚੱਲਣ ਦੀ ਆਵਾਜ਼ ਪਈ। ਉਸਨੇ ਛੇਤੀ ਦੇਣੇ ਪਿਛਲੀ ਖਿੜਕੀ ਖੋਲ੍ਹੀ। ਮੈਟਰੋ ਲਾਟ ਅੰਦਰ ਦੋ ਗੁੱਟਾਂ ਵਿਚਕਾਰ ਗੋਲੀ ਚੱਲ ਰਹੀ ਸੀ। ਉਸਦੇ ਵੇਖਦਿਆਂ ਹੀ ਇਕ ਧਿਰ ਦਾ ਬੰਦਾ ਜ਼ਖ਼ਮੀ ਹੋ ਕੇ ਡਿੱਗ ਪਿਆ ਤੇ ਦੋਨੋਂ ਧਿਰਾਂ ਭੱਜ ਨਿਕਲੀਆਂ। ਮਾਰਥਾ ਮੈਟਰੋ ਲਾਟ ਵੱਲ ਵੇਖ ਹੀ ਰਹੀ ਸੀ ਕਿ ਦੂਰੋਂ ਹੱਥ 'ਚ ਬੈਗ ਲਟਕਾਈ ਆਉਂਦਾ ਸੈਮ ਉਸਦੀ ਨਜ਼ਰੀਂ ਪਿਆ। ਉਸਨੇ ਸੁੱਖ ਦਾ ਸਾਹ ਲਿਆ। ਉਸਨੇ ਆਲਾ ਦੁਆਲਾ ਵੇਖਿਆ। ਗੈਂਗ ਵਾਲੇ ਜਾ ਚੁੱਕੇ ਸਨ ਤੇ ਇਸ ਵੇਲੇ ਸੈਮ ਨੂੰ ਕੋਈ ਖਤਰਾ ਨਹੀਂ ਸੀ। ਉਹ ਦੂਰੋਂ ਆਉਂਦੇ ਸੈਮ ਵੱਲ ਨਜ਼ਰਾਂ ਗੱਡੀ ਵੇਖਣ ਲੱਗੀ। ਅਚਾਨਕ ਉਸਦੇ ਸਰੀਰ 'ਚ ਕੰਬਣੀ ਛਿੜ ਗਈ ਕਿਉਂਕਿ ਸੈਮ ਦੇ ਪਿੱਛੇ ਪਿੱਛੇ ਕੋਈ ਆ ਰਿਹਾ ਸੀ। ਉਸਨੂੰ ਪਛਾਣਦਿਆਂ ਦੇਰ ਨਾ ਲੱਗੀ। ਉਸਨੇ ਵੇਖ ਲਿਆ ਕਿ ਇਹ ਤਾਂ ਉਹੀ ਮੁੰਡਾ ਗੈਰੀ ਸੀ ਜਿਸਨੂੰ ਕਿ ਉਹ ਰੋਜ਼ਾਨਾ ਆਵਾਰਾ ਘੁੰਮਦਾ ਵੇਖਦੀ ਸੀ। ਸ਼ਾਇਦ ਸੈਮ ਨੂੰ ਵੀ ਪਿੱਛਾ ਕਰ ਰਹੇ ਮੁੰਡੇ ਦਾ ਅਹਿਸਾਸ ਹੋ ਗਿਆ ਸੀ ਕਿਉਂਕਿ ਮਾਰਥਾ ਨੇ ਵੇਖਿਆ ਸੀ ਕਿ ਸੈਮ ਕਾਹਲੇ ਕਦਮੀ ਹੋ ਗਿਆ ਸੀ। ਪਰ ਉਵੇਂ ਹੀ ਪਿੱਛਾ ਕਰਨ ਵਾਲਾ ਵੀ ਤੇਜ਼ ਹੋ ਗਿਆ। ਵਾਹੋ ਦਾਹੀ ਤੁਰਦਾ ਸੈਮ ਮੈਟਰੋ ਲਾਟ 'ਚ ਪਹੁੰਚ ਗਿਆ ਤਾਂ ਮਾਰਥਾ ਨੇ ਸੋਚਿਆ ਕਿ ਬਸ ਹੁਣ ਤਾਂ ਪਲਾਂ ਛਿਣਾਂ ਦੀ ਗੱਲ ਹੈ ਕਿ ਉਹ ਅਪਾਰਟਮੈਂਟ ਬਿਲਡਿੰਗ ਅੰਦਰ ਆ ਵੜੇਗਾ। ਸੈਮ ਲਾਟ ਦੇ ਵਿਚਕਾਰ ਆ ਗਿਆ ਤਾਂ ਖੰਬੇ ਦੀ ਲਾਈਟ ਉਸ 'ਤੇ ਪਈ। ਮਾਰਥਾ ਨੂੰ ਉਸਦਾ ਘਬਰਾਇਆ ਚਿਹਰਾ ਦਿੱਸਿਆ। ਇੰਨੇ ਨੂੰ ਉਸਦੇ ਕੰਨੀਂ ਗੋਲੀ ਦੀ ਆਵਾਜ਼ ਪਈ। ਅਗਲੇ ਹੀ ਪਲ ਉਸਨੇ ਸੈਮ ਨੂੰ ਲਾਟ ਦੇ ਵਿਚਕਾਰ ਮੂਹਦੇ ਮੂੰਹ ਡਿੱਗਦੇ ਵੇਖਿਆ। ਮਾਰਥਾ ਦੀਆਂ ਅੱਖਾਂ ਪਥਰਾ ਗਈਆਂ। ਉਦੋਂ ਹੀ ਸੈਮ ਦਾ ਪਿੱਛਾ ਕਰਨ ਵਾਲਾ ਗੈਰੀ, ਛੇਤੀ ਦੇਣੇ ਕੋਲ ਆਇਆ ਤੇ ਉਸਨੇ ਡਿੱਗੇ ਪਏ ਸੈਮ ਨੂੰ ਸਿੱਧਾ ਕੀਤਾ। ਫਿਰ ਉਸਨੇ ਸੈਮ ਦੀ ਜੇਬ 'ਚੋਂ ਉਸਦਾ ਬਟੂਆ ਕੱਢਿਆ ਤੇ ਭੱਜ ਨਿਕਲਿਆ। ਮਾਰਥਾ ਚੀਕਾਂ ਮਾਰਦੀ ਥੱਲੇ ਨੂੰ ਗਈ। ਉਦੋਂ ਨੂੰ ਪਹਿਲਾਂ ਦੀ ਗੈਂਗਵਾਰ ਲੜਾਈ ਕਾਰਨ ਕਿਸੇ ਦੁਆਰਾ ਕਾਲ ਕੀਤੀ ਐਂਬੂਲੈਂਸ ਪਹੁੰਚ ਚੁੱਕੀ ਸੀ। ਐਂਬੂਲੈਂਸ ਵਾਲਿਆਂ ਨੇ ਜ਼ਖ਼ਮੀ ਪਏ ਗੈਂਗ ਮੈਂਬਰ ਨੂੰ ਚੁੱਕਿਆ ਤੇ ਫਿਰ ਸੈਮ ਨੂੰ ਵੀ ਚੁੱਕਦਿਆਂ ਦੂਸਰੀ ਐਂਬੂਲੈਂਸ 'ਚ ਲਿਟਾ ਲਿਆ। ਮਾਰਥਾ ਵੀ ਕਾਰ ਲੈ ਕੇ ਮਗਰੇ ਹਸਪਤਾਲ ਪਹੁੰਚੀ। ਪਰ ਉਦੋਂ ਨੂੰ ਡਾਕਟਰ ਨੇ ਸੈਮ ਨੂੰ ਮਿਰਤ ਕਰਾਰ ਦੇ ਦਿੱਤਾ ਸੀ। ਮਾਰਥਾ ਦੀ ਦੁਨੀਆਂ ਉੱਜੜ ਚੁੱਕੀ ਸੀ। ਫਿਰ ਕੁਝ ਹੀ ਦਿਨਾਂ ਬਾਅਦ, ਪੁਲੀਸ ਨੇ ਸੈਮ ਉੱਪਰ ਗੋਲੀ ਚਲਾਉਣ ਵਾਲੇ ਨੂੰ ਫੜ੍ਹ ਲਿਆ ਸੀ। ਮਾਰਥਾ ਨੂੰ ਪਛਾਣ ਕਰਨ ਲਈ ਬੁਲਾਇਆ ਗਿਆ। ਉਸਨੇ ਵੇਖਦਿਆਂ ਹੀ ਦੋਸ਼ੀ ਨੂੰ ਪਛਾਣ ਲਿਆ। ਉਹ ਗੈਰੀ ਹੀ। ਮਾਰਥਾ ਨੂੰ ਕੁਝ ਰਾਹਤ ਮਿਲੀ ਕਿ ਉਸਦੇ ਪੁੱਤਰ ਦਾ ਅਸਲੀ ਕਾਤਲ ਫੜ੍ਹ ਲਿਆ ਗਿਆ ਹੈ।

ਦੋ ਕੁ ਮਹੀਨਿਆਂ ਬਾਅਦ ਪੁਲੀਸ ਨੇ ਸਾਰੀ ਛਾਣਬੀਣ ਕਰਕੇ ਕੇਸ ਕੋਰਟ ਦੇ ਹਵਾਲੇ ਕਰ ਦਿੱਤਾ। ਮੁਢਲੀਆਂ ਕੁਝ ਕਾਰਵਾਈਆਂ ਹੋਣ ਪਿਛੋਂ ਸੈਮ ਦੇ ਕਤਲ ਦਾ ਕੇਸ ਬਕਾਇਦਗੀ ਨਾਲ ਕੋਰਟ 'ਚ ਚੱਲਣ ਲੱਗਿਆ। ਜਿੱਥੇ ਸੈਮ ਦਾ ਕੇਸ ਸਰਕਾਰ ਝਗੜ ਰਹੀ ਸੀ ਉੱਥੇ ਹੀ ਗੈਰੀ ਵੱਲੋਂ ਬਚਾਅ ਪੱਖ ਦਾ ਇਕ ਮਸ਼ਹੂਰ ਵਕੀਲ ਕੇਸ ਝਗੜ ਰਿਹਾ ਸੀ। ਇਸ ਕੇਸ ਦੀ ਸਭ ਤੋਂ ਵੱਡੀ ਗਵਾਹ ਮਾਰਥਾ ਸੀ। ਕਿਉਂਕਿ ਕਤਲ ਉਸਦੀਆਂ ਅੱਖਾਂ ਦੇ ਬਿਲਕੁਲ ਸਾਹਮਣੇ ਹੋਇਆ ਸੀ। ਕਈ ਦਿਨ ਕੇਸ ਆਮ ਢੰਗ ਨਾਲ ਚੱਲਦਾ ਰਿਹਾ। ਫਿਰ ਜਿਸ ਦਿਨ ਮਾਰਥਾ ਦੀ ਗਵਾਹੀ ਸ਼ੁਰੂ ਹੋਈ ਤਾਂ ਇਹ ਕੇਸ ਵੀ ਮਸ਼ਹੂਰੀ ਫੜ੍ਹ ਗਿਆ। ਸਾਰਾ ਮੀਡੀਆ ਅਦਾਲਤ ਦੇ ਬਾਹਰ ਪਹੁੰਚਿਆ ਹੋਇਆ ਸੀ। ਮਸ਼ਹੂਰ ਤੇ ਹੰਢੇ ਵਰਤੇ ਬਚਾਅ ਪੱਖ ਦੇ ਵਕੀਲ ਨੇ ਮਾਰਥਾ ਨਾਲ ਜਿਰ੍ਹਾ ਸ਼ੁਰੂ ਕੀਤੀ।



ਸ਼ੁਰੂਆਤੀ ਗੱਲਾਂ ਦਰਮਿਆਨ ਉਹ ਬਹੁਤ ਚੰਗੇ ਢੰਗ ਨਾਲ ਪੇਸ਼ ਆ ਰਿਹਾ ਸੀ। ਉਸਦੀਆਂ ਹਮਦਰਦੀ ਭਰੀਆਂ ਗੱਲਾਂ ਸੁਣਦਿਆਂ ਮਾਰਥਾ ਇਹ ਭੁੱਲ ਹੀ ਗਈ ਕਿ ਉਹ, ਉਸਦੇ ਪੁੱਤਰ ਦੇ ਕਾਤਲ ਨੂੰ ਬਚਾਉਣ ਵਾਲਾ ਵਕੀਲ ਹੈ। ਖੈਰ ਵਕੀਲ ਨੇ ਸਾਹਮਣੇ ਗਵਾਹ ਵਾਲੇ ਬਾਕਸ 'ਚ ਖੜ੍ਹੀ ਮਾਰਥਾ ਵੱਲ ਵੇਖਦਾ ਬੋਲਿਆ,

"ਮੈਡਮ ਜੋ ਤੁਹਾਡੇ ਨਾਲ ਹੋਇਆ ਇਹ ਤਾਂ ਬਹੁਤ ਹੀ ਦਰਦਨਾਕ ਹਾਦਸਾ ਐ। ਤੁਹਾਡਾ ਇਕਲੌਤਾ ਪੁੱਤਰ, ਤੁਹਾਡੀ ਜ਼ਿੰਦਗੀ ਦਾ ਇਕੋ ਇਕ ਮਕਸਦ, ਇਸ ਹਾਦਸੇ ਦਾ ਸ਼ਿਕਾਰ ਹੋ ਗਿਆ।"

"ਜੀ ਤੁਹਾਡੀ ਹਮਦਰਦੀ ਲਈ ਧੰਨਵਾਦ।" ਮਾਰਥਾ ਨੇ ਵਕੀਲ ਵੱਲ ਵੇਖਦਿਆਂ ਅੱਖਾਂ ਪੂੰਝੀਆਂ। ਉਸ ਵੱਲ ਝਾਕਦਾ ਸਫਾਈ ਵਕੀਲ ਫਿਰ ਤੋਂ ਬੋਲਣ ਲੱਗਿਆ,

"ਜਿਵੇਂ ਤੁਸੀਂ ਦੱਸਿਆ ਐ ਕਿ ਬੜੇ ਅਣਮੰਨੇ ਜਿਹੇ ਢੰਗ ਨਾਲ ਤੁਸੀਂ ਆਪਣੇ ਪੁੱਤਰ ਜਾਣੀ ਕਿ ਸੈਮ ਨੂੰ ਕੁਵੇਲੇ ਜੂਸ ਲੈਣ ਲਈ ਭੇਜਿਆ। ਪ੍ਰਮਾਤਮਾ ਕਰਦਾ ਉਹ ਵਕਤ ਟਲ ਜਾਂਦਾ ਤਾਂ ਅੱਜ ਉਹ ਨੌਜਵਾਨ ਸਾਡੇ ਵਿਚਕਾਰ ਹੁੰਦਾ। ਖੈਰ ਹੋਣੀ ਨੂੰ ਕੌਣ ਬਦਲ ਸਕਦਾ ਐ।"

"ਜੀ ਸਹੀ ਕਿਹੈ ਤੁਸੀਂ।" ਮਾਰਥਾ ਉਦਾਸ ਜਿਹਾ ਬੋਲੀ।

"ਮੈਡਮ, ਸੈਮ ਨੂੰ ਸਟੋਰ ਵੱਲ ਭੇਜਣ ਪਿਛੋਂ ਤੁਹਾਡਾ ਧਿਆਨ ਤਾਂ ਉਸ ਵੱਲ ਈ ਰਿਹਾ ਹੋਵੇਗਾ ?"

"ਉਹ ਤਾਂ ਜੀ ਰਹਿਣਾ ਈ ਸੀ। ਮੈਂ ਤਾਂ ਉਸਦੀਆਂ ਸੋਚਾਂ 'ਚ ਈ ਡੁੱਬੀ ਹੋਈ ਸੀ ਜਦੋਂ ਕਿ ਮੈਟਰੋ ਲਾਟ 'ਚੋਂ ਗੋਲੀਆਂ ਚੱਲਣ ਦੀ ਆਵਾਜ਼ ਆਉਣ ਲੱਗੀ ਸੀ। ਘਬਰਾਈ ਹੋਈ ਨੇ ਮੈਂ ਤੁਰੰਤ ਘਰਦੀ ਪਿਛਲੀ ਖਿੜਕੀ ਖੋਲ੍ਹ ਕੇ ਬਾਹਰ ਵੇਖਿਆ ਸੀ।"

"ਉਸ ਵੇਲੇ ਤੁਹਾਨੂੰ ਉੱਥੇ ਕੀ ਵਿਖਾਈ ਦਿੱਤਾ ?"

"ਦੋ ਗਰੁੱਪ ਆਪਸ 'ਚ ਲੜਦੇ ਭੱਜ ਨੱਸ ਕਰ ਰਹੇ ਸਨ। ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਇੰਨੇ ਨੂੰ ਇਕ ਧਿਰ ਦਾ ਕੋਈ ਜਣਾ ਜ਼ਖ਼ਮੀ ਹੋ ਕੇ ਡਿੱਗ ਪਿਆ ਤਾਂ ਸਭ ਭੱਜ ਨਿਕਲੇ।"

"ਇਹ ਸਭ ਕੁਝ ਕਿੰਨੇ ਕੁ ਚਿਰ 'ਚ ਵਾਪਰਿਆ ?"

"ਇਸ ਸਭ 'ਤੇ ਤਾਂ ਇਕ ਮਿੰਟ ਵੀ ਨ੍ਹੀਂ ਲੱਗਿਆ ਹੋਣਾ।"

"ਉਸ ਪਿਛੋਂ ਤੁਸੀਂ ਉੱਥੇ ਕੀ ਵੇਖਿਆ ?"

"ਮੈਨੂੰ ਸੈਮ ਦੀ ਚਿੰਤਾ ਹੋਈ। ਪਰ ਮੈਂ ਵੇਖ ਰਹੀ ਸੀ ਕਿ ਸੈਮ ਅਜੇ ਸਟੋਰ ਵੱਲੋਂ ਵਾਪਸ ਨ੍ਹੀਂ ਮੁੜਿਆ ਸੀ। ਇਸ ਕਰਕੇ ਮੇਰੇ ਸਾਹ 'ਚ ਸਾਹ ਆਇਆ ਕਿ ਉਹ ਇਸ ਮੁੱਠ-ਭੇੜ ਦੇ ਸੰਨ ਆਉਣ ਤੋਂ ਬਚ ਰਿਹਾ। ਇੰਨੇ ਨੂੰ ਮੈਨੂੰ ਦੂਰੋਂ ਆਉਂਦਾ ਸੈਮ ਵਿਖਾਈ ਦਿੱਤਾ ਸੀ।"

"ਫਿਰ ਕੀ ਹੋਇਆ ?"

"ਸੈਮ ਵੱਲ ਵੇਖ ਕੇ ਮੈਂ ਇਕ ਵਾਰ ਤਾਂ ਸੰਤੁਸ਼ਟ ਹੋ ਗਈ ਤੇ ਸੋਚਣ ਲੱਗੀ ਕਿ ਅਗਲੇ ਦੋ ਚੌਂਹ ਮਿੰਟ 'ਚ ਉਹ ਘਰ ਪਹੁੰਚ ਜਾਵੇਗਾ। ਪਰ ਫਿਰ ਮੈਨੂੰ ਇਕ ਹੋਰ ਚਿੰਤਾ ਨੇ ਘੇਰ ਲਿਆ।"

"ਉਹ ਕਿਸ ਗੱਲ ਦੀ ਚਿੰਤਾ ?"

"ਜਦੋਂ ਸੈਮ ਵਾਪਸ ਆ ਰਿਹਾ ਸੀ ਤਾਂ ਕੋਈ ਉਸਦਾ ਪਿੱਛਾ ਕਰ ਰਿਹਾ ਸੀ।"

"ਕੀ ਤੁਸੀਂ ਦੱਸ ਸਕਦੇ ਉਂ ਕਿ ਉਸਦਾ ਪਿੱਛਾ ਕਰਨ ਵਾਲਾ ਕੌਣ ਸੀ ?"

"ਇਹੀ ਮੁੰਡਾ ਗੈਰੀ ਸੀ, ਜੋ ਕਿ ਸਾਹਮਣੇ ਖੜ੍ਹਾ ਐ।" ਮਾਰਥਾ ਨੇ ਸਾਹਮਣੇ ਕਟਿਹਰੇ 'ਚ ਖੜ੍ਹੇ ਗੈਰੀ ਵੱਲ ਇਸ਼ਾਰਾ ਕਰਦਿਆਂ ਕਿਹਾ।

"ਤੁਸੀਂ ਇਸਨੂੰ ਪਹਿਲਾਂ ਵੀ ਕਦੇ ਵੇਖਿਆ ਐ ?"

"ਹਾਂ ਇਸਨੂੰ ਮੈਂ ਰੋਜ਼ਾਨਾ ਈ ਸ਼ਾਮ ਵੇਲੇ ਇਸੇ ਮੈਟਰੋ ਲਾਟ ਦੇ ਆਲੇ ਦੁਆਲੇ ਆਵਾਰਾਗਰਦੀ ਕਰਦੇ ਨੂੰ ਵੇਖਦੀ ਰਹਿੰਦੀ ਸੀ।"

ਉਸਦੀ ਗੱਲ ਸੁਣ ਕੇ ਸਫਾਈ ਵਕੀਲ ਚੁੱਪ ਹੋਇਆ ਕੁਝ ਸੋਚਣ ਲੱਗਿਆ ਤੇ ਫਿਰ ਬੋਲਿਆ,

"ਉਸ ਵੇਲੇ ਹਨੇਰਾ ਕਾਫੀ ਸੀ ਇਸ ਲਈ ਤੁਹਾਨੂੰ ਸੈਮ ਨੂੰ ਪਛਾਣਨ 'ਚ ਕਾਫੀ ਮੁਸ਼ਕਲ ਆਈ ਹੋਊ ?"

"ਹਾਂ ਹਨੇਰਾ ਤਾਂ ਕਾਫੀ ਸੀ ਪਰ ਫਿਰ ਵੀ ਮੈਂ ਅੰਦਾਜ਼ੇ ਜਿਹੇ ਨਾਲ ਸੈਮ ਨੂੰ ਪਛਾਣ ਲਿਆ ਸੀ।"

"ਫਿਰ ਤਾਂ ਤੁਸੀਂ ਉਸ ਹਨੇਰੇ 'ਚ ਇਸ ਮੁੰਡੇ ਨੂੰ ਵੀ ਅੰਦਾਜ਼ੇ ਨਾਲ ਈ ਪਛਾਣਿਆਂ ਹੋਊ ?"

"ਹਾਂ ਇਸਨੂੰ ਵੀ ਮੈਂ ਅੰਦਾਜ਼ੇ ਨਾਲ ਪਛਾਣ ਗਈ ਸੀ। ਕਿਉਂਕਿ ਮੈਂ ਜਿਵੇਂ ਪਹਿਲਾਂ ਈ ਦੱਸਿਆ ਐ ਕਿ ਮੈਂ ਇਸਨੂੰ ਰੋਜ਼ਾਨਾ ਉੱਥੇ ਘੁੰਮਦੇ ਨੂੰ ਵੇਖਦੀ ਰਹਿੰਦੀ ਸੀ।"

"ਅੱਛਾ ਦੱਸੋ ਕਿ ਜਦੋਂ ਤੁਸੀਂ ਸੈਮ ਨੂੰ ਆਉਂਦੇ ਨੂੰ ਵੇਖ ਲਿਆ ਤਾਂ ਉਸ ਪਿਛੋਂ ਕੀ ਹੋਇਆ ?"

"ਸੈਮ ਜਿਉਂ ਜਿਉਂ ਨੇੜੇ ਆਉਂਦਾ ਗਿਆ ਤਾਂ ਮੇਰੇ ਦਿਲ ਦੀ ਧੜਕਣ ਵਧਦੀ ਗਈ ਕਿਉਂਕਿ ਉਸਦਾ ਪਿੱਛਾ ਕਰਨ ਵਾਲਾ ਇਹ ਮੁੰਡਾ ਉਸ ਨਾਲੋਂ ਵੀ ਤੇਜ਼ੀ ਨਾਲ ਉਸਦਾ ਪਿੱਛਾ ਕਰ ਰਿਹਾ ਸੀ। ਸ਼ਾਇਦ ਸੈਮ ਨੂੰ ਵੀ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਤਾਂ ਹੀ ਉਹ ਵੀ ਕਾਹਲੇ ਕਦਮੀ ਹੋ ਗਿਆ ਸੀ।"

"ਫਿਰ ?"

"ਇੰਨੇ ਨੂੰ ਸੈਮ, ਮੈਟਰੋ ਲਾਟ ਦੇ ਨੇੜੇ ਆ ਗਿਆ। ਫਿਰ ਉਹ ਜਿਉਂ ਹੀ ਮੈਟਰੋ ਲਾਟ ਦੀ ਵਿੱਚੋਂ ਦੀ ਲੰਘਣ ਲੱਗਿਆ ਤਾਂ ਮੈਨੂੰ ਕੁਛ ਸੰਤੁਸ਼ਟੀ ਹੋਈ ਕਿਉਂਕਿ ਲਾਟ ਲੰਘਣ ਸਾਰ ਉਸਨੇ ਅਪਾਰਟਮੈਂਟ ਬਿਲਡਿੰਗ ਵਿਚ ਦਾਖਲ ਹੋ ਜਾਣਾ ਸੀ। ਪਰ....।" ਮਾਰਥਾ ਦੀ ਜ਼ੁਬਾਨ ਥਥਲਾ ਗਈ ਤੇ ਉਸ ਤੋਂ ਅਗਾਂਹ ਬੋਲ ਨਾ ਹੋਇਆ। ਕੁਛ ਪਲ ਉਹ ਚੁੱਪ ਰਹੀ ਫਿਰ ਸੰਭਲਦਿਆਂ ਹੋਇਆਂ ਉਸਨੇ ਗੱਲ ਅੱਗੇ ਤੋਰੀ,

"ਪਰ ਜਿਉਂ ਹੀ ਸੈਮ, ਮੈਟਰੋ ਲਾਟ ਦੇ ਵਿਚਕਾਰ ਆਇਆ ਤਾਂ ਗੋਲੀ ਚੱਲਣ ਦੀ ਆਵਾਜ਼ ਆਈ। ਇਸਦੇ ਨਾਲ ਹੀ ਸੈਮ ਧੜੱਮ ਦੇਣੇ ਡਿੱਗ ਪਿਆ। ਬੱਸ....।"

"ਤੁਸੀਂ ਕਿਸੇ ਨੂੰ ਗੋਲੀ ਚਲਾਉਂਦਿਆਂ ਵੇਖਿਆ ?"

"ਨ੍ਹੀਂ ਇਹ ਗੱਲ ਤਾਂ ਮੈਂ ਨ੍ਹੀਂ ਵੇਖੀ ਕਿਉਂਕਿ ਉਸ ਵੇਲੇ ਮੇਰਾ ਸਾਰਾ ਧਿਆਨ ਤਾਂ ਸੈਮ 'ਤੇ ਲੱਗਿਆ ਹੋਇਆ ਸੀ। ਪਰ ਗੋਲੀ ਇਸ ਮੁੰਡੇ, ਗੈਰੀ ਨੇ ਹੀ ਚਲਾਈ ਹੋਊਗੀ। ਕਿਉਂਕਿ ਇਹ ਪਹਿਲਾਂ ਤੋਂ ਹੀ ਸੈਮ ਦਾ ਪਿੱਛਾ ਕਰਦਾ ਆ ਰਿਹਾ ਸੀ। ਫਿਰ ਉਸਦੇ ਡਿਗਦਿਆਂ ਈ ਇਹ ਹਨੇਰੇ 'ਚੋਂ ਭੱਜ ਕੇ ਅਗਾਂਹ ਆਇਆ ਤਾਂ ਇਸਨੇ ਡਿੱਗੇ ਪਏ ਸੈਮ ਨੂੰ ਸਿੱਧਾ ਕਰਦਿਆਂ ਉਸਦੀਆਂ ਜੇਬਾਂ ਫਰੋਲੀਆਂ। ਉਸਦੀਆਂ ਜੇਬਾਂ 'ਚੋਂ ਬਟੂਆ ਕੱਢਦਿਆਂ ਇਹ ਭੱਜ ਗਿਆ।"

ਮਾਰਥਾ ਬੋਲਣੋਂ ਬੰਦ ਹੋਈ ਤਾਂ ਸਫਾਈ ਵਕੀਲ ਜਿਊਰੀ ਮੈਂਬਰਾਂ ਵੱਲ ਝਾਕਿਆ। ਉਨ੍ਹਾਂ ਦਾ ਧਿਆਨ ਖਿਚਦਿਆਂ ਉਹ ਬੋਲਣ ਲੱਗਿਆ,

"ਮੈਂ ਮਾਨਯੋਗ ਜਿਊਰੀ ਮੈਂਬਰਾਂ ਨੂੰ ਇਹੀ ਦੱਸਣਾ ਚਾਹੁੰਦਾ ਆਂ ਕਿ ਮਾਰਥਾ ਸਟੂਵਾਰਟ



ਨੇ ਜੋ ਇਹ ਕਿਹਾ ਐ ਕਿ ਉਸਨੇ ਗੈਰੀ ਨੂੰ ਸੈਮ ਦੀਆਂ ਜੇਬਾਂ ਫਰੋਲਦਿਆਂ ਅਤੇ ਬਟੂਆ ਕੱਢਦਿਆਂ ਵੇਖਿਆ, ਇਹ ਗੱਲ ਬਿਲਕੁਲ ਸਹੀ ਐ। ਉਸ 'ਤੇ ਇਹ ਚਾਰਜ ਵੀ ਲੱਗੇ ਨੇ ਕਿ ਉਸਨੇ ਸੈਮ ਦੀਆਂ ਜੇਬਾਂ 'ਚੋਂ ਪੈਸੇ ਚੁਰਾਏ ਨੇ। ਇਸ ਤੋਂ ਬਿਨਾਂ ਉਸਦਾ ਕਤਲ ਨਾਲ ਕੋਈ ਸਬੰਧ ਨ੍ਹੀਂ ਐ....।"

"ਸਬੰਧ ਕਿਉਂ ਨ੍ਹੀਂ ਐ। ਇਸੇ ਨੇ ਈ ਮੇਰੇ ਪੁੱਤਰ ਦਾ ਕਤਲ ਕੀਤਾ ਐ।" ਵਕੀਲ ਦੀ ਗੱਲ ਵਿਚਕਾਰੋਂ ਟੋਕਦਿਆਂ ਮਾਰਥਾ ਬੋਲਣ ਲੱਗੀ ਤਾਂ ਜੱਜ ਨੇ ਉਸਨੂੰ ਨਿਮਰਤਾ ਸਹਿਤ ਕਿਹਾ ਕਿ ਉਹ ਚੁੱਪ ਰਹੇ ਤੇ ਉਹ ਉਦੋਂ ਹੀ ਬੋਲੇ ਜਦੋਂ ਉਸਨੂੰ ਬੋਲਣ ਨੂੰ ਕਿਹਾ ਜਾਵੇ। ਮਾਰਥਾ ਚੁੱਪ ਹੋ ਗਈ ਤਾਂ ਸਫਾਈ ਵਕੀਲ ਫਿਰ ਬੋਲਣ ਲੱਗਿਆ,

"ਮਾਰਥਾ ਦੇ ਬਿਆਨ ਦੀ ਰੋਸ਼ਨੀ 'ਚ ਸਭ ਕੁਛ ਸਾਫ ਹੋ ਜਾਂਦਾ ਹੈ। ਉਸਦਾ ਪੁੱਤਰ ਸੈਮ ਜਦੋਂ ਘਰੋਂ ਜੂਸ ਲੈਣ ਨਿਕਲਿਆ ਤਾਂ ਉਸ ਵੇਲੇ ਸਭ ਪਾਸੇ ਸ਼ਾਂਤੀ ਸੀ। ਉਹ ਮੈਟਰੋ ਲਾਟ ਦੇ ਕੋਲ ਦੀ ਲੰਘ ਕੇ ਸਟੋਰ ਵੱਲ ਚਲਾ ਗਿਆ ਤਾਂ ਪਿਛੋਂ ਅਚਾਨਕ ਦੋ ਵਿਰੋਧੀ ਗੈਂਗ ਉੱਥੇ ਆ ਧਮਕੇ ਤੇ ਨਿੱਤ ਦੀ ਤਰ੍ਹਾਂ ਆਪਸ 'ਚ ਭਿੜ ਗਏ। ਇਕ ਦੂਜੇ 'ਤੇ ਗੋਲੀਆਂ ਚਲਾਉਣ ਲੱਗੇ। ਇਕ ਧਿਰ ਦਾ ਕੋਈ ਜਣਾ ਜ਼ਖ਼ਮੀ ਹੋ ਕੇ ਡਿੱਗ ਪਿਆ ਤਾਂ ਦੋਨੋਂ ਗਰੁੱਪ ਭੱਜ ਨਿਕਲੇ ਤੇ ਜ਼ਖ਼ਮੀ ਨੂੰ ਪਿੱਛੇ ਹੀ ਛੱਡ ਗਏ। ਇਹ ਸਭ ਕੁਛ ਇੱਕ ਦੋ ਮਿੰਟ ਤੋਂ ਵੀ ਪਹਿਲਾਂ ਖਤਮ ਹੋ ਗਿਆ। ਫਿਰ ਸੈਮ ਜੂਸ ਲੈ ਕੇ ਵਾਪਸ ਮੁੜਿਆ ਤਾਂ ਮਾਰਥਾ ਉਸੇ ਨੂੰ ਹੀ ਵੇਖ ਰਹੀ ਸੀ। ਮਾਰਥਾ ਦੇ ਦੱਸਣ ਅਨੁਸਾਰ ਕੋਈ ਜਣਾ ਉਸਦਾ ਪਿੱਛਾ ਕਰ ਰਿਹਾ ਸੀ। ਮਾਰਥਾ ਦੇ ਬਿਆਨ ਅਨੁਸਾਰ ਉਸਨੇ ਸੈਮ ਨੂੰ ਵੀ ਅੰਦਾਜ਼ੇ ਜਿਹੇ ਨਾਲ ਪਹਿਚਾਣਿਆਂ ਸੀ। ਇਥੇ ਨੋਟ ਕਰਨ ਵਾਲੀ ਪਹਿਲੀ ਗੱਲ ਇਹ ਐ ਕਿ ਜਿਸ ਹਾਲਾਤ ਵਿਚ ਮਾਰਥਾ ਨੇ ਆਪਣੇ ਪੁੱਤਰ ਨੂੰ ਹੀ ਅੰਦਾਜ਼ੇ ਨਾਲ ਮਸਾਂ ਪਹਿਚਾਣਿਆਂ ਸੀ ਤਾਂ ਉਹ ਪਿੱਛਾ ਕਰਨ ਵਾਲੇ ਮੁੰਡੇ ਨੂੰ ਪੂਰੀ ਤਰ੍ਹਾਂ ਕਿਵੇਂ ਪਹਿਚਾਣ ਸਕਦੀ ਹੈ। ਦੂਸਰੀ ਗੱਲ ਜਦੋਂ ਸੈਮ 'ਤੇ ਗੋਲੀ ਚੱਲੀ ਤਾਂ ਉਦੋਂ ਵੀ ਉਸਨੇ ਕਿਸੇ ਨੂੰ ਗੋਲੀ ਚਲਾਉਂਦੇ ਨਹੀਂ ਵੇਖਿਆ। ਉਸਨੇ ਸਿਰਫ ਗੈਰੀ ਨੂੰ ਸੈਮ ਦੀ ਜੇਬ 'ਚੋਂ ਬਟੂਆ ਕੱਢਦਿਆਂ ਈ ਵੇਖਿਆ। ਬਾਕੀ ਗੈਰੀ ਨੇ ਵੀ ਇਹੀ ਬਿਆਨ ਦਿੱਤਾ ਹੈ। ਖੈਰ ਉਹ ਬਿਆਨ ਮੈਂ ਫਿਰ ਤੋਂ ਤੁਹਾਨੂੰ ਪੜ੍ਹ ਕੇ ਸੁਣਾਉਂਦਾ ਆਂ....।" ਇੰਨਾ ਕਹਿੰਦਿਆਂ ਵਕੀਲ ਜ਼ਰਾ ਕੁ ਰੁਕਿਆ ਤੇ ਫਾਈਲ ਫਰੋਲਣ ਲੱਗਿਆ। ਉਸਨੇ ਗੈਰੀ ਦੇ ਦਿੱਤੇ ਬਿਆਨ ਦੀ ਕਾਪੀ ਕੱਢ ਲਈ ਤੇ ਜਿਊਰੀ ਮੈਂਬਰਾਂ ਸਾਹਮਣੇ ਪੜ੍ਹ ਕੇ ਸੁਣਾਉਣ ਲੱਗਿਆ,

"ਮੈਂ ਉਸ ਦਿਨ ਸੈਮ ਦਾ ਪਿੱਛਾ ਇਸ ਕਰਕੇ ਕਰ ਰਿਹਾ ਸੀ ਤਾਂ ਕਿ ਉਸ ਕੋਲੋਂ ਪੈਸੇ ਖੋਹ ਸਕਾਂ। ਉਹੀ ਬਚਦੇ ਪੈਸੇ ਜੋ ਕਿ ਉਸਨੇ ਸਟੋਰ 'ਤੋਂ ਖਰੀਦਦਾਰੀ ਕਰਨ ਪਿੱਛੋਂ ਜੇਬ 'ਚ ਪਾਏ ਸਨ। ਅੱਗੜ ਪਿੱਛੜ ਤੁਰਦੇ ਅਸੀਂ ਮੈਟਰੋ ਲਾਟ ਕੋਲ ਪਹੁੰਚ ਗਏ। ਮੈਂ ਭੱਜ ਕੇ ਉਸ ਤੱਕ ਪਹੁੰਚਣ ਦਾ ਸੋਚ ਹੀ ਰਿਹਾ ਸੀ ਕਿ ਉਹ ਇੱਕ ਦਮ ਡਿੱਗ ਪਿਆ। ਪਹਿਲਾਂ ਮੈਂ ਹੈਰਾਨ ਹੋਇਆ ਕਿ ਇਹ ਡਿੱਗ ਕਿਉਂ ਪਿਆ। ਪਰ ਫਿਰ ਮੈਂ ਆਪਣੇ ਮਕਸਦ ਬਾਰੇ ਸੋਚਦਾ ਛੇਤੀ ਦੇਣੇ ਉਸਦੇ ਕੋਲ ਗਿਆ ਤੇ ਉਸਨੂੰ ਸਿੱਧਾ ਕਰਦਿਆਂ ਉਸਦੀ ਜੇਬ 'ਚੋਂ ਬਟੂਆ ਕੱਢਿਆ ਤੇ ਆਪਣੇ ਰਾਹ ਪੈ ਗਿਆ। ਮੈਨੂੰ ਨ੍ਹੀਂ ਪਤਾ ਸੀ ਕਿ ਉਸਨੂੰ ਕਿਸੇ ਨੇ ਗੋਲੀ ਮਾਰ ਦਿੱਤੀ ਐ। ਸਗੋਂ ਮੈਨੂੰ ਤਾਂ ਇਹ ਗੱਲ ਵੀ ਬਾਅਦ 'ਚ ਪਤਾ ਲੱਗੀ ਸੀ। ਮੇਰਾ ਮਸਕਦ ਤਾਂ ਸਿਰਫ ਪੈਸੇ ਖੋਹਣਾ ਸੀ ਜੋ ਕਿ ਮੈਂ ਪੂਰਾ ਕਰ ਲਿਆ ਸੀ।"

ਵਕੀਲ ਨੇ ਗੈਰੀ ਦਾ ਦਿੱਤੇ ਬਿਆਨ ਦੀ ਕਾਪੀ ਮੁੜ ਫਾਇਲ 'ਚ ਪਾ ਲਈ ਤੇ ਜਿਊਰੀ ਮੈਂਬਰਾਂ ਵੱਲ ਵੇਖਦਾ ਫਿਰ ਬੋਲਣ ਲੱਗਿਆ,

"ਤੁਸੀਂ ਗੈਰੀ ਦਾ ਬਿਆਨ ਵੀ ਸੁਣ ਲਿਆ ਐ। ਉਸ ਦੇ ਬਿਆਨ ਮੁਤਾਬਕ ਗੋਲੀ ਉਸਨੇ ਨ੍ਹੀਂ ਮਾਰੀ ਸੀ। ਹੁਣ ਗੱਲ ਉੱਠਦੀ ਐ ਕਿ ਗੋਲੀ ਫਿਰ ਕਿਸਨੇ ਚਲਾਈ ਹੋਈ ? ਇਸ ਬਾਬਤ ਅੰਦਾਜ਼ਾ ਇਹੀ ਲਗਾਇਆ ਜਾ ਸਕਦਾ ਹੈ ਕਿ ਇਹ ਗੋਲੀ ਪਹਿਲਾਂ ਲੜ ਰਹੇ ਦੋ ਗੈਂਗਾਂ ਵਿਚੋਂ ਹੀ

ਕਿਸੇ ਨੇ ਚਲਾਈ ਹੋਊਗੀ। ਉਹ ਸ਼ਾਇਦ ਆਪਣੇ ਜ਼ਖ਼ਮੀ ਸਾਥੀ ਨੂੰ ਉਠਾਉਣ ਆਏ ਹੋਣਗੇ। ਕੁਛ ਵੀ ਹੋਵੇ ਗੈਰੀ, ਗੋਲੀ ਚਲਾਉਂਦਾ ਸਾਬਤ ਨਹੀਂ ਹੋ ਸਕਿਆ। ਉਹ ਸਿਰਫ ਚੋਰੀ ਕਰਦਾ ਹੀ ਸਾਬਤ ਹੁੰਦਾ ਹੈ। ਮੇਰੀ ਜਿਊਰੀ ਮੈਂਬਰਾਂ ਨੂੰ ਬੇਨਤੀ ਹੈ ਕਿ ਫੈਸਲਾ ਕਰਦੇ ਸਮੇਂ ਇਸ ਗੱਲ ਦਾ ਖਿਆਲ ਰੱਖਿਆ ਜਾਵੇ ਕਿ ਗੈਰੀ ਨੂੰ ਸ਼ੱਕ ਦਾ ਆਧਾਰ ਬਹੁਤ ਮਿਲਦਾ ਹੈ। ਇਸੇ ਸ਼ੱਕ ਦੇ ਆਧਾਰ 'ਤੇ ਇਸਨੂੰ ਕਤਲ ਕੇਸ 'ਚ ਨਿਰਦੋਸ਼ ਕਰਾਰ ਦਿੱਤਾ ਜਾਵੇ....।"

"ਕਿਉਂ ? ਨਿਰਦੋਸ਼ ਇਹ ਕਿਵੇਂ ਹੋ ਗਿਆ ?" ਮਾਰਥਾ ਫਿਰ ਤੋਂ ਸਫਾਈ ਵਕੀਲ ਦੀ ਗੱਲ ਕੱਟਦੀ ਉੱਚੀ ਬੋਲੀ। ਇੱਕ ਵਾਰ ਫਿਰ ਸਾਰਿਆਂ ਦਾ ਧਿਆਨ ਉਸ ਵੱਲ ਚਲਿਆ ਗਿਆ। ਉਹ ਅੱਗੇ ਬੋਲਣ ਲੱਗੀ,

"ਇਸ ਮੁੰਡੇ ਨੇ ਮੇਰੇ ਨਿਰਦੋਸ਼ ਪੁੱਤ ਨੂੰ ਸਿਰਫ ਕੁਛ ਕੁ ਡਾਲਰਾਂ ਲਈ ਹੀ ਕਤਲ ਕਰ ਦਿੱਤਾ ਤੇ ਤੁਸੀਂ ਕਹਿੰਦੇ ਹੋ ਕਿ ਇਸਨੂੰ ਬਖਸ਼ਿਆ ਜਾਵੇ। ਇਹ ਕਿਹੋ ਜਿਹਾ ਇਨਸਾਫ ਹੈ ?" ਇੰਨਾ ਕਹਿੰਦਿਆਂ ਮਾਰਥਾ ਰੋਣ ਲੱਗੀ ਤਾਂ ਸਰਕਾਰੀ ਵਕੀਲ ਕੋਲ ਆ ਕੇ ਉਸਨੂੰ ਧਰਵਾਸ ਦੇਣ ਲੱਗਿਆ। ਜੱਜ ਨੇ ਵੀ ਸਰਕਾਰੀ ਵਕੀਲ ਨੂੰ ਕਿਹਾ ਕਿ ਉਹ ਆਪਣੇ ਮੁਵੱਕਲ ਨੂੰ ਸੰਭਾਲੇ। ਸਰਕਾਰੀ ਵਕੀਲ ਮਾਰਥਾ ਦੀ ਬਾਂਹ ਫੜ੍ਹਦਾ ਉਸਨੂੰ ਕੁਰਸੀ ਵੱਲ ਲੈ ਗਿਆ ਤੇ ਉੱਧਰ ਜੱਜ, ਜਿਊਰੀ ਨੂੰ ਦਿਸ਼ਾ ਨਿਰਦੇਸ਼ ਦੇਣ ਲੱਗਿਆ। ਕੁਝ ਦੇਰ ਪਿਛੋਂ ਜਿਊਰੀ ਦੇ ਸਾਰੇ ਮੈਂਬਰ, ਜਿਊਰੀ ਵਾਲੇ ਕਮਰੇ ਵਿਚ ਚਲੇ ਗਏ। ਜੱਜ ਨੇ ਇਹ ਕਹਿੰਦਿਆਂ ਅਦਾਲਤ ਬਰਖਾਸਤ ਕਰ ਦਿੱਤੀ ਕਿ ਜਿਉਂ ਹੀ ਜਿਊਰੀ ਕੋਈ ਫੈਸਲਾ ਕਰੂਗੀ ਤਾਂ ਸਭ ਨੂੰ ਦੱਸ ਦਿੱਤਾ ਜਾਊਗਾ। ਉਤਨੀ ਦੇਰ ਤੱਕ ਉਹ ਚਾਹੁਣ ਤਾਂ ਬਾਹਰ ਤੁਰ ਫਿਰ ਸਕਦੇ ਹਨ। ਜੱਜ ਉੱਠ ਕੇ ਆਪਣੇ ਕਮਰੇ ਨੂੰ ਚਲਾ ਗਿਆ। ਹੋਰ ਲੋਕ ਵੀ ਇੱਧਰ ਉੱਧਰ ਉੱਠ ਤੁਰੇ ਪਰ ਮਾਰਥਾ ਆਪਣੀ ਕੁਰਸੀ ਤੋਂ ਨਾ ਹਿੱਲੀ। ਪੂਰੇ ਤਿੰਨ ਘੰਟੇ ਇਵੇਂ ਹੀ ਲੰਘ ਗਏ। ਉਦੋਂ ਹੀ ਮਾਰਥਾ ਦੇ ਕੰਨੀਂ ਆਵਾਜ਼ ਪਈ ਕਿ ਜਿਊਰੀ ਨੇ ਫੈਸਲਾ ਕਰ ਲਿਆ ਹੈ ਤੇ ਅਦਾਲਤ ਵਾਪਸ ਲੱਗ ਰਹੀ ਹੈ। ਫਿਰ ਜੱਜ ਆ ਗਿਆ ਤੇ ਜਿਊਰੀ ਮੈਂਬਰ ਵੀ ਆਪੋ ਆਪਣੀਆਂ ਸੀਟਾਂ 'ਤੇ ਆ ਕੇ ਬਹਿ ਗਏ। ਜੱਜ ਨੇ ਕੁਝ ਜ਼ਰੂਰੀ ਕਾਗਜ਼-ਪੱਚਰਾਂ ਵੱਲ ਨਜ਼ਰ ਮਾਰਦਿਆਂ, ਸਟੈਨੋ ਨੂੰ ਕਾਰਵਾਈ ਕਰਨ ਦੀ ਹਿਦਾਇਤ ਕੀਤੀ। ਸਟੈਨੋ ਆਪਣੀ ਸੀਟ 'ਤੇ ਖੜ੍ਹਾ ਹੁੰਦਿਆਂ ਬੋਲਿਆ,

"ਕੇਸ ਨੰਬਰ ਜੀਰੋ ਜੀਰੋ ਸੈਵਨ ਸਿਕਸ ਡੈਸ਼ ਨਾਈਟੀਨ ਨਾਈਨਟੀ ਫੋਰ, ਡਿਸਟਰਿਕਟ ਆਫ ਕੁਲੰਬੀਆ ਵਰਸਿਜ਼ ਗੈਰੀਉਨ ਫਰੀਆਨ। ਕੇਸ ਹੈ ਗੈਰੀਉਨ ਫਰੀਆਨ 'ਤੇ ਸੈਮੂਅਲ ਸਟੂਵਾਰਟ ਨੂੰ ਕਤਲ ਕਰਨ ਦਾ ਲੱਗਿਆ ਚਾਰਜ। ਜਿਊਰੀ ਨੇ ਕੀ ਫੈਸਲਾ ਕੀਤਾ, ਗਿਲਟੀ ਜਾਂ ਨਾਟ ਗਿਲਟੀ ?"

ਸਟੈਨੋ ਗੱਲ ਮੁਕਾ ਹਟੀ ਤਾਂ ਜੱਜ, ਜਿਊਰੀ ਦੇ ਫੋਰਮੈਨ ਵੱਲ ਝਾਕਿਆ। ਫੋਰਮੈਨ ਨੇ ਖੜ੍ਹੇ ਹੁੰਦਿਆਂ ਨੇ ਹੌਲੀ ਜਿਹੀ ਕਿਹਾ,

"ਨਾਟ ਗਿਲਟੀ।"

ਉਸਦੀ ਇੰਨੀ ਗੱਲ ਸੁਣਦਿਆਂ ਹੀ ਕਟਹਿਰੇ ਵਿਚ ਖੜ੍ਹੇ ਗੈਰੀ ਨੇ ਰੋਕ ਕੇ ਰੱਖਿਆ ਸਾਹ ਛੱਡਦਿਆਂ ਲੰਬਾ ਸਾਹ ਭਰਿਆ ਤੇ ਉਸਦੇ ਚਿਹਰੇ 'ਤੇ ਰੌਣਕ ਆ ਗਈ। ਨਾਲ ਹੀ ਉਸਦਾ ਵਕੀਲ ਦਾ ਚਿਹਰਾ ਵੀ ਤਣਾਅ ਮੁਕਤ ਹੋ ਗਿਆ। ਪਰ ਮਾਰਥਾ ਧਾਹਾਂ ਮਾਰ ਕੇ ਰੋਣ ਲੱਗੀ। ਉਸਦਾ ਦਿਲ ਟੁੱਟ ਗਿਆ ਸੀ ਕਿ ਉਸਦੇ ਪੁੱਤ ਦੇ ਕਾਤਲ ਨੂੰ ਬਰੀ ਕਰ ਦਿੱਤਾ ਗਿਆ ਸੀ। ਉਸਦੇ ਰਿਸ਼ਤੇਦਾਰਾਂ ਨੇ ਉਸਨੂੰ ਚੁੱਪ ਕਰਵਾਇਆ। ਇਸ ਪਿਛੋਂ ਜਿਊਰੀ ਫੋਰਮੈਨ ਹੋਰ ਚਾਰਜ ਸੁਣਾਉਂਦਾ ਗਿਆ। ਪਰ ਮਾਰਥਾ ਦਾ ਧਿਆਨ ਉਸ ਵੱਲ ਨਹੀਂ ਸੀ। ਜਦੋਂ ਇਹ ਵਿਸ਼ਾ ਖਤਮ ਹੋ ਗਿਆ ਤਾਂ ਫੋਰਮੈਨ ਬੈਠ ਗਿਆ। ਜੱਜ ਨੇ ਬੋਲਣ ਲਈ ਅਦਾਲਤ 'ਚ ਬੈਠੇ ਲੋਕਾਂ ਵੱਲ ਵੇਖਿਆ ਤਾਂ ਮਾਰਥਾ ਦੀ ਸੁਰਤ



ਵਾਪਸ ਮੁੜੀ। ਹੁਣ ਉਹ ਵੀ ਧਿਆਨ ਨਾਲ ਸੁਣਨ ਲੱਗੀ। ਜੱਜ ਨੇ ਕਿਹਾ,

"ਕਤਲ ਅਤੇ ਹੋਰ ਕੇਸਾਂ ਵਿਚੋਂ ਗੈਰੀ ਨੂੰ ਬਰੀ ਕੀਤਾ ਜਾਂਦਾ ਹੈ। ਸਿਰਫ ਸੈਮ ਦੇ ਪੈਸੇ ਚੋਰੀ ਕਰਨ ਅਤੇ ਨਸ਼ੇ ਰੱਖਣ ਦੇ ਜ਼ੁਰਮ ਵਿਚ ਉਸਨੂੰ ਦੋ ਸਾਲ ਦੀ ਸਜ਼ਾ ਸੁਣਾਈ ਜਾਂਦੀ ਹੈ।" ਇੰਨਾ ਕਹਿੰਦਿਆਂ ਜੱਜ ਨੇ ਅਦਾਲਤ ਬਰਖਾਸਤ ਕਰ ਦਿੱਤੀ ਤੇ ਉੱਠ ਕੇ ਚਲਾ ਗਿਆ। ਹੋਰ ਲੋਕ ਵੀ ਜਾਣ ਲੱਗੇ। ਪੁਲੀਸ ਵਾਲੇ ਨੇ ਅਗਾਂਹ ਹੋ ਕੇ ਗੈਰੀ ਦੇ ਹੱਥਕੜੀ ਲਾ ਲਈ ਤੇ ਉਸਨੂੰ ਜੇਲ੍ਹ ਪਹੁੰਚਾਉਣ ਲਈ ਤੋਰਨ ਲੱਗਿਆ। ਉਦੋਂ ਹੀ ਮਾਰਥਾ ਆਪਣੀ ਥਾਂ ਤੋਂ ਉੱਠੀ ਤੇ ਕਟਹਿਰੇ ਕੋਲ ਪਹੁੰਚ ਗਈ। ਉਸਨੇ ਪੁਲੀਸ ਵਾਲੇ ਨੂੰ ਕਿਹਾ ਕਿ ਉਸਨੇ ਇਕ ਮਿੰਟ ਲਈ ਗੈਰੀ ਨਾਲ ਗੱਲ ਕਰਨੀ ਹੈ। ਪੁਲੀਸ ਵਾਲਾ ਮਾਰਥਾ ਨੂੰ ਗੱਲ ਕਰਨ ਦੀ ਇਜਾਜ਼ਤ ਦਿੰਦਿਆਂ ਰੁਕ ਗਿਆ। ਮਾਰਥਾ ਨੇ ਅਗਾਂਹ ਹੁੰਦਿਆਂ ਕਟਿਹਰੇ 'ਤੇ ਹੱਥ ਰੱਖਿਆ ਤਾਂ ਗੈਰੀ ਨੇ ਨੀਵੀਂ ਪਾ ਲਈ। ਮਾਰਥਾ ਬੋਲੀ,

"ਮਿਸਟਰ ਗੈਰੀ ਫਰੀਆਨ....।" ਉਹ ਪਲ ਭਰ ਰੁਕੀ। ਉੱਧਰ ਗੈਰੀ ਨੂੰ ਲੱਗਿਆ ਜਿਵੇਂ ਉਸਨੂੰ ਬਿਜਲੀ ਦਾ ਕਰੰਟ ਵੱਜਿਆ ਹੋਵੇ। ਉਸਨੂੰ ਮਾਰਥਾ ਦੀ ਨੇੜਤਾ ਝੱਲਣੀ ਮੁਸ਼ਕਲ ਹੋ ਗਈ। ਮਾਰਥਾ ਅੱਗੇ ਬੋਲਣ ਲੱਗੀ,

"ਗੈਰੀ, ਮੈਂ ਇਹ ਗੱਲ ਚੰਗੀ ਤਰ੍ਹਾਂ ਜਾਣਦੀ ਆਂ ਤੇ ਤੂੰ ਵੀ ਇਹ ਗੱਲ ਸਮਝਦਾ ਐਂ ਕਿ ਮੇਰੇ ਪੁੱਤਰ ਸੈਮ ਦਾ ਕਤਲ ਤੂੰ ਕੀਤਾ ਐ। ਪਰ ਸਬੂਤਾਂ ਦੀ ਘਾਟ ਕਾਰਨ ਤੂੰ ਬਰੀ ਹੋ ਗਿਆ ਐਂ। ਸੁਣ ਰਿਹਾ ਐਂ ਨਾ ਤੂੰ ਮੇਰੀ ਗੱਲ ?" ਮਾਰਥਾ ਰੁਕੀ ਤਾਂ ਗੈਰੀ ਨੇ ਪਲ ਭਰ ਲਈ ਉਸ ਵੱਲ ਵੇਖਿਆ। ਪਰ ਉਸਤੋਂ ਮਾਰਥਾ ਨਾਲ ਅੱਖ ਨਾ ਮਿਲਾ ਹੋਈ ਤੇ ਉਹ ਹੋਰ ਵੀ ਭੈਭੀਤ ਹੁੰਦਾ ਪਿੱਛੇ ਨੂੰ ਹਟ ਗਿਆ।

"ਕੀ ਹੋ ਗਿਆ ਜੇਕਰ ਅਦਾਲਤ ਨੇ ਤੈਨੂੰ ਛੱਡ ਦਿੱਤਾ ਤਾਂ। ਪਰ ਇਹ ਨਾ ਸੋਚੀਂ ਕਿ ਤੂੰ ਬਚ ਗਿਆ ਐਂ। ਕਿਉਂਕਿ ਮੈਂ ਅਜੇ ਬੈਠੀ ਆਂ। ਤੇਰੇ ਤੋਂ ਬਦਲਾ ਮੈਂ ਲਊਂਗੀ। ਤੈਨੂੰ ਮੈਂ ਮਾਰੂੰਗੀ....।"

ਗੈਰੀ ਹੋਰ ਵੀ ਡਰ ਗਿਆ ਤੇ ਪਿਛਾਂਹ ਨੂੰ ਹੱਟਦਾ ਕੰਧ ਦੇ ਬਿਲਕੁਲ ਨਾਲ ਲੱਗ ਗਿਆ। ਮਾਰਥਾ ਨੇ ਜ਼ਰਾ ਕੁ ਅੱਗੇ ਹੁੰਦਿਆਂ ਉਸਦੇ ਹੱਥ 'ਤੇ ਹੱਥ ਧਰ ਲਿਆ ਤੇ ਬੋਲੀ,

"ਮੈਂ ਅੱਜ ਇਹ ਅਹਿਦ ਲੈਨੀ ਆਂ ਕਿ ਮੈਂ ਮੇਰੇ ਪੁੱਤਰ ਦੇ ਕਾਤਲ ਇਸ ਇਨਸਾਨ, ਗੈਰੀ ਨੂੰ ਖਤਮ ਕਰ ਦਿਆਂਗੀ। ਮੈਂ ਗੈਰੀ ਦਾ ਖੁਰਾਖੋਜ ਮਿਟਾ ਦਿਆਂਗੀ। ਮਿਸਟਰ ਗੈਰੀ ਤੂੰ ਅੱਜ ਤੋਂ ਦਿਨ ਗਿਣਨੇ ਸ਼ੁਰੂ ਕਰ ਦੇਹ। ਅੱਛਾ ਰੱਬ ਰਾਖਾ ਮਿਲਦੇ ਆਂ ਫਿਰ।"

ਮਾਰਥਾ ਨੇ ਆਪਣੀ ਗੱਲ ਮੁਕਾਈ ਤੇ ਵਾਪਸ ਬੈਂਚ 'ਤੇ ਬੈਠ ਗਈ। ਉੱਧਰ ਪੁਲੀਸ ਵਾਲਾ ਗੈਰੀ ਨੂੰ ਲੈ ਕੇ ਜੇਲ੍ਹ ਵੱਲ ਚਲਾ ਗਿਆ ਤੇ ਪਿੱਛੇ ਮਾਰਥਾ ਕਾਫੀ ਦੇਰ ਤੱਕ ਅੱਖਾਂ ਮੀਚੀ ਬੈਠੀ ਕੁਝ ਸੋਚਦੀ ਰਹੀ। ਆਖਰ ਉਹ ਕਿਸੇ ਫੈਸਲੇ 'ਤੇ ਪਹੁੰਚ ਗਈ। ਫਿਰ ਉਹ ਪੈਰ ਘੜੀਸਦੀ ਬਾਹਰ ਨਿਕਲੀ ਤੇ ਸਾਹਮਣੇ ਦਫਤਰ ਦੀ ਖਿੜਕੀ ਕੋਲ ਚਲੀ ਗਈ। ਉੱਥੋਂ ਉਸਨੇ ਜੇਲ੍ਹ ਦੇ ਕੈਦੀਆਂ ਨਾਲ ਮੁਲਾਕਾਤ ਬਾਰੇ ਪੁੱਛ-ਗਿੱਛ ਕੀਤੀ। ਪੂਰੀ ਜਾਣਕਾਰੀ ਲੈ ਕੇ ਉਸਨੇ ਮੁਲਾਕਾਤ ਲਈ ਫਾਰਮ ਭਰ ਦਿੱਤਾ। ਉਸਨੂੰ ਦੱਸਿਆ ਗਿਆ ਕਿ ਉਹ ਬੁੱਧਵਾਰ ਦੇ ਦਿਨ ਜੇਲ੍ਹ ਜਾ ਕੇ ਮੁਲਾਕਾਤ ਕਰ ਸਕਦੀ ਹੈ।

ਗੈਰੀ ਨੂੰ ਜੇਲ੍ਹ 'ਚ ਪਹੁੰਚਿਆਂ ਕਈ ਦਿਨ ਹੋ ਗਏ ਸਨ ਕਿ ਇਕ ਬੁੱਧਵਾਰ ਦੇ ਦਿਨ ਉਸਨੂੰ ਗਾਰਡ ਨੇ ਆ ਕੇ ਦੱਸਿਆ,

"ਤੇਰੀ ਮੁਲਾਕਾਤ ਆਈ ਐ।" ਗਾਰਡ ਇੰਨਾ ਕਹਿ ਕੇ ਵਾਪਸ ਮੁੜਨ ਲੱਗਿਆ ਤਾਂ ਗੈਰੀ ਛੇਤੀ ਦੇਣੇ ਉਸ ਵੱਲ ਝਾਕਿਆ। ਨਾਲ ਹੀ ਉਸਨੇ ਮਨ 'ਚ ਸੋਚਿਆ, 'ਹੈਂ ਮੇਰੀ ਮੁਲਾਕਾਤ ਕਰਨ ਕੌਣ ਆਇਆ ਹੋਇਆ ? ਨਾ ਕੋਈ ਅੱਗੇ ਨਾ ਪਿਛੇ। ਨਾ ਕੋਈ ਭੈਣ ਨਾ ਭਰਾ ਤੇ ਨਾ ਹੀ

ਕੋਈ ਹੋਰ ਰਿਸ਼ਤੇਦਾਰ। ਮੈਂ ਤਾਂ ਸੁਰਤ ਸੰਭਲਦਿਆਂ ਹੀ ਆਪਣੇ ਆਪਨੂੰ ਯਤੀਮ ਘਰਾਂ 'ਚ ਵੇਖਿਆ ਐ। ਕਦੇ ਕੋਈ ਤੇ ਕਦੇ ਕੋਈ ਯਤੀਮਘਰ। ਉਸ ਤੋਂ ਪਿਛੋਂ ਇਹ ਗੁਨਾਹ ਦੀ ਦੁਨੀਆਂ। ਕਦੇ ਜੇਲ੍ਹ ਦੇ ਅੰਦਰ ਤੇ ਕਦੇ ਬਾਹਰ। ਅੱਜ ਤੱਕ ਅਣਗਿਣਤ ਵਾਰ ਮੈਂ ਜੇਲ੍ਹ ਗਿਆ ਆਂ ਪਰ ਕਦੇ ਕੋਈ ਮਿਲਣ ਨੀ ਆਇਆ। ਫਿਰ ਅੱਜ ਕੌਣ ਹੋਇਆ ?'

"ਉੱਠ ਤੁਰ ਅੱਖਾਂ ਪਾੜ ਪਾੜ ਕੇ ਕੀ ਵੇਖ ਰਿਹਾ ਐਂ।" ਇੰਨਾ ਕਹਿੰਦਿਆਂ ਗਾਰਡ ਨੇ ਗੈਰੀ ਨੂੰ ਆਪਣੇ ਨਾਲ ਤੋਰ ਲਿਆ। ਗੈਰੀ ਸੋਚਾਂ 'ਚ ਗੁੰਮ ਅਤੇ ਅੰਦਾਜ਼ੇ ਜਿਹੇ ਲਗਾਉਂਦਾ, ਗਾਰਡ ਦੇ ਮਗਰ ਤੁਰ ਪਿਆ। ਗਾਰਡ ਨੇ ਉਸਨੂੰ ਲਿਜਾ ਕੇ ਮੁਲਾਕਾਤੀ ਕਮਰੇ 'ਚ ਬਿਠਾ ਦਿੱਤਾ। ਇਹ ਚਾਰ ਬਾਈ ਚਾਰ ਦਾ ਚੌਕਾਰ ਸ਼ੀਸ਼ੇ ਦਾ ਬੁਲਟ ਪਰੂਫ ਕਮਰਾ ਸੀ। ਕੈਦੀ ਅੰਦਰ ਬਹਿੰਦਾ ਸੀ ਤੇ ਮੁਲਾਕਾਤੀ ਬਾਹਰ ਵਾਲੇ ਪਾਸੇ। ਦੋਨੋਂ ਇਕ ਦੂਜੇ ਨੂੰ ਸ਼ੀਸ਼ੇ ਵਿਚੋਂ ਵੇਖ ਸਕਦੇ ਸਨ। ਪਰ ਗੱਲ ਕਰਨ ਲਈ ਫੋਨ ਲੱਗਾ ਹੋਇਆ ਸੀ। ਗੈਰੀ ਕਮਰੇ 'ਚ ਬਹਿੰਦਿਆਂ ਨੌਂਹ ਟੁੱਕਦਾ ਸਾਹਮਣੇ ਵੇਖਣ ਲੱਗਿਆ। ਉਸਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਦੂਸਰੇ ਪਾਸੇ ਮੁਲਾਕਾਤੀ ਦੇ ਤੌਰ 'ਤੇ ਮਾਰਥਾ ਆ ਬੈਠੀ। ਗੈਰੀ ਨੇ ਵਾਰ ਵਾਰ ਅੱਖਾਂ ਝਮਕਦਿਆਂ ਗੌਹ ਨਾਲ ਵੇਖਿਆ। ਉਸਨੂੰ ਕੋਈ ਸ਼ੱਕ ਨਾ ਰਿਹਾ ਕਿ ਇਹ ਮਾਰਥਾ ਹੀ ਸੀ। ਗੈਰੀ ਨੂੰ ਅਦਾਲਤ 'ਚ ਮਾਰਥਾ ਵੱਲੋਂ ਦਿੱਤੀ ਧਮਕੀ ਯਾਦ ਆਈ ਤਾਂ ਉਸਨੂੰ ਪਸੀਨਾ ਆ ਗਿਆ। ਇੰਨੇ ਨੂੰ ਉੱਧਰੋਂ ਮਾਰਥਾ ਨੇ ਫੋਨ ਚੁੱਕਦਿਆਂ ਗੈਰੀ ਨੂੰ ਵੀ ਫੋਨ ਚੁੱਕਣ ਦਾ ਇਸ਼ਾਰਾ ਕੀਤਾ। ਗੈਰੀ ਨੇ ਕੰਬਦੇ ਹੱਥ ਨਾਲ ਆਪਣੇ ਵੱਲ ਦਾ ਰਿਸੀਵਰ ਚੁੱਕ ਲਿਆ। ਮਾਰਥਾ ਬੋਲੀ,

"ਮੈਂ ਤੈਨੂੰ ਉਸ ਦਿਨ ਕਹੀ ਗੱਲ ਯਾਦ ਕਰਵਾਉਣ ਆਈ ਆਂ। ਤੂੰ ਆਪਣੇ ਦਿਨ ਗਿਣਨੇ ਸ਼ੁਰੂ ਕਰ ਦੇਹ। ਹੁਣ ਇਸ ਗੈਰੀ ਦੀ ਹਸਤੀ ਖਤਮ ਹੋਣ ਵਾਲੀ ਐ।" ਇੰਨਾ ਕਹਿ ਕੇ ਮਾਰਥਾ ਨੇ ਫੋਨ ਰੱਖ ਦਿੱਤਾ ਤੇ ਵਾਪਸ ਚਲੀ ਗਈ। ਗੈਰੀ ਵੀ ਆਪਣੇ ਕਮਰੇ 'ਚ ਮੁੜ ਆਇਆ। ਪਰ ਉਹ ਵਿਚਲਤ ਹੋ ਗਿਆ। ਉਸਨੂੰ ਰਾਤ ਵੇਲੇ ਨੀਂਦ ਵੀ ਨਾ ਆਈ। ਇਸ ਦਿਨ ਪਿਛੋਂ ਉਹ ਹਰ ਰੋਜ਼ ਹੀ ਪਰੇਸ਼ਾਨ ਜਿਹਾ ਰਹਿਣ ਲੱਗਿਆ। ਹਫਤਾ ਬੀਤ ਗਿਆ ਸੀ ਕਿ ਅਗਲੇ ਬੁੱਧਵਾਰ ਗਾਰਡ ਨੇ ਆ ਕੇ ਫਿਰ ਸੁਨੇਹਾ ਦਿੱਤਾ ਕਿ ਉਸਦੀ ਮੁਲਾਕਾਤ ਆਈ ਹੈ। ਅੱਜ ਗੈਰੀ ਪਹਿਲਾਂ ਹੀ ਸਮਝ ਗਿਆ ਕਿ ਇਹ ਮਾਰਥਾ ਹੀ ਹੋਊਗੀ। ਉਹ ਚੁੱਪ ਚੁਪੀਤਾ ਮੁਲਾਕਾਤੀ ਚੈਂਬਰ 'ਚ ਜਾ ਬੈਠਾ। ਉੱਧਰ ਮਾਰਥਾ ਪਹਿਲਾਂ ਹੀ ਆਈ ਬੈਠੀ ਸੀ। ਦੋਨਾਂ ਨੇ ਫੋਨ ਚੁੱਕ ਲਿਆ। ਗੈਰੀ ਨੇ ਨਜ਼ਰ ਚੁਰਾ ਕੇ ਮਾਰਥਾ ਦੇ ਚਿਹਰੇ ਵੱਲ ਵੇਖਿਆ। ਅੱਜ ਉਸਨੂੰ ਮਾਰਥਾ ਦਾ ਚਿਹਰਾ ਕਠੋਰ ਨਹੀਂ ਬਲਕਿ ਸ਼ਾਂਤ ਜਿਹਾ ਲੱਗਿਆ। ਇੰਨੇ ਨੂੰ ਉੱਧਰੋਂ ਮਾਰਥਾ ਬੋਲੀ,

"ਕਿਵੇਂ ਗੈਰੀ ਇੱਥੇ ਇਕੱਲੇ ਦਾ ਜੀਅ ਨ੍ਹੀਂ ਲੱਗਦਾ ?"

ਗੈਰੀ ਇਸਦੇ ਜੁਆਬ 'ਚ ਕੁਝ ਨਾ ਬੋਲਿਆ ਤਾਂ ਮਾਰਥਾ ਫਿਰ ਤੋਂ ਗੱਲ ਕਰਨ ਲੱਗੀ,

"ਮੇਰਾ ਵੀ ਸੈਮ ਬਿਨਾਂ ਦਿਲ ਨ੍ਹੀਂ ਲੱਗਦਾ। ਮੇਰਾ ਪੁੱਤ....।" ਇਸ ਤੋਂ ਅੱਗੇ ਉਸਤੋਂ ਬੋਲ ਨਾ ਹੋਇਆ। ਉਸਦੀ ਆਵਾਜ਼ ਭਰੜਾ ਗਈ ਤੇ ਅੱਖਾਂ 'ਚ ਹੰਝੂ ਆ ਗਏ। ਗੈਰੀ ਦਾ ਚਿਤ ਭੈੜਾ ਪੈ ਗਿਆ। ਇਸ ਪਿਛੋਂ ਮਾਰਥਾ ਜਾਣ ਲਈ ਤਿਆਰ ਹੋਣ ਲੱਗੀ ਤੇ ਉੱਠਦਿਆਂ ਉੱਠਦਿਆਂ ਬੋਲੀ,

"ਹੁਣ ਮੈਂ ਚੱਲਦੀ ਆਂ। ਅਗਲੇ ਹਫਤੇ ਫਿਰ ਆਊਂਗੀ। ਹਾਂ ਸੱਚ ਤੇਰੇ ਲਈ ਕੁਛ ਪੈਸੇ ਮੈਂ ਜੇਲ੍ਹ ਦਫਤਰ 'ਚ ਜਮਾਂ ਕਰਵਾ ਦਿੱਤੇ ਨੇ। ਕੋਈ ਲੋੜ ਹੋਈ ਤਾਂ ਵਰਤ ਲਈਂ।" ਇੰਨਾ ਕਹਿ ਕੇ ਮਾਰਥਾ ਚਲੀ ਗਈ। ਗੈਰੀ ਵੀ ਗੁਆਚਿਆ ਜਿਹਾ ਵਾਪਸ ਮੁੜ ਪਿਆ। ਉਹ ਸੋਚ ਰਿਹਾ ਸੀ ਕਿ ਇਸਨੇ ਉਸਦੇ ਲਈ ਪੈਸੇ ਕਿਉਂ ਜਮਾ ਕਰਵਾਏ ਹੋਏ। ਖੈਰ ਦਫਤਰ ਅੱਗੋਂ ਲੰਘਦਿਆਂ ਉਹ ਐਵੇਂ



ਹੀ ਅੰਦਰ ਚਲਾ ਗਿਆ ਤੇ ਮਾਰਥਾ ਦੀ ਕਹੀ ਗੱਲ ਪਰਖਣ ਲਈ ਕੈਸ਼ੀਅਰ ਤੋਂ ਪੁੱਛ ਪੜਤਾਲ ਕਰਨ ਲੱਗਿਆ। ਉਸਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਮਾਰਥਾ ਉਸ ਲਈ ਵਾਕਿਆ ਹੀ ਪੰਜ ਡਾਲਰ ਜਮਾ ਕਰਵਾ ਗਈ ਹੈ। ਉਸਦਾ ਚਿੱਤ ਖਿੜ ਗਿਆ ਤੇ ਉਸਨੇ ਤੁਰੰਤ ਸਿਗਰਟ ਦੀ ਡੱਬੀ ਖਰੀਦੀ। ਹਫਤਾ ਗੁਜ਼ਰ ਗਿਆ ਤੇ ਮਾਰਥਾ ਫਿਰ ਆ ਗਈ। ਇਸ ਵਾਰ ਗੈਰੀ ਨੂੰ ਉਸ ਤੋਂ ਭੈਅ ਨਾ ਆਇਆ। ਮਾਰਥਾ ਨੇ ਉਸਦਾ ਹਾਲ ਚਾਲ ਜਿਹਾ ਪੁੱਛਿਆ ਤੇ ਜਾਣ ਲੱਗੀ ਉਹ ਗੈਰੀ ਲਈ ਹੋਰ ਪੈਸੇ ਜਮਾ ਕਰਵਾ ਗਈ। ਗੈਰੀ ਇਨ੍ਹਾਂ ਪੈਸਿਆਂ ਨਾਲ ਕਈ ਦਿਨ ਮਨ ਭਾਉਂਦੀਆਂ ਚੀਜ਼ਾਂ ਲੈ ਕੇ ਖਾਂਦਾ ਰਿਹਾ। ਤੀਸਰੇ ਦਿਨ ਇਹ ਪੈਸੇ ਮੁੱਕ ਗਏ ਤਾਂ ਗੈਰੀ ਨੇ ਹਿਸਾਬ ਲਾਇਆ ਕਿ ਬੁੱਧਵਾਰ 'ਚ ਅਜੇ ਕਈ ਦਿਨ ਰਹਿੰਦੇ ਹਨ। ਉਸਨੇ ਇਹ ਦਿਨ ਮਸਾਂ ਹੀ ਗੁਜ਼ਾਰੇ। ਇੰਨੇ ਨੂੰ ਮਾਰਥਾ ਉਸਦੀ ਮੁਲਾਕਾਤ ਲਈ ਪਹੁੰਚ ਗਈ। ਦੋਨੋਂ ਆਹਮੋ ਸਾਹਮਣੇ ਬੈਠ ਗਏ ਤੇ ਉਨ੍ਹਾਂ ਫੋਨ ਚੁੱਕ ਲਏ। ਮਾਰਥਾ ਨੇ ਗੱਲ ਸ਼ੁਰੂ ਕੀਤੀ,

"ਕੀ ਹਾਲ ਐ ਗੈਰੀ ?"

"ਠੀਕ ਐ ਮੈਡਮ।" ਇੰਨਾ ਕਹਿੰਦਿਆਂ ਗੈਰੀ ਨੇ ਮਾਰਥਾ ਦੇ ਚਿਹਰੇ ਵੱਲ ਵੇਖਿਆ। ਉਸਨੂੰ ਲੱਗਿਆ ਜਿਵੇਂ ਮਾਰਥਾ ਦੇ ਚਿਹਰੇ 'ਤੇ ਨੂਰ ਵਰਸਦਾ ਹੋਵੇ। ਉਸਦੀ ਸੋਚ ਮਾਰਥਾ ਦੀ ਆਵਾਜ਼ ਨੇ ਤੋੜੀ,

"ਗੈਰੀ ਤੈਨੂੰ ਮੇਰਾ ਇੱਥੇ ਆਉਣਾ ਚੰਗਾ ਲੱਗਦਾ ਐ ?"

"ਜੀ ਮੈਡਮ। ਸਗੋਂ ਮੈਨੂੰ ਤੁਹਾਡੀ ਉਡੀਕ ਰਹਿੰਦੀ ਐ।"

"ਜੇਕਰ ਤੂੰ ਚਾਹੁੰਨਾ ਐਂ ਕਿ ਮੈਂ ਇਵੇਂ ਈ ਆਉਂਦੀ ਰਹਾਂ ਤਾਂ ਤੈਨੂੰ ਮੇਰੀ ਇਕ ਗੱਲ ਮੰਨਣੀ ਪਊਗੀ ?"

"ਉਹ ਕੀ ਮੈਡਮ ?"

"ਮੈਂ ਤੇਰੇ ਲਈ ਇਕ ਕਿਤਾਬ ਲੈ ਕੇ ਆਈ ਆਂ। ਮੇਰੇ ਜਾਣ ਪਿਛੋਂ ਦਫਤਰ 'ਚੋਂ ਇਹ ਲੈ ਲਈਂ। ਪਰ ਤੈਨੂੰ ਅਗਲੇ ਹਫਤੇ ਤੱਕ ਇਹ ਕਿਤਾਬ ਪੜ੍ਹ ਕੇ ਮੁਕਾ ਲੈਣੀ ਪਊਗੀ।"

"ਠੀਕ ਐ ਮੈਡਮ।"

ਇਸ ਪਿਛੋਂ ਗੈਰੀ ਦਫਤਰ ਗਿਆ। ਮਾਰਥਾ ਉਸ ਲਈ ਕੁਝ ਪੈਸੇ ਤੇ ਬਾਈਬਲ ਦੇ ਗਈ ਸੀ। ਗੈਰੀ ਨੇ ਪੈਸੇ ਵਰਤ ਲਏ। ਪਰ ਨਾਲ ਹੀ ਉਸਨੂੰ ਖਿਆਲ ਆਇਆ ਕਿ ਮਾਰਥਾ ਉਸਨੂੰ ਕਿਸੇ ਜਾਲ 'ਚ ਫਸਾ ਰਹੀ ਹੈ ਤਾਂ ਕਿ ਉਹ ਸੈਮ ਦਾ ਬਦਲਾ ਲੈ ਸਕੇ। ਪਰ ਉਸਨੇ ਮਾਰਥਾ ਨਾਲ ਕੀਤੇ ਵਾਅਦੇ ਮੁਤਾਬਕ ਅਤੇ ਹੋਰ ਪੈਸੇ ਲੈਣ ਲਈ, ਬਾਈਬਲ ਪੜ੍ਹਨੀ ਸ਼ੁਰੂ ਕਰ ਦਿੱਤੀ। ਦੋ ਕੁ ਦਿਨਾਂ ਪਿਛੋਂ ਉਸਨੂੰ ਆਪ ਨੂੰ ਹੀ ਬਾਈਬਲ ਪੜ੍ਹਨੀ ਚੰਗੀ ਲੱਗਣ ਲੱਗੀ। ਉਂਝ ਵੀ ਉਹ ਜ਼ਿੰਦਗੀ 'ਚ ਪਹਿਲੀ ਵਾਰ ਇਸ ਤਰ੍ਹਾਂ, ਦਿਲੋਂ ਬਾਈਬਲ ਪੜ੍ਹ ਰਿਹਾ ਸੀ। ਬੁੱਧਵਾਰ ਤੋਂ ਪਹਿਲਾਂ ਹੀ ਉਸਨੇ ਬਾਈਬਲ ਖਤਮ ਕਰ ਲਈ ਸੀ। ਇਸ ਵਾਰ ਮਾਰਥਾ ਆਈ ਤਾਂ ਉਸਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਗੈਰੀ ਨੇ ਬਾਈਬਲ ਪੜ੍ਹੀ ਹੈ। ਐਤਕੀਂ ਵਾਰ ਉਹ ਉਸ ਲਈ ਹੋਰ ਧਾਰਮਿਕ ਕਿਤਾਬਾਂ ਵੀ ਲਿਆਈ ਸੀ। ਉਸਦੇ ਜਾਣ ਪਿਛੋਂ ਗੈਰੀ ਧਾਰਮਿਕ ਕਿਤਾਬਾਂ ਪੜ੍ਹਨ ਲੱਗਿਆ। ਹੁਣ ਉਸਨੂੰ ਆਪਣੇ ਆਪ ਹੀ ਇਹ ਕਿਤਾਬਾਂ ਪੜ੍ਹਨੀਆਂ ਚੰਗੀਆਂ ਲੱਗਣ ਲੱਗੀਆਂ। ਉਸਨੂੰ ਮਾਰਥਾ ਦਾ ਸਾਥ ਵੀ ਚੰਗਾ ਲੱਗਣ ਲੱਗਿਆ ਸੀ। ਉਹ ਉਸਨੂੰ ਉਡੀਕਣ ਲੱਗ ਪਿਆ ਸੀ। ਪਰ ਇਕ ਦਿਨ ਰਾਤ ਵੇਲੇ ਉਸਨੂੰ ਅਚਾਨਕ ਫਿਰ ਉਹੀ ਖਿਆਲ ਆਇਆ, 'ਇਸਨੇ ਤਾਂ ਕਿਹਾ ਸੀ ਕਿ ਇਹ ਮੈਨੂੰ ਮਾਰੇਗੀ। ਫਿਰ ਇਹ ਇਸ ਤਰ੍ਹਾਂ ਸਭ ਕੁਛ ਕਿਉਂ ਕਰ ਰਹੀ ਹੈ।' ਇਨ੍ਹਾਂ ਖਿਆਲਾਂ 'ਚੋਂ ਉਸਨੇ ਆਪਣੇ ਆਪ ਨੂੰ ਇਹ ਕਹਿੰਦਿਆਂ ਕੱਢ ਲਿਆ ਕਿ ਅਜੇ ਤਾਂ ਉਹ ਜੇਲ੍ਹ 'ਚ ਡੇਢ ਸਾਲ ਦੇ ਲੱਗਭੱਗ ਹੋਰ ਰਹੂਗਾ। ਉਦੋਂ

ਤੱਕ ਉਸਨੂੰ ਮਾਰਥਾ ਤੋਂ ਉਸਨੂੰ ਕੋਈ ਖਤਰਾ ਨਹੀਂ ਹੈ। ਫਿਰ ਉਸਨੂੰ ਖਿਆਲ ਆਇਆ, 'ਫਿਰ ਇਹ ਮੈਨੂੰ ਮਿਲਣ ਅਤੇ ਮਾਈਕ ਸਹਾਇਤਾ ਦੇਣ ਕਿਉਂ ਆਉਂਦੀ ਐ ?' ਉਸਨੂੰ ਆਪਣੇ ਇਸ ਖਿਆਲ ਦਾ ਕੋਈ ਜੁਆਬ ਨਾ ਸੁੱਝਿਆ।

ਇਸ ਪਿਛੋਂ ਮਾਰਥਾ ਨੇ ਮੁਲਾਕਾਤ ਇੱਕ ਘੰਟੇ ਦੀ ਕਰਵਾ ਲਈ। ਹੁਣ ਉਹ ਮੁਲਾਕਾਤਾਂ ਦਰਮਿਆਨ, ਗੈਰੀ ਨਾਲ ਪੜ੍ਹੀਆਂ ਹੋਈਆਂ ਕਿਤਾਬਾਂ ਬਾਰੇ ਵਿਚਾਰ ਵਿਟਾਂਦਰਾ ਕਰਦੀ। ਉਸ ਨਾਲ ਹੋਰ ਧਾਰਮਿਕ ਮਸਲਿਆਂ 'ਤੇ ਗੱਲਾਂ ਕਰਦੀ। ਉਸਨੂੰ ਜੇਲ੍ਹ 'ਚ ਲੋਕ ਸੇਵਾ ਕਰਨ ਲਈ ਪ੍ਰੇਰਦੀ। ਲੋੜਮੰਦਾਂ ਦੀ ਮੱਦਦ ਕਰਨ ਨੂੰ ਕਹਿੰਦੀ। ਹੌਲੀ ਹੌਲੀ ਗੈਰੀ ਬਦਲਣ ਲੱਗਿਆ। ਉਸਦਾ ਝੁਕਾਅ, ਜ਼ੁਰਮ ਵੱਲੋਂ ਹਟ ਕੇ ਧਰਮ ਅਤੇ ਸੇਵਾ ਭਾਵ ਵੱਲ ਲੱਗਣ ਲੱਗਿਆ। ਜੇਲ੍ਹ ਅਮਲਾ ਵੀ ਉਸਦੇ ਵਰਤਾਅ ਤੋਂ ਹੈਰਾਨ ਸੀ। ਉਸਦੇ ਬਦਲੇ ਹੋਏ ਬਦਲਾ ਕਾਰਨ ਉਸਦਾ ਨਾਂ ਜੇਲ੍ਹ ਦੀਆਂ ਕਿਤਾਬਾਂ 'ਚ ਇਕ ਚੰਗੇ ਕੈਦੀ ਵਜੋਂ ਦਰਜ ਹੋ ਗਿਆ। ਇੰਨੇ ਨੂੰ ਗੈਰੀ ਦੀ ਜੇਲ੍ਹ ਦੀ ਸਜ਼ਾ ਪੂਰੀ ਹੋ ਗਈ ਸੀ। ਉਸਨੂੰ ਛੱਡ ਦੇਣ ਦੇ ਹੁਕਮ ਆ ਗਏ ਸਨ। ਪਰ ਇਸਦੇ ਲਈ ਕਿਸੇ ਜ਼ਮਾਨਤੀਏ ਦਾ ਹੋਣਾ ਜ਼ਰੂਰੀ ਸੀ। ਇਹ ਜ਼ਮਾਨਤ ਦਿੱਤੀ ਮਾਰਥਾ ਨੇ। ਸਾਰਾ ਕਾਗਜ਼ੀ ਕੰਮ ਮੁਕੰਮਲ ਹੋ ਗਿਆ ਤਾਂ ਗੈਰੀ ਨੂੰ ਜੇਲ੍ਹ 'ਚੋਂ ਛੱਡ ਦਿੱਤਾ ਗਿਆ। ਜਦੋਂ ਉਹ ਜੇਲ੍ਹ 'ਚੋਂ ਨਿਕਲਿਆ ਤਾਂ ਬਾਹਰ ਮਾਰਥਾ ਕਾਰ ਲਈ ਖੜ੍ਹੀ ਉਸਦੀ ਉਡੀਕ ਕਰ ਰਹੀ ਸੀ। ਉਹ ਨੇੜੇ ਗਿਆ ਤਾਂ ਮਾਰਥਾ ਨੇ ਉਸਨੂੰ ਬੁੱਕਲ 'ਚ ਲਿਆ। ਮਾਰਥਾ ਨੇ ਉਸਨੂੰ ਕਾਰ 'ਚ ਬੈਠਣ ਦਾ ਇਸ਼ਾਰਾ ਕੀਤਾ ਤਾਂ ਗੈਰੀ ਦੇ ਅੰਦਰ ਕੋਈ ਕੰਬਣੀ ਜਿਹੀ ਛਿੜੀ। ਉਸਨੂੰ ਮਾਰਥਾ ਵੱਲੋਂ ਅਦਾਲਤ 'ਚ ਕਹੀ ਗੱਲ ਯਾਦ ਆਈ, 'ਮੈਂ ਤੈਨੂੰ ਇਕ ਦਿਨ ਮਾਰ ਦਿਆਂਗੀ। ਯਾਦ ਰੱਖੀਂ ਇਹ ਗੈਰੀ ਨਾਂ ਦੇ ਬੰਦੇ ਦਾ ਖਾਤਮਾ ਮੈਂ ਆਪ ਕਰਾਂਗੀ।' ਇਹ ਸੋਚਦਿਆਂ ਹੀ ਉਸਦਾ ਦਿਲ ਕੰਬ ਗਿਆ। ਉਸਨੂੰ ਮੌਤ ਸਾਹਮਣੇ ਖੜ੍ਹੀ ਦਿੱਸੀ। ਪਰ ਫਿਰ ਉਹ ਯੱਕੋ-ਤੱਕੀ ਜਿਹੀ ਕਰਦਾ ਮਾਰਥਾ ਦੇ ਨਾਲ ਕਾਰ 'ਚ ਬੈਠ ਗਿਆ ਤੇ ਮਾਰਥਾ ਉਸਨੂੰ ਘਰ ਲੈ ਗਈ। ਮਾਰਥਾ ਨੇ ਉਸਨੂੰ ਉਹੀ ਕਮਰਾ ਦੇ ਦਿੱਤਾ ਜਿਸਦੀ ਕਿ ਪਿਛੇ ਵੱਲ ਤਾਕੀ ਖੁੱਲ੍ਹਦੀ ਸੀ। ਮਾਰਥਾ ਨੇ ਉਸਨੂੰ ਤਿਆਰ ਹੋਣ ਨੂੰ ਕਿਹਾ ਤੇ ਆਪ ਖਾਣਾ ਤਿਆਰ ਕਰਨ ਲੱਗੀ। ਨਹਾ ਧੋ ਕੇ ਗੈਰੀ ਡਾਈਨਿੰਗ ਰੂਮ 'ਚ ਆਇਆ ਤਾਂ ਮਾਰਥਾ ਟੇਬਲ 'ਤੇ ਖਾਣਾ ਲਗਾਈ ਬੈਠੀ ਸੀ। ਉਸਨੇ ਗੈਰੀ ਨੂੰ ਖਾਣਾ ਸ਼ੁਰੂ ਕਰਨ ਨੂੰ ਕਿਹਾ ਤਾਂ ਅਚਾਨਕ ਗੈਰੀ ਦੇ ਅੰਦਰ ਖਿਆਲ ਆਇਆ, 'ਕਿਤੇ ਖਾਣੇ 'ਚ ਜ਼ਹਿਰ ਈ ਨਾ ਹੋਵੇ।' ਇੰਨਾ ਸੋਚਦਿਆਂ ਹੀ ਉਸਨੇ ਚਮਚਾ ਪਾਸੇ ਰੱਖ ਦਿੱਤਾ। ਪਰ ਜਦੋਂ ਮਾਰਥਾ ਆਪ ਵੀ ਡੂੰਗੇ 'ਚੋਂ ਖਾਣਾ ਪਾ ਕੇ ਖਾਣ ਲੱਗੀ ਤਾਂ ਗੈਰੀ ਦਾ ਡਰ ਦੂਰ ਹੋ ਗਿਆ। ਰਾਤ ਵੇਲੇ ਹਲਕੀਆਂ ਫੁਲਕੀਆਂ ਗੱਲਾਂ ਕਰਨ ਪਿਛੋਂ ਮਾਰਥਾ ਨੇ ਗੈਰੀ ਨੂੰ ਸੌਂ ਜਾਣ ਦਾ ਕਿਹਾ ਤੇ ਆਪ ਵੀ ਆਪਣੇ ਕਮਰੇ 'ਚ ਚਲੀ ਗਈ। ਗੈਰੀ ਆਪਣੇ ਕਮਰੇ 'ਚ ਆਇਆ। ਉਸਨੇ ਸੁਤੇ ਸੁਭਾਅ ਕਮਰੇ ਦੀ ਪਿਛਲੀ ਤਾਕੀ ਖੋਲ੍ਹੀ ਤਾਂ ਉਜਾੜ ਬਣਿਆਂ, ਮੈਟਰੋ ਲਾਟ ਉਸਦੀ ਨਜ਼ਰੀਂ ਪਿਆ। ਅਚਾਨਕ ਉਸਨੂੰ ਮੈਟਰੋ ਲਾਟ ਦੇ ਵਿਚਕਾਰ ਡਿੱਗਿਆ ਪਿਆ ਸੈਮ ਦਿੱਸਿਆ ਤਾਂ ਉਸਨੂੰ ਕੰਬਣੀ ਛਿੜ ਗਈ ਤੇ ਸਰੀਰ ਮੁੜਕੇ ਨਾਲ ਭਿੱਜ ਗਿਆ। ਉਸਨੇ ਉਸੇ ਵੇਲੇ ਤਾਕੀ ਬੰਦ ਕਰ ਦਿੱਤੀ। ਪਰ ਉਸ ਦੇ ਮਨ 'ਤੇ ਗੁਨਾਹ ਭਾਵਨਾ ਭਾਰੂ ਹੋ ਗਈ। ਕਾਫੀ ਦੇਰ ਤੱਕ ਉਸਨੂੰ ਨੀਂਦ ਨਾ ਆਈ। ਫਿਰ ਉਸਨੂੰ ਇਕ ਨਵੇਂ ਉੱਠੇ ਖਿਆਲ ਨੇ ਉਚਾਟ ਕਰ ਦਿੱਤਾ। ਉਸਨੂੰ ਖਿਆਲ ਆਇਆ, 'ਕਿਧਰੇ ਮਾਰਥਾ ਮੇਰੇ ਸੌਂ ਜਾਣ ਦੀ ਉਡੀਕ ਨਾ ਕਰੀ ਜਾ ਰਹੀ ਹੋਵੇ ਤਾਂ ਕਿ ਮੇਰੇ ਸੌਂਦਿਆਂ ਹੀ ਗੋਲੀ ਮਾਰ ਕੇ ਆਪਣੇ ਪੁੱਤਰ ਦਾ ਬਦਲਾ ਲੈ ਲਵੇ।' ਫਿਰ ਉਹ ਚੁੱਪ ਚਾਪ ਉੱਠਿਆ ਤੇ ਬਾਹਰ ਆ ਗਿਆ। ਕਮਰੇ ਦੀ ਸ਼ੀਸ਼ ਵਿਚੋਂ ਉਸਨੇ ਮਾਰਥਾ ਦੇ ਕਮਰੇ 'ਚ ਵੇਖਿਆ। ਉਹ ਉਸ ਵੇਲੇ ਘੂਕ ਸੁੱਤੀ ਪਈ ਸੀ। ਗੈਰੀ ਵਾਪਸ ਕਮਰੇ 'ਚ ਆ ਗਿਆ ਤੇ ਬੈੱਡ 'ਤੇ ਪੈਂਦੇ ਨੇ ਅੰਦਰੋਂ ਕੁੰਡੀ ਲਾ ਲਈ। ਫਿਰ ਪਤਾ ਨ੍ਹੀਂ ਕਿਸ ਵੇਲੇ ਉਸਨੂੰ ਨੀਂਦ ਆ ਗਈ।



ਸਵੇਰ ਵੇਲੇ ਮਾਰਥਾ ਦੀ ਆਵਾਜ਼ ਨੇ ਉਸਨੂੰ ਡੂੰਘੀ ਨੀਂਦ 'ਚੋਂ ਜਗਾਇਆ। ਉਹ ਉਸਨੂੰ ਨਾਸ਼ਤੇ ਲਈ ਬੁਲਾ ਰਹੀ ਸੀ। ਤਿਆਰ ਹੋ ਕੇ ਉਸਨੇ ਡਾਈਨਿੰਗ ਟੇਬਲ 'ਤੇ ਜਾਂਦਿਆਂ ਮਾਰਥਾ ਨੂੰ ਸ਼ੁਭ ਸਵੇਰ ਕਹੀ। ਮਾਰਥਾ ਨੇ ਖਿੜ੍ਹੇ ਮੱਥੇ ਉਸਦਾ ਸੁਆਗਤ ਕੀਤਾ। ਖਾਣੇ ਪਿੱਛੋਂ, ਮਾਰਥਾ ਉਸਨੂੰ ਨਾਲ ਲੈ ਕੇ ਸਟੋਰ ਤੋਂ ਢੰਗ ਦੇ ਕੱਪੜੇ ਦੁਆ ਲਿਆਈ। ਇਸ ਪਿਛੋਂ ਉਹ ਉਸਨੂੰ ਕਿਸੇ ਥਾਂ ਨੌਕਰੀ ਦਿਵਾਉਣ ਲਈ ਲੈ ਕੇ ਗਈ। ਪਰ ਉਸਨੂੰ ਨੌਕਰੀ ਨਾ ਮਿਲੀ ਕਿਉਂਕਿ ਉਸਦਾ ਰਿਕਾਰਡ ਅਤੀ ਮਾੜਾ ਸੀ। ਅਣਗਿਣਤ ਵਾਰ ਉਹ ਜੇਲ੍ਹ ਜਾ ਚੁੱਕਾ ਸੀ। ਇਸ ਤਰ੍ਹਾਂ ਮਾਰਥਾ ਉਸਨੂੰ ਕਈ ਦਿਨ ਲਈ ਫਿਰਦੀ ਰਹੀ ਪਰ ਉਸਨੂੰ ਨੌਕਰੀ ਨਾ ਮਿਲੀ। ਆਖਰ ਮਾਰਥਾ ਨੇ ਆਪਣੀ ਨਿੱਜ਼ੀ ਜ਼ਿੰਮੇਦਾਰੀ 'ਤੇ ਗੈਰੀ ਨੂੰ ਕਿਸੇ ਚਰਚ ਵਿਚ ਟਾਈਪਿਸਟ ਦੀ ਨੌਕਰੀ ਦੁਆ ਦਿੱਤੀ। ਉਹ ਦਿਨ ਵੇਲੇ ਕੰਮ ਕਰਨ ਲੱਗਿਆ ਤੇ ਰਾਤ ਵੇਲੇ ਮਾਰਥਾ ਦੇ ਘਰ ਆ ਜਾਂਦਾ ਸੀ। ਐਤਵਾਰ ਦੇ ਦਿਨ ਮਾਰਥਾ ਉਸਨੂੰ ਚਰਚ ਲੈ ਕੇ ਜਾਂਦੀ ਸੀ। ਹੌਲੀ ਹੌਲੀ ਮਾਰਥਾ ਉਸਨੂੰ ਆਪਣੇ ਸਮਾਜ ਸੇਵੀ ਕੰਮਾਂ 'ਚ ਨਾਲ ਲਿਜਾਣ ਲੱਗੀ। ਉਹ ਮਾਰਥਾ ਦਾ ਹਰ ਕੰਮ 'ਚ ਹੱਥ ਵਟਾਉਣ ਲੱਗਿਆ। ਸ਼ਾਮ ਵੇਲੇ ਉਹ ਚਰਚ ਵੱਲੋਂ ਖਾਣ ਪੀਣ ਦੇ ਸਾਮਾਨ ਦੀ ਵੈਨ ਭਰਦੇ ਤੇ ਸ਼ਹਿਰ 'ਚ ਥਾਂ ਥਾਂ ਖਿੱਲਰੇ ਬੇਘਰਿਆਂ ਨੂੰ ਖਾਣਾ ਖੁਆ ਕੇ ਆਉਂਦੇ। ਐਤਵਾਰ ਸ਼ਾਮ ਵੇਲੇ ਉਹ ਮੁਹੱਲਿਆਂ 'ਚ ਜਾ ਕੇ ਲੋਕਾਂ ਨੂੰ ਨਸ਼ਿਆਂ ਬਾਰੇ ਜਾਗਰੂਕ ਕਰਦੇ। ਹੋਰ ਬਹੁਤ ਸਾਰੇ ਸਮਾਜਿਕ ਕੰਮਾਂ 'ਚ ਉਹ ਹਰ ਵਕਤ ਰੁੱਝੇ ਰਹਿੰਦੇ। ਬਾਕੀ ਸਭ ਕੰਮ ਤਾਂ ਲੋਕਾਂ ਵੱਲੋਂ ਸਰਾਹੇ ਜਾਂਦੇ ਸਨ। ਪਰ ਨਸ਼ਿਆਂ ਵਾਲੇ ਕੰਮ ਬਾਰੇ ਉਨ੍ਹਾਂ ਨੂੰ ਹਮੇਸ਼ਾ ਧਮਕੀਆਂ ਮਿਲਦੀਆਂ ਸਨ। ਧਮਕੀਆਂ ਦੇਣ ਵਾਲੇ ਲੋਕ ਸਮੱਗਲਰਾਂ ਦੇ ਪੱਖੀ ਸਨ ਜਿਨ੍ਹਾਂ ਨੂੰ ਮਾਰਥਾ ਦੇ ਗਰੁੱਪ ਦੀਆਂ ਗਤੀਵਿਧੀਆਂ ਚੁੱਭਦੀਆਂ ਸਨ। ਖੈਰ ਉਹ ਬਿਨਾਂ ਕਿਸੇ ਡਰ ਭੌਅ ਹੋ ਕੇ ਆਪਣਾ ਕੰਮ ਕਰਦੇ ਰਹਿੰਦੇ ਸਨ। ਗੁਜ਼ਰਦੇ ਵਕਤ ਦੇ ਨਾਲ ਗੈਰੀ ਬਿਲਕੁਲ ਬਦਲ ਗਿਆ ਸੀ। ਹੁਣ ਤਾਂ ਉਸਦਾ ਇਕੋ ਕੰਮ ਰਹਿ ਗਿਆ ਸੀ ਉਹ ਸੀ ਸਮਾਜ ਸੇਵਾ। ਪਰ ਜਦੋਂ ਕਦੇ ਉਸਨੂੰ ਮਾਰਥਾ ਵੱਲੋਂ ਅਦਾਲਤ 'ਚ ਦਿੱਤੀ ਧਮਕੀ ਯਾਦ ਆ ਜਾਂਦੀ ਤਾਂ ਉਸਦਾ ਆਪਾ ਕੰਬ ਜਾਂਦਾ।

ਨਵਾਂ ਸਾਲ ਸ਼ੁਰੂ ਹੋਣ ਵਾਲਾ ਸੀ। ਮਾਰਥਾ ਦੀ ਸੰਸਥਾ ਕੰਮ 'ਚ ਕੁਝ ਜ਼ਿਆਦਾ ਹੀ ਰੁੱਝੀ ਹੋਈ ਸੀ। ਇਕੱਤੀ ਦਸੰਬਰ ਦੇ ਦਿਨ ਤਾਂ ਉਨ੍ਹਾਂ ਨੂੰ ਸਾਹ ਲੈਣ ਦੀ ਵੀ ਫੁਰਸਤ ਨਹੀਂ ਸੀ। ਪਿਛਲੇ ਦਿਨਾਂ 'ਚ ਬਰਫਵਾਰੀ ਬਹੁਤ ਹੋਈ ਸੀ। ਇਸ ਕਰਕੇ ਉਨ੍ਹਾਂ ਨੂੰ ਜ਼ਿਆਦਾ ਫਿਕਰ ਬੇਘਰਿਆਂ ਦਾ ਸੀ। ਅਜਿਹੇ ਠੰਢੇ ਸੀਤ ਮੌਸਮ 'ਚ ਬੇਘਰੇ, ਪੁਲਾਂ ਹੇਠਾਂ, ਉਜਾੜ ਬਿਲਡਿੰਗਾਂ ਅਤੇ ਹੋਰ ਅਜਿਹੀਆਂ ਖਾਲੀ ਪਈਆਂ ਇਮਾਰਤਾਂ ਵਿਚ ਪੈ ਕੇ ਠੰਢ ਤੋਂ ਬਚਣ ਦੇ ਯਤਨ ਕਰਦੇ ਸਨ। ਗੈਰੀ ਸਵੇਰ ਤੋਂ ਹੀ ਕੰਬਲ ਇਕੱਠੇ ਕਰਨ ਲੱਗਿਆ ਹੋਇਆ ਸੀ। ਸ਼ਾਮ ਵੇਲੇ ਉਸਨੇ ਵੈਨ ਕੰਬਲਾਂ ਦੀ ਭਰ ਲਈ ਤੇ ਬੇਘਰਿਆਂ ਦੇ ਠਿਕਾਣਿਆਂ ਵੱਲ ਚੱਲ ਪਿਆ। ਜਿੱਥੇ ਕਿਤੇ ਵੀ ਉਸਨੂੰ ਕੋਈ ਲੱਭਿਆ ਉਹ ਹਰ ਥਾਂ ਕੰਬਲ ਵੰਡਦਾ ਫਿਰਦਾ ਰਿਹਾ। ਦੋ ਗੇੜੇ ਲਾ ਕੇ ਉਹ ਰਾਤ ਦੇ ਦਸ ਕੁ ਵਜੇ ਘਰ ਆਇਆ। ਉਸ ਵੇਲੇ ਮਾਰਥਾ ਘਰ ਦੇ ਡਰਾਇੰਗ ਰੂਮ 'ਚ ਜੀਸਸ ਦੀ ਫੋਟੋ ਮੂਹਰੇ, ਮੋਮਬੱਤੀ ਜਲਾਈ ਬੈਠੀ ਪ੍ਰਾਰਥਨਾ ਕਰ ਰਹੀ ਸੀ। ਗੈਰੀ ਵੀ ਕੋਲ ਆ ਕੇ ਬੈਠ ਗਿਆ। ਕੁਝ ਦੇਰ ਪਿਛੋਂ ਮਾਰਥਾ ਨੇ ਅੱਖਾਂ ਖੋਲ੍ਹੀਆਂ ਤਾਂ ਗੈਰੀ ਉਸਦੇ ਪੈਰਾਂ 'ਚ ਝੁਕ ਗਿਆ।

"ਮੈਡਮ ਤੂੰ ਇੰਨੀ ਦੇਰ ਤੱਕ ਜਾਗਦੀ ਕਿਉਂ ਬੈਠੀ ਐਂ ?" ਗੈਰੀ ਨੇ ਸੁਆਲ ਕੀਤਾ।

"ਮੇਰੇ ਬੱਚੇ, ਮੈਂ ਨਵੇਂ ਸਾਲ ਦੀਆਂ ਸ਼ੁੱਭ ਕਾਮਨਾਵਾਂ ਸਭ ਤੋਂ ਪਹਿਲਾਂ ਤੈਨੂੰ ਦੇਣੀਆਂ ਚਾਹੁੰਦੀ ਆਂ। ਇਸੇ ਲਈ ਮੈਂ ਤੈਨੂੰ ਉਡੀਕ ਰਹੀ ਸੀ।"

ਉਹ ਗੱਲ ਕਰਦਿਆਂ ਰੁਕੀ ਤਾਂ ਗੈਰੀ ਉਸਦੇ ਮੂੰਹ ਵੱਲ ਵੇਖਣ ਲੱਗਿਆ। ਉਸ ਵੇਲੇ ਮਾਰਥਾ ਉਸਨੂੰ ਮਾਂ ਮਰੀਅਮ ਦਾ ਰੂਪ ਜਾਪੀ। ਉਹ ਭਾਵਨਾਵਾਂ ਦੇ ਮਨੋਵੇਗ 'ਚ ਵਹਿੰਦਾ ਪਿਘਲਣ

ਲੱਗਿਆ। ਮਾਰਥਾ ਨੂੰ ਜਾਪਿਆ ਕਿ ਇਹ ਕੁਝ ਕਹਿਣਾ ਚਾਹੁੰਦਾ ਹੈ। ਉਹ ਪਿਆਰ ਨਾਲ ਗੈਰੀ ਦੇ ਸਿਰ 'ਤੇ ਹੱਥ ਫੇਰਨ ਲੱਗੀ ਤਾਂ ਗੈਰੀ ਦੀਆਂ ਭੁੱਬਾਂ ਨਿਕਲ ਗਈਆਂ। ਉਸਦੀਆਂ ਅੱਖਾਂ 'ਚੋਂ ਹੰਝੂਆਂ ਦੀ ਝੜੀ ਲੱਗ ਗਈ। ਹੰਝੂ ਜਿਵੇਂ ਮੁੱਦਤਾਂ ਦੇ ਰੁਕੇ ਪਏ ਹੋਣ। ਕਾਫੀ ਦੇਰ ਹੰਝੂ ਵਹਾਉਣ ਪਿੱਛੋਂ, ਆਪਣੇ ਆਪ ਨੂੰ ਸੰਭਾਲਦਾ ਉਹ ਰੁਕਿਆ ਤੇ ਫਿਰ ਹੌਲੀ ਜਿਹੀ ਬੋਲਿਆ,

"ਮੈਡਮ, ਤੁਹਾਡੇ ਪੁੱਤਰ ਸੈਮ ਨੂੰ ਮੈਂ ਈ ਮਾਰਿਆ ਸੀ।"

ਉਸਦੀ ਗੱਲ ਸੁਣ ਕੇ ਮਾਰਥਾ ਦੇ ਚਿਹਰੇ 'ਤੇ ਕੋਈ ਭਾਵ ਨਾ ਆਇਆ ਤੇ ਉਹ ਉਵੇਂ ਹੀ ਸ਼ਾਂਤ ਚਿਤ ਬੈਠੀ ਰਹੀ। ਡੂੰਘਾ ਸਾਹ ਲੈਂਦਿਆਂ ਗੈਰੀ ਨੇ ਗੱਲ ਅੱਗੇ ਤੋਰੀ,

"ਉਸ ਦਿਨ ਸੈਮ ਨੇ ਜੂਸ ਦਾ ਗੈਲਨ ਖਰੀਦਿਆ ਤੇ ਬਚੇ ਹੋਏ ਪੈਸੇ ਬਟੂਏ 'ਚ ਪਾਉਂਦਿਆਂ, ਬਟੂਆ ਜੇਬ 'ਚ ਪਾ ਲਿਆ। ਉਸਦੇ ਇਹੀ ਪੈਸੇ ਖੋਹਣ ਲਈ ਈ ਮੈਂ ਉਸਦੇ ਪਿੱਛੇ ਲੱਗ ਤੁਰਿਆ। ਉਹ ਤੇਜ਼ ਤੁਰਦਾ ਜਦੋਂ ਮੈਥੋਂ ਫਰਕ ਪਾ ਗਿਆ ਤਾਂ ਮੈਂ ਪਿਛੋਂ ਉਸਦੇ ਗੋਲੀ ਮਾਰੀ। ਫਿਰ ਉਸਦਾ ਬਟੂਆ ਫਰੋਲਦਿਆਂ, ਮੈਨੂੰ ਬਸ ਦੋ ਡਾਲਰ ਈ ਲੱਭੇ ਸਨ। ਉਦੋਂ ਮੈਨੂੰ ਕੋਈ ਅਫਸੋਸ ਨ੍ਹੀਂ ਹੋਇਆ ਸੀ। ਪਰ ਅੱਜ ਮੇਰਾ ਮਨ ਤੜਪਦਾ ਐ ਕਿ ਸਿਰਫ ਦੋ ਡਾਲਰਾਂ ਬਦਲੇ, ਮੈਂ ਇਕ ਇਨਸਾਨ ਨੂੰ ਮਾਰ ਮੁਕਾਇਆ।" ਗੱਲ ਮੁਕਾ ਕੇ ਗੈਰੀ ਚੁੱਪ ਹੋ ਗਿਆ। ਮਾਰਥਾ ਨੇ ਫਿਰ ਉਸਦਾ ਹੱਥ ਆਪਣੇ ਹੱਥਾਂ 'ਚ ਲਿਆ ਤੇ ਬੋਲੀ,

"ਪੁੱਤਰਾ ਇਹ ਸਭ ਪਰਮਾਤਮਾ ਦੇ ਹੱਥ ਵਿਚ ਐ। ਪਰ ਵੱਡੀ ਗੱਲ ਇਹ ਐ ਕਿ ਤੈਨੂੰ ਆਪਣੇ ਗੁਨਾਹ ਦਾ ਅਹਿਸਾਸ ਹੋ ਗਿਆ ਐ।"

"ਮੈਡਮ ਇਕ ਗੱਲ ਹੋਰ ਐ ਜਿਸਨੇ ਮੈਨੂੰ ਕਦੇ ਵੀ ਚੈਨ ਨ੍ਹੀਂ ਲੈਣ ਦਿੱਤਾ। ਜੇ ਇਜਾਜ਼ਤ ਹੋਵੇ ਤਾਂ....।"

"ਹਾਂ ਹਾਂ ਪੁੱਛ ਤੂੰ ਜੋ ਵੀ ਪੁੱਛਣਾ ਐਂ ?"

"ਤੁਸੀਂ ਸੈਮ ਦੇ ਕੇਸ ਦੇ ਫੈਸਲੇ ਵਾਲੇ ਦਿਨ ਅਦਾਲਤ 'ਚ ਜੋ ਗੱਲ ਕਹੀ ਸੀ ਉਹ ਮੈਨੂੰ ਹਮੇਸ਼ਾ ਸਤਾਉਂਦੀ ਰਹਿੰਦੀ ਐ। ਤੁਸੀਂ ਕਿਹਾ ਸੀ, 'ਮੈਂ ਤੈਨੂੰ ਆਪਣੇ ਹੱਥੀਂ ਮਾਰਾਂਗੀ। ਮੈਂ ਇਸ ਗੈਰੀ ਨਾਂ ਦੇ ਬੰਦੇ ਦਾ ਨਾਂ ਨਿਸ਼ਾਨ ਮਿਟਾ ਦਿਆਂਗੀ।' ਮੈਡਮ ਮੈਨੂੰ ਇਸ ਗੱਲ ਦੀ ਕਦੇ ਸਮਝ ਨ੍ਹੀਂ ਪਈ। ਪਹਿਲਾਂ ਮੈਨੂੰ ਲੱਗਦਾ ਸੀ ਕਿ ਸ਼ਾਇਦ ਤੁਸੀਂ ਮੈਨੂੰ ਮਾਰ ਕੇ ਆਪਣੇ ਪੁੱਤਰ ਦਾ ਬਦਲਾ ਲਵੋਗੇ। ਪਰ ਤੁਹਾਡਾ ਤਾਂ ਮਿਸ਼ਨ ਈ ਹੋਰ ਐ। ਪਲੀਜ਼ ਉਸ ਗੱਲ ਬਾਰੇ ਚਾਨਣਾ ਪਾਉ।"

ਮਾਰਥਾ ਨੇ ਅਗਾਂਹ ਹੋ ਕੇ ਗੈਰੀ ਨੂੰ ਬੁੱਕਲ 'ਚ ਲੈ ਲਿਆ। ਫਿਰ ਉਸਦੇ ਸਿਰ 'ਤੇ ਹੱਥ ਫੇਰਦਿਆਂ ਬੋਲੀ,

"ਮੈਂ ਆਪਣੇ ਮਿਸ਼ਨ 'ਚ ਕਾਮਯਾਬ ਹੋ ਗਈ ਆਂ। ਜੋ ਮੈਂ ਕਿਹਾ ਸੀ, ਉਹ ਕਰ ਵਿਖਾਇਆ ਐ।"

"ਕੀ ਕਿਹਾ ਮੈਡਮ !?" ਗੈਰੀ ਨੇ ਹੈਰਾਨੀ 'ਚ ਅੱਖਾਂ ਟੱਡੀਆਂ।

"ਹਾਂ, ਤੂੰ ਹੀ ਦੱਸ ਕਿ ਜਿਸ ਗੈਰੀ ਨੂੰ ਮੈਂ ਉਹ ਲਫਜ਼ ਕਹੇ ਸਨ ਕਿੱਥੇ ਐ ਉਹ ਗੈਰੀ ? ਉਸ ਗੈਰੀ ਨੂੰ ਤਾਂ ਮੈਂ ਕਿੱਦੇਂ ਦੀ ਮਾਰ ਚੁੱਕੀ ਆਂ। ਤੂੰ ਦੱਸ ਕਿ ਕਿਥੇ ਐ ਉਹ ਗੈਰੀ ਜੋ ਇਕ ਪੇਸ਼ਾਵਰ ਮੁਜ਼ਰਮ ਸੀ। ਜੋ ਨਸ਼ਿਆਂ ਦਾ ਵਪਾਰ ਕਰਦਿਆਂ ਨੌਜਵਾਨੀ ਨੂੰ ਬਰਬਾਦ ਕਰ ਰਿਹਾ ਸੀ, ਜੋ ਚਾਕੂ ਛੁਰੀਆਂ ਚਲਾਉਂਦਾ ਲੋਕਾਂ ਨੂੰ ਦਿਨ ਦਿਹਾੜੇ ਲੁੱਟਦਾ ਸੀ, ਜੋ ਪਿਸਤੌਲ ਦੀ ਨੋਕ 'ਤੇ ਫਿਰੌਤੀਆਂ ਲੈਂਦਾ ਸੀ ਤੇ ਬੰਦਾ ਮਾਰਨ ਲੱਗਿਆ ਸਕਿੰਟ ਨ੍ਹੀਂ ਲਾਉਂਦਾ ਸੀ....।" ਉਹ ਪਲ ਭਰ ਰੁਕਦੀ ਗੈਰੀ ਵੱਲ ਵੇਖਦਿਆਂ ਫਿਰ ਬੋਲਣ ਲੱਗੀ,

"ਉਹ ਜ਼ਾਲਮ ਗੈਰੀ ਤਾਂ ਬਹੁਤ ਦੇਰ ਪਹਿਲਾਂ ਮਰ ਚੁੱਕਿਆ ਐ। ਅੱਜ ਜੋ ਗੈਰੀ ਮੇਰੇ



ਸਾਹਮਣੇ ਬੈਠਾ ਐ ਇਹ ਤਾਂ ਲੋਕਾਈ ਦਾ ਭਲਾ ਕਰਨ ਵਾਲਾ, ਗਰੀਬ ਗੁਰਬੇ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਤੇ ਰੱਬ ਦੀ ਰਜ਼ਾ 'ਚ ਰਹਿਣ ਵਾਲਾ ਇਕ ਦਰਵੇਸ਼ ਇਨਸਾਨ ਐ।"

ਮਾਰਥਾ ਦੀ ਗੱਲ ਸੁਣ ਕੇ ਗੈਰੀ ਦੇ ਮਨ ਤੋਂ ਮਣਾਂ ਮੂੰਹੀ ਬੋਝ ਲਹਿ ਗਿਆ। ਉਸਨੇ ਇਕ ਵਾਰ ਫਿਰ ਮਾਰਥਾ ਦਾ ਹੱਥ ਚੁੰਮਿਆਂ ਤੇ ਜਾਣ ਲਈ ਖੜ੍ਹਾ ਹੋ ਗਿਆ। ਮਾਰਥਾ ਉਸਨੂੰ ਰੋਕਦਿਆਂ ਅੱਗੇ ਬੋਲੀ,

"ਪ੍ਰਭੂ ਜੀਸਸ ਦੀ ਸਿੱਖਿਆ ਇਹੀ ਐ ਕਿ ਕਿਸੇ ਇਨਸਾਨ ਦੇ ਸਰੀਰ ਨੂੰ ਖਤਮ ਕਰਨ ਨਾਲੋਂ ਉਸ ਇਨਸਾਨ ਵਿਚਲੀਆਂ ਬੁਰਾਈਆਂ ਨੂੰ ਖਤਮ ਕਰੋ। ਇਹੀ ਅਸਲੀ ਬਦਲਾ ਐ। ਇਸ ਤਰ੍ਹਾਂ ਕਰਦਿਆਂ ਇਨਸਾਨ ਨੂੰ ਜੋ ਸਕੂਨ ਮਿਲਦਾ ਐ ਉਸਦੀ ਕੋਈ ਕੀਮਤ ਨ੍ਹੀਂ ਐ। ਚੰਗਾ ਬੱਚਾ ਹੁਣ ਤੂੰ ਜਾਹ। ਪਰ ਅੱਗੇ ਦਾ ਤੇਰਾ ਕੀ ਪ੍ਰੋਗਰਾਮ ਐਂ ? ਮੇਰਾ ਮਤਲਬ ਕਦੋਂ ਤੱਕ ਮੁੜ ਆਵੇਂਗਾ ?"

"ਬਸ ਮੈਡਮ ਮੈਂ ਗਿਆ ਤੇ ਆਇਆ। ਦੋ ਕੁ ਥਾਈਂ ਕੰਬਲ ਵੰਡਣੇ ਨੇ। ਮੈਂ ਬਾਰਾਂ ਵਜੇ ਤੋਂ ਪਹਿਲਾਂ ਆ ਜਾਵਾਂਗਾ। ਫਿਰ ਆਪਾਂ ਇਕੱਠੇ ਨਵੇਂ ਸਾਲ ਦਾ ਜਸ਼ਨ ਮਨਾਵਾਂਗੇ।" ਇੰਨਾ ਕਹਿੰਦਿਆਂ ਗੈਰੀ ਭੱਜ ਕੇ ਪੌੜੀਆਂ ਉੱਤਰ ਗਿਆ। ਪਿਛੇ ਮਾਰਥਾ ਇਕੱਲੀ ਰਹਿ ਗਈ। ਉਸਨੇ ਕੁਝ ਕੁ ਰਸੋਈ ਬਗੈਰਾ ਦਾ ਕੰਮ ਨਬੇੜਿਆ ਤੇ ਫਿਰ ਘੜੀ ਦੀਆਂ ਸੂਈਆਂ ਵੱਲ ਵੇਖਣ ਲੱਗੀ। ਸਾਢੇ ਗਿਆਰਾਂ ਵੱਜ ਚੁੱਕੇ ਸਨ। ਨਵਾਂ ਸਾਲ ਚੜ੍ਹਨ 'ਚ ਸਿਰਫ ਅੱਧਾ ਘੰਟਾ ਰਹਿ ਗਿਆ ਸੀ। ਪਰ ਉਸਨੂੰ ਇਸ ਵੇਲੇ ਗੈਰੀ ਦੀ ਉਡੀਕ ਸੀ। ਕਿਸੇ ਪਾਸੇ ਜ਼ਰਾ ਕੁ ਖੜਕਾ ਹੁੰਦਾ ਤਾਂ ਉਸਨੂੰ ਲੱਗਦਾ ਕਿ ਗੈਰੀ ਆ ਗਿਆ ਹੈ। ਸੂਈਆਂ ਅੱਗੇ ਸਰਕਦੀਆਂ ਗਈਆਂ। ਫਿਰ ਨਵਾਂ ਸਾਲ ਚੜ੍ਹਨ 'ਚ ਸਿਰਫ ਪੰਜ ਕੁ ਮਿੰਟ ਰਹਿੰਦੇ ਸਨ ਕਿ ਫੋਨ ਦੀ ਘੰਟੀ ਵੱਜੀ। ਮਾਰਥਾ ਨੇ ਛੇਤੀ ਦੇਣੇ ਅਗਾਂਹ ਹੁੰਦਿਆਂ ਫੋਨ ਉਠਾਉਂਦਿਆਂ ਹੈਲੋ ਕਹੀ। ਅੱਗੋਂ ਕੋਈ ਬੋਲਣ ਲੱਗਿਆ। ਪੂਰੀ ਗੱਲ ਸੁਣਦਿਆਂ ਮਾਰਥਾ ਦੇ ਹੱਥੋਂ ਫੋਨ ਦਾ ਚੋਗਾ ਡਿੱਗ ਪਿਆ। ਉੱਧਰੋਂ ਬੋਲਣ ਵਾਲੇ ਨੇ ਦੱਸਿਆ ਸੀ ਕਿ ਗੈਰੀ ਨੂੰ ਕਿਸੇ ਨੇ ਗੋਲੀ ਮਾਰ ਦਿੱਤੀ। ਮਾਰਥਾ ਭੱਜੀ ਭੱਜੀ ਹਸਪਤਾਲ ਗਈ। ਪਰ ਉਦੋਂ ਨੂੰ ਗੋਲੀਆਂ ਦੀ ਤਾਬ ਨਾ ਝੱਲਦਾ ਹੋਇਆ ਗੈਰੀ, ਮਰ ਚੁੱਕਿਆ ਸੀ। ਮਾਰਥਾ ਨੂੰ ਇਕ ਪੁਲੀਸ ਅਫਸਰ ਵੱਖਰੇ ਕਮਰੇ 'ਚ ਲੈ ਗਿਆ ਤੇ ਕੇਸ ਦੀ ਤਫਸੀਲ ਦੱਸਣ ਲੱਗਿਆ,

"ਮੈਡਮ, ਮਿਸਟਰ ਗੈਰੀ ਇਲਾਕੇ 'ਚ ਡਰੱਗ ਦੇ ਵਿਰੁੱਧ ਅੰਦੋਲਨ ਚਲਾਉਂਦਾ ਸੀ। ਇਸ ਗੱਲ ਕਰਕੇ ਡਰੱਗ ਵੇਚਣ ਵਾਲੇ ਗੈਂਗ ਉਸ 'ਤੇ ਔਖੇ ਸਨ। ਪਿਛਲੇ ਕਈ ਦਿਨਾਂ ਤੋਂ ਉਹ ਉਸਦਾ ਪਿੱਛਾ ਕਰ ਰਹੇ ਸਨ। ਅੱਜ ਜਦੋਂ ਗੈਰੀ, ਗਰੀਬਾਂ ਨੂੰ ਕੰਬਲ ਵੰਡ ਕੇ ਘਰ ਵੱਲ ਮੁੜ ਰਿਹਾ ਸੀ ਤਾਂ ਕਿਸੇ ਗੈਂਗ ਮੈਂਬਰ ਨੇ ਉਸਨੂੰ ਗੋਲੀ ਮਾਰ ਦਿੱਤੀ ਜਿਸ ਨਾਲ ਉਸਦੀ ਮੌਤ ਹੋ ਗਈ। ਇਹ ਗੱਲ ਦੱਸਦਿਆਂ ਮੈਨੂੰ ਬੇਹੱਦ ਅਫਸੋਸ ਹੋ ਰਿਹਾ ਹੈ। ਪ੍ਰਮਾਤਮਾ ਉਸਦੀ ਰੂਹ ਨੂੰ ਸ਼ਾਂਤੀ ਦੇਵੇ।" ਇੰਨਾ ਕਹਿ ਕੇ ਉਹ ਮਾਰਥਾ ਦੇ ਮੋਢੇ 'ਤੇ ਹੱਥ ਰੱਖਦਾ ਤੁਰ ਗਿਆ।

ਇਸ ਪਿਛੋਂ ਕੇਸ ਚੱਲਿਆ ਤੇ ਗੈਰੀ ਨੂੰ ਮਾਰ ਦੇਣ ਵਾਲੇ ਮੁੰਡੇ, ਜੌਹਨ ਮਰਫੀ ਨੂੰ ਅਦਾਲਤ ਨੇ ਮੁੱਖ ਕਤਲ ਕੇਸ, 'ਚੋਂ ਬਰੀ ਕਰਨ ਦਾ ਫੈਸਲਾ ਸੁਣਾ ਦਿੱਤਾ। ਫੈਸਲਾ ਸੁਣਾਉਣ ਪਿਛੋਂ ਅਦਾਲਤ ਬਰਖਾਸਤ ਹੋ ਗਈ ਪਰ ਮਾਰਥਾ ਸੋਚਾਂ 'ਚ ਡੁੱਬੀ ਉੱਥੇ ਹੀ ਬੈਠੀ ਹੋਈ ਸੀ। ਆਖਰ ਉਸਨੂੰ ਕਿਸੇ ਅਦਾਲਤ ਦੇ ਕਰਿੰਦੇ ਨੇ ਉਠਾਇਆ ਤਾਂ ਉਹ ਆਪੇ 'ਚ ਪਰਤੀ। ਅੱਗੇ ਜੋ ਵੀ ਕਰਨਾ ਸੀ ਇਸਦਾ ਫੈਸਲਾ ਉਸਨੇ ਕਰ ਲਿਆ ਸੀ। ਫਿਰ ਉਹ ਉੱਠੀ ਤੇ ਬਾਹਰ ਨਿਕਲਦਿਆਂ, ਦਫਤਰ ਦੀ ਖਿੜਕੀ 'ਤੇ ਚਲੀ ਗਈ। ਉੱਥੋਂ ਜੇਲ੍ਹ ਅੰਦਰ ਕੈਦੀ ਨਾਲ ਮੁਲਾਕਾਤ ਕਰਨ ਦੇ ਢੰਗ ਤਰੀਕੇ ਪੁੱਛਦਿਆਂ ਉਸਨੇ ਫਾਰਮ ਭਰ ਦਿੱਤਾ। ਫਿਰ ਅਗਲੇ ਹੀ ਬੁੱਧਵਾਰ, ਜੌਹਨ ਨਾਮੀਂ ਕੈਦੀ ਦੀ ਮੁਲਾਕਾਤ ਲਈ, ਉਹ ਜੇਲ੍ਹ ਪਹੁੰਚ ਚੁੱਕੀ ਸੀ।

# ਹੋਰ ਕਿੰਨਾਂ ਕੁ ਚਿਰ/ਮੁਖਤਿਆਰ ਸਿੰਘ

ਇਕ ਖ਼ੂਬਸੂਰਤ ਔਰਤ ਦੀ ਫੋਟੋ ਅਤੇ ਖ਼ਬਰ ਟੀ.ਵੀ.ਵਾਲੇ ਮੁੜ ਮੁੜ ਕੇ ਵਿਖਾ ਰਹੇ ਸਨ। ਰਾਜ ਨੇ ਸਰਸਰੀ ਜਿਹੇ ਉਸ ਵੱਲ ਵੇਖਿਆ। ਉਸ ਨੂੰ ਸਮਝ ਨਹੀਂ ਪਈ। ਫੋਟੋ ਅਤੇ ਖ਼ਬਰ ਬਾਰ ਬਾਰ ਦੇਖਣ ਅਤੇ ਸੁਣਨ ਨਾਲ ਉਹ ਸੁੰਨ ਹੋ ਗਿਆ, "ਹੈਂ ? ਬਤਾਲੀ-ਤਰਤਾਲੀ ਸਾਲ ?"

ਉਹ ਵੈਸੇ ਤਾਂ ਅੱਕ ਜਾਂਦਾ, ਜਦੋਂ ਇਕ ਖ਼ਬਰ ਨੂੰ ਮਧਾਣੀ ਵਾਂਗ ਰਿੜਕਿਆ ਜਾ ਰਿਹਾ ਹੁੰਦਾ। ਪੂਰੇ ਬਤਾਲੀ-ਤਰਤਾਲੀ ਸਾਲ ਸੁਣ ਕੇ, ਉਸ ਦੀ ਜਾਨ ਨਿਕਲਣ ਵਾਲੀ ਹੋ ਗਈ, "ਏਨੇ ਸਾਲ ਲੱਗ ਜਾਣਗੇ ਤੋਬਾ ਤੋਬਾ ?" ਉਸ ਨੇ ਕੰਨਾਂ ਨੂੰ ਹੱਥ ਲਾ ਕੇ ਨੀਵੀਂ ਪਾ ਲਈ।

ਉਹ ਨੀਵੀਂ ਪਾਈਂ ਫਰਸ਼ ਵੱਲ ਵੇਖਦਾ ਰਿਹਾ। ਉਸ ਨੇ ਹੌਲੀ ਹੌਲੀ ਮੂੰਹ ਉਪਰ ਕੀਤਾ। ਉਸ ਦੀ ਨਿਗਾਹ ਸ਼ਕੁੰਤਲਾ ਵੱਲ ਚਲੀ ਗਈ। ਉਹ ਇਕ ਟੱਕ ਹੌਲੀ ਚੱਲਦੇ ਪੱਖੇ ਵੱਲ ਵੇਖ ਰਹੀ ਸੀ। ਉਸ ਦਾ ਟੀ.ਵੀ. ਵਾਲੀ ਖ਼ਬਰ ਵੱਲ ਉਕਾ ਹੀ ਧਿਆਨ ਨਹੀਂ ਸੀ। ਉਸ ਭਾਵੇਂ ਮੂਰਤਾਂ ਹਿਲਦੀਆਂ ਜਾਂ ਖੜੀਆਂ ਨੇ, ਇਕ ਬਰਾਬਰ। ਉਸ ਦਾ ਆਵਾਜ਼ ਵੱਲ ਵੀ ਕੰਨ ਨਹੀਂ ਸੀ, ਜਿਵੇਂ ਮਰਜੀ ਢੋਲ-ਢਮੱਕਾ ਵੱਜੀ ਜਾਵੇ। ਕਈ ਬਾਰ ਉਹ ਟੀ.ਵੀ. ਵੱਲ ਧਿਆਨ ਨਾਲ ਵੇਖ ਰਹੀ ਹੁੰਦੀ, ਜਿਵੇਂ ਸਾਰੀ ਗੱਲ ਸਮਝ ਰਹੀ ਹੋਵੇ। ਪਤਾ ਨਹੀਂ ਉਸ ਦੇ ਮਨ 'ਚ ਕੀ ਬੀਤ ਰਹੀ ਹੋਵੇ। ਉਸ ਦੇ ਅੰਦਰ ਸਮੁੰਦਰ ਛੱਲਾਂ ਮਾਰਦਾ ਹੀ ਹੋਵੇਗਾ। ਸਮੁੰਦਰ ਤਾਂ ਸ਼ਾਂਤ ਹੋ ਹੀ ਨਹੀਂ ਸਕਦਾ।

ਰਾਜ ਨੂੰ ਹੌਸਲਾ ਹੋ ਜਾਂਦਾ ਕਿ ਉਹ ਹੁਣ ਠੀਕ ਠਾਕ ਹੈ, ਜਿਹੜੀ ਧਿਆਨ ਨਾਲ ਸੁਣ ਤੇ ਵੇਖ ਰਹੀ ਹੈ। ਉਹ ਬੇਫਿਕਰ ਹੋ ਕੇ ਰਸੋਈ 'ਚ ਚਲਾ ਜਾਂਦਾ। ਉਹ ਚਾਹ ਬਣਾ ਕੇ ਲੈ ਆਉਂਦਾ। ਸ਼ਕੁੰਤਲਾ ਉਸੇ ਤਰ੍ਹਾਂ ਟੀ.ਵੀ. ਵੱਲ ਟਿਕ-ਟਿਕੀ ਲਾ ਕੇ ਵੇਖ ਰਹੀ ਹੁੰਦੀ। ਉਸ ਦਾ ਚਿਹਰਾ ਨਾ ਹੱਸ-ਮੁੱਖ ਹੁੰਦਾ, ਨਾ ਗੰਭੀਰ। ਸਮੁੰਦਰ ਦੇ ਅੰਦਰ ਲੱਖਾਂ-ਕਰੋੜਾਂ ਜੀਵ-ਜੰਤੂ ਦੀਆਂ ਅੱਠਖੇਲੀਆਂ ਹੁੰਦੀਆਂ ਹੋਣਗੀਆਂ ਪਰ ਉਸ ਨੂੰ ਕੀ ?

ਰਾਜ ਚਾਹ ਦੇ ਕੱਪ ਮੇਜ਼ ਉੱਤੇ ਰੱਖ ਕੇ ਉਸ ਨੂੰ ਥੋੜ੍ਹਾ ਸਹਾਰਾ ਦੇ ਕੇ ਬੈਠੀ ਕਰ ਲੈਂਦਾ ਤੇ ਉਸ ਦੇ ਹੱਥ 'ਚ ਚਾਹ ਦਾ ਕੱਪ ਫੜਾ ਦਿੰਦਾ। ਉਹ ਕਿੰਨਾ ਹੀ ਚਿਰ ਹੱਥ 'ਚ ਕੱਪ ਫੜ ਕੇ ਉਸੇ ਤਰ੍ਹਾਂ ਬੈਠੀ ਰਹਿੰਦੀ। ਰਾਜ ਉਸ ਦਾ ਹੱਥ, ਮੂੰਹ ਵੱਲ ਕਰ ਦਿੰਦਾ ਤੇ ਬੁੱਲ੍ਹਾਂ ਨੂੰ ਕੱਪ ਲਗਾ ਦਿੰਦਾ। ਉਹ ਇਕੋ ਬਾਰ 'ਚ ਚਾਹ ਦਾ ਕੱਪ ਖਾਲੀ ਕਰ ਦਿੰਦੀ, ਜਿਵੇਂ ਦਰਿਆ ਤੇ ਨਦੀਆਂ ਨੂੰ ਸਮੁੰਦਰ ਪੀ ਜਾਂਦਾ ਹੈ।

ਰਾਜ ਚੁਸਕੀਆਂ ਲੈ ਕੇ ਚਾਹ ਪੀ ਰਿਹਾ ਹੁੰਦਾ। ਉਸ ਦੀਆਂ ਸੋਚਾਂ 'ਚ ਡੁੱਬੇ ਦੀਆਂ ਚੁਸਕੀਆਂ ਖਤਮ ਨਾ ਹੁੰਦੀਆਂ, ਜਿੰਨਾ ਚਿਰ ਸ਼ਕੁੰਤਲਾ ਹੱਥੋਂ ਕੱਪ ਫੜ ਕੇ ਮੇਜ਼ ਉੱਤੇ ਨਾ ਰੱਖ ਲੈਂਦਾ। ਫਿਰ ਕੱਪ ਰਸੋਈ 'ਚ ਰੱਖ ਆਉਂਦਾ।

ਟੀ.ਵੀ. 'ਚ ਖ਼ਬਰਾਂ ਦੀ ਥਾਂ , ਕਾਰਪੋਰੇਟ ਗਰੁਪਾਂ ਦੀਆਂ ਵੱਖ ਵੱਖ ਵਸਤੂਆਂ ਦੀਆਂ ਮਸ਼ਹੂਰੀਆਂ ਚੱਲ ਪਈਆਂ ਸਨ। ਰਾਜ ਦੇ ਮੂੰਹੋਂ ਨਿਕਲ ਗਿਆ, "ਏਹ ਵੀ ਦਿਮਾਗ ਚੱਟਣ ਲੱਗ ਜਾਂਦੇ ਨੇ।" ਉਸ ਨੇ ਟੀ.ਵੀ. ਦੀ ਆਵਾਜ਼ ਹੋਰ ਉੱਚੀ ਕਰ ਦਿੱਤੀ, "ਲਓ ਚੱਟ ਲਓ, ਇਹਦਾ ਦਿਮਾਗ।" ਸ਼ਕੁੰਤਲਾ ਵੱਲ ਇਸ਼ਾਰਾ ਕਰ ਦਿੱਤਾ।

ਸ਼ਕੁੰਤਲਾ ਨੂੰ ਉਸ ਨੇ ਲੰਮੀ ਪਾ ਦਿੱਤਾ। ਉਹ ਟੀ.ਵੀ. ਵੱਲ ਵੇਖਣ ਦੀ ਬਜਾਇ ਹੌਲੀ ਚੱਲਦੇ ਪੱਖੇ ਵੱਲ ਵੇਖਣ ਲੱਗ ਪਈ।

ਰਾਜ ਨੂੰ ਖਿਆਲ ਆਇਆ, ਉਹ ਹੁਣ ਕਰੇ ਤਾਂ ਕੀ ਕਰੇ, "ਚਲੋ ਟੀ.ਵੀ. ਰੌਲਾ ਪਾ ਰਿਹੈ। ਬੀਹੀ ਵਿਚੋਂ ਲੰਘੇ ਜਾਂਦੇ ਸੋਚਣਗੇ ਕਿ ਰਾਜ ਕਿਸੇ ਸੀਰੀਅਲ 'ਚ ਖੁਭਿਆ ਹੋਵੇਗਾ। ਉਸ ਨੂੰ



ਡਿਸਟਰਬ ਨਾ ਕੀਤਾ ਜਾਵੇ। ਮਿਲਣ ਆਇਆ ਚੁੱਪ ਕਰਕੇ ਲੰਘ ਜਾਵੇਗਾ।"

"ਰਾਜ ਜੀ ਚਾਹ ਵਾਲੇ ਕੱਪ ਬਗੈਰਾ ਉਪਰ ਲੇ ਆਨਾ। ਮੈਂ ਆਪਨੇ ਭੀ ਸਾਫ ਕਰਨੇ ਹੈਂ।" ਸ਼ਾਂਤੀ ਦੀ ਆਵਾਜ਼ ਨਾਲ ਰਾਜ ਦੇ ਕੰਨ ਖੜ੍ਹੇ ਹੋ ਗਏ ।

"ਹਾਂ ਹਾਂ ਲੇ ਆਤਾ ਹੂੰ ।" ਉਹ ਟੀ.ਵੀ. ਵਿਚ ਮਸ਼ਹੂਰੀਆਂ ਚਲਦੀਆਂ ਹੀ ਛੱਡ ਕੇ ਪੌੜੀ ਚੜ੍ਹ ਗਿਆ। ਉਸ ਨੇ ਸ਼ਾਂਤੀ ਨੂੰ ਚਾਹ ਵਾਲੇ ਕੱਪ ਅਤੇ ਪਤੀਲੀ ਫੜਾ ਦਿੱਤੇ। ਉਹਨਾਂ ਦੇ ਚਿਹਰੇ ਮੁਸਕਰਾ ਪਏ।

ਸ਼ਾਂਤੀ ਸ਼ੈਂਕ 'ਚ ਭਾਂਡੇ ਸਾਫ ਕਰਨ ਲੱਗ ਪਈ। ਰਾਜ ਮੁਸਕਰਾਉਂਦਾ ਹੋਇਆ ਸਿੱਧਾ ਹੀ ਬੈੱਡ 'ਤੇ ਜਾ ਕੇ ਪੈ ਗਿਆ, "ਓ ਹੋ , ਦੋ ਘੜੀ ਮੂੜ ਠੀਕ ਤਾਂ ਹੋਵੇਗਾ ਕਿਥੇ ਗਲ ਪਿਐ ਸਿਆਪਾ ਹੈ ? ਪੂਰੇ ਬਤਾਲੀ-ਤਰਤਾਲੀ ਸਾਲ ?...ਕਦੋਂ ਮੁਕਣਗੇ ? ਇਹ ਵੀ ਪਤਾ ਨਹੀਂ ਮੁੱਕਣ ਹੀ ਨਾ ਏਦੋਂ ਤਾਂ ਮੈਂ ਮੁੱਕ ਜਾਵਾਂ ਨਹੀਂ ਨਹੀਂ ਮੈਂ ਕਿਉਂ ?...ਮੇਰੇ ਸਾਰੇ ਕੰਮ ਹੋ ਰਹੇ ਨੇ। ਹਰ ਵੇਲੇ ਸ਼ਾਂਤੀ ਹੈ ਸੁਆਦੀ ਰੋਟੀ-ਸਬਜ਼ੀ ਬਣਾ ਦਿੰਦੀ ਹੈ। ਝਾੜੂ-ਪੋਚਾ ਲਾਉਂਦੀ ਹੈ। ਸਫਾਈਆਂ ਕਰਦੀ ਹੈ। ਟੀ.ਵੀ. 'ਚ ਮਸ਼ਹੂਰੀਆਂ ਨਾਲੋਂ ਵੀ ਵੱਧ ਸੋਹਣੀ ।"

"ਰਾਜ ਜੀ ? ਬੀਬੀ ਜੀ ਕੋ ਕਿਸੇ ਚੀਜ਼ ਕੀ ਲੋੜ ਤੋ ਨਾਹੀਂ ਮੈਂ ਦੇ ਆਤੀ ਹੂੰ ।" ਸ਼ਾਂਤੀ ਤੌਲੀਏ ਨਾਲ ਹੱਥ ਸਾਫ ਕਰਦੀ ਉਸ ਕੋਲ ਆ ਖੜੀ।

ਰਾਜ ਦੀ ਨਿਗਾਹ ਤੇਜ਼ ਚਲਦੇ ਪੱਖੇ ਦੇ ਨਾਲ ਨਾਲ ਸੋਚਾਂ ਦੀ ਲੜੀ ਚਲ ਰਹੀ ਸੀ। ਉਸ ਨੇ ਸ਼ਾਂਤੀ ਵੱਲ ਵੇਖਿਆ, "ਨਹੀਂ ਨਹੀਂ ਹੁਣ ਟਿਕ ਜਾਊਗੀ ਸਮਝੋ ਦੋ ਘੰਟੇ ਪਾਰ ।"

ਸ਼ਾਂਤੀ ਸ਼ੈਂਕ ਉੱਤੇ ਲੱਗੇ ਕੁੰਡੇ ਨਾਲ ਤੌਲੀਆ ਟੰਗ ਕੇ ਬਾਥਰੂਮ 'ਚ ਚਲੀ ਗਈ।

ਰਾਜ ਨੂੰ ਦੋ ਘੰਟੇ ਬਾਅਦ ਸ਼ਕੁੰਤਲਾ ਦਾ ਬਾਥਰੂਮ ਕਰਾਉਣਾ ਯਾਦ ਆ ਗਿਆ। ਉਹ ਘੜੀ ਵੱਲ ਵੇਖ ਕੇ ਫਟਾ ਫਟ ਪੌੜੀਆਂ ਉਤਰ ਗਿਆ। ਉਸ ਨੇ ਸ਼ਾਂਤ ਚਿਤ ਪਈ ਸ਼ਕੁੰਤਲਾ ਨੂੰ ਬਾਂਹ ਤੋਂ ਫੜ ਕੇ ਉਠਾਇਆ। ਪੈਰਾਂ 'ਚ ਚੱਪਲ ਪੁਆ ਕੇ ਬਾਥਰੂਮ ਵੱਲ ਤੋਰ ਲਿਆ। ਉਸ ਨੇ ਫਲੱਸ਼-ਸੀਟ ਉੱਤੇ ਬਿਠਾ ਦਿੱਤਾ। ਉਸ ਨੇ ਵੇਖਿਆ , ਸ਼ਕੁੰਤਲਾ ਨੇ ਬਾਥਰੂਮ ਕਰ ਲਿਆ ਹੈ ਤਾਂ ਉਸ ਨੂੰ ਬਾਂਹ ਤੋਂ ਫੜ ਕੇ ਉਠਾ ਲਿਆ ਅਤੇ ਬੈੱਡ ਕੋਲ ਕੁਰਸੀ ਉੱਤੇ ਬਿਠਾ ਦਿੱਤਾ। ਉਸ ਨੇ ਸੁੱਖ ਦਾ ਸਾਹ ਲਿਆ। ਉਸ ਦੇ ਬਰਾਬਰ ਹੀ ਕੁਰਸੀ ਉੱਤੇ ਬੈਠ ਗਿਆ।

ਰਾਜ ਦੇ ਮੁਬਾਇਲ ਦੀ ਘੰਟੀ ਵੱਜੀ। ਉਸ ਨੇ ਟੀ.ਵੀ. ਦੀ ਆਵਾਜ਼ ਬੰਦ ਕਰ ਦਿੱਤੀ। ਕਨੇਡਾ ਤੋਂ ਉਸ ਦੇ ਬੇਟੇ ਦਾ ਫੋਨ ਸੀ। ਬੇਟਾ ਆਪਣੀ ਮਾਂ ਦਾ ਹਾਲ-ਚਾਲ ਪੁੱਛ ਰਿਹਾ ਸੀ ਕਿ ਇੰਡੀਆ ਆ ਕੇ ਫਰਕ ਪਿਆ ਕਿ ਨਹੀਂ।

ਰਾਜ ਥੋੜ੍ਹੀ ਦੇਰ ਚੁੱਪ ਰਿਹਾ। ਬੇਟੇ ਨੇ ਫੇਰ ਕਾਹਲੀ ਨਾਲ ਪੁੱਛਿਆ, "ਬੋਲਦੇ ਕਿਉਂ ਨਹੀਂ ? ਇਹ ਸਭ ਤੁਹਾਡੀ ਵਜ੍ਹਾ ਨਾਲ ।"

ਰਾਜ ਨੂੰ ਬੋਲਣਾ ਪਿਆ, "ਹਾਂ ਹਾਂ ਮੇਰੀ ਈ ਪਤੈ ! ਮੈਂ ਹੀ ਹੁਣ ।"

ਉਸ ਦੇ ਬੇਟੇ ਨੇ ਕਿਹਾ, "ਤੁਸੀਂ ਏਸੇ ਲਾਇਕ ਹੋ ।" ਉਸ ਨੇ ਮੁਬਾਇਲ ਬੰਦ ਕਰ ਦਿੱਤਾ।

ਰਾਜ ਘਬਰਾ ਗਿਆ, " ਹੈਂ ਬੇਟਾ ਵੀ ਗੁੱਸੇ ਹੈ ? ਉਸ ਨੂੰ ਕਨੇਡਾ ਬੈਠੇ ਹੀ ਪਤਾ ਚਲ ਗਿਆ ਸੀ। ਉਸ ਨੇ ਉਥੇ ਮੇਰੇ ਸਾਹਮਣੇ ਕੋਈ ਅਜੇਹੀ ਗੱਲ ਨਹੀਂ ਸੀ ਕੀਤੀ।"

ਉਹ ਸੋਚਾਂ 'ਚ ਪੈ ਗਿਆ, 'ਬਥੇਰਾ ਇਲਾਜ ਕਰਾਇਆ। ਨਹੀਂ ਠੀਕ ਹੋ ਸਕੀ। ਚੁੱਕੀ ਫਿਰਦਾ ਰਿਹਾ। ਏਥੇ ਇਲਾਜ ਨਾ ਹੋਇਆ। ਬੇਟੇ ਕੋਲ ਕਨੇਡਾ ਲੈ ਗਿਆ। ਸ਼ਾਇਦ ਉਥੇ ਹੀ ਠੀਕ ਹੋ ਸਕੇ। ਬੇਟੇ ਨੂੰ ਸ਼ੱਕ ਸੀ ਕਿ ਇੰਡੀਆ 'ਚ ਇਲਾਜ ਨਹੀਂ ਹੋ ਸਕਿਆ। ਉਸ ਨੇ ਹੀ ਜ਼ੋਰ ਪਾਇਆ

ਸੀ ਕਿ ਏਥੇ ਲੈ ਆਓ। ਉਥੇ ਵੀ ਡਾਕਟਰਾਂ ਦਾ ਜੁਆਬ ਮਿਲ ਗਿਆ। ਏਥੇ ਵਾਪਸ ਆਉਣਾ ਹੀ ਸੀ। ਹਰ ਵੇਲੇ ਕੋਲ ਬੈਠਣਾ ਪੈਂਦਾ ਹੈ। ਸ਼ਾਂਤੀ ਸੇਵਾ ਕਰੀ ਜਾਂਦੀ ਹੈ। ਏਸੇ ਕਰਕੇ ਉਸ ਦੀ ਰਿਹਾਇਸ਼ ਉਪਰਲੇ ਪੋਰਸ਼ਨ ਵਿੱਚ ਕਰ ਦਿੱਤੀ ਸੀ। ਉਸ ਦਾ ਘਰ ਵਾਲਾ ਵੀ ਨਹੀਂ । ਨਾ ਕੋਈ ਬੱਚਾ ਹੈ। ਛੱਡ ਆਈ ਸੀ। ਉਸ ਨੂੰ ਦਿੱਸ ਪਿਆ ਸੀ ਕਿ ਏਸ ਘਰ ਦੀ ਮਾਲਕਣ ਤਾਂ ਬਣ ਹੀ ਗਈ ਹੈ।

ਰਾਜ ਦੀਆਂ ਸੋਚਾਂ ਦੀ ਲੜੀ ਅਜੇ ਟੁੱਟੀ ਨਹੀਂ ਸੀ। ਸ਼ੁਸ਼ਮਾ ਦਾ ਫੋਨ ਆ ਗਿਆ, "ਹੈਲੋ ਕਿਮੇਂ, ਬੀਤ ਰਹੀ ਹੈ ਜਬਰੀ ਸੇਵਾਮੁਕਤੀ ?"

ਰਾਜ ਦਾ ਚਿਹਰਾ ਖਿੜ ਗਿਆ, "ਹਾਂ ਜੀ, ਹਾਂ ਜੀ ਵਧੀਐ ਨਹੀਂ ਨਹੀਂ ਨਰਕ ਐ ।"

"ਨਰਕ ਕਿਉਂ ਹੈ। ਸ਼ਾਂਤੀ ਹੈ। ਹੋਰ ਕੋਈ ਨਾ ਕੋਈ ਐਸ਼ ਕਰਦੇ ਹੋ ਐਸ਼ ਚਲੋ ਛੱਡੋ ਹੁਣ।" ਸ਼ੁਸ਼ਮਾ ਦਾ ਦਿਲ ਸ਼ਾਇਦ ਕਾਹਲਾ ਪੈ ਰਿਹਾ ਸੀ।

ਰਾਜ ਨੇ ਵੀ ਕਾਹਲੇ ਪੈਂਦੇ ਨੇ ਕਿਹਾ, "ਨਹੀਂ ਨਹੀਂ । ਪਹਿਲਾਂ ਦਾ ਈ ਸਿਆਪਾ ਪਿਆ ਹੋਇਐ।"

ਸ਼ੁਸ਼ਮਾ ਬੋਲੀ, "ਹਾਂ ਸੱਚ ਸ਼ਾਂਤੀ ਐ ? ਅੱਜ ਕਿਸੇ ਦੇ ਮਰਨ ਦੀ ਛੁੱਟੀ ਹੋ ਗਈ ਐ ਏਥੇ ਆ ਜਾਓ ਗਏ ਹੋਏ ਨੇ ।"

"ਠੀਕ ਐ ।" ਰਾਜ ਝੱਟ ਤਿਆਰ ਹੋ ਗਿਆ ਤੇ ਜਾਂਦਾ ਹੋਇਆ ਸ਼ਾਂਤੀ ਨੂੰ ਆਵਾਜ਼ ਮਾਰ ਗਿਆ, "ਸ਼ਾਂਤੀ ਇਕ ਜ਼ਰੂਰੀ ਕੰਮ ਚੱਲਿਆਂ। ਸ਼ਕੁੰਤਲਾ ਦਾ ਖਿਆਲ ਰੱਖਣਾ।"

ਸ਼ਾਂਤੀ ਹੇਠਾਂ ਆ ਕੇ ਸ਼ਕੁੰਤਲਾ ਦੇ ਬਰਾਬਰ ਕੁਰਸੀ ਉੱਤੇ ਬੈਠ ਗਈ। ਉਸ ਨੂੰ ਵੇਖਦੀ ਅਤੇ ਨਿਹਾਰਦੀ ਰਹੀ। ਉਸ ਨੂੰ ਮਹਿਸੂਸ ਹੋਇਆ ਕਿ ਐਨੀ ਸੁਨੱਖੀ, ਗੁੰਦਵਾਂ ਸਰੀਰ ਤੇ ਦੀਵੇ ਵਾਂਗ ਬਲਦੀ ਅੱਖ, ਕਿਵੇਂ ਇੰਝ ਹੋ ਗਈ। ਸਭ ਕੁਝ ਵੇਖਦੀ ਹੈ। ਬੋਲਦੀ ਕਿਉਂ ਨਹੀਂ । ਆਪਣੇ ਆਪ ਸਭ ਕੁਝ ਕਰਦੀ ਕਿਉਂ ਨਹੀਂ। ਨਾਹੁਣਾ-ਧੋਣਾ,ਖਾਣਾ-ਪੀਣਾ,ਪਹਿਨਣਾ ਕਿਉਂ ਨਹੀਂ ਕਰ ਰਹੀ। ਦੂਜੇ ਪਲ ਹੀ ਉਸ ਨੂੰ ਖਿਆਲ ਆ ਗਿਆ, 'ਚਲੋ ਆਪਣਾ ਕੰਮ ਠੀਕ-ਠਾਕ ਚਲਦਾ ਪਿਐ, ਖਾਣਾ, ਰਹਿਣਾ, ਪਹਿਨਣਾ ਸਭ ਮਿਲ ਗਿਆ। ਮਕਾਨ 'ਤੇ ਕਬਜ਼ਾ ਵੀ ਹੋ ਜਾਊ। ਏਹਨਾਂ ਦੀ ਉਮਰ ਤਾਂ ਹਾਂ ਰਾਜ ਦੱਸਦਾ ਹੁੰਦੈ। ਇਹ ਐਵੇਂ ਮਨ 'ਤੇ ਲਾ ਕੇ ਬਹਿ ਗਈ।'

ਉਸ ਨੇ ਘੜੀ ਵੇਖੀ ।ਸ਼ਕੁੰਤਲਾ ਦਾ ਬਾਥਰੂਮ ਜਾਣ ਦਾ ਸਮਾਂ ਹੋ ਗਿਆ ਸੀ। ਐਨ ਪੂਰੇ ਸਮੇਂ 'ਤੇ ਉਸ ਨੂੰ ਕਰਾਉਣਾ ਪੈਂਦਾ ਹੈ। ਬਾਅਦ 'ਚ ਉਸ ਨੇ ਪਾਨੀ ਦਾ ਗਲਾਸ ਲਿਆ ਫੜਾਇਆ।

ਜਦੋਂ ਵੀ ਰਾਜ ਬਾਹਰ ਕਿਸੇ ਕੰਮ ਜਾਂਦਾ ਤਾਂ ਸ਼ਾਂਤੀ ਨੂੰ ਕਹਿ ਕੇ ਚਲਾ ਜਾਂਦਾ। ਉਹ ਬਹੁਤਾ ਚਿਰ ਸ਼ਕੁੰਤਲਾ ਕੋਲ ਬਹਿ ਨਹੀਂ ਸਕਦਾ ਸੀ। ਉਸ ਦਾ ਦਿਲ ਕਾਹਲਾ ਪੈਣ ਲੱਗ ਪੈਂਦਾ। ਸ਼ਕੁੰਤਲਾ ਆਪਣੀ ਡਿਊਟੀ ਤੋਂ ਆ ਕੇ ਬੱਚੇ ਨੂੰ ਪੜ੍ਹਾਉਣ ਲਈ ਪੂਰਾ ਸਮਾਂ ਦਿੰਦੀ। ਉਸ ਦਾ ਬੇਟਾ ਪੂਰੀ ਨਿਗਰਾਨੀ ਹੇਠ ਆਈ. ਆਈ. ਟੀ. ਦਾ ਕੋਰਸ ਕਰ ਗਿਆ। ਇਸ ਕਰਕੇ ਹੀ ਉਸ ਨੂੰ ਕਨੇਡਾ ਜਾਣ ਦਾ ਮੌਕਾ ਮਿਲ ਗਿਆ ਸੀ। ਉਸ ਨੇ ਓਧਰ ਹੀ ਆਪਣੇ ਨਾਲ ਕੰਮ ਕਰਦੀ ਕੁੜੀ ਨਾਲ ਵਿਆਹ ਰਚਾ ਲਿਆ ਸੀ।

ਸ਼ਕੁੰਤਲਾ ਵਿਹਲੀ ਹੋ ਕੇ ਰਾਜ ਦਾ ਇੰਤਜਾਰ ਕਰਦੀ ਰਹਿੰਦੀ। ਉਹ ਉਸ ਦੇ ਆਏ ਤੋਂ ਹੀ ਰੋਟੀ ਖਾਂਦੀ। ਰਾਜ ਰੋਟੀ ਖਾ ਕੇ ਉਸ ਨੂੰ ਪੈ ਜਾਣ ਲਈ ਕਹਿ ਦਿੰਦਾ। ਉਹ ਬਹੁਤੀ ਪ੍ਰਵਾਹ ਨਹੀਂ ਕਰਦਾ ਸੀ।

ਸ਼ਕੁੰਤਲਾ ਆਪਣੀਆਂ ਸਹੇਲੀਆਂ ਦੇ ਕਹੇ ਸੁਣੇ ਦਾ ਇਤਬਾਰ ਹੀ ਨਹੀਂ ਕਰਦੀ ਸੀ। ਉਹ ਰਾਜ ਨੂੰ ਇਕ ਵਧੀਆ ਅਧਿਆਪਕ ਅਤੇ ਇਨਸਾਨ ਕਹਿੰਦੀ ਰਹੀ ਸੀ।

ਇਕ ਵਾਰ ਰਾਜ ਦੇ ਸਕੂਲ ਵਿਚ ਇਕ ਗੱਲ ਦੇ ਉਡਣ ਦੀ ਖ਼ਬਰ ਦੀ ਭਿਣਕ ਵੀ ਸ਼ਕੁੰਤਲਾ ਤਕ ਪਹੁੰਚਣ ਨਹੀਂ ਸੀ ਦਿੱਤੀ। ਜੇ ਥੋੜ੍ਹੀ ਬਹੁਤੀ ਪਹੁੰਚੀ ਵੀ ਤਾਂ ਉਸ ਨੇ ਇਤਬਾਰ ਹੀ ਨਹੀਂ ਸੀ ਕੀਤਾ ਕਿ ਰਾਜ ਅਜੇਹਾ ਹੋ ਹੀ ਨਹੀਂ ਸਕਦਾ।



ਇਮਤਿਹਾਨ ਦੇ ਨੇੜੇ, ਰਾਜ ਦਸਵੀਂ ਜਮਾਤ ਦੀ ਇਕ ਕੁੜੀ ਨੂੰ ਇਕੱਲਿਆਂ ਵੇਖ ਕੇ ਗੱਲਾਂ ਗੱਲਾਂ ਵਿੱਚ ਹੀ ਪਤਿਆਉਣ ਲੱਗਾ ਸੀ। ਪਹਿਲਾਂ ਤਾਂ ਕੁੜੀ ਨੇ ਖਿਆਲ ਹੀ ਨਹੀਂ ਕੀਤਾ ਸੀ। ਜਦੋਂ ਅੱਗੇ ਵੱਧਣ ਲੱਗਾ ਤਾਂ ਕੁੜੀ ਨੇ ਉਸ ਦਾ ਹੱਥ ਝੱਟਕ ਦਿੱਤਾ ਸੀ। ਹੈੱਡਮਾਸਟਰ ਦੇ ਕਮਰੇ 'ਚ ਜਾ ਕੇ ਰੋਣ ਲੱਗ ਪਈ ਸੀ। ਹੈੱਡਮਾਸਟਰ ਅਤੇ ਬਾਕੀ ਸਟਾਫ ਨੇ ਰਾਜ ਨੂੰ ਬੁਲਾ ਕੇ ਕੁੜੀ ਦੇ ਪੈਰੀਂ ਹੱਥ ਲੁਆਏ ਸਨ। ਰਾਜ ਮਿੰਨਤਾਂ ਕਰਕੇ ਛੁੱਟਿਆ ਸੀ। ਸਕੂਲ ਤੋਂ ਬਾਹਰ ਵੀ , ਇਹ ਗੱਲ ਨਹੀਂ ਨਿਕਲਣ ਦਿੱਤੀ ਤਾਂ ਕਿ ਕੁੜੀ ਦੇ ਚਾਲ-ਚਲਣ ਉੱਤੇ ਵੀ ਸ਼ੱਕ ਨਾ ਹੋ ਸਕੇ।

ਹਰ ਕੋਈ ਸ਼ਕੁੰਤਲਾ ਦੀ ਖ਼ਬਰ ਨੂੰ ਆਉਂਦਾ। ਰਾਜ ਚੁੱਪ ਜਿਹਾ ਕਰ ਜਾਂਦਾ। ਉਹ ਬੋਲ ਹੀ ਨਹੀਂ ਸਕਦਾ ਸੀ। ਉਹ ਕਿਹੜੀ ਕਿਹੜੀ ਘਟਨਾ ਦੱਸੇ। ਹਰ ਘਟਨਾ ਉਸ ਨੂੰ ਆਪਣੇ ਆਪ ਹੀ ਸ਼ਰਮਿੰਦਗੀ ਮਹਿਸੂਸ ਕਰਾ ਰਹੀ ਸੀ। ਖ਼ਬਰਸਾਰ ਲੈਣ ਵਾਲਿਆਂ ਨੂੰ ਪਤਾ ਸੀ ਕੀ ਬਿਮਾਰੀ ਹੈ ਤੇ ਕਿਸ ਕਾਰਨ ਹੋਈ ਹੈ।

ਰਾਜ ਇਕੱਲਾ ਬੈਠਾ ਸੋਚਦਾ ਰਹਿੰਦਾ, 'ਮੈਂ ਕਿਉਂ ਗਲਤੀ ਕੀਤੀ। ਕਿਉਂ ਮੈਤੋਂ ਹੱਟ ਨਾ ਹੋਇਆ। ਇਸ ਭਗਤਣੀ ਨੂੰ ਮਰਿਆਂ ਬਰੋਬਰ ਕਿਉਂ ਕਰ ਦਿੱਤਾ। ਆਪ ਵੀ ਮਰਿਆਂ ਨਾਲੋਂ ਵੱਧ ਹੋ ਗਿਆ। ਇਸ ਤੋਂ ਜ਼ਿਆਦਾ ਸਜ਼ਾ ਮੈਂ ਕੱਟ ਰਿਹਾਂ। ਏਨਾ ਇਲਾਜ ਕਰਾਇਆ, ਫਿਰ ਵੀ ਠੀਕ ਨਾ ਹੋਈ। ਸਾਰੇ ਰਿਸ਼ਤੇਦਾਰ ਵੀ ਛੱਡ ਗਏ। ਪਹਿਲਾਂ ਆ ਕੇ ਲਾਹਨਤਾਂ ਪਾਉਂਦੇ ਰਹੇ। ਹੁਣ ਸਾਰੇ ਦੁਰਕਾਰਦੇ ਨੇ। ਕਮੀਨਾ, ਨੀਚ, ਪਾਗਲ ਤਕ ਕਹਿ ਰਹੇ ਨੇ। ਪਤਾ ਨਹੀਂ ਮੈਤੋਂ ਕਿਉਂ ਨਹੀਂ ਰਹਿ ਹੁੰਦਾ। ਐਵੇਂ ਮੌਕਾ ਮਿਲਦਿਆਂ ਹੀ ਹਰੇਕ ਵੱਲ ਖਿਚਿਆ ਜਾਨਾ। 'ਵਾਰਸਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।' ਹੁਣ ਪਛਤਾ ਵੀ ਰਿਹਾਂ। ਸ਼ੁਸ਼ਮਾ ਤਾਂ ਮਗਰ ਹੀ ਪੈ ਗਈ। ਉਹ ਮੇਰੇ ਕੋਲੋਂ ਪਰਸਨਲ ਲੋਨ ਕਰਾ ਕੇ ਦੋ ਲੱਖ ਰੁਪਿਆ ਬਟੋਰ ਗਈ। ਉਸ ਨੇ ਮੋੜਨਾ ਤਾਂ ਹੈ ਨਹੀਂ। ਬੈਂਕ ਦੀਆਂ ਕਿਸਤਾਂ ਮੈਂ ਕਟਵਾਉਂਦਾ ਹਾਂ। ਉਸ ਨੇ ਹੋਰ ਪਤਾ ਨਹੀਂ ਕਿੰਨੀਆਂ ਕੁ ਤੋਂ ਕਰਜ਼ਾ ਕਢਵਾ ਕੇ, ਸੂਰਜ ਕਲੋਨੀ ਵਿਚ ਘਰ ਬਣਾ ਲਿਆ ਹੈ। ਉਸ ਨੂੰ ਸ਼ਕੁੰਤਲਾ ਦੇ ਚੁੱਪ ਕਰ ਜਾਣ ਦਾ ਭੋਰਾ ਵੀ ਅਫਸੋਸ ਨਹੀਂ ਹੋਇਆ। ਉਹ ਉਸੇ ਤਰ੍ਹਾਂ ਪੈਸੇ ਇਕੱਠੇ ਕਰਨ ਤੁਰੀ ਰਹਿੰਦੀ ਹੈ।

ਮੈਂ ਪਾਵੇ ਨਾਲ ਬੰਨਿਆਂ ਬੈਠਾਂ। ਸ਼ਕੁੰਤਲਾ ਨੂੰ ਕੋਈ ਸੁਰਤ ਨਹੀਂ। ਨਾ ਖਾਣ ਦੀ, ਨਾ ਪੀਣ ਦੀ, ਨਾ ਪਹਿਨਣ ਦੀ। ਜੋ ਕੁਝ ਕਹੀਏ ਕਰੀ ਜਾਂਦੀ ਹੈ। ਸਵੇਰੇ ਸ਼ਾਮ ਸੈਰ ਲਈ ਲੈ ਕੇ ਨਿਕਲਦਾਂ। ਨਾਲ ਨਾਲ ਤੁਰੀ ਜਾਂਦੀ ਹੈ, ਜਿਵੇਂ ਲਾਸ਼ ਤੁਰੀ ਜਾ ਰਹੀ ਹੋਵੇ। ਜਿੰਨੀ ਦੂਰ ਮਰਜੀ ਲੈ ਜਾਵਾਂ । ਥੱਕਦੀ ਨਹੀਂ। ਹੌਲੀ ਹੌਲੀ ਤੁਰੀ ਜਾਊ।'

"ਰਾਜ ਜੀ ਰੋਟੀ ਪਕਾਵਾਂ ?" ਸ਼ਾਂਤੀ ਨੇ ਉਪਰੋਂ ਹੀ ਆਵਾਜ਼ ਮਾਰ ਕੇ ਪੁੱਛਿਆ।

ਰਾਜ ਚੁੱਪ ਰਿਹਾ। ਉਸ ਨੂੰ ਸਮਝ ਹੀ ਨਾ ਆ ਸਕੀ, ਸ਼ੁਸ਼ਮਾ ਹੈ ਜਾਂ ਹਰਪ੍ਰੀਤ ਜਾਂ ਕੁਲਦੀਪ ਜਾਂ ਪਤਾ ਨਹੀਂ ਕਿੰਨੀਆਂ ਦੀ ਆਵਾਜ਼ ਰਲ ਗੱਡ ਹੋ ਗਈ ਸੀ। ਉਹ ਘਬਰਾ ਕੇ ਸ਼ਕੁੰਤਲਾ ਵੱਲ ਵੇਖਣ ਲੱਗ ਪਿਆ। ਸ਼ਾਇਦ ਉਹ ਹੀ ਬੋਲ ਪਵੇ। ਉਹ ਏਸੇ ਤਰ੍ਹਾਂ ਆਵਾਜ਼ ਮਾਰ ਕੇ ਪੁੱਛਿਆ ਕਰਦੀ ਸੀ। ਅੱਜ ਕਿਉਂ ਸਾਰੀਆਂ ਆਵਾਜ਼ਾਂ ਰਲ ਗੱਡ ਹੋ ਗਈਆਂ ।

"ਰਾਜ ਜੀ ਬੋਲੇ ਨੀ, ਸੁੱਤੇ ਹੋ ?" ਸ਼ਾਂਤੀ ਨੇ ਫਿਰ ਆਵਾਜ਼ ਮਾਰੀ।

ਰਾਜ ਨੂੰ ਹੁਣ ਸਮਝ ਆਈ ਕਿ ਇਹ ਸ਼ਾਂਤੀ ਬੋਲ ਰਹੀ ਹੈ। ਉਸ ਨੇ ਛੇਤੀ ਨਾਲ ਕਿਹਾ, "ਹਾਂ ਹਾਂ ਬਣਾ ਲਓ ਓਨਾ ਚਿਰ ਮੈਂ ਸ਼ਕੁੰਤਲਾ ਨੂੰ ਨੁਹਾਉਣ ਲਈ ਬਾਥਰੂਮ ਲੈ ਕੇ ਜਾਨਾ ।"

ਉਹ ਉੱਠ ਕੇ ਸ਼ਕੁੰਤਲਾ ਨੂੰ ਬਾਥਰੂਮ 'ਚ ਲੈ ਗਿਆ ਤੇ ਸ਼ਕੁੰਤਲਾ ਨੂੰ ਨੁਹਾਉਣ ਲੱਗ ਪਿਆ। ਜਿਸ ਸਰੀਰ ਨਾਲ ਉਹ ਲਿਪਟਿਆ ਕਰਦਾ ਸੀ, ਉਸ ਨੂੰ ਹੱਥ ਲਾਇਆਂ ਵੀ ਕੋਈ ਉਤੇਜਨਾ ਨਹੀਂ ਜਾਗਦੀ। ਉਸ ਨੂੰ ਲੱਗਦਾ ਜਿਵੇਂ ਰਬੜ ਦੀ ਗੁੱਡੀ ਹੋਵੇ। ਉਸ ਦੇ ਕੱਪੜੇ ਪਾ ਕੇ

ਕੁਰਸੀ ਉੱਤੇ ਬਿਠਾ ਦਿੰਦਾ। ਉਸ ਦਾ ਸਿਰ ਵਾਹ ਕੇ ਵਾਲਾਂ 'ਚ ਰਬੜ ਪਾ ਕੇ ਖੁੱਲ੍ਹੇ ਛੱਡ ਦਿੰਦਾ। ਉਸ ਨੂੰ ਗੁਤ ਕਰਨੀ ਹੀ ਨਹੀਂ ਆਉਂਦੀ ਸੀ। ਕਦੇ ਕਦੇ ਸ਼ਾਂਤੀ ਇਹ ਕੰਮ ਕਰਦੀ ਤੇ ਚੰਗੀ ਤਰ੍ਹਾਂ ਗੁੱਤ ਵੀ ਗੁੰਦ ਦਿੰਦੀ। ਰਾਤ ਨੂੰ ਪਿਆਂ ਪਿਆਂ ਹੀ ਉਸ ਨੂੰ ਜੇ ਕਦੇ ਉਤੇਜਨਾ ਜਾਗਦੀ ਤਾਂ ਉਹ ਰਬੜ ਦੀ ਗੁੱਡੀ ਨੂੰ ਮਧੋਲਦਾ ਰਹਿੰਦਾ। ਸ਼ਾਇਦ ਸ਼ਕੁੰਤਲਾ ਕੁਝ ਬੋਲ ਹੀ ਪਵੇ।

ਉਹ ਬੈਠਾ ਸੋਚ ਰਿਹੈ, "ਕੀ ਕਰਾਂ, ਕਿਧਰ ਜਾਵਾਂ। ਇਸ ਨੂੰ ਛੱਡ ਕੇ ਕਿਤੇ ਜਾ ਵੀ ਨਹੀਂ ਸਕਦਾ। ਬੇਟੇ ਕੋਲ ਕਨੇਡਾ ਵੀ ਘੁੰਮ ਆਏ। ਉਹ ਸ਼ਕੁੰਤਲਾ ਨੂੰ ਸੰਭਾਲ ਨਹੀਂ ਸਕਦੇ। ਉਹਨਾਂ ਕੋਲ ਸਮਾਂ ਹੀ ਨਹੀਂ। ਦੋਹਾਂ ਦੇ ਰਹਿਣ ਲਈ ਭਾਰ ਵੀ ਨਹੀਂ ਚੁੱਕ ਸਕਦੇ। ਹੁਣ ਹੋਰ ਕਿਤੇ ਜਾ ਨਹੀਂ ਸਕਦਾ। ਡਾਕਟਰਾਂ ਨੇ ਵੀ ਹੱਥ ਖੜ੍ਹੇ ਕਰ ਦਿੱਤੇ। ਉਹਨਾਂ ਕੋਲ ਕੋਈ ਜੁਆਬ ਨਹੀਂ। ਕੋਈ ਹੱਲ ਨਹੀਂ ਲੱਭ ਰਿਹਾ। ਉਹ ਉਲਟਾ ਡਾਂਟ ਦਿੰਦੇ, "ਤੂੰ ਹੀ ਗਲਤੀਆਂ ਕੀਤੀਆਂ ਨੇ, ਹੁਣ ਭੁਗਤੀ ਚਲ।"

ਰਾਜ ਚੀਕਿਆ, 'ਹਾਂ ਹਾਂ ਭੁਗਤਦਾਂ ਇਸ ਨੂੰ ਕੋਈ ਸੁਰਤ ਈ ਨਹੀਂ। ਜੇ ਫਲੱਸ਼ ਤੇ ਬਾਥਰੂਮ ਸਮੇਂ ਸਿਰ ਨਾ ਕਰਾਵਾਂ ਤਾਂ ਬੈੱਡ ਉੱਤੇ ਹੀ ਨਿਕਲ ਜਾਂਦੈ। ਸਾਰੇ ਕੱਪੜੇ ਬਦਲਦਾਂ। ਧੋਣ ਵਾਲਿਆਂ 'ਚ ਰੱਖ ਦਿੰਦਾ ਹਾਂ। ਸ਼ਾਂਤੀ ਵਾਸ਼ਿੰਗ-ਮਸ਼ੀਨ 'ਚ ਕੱਪੜੇ ਪਾ ਕੇ ਰਗੜੇ ਦੇ ਦਿੰਦੀ ਹੈ।'

'ਹਾਇ ਹਾਇ ਸ਼ੁਸ਼ਮਾ ਕਿਥੋਂ ਆ ਗਈ ਪੁਆੜੇ ਦੀ ਜੜ੍ਹ। ਨਾ ਹਟੀ। ਉਹ ਪੱਕੀ ਸੂਹ ਪਤਾ ਨਹੀਂ ਕਿਸ ਨੇ ਦੇ ਦਿੱਤੀ। ਨਾਲ ਦੇ ਸਾਥੀਆਂ ਨੇ ਹੀ ਦਿੱਤੀ ਹੈ। ਉਹ ਜ਼ਰ ਹੀ ਨਹੀਂ ਸਕੇ। ਉਹ ਤਾਂ ਕਈਆਂ ਨਾਲ ਜਾਂਦੀ ਹੈ।'

'ਸ਼ਕੁੰਤਲਾ ਵੀ ਉਹਨਾਂ ਦਾ ਇਤਬਾਰ ਨਹੀਂ ਸੀ ਕਰਦੀ। ਉਸ ਨੂੰ ਮੇਰੇ 'ਤੇ ਪੱਕਾ ਯਕੀਨ ਸੀ। ਉਹ ਸੋਚਦੀ, ਜਦ ਉਹ ਆਪ ਹਰ ਪੱਖ ਤੋਂ ਠੀਕ ਹੈ, ਫਿਰ ਰਾਜ 'ਤੇ ਵੀ ਕਿਵੇਂ ਸ਼ੱਕ ਕਰੇ। ਜਦ ਉਸ ਨੇ ਆਪ ਕੁਝ ਵੇਖਿਆ ਸੁਣਿਆਂ ਹੀ ਨਹੀਂ। ਸਹੇਲੀਆਂ ਨੇ ਹੀ ਵਾਰ ਵਾਰ ਕਹਿ ਕੇ ਸ਼ਕੁੰਤਲਾ ਨੂੰ ਘਰ ਭੇਜਿਆ। ਨਾਲ ਹੀ ਪੰਡਤ ਤੇ ਹੋਰ ਵੀ ਚੁੱਕਣਾ ਦੇਈ ਗਏ। ਉਹਨਾਂ ਸਾਰਿਆਂ ਦੀ ਚੁੱਕੀ ਚਕਾਈ ਸ਼ਕੁੰਤਲਾ ਐਨ ਸਮੇਂ ਸਿਰ ਘਰ ਆ ਪਹੁੰਚੀ। ਰਾਜ ਤੋਂ ਬੂਹੇ ਨੂੰ ਵੀ ਕਾਹਲੀ 'ਚ ਕੁੰਡਾ ਨਹੀਂ ਲਾਇਆ ਗਿਆ ਸੀ। ਸ਼ਕੁੰਤਲਾ ਸਿੱਧੀ ਬੈੱਡ ਕੋਲ ਆ ਖੜ੍ਹੀ। ਜਿਵੇਂ ਉਸ ਨੂੰ ਸ਼ੱਕ ਪਾਇਆ ਗਿਆ ਸੀ। ਉਸ ਦਾ ਤੀਰ ਐਨ ਨਿਸ਼ਾਨੇ 'ਤੇ ਵੱਜਾ।'

'ਸ਼ਕੁੰਤਲਾ ਦਾ ਚਿਹਰਾ ਇਕਦਮ ਭਿਆਨਕ ਰੂਪ ਧਾਰ ਗਿਆ ਸੀ। ਅੱਖਾਂ ਫੱਟਣ ਵਾਲੀਆਂ ਹੋ ਗਈਆਂ ਸਨ। ਉਹ ਕੰਬਣ ਲੱਗ ਪਈ, ਜਿਵੇਂ ਪਾਟ ਰਹੀ ਹੋਵੇ। ਉਸ ਦੇ ਖੂਨ ਦੀਆਂ ਨਾੜਾਂ ਫੁਲ ਕੇ ਬਾਹਰ ਆਉਣ ਨੂੰ ਤਿਆਰ ਹੋ ਗਈਆਂ ਸਨ, ਜਿਵੇਂ ਫੱਟ ਕੇ ਧਮਾਕਾ ਹੋ ਜਾਵੇਗਾ।'

'ਮੇਰਾ ਖੂਨ ਇਕਦਮ ਜੰਮ ਗਿਆ ਸੀ। ਉਸ ਵੱਲ ਵੇਖ ਨਹੀਂ ਸਕਿਆ। ਸ਼ੁਸ਼ਮਾ ਸ਼ੁਸ਼ਮਾ ਹੱਸਦੀ ਹੋਈ ਚਲੀ ਗਈ ਸੀ।'

'ਸ਼ਕੁੰਤਲਾ ਘੁਮੇਰ ਖਾ ਕੇ ਬੈੱਡ ਉੱਤੇ ਡਿਗ ਪਈ ਸੀ। ਉਹ ਐਸੀ ਗੁੰਮ ਹੋਈ, ਮੁੜ ਬੋਲੀ ਹੀ ਨਹੀਂ। ਕਨੇਡਾ ਤਕ ਘੁੰਮ ਆਏ। ਡਾਕਟਰ ਏਹੋ ਕਹੀ ਜਾਂਦੇ ਨੇ ਕਿ ਇਕ ਦਮ ਅਚਾਨਕ ਸਦਮਾ ਲੱਗਣ ਨਾਲ ਸੋਚਣ ਸ਼ਕਤੀ ਖਤਮ ਹੋ ਗਈ। ਦਿਮਾਗ ਡੈਡ।'

'ਉਹ ਟੀ.ਵੀ. ਉੱਤੇ ਆਈ ਨਰਸ ਦੀ ਖ਼ਬਰ ਸੱਚੀ ਸੀ। ਉਸ ਨੂੰ ਸਦਮਾ ਲੱਗਿਆ ਸੀ। ਉਸ ਨੂੰ ਅੱਲੜ੍ਹ ਉਮਰੇ ਬਲਾਤਕਾਰ ਦਾ ਸਦਮਾ ਐਨਾ ਲੱਗਿਆ, ਦਿਮਾਗ ਡੈੱਡ ਹੋ ਗਿਆ। ਉਸ ਨੂੰ ਸਾਥੀ ਨਰਸਾਂ ਨੇ ਮਰਨ ਤਕ ਬਤਾਲੀ ਸਾਲ ਸਾਂਭੀ ਰੱਖਿਆ।'

'ਸ਼ਕੁੰਤਲਾ ਨੂੰ ਤਾਂ ਅਜੇ ਪੰਜ ਕੁ ਸਾਲ ਹੀ ਹੋਏ ਨੇ। ਪਤਾ ਨਹੀਂ ਹੋਰ ਕਿੰਨਾਂ ਕੁ ਚਿਰ ?...ਪੂਰੇ ਬਤਾਲੀ ਤਰਤਾਲੀ ਸਾਲ ..ਹੈਂ ?' ਉਸ ਦਾ ਹਾਉਕਾ ਨਿਕਲ ਗਿਆ।

ਸ਼ਕੁੰਤਲਾ ਹੌਲੀ ਹੌਲੀ ਚੱਲਦੇ ਪੱਖੇ ਵੱਲ ਇਕਟੱਕ ਵੇਖੀ ਜਾ ਰਹੀ ਸੀ।



# ਸੱਪ/ਸਰੂਪ ਸਿਆਲਵੀ

ਇਕ ਰਾਤ ਸੁੱਤੀ ਪਈ ਨੂੰ ਮੈਨੂੰ ਦਬਾਅ ਜਿਹਾ ਪਿਆ। ਜਿਵੇਂ ਇਕ ਬੰਦਾ ਦਰਵਾਜ਼ੇ ਵਿਚੋਂ ਲੰਘ ਕੇ ਆਇਆ ਤੇ ...ਮੇਰੇ ਬੈੱਡ ਉੱਤੇ ਆ ਕੇ ਮੇਰੇ ਨਾਲ ਪੈ ਗਿਆ। ਇਹ ਦਬਾਅ ਮੈਨੂੰ ਮਹੀਨੇ ਵਿਚ ਨੂੰ ਦੋ, ਤਿੰਨ ਵਾਰੀ ਪੈਣ ਲੱਗ ਪਿਆ ਸੀ। ਫਿਰ ਮਹੀਨੇ ਵਿਚ ਨੂੰ ਕਈ ਵਾਰੀ। ਇਕ ਦਿਨ ਮੈਂ ਡਰਦੀ-ਡਰਦੀ ਨੇ ਇਹ ਦਬਾਅ ਪੈਣ ਦੀ ਗੱਲ ਆਪਣੇ ਹਸਬੈਂਡ ਹਰਬਖਸ਼ ਸਿੰਘ ਨੂੰ ਵੀ ਦੱਸ ਦਿੱਤੀ ਸੀ। ਹਰਬਖਸ਼ ਨੇ ਇਸ ਦੀ ਕੋਈ ਚਿੰਤਾ ਜਾਹਰ ਨਹੀਂ ਕੀਤੀ, ਸਗੋਂ ਆਪਣੇ ਸੁਭਾ ਅਨੁਸਾਰ ਹੱਸਦਿਆਂ ਮੁਸਕ੍ਰਾਂਦਿਆਂ ਮੈਨੂੰ ਬਾਹਾਂ ਵਿਚ ਲੈ ਕੇ ਚੁੰਮਣ ਲੱਗ ਪਿਆ ਸੀ ਤੇ ਆਖਿਆ ਸੀ, "ਕਰਦੇ ਆਂ ਇਸ ਦਾ ਕੋਈ ਹੱਲ ਆ।" ਜਿਸ ਦਿਨ ਦਾ ਮੈਨੂੰ ਦਬਾਅ ਪੈਣ ਬਾਰੇ, ਆਪਣੇ ਹਸਬੈਂਡ ਹਰ ਨੂੰ ਦੱਸਿਆ ਸੀ, ਮੈਨੂੰ ਦਿਨ ਵਿਚ ਵੀ ਘਰ ਦੀ ਹਵਾ ਵਿਚੋਂ 'ਸਾਂ-ਸਾਂ' ਦੀ ਅਵਾਜ਼ ਭੈਅ ਆਉਣ ਲੱਗ ਪਿਆ ਸੀ। ਮੇਰੇ ਏਧਰ-ਉਧਰ ਤੁਰਦੀ ਫਿਰਦੀ ਦੇ ਪੈਰ ਕਬਰਸਤਾਨ ਵੱਲ ਮੁੜਦੇ ਰਹਿੰਦੇ ਜਿਵੇਂ ਮੈਨੂੰ ਕੋਈ ਕਬਰਸਤਾਨ ਵੱਲ ਜਾਣ ਲਈ ਜਬਰਦਸਤੀ ਖਿਚ ਰਿਹਾ ਹੋਵੇ। ਮੈਂ ਜੋਰਾ-ਜਬਰੀ ਆਪਣੇ ਪੈਰਾਂ ਨੂੰ ਘਰ ਵੱਲ ਮੋੜਦੀ। ਮੈਨੂੰ ਕਲਪਨਾ ਵਿਚ ਸਾਡੇ ਘਰ ਆਏ ਸਿਆਣੇ, ਪੱਟਾ ਪੂਰ ਕੇ...ਮੇਰੀ ਪਿੱਠ, ਬਾਹਾਂ ਤੇ ਲੱਤਾਂ ਉੱਤੇ ਚਿਮਟੇ ਮਾਰਦੇ ਨਜ਼ਰ ਆਉਂਦੇ, ਅਖੇ 'ਤੇਰੇ ਵਿਚੋਂ ਕਢਕੇ ਛੱਡਾਂਗੇ ਭੂਤ...ਜਿਹੜਾ ਤੇਰੇ ਨਾਲ...'

ਪਰ ਮੇਰੇ ਹਸਬੈਂਡ ਹਰ ਨੇ ਅਜਿਹਾ ਕੁਝ ਵੀ ਨਹੀਂ ਸੀ ਹੋਣ ਦਿੱਤਾ। ਉਹ ਇਕ ਦਿਨ ਮੈਨੂੰ ਕਾਰ ਵਿਚ ਬਿਠਾਕੇ, ਸਾਡੀ ਛਪੰਜਾ ਸੈਕਟਰ ਵਾਲੀ ਕੋਠੀ ਵਿਚੋਂ ਸਾਡੇ ਜੱਦੀ ਪਿੰਡ ਕਿਸ਼ਨਪੁਰਾ ਕੋਲ ਨੂੰ ਲੰਘਕੇ ਕਾਕਰੋਂ ਪਿੰਡ ਵਿੱਚ ਪਹੁੰਚ ਗਿਆ ਸੀ। ਅਸੀਂ ਕਾਰ ਇਕ ਟਿਊਬਵੈਲ ਕੋਲ ਖੜ੍ਹੀ ਕੀਤੀ ਤੇ ਪੁਛਾ-ਪੁਛਾ ਕੇ ਡੰਗਰ ਚਾਰਦੇ ਬਜ਼ੁਰਗ ਕੇਸਰ ਸਿੰਘ ਕੋਲ ਜਾ ਪਹੁੰਚੇ। ਸਫੇਦ ਕਪੜੇ ਤੇ ਚਿੱਟੀ ਦਾੜ੍ਹੀ ਵਾਲੇ ਬਜ਼ੁਰਗ, ਕੇਸਰ ਸਿੰਘ ਨੇ ਮੈਨੂੰ ਇਕ ਦਰਖਤ ਦੀ ਛਾਂ ਵਿਚ ਆਪਣੇ ਸਾਹਮਣੇ ਬਿਠਾ ਲਿਆ ਸੀ। ਮੈਂ ਉਸਨੂੰ ਦਬਾਅ ਪੈਣ ਦੀ ਸਾਰੀ ਗੱਲ ਦੱਸੀ। ਉਸਨੇ ਪੁੱਛਿਆ, "ਸੰਗ ਵੀ ਕਰਦੇ ?" "ਹਾਂ ਜੀ" "ਹਟ ਜੂ ਗਾ।" ਉਹਨੇ ਮੇਰੇ ਚਿਹਰੇ ਵੱਲ ਫੂਕਾਂ ਮਾਰੀਆਂ। ਮੈਨੂੰ ਰਾਹਤ ਮਹਿਸੂਸ ਹੋਣ ਲੱਗੀ। ਮੈਨੂੰ ਸੁਣਿਆ ਜਿਵੇਂ ਉਹ 'ਮੈੜ-ਮੈੜ' ਹੱਡੀਆਂ ਚੱਬ ਰਿਹਾ ਸੀ। "ਲੈ ਚੱਬ ਦਿੱਤੀਆਂ ਭੂਤ ਦੀਆਂ ਹੱਡੀਆਂ ਹੁਣ ਬੇ ਡਰ ਹੋ ਕੇ ਘਰ ਨੂੰ ਜਾਓ।" ਇਹ ਸਾਨੂੰ ਬਾਦ ਵਿਚ ਪਤਾ ਲੱਗਿਆ ਕਿ ਕੇਸਰ ਸਿੰਘ ਕਾਕਰੋਂ, ਇਕ ਤਰਕਸ਼ੀਲ ਆਗੂ ਸੀ। ਉਹ ਭੂਤਾਂ-ਪ੍ਰੇਤਾਂ ਦਾ ਡਰ ਦੂਰ ਕਰਨ ਲਈ ਦੰਦ ਕੜਕਾ ਕੇ ਹੱਡੀਆਂ ਚੱਬਣ ਆਦਿ ਕਈ ਆਵਾਜ਼ਾਂ ਕੱਢ ਸਕਦਾ ਸੀ।

ਮੈਨੂੰ ਘਰ ਵਿਚੋਂ ਭੈ ਆਉਣ ਤੋਂ ਹਟ ਗਿਆ ਸੀ। ਮੇਰੇ ਸਿਰ ਉਤੋਂ ਭਾਰ ਉਤਰ ਗਿਆ ਸੀ। ਮੇਰਾ ਸਰੀਰ ਹੌਲਾ ਫੁੱਲ ਹੋ ਗਿਆ ਸੀ ਤੇ ਮੇਰੇ ਪੈਰ ਕਬਰਸਤਾਨ ਵੱਲ ਜਾਣ ਤੋਂ ਰੁਕ ਗਏ ਸਨ।...ਪਰ ਮੇਰੇ ਪੈਰ...ਮੇਰੇ ਡੈਡੀ, ਦਵੇਸ਼ਵਰ ਸਿੰਘ ਦੇ ਰਤਾ ਝਿੜਕਣ ਉੱਤੇ...ਉਹਦੇ ਘਰ ਵੱਲ ਖਿਚੇ ਚਲੇ ਜਾਂਦੇ ਸਨ। ਜਿਸਦੇ ਬਾਰੇ ਮੈਂ ਆਪਣੇ ਹਸਬੈਂਡ ਨੂੰ ਵੀ ਦੱਸ ਨਹੀਂ ਸਕਦੀ ਸੀ।

ਇਕ ਵਾਰੀ ਮੈਂ ਬਡਹੇੜੀ ਪਿੰਡ, 41 ਸੈਕਟਰ ਪੇਕੇ ਗਈ ਹੋਈ ਸੀ। ਕੋਲ ਲੰਘਣ ਲੱਗਿਆ ਮੇਰਾ ਹਸਬੈਂਡ ਹਰ ਮੈਨੂੰ ਮਿਲਣ ਆ ਗਿਆ ਸੀ। ਮੈਂ ਉਹਦੀ ਕਾਰ ਦੇ ਹੌਰਨ ਦੀ ਅਵਾਜ਼ ਪਛਾਣ ਕੇ ਝੱਟ ਵਿਹੜੇ ਦਾ ਗੇਟ ਖੋਲ੍ਹ ਦਿੱਤਾ ਸੀ। ਹਰ, ਸਹੁਰੇ ਘਰ ਸਵੇਰੇ ਘਰੋਂ ਜਾਣ ਲੱਗਿਆ, ਸੱਸ ਤੇ ਸਹੁਰੇ ਦੇ ਸਾਹਮਣੇ ਮੈਨੂੰ ਕਿੱਸ ਕਰਕੇ ਜਾਂਦਾ ਸੀ। ਉਹ ਮੇਰੇ ਪੇਕੇ ਘਰ ਮੈਨੂੰ ਮਿਲਣ ਆਇਆ, ਮੇਰੇ ਮੰਮੀ, ਡੈਡੀ ਦੇ ਸਾਹਮਣੇ ਵੀ ਮੈਨੂੰ ਪਿਆਰ ਨਾਲ ਕਿੱਸ ਕਰਨ ਲੱਗ ਪਿਆ ਸੀ। ਡੈਡੀ ਨੇ ਭਲਾ ਇਹ ਕਿਥੇ ਜਰਨਾ ਸੀ। ਉਹੀ ਗੱਲ ਹੋਈ। ਮੰਮੀ ਮੈਨੂੰ ਹਜ਼ਬੈਂਡ ਹਰ ਲਈ ਖਾਣਾ

ਬਣਾਉਣ ਲਈ ਕਹਿਣ ਲੱਗ ਪਈ। ਪਰ ਡੈਡੀ ਦੀ ਉਂਗਲ 'ਨਾਂਹ' ਵਿਚ ਹਿੱਲ ਰਹੀ ਸੀ ਕਿਉਂਕਿ ਡੈਡੀ ਬਰਦਾਸ਼ਤ ਹੀ ਨਹੀਂ ਕਰਦਾ ਕਿ ਕੋਈ ਮਰਦ ਮੈਨੂੰ ਉਸ (ਡੈਡੀ) ਨਾਲੋਂ ਚੰਗਾ ਸਮਝੇ। ਬੇਸ਼ੱਕ ਉਹ ਮੇਰਾ ਪਤੀ ਹੀ ਕਿਉਂ ਨਾ ਹੋਵੇ। ਮੈਨੂੰ ਰੋਟੀ ਪਕਾਉਣ ਲਈ ਨਾ ਉਠਦੀ ਦੇਖ.. ਹਰ ਗੱਡੀ ਸਟਾਰਟ ਕਰਕੇ ਚਲਿਆ ਗਿਆ ਸੀ। ਤੇ ਝੱਟ ਡੈਡੀ ਮੈਨੂੰ ਰਸੋਈ ਵਿਚ ਜਾ ਕੇ ਰੋਟੀ ਪਕਾਉਣ ਲਈ ਕਹਿਣ ਲੱਗ ਪਿਆ ਸੀ। ਸਬਜੀ ਤਾਂ ਬਣਾ ਕੇ ਰੱਖੀ ਪਈ ਸੀ। ਮੇਰੇ ਹਸਬੈਂਡ ਹਰ ਨੇ ਮੈਨੂੰ ਠੰਡ ਚੜ੍ਹਦਿਆਂ ਹੀ ਫੋਨ ਕੀਤਾ, "ਕੀ ਕਰਦੀ ਏ ?" ਮੈਂ ਕਿਹਾ, "ਰਸੋਈ ਵਿਚ ਰੋਟੀ ਪਕਾ ਰਹੀ ਹਾਂ।" ਮੈਂ ਸੋਚਿਆ ਕਿ ਹਰ ਕੀ ਸੋਚਦਾ ਹੋਵੇਗਾ ਕਿ ਚੰਗੀ ਪਤਨੀ ਏ...ਪਤੀ ਲਈ ਦੋ ਫੁਲਕੇ ਨਹੀਂ ਲਾਹ ਸਕੀ। ਪਰ ਫੇਰ ਮੈਂ ਸੋਚਿਆ ਕਿ ਹਰ ਨੂੰ ਪਤਾ ਈ ਏ...ਉਹ ਡੈਡੀ ਦੇ ਸੁਭਾਅ ਬਾਰੇ ਕਾਫੀ ਕੁਝ ਜਾਣਨ ਲੱਗ ਪਿਆ ਏ।

ਮੰਮੀ ਮੈਨੂੰ ਦੱਸਦੀ ਹੁੰਦੀ ਸੀ ਕਿ ਜਦ ਅਜੇ ਮੈਂ ਸੋਝੀ ਵੀ ਨਹੀਂ ਸੀ ਸੰਭਲੀ, ਡੈਡੀ ਮੈਨੂੰ ਬਹੁਤ ਝਿੜਕਾਂ ਮਾਰਨ ਲੱਗ ਪਿਆ ਪਿਆ ਸੀ। ਜਦ ਮੰਮੀ ਰੋਕਦੀ ਤਾਂ ਉਹ ਉਲਟਾ ਮੰਮੀ ਦੇ ਗਲ ਪੈ ਜਾਂਦਾ, "ਧੀਆਂ ਪਰਾਇਆ ਧਨ ਹੁੰਦਾ। ਅੱਜ-ਕੱਲ੍ਹ ਦੀਆਂ ਕੁੜੀਆਂ ਦੇਖ ਲੈ ਕਿਆ ਚੱਜ ਕਰਦੀਆਂ ਨੇ। ਇਸ ਕਰਕੇ ਧੀ ਨੂੰ ਜਿੰਨਾ ਦਬਾ ਕੇ ਰੱਖੋਗੇ ਉਨਾਂ ਈ ਸਾਡੇ ਕਹਿਣੇ ਵਿਚ ਰਹੂਗੀ।" ਪਰ ਉਹ ਮੈਨੂੰ ਨਿੱਕੀ-ਨਿੱਕੀ ਗੱਲ ਉੱਤੇ ਏਨੀਆਂ ਝਿੜਕਾਂ ਮਾਰਦਾ ਕਿ ਡਰੀ-ਸਹਿਮੀ ਦਾ ਮੇਰਾ ਸੂ-ਸੂ ਕੱਛੀ ਵਿੱਚੇ ਨਿਕਲ ਜਾਂਦਾ ਸੀ। ਤੇ ਮੰਮੀ ਕੱਛੀ ਬਦਲ ਦਿੰਦੀ ਸੀ। ਫਿਰ ਤਾਂ ਮੈਂ ਡੈਡੀ ਤੋਂ ਏਨਾ ਡਰਨ ਲੱਗ ਪਈ ਸੀ ਕਿ ਡੈਡੀ ਦੀ ਹਰ ਝਿੜਕ ਨਾਲ ਮੇਰੀ ਕੱਛੀ ਗਿਲੀ ਹੋਣ ਲੱਗ ਪਈ ਸੀ। ਮੰਮੀ, ਡੈਡੀ ਨਾਲ ਕਿਤੇ ਬਾਹਰ ਜਾਣ ਲੱਗਿਆ, ਮੇਰੀਆਂ ਕਈ-ਕਈ ਕੱਛੀਆਂ ਪਰਸ ਵਿਚ ਪਾਕੇ ਲਿਜਾਣ ਲੱਗ ਪਈ ਸੀ ਕਿ ਡੈਡੀ ਨੇ ਝਿੜਕਾਂ ਤਾਂ ਮਾਰਨੀਆਂ ਈ ਮਾਰਨੀਆਂ ਨੇ।

ਡੈਡੀ ਮੈਨੂੰ ਹੀ ਨਹੀਂ, ਮੰਮੀ ਨੂੰ ਵੀ ਬਹੁਤ ਝਿੜਕਾਂ ਮਾਰਦਾ ਸੀ। ਮੰਮੀ ਡੈਡੀ ਤੋਂ ਬਹੁਤ ਡਰਦੀ ਸੀ। ਉਹ ਉਹਨੂੰ ਕੁਟਦਾ ਵੀ ਬਹੁਤ ਸੀ। ਕਹਿੰਦਾ, "ਮੁੰਡਾ ਮੇਰੇ ਵਰਗਾ ਕਾਲਾ ਰੰਗ, ਮੋਟੇ ਨਕਸ਼, ਨਾਟਾ ਕੱਦ, ਮੁੰਡਾ ਮੇਰੀ ਔਲਾਦ ਐ। ਪਰ ਕੁੜੀ ਆ...ਗੋਰਾ ਰੰਗ, ਤਿੱਖੇ ਨਕਸ਼ ਹੁੰਦਲ ਹੇਲ...ਇਹ ਮੇਰੀ ਔਲਾਦ ਨਹੀਂ...ਕੁੱਤੀਏ, ਦੱਸ ਇਹ ਕਿਸ ਤੋਂ ਬੀਜ ਪੁਆਇਆ। ਇਹ ਕਿਸ ਕੰਜਰ ਦੀ ਔਲਾਦ ਐ...ਦੱਸ ਦੇ ਨਹੀਂ ਤਾਂ ਜਾਨ ਕੱਢ ਦੂੰਗਾ।" ਮੰਮੀ ਹੱਥ ਜੋੜਦੀ, "ਇਹ ਮੇਰੀ ਧੀ ਮੇਰੇ ਉੱਤੇ ਗਈ ਐ।" ਪਰ ਡੈਡੀ ਮੰਮੀ ਦੀ ਕੋਈ ਗੱਲ ਨਾ ਸੁਣਦਾ। ਤੇ ਮੰਮੀ ਨੂੰ ਕੁੱਟਣ ਲੱਗ ਪੈਂਦਾ ਉਹਦਾ ਹੂਰਾ, ਮੁੱਕਾ, ਲੱਤ ਜਿੱਥੇ ਪੈਂਦੀ ਏ...ਪਈ ਜਾਂਦੀ...ਡੈਡੀ ਕੋਈ ਪ੍ਰਵਾਹ ਨਾ ਕਰਦਾ। ਉਹ ਥੱਕ-ਹਾਰ ਕੇ ਮੰਮੀ ਨੂੰ ਕੁੱਟਣ ਤੋਂ ਹਟਦਾ।...ਦਿਨ ਰਾਤ ਕੁੱਟ ਖਾਂਦੀ ਮੰਮੀ ਦੇ ਮਨ ਵਿਚ ਕੋਈ ਸਹਿਮ ਬੈਠ ਗਿਆ ਸੀ । ਡੈਡੀ ਦੇ ਗੁੱਸੇ ਹੁੰਦਿਆਂ ਹੀ ਉਹਨੂੰ ਦੌਰਾ ਪੈ ਜਾਂਦਾ। ਉਹਦੇ ਹੱਥ ਪੈਰ ਮੁੜਨ ਲਗਦੇ। ਦਵਾਈਆਂ ਨਾਲ ਉਹਨੂੰ ਕੋਈ ਆਰਾਮ ਨਹੀਂ ਸੀ ਆ ਰਿਹਾ। ਉਹਦੇ ਦੌਰਾ ਪੈਣ ਦਾ ਸਮਾਂ ਲੰਮਾ ਹੁੰਦਾ ਜਾ ਰਿਹਾ ਸੀ।

ਮੇਰਾ ਵੱਡਾ ਭਰਾ ਕ੍ਰਿਸ਼ਨ ਸਿੰਘ ਤਾਂ ਆਪਣੀ ਜਾਨ ਛੁਡਾ ਕੇ, ਹਿਮਾਚਲ ਪ੍ਰਦੇਸ਼ ਵਿਚ ਬੜੂ ਸਾਹਿਬ ਅਕਾਦਮੀ ਵਿਚ ਪੜ੍ਹਨ ਲਈ ਚਲਿਆ ਗਿਆ ਸੀ। ਜਦ ਮੰਮੀ ਨੂੰ ਰਾਤ ਨੂੰ ਦੌਰਾ ਪੈਂਦਾ ਤਾਂ ਮੈਂ ਤੇ ਡੈਡੀ ਮੰਮੀ ਦੀਆਂ ਪਾਤਲੀਆਂ ਤੇ ਹਥੇਲੀਆਂ ਨੂੰ ਕਈ ਤਰ੍ਹਾਂ ਦੇ ਲਿਆਂਦੇ ਹੋਏ ਤੇਲ ਝੱਸਦੇ। ਸਿਰ ਤੇ ਲੱਤਾਂ, ਬਾਂਹਾਂ ਦੀ ਮਾਲਿਸ਼ ਕਰਕੇ ਜਿੱਕਦੇ, ਪਰ ਮੰਮੀ ਬੇਸੁਰਤ ਹੋਈ ਪਈ ਰਹਿੰਦੀ। ਕਈ ਵਾਰੀ ਮੈਂ ਵੀ ਨੀਂਦ ਦਾ ਝੂਟਾ ਆਉਣ ਉੱਤੇ ਮੰਮੀ ਦੇ ਕੋਲ ਹੀ ਡਿਗ ਕੇ ਸੌਂ ਜਾਂਦੀ। ਪਰ ਡੈਡੀ ਮੰਮੀ ਨੂੰ ਜਿੱਕੀ ਜਾਂਦਾ ਸੀ। ਇਕ ਰਾਤ ਅਚਾਨਕ ਮੇਰੀ ਅੱਖ ਖੁੱਲ੍ਹ ਗਈ। ਮੈਂ ਸੋਚਿਆ, ਮੰਮੀ ਨੂੰ ਹੋਸ਼ ਆਉਣ ਉੱਤੇ...ਵਿਚਾਰੀ ਮੇਰੇ ਉੱਤੇ ਪੈ ਕੇ ਸੌਂ ਗਈ ਹੋਣੀ ਏ।...ਪਰ ਇਹ ਤਾਂ ਡੈਡੀ...ਮੈਂ ਉਹਨੂੰ



ਜ਼ੋਰ ਨਾਲ ਚੁੱਕ ਕੇ ਪਾਸੇ ਕਰਨ ਲੱਗੀ...ਉਹਨੇ ਜ਼ੋਰ ਦੀ ਝਿੜਕ ਮਾਰੀ...ਹਾਇ। ਮੇਰੀ ਕੱਛੀ ਗਿੱਲੀ ਪਰ...ਮੇਰੇ ਲੱਕ ਉੱਤੇ ਤਾਂ ਕੱਛੀ ਹੈ ਹੀ ਨਹੀਂ ਸੀ। ਮੰਮੀ ਨੂੰ ਸੁਰਤ ਆਉਂਦੀ...ਉਹ ਮੇਰੇ ਅੱਗੇ ਹੱਥ ਜੋੜ ਦਿੰਦੀ, "...ਧੀਏ! ਜੇ ਤੈਨੂੰ ਕੁਝ ਹੋ ਗਿਆ (ਉਸਦਾ ਭਾਵ ਸੀ ਕਿ ਜੇ ਮੈਂ ਕੁਝ ਕਰ ਲਿਆ)....ਤਾਂ ਇਹਨੇ ਮੈਨੂੰ ਵੀ ਮਾਰ ਦੇਣੈ।"

ਹੌਲੀ ਹੌਲੀ ਡੈਡੀ ਮੇਰੇ ਉੱਤੇ ਪੂਰਨ ਅਧਿਕਾਰ ਜਮਾਉਣ ਲੱਗ ਪਿਆ ਸੀ। ਉਹ ਝਿੜਕ ਮਾਰਦਾ ....ਤੇ ਮੈਂ ਬਾਥਰੂਮ ਵੱਲ ਨੂੰ ਭੱਜਦੀ "..ਹਾ ਹਾ ਹਾ ਹਾ ..." ਉਹ ਉੱਚੀ ਉੱਚੀ ਹੱਸਦਾ। "ਦੇਖ ਲਿਆ...ਤੂੰ ਉਹੀ ਗੁੜੀਆ ਏ...ਜਿਸਦੀ ਝਿੜਕ ਮਾਰਨ ਉੱਤੇ ਕੱਛੀ ਗਿੱਲੀ ਹੋ ਜਾਂਦੀ ਸੀ...ਤੇ ਮੈਂ ਤੇਰੀ ਗਿੱਲੀ ਕੱਛੀ ਨੂੰ ਖੋਲ੍ਹ ਕੇ ਨਵੀਂ ਕੱਛੀ ਪਾ ਦਿੰਦਾ ਸੀ।" ਡਰਦਿਆਂ ਮੇਰਾ ਸਰੀਰ ਹੋਛਾ ਪੈ ਜਾਂਦਾ ਤੇ ਉਹ ....ਅਰਧ ਬੇਹੋਸ਼ੀ ਦੀ ਹਾਲਤ ਵਿਚ ਰਬੜ ਦੀ ਡੋਲ ਬਣੇ ਮੇਰੇ ਜਿਸਮ ਨੂੰ ...ਜਿਧਰ ਨੂੰ ਮਰਜ਼ੀ ਤੋੜੀ-ਮਰੋੜੀ ਜਾਂਦਾ।

ਮੈਂ ਦਸਵੀਂ ਜਮਾਤ ਵਿਚ ਪੜ੍ਹਦੀ ਸੀ। ਇਕ ਦਿਨ ਮੇਰਾ ਇਕ ਜਮਾਤੀ, ਜਸਵੀਰ ਸਿੰਘ ਮੈਤੋਂ ਅੰਗਰੇਜ਼ੀ ਦੀ ਗਾਈਡ ਲੈਣ ਲਈ ਆ ਗਿਆ ਸੀ। ਉਹਨੂੰ ਐਸ.ਸੀ. ਹੋਣ ਕਰਕੇ ਸਲੇਬਸ ਦੀਆਂ ਕਿਤਾਬਾਂ ਤਾਂ ਸਕੂਲ ਵਿਚੋਂ ਮਿਲ ਗਈਆਂ ਸਨ, ਪਰ ਉਹਦਾ ਦਿਹਾੜੀਦਾਰ ਪਿਓ, ਗਰੀਬ ਹੋਣ ਕਰਕੇ ਉਹਨੂੰ ਹੈਲਪ ਬੁਕਾਂ ਲੈ ਕੇ ਨਹੀਂ ਦੇ ਸਕਦਾ ਸੀ। ਹੋਮ ਵਰਕ ਨਾ ਕਰਕੇ ਲਿਆਉਣ ਤੇ ਉਹਨੂੰ ਨਿੱਤ ਮਾਰ ਪੈਂਦੀ ਸੀ। ਮੈਨੂੰ ਉਸ ਉੱਤੇ ਤਰਸ ਆ ਗਿਆ ਸੀ। ਮੈਂ ਉਸਨੂੰ ਕਿਹਾ ਸੀ ਕਿ 'ਤੂੰ ਮੇਰੀਆਂ ਹੈਲਪ ਬੁਕਾਂ ਲਿਜਾ ਕੇ ਹੋਮ ਵਰਕ ਕਰ ਲਿਆ ਕਰ।' ਪਰ ਉਸ ਦਿਨ ਡੈਡੀ ਦੇ ਘਰ ਹੁੰਦਿਆਂ, ਮੈਤੋਂ ਅੰਗਰੇਜ਼ੀ ਦੀ ਗਾਈਡ ਲੈਣ ਲਈ ਆ ਗਿਆ ਸੀ। ਡੈਡੀ ਇਹ ਬਰਦਾਸ਼ਤ ਕਰ ਹੀ ਨਹੀਂ ਸਕਦਾ ਸੀ ਕਿ ਕੋਈ ਮਰਦ ਮੈਨੂੰ ਡੈਡੀ ਨਾਲੋਂ ਚੰਗਾ ਸਮਝੇ ਜਾਂ ਮੈਂ ਕਿਸੇ ਮਰਦ ਨੂੰ ਡੈਡੀ ਨਾਲੋਂ ਚੰਗਾ ਸਮਝਾਂ...ਭਾਵੇਂ ਉਹ ਮੇਰਾ ਗਰੀਬ ਜਮਾਤੀ ਹੀ ਕਿਉਂ ਨਾ ਹੋਵੇ...ਜਿਸ ਉੱਤੇ ਮੈਨੂੰ ਤਰਸ ਆਉਣ ਕਰਕੇ, ਮੈਂ ਉਹਨੂੰ ਹੈਲਪ ਬੁੱਕਾਂ ਦਿੰਦੀ ਹੋਵਾਂ। ਡੈਡੀ ਨੇ ਜਸਵੀਰ ਹੱਥੋਂ ਕਿਤਾਬ ਖੋਹ ਕੇ ਝਿੜਕ ਮਾਰੀ, "ਚੱਲ ਭੱਜ ਇੱਥੋਂ....ਜੇ ਮੁੜਕੇ ਇਥੇ ਆਇਆ ਲੱਤਾਂ ਵੱਢ ਦੂੰਗਾ।" ਝਿੜਕ ਸੁਣਕੇ...ਮੈਂ ਬਾਥਰੂਮ ਵੱਲ ਭੱਜੀ। ਡੈਡੀ ਮੈਨੂੰ ਉੱਚੀ-ਉੱਚੀ ਤਾੜਨਾ ਕਰ ਰਿਹਾ ਸੀ, "ਜੇ ਆਹ ਚੱਜ ਕਰਨੇ ਐ, ਸਕੂਲ ਤੋਂ ਹਟਾ ਕੇ ਘਰੇ ਬਿਠਾ ਲਊਂਗਾ। ਮੈਂ ਕੁੜੀਆਂ ਦੇ ਕਾਰੇ ਦੇਖਦਾ ਰਹਿੰਦਾ ਆਂ। ਕਿਸੇ ਮੁੰਡੇ ਨੂੰ ਘਰ ਬੁਲਾਉਣਾ ਤਾਂ ਇਕ ਪਾਸੇ, ਜੇ ਕਿਸੇ ਮੁੰਡੇ ਨਾਲ ਸਕੂਲ ਨੂੰ ਜਾਂਦੀ ਆਉਂਦੀ ਦੇਖ ਲਈ...ਕਤਲ ਕਰ ਦੂੰਗਾ।"

ਜੇ ਮੈਂ ਡੈਡੀ ਨੂੰ ਯਕੀਨ ਵੀ ਦਿਵਾਉਂਦੀ ਕਿ 'ਜਸਵੀਰ, ਗਰੀਬ ਹੋਣ ਕਰਕੇ ਕਿਤਾਬਾਂ ਖਰੀਦ ਨੀ ਸਕਦਾ। ਮੈਨੂੰ ਉਸ ਉੱਤੇ ਤਰਸ ਆ ਗਿਆ ਸੀ, ਤਾਂ ਉਹਨੂੰ ਹੈਲਪ ਬੁਕ ਹੋਮ ਵਰਕ ਕਰਨ ਲਈ ਦਿੰਦੀ ਆਂ', ਤਾਂ ਵੀ ਡੈਡੀ ਨੇ ਮੰਨਣਾ ਨਹੀਂ ਸੀ। ਉਹ ਤਾਂ ਆਪਣੇ ਸ਼ੋ ਰੂਮ ਉੱਤੇ ਕੰਮ ਕਰਨ ਵਾਲੇ ਨੌਕਰਾਂ ਉੱਤੇ ਤਰਸ ਨਹੀਂ ਸੀ ਖਾਂਦਾ। ਜੇ ਕਿਸੇ ਨੌਕਰ ਦਾ ਬੱਚਾ ਬੀਮਾਰ ਹੋ ਜਾਂਦਾ ਤਾਂ ਉਹ ਸਾਡੇ ਘਰ ਆ ਡੈਡੀ ਕੋਲ ਗਿੜ ਗਿੜਾਉਂਦਾ, "ਜੀ, ਮੈਨੂੰ ਪੰਜ ਕੁ ਸੌ ਰੁਪਿਆ ਉਧਾਰ ਦੇ ਦਿਉ, ਤਨਖਾਹ ਵਿਚੋਂ ਕੱਟ ਲੈਣਾ।" ਡੈਡੀ ਉਹਨੂੰ ਕੁੱਟਣ ਨੂੰ ਪੈਂਦਾ, "ਚੱਲ ਭੱਜ ਮੇਰੇ ਕੋਲ ਨੀ ਪੈਸੇ ਹੈਗੇ। ਬੱਚੇ ਦੀ ਬੀਮਾਰੀ ਲਈ ਪੈਸੇ ਸਾਂਭ ਕੇ ਰੱਖਦਾ।" ਉਹ ਦੁਕਾਨ ਉੱਤੇ ਵੀ ਨੌਕਰਾਂ ਨਾਲ ਦੁਰ-ਪਰੇ ਕਰਦਾ ਰਹਿੰਦਾ। ਉਸਦੇ ਖਰ੍ਹਵੇ ਸੁਭਾ ਕਰਕੇ ਕੋਈ ਵੀ ਨੌਕਰ ਉਸ ਕੋਲ, ਚਾਰ ਪੰਜ ਮਹੀਨੇ ਤੋਂ ਵੱਧ ਨਹੀਂ ਸੀ ਕੱਟਦਾ। ਅਸਲ ਵਿਚ ਡੈਡੀ ਦੇ ਮਨ ਵਿਚ ਤਰਸ ਦੀ ਭਾਵਨਾ ਹੈ ਹੀ ਨਹੀਂ ਸੀ। ਜਦ ਉਹ ਸਾਨੂੰ ਮਾਂ-ਧੀ ਨੂੰ ਕੁੱਟਦਾ ਹੁੰਦਾ...ਅਸੀਂ ਜ਼ਾਰ ਜ਼ਾਰ ਰੋਂਦੀਆਂ...ਉਹਨੂੰ ਸਾਡੇ ਉੱਤੇ ਕੋਈ ਤਰਸ ਨਾ ਆਉਂਦਾ ਸਗੋਂ ਸਾਨੂੰ ਫੇਰ ਕੁੱਟਣ ਲੱਗ ਪੈਂਦਾ ਸੀ। (ਦਮ ਲੈ ਕੇ) ਮੇਰੀ ਮਾਂ ਮੈਨੂੰ ਸਮਝਾਉਂਦੀ,

"ਧੀਏ ! ਤੂੰ ਇਸ ਤੋਂ ਝਿੜਕਾਂ ਕੁੱਟ ਖਾਂਦੀ ਹੋਈ...ਕਿਸੇ ਤਰ੍ਹਾਂ ਆਪਣੀ ਪੜ੍ਹਾਈ ਪੂਰੀ ਕਰ ਲੈ...ਤੈਨੂੰ ਇਹ ਵਿਆਹੁਗਾ ਈ...ਤੇਰਾ ਤਾਂ ਇਸ ਤੋਂ ਖਹਿੜਾ ਛੁੱਟ ਜੁਗਾ। ਤੇਰੇ ਭਰਾ ਨੇ ਵਿਦੇਸ਼ ਜਾਹ ਕੇ ਇਸ ਤੋਂ ਖਹਿੜਾ ਛੁਡਾ ਲਿਆ।" ਤੇ ਉਹ ਅੱਖਾਂ ਭਰ ਕੇ ਆਖਦੀ, "ਪਰ ਮੇਰਾ ਤਾਂ ਇਸ ਨਿਰਦਈ ਤੋਂ ਖਹਿੜਾ...ਮਰ ਕੇ ਛੁੱਟਣਾ ਐ।"

ਇਸ ਸਾਲ ਮੈਂ ਕਾਲਿਜ ਦੀ ਪੜ੍ਹਾਈ ਪੂਰੀ ਕਰ ਲਈ ਸੀ। ਡੈਡੀ ਦੇ ਕਮਰੇ ਵਿਚ ਬਹਿਕੇ ਗੱਲਾਂ ਕਰਨ ਵਾਲੇ ਉਹਦੇ ਗੁਆਂਢੀ, ਯਾਰ ਦੋਸਤ ਆਪਸ ਵਿਚ ਏਧਰ-ਉਧਰ ਦੀਆਂ ਗੱਲਾਂ ਕਰਨ ਦੇ ਨਾਲ ਨਾਲ ਅੱਜ ਕੱਲ੍ਹ ਦੇ ਮੁੰਡੇ, ਕੁੜੀਆਂ ਦੇ ਪਿਆਰ ਵਿਆਹ ਕਰਵਾਉਣ ਦੇ ਨਵੇਂ ਪੈਦਾ ਹੋਏ ਰੁਝਾਨ ਦੀਆਂ ਗੱਲਾਂ ਜ਼ਰੂਰ ਕਰਦੇ ਸਨ। ਉਹ ਮਾਪਿਆਂ ਦੇ ਵਿਰੋਧ ਕਰਨ ਦੇ ਬਾਵਜੂਦ ਘਰੋਂ ਭੱਜਕੇ ਕੋਰਟ ਮੈਰਿਜ ਕਰਵਾਉਣ ਦੀਆਂ ਖ਼ਬਰਾਂ ਅਖ਼ਬਾਰਾਂ ਵਿਚੋਂ ਪੜ੍ਹਕੇ ਇਕ, ਦੂਸਰੇ ਨੂੰ ਸੁਣਾਉਂਦੇ ਸਨ। ਤੇ ਅਜਿਹੇ ਕੋਰਟ ਮੈਰਿਜ ਕਰਵਾਉਣ ਵਾਲੇ ਜੋੜਿਆਂ ਦੀ ਰੱਜਕੇ, ਡਟਕੇ ਨਖੇਧੀ ਕਰਦੇ ਜਿਹੜੇ ਮਾਪਿਆਂ ਦੇ ਨਾਂ ਨੂੰ ਧੱਬਾ ਲਾ ਰਹੇ ਸਨ।

ਮੇਰਾ ਡੈਡੀ ਵੀ ਘਰ ਵਿਚ ਮੇਰੇ ਵਿਆਹ ਦੀਆਂ ਗੱਲਾਂ ਕਰਨ ਲੱਗ ਪਿਆ ਸੀ ਕਿ ਚੰਗਾ ਲੜਕਾ ਮਿਲ ਜਾਵੇ, ਅਸੀਂ ਵੀ ਬੇਟੀ ਦਾ ਵਿਆਹ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖਰੂ ਹੋਈਏ। ਸ਼ਾਇਦ ਉਹ ਵੀ ਡਰਦਾ ਹੋਵੇ ਕਿ ਉਹਦੀ ਬੇਟੀ (ਭਾਵ ਮੈਂ ) ਵੀ ਉਹਦੀ ਸਤਾਈ ਹੋਣ ਕਰਕੇ .....ਕਿਤੋਂ ਘਰੋਂ ਭੱਜਕੇ ਕਿਸੇ ਜਮਾਤੀ ਮੁੰਡੇ ਨਾਲ....ਕੋਰਟ ਮੈਰਿਜ ਨਾ ਕਰਵਾ ਲਵੇ। ....ਪਰ ਘਰੋਂ ਭੱਜਣਾ ਤਾਂ ਮੈਂ ਚਾਹੁੰਦੀ ਨਹੀਂ ਸੀ ... ਤੇ ਇਹ ਵੀ ਜਾਣਦੀ ਸਾਂ ਕਿ ਵਿਆਹ ਤੋਂ ਪਹਿਲਾਂ ਘਰ ਵਿਚ ਸਮਾਂ ਮੈਨੂੰ ਮਨ ਮਾਰ ਕੇ... ਅੱਖਾਂ ਮੀਚ ਕੇ .... ਜਿਵੇਂ-ਕਿਵੇਂ ਕੱਟਣਾ ਈ ਪੈਣਾ ਏ। ਪਰ ਡੈਡੀ ਜਿਹੜਾ ਵੀ ਮੁੰਡਾ ਮੈਨੂੰ ਦਿਖਾਉਂਦਾ....ਉਹ ਸ਼ਕਲ ਸੂਰਤ ਵਿਚ.... ਡੈਡੀ ਨਾਲੋਂ ਵੀ ਗਿਆ ਗੁਜ਼ਰਿਆ ਹੁੰਦਾ। ਪਤਾ ਨਹੀਂ ਕਿਉਂ ਉਹਦੇ ਮਨ ਵਿਚ ਇਹ ਗੱਲ ਘਰ ਕਰ ਗਈ ਸੀ... ਕਿ ਮੈਂ ਡੈਡੀ ਨਾਲੋਂ ਕਿਸੇ ਵੀ ਮਰਦ ਨੂੰ ਚੰਗਾ ਨਾ ਸਮਝਾਂ। ਭਾਵੇਂ ਉਹ ਮੇਰਾ ਹੋਣ ਵਾਲਾ ....ਹਸਬੈਂਡ ਹੀ ਕਿਉਂ ਨਾ ਹੋਵੇ ? ਮੈਂ ਮੰਮੀ ਕੋਲੋਂ ਅਜਿਹੇ ਹਰ ਮੁੰਡੇ ਨੂੰ ਰੀਜੈਕਟ ਕਰਵਾ ਦਿੰਦੀ ਸੀ। ਇੱਕ, ਦੋ ਰਿਸ਼ਤੇਦਾਰਾਂ ਦੁਆਰਾ ਅਮਰੀਕਾ, ਕਨੇਡਾ ਤੋਂ ਵਿਆਹ ਕਰਵਾਉਣ ਲਈ ਆਉਣ ਵਾਲੇ ਮੁੰਡਿਆਂ ਨਾਲ..... ਮੇਰਾ ਰਿਸ਼ਤਾ ਕਰਵਾਉਣ ਦੀ ਵੀ ਗੱਲ ਚੱਲੀ ਡੈਡੀ ਅਜਿਹੀ ਗੱਲ ਸੁਣਕੇ ਅਸਹਿਜ ਹੋ ਜਾਂਦਾ ਸੀ। ਉਹ ਮੈਨੂੰ ਆਪਣੇ ਤੋਂ ਦੂਰ ਭੇਜਣਾ ਨਹੀਂ ਚਾਹੁੰਦਾ ਸੀ। ਇਸ ਲਈ ਜਦ ਉਹਨੇ ਮੇਰੇ ਲਈ ਰਿਸ਼ਤਾ ਟੋਲਿਆ ਨੇੜੇ ਤੋਂ ਨੇੜੇ ਹੀ ਟੋਲ ਲਿਆ।

ਮੇਰੇ ਡੈਡੀ ਦਾ ਸ਼ਹਿਰ ਮੁਹਾਲੀ ਫੇਜ਼ 6 ਦੀ ਮਾਰਕੀਟ ਵਿਚ ਮੇਰੇ ਵੱਡੇ ਭਰਾ ਕ੍ਰਿਸ਼ਨ ਸਿੰਘ ਦੇ ਨਾਂ ਉੱਤੇ ਖੋਲ੍ਹਿਆ ਕ੍ਰਿਸ਼ਨਾ ਕਲਾਥ ਹਾਊਸ ਸੀ। ਅੱਜ ਆਪਣਾ ਸ਼ੋ ਰੂਮ ਬੰਦ ਕਰਕੇ ਜਦ ਉਹ ਸੰਝ ਨੂੰ ਘਰ ਪੁੱਜਿਆ ਉਹ ਬਹੁਤ ਖੁਸ਼ ਸੀ। ਉਹ ਦੱਸਣ ਲੱਗਿਆ, 'ਮੇਰੇ ਸ਼ੋ - ਰੂਮ ਉੱਤੇ ਕੇ ਕਦੇ ਜਾਂਦੀ ਸਾਡੀ ਨਿੰਦਰ, ਸਾਡੀ ਮਾਰਕੀਟ ਕਮੇਟੀ ਦੇ ਪ੍ਰਧਾਨ, ਪ੍ਰਕਾਸ਼ ਸਿੰਘ ਨੇ ਦੇਖੀ ਹੋਈ ਸੀ। ਉਹ ਕਹਿੰਦਾ, ਲੈ ਬਣ ਗਿਆ ਕਦੇ ਕੰਮਆ।' ਉਹ ਮੈਨੂੰ ਫੇਜ਼ 6 ਦੀ ਮਾਰਕੀਟ ਦੇ ਸਾਹਮਣੇ ਵਾਲੇ ਸੈਕਟਰ -56 ਦੀ ਇਕ ਕੋਠੀ ਵਿਚ ਲੈ ਗਿਆ। ਕੋਠੀ ਸਰਵੇ ਆਫ ਇੰਡੀਆ ਤੋਂ ਰਿਟਾਇਰ ਹੋਏ ਪਰੇਮ ਸਿੰਘ ਦੀ ਏ। (ਭਾਵ ਉਹ ਕਿਰਾਏ ਉੱਤੇ ਨਹੀਂ ਰਹਿੰਦੇ।) ਉਹਦੀ ਵੱਡੀ ਲੜਕੀ ਵਿਆਹੀ



ਵਰੀ। ਲੜਕਾ ਸਾਡੀ ਨਿੰਦਰ ਤੋਂ ਵੀ ਗੋਰਾ-ਚਿੱਟਾ, ਉੱਚਾ-ਲੰਮਾ, ਇੰਜੀਅਰਿੰਗ ਕੀਤੀ ਹੋਈ। ਪਰਿਵਾਰ ਦੇ ਤਿੰਨ ਜੀ, ਲੜਕਾ ਤੇ ਉਹਦੇ ਮੰਮੀ ਡੈਡੀ। ਸ਼ਰੀਫ ਪਰਿਵਾਰ ਛੋਟਾ ਪਰਿਵਾਰ ਤੇ ਸੁਖੀ ਪਰਿਵਾਰ। ਪ੍ਰਧਾਨ ਜੀ ਕਹਿਣ ਲੱਗੇ-'ਮੇਰਾ ਇਸ ਪਰਿਵਾਰ ਨਾਲ 20 ਸਾਲ ਦਾ ਵਾਹ ਐ। ਇਹੋ- ਜਾ ਪਰਿਵਾਰ ਤੈਨੂੰ ਮਿਲ ਨੀ ਸਕਣਾ। ਬਸ ਹਾਂ ਕਰਦੇ।' ਮੈਂ ਤਾਂ ਪ੍ਰਧਾਨ ਪ੍ਰਕਾਸ਼ ਜੀ ਦੇ ਕਹਿਣ ਉੱਤੇ ਹਾਂ ਕਰ ਆਇਆ 'ਹਾਂ ਆਂ' ਅੱਗੋਂ ਥੁਆਡੀ ਮਰਜ਼ੀ। ਬਾਕੀ ਤੁਸੀਂ ਕੱਲ੍ਹ ਨੂੰ ਪਰਿਵਾਰ ਨੂੰ ਮਿਲ ਵੀ ਲਿਓ। ਫਿਰ ਉਹਨਾਂ ਦੇ ਪਰਿਵਾਰ ਨੂੰ ਘਰ ਬੁਲਾ ਲਿਆ।" ਮੰਮੀ ਨੇ ਡੈਡੀ ਨੂੰ ਏਨਾ ਖੁਸ਼ ਹੋਇਆ ਦੇਖਿਆ ਹੀ ਨਹੀਂ ਸੀ (ਕਿਉਂ ਕਿ ਘਰ ਉਹ ਸਾਡੇ ਨਾਲ ਖੁਸ਼ ਹੁੰਦਾ ਹੀ ਨਹੀਂ ਸੀ।) ਇਸ ਲਈ ਮੰਮੀ ਦੇ ਮੂੰਹੋਂ ਨਿਕਲ ਗਿਆ, "ਜਦ ਤੁਸੀਂ 'ਹਾਂ' ਕਰ ਆਏ .... ਤਾਂ ਸਾਡੀ ਵੀ ਹਾਂ ਈ ਏ। " ਮੰਮੀ ਤਾਂ ਮੇਰਾ ਛੇਤੀ-ਛੇਤੀ ਵਿਆਹ ਕਰਨ ਲਈ ਕਾਹਲੀ ਪਈ ਹੋਈ ਸੀ। ਤਾਂ ਜੋ ਮੈਂ ਤਾਂ ਇਸ ਖਲਜਗਣ ਵਿਚੋਂ ਨਿਕਲ ਜਾਵਾਂ।

ਵਿਆਹ ਤੋਂ ਬਾਅਦ ਮੇਰੀ ਮੰਮੀ ਕਿੰਨੀ ਖੁਸ਼ ਰਹਿਣ ਲੱਗ ਪਈ ਸੀ। ਜਿਵੇਂ ਉਹਦੇ ਸਿਰ ਤੋਂ ਮਣਾਂ-ਮੂੰਹੀ ਭਾਰ ਲੱਥ ਗਿਆ ਹੋਵੇ। ਮੇਰੇ ਹਸਬੈਂਡ ਹਰ ਨੇ ਇੰਜੀਅਨਰਿੰਗ ਦੀ ਡਿਗਰੀ ਕੀਤੀ ਹੋਈ ਸੀ। ਉਹਦੇ ਕਾਲਿਜ ਦੇ ਟਾਪਰ ਵਿਦਿਆਰਥੀਆਂ ਦੀ ਤਾਂ ਬਦੇਸੀ ਕੰਪਨੀਆਂ ਵਿਚ ਪਲੇਸਮੈਂਟ ਹੋ ਗਈ ਸੀ। ਪਰ ਹਰ ਦੇ ਨੰਬਰ ਘੱਟ ਹੋਣ ਕਰਕੇ ਉਹ ਰਹਿ ਗਿਆ ਸੀ। ਹੁਣ ਉਹ ਏਜੰਟਾਂ ਦੇ ਧੱਕੇ ਚੜ੍ਹਿਆ ਹੋਇਆ ਸੀ। ਗੈਰਕਾਨੂੰਨੀ ਤੌਰ ਉੱਤੇ ਅਮਰੀਕਾ ਭੇਜਣ ਲਈ ਕੋਈ ਏਜੰਟ ਉਸ ਤੋਂ ਬਾਰਾਂ ਲੱਖ, ਕੋਈ ਪੰਦਰਾਂ ਲੱਖ ਮੰਗ ਰਿਹਾ ਸੀ। ਏਜੰਟ ਦੱਸਦੇ ਕਿ 'ਹੋਰ ਵੀ ਤਾਂ ਕਰੋੜਾਂ ਲੋਕ ਅਮਰੀਕਾ ਵਿਚ ਦਾਖਲ ਹੋ ਕੇ ਪੁਲਿਸ, ਦੀਆਂ ਨਜ਼ਰਾਂ ਤੋਂ ਬਚ ਕੇ ਕੰਮ-ਧੰਦੇ ਕਰੀ ਹੀ ਜਾ ਰਹੇ ਹਨ। ਤੂੰ ਵੀ ਕਰੀ ਜਾਈਂ।'

ਮੇਰੇ ਡੈਡੀ ਮੇਰੇ ਪੇਕਿਆਂ ਦੇ ਘਰ ਆ ਕੇ ਹਰ ਨੂੰ ਸਮਝਾਉਣ ਲੱਗੇ, "ਏਜੰਟ ਤੇਰੇ ਕੋਲੋਂ 10-15 ਲੱਖ ਰੁਪਏ ਲੈ ਲੈਣਗੇ ਤੇ ਤੈਨੂੰ ਦਿੱਲੀ ਤੋਂ ਹਵਾਈ ਜਹਾਜ਼ ਚੜ੍ਹਾ ਕੇ ਪਤਾ ਨਹੀਂ ਕਿਹੜੇ ਦੇਸ ਦੇ ਹਵਾਈ ਅੱਡੇ ਉੱਤੇ ਉਤਾਰ ਦੇਣਗੇ। ਏਜੰਟਾਂ ਦੇ ਢਹੇ ਚੜ੍ਹੇ ਸੈਂਕੜੇ, ਹਜ਼ਾਰਾਂ ਬੰਦੇ ਕਿੰਨੇ ਹੀ ਦੇਸਾਂ ਵਿਚ ਰੁਲ ਰਹੇ ਨੇ, ਡੀ-ਪੋਰਟ ਕੀਤੇ ਜਾ ਰਹੇ ਨੇ। ਲੋਕਾਂ ਤੋਂ ਪੈਸੇ ਠਗਣ ਵਾਲੇ ਦਰਜਨਾਂ ਏਜੰਟ ਜੇਲ੍ਹਾਂ ਦੀ ਹਵਾ ਖਾ ਰਹੇ ਨੇ। ਇਸ ਲਈ ਤੂੰ ਏਨਾ ਪੈਸਾ ਖਰਾਬ ਕਰਕੇ ਖੱਜਲ-ਖੁਆਰ ਹੋਣ ਦੀ ਥਾਂ ਮੇਰੀ ਗੱਲ ਮੰਨ ਲੈਂ, ਮੇਰੇ ਸ਼ੋ-ਰੂਮ ਵਿਚ ਹਿੱਸਾ ਪਾ ਲੈ। ਸ਼ੋ-ਰੂਮ ਦੇ ਅਲਗ-ਅਲਗ ਦੋ ਭਾਗ ਕਰ ਦਿੰਦੇ ਆਂ। ਮੇਰੇ ਪੁਰਾਣੇ ਖਰੀਦੇ ਕਪੜੇ ਇਕ ਪੋਰਸ਼ਨ ਵਿਚ ਵਿਕਦੇ ਰਹਿਣਗੇ ਤੇ ਸਾਡੇ ਦੋਹਾਂ ਦੇ ਸਾਂਝੇ ਖਰੀਦੇ ਕਪੜੇ ਨਵੇਂ ਬਣਾਏ ਪੋਰਸ਼ਨ ਵਿਚ ਵੇਚੇ ਜਾਣਗੇ। ਪੁਰਾਣਾ ਸਟਾਕ ਖਤਮ ਹੋ ਜਾਏਗਾ ਤੇ ਸਾਡੇ ਦੋਹਾਂ ਦੇ ਹਿੱਸੇ ਵਾਲਾ ਸਟਾਕ ਵਧਦਾ ਜਾਵੇਗਾ । ਮਹੀਨੇ ਦੇ ਮਹੀਨੇ ਹਿਸਾਬ ਕਰਕੇ, ਖਰਚ ਕੱਢਕੇ, ਮੁਨਾਫਾ ਦੋਹਾਂ ਧਿਰਾਂ ਵਿਚ ਵੰਡਿਆ ਜਾਂਦਾ ਰਹੇਗਾ।" ਹਰ ਨੇ ਸਾਡੇ ਨਾਲ ਤੇ ਵਿਸੇਸ਼ ਕਰਕੇ ਪਾਪਾ ਪ੍ਰੇਮ ਸਿੰਘ ਜੀ ਨਾਲ ਸਲਾਹ-ਮਸ਼ਵਰਾ ਕਰਕੇ ਮੇਰੇ ਡੈਡੀ ਨਾਲ ਹਿੱਸੇਦਾਰੀ ਕਰਕੇ, ਕ੍ਰਿਸ਼ਨਾ ਕਲਾਥ ਹਾਉਸ ਦੇ ਇਕ ਪ੍ਰੋਸ਼ਨ ਵਿਚ ਪੰਜ ਲੱਖ ਰੁਪਏ ਪਾ ਕੇ ਦਸ ਲੱਖ ਦਾ ਨਵਾਂ ਕੱਪੜਾ ਪਾ ਲਿਆ ਸੀ ਤੇ ਆਮਦਨ ਤੇ ਖਰਚ ਦਾ ਅਲਗ ਹਿਸਾਬ ਰੱਖਦਿਆਂ ਕੱਪੜਾ ਵੇਚਣਾ ਸ਼ੁਰੂ ਕਰ ਦਿੱਤਾ ਸੀ। ਮੇਰਾ ਹਸਬੈਂਡ ਹਰ ਨਵਾਂ ਕੰਮ-ਕਾਰ ਸ਼ੁਰੂ ਕਰਕੇ ਖੁਸ਼ ਸੀ। ਪਰ ਸਭ ਤੋਂ ਵੱਧ ਖੁਸ਼ੀ ਮੇਰੀ ਮੰਮੀ ਨੂੰ ਹੋਈ ਸੀ। ਦੋਵੇਂ ਪਰਿਵਾਰਾਂ ਦਾ ਸਾਂਝਾ ਕੰਮ ਹੋਣ ਕਰਕੇ ਦੋਵੇਂ ਪਰਿਵਾਰ ਆਪਸ ਵਿਚ ਘਿਓ-ਖਿਚੜੀ ਹੋ ਕੇ ਰਹਿਣ ਲੱਗ ਪਏ ਸਨ। ਮੰਮੀ ਨੂੰ ਇਸ ਖੁਸ਼ੀ ਵਿਚ ਜਿਵੇਂ ਉਹਦੇ ਜਿਸਮ ਉੱਤੇ ਡੈਡੀ ਦੀ

ਕੁੱਟ ਕਾਰਨ ਪਏ ਸੱਟਾਂ ਦੇ ਨਿਸ਼ਾਨਾਂ ਦਾ ਦੁੱਖ-ਦਰਦ ਵੀ ਭੁੱਲਦਾ ਜਾ ਰਿਹਾ ਸੀ। ਮੇਰਾ ਨਾਨਾ ਮੇਰੀ ਦੁਖੀ ਹੋਈ ਮੰਮੀ ਨੂੰ ਮਿਲਣ ਆਇਆ ਕਹਿੰਦਾ ਹੁੰਦਾ ਸੀ, "ਜੀਹਦੀ ਧੀ ਸੁਖੀ ਉਹਦੀ ਕੁਲ ਸੁਖੀ ਤੇ ਜੀਹਦੀ ਧੀ ਦੁਖੀ ਉਹਦੀ ਕੁਲ ਦੁਖੀ।" ਤੇ ਮੈਨੂੰ ਸੁਖੀ ਦੇਖਕੇ ਉਹ ਆਪਣੇ ਦੁੱਖ ਹੁੰਦਿਆਂ ਵੀ ਆਪ ਨੂੰ ਸੁਖੀ ਸਮਝ ਰਹੀ ਸੀ। ਪਰ ਡੈਡੀ ਦੇ ਪਹਿਲੇ ਵਰਤਾ ਕਰਕੇ ਮੈਨੂੰ ਸਮਝ ਨਹੀਂ ਸੀ ਆ ਰਹੀ ਸੀ ਕਿ ਉਹ ਏਨੀ ਛੇਤੀ ਕਿਵੇਂ ਬਦਲ ਗਿਆ? ਤੇ ਮੈਨੂੰ ਸ਼ੱਕ ਪੈਂਦਾ ਕਿ ਮੇਰੇ ਹਸਬੈਂਡ, ਹਰ ਸਾਲ ਭਾਈਵਾਲੀ ਵਾਲੀ ਦੁਕਾਨ ਚਲਾਉਣ ਵਿਚ ਵੀ ਡੈਡੀ ਦੀ ਕੋਈ ਚਾਲ ਨਾ ਹੋਵੇ ਪਰ ਮੈਂ ਆਪਣੇ ਹਜ਼ਬੈਂਡ ਹਰ ਨੂੰ ਕਿਵੇਂ ਕਹਿੰਦੀ ਕਿ ਉਹ ਮੇਰੇ ਡੈਡੀ ਨਾਲ ਭਾਈਵਾਲੀ ਨਾ ਪਾਵੇ।

ਮੇਰੇ ਹਸਬੈਂਡ ਹਰ ਨੂੰ ਡੈਡੀ ਨਾਲ ਭਾਈਵਾਲੀ ਵਾਲੀ ਦੁਕਾਨ ਚਲਾਉਂਦਿਆਂ ਛੇ ਮਹੀਨੇ ਤੋਂ ਉੱਤੇ ਸਮਾਂ ਚੱਲ ਰਿਹਾ ਸੀ। ਸ਼ੁਰੂ ਵਿਚ ਪੰਜ ਲੱਖ ਰੁਪਏ ਹਿੱਸੇਦਾਰੀ ਪਾਉਣ ਤੋਂ ਬਾਦ ਵੀ, ਮੌਸਮ ਬਦਲਨ ਉੱਤੇ ਤਿੰਨ-ਤਿੰਨ ਲੱਖ ਰੁਪਏ ਹਿੱਸੇਦਾਰੀ ਪਾਈ ਸੀ। ਸਮੇਂ ਦੇ ਬਦਲਣ ਨਾਲ ਸਭ ਕੁਝ ਬਦਲ ਰਿਹਾ ਸੀ। ਮੈਂ ਤਿੰਨ ਚਾਰ ਮਹੀਨੇ ਦੀ ਪ੍ਰੈਗਨੈਂਟ ਹੋ ਗਈ ਸਾਂ, ਮੈਂ ਅਸਮੰਜਸ ਵਿਚ ਸੀ ਕਿ ਮੇਰੇ ਪੇਟ ਵਿਚ ਪਲ ਰਿਹਾ ਬੱਚਾ ਹਰ ਦਾ ਸੀ।....ਇਹ ਸੋਚਕੇ ਮੈਂ ਮਰਨ-ਹਾਰ ਹੋ ਜਾਂਦੀ ਕਿ ਇਸ ਅਰਸੇ ਦੌਰਾਨ ਮੇਰਾ ਡੈਡੀ ਮੈਨੂੰ ਗੁੜੀਆ ਕਹਿਕੇ ਝਿੜਕਾਂ ਮਾਰਦਾ ਰਿਹਾ ਸੀ... ਤੇ ਉਹਦੀ ਝਿੜਕ ਸੁਣਕੇ ..ਬਚਪਨ ਤੋਂ ਡਰ ਤੇ ਦਹਿਸ਼ਤ ਨਾਲ ..ਮੇਰੀ ਨਰਿੰਦਰ ਤੋਂ ਬਣੀ ਗੁੜੀਆ ਦੀ...ਰਬੜ ਦੀ ਡੋਲ ਦੀ ..ਕੱਛੀ ਗਿੱਲੀ ਹੋ ਜਾਂਦੀ ਰਹੀ ਸੀ।

ਇਕ ਦਿਨ ਦੁਪਹਿਰ ਨੂੰ ਡੈਡੀ ਦਾ ਫੋਨ ਆਇਆ, "ਹਰਬਖਸ਼ ਸਿੰਘ ਦਾ ਐਕਸੀਡੈਂਟ ਹੋ ਗਿਆ ਏ। ਮੈਂ ਉਹਨੂੰ 16 ਸੈਕਟਰ ਦੇ ਜਨਰਲ ਹਸਪਤਾਲ ਵਿਚ ਦਾਖਲ ਕਰਵਾਕੇ ਹੀ ਫੋਨ ਕਰ ਰਿਹਾ ਆ। ਉਹਦੀ ਖੱਬੀ ਲੱਤ ਦੀ ਗੋਡੇ ਤੋਂ ਥੱਲੇਵਾਲੀ ਹੱਡੀ ਫਰੈਕਚਰ ਹੋ ਗਈ ਏ। ਉਹ ਹੋਸ਼ ਵਿਚ ਏ, ਗੱਲ-ਬਾਤ ਕਰ ਰਿਹਾ ਏ। ਤੁਸੀਂ ਘਬਰਾਓ ਨਹੀਂ ਹਸਪਤਾਲ ਪੁੱਜ ਜਾਓ।"

ਦੂਸਰੇ ਦਿਨ ਡੈਡੀ ਸਾਡੇ ਘਰ ਆਇਆ। ਉਹਨੇ ਮੇਰੇ ਪਾਪਾ ਪ੍ਰੇਮ ਸਿਘ ਨੂੰ ਪੰਜ ਲੱਖ ਰੁਪਏ ਦੇਂਦਿਆਂ ਕਿਹਾ, "ਇਹਨਾਂ ਪੈਸਿਆਂ ਨਾਲ ਹਰਬਖਸ਼ ਦਾ ਇਲਾਜ ਕਰਵਾਓ, ਤੇ ਤੁਸੀਂ ਹਿਸਾਬ-ਕਿਤਾਬ ਕਰਨ ਲਈ ਸ਼ੋ-ਰੂਮ ਉੱਤੇ ਆ ਜਾਓ।" ਸ਼ੋ-ਰੂਮ ਉੱਤੇ ਪੁੱਜਣ ਤੇ ਮੈਨੂੰ ਅੰਮ੍ਰਿਤਸਰ ਦੀ 'ਅਮਰ ਟੈਕਸਟਾਈਲ ਮਿੱਲ' ਦੇ ਹਿਸਾਬ-ਕਿਤਾਬ ਵਾਲਾ ਕਾਗਜ਼ ਦਿੱਤਾ। ਇਸਦੇ ਅੰਤ ਉੱਤੇ ਸਾਡਾ ਹਿੱਸਾ ਨਿਲ ਦਿਖਾਇਆ ਸੀ। ਮੈਂ ਇਸ ਦੇ ਬਾਰੇ ਪੁੱਛਣ ਲੱਗੀ। ਡੈਡੀ ਨੇ ਮੈਨੂੰ ਝਿੜਕ ਮਾਰੀ। ...ਗਿੱਲੀ ਹੋ ਗਈ ਸੀ। ਮੈਂ ਬਾਥਰੂਮ ਵੱਲ ਭੱਜੀ। ਡੈਡੀ ਨੇ ਮੈਨੂੰ ਆਪਣੀ ਆਦਤ ਅਨੁਸਾਰ ਉੱਚੀ ਅਵਾਜ਼ ਵਿਚ ਸੁਣਾ ਕੇ ਕਿਹਾ, "ਹੁਣ ਤੂੰ ਕੋਈ ਬਹੁਤੀ ਸਿਆਣੀ ਨੀ ਹੋ ਗਈ। ਜਿਹੜੀ ਮੈਤੋਂ ਹਿਸਾਬ ਪੁੱਛਣ ਲੱਗ, ਪਈ ਏਂ। ਮੇਰੇ ਲਈ ਤੂੰ ਉਹੀ ਗੁੜੀਆ ਏ... ਜਿਸਦੀ ਡਰਕੇ ਕੱਛੀ ਗਿੱਲੀ ਹੋ ਜਾਇਆ ਕਰਦੀ ਸੀ ਤੇ ਮੈਂ ਤੇਰੀ ਗਿੱਲੀ ਕੱਛੀ ਬਦਲਕੇ ਸੁੱਕੀ ਪਾ ਦਿੰਦਾ ਹੁੰਦਾ ਸੀ।" ਮੇਰੇ ਪਾਪਾ ਪ੍ਰੇਮ ਸਿੰਘ ਜੀ ਕੋਲੋਂ ਮੇਰੀ ਹਾਲਤ ਦੇਖੀ ਨਹੀਂ ਸੀ ਜਾ ਰਹੀ। ਸੋ ਮੇਰੇ ਪਾਪਾ ਜੀ ਨੇ ਡੈਡੀ ਤੋਂ ਸਾਰੀਆਂ ਕੰਪਨੀਆਂ ਦੇ ਹਿਸਾਬ-ਕਿਤਾਬ ਵਾਲੇ ਕਾਗਜ਼ ਫੜ ਲਏ ਤੇ ਮੈਨੂੰ ਕਿਹਾ, "ਨਿੰਦਰ ਬੇਟਾ ਇਹਨਾਂ ਸਾਰੇ ਕਾਗਜ਼ਾਂ ਉੱਤੇ ਬਿਨਾਂ ਦੇਖੇ ਸਾਈਨ ਕਰ ਦੇ।" ਸਾਰੇ ਕਾਗਜ਼ਾਂ ਉੱਤੇ ਸਾਡਾ ਨਿਲ ਹਿੱਸਾ ਦਿਖਾਇਆ ਗਿਆ ਸੀ।

ਪਾਪਾ ਜੀ ਨੇ ਪੁੱਛਿਆ, "ਕ੍ਰਿਸ਼ਨਾ ਸ਼ੋ ਰੂਮ ਵਿਚੋਂ ਸਾਡਾ ਹਿੱਸਾ ਸਮਾਪਤ ਹੋ ਗਿਆ?" "ਹਾਂ ਜੀ...ਹੁਣ ਹਰ ਨੇ ਤਾਂ ਮੇਰੇ ਨਾਲ ਕੰਮ ਕਰ ਨੀ ਸਕਣਾ ਕਿਉਂ ਕਿ ਹਰ ਵਿਚ ਠੀਕ ਹੋਣ ਤੋਂ ਬਾਅਦ ਦੁਕਾਨ ਤੇ ਬਹਿਕੇ ਗਾਹਕਾਂ ਨੂੰ ਖਿੱਚਣ ਦੀ ਅਟਰੈਕਸ਼ਨ ਨਹੀਂ ਰਹਿਣੀ।



ਇਸ ਕਰਕੇ ਥੁਆਡਾ ਹਿੱਸਾ ਕੱਢ ਦਿੱਤਾ ਏ।" ਅਸੀਂ ਨਮੋਸ਼ੀ ਜਿਹੀ ਵਿਚ ਉੱਠਕੇ ਤੁਰਨ ਲੱਗੇ। ਅਸੀਂ ਹਰ ਕੋਲ ਜਾਣ ਤੋਂ ਲੇਟ ਹੋ ਰਹੇ ਸੀ। ਡੈਡੀ ਨੇ ਰੋਕ ਲਿਆ, "ਨਿੰਦਰ ਤੂੰ ਥੋੜ੍ਹੇ ਸਮੇਂ ਲਈ ਦੁਕਾਨ ਦਾ ਰੋਜ਼ਾਨਾ ਦਾ ਆਮਦਨ ਤੇ ਖਰਚ ਦਾ ਰਿਕਾਰਡ ਕੰਪਿਊਟਰ ਵਿਚ ਦਰਜ ਕਰਨ ਲਈ ਆ ਜਾਇਆ ਕਰ। ਮੈਂ ਤੇਰਾ ਹੱਕ ਨਹੀਂ ਰੱਖਦਾ। ਮੈਂ ਤੈਨੂੰ ਕੁਝ ਪੈਸੇ ਮਹੀਨੇ ਦੇ ਮਹੀਨੇ ਦੇ ਦਿਆ ਕਰੂੰਗਾ ।" ਪਾਪਾ ਜੀ ਨੇ ਤਲਖੀ ਨਾਲ ਕਿਹਾ, " ਬੋਲੇ, ਧੀ ਦਾ ਹਿੱਸਾ ਤੂੰ ਦੁਕਾਨ ਵਿਚੋਂ ਕੱਢ ਦਿੱਤਾ, ਹੁਣ ਤੂੰ ਧੀ ਨੂੰ ਹੀ ਨੌਂਕਰਾਣੀ ਬਣਾ ਕੇ ਰੱਖੇਂਗਾ ਜਾ ਇਹਨੇ ਨੀ ਆਉਣਾ।"

ਮੈਂ ਪਾਪਾ ਜੀ ਨਾਲ ਜਾਣ ਲਈ ਉੱਠਕੇ ਖੜ੍ਹੀ ਹੋ ਗਈ। ਡੈਡੀ ਨੇ ਝਿੜਕ ਮਾਰੀ, "ਚੱਲ ਘਰ ਨੂੰ ਮੇਰੇ ਨਾਲ, ਮੈਂ ਤੈਨੂੰ ਸਮਝਾਉਂਦਾ ਹਾਂ।" ਮੈਂ ਡਰਕੇ ਬਾਥਰੂਮ ਵੱਲ ਭੱਜੀ। ਮੈਂ ਬਚਪਨ ਤੋਂ ਲੈ ਕੇ ਡਰਦੀ ਮਾਰੀ ਡੈਡੀ ਦਾ ਕਹਿਣਾ ਮੋੜ ਹੀਂ ਨਹੀਂ ਸਕਦੀ ਸੀ। ਮੇਰੇ ਕਦਮ ਡੈਡੀ ਦੇ ਘਰ ਵੱਲ ਤੁਰਨ ਲੱਗੇ। ਪਰ ਪਾਪਾ ਜੀ, ਮੈਨੂੰ ਕੰਬਦੀ-ਕੰਬਾਉਂਦੀ ਨੂੰ ਬਾਂਹ ਤੋਂ ਫੜ ਕੇ ਸਹੁਰਾ ਘਰ ਵੱਲ ਲਿਜਾ ਰਹੇ ਸਨ। ਮੇਰੀ ਸੱਸ ਵੀ ਸਾਹਮਣੇ ਕੋਠੀ ਵਿਚੋਂ ਨਿਕਲ ਕੇ ਮੈਨੂੰ ਸਹਾਰਾ ਦੇਣ ਲਈ ਆ ਗਏ ਸਨ। ਮੈਨੂੰ ਕੰਬਦੀ ਹੋਈ ਨੂੰ, ਮੇਰੇ ਸੱਸ ਤੇ ਸਹੁਰਾ ਦੋਵੇਂ ਬਾਹਾਂ ਤੋਂ ਫੜਕੇ, ਸਹਾਰਾ ਦੇ ਕੇ ਘਰ ਨੂੰ ਲੈ ਗਏ ਸਨ।

ਮੇਰੀ ਬੈੱਡ ਉੱਤੇ ਪਈ ਦੀ, ਟੇਬਲ ਉੱਤੇ ਪਏ ਅਖ਼ਬਾਰ ਉੱਤੇ ਨਜ਼ਰ ਚਲੀ ਗਈ ਸੀ। 'ਪਿਤਾ ਵੱਲੋਂ ਪੁੱਤਰੀ ਨਾਲ 17 ਸਾਲ ਬਲਾਤਕਾਰ। ਜਦ ਧੀ ਨਾਬਾਲਗ ਸੀ ਤਾਂ ਪਿਤਾ ਨਸ਼ਾ ਦੇ ਕੇ ਉਹਦੇ ਨਾਲ ਰੇਪ ਕਰਦਾ ਰਿਹਾ। ਵਿਆਹ ਤੋਂ ਕਈ ਸਾਲ ਬਾਅਦ ਧੀ ਦਾ ਤਲਾਕ ਹੋ ਗਿਆ ਸੀ। ਪਿਤਾ ਫਿਰ ਜਾਨ ਤੋਂ ਮਾਰਨ ਦੀ ਧਮਕੀ ਦੇ ਕੇ ਧੀ ਨਾਲ ਬਲਾਤਕਾਰ ਕਰਨ ਲੱਗ ਪਿਆ ਸੀ। ਇਕ ਦਿਨ ਮਾਂ ਨੇ ਦੇਖ ਲਿਆ..., ਮੈਤੋਂ ਪੂਰੀ ਖ਼ਬਰ ਪੜ੍ਹੀ ਨਹੀਂ ਜਾ ਰਹੀ। ਮੇਰਾ ਸਿਰ ਚਕਰਾਉਣ ਲੱਗ ਪਿਆ ਸੀ। ਪਰ ਇਸ ਵਿਸਤਰਿਤ ਖ਼ਬਰ ਦੇ ਨਾਲ ਹੀ ਵੱਡੇ ਅੱਖਰਾਂ ਵਿਚ ਅਜਿਹੀਆਂ ਪਹਿਲਾਂ ਵਾਪਰੀਆਂ ਘਟਨਾਵਾਂ ਦੀ ਤਫਸੀਲ ਦਿੱਤੀ ਗਈ ਸੀ। 'ਇਕ ਚੌਥੀ ਜਮਾਤ ਵਿਚ ਪੜ੍ਹਦੀ ਕੁੜੀ ਨੇ, ਕਲਾਸ ਟੀਚਰ ਨੂੰ ਦੱਸਕੇ, ਉਹਦੇ ਨਾਲ, ਰੇਪ ਕਰਨ ਵਾਲੇ ਪਿਓ ਨੂੰ ਗ੍ਰਿਫਤਾਰ ਕਰਵਾਇਆ....'

ਚੌਥੀ ਜਮਾਤ ਵਿਚ ਪੜ੍ਹਦੀ ਕੁੜੀ...ਮੇਰੀਆਂ ਅੱਖਾਂ ਅੱਗੇ ਘੁੰਮੀ ਜਾ ਰਹੀ ਸੀ। ਮੇਰੇ ਪਾਪਾ ਜੀ ਨੇ ਫੈਮਲੀ ਡਾਕਟਰ ਨੂੰ ਮੇਰਾ ਇਲਾਜ ਕਰਨ ਲਈ ਬੁਲਾ ਲਿਆ ਸੀ। ਮੇਰਾ ਡੈਡੀ ਸ਼ੋ-ਰੂਮ ਤੋਂ ਆ ਕੇ ਮੈਨੂੰ ਨਿਢਾਲ ਪਈ ਨੂੰ ਦੇਖਕੇ ਕਹਿਣ ਲੱਗਿਆ, "ਤੁਸੀਂ ਨੰਗਾਂ ਨੇ ਮੇਰੀ ਧੀ ਦਾ ਕੀ ਇਲਾਜ ਕਰਵਾਉਣਾਂ ਏ?"....ਮੇਰੇ ਸ਼ਰੀਫ਼ ਸਹੁਰੇ ਨੇ ਹੱਥ ਜੋੜਦਿਆਂ ਕਿਹਾ, ਦਵੇਸ਼ਵਰ ਸਿੰਘ ਜੀ ਨਰਿੰਦਰ ਕੌਰ ਤੇਰੀ ਧੀ ਏ। ਤੂੰ ਇਸਨੂੰ ਇਲਾਜ ਕਰਵਾਉਣ ਲਈ ਆਪਣੇ ਘਰ ਲਿਜਾ ਸਕਦਾ ਏਂ।" "ਪਾਪਾ ਜੀ ਮੈਂ ਨੀ ਇਸਦੇ ਨਾਲ ਜਾਣਾ। ਕੱਢੋ ਇਸਨੂੰ ਘਰੋਂ ਬਾਹਰ ਅ.... ਤੇ ਆਖੋ ਓ..ਮੁੜਕੇ ਇਸ ਘਰ ਵਿਚ ਪੈਰ ਨੀ ਪਾਉਣਾ।" ਮੈਂ ਉੱਚੀ ਅਵਾਜ਼ ਵਿਚ ਚੀਕ ਕੇ ਕਿਹਾ। ਮੇਰੀ ਕੰਬਦੀ ਦੇਹ ਵਿਚ ਏਨੀ ਜਾਨ, ਏਨੀ ਹਿੰਮਤ ਪਤਾ ਨੀ ਕਿੱਥੋਂ ਆ ਗਈ ਸੀ। ਸਾਡੇ ਘਰ ਹਰ ਦੀ ਖ਼ਬਰ ਸਾਰ ਲੈਣ ਲਈ ਆਏ ਰਿਸ਼ਤੇਦਾਰਾਂ ਤੇ ਗਵਾਂਢੀਆਂ ਦੇ ਮੇਰੀ ਚੀਕਵੀਂ ਅਵਾਜ਼ ਸੁਣਕੇ ਕੰਨ ਖੜ੍ਹੇ ਹੋ ਗਏ ਸਨ ਕਿ ਮੈਂ ਆਪਣੇ ਪਿਓ ਨੂੰ ਕੀ ਕਹਿੰਦੀ ਆਂ। "ਇਹ ਬਚਪਨ ਤੋਂ ਮੇਰੇ ਪੇਸ਼ ਪਿਆ ਹੋਇਆ, ਮੈਨੂੰ ਚੰਬੜਿਆ, ਜਿਓਂਦਾ ਭੂਤ ਏ... ਮੇਰੇ ਨਾਲ ਵਧੀਕੀ ਕਰਦਾ ਆ ਰਿਹਾ ਆ। ਮੇਰੇ ਡੰਗ ਮਾਰਦਾ ਰਿਹਾ.... ਖੜੱਪਾ ਸੱਪ ਏ...।"

**ਮੋਬਾ- 988812977**

## ਇਕ ਸੀ ਦਰੋਪਤੀ/ਅਮਰ ਜਿਊਤੀ

ਕੌਣ ਕ੍ਰਿਸ਼ਨ
ਕੌਣ ਪਾਂਡਵ
ਕੌਣ ਕੌਰਵ
ਇਕ ਸੀ ਦਰੋਪਤੀ
ਵਾਰੀ ਵਾਰੀ ਸਭ
ਉਸ ਨੂੰ ਮਿਲੇ,
ਉਹਦੇ ਵਜੂਦ ਉੱਤੇ
ਕਾਬੂ ਪਾਉਣ ਲਈ
ਸੁਰੱਖਿਆ ਦੇ
ਵਸਤਰ ਪਹਿਨਾਉਣ ਲਈ
ਜੀਵਨ ਸਾਗਰ ਵਿੱਚ
ਉੱਤਰ ਜਾਣ ਲਈ
ਘਹਿਰਾ ਡੁੱਬ ਕੇ
ਤਰ ਜਾਣ ਲਈ,
ਦਰੋਪਤੀ ਦੇ ਕੇਸ ਖੁੱਲ੍ਹੇ
ਉਹ ਚਲੇ ਗਈ
ਸੈਲੂਨ ਵਿੱਚ
ਉਹਨਾਂ ਨੂੰ ਫੈਸ਼ਨ-ਹਰ
ਕਟਵਾਉਣ ਲਈ
ਦੋਰਪਤੀ ਨੇ ਬੇਬਾਕ
ਐਲਾਨ ਕੀਤਾ,
ਉਡੀਕਣਾ ਨਹੀਂ ਚਾਹੁੰਦੀ
ਉਹ ਕਿਸੇ ਭੀਮ ਨੂੰ।

## ਆਪੋ ਆਪਣੀ ਕਲਾ/ ਦਰਸ਼ਨ ਬੁਲੰਦਵੀ

ਲੱਕੜਹਾਰੇ ਨੇ
ਜੰਗਲ ਘੁੰਮਦਿਆਂ
ਪੁੱਟਿਆ ਇਕ ਦਰਖਤ
ਛਾਂਗਿਆ ਅੰਦਰੋਂ ਬਾਹਰੋਂ
ਮੋਛੇ ਪਾਏ ਲੋੜ ਅਨੁਸਾਰ
ਰੰਦ ਸੰਵਾਰ ਕੇ
ਲੋੜ ਤਾਰਾਸ਼ੀ ਉਸ ਵਿੱਚੋਂ
ਲਾਭ-ਹਾਣ ਵਿਚਾਰ ਕੇ
ਆਪਣਾ ਵਣਜ ਕੀਤਾ,

ਲੱਕੜਹਾਰੇ ਦੀ
ਪੈੜ 'ਚ ਪੈੜ ਧਰਦਾ
ਉਹ ਪਹੁੰਚ ਗਿਆ ਉਥੇ
ਕੋਈ ਜੜ੍ਹ ਤਾਲਾਸ਼
ਉਸ ਨੇ ਜੜ੍ਹ ਚੁੱਕੀ
ਛਾਤੀ ਨਾਲ ਲਾਈ
ਪੂੰਝ ਸੰਵਾਰ ਕੇ
ਧੋਹ ਨਿਖਾਰ ਕੇ
ਕਲਾ ਦੀ ਸਾਣ ਚੜ੍ਹਾਈ
ਸੋਚ ਵਿਚਾਰ ਕੇ
ਵਾਧੂ ਦਾ ਭਾਰ ਲਾਹਿਆ
ਅੰਤ ਪਾਲਿਸ਼ ਕਰਕੇ
ਜੜ੍ਹ ਸੋਵੀਨਾਰ ਬਣਾਇਆ
ਅਗਲੇ ਦਿਨ
ਆਪਣੇ ਲਾਉਂਜ ਵਿੱਚ ਟਿਕਾਇਆ
ਆਪਣੀ ਕਲਾ ਖਾਤਿਰ



## ਸੁਰਿੰਦਰ ਸੀਰਤ ਦੀਆਂ ਤਿੰਨ ਗ਼ਜ਼ਲਾਂ

1

ਜ਼ਖ਼ਮ ਕਿੰਨੇ ਹੈਨ ਮੇਰੇ, ਇਸ ਦਾ ਕੋਈ ਗ਼ਮ ਨਹੀਂ
ਇਸ 'ਚ ਗਹਿਰੀ ਚੁੱਪ ਤੇਰੀ ਦਾ ਵੀ ਕੋਈ ਕੰਮ ਨਹੀਂ

ਡੀਕ ਬੈਠਾ ਹਾਂ ਮੈਂ ਸਹਿਰਾ, ਅੱਗ ਦੇ ਦਰਿਆ ਕਈ
ਇਹ ਕਜੇਰੀ ਅੱਗ ਤੇਰੀ ਜਿਸ 'ਚ ਮੈਂ ਹਮਦਮ ਨਹੀਂ

ਬੇ ਸਬੱਬ ਗੁਜ਼ਰੀ ਏ ਬਸ ਤੈਨੂੰ ਧਿਆਇਆ ਏ ਨਿਰਾ
ਹੋਰ ਕੁਝ ਹਾਸਲ ਨ ਮੇਰਾ, ਹੋਰ ਕੁਝ ਬਾਹਮ ਨਹੀਂ

ਸ਼ੂੰਨ ਹੈਂ ਜਾਂ ਹੈਂ ਇਕਾਈ, ਇਸ 'ਚ ਕੁਝ ਹਾਸਲ ਨਹੀਂ
ਕਿੰਝ ਪਰ ਇਸ ਹੋਂਦ ਅਪਣੀ ਦਾ ਤਿਰੇ ਮਾਤਮ ਨਹੀਂ

ਢੂੰਡਦੈਂ ਮੇਰੀ ਹਯਾਤੀ ਚੋਂ ਨਿਰਾ ਹੱਕ, ਲਾਭ, ਸੇਧ
ਤਰਕ ਦੀ ਇਹ ਜੀਣ ਸ਼ੈਲੀ, ਇਸ਼ਕ, ਅਥਰੂ, ਖ਼ਮ ਨਹੀਂ

ਕੁਝ ਅਜੇਹੇ ਗੀਤ ਤੇਰੀ ਸਾਰ ਵਿਚ ਭਿੱਜੇ ਬਹੁਤ
ਕੁਝ ਅਜੇਹੇ ਬੇਸੁਰੇ, ਜਿੰਨਾਂ 'ਚ ਇਕ ਸਰਗਮ ਨਹੀਂ

ਉਹ ਮਿਰੇ ਚੇਤਨ ਤੇ ਦਸਤਕ ਦੇਂਦੇ ਦੇਂਦੇ ਰਹਿ ਗਿਆ
ਉਸ ਦੀ ਲਾਚਾਰੀ ਸੀ ਜਾਂ ਨਿਸਚੇ 'ਚ ਉਸ ਦੇ ਦਮ ਨਹੀਂ

ਢੋ ਰਿਓਂ ਅਪਣਾ ਜਨਾਜ਼ਾ ਅਪਣਿਓਂ ਕਿਰਦਾਰ ਤੀਕ
ਕਿੰਜ ਪੱਥਰ ਹੋ ਗਿਓਂ ਕਿਓਂ ਨੈਣ ਤੇਰੇ ਨਮ ਨਹੀਂ

ਪੈਰ ਗੁੰਮ, ਪਰਵਾਜ਼ ਗੁੰਮ, ਦਰਵੇਸ਼ ਗੁੰਮ, ਦ੍ਰਿਸ਼ਟਾਂਤ ਗੁੰਮ
ਸਿਰ ਗਵਾ ਬੈਠੇ ਸਭੇ, ਕੁਈ ਸ਼ਖ਼ਸ ਹੀ ਸਾਲਮ ਨਹੀਂ

ਸਾਜ਼ਸ਼ਾਂ ਦੇ ਦੌਰ ਵਿਚ ਮੈਂ ਢੂੰਡਦਾ ਪਹਿਚਾਣ ਹਾਂ
ਮਾਨਸਿਕ ਸੰਘਰਸ਼ ' ਸੀਰਤ ਹੱਥ 'ਚ ਜੇ ਪਰਚਮ ਨਹੀਂ।

2

ਉਸ ਦਿਆਂ ਨੈਣਾਂ 'ਚ ਗਹਿਰੀ ਚੁੱਪ ਦੇ ਅਲਫ਼ਾਜ਼ ਹਨ
ਦਿਲ ਤੋਂ ਰੂਹ ਤੀਕਰ ਅਪੜਨੇ ਦੇ ਵੀ ਇਹ ਅੰਦਾਜ਼ ਹਨ

ਨੀਲ ਅੰਬਰ ,ਗੂੜ ਜੰਗਲ, ਘੁੱਪ ਸਾਗਰ ਤੇ ਨਦੀ
ਹਰ ਕਿਸੇ ਦੇ ਗੁਪਤ ਰਿਸ਼ਤੇ, ਤੇ ਰਹੱਸ ਹਨ ਰਾਜ਼ ਹਨ

ਢੂੰਡ ਸਕਦਾ ਜੇ ਮੈਂ , ਅਪਣੀ ਤਿਹ ਨਦੀ ਨੂੰ ਢੂੰਡਦਾ
ਛੋਹ 'ਚ ਜਿਸ ਦੇ ਜਾਗ ਉਠਦੇ ਗੀਤ, ਨਗ਼ਮੇਂ , ਸਾਜ਼ ਹਨ

ਪੁਜ ਨਹੀਂ ਸਕਦਾ ਮਿਰੇ ਤੀਕਰ ਕੁਈ ਤੂਫ਼ਾਨ ਵੀ
ਮੂਕ ਲਹਿਰਾਂ ਦੇ ਤਸੱਵਰ ਹੀ ਮਿਰੇ ਹਮਰਾਜ਼ ਹਨ

ਡੁਬ ਰਹੇ ਸੂਰਜ, ਜਾਂ ਬੁਝਦੇ ਚੰਨ ਦੇ ਦ੍ਰਿਸ਼ਟਾਂਤ ਵਿਚ
ਗੁਪਤ, ਚੜ੍ਹਦੀ ਰੌਸ਼ਨੀ ਦੇ ਨਿਤ ਨਵੇਂ ਆਗ਼ਾਜ਼ ਹਨ

ਟੁੱਟ ਕੇ ਹੈ ਰਹਿ ਗਈ ਸਾਹਾਂ ਤੋਂ ਸਾਹਾਂ ਦੀ ਤੜਪ
ਹੈ ਖ਼ਬਰ ਇਹ ਵੀ ਕਿ ਤੇਵਰ ਆਪਦੇ ਨਾਸਾਜ਼ ਹਨ

ਜਾਣ ਸਕਿਆ ਹਾਂ ਮੈਂ ਆਖ਼ਰ ਅਪਣੀ ਭਟਕਣ ਦਾ ਸਬੱਬ
ਪਹੁੰਚ ਵਿਚ ਮੇਰੇ ਨਹੀਂ,ਸੀਰਤ ਤੋਂ ਜੋ ਮਮਤਾਜ਼ ਹਨ।।

3

ਮਿਰੇ ਘਰ 'ਚ ਪੈ ਗਿਆ ਹੈ, ਕਿਸੇ ਅਜਨਬੀ ਦਾ ਡੇਰਾ।
ਕਿਤੇ ਗੁੰਮ ਏ ਰਾਤ ਮੇਰੀ, ਗੁੰਮ ਹੈ ਕਿਤੇ ਸਵੇਰਾ ।।

ਨਜ਼ਰ ਆ ਰਿਹਾ ਏ ਕੋਈ, ਪਥਰਾਂ 'ਚ ਸੋਚ ਭਰਦੇ,
ਹਰ ਹਾਲ ਵਿਚ ਕਰੇ ਗਾ ਸੰਗਸਾਰ ਇਹ ਚੁਫੇਰਾ।।

ਬਸ ਅੰਨੀ ਰੌਸ਼ਨੀ ਹੈ, ਅਜ ਅੰਨੇ ਸੂਰਜਾਂ ਦੀ,
ਜਗਣੇ ਨੇ ਦੀਪ ਕਿੱਥੇ, ਜੁਗਨੂੰ ਕਰਨ ਬਸੇਰਾ ?

ਬੰਦ ਹੈ ਸਮੇਂ ਦੀ ਮੁੱਠੀਂ , ਸੰਤਾਪ ਇਸ ਸਮੇਂ ਦਾ
ਖੁਲਣੀਂ ਜਦੋਂ ਇਹ ਮੁੱਠੀ, ਹੋਣਾ ਵਿਨਾਸ਼ ਤੇਰਾ।।

ਸਬਜ਼ਾਰ ਇਕ ਛਲਾਵਾ,ਹਰਾ ਇੰਨਕਲਾਬ ਮਾਰੂ
ਕਿੰਝ ਖ਼ੁਦਕੁਸ਼ੀ 'ਚ ਵਧਿਆ, ਅਜ ਦਾ ਕਿਸਾਨ ਘੇਰਾ।।

ਕਿਤੇ ਸੀਰੀਆ ਏ ਸੜਦਾ, ਕਸ਼ਮੀਰ ਸੜ ਰਿਹਾ ਹੈ !
ਕੇਹੀ ਅੱਗ 'ਚ ਸੜ ਰਿਹਾ ਏ ਉੜਦਾ ਪੰਜਾਬ ਮੇਰਾ !!

ਨਾ ਮੈਂ ਵਾਂਗ ਮੌਸਮਾਂ ਦੇ, ਰਹਾਂ ਨਿੱਤ ਹੀ ਬਦਲਦਾ
ਇਕ ਸੋਚ ਹਾਂ ਮੈ ਸੀਰਤ ਇਕ ਰਾਹ ਨਵਾਂ ਨਵੇਰਾ।।



# ਪਰ ਇੰਝ ਹੋਇਆ/ ਸੁਰਜੀਤ ਕੌਰ

ਅੱਜ ਕਹਾਣੀ ਹੈ ਮੈਂ ਇਕ ਸੁਨਾਉਣੀ-
ਦਰਮੰਦ ਲੋਕਾਂ ਦੀ
ਬਾਤ ਹੈ ਦੁਹਰਾਉਣੀ !

ਤੁਸੀਂ ਭਰਨਾ ਹੁੰਘਾਰਾ
ਮਾਰਨਾ
ਹਾਰਾ-ਨਾਹਰਾ !

ਕਹਾਣੀ ਹੈ ਉਨ੍ਹਾਂ ਦੀ
ਜੋ ਸਨ ਕਦੇ ਘੁੱਗ ਵਸਦੇ
ਜਿਨ੍ਹਾਂ ਦੇ ਘਰਾਂ 'ਤੇ ਸਨ
ਉਨ੍ਹਾਂ ਦੇ ਨਾਵਾਂ ਵਾਲੇ ਤਖਤੇ !

ਮੋਕਲੇ 'ਜੇ ਉਨ੍ਹਾਂ ਦੇ ਵਿਹੜਿਆਂ 'ਚ
ਤਾਰੇ ਟਿਮਟਾਉਂਦੇ
ਮੋਰ ਪੈਲਾਂ ਪਾਉਂਦੇ
ਪੰਖੇਰੂ ਚਹਿਚਹਾਉਂਦੇ !

ਵਸਦੇ ਘਰਾਂ 'ਚ ਹਾਸੇ ਛਣਕਦੇ
ਸਿਰਾਂ 'ਤੇ ਉਨ੍ਹਾਂ ਦੇ ਕਿਰਨਾਂ ਦੇ ਤਾਜ ਚਮਕਦੇ
ਲੋਕ ਚਾਨਣੀਆਂ 'ਚ ਮਲ ਮਲ ਨਹਾਉਂਦੇ
ਕੋਸੀਆਂ ਧੁੱਪਾਂ 'ਚ ਬਹਿ ਕੇ ਸੁਸਤਾਉਂਦੇ
ਖੇੜੇ ਫਸਲਾਂ 'ਤੇ ਆਉਂਦੇ
ਗਲ਼ਾਂ 'ਚ ਬਸਤੇ ਪਾ ਨਿੱਕੇ-ਨਿਆਣੇ
ਚਾਈਂ ਚਾਈਂ ਸਕੂਲੋਂ ਘਰਾਂ ਨੂੰ ਆਉਂਦੇ !

ਸੁਆਣੀਆਂ ਘਰਾਂ ਨੂੰ ਸੁਆਰਕੇ
ਬੂਹਿਆਂ 'ਤੇ ਚਾਵਾਂ ਦੀਆਂ ਲੜੀਆਂ ਸਜਾਉਂਦੀਆਂ
ਆਪਣਿਆਂ ਦੀ ਉਡੀਕ ਕਰਦੀਆਂ
ਦਰਾਂ 'ਚ ਖੜੀਆਂ ਹੋ ਗੀਤ ਗਾਉਂਦੀਆਂ !

ਨਿੱਘੇ ਘਰਾਂ 'ਚ ਲੋਕ ਬੇਫਿਕਰ ਹੋ ਸੌਂਦੇ
ਆਪਣੇ ਘਰ ਡਰ ਕਾਹਦਾ ?
ਕਦੇ ਕਦੇ ਤਾਂ ਕੁੰਡਾ ਵੀ ਨਾ ਲਾਉਂਦੇ !

ਇਕ ਦਿਨ
ਕਾਲ਼ੀ ਬੋਲ਼ੀ ਹਨੇਰੀ ਇਕ
ਵਸਦੇ ਏਸ ਨਗਰ 'ਤੇ
ਅਜਿਹੀ ਆਣ ਚੜ੍ਹੀ
ਉਹਨਾਂ ਦੀਆਂ ਗਲ਼ੀਆਂ ਲੰਘ
ਉਹਨਾਂ ਦੇ ਸਿਰਨਾਵਿਆਂ ਵਾਲ਼ਿਆਂ
ਘਰਾਂ ਦੇ ਅੰਦਰੀਂ ਜਾ ਵੜੀ
ਉਹਨਾਂ ਦੀਆਂ ਛਾਤੀਆਂ
ਬੰਬਾਂ, ਬੰਦੂਕਾਂ ਤੇ ਸੰਗੀਨਾਂ ਨਾਲ ਛਾਨਣੀ
ਕਰ
ਨਗਰ ਦੇ ਅੰਦਰ
ਦਹਿਸ਼ਤ ਬਣ ਹੋਈ ਖੜੀ !

ਇੰਝ ਨਹੀਂ ਹੋਣਾ ਚਾਹੀਦਾ ਸੀ
ਪਰ ਇੰਝ ਹੋਇਆ-
ਕੰਜਕਾਂ ਦੀਆਂ ਚੀਕਾਂ ਨੇ ਸੱਤਵਾਂ ਅਸਮਾਨ
ਛੂਹਿਆ
ਧਰਤੀ ਰੋਈ ਅੰਬਰ ਰੋਇਆ
ਆਦਮ ਦਾ ਚਿਹਰਾ ਦਾਗ ਦਾਗ ਹੋਇਆ
ਪਰ ਬੋਲਣ ਦਾ ਸਾਹਸ ਕਿਸੇ ਤੋਂ ਨਾ ਹੋਇਆ!

ਹੱਸਦੇ ਖੇਡਦੇ
ਬਸਤੇ ਚਾਈ ਆਉਂਦੇ ਬੱਚੇ ਸਾਰੇ
ਸੰਗੀਨਾਂ ਦੀ ਨੋਕ 'ਤੇ ਉਨ੍ਹਾਂ ਚਾੜ੍ਹ ਕੇ ਮਾਰੇ
ਆਪਣੇ ਘਰਾਂ ਨੂੰ ਖੁੱਲ੍ਹੇ ਛੱਡ, ਲੋਕ
ਜਾਨਾਂ ਬਚਾਉਂਦੇ ਵਾਹੋ ਦਾਹੀ ਭੱਜੇ
ਆਪਮੁਹਾਰੇ !

ਇੰਝ ਨਹੀਂ ਹੋਣਾ ਚਾਹੀਦਾ ਸੀ
ਪਰ ਇੰਝ ਹੋਇਆ
ਦਰ ਦਰ ਦੀ ਠੋਕਰ ਖਾਂਦਾ

ਨਗਰ ਨਗਰ ਦਾ ਬੰਦਾ ਬੰਦਾ ਬੇਘਰ ਹੋਇਆ
ਵਤਨ ਛੱਡ, ਜਾਨ ਬਚਾਉਂਦਾ
ਲੋਕਾਂ ਦਾ ਸੈਲਾਬ ਇਕ
ਸਰਹੱਦ ਟੱਪ ਭੱਜਣ ਲਈ ਆਤੁਰ ਹੋਇਆ!

ਭਰ ਭਰ ਬੰਦੇ
ਕਿਸਤੀਆਂ ਸਮੁੰਦਰ 'ਚ ਠੇਲੀਆਂ
ਕਿਸ਼ਤੀਆਂ ਤੁਰੀਆਂ
ਕਿਸ਼ਤੀਆਂ ਡੋਲੀਆਂ
ਖੌਰੇ ਖਫ਼ਾ ਕਿਹੜੀ ਗੱਲੋਂ ਲਹਿਰਾਂ ਉਸ ਦਿਨ
ਖਾ ਗਈਆਂ ਬੰਦੇ ਨਿਗਲ ਲਈਆਂ
ਕਿਸ਼ਤੀਆਂ
ਕਿੰਨੀਆਂ ਜਾਨਾਂ ਸਮੁੰਦਰ ਨੇ ਖੋਹ ਲਈਆਂ !

ਇੰਝ ਨਹੀਂ ਹੋਣਾ ਚਾਹੀਦਾ ਸੀ
ਪਰ ਇੰਝ ਹੋਇਆ
ਹੱਸਦਾ ਵਸਦਾ ਬੰਦਾ
ਬਿਮਾਰ ਲਾਚਾਰ ਹੋ
ਭੁੱਬਾਂ ਮਾਰਕੇ ਰੋਇਆ
ਤੱਟ 'ਤੇ ਰੁਲ਼ਦੀਆਂ ਲਾਵਾਰਸ ਲਾਸ਼ਾਂ 'ਚ
ਤਿੰਨਾਂ ਸਾਲਾਂ ਦੇ 'ਆਇਲਨ ਕੁਰਡੀ' ਦੀ
ਲਾਸ਼ ਵੇਖ
ਪੱਥਰਾਂ ਤੋਂ ਵੀ ਭਾਵੁਕ ਹੋਣੋ ਰਹਿ ਨਾ
ਹੋਇਆ !

ਇੰਝ ਨਹੀਂ ਹੋਣਾ ਚਾਹੀਦਾ ਸੀ
ਪਰ ਇੰਝ ਹੋਇਆ

## ਜੰਗਾਲੇ ਜਿੰਦਰਿਆਂ ਦੀ ਕੂੰਜੀ/ ਵਾਹਿਦ

ਸਮੇਂ ਦੇ ਦਰਵਾਜ਼ੇ ਨੂੰ
ਮਾਰੇ ਜਿੰਦਰੇ ਦੀ ਚਾਬੀ
ਹੁੰਦੀ ਹੈ ਕਿਤਾਬ
ਜਦ ਖੁੱਲ੍ਹਦੀ ਹੈ...

ਉਹ ਪਲ
ਕਿ ਜਿਸ ਪਲ ਖੁੱਲ੍ਹਦੀ ਕਿਤਾਬ
ਹਰ ਸ਼ਬਦ 'ਚੋਂ ਸੂਰਜ ਚੜ੍ਹ ਕੇ
ਕਰੇ ਮਸਤਕ ਦੀ ਪਰਿਕਰਮਾ
ਧਰਤ ਆ ਟਿਕੇ ਇਕ ਤੱਕਣੀ 'ਤੇ
ਹਰ ਸਾਹ 'ਚ ਧੜਕੇ ਬ੍ਰਹਿਮੰਡ

ਨਿੱਕੀ ਜਿਹੀ ਹੋਂਦ ਵਿਚ
ਅਸੰਖ ਸਮਿਆਂ ਦਾ ਸੱਚ
ਪਾਣੀ ਜਿਉਂ ਵਿਛਦਾ
ਦੇਖ ਤਾਂ ਸਹੀ ਕਦੇ
ਸਹੀ ਕਿਤਾਬ ਦੀ ਅੱਖ 'ਚੋਂ ਵਕਤ

ਕਿਤਾਬ ਅੱਖਰ-ਅੱਖਰ ਨੁੱਚੜ
ਭਰ ਦਿੰਦੀ ਸੁਪਨਿਆਂ ਨਾਲ਼ ਅੱਖਾਂ
ਬੰਜਰ ਵਕਤਾਂ 'ਚੋਂ ਉੱਗਦੇ ਜੀਵਨ
ਦਿਸਹੱਦਿਆਂ ਜਹੇ ਸਵਾਲਾਂ ਦੇ
ਜਵਾਬ ਨਿੱਸਰ ਆਉਂਦੇ
ਸ਼ਰਤ ਹੈ ਤਾਂ ਬਸ ਏਨੀ
ਕਿ ਸਹੀ ਹੱਥਾਂ 'ਚ ਹੋਵੇ ਕਿਤਾਬ...



## ਸਾਈਕਲ/ਤਰਸੇਮ

ਸਾਈਕਲ ਨਹੀਂ
ਪੁਰਖਿਆਂ ਦਾ ਸਾਰਥੀ ਹੈ
ਕਿੰਨੇ ਹੀ ਛੋਟੇ-ਛੋਟੇ
ਯੁੱਧਾਂ ਦਾ ਗਵਾਹ ਹੈ ਇਹ...

ਘਰ ਦੇ ਪਿਛਵਾੜੇ
ਸੁੱਟਿਆ ਪਿਆ
ਚੀਜ਼ ਫ਼ਾਲਤੂ ਕੋਈ...

ਘੰਟੀ ਬੱਚਿਆਂ ਨੇ ਲਈ ਲਾਹ
ਖੂੰਜੇ ਸੁੱਟਿਆ ਕੈਰੀਅਰ
ਬੈਂਤ ਟੋਕਰੀ ਦੀ ਖਿਲਰੀ
ਸੱਜੇ-ਖੱਬੇ ਦੀਆਂ ਬਰੇਕਾਂ ਬਿਨਾਂ
ਖਿਲਰਿਆ ਪਿਆ ਹੀਰੋ ਇਉਂ
ਜਿਉਂ ਭੀਸ਼ਮ ਪਿਆ ਹੋਵੇ ਤੀਰਾਂ ਦੀ ਸੇਜ 'ਤੇ

ਲਗਜ਼ਰੀ ਬਾਈਕਸ, ਏ.ਸੀ. ਕਾਰਾਂ
ਹਵਾ 'ਚ ਉੱਡਦੀਆਂ
ਮੇਲ ਗੱਡੀਆਂ ਦੇ ਯੁੱਗ 'ਚ
ਕੌਣ ਚਾਹੁੰਦੈ ਸਵਾਰੀ ਗੱਡੀ ਨੂੰ

ਕਾਲ਼ੀਆਂ ਸੜਕਾਂ ਭੀੜ ਨਾਲ ਭਰੀਆਂ
ਟੱਲੀਆਂ ਦੀ ਟਣ-ਟਣ
ਕਿੱਥੇ ਸੁਣਦੇ ਨੇ ਪ੍ਰੈਸ਼ਰ ਹਾਰਨ
ਸਾਈਕਲ ਆਪਣਾ ਰਾਹ ਬਣਾਵੇ
ਚੀਰ ਜਾਵੇ ਭੀੜ ਨੂੰ
ਜਿਵੇਂ ਬਿਰਲਾਂ ਥਾਈਂ ਲੰਘੇ ਚਾਨਣ

ਨਾ ਇਹ ਖਾਵੇ
ਨਾ ਪੀਵੇ ਇਹ
ਫੇਰ ਵੀ ਲੰਬੀ ਰੇਸ ਦਾ ਘੋੜਾ

ਘਰ ਭੁੱਲ ਚੁੱਕਿਐ ਪੁਰਖਿਆਂ ਨੂੰ
ਸਾਰਥੀ ਨੂੰ ਯਾਦ ਕੌਣ ਕਰੇ

ਕੌਣ ਕਹੇ ਕਥਾ
ਛੋਟੀਆਂ-ਛੋਟੀਆਂ ਲੜਾਈਆਂ ਦੀ
ਜੋ ਲੜੀਆਂ ਗਈਆਂ ਘਰ ਲਈ...

ਸਾਈਕਲ ਨਹੀਂ
ਪੁਰਖਿਆਂ ਦਾ ਸਾਰਥੀ ਹੈ
ਕਿੰਨੇ ਹੀ ਛੋਟੇ-ਛੋਟੇ
ਯੁੱਧਾਂ ਦਾ ਗਵਾਹ ਹੈ ਇਹ...
✪

## ਮਰਨ ਦੀ ਕਲਾ/ਤਰਸੇਮ

ਮਿੱਟੀ 'ਚ ਡਿੱਗਿਆ ਬੀਜ
ਪੁੰਗਰਿਆ... ਪੌਦਾ ਬਣਿਆ
ਖੇਡਦਾ ਰਿਹਾ ਮਿੱਟੀ ਨਾਲ
ਹਵਾ ਨਾਲ
        ਪਾਣੀ ਨਾਲ
                ਧੁੱਪ ਨਾਲ
...ਬਿਰਖ਼ ਹੋ ਗਿਆ
ਝੁਕਿਆ ਹਰਿਆ-ਭਰਿਆ
ਪੰਛੀ ਖੇਡਦੇ, ਗੱਲਾਂ ਕਰਦੇ
ਬਿਰਖ਼ ਮੇਲਾ ਹੋ ਗਿਆ

ਇੱਕ ਦਿਨ ਬਿਰਖ਼ ਨੂੰ ਆਪਣੇ ਸੱਕ ਉੱਤਰਦੇ ਲੱਗੇ
ਬੱਚੇ ਨੂੰ ਦੇਖ ਖ਼ੁਸ਼ ਹੋ ਗਿਆ
ਬਿਰਖ਼ ਨਿਵਿਆਂ...
ਬੱਚਾ ਫ਼ਲਾਂ ਨਾਲ ਫ਼ਲ ਹੋ ਗਿਆ

ਬਿਰਖ਼ ਦੁਪਹਿਰੇ
ਹੌਂਕਦੇ ਮੁਸਾਫ਼ਿਰ ਨੂੰ ਹੱਥ ਦੇ ਕੇ ਰੋਕਦਾ
ਛਾਂ ਮੁਸਾਫ਼ਿਰ ਲਈ ਛਤਰੀ ਬਣ ਜਾਂਦੀ
ਉਹ ਬਿਰਖ਼ ਨੂੰ ਮੱਥੇ 'ਚ ਰੱਖ ਅੱਗੇ ਤੁਰ ਜਾਂਦਾ

ਬਿਰਖ਼ 'ਚੋਂ ਰੁੱਤਾਂ ਲੰਘਦੀਆਂ
ਤੇ ਰੁੱਤਾਂ 'ਚੋਂ ਬਿਰਖ਼

ਫੁੱਲਾਂ ਦੀ ਰੁੱਤ ਕੀ ਗਈ
ਤਾਂ ਬਿਰਖ਼ ਉਦਾਸ ਹੋ ਗਿਆ
ਉਸ ਦੀ ਉਦਾਸੀ ਦੀ ਕਥਾ
ਧਰਤੀ 'ਤੇ ਪਏ ਪੱਤੇ ਕਹਿੰਦੇ

ਰੁੰਡ-ਮਰੁੰਡ ਹੋਏ 'ਤੇ
ਕਦੇ-ਕਦਾਈਂ ਕੋਈ ਪੰਛੀ ਬੈਠਦਾ
ਮੁਰਝਾਈ ਜਿਹੀ ਹਾਸੀ ਹੱਸਦਾ
ਤਾਂ ਮਿੱਟੀ ਦੇ ਕਾਲਜੇ 'ਚੋਂ ਰੁੱਗ ਭਰਿਆ ਜਾਂਦਾ
ਹੱਥ ਨੇ ਕੁਹਾੜੇ ਦੀ ਭਾਸ਼ਾ ਸਿੱਖੀ
ਤਾਂ ਬਿਰਖ਼ ਨੇ ਕਿਹਾ
ਕਿ "ਜਿੰਨੇ ਟੋਟੇ ਕਰੇਂਗਾ
ਓਨੇ ਬੀਜ ਧਰਤੀ 'ਚ ਸੁੱਟੀਂ"
ਆਰੇ 'ਚੋਂ ਲੰਘਦਿਆਂ ਬਿਰਖ਼ ਖ਼ੁਸ਼ ਸੀ

ਹੁਣ ਬਿਰਖ਼
ਘਰ ਵਿੱਚ
ਬਾਲਿਆਂ, ਖਿੜਕੀਆਂ, ਦਰਵਾਜ਼ਿਆਂ 'ਚੋਂ ਝਾਕਦਾ ਹੈ
ਇਹ ਪੰਛੀ ਜਾਣਦੇ ਨੇ
ਹੱਥ ਨਹੀਂ...

✪



# ਪਰਵਾਸੀ ਸਮਾਜ ਅਤੇ ਮੇਜ਼ਬਾਨ ਮੁਆਸ਼ਰੇ ਦੀ ਸਹਿਹੋਂਦ ਦੀ ਤਲਾਸ਼

**ਗੁਰਪਾਲ ਸਿੰਘ ਸੰਧੂ**

ਪਰਵਾਸੀ ਪੰਜਾਬੀ ਸਾਹਿਤ ਨੇ ਕਵਿਤਾ ਅਤੇ ਗਲਪ ਦੀ ਰਚਨਾਕਾਰੀ ਦੇ ਖੇਤਰ ਵਿਚ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ। ਇਸ ਕਰਕੇ ਪਰਵਾਸੀ ਅਨੁਭਵ ਅਤੇ ਉਸਦੀ ਪੇਸ਼ਕਾਰੀ ਨਾਲ ਸੰਬੰਧਤ ਸਾਡਾ ਵਿਚਾਰ-ਪ੍ਰਬੰਧ, ਭਾਸ਼ਕ-ਪ੍ਰਗਟਾਅ ਵੀ ਕਾਵਿਕ ਅਤੇ ਗਲਪੀ ਪੇਸ਼ਕਾਰੀ ਦੇ ਹਵਾਲੇ ਨਾਲ ਹੀ ਸੰਚਿਤ ਹੋਇਆ ਵੇਖਿਆ ਜਾ ਸਕਦਾ ਹੈ। ਪਰਵਾਸੀ ਪੰਜਾਬੀ ਵਾਰਤਕ ਅਤੇ ਸਮੀਖਿਆਤਮਕ ਕਾਰਜ ਦੀ ਅਣਹੋਂਦ ਕਾਰਨ, ਸਾਡੇ ਕੋਲ ਇਸ ਸਮਾਜ ਅਤੇ ਇਸ ਨਾਲ ਜੁੜੇ ਹੋਏ ਮੇਜ਼ਬਾਨ ਮੁਆਸ਼ਰੇ ਦੀ ਭਾਵੁਕ ਅਤੇ ਬਿਰਤਾਂਤਕ ਪੇਸ਼ਕਾਰੀ ਤਾਂ ਮੌਜੂਦ ਹੈ,ਪਰ ਇਸਦੀ ਤਾਰਕਿਕ ਅਤੇ ਵਿਵੇਕਸ਼ੀਲ ਵਿਆਖਿਆ ਅਜੇ ਸੰਭਵ ਨਹੀਂ ਹੋ ਸਕੀ। ਇਸਦਾ ਇਕ ਪਹਿਲੂ ਇਹ ਵੀ ਹੈ ਕਿ ਜੇਕਰ ਪਰਵਾਸੀ ਪੰਜਾਬੀ ਵਾਰਤਕ ਦੀ ਰਚਨਾ ਵੀ ਹੋਈ ਹੈ ਤਾਂ ਉਹ ਵਧੇਰੇ ਕਰਕੇ ਵਿਵਰਨ ਅਤੇ ਵਰਨਣ ਉਤੇ ਹੀ ਆਧਾਰਤ ਹੈ, ਬਿਰਤਾਂਤ ਉਪਰ ਨਹੀਂ। ਇਸ ਕਰਕੇ, ਪਰਵਾਸੀ ਸਮਾਜ ਸਾਡੇ ਲਈ ਸੰਵੇਦਨਸ਼ੀਲ ਤੇ ਪੀੜਿਤ ਅਤੇ ਮੇਜ਼ਬਾਨ ਮੁਆਸ਼ਰਾ ਬੇਨਿਆਜ਼, ਸਖ਼ਤ ਮਿਜ਼ਾਜ ਅਤੇ ਕਿਤੇ ਕਿਤੇ ਬੇਰਹਿਮ ਬਣਕੇ ਪੇਸ਼ ਹੁੰਦਾ ਹੈ। ਜ਼ਾਹਿਰ ਹੈ ਕਿ ਇਸ ਸਾਰੀ ਰਚਨਾਕਾਰੀ ਦੀ ਬੁਨਿਆਦੀ ਰਚਨਾਕਾਰਾਂ ਦੀ ਭਾਵ-ਮੂਲਕ ਪੇਸ਼ਕਾਰੀ ਦੀ ਲੰਮੀ ਪਰੰਪਰਾ ਦਾ ਸੰਜਮ ਸੀ। ਬਹਿਰਹਾਲ,ਅਜਿਹੀ ਸਥਿਤੀ ਵਿਚ ਅਜਿਹੀਆਂ ਰਚਨਾਵਾਂ ਦੀ ਲੋੜ ਵੀ ਮਹਿਸੂਸ ਕੀਤੀ ਜਾਂਦੀ ਰਹੀ ਹੈ, ਜੋ ਪਰਵਾਸੀ ਪੰਜਾਬੀ ਸਮਾਜ ਦੀ ਦੂਜੇ ਪਰਵਾਸੀ ਸਮਾਜਾਂ ਅਤੇ ਮੇਜ਼ਬਾਨ ਮੁਆਸ਼ਰੇ ਨਾਲ ਸਹਿਹੋਂਦ ਦੇ ਆਧਾਰਾਂ ਅਤੇ ਪਾਸਾਰਾਂ ਦੀ ਤਸਵੀਰਕਸ਼ੀ ਕਰ ਸਕਣ।

(1)

ਮਨਮੋਹਨ ਸਿੰਘ ਮਹੇੜੂ ਦੀ ਸ੍ਵੈਜੀਵਨੀ ਮੂਲਕ ਨਿਬੰਧਾਂ ਦੇ ਸੰਗ੍ਰਹਿ ਦੇ ਰੂਪ ਵਿਚ ਪ੍ਰਕਾਸ਼ਿਤ ਹੋਈ ਪੁਸਤਕ 'ਇੰਗਲੈਂਡ ਵਿਚ ਚਾਰ ਦਹਾਕੇ' ਇਸ ਦ੍ਰਿਸ਼ਟੀ ਤੋਂ ਮਹੱਤਵਪੂਰਨ ਪੁਸਤਕ ਹੈ। ਇਹ ਨਿਬੰਧ ਚਾਰ ਦਹਾਕਿਆਂ ਵਿਚ ਭਿੰਨ ਭਿੰਨ ਸਮੇਂ ਪ੍ਰਕਾਸ਼ਿਤ ਵੀ ਹੁੰਦੇ ਰਹੇ ਹਨ, ਅਤੇ ਵੱਖੋਂ ਵੱਖਰੇ ਸਮੇਂ ਵਿਚ ਸਾਹਿਤਕ ਕਾਨਫਰੰਸਾਂ ਅਤੇ ਨਿੱਜੀ ਮਿਲਣੀਆਂ ਸਮੇਂ ਦੋਸਤਾਂ ਮਿੱਤਰਾਂ ਨਾਲ ਸਾਝੇ ਵੀ ਕੀਤੇ ਗਏ ਹਨ। ਪਰ, ਪੁਸਤਕ ਰੂਪ ਵਿਚ ਇਕੱਠੇ ਪ੍ਰਕਾਸ਼ਿਤ ਹੋਣ ਸਮੇਂ ਇਹ ਆਪਣੇ ਪਹਿਲੇ ਸਰੂਪ ਤੋਂ ਕੁਝ ਵੱਖਰਤਾ ਵੀ ਸਿਰਜ ਲੈਂਦੇ ਹਨ। ਇਸਦੀ ਇਕ ਵਜ੍ਹਾ ਇਹ ਵੀ ਹੈ ਕਿ ਇਸ ਵਿਚ ਪੇਸ਼ ਮਸਲਿਆਂ ਅਤੇ ਵਿਅਕਤੀਆਂ ਦੀ ਪ੍ਰਭਾਵਸ਼ੀਲਤਾ, ਅਹਿਮੀਅਤ ਅਤੇ ਪ੍ਰਸੰਗਮੂਲਕ ਰੋਲ, ਜਿਸ ਤਰ੍ਹਾਂ ਲਿਖਣ ਦੇ ਸਮੇਂ ਸੀ ਉਹ ਹੁਣ ਭਾਵ ਪ੍ਰਕਾਸ਼ਿਤ ਹੋਣ ਦੇ ਸਮੇਂ ਕਾਇਮ ਨਹੀਂ ਰਹਿ ਸਕਿਆ। ਇਸ ਕਰਕੇ , ਇਸ ਕਿਤਾਬ ਵਿਚ ਇਕੱਠੇ ਹੋ ਕੇ ਪੇਸ਼ ਹੋਣ ਵਾਲੇ ਨਿਬੰਧਾਂ ਰਾਹੀਂ ਰਲ-ਮਿਲਕੇ ਰਚਿਆ ਜਾ ਰਿਹਾ ਇੰਗਲੈਂਡ ਦੇ 'ਪਰਵਾਸੀ ਸਮਾਜ ਅਤੇ ਮੇਜ਼ਬਾਨ ਮੁਆਸ਼ਰੇ' ਦੀ ਸਹਿਹੋਂਦ ਦਾ ਬਿਰਤਾਂਤ ਚਾਰ ਦਹਾਕਿਆਂ ਦੇ ਕਾਲ ਦੀਆਂ ਅਹਿਮ ਘਟਨਾਵਾਂ ਅਤੇ ਵਿਅਕਤੀਆਂ ਦੀ ਪੇਸ਼ਕਾਰੀ ਤਾਂ ਕਰ ਦਿੰਦਾ ਹੈ, ਪਰ, ਇਹ ਪੇਸ਼ਕਾਰੀ ਵਿਸ਼ੇਸ਼ ਕਾਲਿਕ ਪ੍ਰਸੰਗ ਦੇ ਦਾਇਰੇ ਵਿਚ ਜ਼ਿਆਦਾ ਦਿਲਕਸ਼ ਬਣਦੀ ਹੈ, ਇਤਿਹਾਸਕ ਕਾਲਕ੍ਰਮਕਤਾ ਦੇ ਹਵਾਲੇ ਨਾਲ ਇਸਦੇ ਅਸਰ ਆਪਣੀ ਤੀਬਰਤਾ ਨੂੰ ਹਲਕਾ ਕਰ ਜਾਂਦੇ ਹਨ। ਉਦਾਹਰਣ ਦੇ ਤੌਰ 'ਤੇ ਲੰਡਨ ਦਾ ਨੂਰ, ਕੈਲਾਸ਼ਪੁਰੀ, ਵੁਲਵਰਹੈਂਪਨ ਦੇ ਐਮ.ਪੀ. ਨਿੱਕ ਬੱਜ਼ਿਨ ਨੂੰ ਖੁਲ੍ਹਾ ਖ਼ਤ ਅਤੇ ਬਰਮਿੰਘਮ ਦੇ ਪੰਜਾਬੀ ਕਾਰੋਬਾਰੀ ਅਦਾਰੇ ਆਦਿ ਨਿਬੰਧ ਆਪਣੇ ਵਿਸ਼ੇਸ਼ ਕਾਲ ਅਤੇ ਰਚਨਾ-ਮਨੋਰਥ ਦੇ ਸੰਦਰਭ ਵਿਚ ਤਾਂ ਅਹਿਮ ਤੇ ਪ੍ਰਭਾਵਸ਼ਾਲੀ ਹਨ ਪਰ ਇਸ ਤੋਂ ਬਾਹਰ ਨਿਕਲ ਕੇ ਇਹ ਆਪਣੀ ਅਹਿਮੀਅਤ ਅਤੇ ਅਸਰ ਨੂੰ ਪੇਤਲਾ ਕਰ ਜਾਂਦੇ

ਹਨ।

ਪਰ, ਇਹ ਵੀ ਚੇਤੇ ਰੱਖਣਾ ਜ਼ਰੂਰੀ ਹੈ ਕਿ ਇਹ ਗੱਲ, ਇਸ ਪੁਸਤਕ ਦੇ ਬਾਕੀ ਨਿਬੰਧਾਂ ਉਤੇ ਲਾਗੂ ਨਹੀਂ ਹੁੰਦੀ। ਇਹ ਹੀ ਵਜ੍ਹਾ ਹੈ ਕਿ ਇਹ ਕਿਤਾਬ ਆਪਣੇ ਆਪ ਨੂੰ ਆਪਣੀ ਉਪਰੋਕਤ ਸੀਮਾ ਤੋਂ ਬਾਹਰ ਕੱਢ ਕੇ ਪਰਵਾਸੀ ਸਮਾਜਾਂ ਅਤੇ ਮੇਜ਼ਬਾਨ ਮੁਆਸ਼ਰਿਆਂ ਦੀ ਸਹਿਹੋਂਦ ਦੀ ਤਲਬ, ਜ਼ਰੂਰਤ ਅਤੇ ਅਭਿਲਾਸ਼ਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰਨ ਵਿਚ ਸਫ਼ਲ ਹੁੰਦੀ ਹੈ। ਇਸ ਦਲੀਲ ਦੀ ਵਜਾਹਤ ਵਿਚ 'ਲੰਡਨ ਦਾ ਦਰਿਆ', 'ਲੰਡਨ ਦੀ ਆਕਸਫੋਰਡ ਸਟਰੀਟ', 'ਲੰਡਨ ਦਾ ਸ਼ਤਾਬਦੀ ਭਵਨ' ਅਤੇ 'ਮਾਪੇ ਤੇ ਵਿਦੇਸ਼ੀ ਬੱਚਿਆਂ ਦੀ ਮਾਂ-ਬੋਲੀ 'ਆਦਿ ਬਹੁਤ ਹੀ ਮਹੱਤਵਪੂਰਨ ਨਿਬੰਧ ਹਨ। ਇਸ ਦੇ ਨਾਲ ਹੀ ਇਕ ਹੋਰ ਨਿਬੰਧ ਇਸ ਸਹਿਹੋਂਦ ਦੀ ਇਤਿਹਾਸਕ ਰਵਾਂਦਾਰੀ ਲਈ ਅਹਿਮ ਹੈ 'ਬਰਤਾਨੀਆ ਵਿਚ ਮਾਤਰੀ ਭਾਸ਼ਾ ਦੇ ਅਧਿਆਪਨ ਦਾ ਮਹੱਤਵ'। ਇਸ ਹੀ ਤਰ੍ਹਾਂ ਦੋ ਹੋਰ ਨਿਬੰਧ, ਜਿਵੇਂ ਐਪਲਾਇਮੈਂਟ ਵਾਊਚਰ ਅਤੇ ਲੇਖਕ ਦੇ ਸਪੁੱਤਰ ਦੀ ਨਿੱਘੀ ਯਾਦ ਵਿਚ ਰਚਨਾਕਾਰ ਦੀ ਨਿੱਜੀ ਜ਼ਿੰਦਗੀ ਭਾਵ ਪਰਵਾਸੀ ਆਗਾਜ਼ ਅਤੇ ਉਸਦੀ ਜ਼ਿੰਦਗੀ ਦੇ ਦੁਖਾਂਤਕ ਵਕਤ ਨਾਲ ਜੁੜੇ ਹੋਏ ਹਨ।

(2)

ਇਸ ਪੁਸਤਕ ਦੇ ਨਿਬੰਧਾਂ ਦੀ ਲਿਖਣ-ਜੁਗਤ ਦੀ ਦਿਲਚਸਪੀ ਭਰੀ ਹੈ। ਹਰ ਇਕ ਨਿਬੰਧ ਮੂਲ ਰੂਪ ਵਿਚ ਪੰਜ ਪੈਟਰਨਾਂ ਰਾਹੀਂ ਆਪਣਾ ਸਰੂਪ ਧਾਰਨ ਕਰਦਾ ਹੈ। ਪਹਿਲੇ ਪੱਧਰ ਉਪਰ ਆਰੰਭਿਕ ਤੱਥ ਪੇਸ਼ ਕੀਤੇ ਜਾਂਦੇ ਹਨ। ਇਹ ਤੱਥ ਇਕ ਪਾਸੇ ਤਾਂ ਉਸ ਵਿਚਲੇ ਸਮਾਚਾਰ ਦੇ ਮਜ਼ਮੂਨ ਅਨੁਸਾਰ ਹੁੰਦੇ ਹਨ ਅਤੇ ਦੂਜੇ ਪਾਸੇ ਉਸ ਮਜਮੂਨ ਦੇ ਆਲੇ ਦੁਆਲੇ ਪਸਰੀ ਲੋੜੀਂਦੀ ਜਾਣਕਾਰੀ ਦੀ ਭੁੱਖ ਨੂੰ ਤ੍ਰਿਪਤ ਕਰਨ ਦੀ ਜਗਿਆਸਾ ਅਧੀਨ ਅੰਕਿਤ ਕੀਤੇ ਜਾਂਦੇ ਹਨ। ਦੂਜੇ ਪੱਧਰ ਉਤੇ ਇਹਨਾਂ ਤੱਥਾਂ ਦੇ ਪਿਛੋਕੜ ਵਿਚ ਸੰਬੰਧਤ ਮਜਮੂਨ ਦੇ ਕੇਂਦਰੀ ਮਸਲੇ, ਘਟਨਾ ਜਾਂ ਵਿਅਕਤੀ ਦੇ ਚਰਿੱਤਰ ਨੂੰ ਪੇਸ਼ ਕੀਤਾ ਜਾਂਦਾ ਹੈ। ਅਜਿਹੀ ਹਾਲਤ ਵਿਚ ਉਸ ਮਸਲੇ, ਘਟਨਾ ਜਾਂ ਵਿਅਕਤੀ ਦੀ ਇਕ-ਪਾਸਾਰੀ ਜ਼ਿੰਦਗੀ ਆਪਣੇ ਸਰੂਪ ਅਤੇ ਚਰਿੱਤਰ ਨੂੰ ਫੈਲਾਉਣਾ ਸ਼ੁਰੂ ਕਰ ਦਿੰਦੀ ਹੈ। ਤੀਜੇ ਪੱਧਰ ਉਤੇ ਉਸਦੇ ਚਰਿੱਤਰ ਨੂੰ ਹਿੰਦੋਸਤਾਨ, ਇੰਗਲੈਂਡ ਜਾਂ ਸੰਸਾਰ ਦੇ ਕਿਸੇ ਹੋਰ ਖਿੱਤੇ ਦੇ ਇਤਿਹਾਸਕ ਜਾਂ ਭੂਗੋਲਿਕ ਸਮਦ੍ਰਿਸ਼ਾਂ ਦੇ ਜ਼ਿਕਰ ਨਾਲ ਭਰਪੂਰ ਵਿਆਪਕਤਾ ਪ੍ਰਦਾਨ ਕੀਤੀ ਜਾਂਦੀ ਹੈ। ਜ਼ਾਹਿਰ ਹੈ ਕਿ ਇਸ ਜੁਗਤ ਨਾਲ ਇਹ ਸਮੇਂ ਅਤੇ ਸਥਾਨ ਨਾਲ ਜੁੜੇ ਰਹਿਣ ਦੇ ਬਾਵਜੂਦ ਵੀ ਸਮੇਂ ਤੇ ਸਥਾਨ ਦੀ ਹੱਦਾਂ-ਸਰਹੱਦਾਂ ਨੂੰ ਪਾਰ ਕਰ ਜਾਂਦੇ ਹਨ। ਚੌਥਾ ਪੱਧਰ, ਮਸਲੇ, ਘਟਨਾ ਜਾਂ ਵਿਅਕਤੀ ਦੀਆਂ ਅੰਦਰੂਨੀ-ਪਰਤਾਂ ਨੂੰ ਉਘਾੜਨ ਦਾ ਹੁੰਦਾ ਹੈ। ਮਨਮੋਹਨ ਦੀ ਵਾਰਤਕ ਇਸ ਜੁਗਤ ਨੂੰ ਬਹੁਤ ਹੀ ਮੁਹਾਰਤ ਨਾਲ ਪੇਸ਼ ਕਰਦੀ ਹੈ। ਇਹ ਇਕੋ ਤੀਰ ਨਾਲ ਮੱਛੀ ਦੀ ਅੱਖ ਨੂੰ ਫੁੰਡਣ ਦਾ ਕੰਮ ਵੀ ਕਰਦੀ ਹੈ ਅਤੇ ਪਹਾੜ ਵਰਗੇ ਰਾਕਸ਼ਾਂ ਨੂੰ ਮਲੀਆਮੇਟ ਕਰਨ ਦਾ ਕਾਰਜ ਵੀ। ਇਸ ਸਥਿਤੀ ਵਿਚ ਉਹ ਆਪਣੇ ਪੰਜਵੇਂ ਘਰ ਵਿਚ ਦਾਖ਼ਲ ਹੁੰਦੀ ਹੈ, ਜਿਥੇ ਉਹ ਆਪਣੇ ਮਜ਼ਮੂਨ ਦੇ ਆਧਾਰ-ਮੂਲਕ ਲੱਛਣਾਂ ਨੂੰ ਮਿਕਨਾਤੀਸੀ ਛੋਹਾਂ ਦਿੰਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਨਿਬੰਧ ਵਿਚ ਪੇਸ਼ ਹੋ ਰਹੇ ਵਿਅਕਤੀ, ਮਸਲੇ ਅਤੇ ਘਟਨਾ ਆਪਣੀ ਸਧਾਰਨਤਾ ਤੋਂ ਪਾਰ ਜਾ ਕੇ ਅਜਿਹੇ ਵਿਸ਼ੇਸ਼ ਅਰਥਾਂ ਨੂੰ ਗ੍ਰਹਿਣ ਕਰ ਜਾਂਦੇ ਹਨ, ਜਿਥੇ ਉਸ ਵਿਚ ਸਮਕਾਲ ਤੇ ਪਰਾਕਾਲ, ਇਤਿਹਾਸ ਤੇ ਪਰਾ-ਇਤਿਹਾਸ, ਨਿੱਜ ਤੇ ਸਮੂਹ ਅਤੇ ਸਧਾਰਨਤਾ ਤੇ ਮਹਾਨਤਾ ਇਕ ਦੂਜੇ ਵਿਚ ਰਚ ਮਿੱਚਕੇ ਪੇਸ਼ ਹੁੰਦੇ ਹਨ। ਸੰਖੇਪ ਵਿਚ ਅਤੇ ਉਦਾਹਰਣ ਦੇ ਤੌਰ ਉਤੇ ਹੇਠ ਲਿਖੇ ਵਾਰਤਕ ਰੂਪਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ;

ਪੈਟਰਨ :1 ਦਿ ਬ੍ਰਿਟਿਸ਼ ਇਨਲੈਂਡ ਰੇਵੇਨਿਊ ਨੇ ਹਿਸਾਬ ਲਾਇਆ ਹੈ ਕਿ ਬਰਤਾਨੀਆ



ਵਿਚ 18,000 ਦਸ-ਲੱਖਪਤੀ (ਮਿਲੀਨੇਅਰ) ਹਨ। ਉਹ ਸਮੁੱਚੀ ਵਸੋਂ ਦਾ 0.03 ਫੀ ਸਦੀ ਬਣਦੇ ਹਨ। ਉਹਨਾਂ ਵਿਚੋਂ ਅੱਜ ਕੱਲ 300 ਏਸ਼ਿਆਈ ਦਸ-ਲੱਖਪਤੀ ਹਨ। ਏਸ਼ਿਆਈਆਂ ਦੀ ਵਸੋਂ ਜੋ 15 ਲੱਖ ਹੈ, ਬਰਤਾਨਵੀ ਵਸੋਂ ਦਾ 2-7 ਫੀ ਸਦੀ ਬਣਦੀ ਹੈ। ਏਸ਼ਿਆਈ ਵਸੋਂ ਵਿਚੋਂ ਏਸ਼ਿਆਈ ਦਸ-ਲੱਖ ਪਤੀ 0.02 ਫੀਸਦੀ ਹਨ।[1]

ਪੈਟਰਨ : 2 ਵੈਨਕ ਸਾਵਰਕਰ, ਉਸਦਾ ਛੋਟਾ ਭਰਾ, ਉਸ ਵੇਲੇ ਲੰਡਨ ਸੀ। ਵੱਡੇ ਭਰਾ ਨੂੰ ਨਾਜਾਇਜ਼ ਉਮਰ ਕੈਦੀ ਵੇਖ, ਉਹ ਰੋਹ ਨਾਲ ਭਟਕ ਉਠਿਆ। ਸ਼ਹੀਦ ਮਦਨ ਲਾਲ ਢੀਂਗਰੇ ਦੇ ਗੁਰੂ ਵੈਨਕ ਸਾਵਰਕਰ ਨੇ 20 ਜੂਨ 1909 ਨੂੰ ਸੌਂਹ ਖਾਧੀ ਕਿ ਬਰਤਾਨਵੀ ਹਕੂਮਤ ਤੋਂ ਆਪਣੇ ਭਰਾ ਦਾ ਬਦਲਾ ਜ਼ਰੂਰ ਲਏਗਾ। ਵੈਨਕ ਸਾਵਰਕਰ ਦੇ ਇਸ ਜ਼ੁਆਲਾਮੁਖੀ ਗੁੱਸੇ ਵਿਚੋਂ ਸ਼ਹੀਦ ਮਦਨ ਲਾਲ ਢੀਂਗਰਾ ਜਨਮਦਾ ਹੈ।[2]

ਪੈਟਰਨ : 3 ਦੁਨੀਆਂ ਭਰ ਦੇ ਕਈ ਵੱਡੇ ਸ਼ਹਿਰ ਦਰਿਆਵਾਂ ਕਾਰਨ ਹੀ ਵੱਸੇ। ਭਾਰਤ ਦੇ ਪ੍ਰਮੁੱਖ ਨਗਰ ਜਿਵੇਂ ਬਨਾਰਸ, ਦਿੱਲੀ, ਆਗਰਾ ਦਰਿਆਵਾਂ ਦੇ ਕੰਢੇ ਹੀ ਹਨ। ਲਾਹੌਰ ਰਾਵੀ ਦੇ ਕੰਢੇ ਹੀ ਹੈ। ...ਸੁੰਦਰਤਾ ਵਜੋਂ ਪੈਰਿਸ ਦਾ ਸੇਨ (Seine) ਪ੍ਰਸਿੱਧ ਹੈ। ਯੂਰਪ ਵਿੱਚੀਂ ਮੇਲਦਾ ਡੈਨੀਊਬ (Dennuube) ਵੀ ਘੱਟ ਨਹੀਂ। ਹੰਗਰੀ ਦਾ ਬੂਡਾਪੈਸ (Budapest) ਡੈਨੀਊਬ ਉਤੇ ਸਥਿਤ ਹੈ ਅਤੇ ਜਰਮਨੀ ਦਾ ਕੌਲੋਨ (Colone) ਦਰਿਆਇ ਰਹਾਈਨ (Rhine) ਕੰਢੇ। ਪਰਾਗ ਨੂੰ ਪਰਾਹਾ ਦਰਿਆ ਪਾੜਦਾ ਹੈ। ਦੁਬਲਾ ਪਤਲਾ ਦਰਿਆਇ ਟਾਈਬਾ (Tiber) ਰੋਮ ਵਿਚੀਂ ਵਗਦਾ ਹੈ। ਬਗਦਾਦ ਨੂੰ ਡਿਜ਼ਲਾਹ (Tigris) ਦਰਿਆ ਵੰਡਦਾ ਹੈ ਅਤੇ ਬਸਰੇ ਨੂੰ ਫੁਰਾਤ (Euphurates)।[3]

ਪੈਟਰਨ : 4 ਜੇ ਹਿਮਾਲਿਆ ਭਾਰਤ ਦੀ ਕੰਧ ਹੈ ਤਾਂ ਟਹੇਮਜ਼ ਧਾੜਵੀਆਂ ਦਾ ਸ਼ਾਹ ਰਾਹ। ਉਹ ਸਦਾ ਦਰਿਆ ਰਾਹੀਂ ਹੀ ਇੰਗਲੈਂਡ ਦਾਖਲ ਹੋਏ।[4] ...ਲੰਡਨ ਵਾਲਿਆਂ ਆਪਣੇ ਦਰਿਆ ਨੂੰ ਇੰਝ ਕੀਲਿਆ ਹੋਇਐ ਕਿ ਅੱਵਲ ਤਾਂ ਉਹ ਅਵੈੜਪੁਣਾ ਕਰ ਹੀ ਨਹੀਂ ਸਕਦਾ। ਪਰ ਸਮੁੰਦਰ ਦੀ ਛਹਿ ਨਾਲ ਜੇਕਰ ਉਹ ਸਿਰੀ ਚੁੱਕਣ ਵੀ ਲੱਗੇ ਤਾਂ ਉਸਨੂੰ ਪਟਾਰੀ ਵਿਚ ਬੰਦ ਕਰ ਸਕਦੇ ਨੇ। ਸਟੀਲ ਸੀਮਿੰਟ ਦੇ ਕਿਊ ਬਰਿੱਜ (Kew Bridge) ਵਾਲੇ ਪੁਰਾਤਨ ਧੁੱਸੀਆਂ ਨਾਲੇ ਹੋਣ ਜਾਂ ਵੂਲਿਚ (Woulich) ਵਾਲਾ ਨਵੀਨ ਟੇਮਜ਼ ਬੈਰੀਅਰ (Thames Baerier) ਇਹ ਦਰਿਆ ਦੀਆਂ ਲਗਾਮਾਂ ਹਨ।[5]

ਪੈਟਰਨ : 5 ਲੋਹ-ਪੁੱਲ ਪਹਿਲਾ, ਇੰਗਲੈਂਡ ਵਿਚ ਵੂਲਵਰਹੈਂਪਟਨ ਨੇੜੇ ਬਣਿਆ ਅਤੇ ਫਰਾਂਸ ਦਾ ਈਫਲ ਟਾਵਰ ਪਿਛੋਂ। ਨਵਾਂ ਮੋੜ ਇਮਾਰਤਸਾਜ਼ੀ ਵਿਚ। ਫਿਰ 1851 'ਚ ਜਦੋਂ ਲੰਡਨ ਦਾ 'ਕ੍ਰਿਸਟਲ ਪੈਲੇਸ' ਉਸਰਿਆ ਤਾਂ ਬਰਤਾਨਵੀ ਸਲਤਨਤ ਦੇ ਘੋੜੇ ਉਸ ਵੇਲੇ ਥੰਮ ਨਹੀਂ ਜਾਂਦੇ। ਜਣਿਆ 9 ਮਹੀਨੇ 'ਚ ਸਿੱਧਾ ਖੜਾ ਕਰ ਦਿੱਤਾ।[6]

(3)

ਵਾਰਤਕ ਦੀ ਰਚਨਾਕਾਰੀ ਦੇ ਉਪਰੋਕਤ ਪੰਜਾਂ ਪੈਟਰਨਾਂ ਦੀ ਵਿਧੀ ਨਾਲ ਇਸ ਕਿਤਾਬ ਵਿਚ ਤਿੰਨ ਤਰ੍ਹਾਂ ਦੇ ਬਿਰਤਾਂਤ ਦੀ ਸਿਰਜਣਾ ਹੁੰਦੀ ਹੈ। ਪਹਿਲਾ ਬਿਰਤਾਂਤ ਹੈ, ਭਾਰਤ ਦੇ ਗੌਰਵਮਈ ਅਤੀਤ ਅਤੇ ਇੰਗਲੈਂਡ ਦੇ ਗੌਰਵਮਈ ਵਰਤਮਾਨ ਦੀ ਪੇਸ਼ਕਾਰੀ ਕਰਨ ਦਾ। ਪਰਵਾਸੀ ਪੰਜਾਬੀ ਬਿਰਤਾਂਤ ਵਿਚ ਭਾਗ ਅਤੇ ਇੰਗਲੈਂਡ ਹਮੇਸ਼ਾ ਵਿਰੋਧੀ ਸੂਰਤ ਵਿਚ ਅੰਕਿਤ ਕੀਤੇ ਜਾਂਦੇ ਰਹੇ ਹਨ। ਖ਼ਾਸ ਕਰਕੇ, ਵਰਤਮਾਨ ਸਮਿਆਂ ਅਤੇ ਸਥਿਤੀਆਂ ਨੂੰ ਰੂਪਮਾਨ ਕਰਨ ਸਮੇਂ ਭਾਰਤ ਦੇ ਅਤੀਤ ਨੂੰ ਛੱਡ ਦਿੱਤਾ ਜਾਂਦਾ ਹੈ ਅਤੇ ਸਮਕਾਲੀ ਸਥਿਤੀਆਂ ਵਿਚ ਦ੍ਰਿਸ਼ਮਾਨ, ਬੇਰੁਜ਼ਗਾਰੀ, ਗੁਰਬਤ, ਵਿਸਥਾਪਨ, ਕਾਨੂੰਨ ਸ਼ਿਕਨੀਆਂ, ਬੇਈਮਾਨੀ ਅਤੇ ਭ੍ਰਿਸ਼ਟ ਵਿਵਹਾਰ ਦੀ ਹੀ ਪੇਸ਼ਕਾਰੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਨਸਲਵਾਦ ਨੂੰ ਛੱਡ ਕੇ ਸਮਕਾਲੀ ਬ੍ਰਿਟਿਸ਼ ਮੁਆਸ਼ਰੇ ਦੀ ਕੋਈ ਵੀ ਖ਼ੁਨਾਮੀ ਅੰਕਿਤ ਨਹੀਂ ਹੁੰਦੀ।

ਪਰ ਇਸ ਕਿਤਾਬ ਵਿਚ ਪੇਸ਼ ਹੁੰਦੇ ਬਿਰਤਾਂਤ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਵਿਚ ਭਾਰਤ ਅਤੇ ਇੰਗਲੈਂਡ ਦੀ ਪੇਸ਼ਕਾਰੀ ਵਰਤਮਾਨ ਅਤੇ ਅਤੀਤ ਦੇ ਦ੍ਰਿਸ਼ਾਂ ਨੂੰ ਜੋੜ ਕੇ ਪੇਸ਼ ਕੀਤੀ ਜਾਂਦੀ ਹੈ। ਜਦੋਂ ਭਾਰਤ ਦੇ ਵਰਤਮਾਨ ਦੀਆਂ ਕਮੀਆਂ ਅਤੇ ਕਮਜ਼ੋਰੀਆਂ ਦਾ ਚਿਤਰਨ ਹੁੰਦਾ ਹੈ ਤਾਂ ਭਾਰਤ ਦੇ ਅਤੀਤ ਦੇ ਗੌਰਵ ਦਾ ਵੀ ਬਿਆਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ, ਜਦੋਂ ਇੰਗਲੈਂਡ ਦੇ ਵਰਤਮਾਨ ਦੀ ਖੁਸ਼ਹਾਲੀ ਦਾ ਜ਼ਿਕਰ ਕੀਤਾ ਜਾਂਦਾ ਹੈ ਤਾਂ ਰੋਮਨਾਂ ਦੀ ਗੁਲਾਮੀ ਸਮੇਂ ਦੀ ਇੰਗਲੈਂਡ ਦੀ ਗੁਰਬਤ, ਤਰਸਮਈ ਹਾਲਤ ਦੇ ਚਿਤਰਨ ਦੇ ਨਾਲ ਨਾਲ ਰੋਮਨ ਸਾਮਰਾਜ ਦੀਆਂ ਸਿਆਨਪਾਂ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ ਜਾਂਦੀ ਹੈ।

ਇਸੇ ਪ੍ਰਕਾਰ ਜਦੋਂ ਬਰਤਾਨੀਆਂ ਦੇ ਰਾਜਿਆਂ, ਮਹਾਰਾਜਿਆ, ਸਿਆਸਤਦਾਨਾਂ ਅਤੇ ਰਾਜਸੀ ਇਮਾਨਦਾਰੀ ਨਾਲ ਸੰਬੰਧਤ ਬੰਦਿਆਂ ਦੀ ਪ੍ਰਸੰਸਾ ਕੀਤੀ ਜਾਂਦੀ ਹੈ ਤਾਂ ਉਸੇ ਵਕਤ ਨਸਲਵਾਦੀ ਐਮ. ਪੀ., ਇਮੀਗਰੇਸ਼ਨ ਵਿਰੋਧੀ ਲੋਕਾਂ ਅਤੇ ਕਾਮਨਵੈਲਥ ਅਤੇ ਇੰਗਲੈਂਡ ਦੇ ਆਪਸੀ ਰਿਸ਼ਤੇ ਨੂੰ ਵਰਤਣ ਦੇ ਲੋਭਾਂ ਲਾਲਚਾਂ ਦੀ ਆਲੋਚਨਾ ਵੀ ਕੀਤੀ ਜਾਂਦੀ ਹੈ। ਖ਼ੂਬਸੂਰਤ ਗੱਲ ਤਾਂ ਇਹ ਹੈ ਕਿ ਲੇਖਕ ਇਕੋ ਸਥਿਤੀ, ਵਰਤਾਰੇ ਅਤੇ ਵਿਅਕਤੀ ਮੂਲਕ ਵਿਵਹਾਰ ਅਤੇ ਕਿਰਦਾਰ ਦੇ ਦੋਵਾਂ ਪੱਖਾਂ ਨੂੰ ਸਫ਼ਲਤਾ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਸਿਲਸਿਲੇ ਵਿਚ ਸਿਰਫ਼ ਦੋ ਨਿਬੰਧ ਹੀ ਅਪਵਾਦ ਬਣਕੇ ਪੇਸ਼ ਹੁੰਦੇ ਹਨ। ਪਹਿਲਾ ਲੰਡਨ ਦਾ ਨੂਰ-ਮੇਰਾ ਜਾਤੀ ਸਫਰ ; ਜਿਥੇ ਰਚਨਾਕਾਰ ਵਿਚ ਨਾਂਹ-ਪੱਖੀ ਰੁਚੀ ਜ਼ਿਆਦਾ ਸਰਗਰਮ ਹੈ ਅਤੇ ਕੈਲਾਸਪੁਰੀ ਦੀ ਨੂਰਮਈ ਸ਼ਖ਼ਸੀਅਤ, ਜੋ ਨਿਬੰਧਕਾਰ ਨੂੰ ਜ਼ਰਾ ਜ਼ਿਆਦਾ ਹੀ ਆਕਰਸ਼ਿਤ ਕਰਦੀ ਹੈ। ਬਹਿਰਹਾਲ ਬਾਕੀ ਸਾਰੇ ਨਿਬੰਧਾਂ ਵਿਚ ਵਿਅਕਤੀ, ਘਟਨਾਵਾਂ ਅਤੇ ਮਸਲੇ ਸੰਪੂਰਨ ਰੂਪ ਵਿਚ ਸੰਤੁਲਤ ਢੰਗ ਨਾਲ ਹੀ ਚਿਤਰੇ ਗਏ ਵਿਖਾਈ ਦਿੰਦੇ ਹਨ।

(4)

ਰਚਨਾਵਸਤੂ ਅਤੇ ਪੇਸ਼ਕਾਰੀ ਦੇ ਉਪਰੋਕਤ ਸੰਤੁਲਨ ਵਿਚ ਮਨਮੋਹਨ ਸਿੰਘ ਮਹੇੜੂ ਦੀ ਵਾਰਤਕ ਸ਼ੈਲੀ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਪੁਸਤਕ ਦੇ ਭਿੰਨ ਭਿੰਨ ਨਿਬੰਧਾਂ ਵਿਚ ਪ੍ਰਵਾਹਮਾਨ ਇਸ ਵਾਰਤਕ ਦੇ ਤਿੰਨ ਪ੍ਰਮੁੱਖ ਗੁਣ ਹਨ ; ਪਹਿਲਾ, ਇਹ ਵਿਸ਼ੇਸ਼ ਨਿਬੰਧ ਦੀ ਸਾਰ ਅਤੇ ਸਮਾਚਾਰ ਦੇ ਸੁਭਾਅ ਅਨੁਸਾਰ ਆਪਣੀ ਮੂਲ ਸੁਰ ਦੀ ਰਚਨਾ ਵੀ ਕਰਦੀ ਹੈ ਅਤੇ ਉਸਨੂੰ ਵਫ਼ਾ ਨਾਲ ਵੀ ਨਿਭਾਉਂਦੀ ਹੈ। ਮਸਲਨ, 'ਬਰਮਿੰਘਮ ਦੇ ਪੰਜਾਬੀ ਕਾਰੋਬਾਰੀ ਅਦਾਰੇ' ਨਿਬੰਧ ਵਿਚ ਲੇਖਕ ਜਿੱਥੇ ਬਰਤਾਨਵੀ ਪ੍ਰਸ਼ਾਸ਼ਨੀ ਪ੍ਰਬੰਧ ਦਾ ਪ੍ਰਸੰਸਕ ਹੈ, ਉਥੇ ਪੰਜਾਬੀ ਅਤੇ ਭਾਰਤੀ ਕਾਰੋਬਾਰੀਆਂ ਦਾ ਚੰਗੇ ਗੁਣਾਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਇਹੀ ਗੱਲ 'ਲੰਡਨ ਦੇ ਸ਼ਤਾਬਦੀ ਭਵਨ' ਦੀ ਉਸਾਰੀ ਕਰਨ ਵਾਲੇ ਇੰਜਨੀਅਰਾਂ ਬਾਰੇ ਵੀ ਲਾਗੂ ਹੁੰਦੀ ਹੈ ਅਤੇ 'ਲੰਡਨ ਦੀ ਆਕਸਫੋਰਡ ਸਟਰੀਟ' ਨੂੰ ਉਸਾਰਨ ਅਤੇ ਵਸਾਉਣ ਵਾਲੀਆਂ ਕੰਪਨੀਆਂ ਦੇ ਨਾਲ ਨਾਲ ਅਰਬ ਨਵਾਬਜ਼ਾਦਿਆਂ ਅਤੇ ਹੋਰ ਅਮੀਰ ਗਾਹਕਾਂ ਦੀ ਖਰੀਦਦਾਰੀ ਉਤੇ ਵੀ।



ਦੂਜਾ ਇਹ ਨਿਬੰਧ ਦੀ ਸੁਰ ਉਤੇ ਪਹਿਰਾ ਦੇਣ ਲਈ ਯੋਗ-ਭਾਸ਼ਕ ਪ੍ਰਗਟਾਅ ਦੀ ਵਰਤੋਂ ਕਰਦੀ ਹੈ। ਇਹ ਗੱਲ ਵੈਨਕ ਸਾਵਰਕਰ ਅਤੇ ਮਦਨ ਲਾਲ ਢੀਂਗਰਾ ਦੀ ਬਹਾਦਰੀ ਅਤੇ ਇਨਕਲਾਬੀ ਨਾਲ ਭਰੀ ਹੋਈ ਸੁਰ ਨੂੰ ਬਿਆਨ ਕਰਨ ਸਮੇਂ ਨਿਰੰਤਰ ਕਾਇਮ ਰਹਿੰਦੀ ਹੈ ਅਤੇ ਕੈਲਾਸ਼ਪੁਰੀ ਦੀ ਸ਼ਖ਼ਸੀਅਤ ਦੇ ਚੰਗੇਰੇ ਗੁਣਾਂ ਵੇਲੇ ਵੀ। ਇਸੇ ਰੁਚੀ ਦਾ ਦੂਜਾ ਪਹਿਲੂ ਅਸੀਂ ਨਸਲਵਾਦੀ ਐਮ. ਪੀ. ਨਿੱਕ ਬੱਜ਼ਿਨ ਦੇ ਨਾਕਾਰਾਤਮਕ ਵਿਵਹਾਰ ਨੂੰ ਰੂਪਮਾਨ ਕਰਨ ਵਾਲੀ ਚਿੱਠੀ ਵਿਚ ਵੀ ਸਪਸ਼ਟ ਰੂਪ ਵਿਚ ਵੇਖ ਸਕਦੇ ਹਨ ਅਤੇ ਲੰਡਨ ਦਾ ਨੂਰ ਵੇਲੇ ਵੀ।

ਤੀਜਾ, ਮਨਮੋਹਨ ਸਿੰਘ ਮਹੇੜੂ ਦੀ ਇਹ ਵਾਰਤਕ ਭਾਸ਼ਾ ਬਿਰਤਾਂਤ ਨੂੰ ਸੰਚਾਰ ਮੂਲਕ ਬਣਾਉਣ ਵਿਚ ਪ੍ਰਸੰਸਾਯੋਗ ਭੂਮਿਕਾ ਅਦਾ ਕਰਦੀ ਹੈ। ਹਾਲਾਂਕਿ ਇਹ ਨਿਬੰਧ ਗਿਆਨਪੂਰਕ ਅਤੇ ਜਾਣਕਾਰੀ ਭਰਪੂਰ ਸੰਦਰਭਾਂ ਨਾਲ ਜੁੜੇ ਹੋਏ ਹਨ, ਪਰ ਇਹਨਾਂ ਦੀ ਭਾਸ਼ਾ ਕਦੇ ਵੀ ਬੋਝਲ ਅਤੇ ਨੀਰਸ ਦਿਖਾਈ ਨਹੀਂ ਦਿੰਦੀ। ਇਸਦੇ ਉਲਟ ਇਹ ਮਨਮੋਹਨ ਦੀ ਭਾਸ਼ਾ ਮਹਾਵਰੇਦਾਰ ਅਤੇ ਅਖਾਉਤਾਂ ਨਾਲ ਸ਼ਿੰਗਾਰੀ ਹੁੰਦੀ ਹੈ,। ਜਿਸ ਵਿਚ ਲੋਕ ਭਾਸ਼ਾ ਅਤੇ ਲੋਕ-ਪ੍ਰਗਟਾਅ ਦੀ ਵਿਸ਼ੇਸ਼ ਚਾਸ਼ਣੀ ਵਿਚ ਤੜਕਦਿਆ ਜਾਂਦਾ ਹੈ। ਇਸੇ ਕਰਕੇ, ਇਹ ਭਾਸ਼ਾ ਮੁੱਖ ਰੂਪ ਵਿਚ ਸੰਚਾਰੀ ਗੁਣਾਂ ਨਾਲ ਭਰਪੂਰ ਰਹਿੰਦੀ ਹੈ। ਇਹ ਜਾਣਕਾਰੀ ਵੀ ਪ੍ਰਦਾਨ ਕਰਦੀ ਹੈ ਗਿਆਨ ਵੀ ਦਿੰਦੀ ਹੈ ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਉਕਾਊ ਜਾਂ ਗੁੰਝਲਾਂ ਨਾਲ ਭਰੀ ਹੋਣ ਦੀ ਥਾਂ ਦਿਲਚਸਪੀ ਭਰਪੂਰ ਅਤੇ ਸੰਚਾਰ ਦੇ ਗੁਣਾਂ ਨਾਲ ਵਰੋਸਾਈ ਹੋਈ ਹੈ।

ਉਪਰੋਕਤ ਚਰਚਾ ਦੇ ਆਧਾਰ ਉਤੇ ਆਖਿਆ ਜਾ ਸਕਦਾ ਹੈ ਕਿ ਮਨਮੋਹਨ ਸਿੰਘ ਮਹੇੜੂ ਦੀ ਪੁਸਤਕ 'ਇੰਗਲੈਂਡ ਵਿਚ ਚਾਰ ਦਹਾਕੇ' ਪਰਵਾਸੀ ਪੰਜਾਬੀ ਸਾਹਿਤ ਅਤੇ ਖ਼ਾਸ ਕਰਕੇ ਬਰਤਾਨਵੀ ਪੰਜਾਬੀ ਸਾਹਿਤ ਦੀ ਵਿਚਾਰਨਯੋਗ ਪ੍ਰਾਪਤੀ ਹੈ। ਲੇਖਕ ਦੀ ਜ਼ਿੰਦਗੀ ਨਾਲ ਜੁੜੀ ਹੋਣ ਕਰਕੇ ਇਹ ਸ੍ਵੈ ਜੀਵਨੀ ਮੂਲਕ ਰਚਨਾ ਹੋਣ ਕਰਕੇ ਇਹ ਪੰਜਾਬੀ ਦੇ ਵਾਰਤਕ ਸਾਹਿਤ ਅਤੇ ਪਰਵਾਸ ਦੇ ਵਾਰਤਕ ਸਾਹਿਤ ਵਿਚ ਵਿਸ਼ੇਸ਼ ਆਕਰਸ਼ਣ ਦਾ ਸਬੱਬ ਬਣਦੀ ਹੈ। ਖ਼ਾਸ ਕਰਕੇ, ਇਸ ਵਿਚ ਪੇਸ਼ ਮਸਲੇ, ਵਿਅਕਤੀ ਅਤੇ ਘਟਨਾਵਾਂ ਸਿਰਫ਼ ਬਰਤਾਨਵੀ ਪੰਜਾਬੀ ਸਮਾਜ ਦੀ ਹੀ ਮਸਲਾ ਨਹੀਂ ਹੈ ਸਗੋਂ ਸਮੁੱਚੇ ਪੰਜਾਬੀ ਸਾਹਿਤ ਲਈ ਅਹਿਮ ਅਤੇ ਮਹੱਤਵਪੂਰਨ ਹਨ। ਇਸੇ ਕਰਕੇ ਉਹਨਾਂ ਦੀ ਬਿਰਤਾਂਤ ਨੁਮਾ ਪੇਸ਼ਕਾਰੀ ਸਮਕਾਲੀ ਪੰਜਾਬੀ ਵਾਰਤਕ ਨੂੰ ਨਵਾਂ ਆਗਾਜ਼ ਪ੍ਰਦਾਨ ਕਰਦੀ ਹੈ। ਇਸ ਸਥਿਤੀ ਵਿਚ ਉਸਦੀ ਵਾਰਤਕ ਸ਼ੈਲੀ ਇਸ ਰਚਨਾ ਨੂੰ ਸੰਚਾਰ-ਮੂਲਕ ਅਤੇ ਪ੍ਰਭਾਵਸ਼ਾਲੀ ਬਣਾਉਣ ਵਿਚ ਆਪਣਾ ਵੱਖਰਾ ਯੋਗਦਾਨ ਪਾਉਂਦੀ ਹੈ। ਮੈਂ ਇਸ ਪੁਸਤਕ ਦੀ ਗੁਣਵੱਤਾ ਤੋਂ ਪ੍ਰਭਾਵਤ ਹੋ ਕੇ ਇਸ ਦਾ ਸੁਆਗਤ ਕਰਦਾ ਹਾਂ।

**ਹਵਾਲੇ :**


1. ਮਨਮੋਹਨ ਸਿੰਘ ਮਹੇੜੂ, ***ਇੰਗਲੈਂਡ ਵਿਚ ਚਾਰ ਦਹਾਕੇ***, ਵੁਲਵਰਹੈਂਪਟਨ, ਮੈਡੀਡੇਲ ਪਬਲਿਸ਼ਿੰਗ, 2017, ਪੰਨਾ 5
2. ਉਹੀ, ਪੰਨਾ 37
3. ਉਹੀ, ਪੰਨਾ 93
4. ਉਹੀ, ਪੰਨਾ 96 5. ਉਹੀ, ਪੰਨਾ 100
6. ਉਹੀ, ਪੰਨੇ 125-126

# ਅਣਗੌਲੇ ਇਤਿਹਾਸਕ-ਯਥਾਰਥ ਦਾ ਗਲਪੀ-ਬੋਧ : ਸੂਰਜ ਦੀ ਅੱਖ

**ਡਾ. ਗੁਰਜੀਤ ਸਿੰਘ ਸੰਧੂ**

'ਸੂਰਜ ਦੀ ਅੱਖ' ਬਲਦੇਵ ਸਿੰਘ ਦਾ ਨਵਾਂ (2017) ਇਤਿਹਾਸਕ ਨਾਵਲ ਹੈ । ਬਲਦੇਵ ਸਿੰਘ ਨੇ ਪੰਜਾਬੀ ਨਾਵਲ ਨੂੰ ਗਿਣਤੀ ਅਤੇ ਗੁਣਾਤਮਕ ਪੱਖ ਤੋਂ ਲਗਾਤਾਰ ਵੰਨ-ਸੁਵੰਨੇ ਵਿਸ਼ਿਆਂ ਨਾਲ ਵਿਸ਼ਾਲ ਕੀਤਾ ਹੈ । ਉਸਦੀ ਹਰ ਰਚਨਾ ਨੇ ਸਧਾਰਨ ਪਾਠਕ ਤੋਂ ਲੈ ਕੇ ਖੋਜਾਰਥੀਆਂ ਅਤੇ ਸਾਹਿਤ-ਚਿੰਤਕਾਂ ਦਾ ਧਿਆਨ ਖਿੱਚਿਆ ਹੈ । ਮੁੱਖ ਤੌਰ 'ਤੇ ਉਸਦੇ ਨਾਵਲ 'ਲਾਲ ਬੱਤੀ', 'ਅੰਨਦਾਤਾ', 'ਖਾਕੁ ਜੇਡ ਨ ਕੋਇ', ਅਤੇ 'ਗੰਧਲੇ ਪਾਣੀ' ਸਮਕਾਲੀ-ਯਥਾਰਥ ਵਿੱਚ ਮਨੁੱਖ ਦੀ ਬੇਬਸੀ, ਟੁੱਟ-ਭੱਜ, ਨਿਰਾਸ਼ਾ, ਸੰਕਟਾਂ ਅਤੇ ਸੰਘਰਸ਼ ਦੇ ਬਿਰਤਾਂਤ ਸਿਰਜਦੇ ਹਨ, ਉੱਥੇ ਉਸਦੇ ਇਤਿਹਾਸਕ-ਨਾਵਲ 'ਪੰਜਵਾਂ ਸਾਹਿਬਜ਼ਾਦਾ', 'ਸਤਲੁਜ ਵਹਿੰਦਾ ਰਿਹਾ'. 'ਮਹਾਂਬਲੀ ਸੂਰਾ' ਅਤੇ 'ਢਾਹਵਾਂ ਦਿੱਲੀ ਦੇ ਕਿੰਗਰੇ' ਇਤਿਹਾਸ ਵਿੱਚ ਅਣਗੌਲੇ ਨਾਇਕਾਂ ਨੂੰ ਬਿਰਤਾਂਤ ਦਾ ਹਿੱਸਾ ਬਣਾਉਂਦੇ ਹਨ । ਆਪਣੇ ਇਤਿਹਾਸਕ-ਨਾਵਲਾਂ ਵਿੱਚ ਅਣਗੌਲੇ ਨਾਇਕਾਂ, ਲੋਕ-ਨਾਇਕਾਂ ਅਤੇ ਮਹਾਂ-ਨਾਇਕਾਂ ਨੂੰ ਮੁੜ ਸਿਰਜ ਕੇ ਬਲਦੇਵ ਸਿੰਘ 'ਅਣਗੌਲੇ ਨਾਇਕਾਂ ਦਾ ਨਾਵਲਕਾਰ' ਬਣ ਚੁੱਕਾ ਹੈ । 'ਸੂਰਜ ਦੀ ਅੱਖ' ਨਾਵਲ ਵਿੱਚ ਉਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਪੰਜਾਬ ਦੀ ਹੋਣੀ ਦੇ ਉਹਨਾਂ ਪਾਸਾਰਾਂ ਨੂੰ ਮੁੱਖ ਰੂਪ ਵਿੱਚ ਚਿੱਤਰਿਆ ਹੈ, ਜੋ ਇਤਿਹਾਸ ਦੀ ਇਕਹਿਰੀ ਪੇਸ਼ਕਾਰੀ ਕਰਕੇ ਇਤਿਹਾਸ ਦੇ ਪੰਨਿਆਂ ਤੋਂ ਪਾਸੇ ਰਹਿ ਗਏ ਸਨ । ਦੂਸਰੇ ਨਾਵਲਾਂ ਨਾਲੋਂ ਇਸ ਦੀ ਇਹ ਵੱਖਰਤਾ ਹੈ ਕਿ ਇਹ ਅਣਗੌਲੇ ਨਾਇਕ ਦਾ ਨਾਵਲ ਨਹੀਂ, ਸਗੋਂ ਅਣਗੌਲੇ ਇਤਿਹਾਸਕ-ਯਥਾਰਥ ਦੇ ਬੋਧ ਦਾ ਨਾਵਲੀ-ਬਿਰਤਾਂਤ ਹੈ ।

ਸਾਹਿਤ ਅਤੇ ਇਤਿਹਾਸ ਦਾ ਆਪਸੀ ਰਿਸ਼ਤਾ ਅੰਤਰ-ਸਬੰਧਤਾ ਵਾਲਾ ਹੈ । ਦੋਵੇਂ ਖ਼ੁਦਮੁਖਤਿਆਰ ਹੋਂਦਾਂ ਹੋਣ ਦੇ ਨਾਲ-ਨਾਲ ਇੱਕ ਦੂਸਰੇ ਨਾਲ ਗਹਿਰੇ ਅਤੇ ਸੂਖ਼ਮ ਸਬੰਧਾਂ ਵਿੱਚ ਬੱਝੀਆਂ ਹੋਈਆਂ ਹਨ । ਸਾਹਿਤ ਇਤਿਹਾਸ ਦੀ ਜਾਣਕਾਰੀ ਦੇਣ ਤੱਕ ਸੀਮਿਤ ਨਹੀਂ ਸਗੋਂ ਇਤਿਹਾਸਕ-ਯਥਾਰਥ ਦੇ ਬੋਧ ਕਰਵਾਉਣ ਵਾਲੀ ਕਲਾ ਹੈ । ਸਾਹਿਤ ਇਤਿਹਾਸਕ-ਪਾਠ ਵਿੱਚੋਂ ਉਹਨਾਂ ਪੂਰਵ-ਨਿਸ਼ਚਿਤ ਅਰਥਾਂ ਦਾ ਵਿਸਥਾਪਨ ਕਰਦਾ ਹੈ, ਜਿਨ੍ਹਾਂ ਦਾ ਸੰਬੰਧ ਤਖ਼ਤ ਸੱਤਾ ਨੂੰ ਸਥਾਪਤ ਰੱਖਣ ਨਾਲ ਬੱਝਾ ਹੁੰਦਾ ਹੈ । 'ਲੋਕਾਂ ਲਈ' ਹੋਣ ਵਾਸਤੇ ਇਤਿਹਾਸਕ ਪਲਾਂ ਨੂੰ ਸਿਰਜਨਾਤਮਕਤਾ ਵਿੱਚੋਂ ਗੁਜ਼ਰਨਾ ਪੈਂਦਾ ਹੈ । 'ਸਾਹਿਤ ਵਿੱਚ ਇਤਿਹਾਸਕ ਸਥਿਤੀਆਂ ਸਿਰਫ ਇਤਿਹਾਸਕ ਸਥਿਤੀਆਂ ਨਹੀਂ ਹੁੰਦੀਆਂ'[1] ਭਾਵ ਤੱਥਾਂ ਦੀ ਖੇਡ ਇਕਾਂਗੀ ਨਾ ਰਹਿ ਕੇ ਦਾਰਸ਼ਨਿਕ, ਰਾਜਸੀ, ਸਭਿਆਚਾਰਕ ਅਤੇ ਅਸਤਿਤਵੀ ਪ੍ਰਸੰਗਾਂ ਨਾਲ ਸਬੰਧਤ ਹੋ ਜਾਂਦੀ ਹੈ । ਇੱਥੇ ਇਤਿਹਾਸਕ-ਯਥਾਰਥ ਅਤੇ ਸਥਿਤੀਆਂ ਨਕਲ ਨਾ ਰਹਿ ਕੇ ਸੁਹਜਾਤਮਕ ਪ੍ਰਸਤੁਤਕਾਰੀ ਰਾਹੀਂ ਯਥਾਰਥ ਨੂੰ ਸਿਰਜਦੀਆਂ ਹਨ ।[2] ਸਿਰਜਨਾਤਮਕ ਸਾਹਿਤਕ ਬਿਰਤਾਂਤ ਵਿੱਚ ਤੱਥਾਂ ਦੀ ਇਕਹਿਰੀ ਬਣਤਰ ਦੀ ਬਜਾਏ ਖ਼ਾਮੋਸ਼, ਅਣਕਿਹੇ, ਅਣਗੌਲੇ ਅਤੇ ਦਬਾਏ ਹੋਏ ਇਤਿਹਾਸਕ ਯਥਾਰਥ ਦੀ ਸਭਿਆਚਾਰਕ ਸ਼ਕਤੀ ਦਾ ਬੋਧ ਹੋ ਜਾਂਦਾ ਹੈ । ਸਿਰਜਨਾਤਮਕਤਾ ਨਾਲ ਰਲ ਕੇ ਹੀ ਇਤਿਹਾਸ ਵਰਤਮਾਨ ਲਈ ਆਪਣੀਆਂ ਪੈੜਾਂ ਸੱਜਰੀਆਂ ਕਰਦਾ ਹੈ ।

'ਸੂਰਜ ਦੀ ਅੱਖ' ਨਾਵਲ ਦਾ ਗਲਪੀ-ਬਿਰਤਾਂਤ ਮਹਾਰਾਜਾ ਰਣਜੀਤ ਸਿੰਘ ਦੇ ਇਕਹਿਰੇ/ਇਕਾਂਗੀ ਰੂਪ ਨੂੰ ਤੱਜ ਕੇ ਉਸਦੇ ਇਤਿਹਾਸ ਦੁਆਰਾ ਖਾਮੋਸ਼ ਕੀਤੇ, ਅਣਕਿਹੇ, ਅਣਗੌਲੇ



ਅਤੇ ਦਬਾਏ ਰੂਪ ਨੂੰ ਪੇਸ਼ ਕਰਦਾ ਹੈ । ਨਾਵਲੀ-ਪਾਠ ਵਿੱਚ ਮਹਾਰਾਜਾ ਰਣਜੀਤ ਸਿੰਘ ਨਾਲ ਜੁੜੇ ਪੂਰਵ-ਨਿਸ਼ਚਿਤ ਅਰਥਾਂ ਦਾ ਵਿਸਥਾਪਨ ਕਰਕੇ ਉਸ ਨਾਲ ਜੁੜੇ ਇਤਿਹਾਸਕ-ਯਥਾਰਥ ਦਾ ਗਲਪੀ-ਬੋਧ ਕਰਵਾਇਆ ਗਿਆ ਹੈ । ਅਜਿਹਾ ਕਰਨ ਲਈ ਗਲਪਕਾਰ ਨੇ ਵੱਡ-ਅਕਾਰੀ ਬਿਰਤਾਂਤ ਦੀ ਸਿਰਜਨਾ ਕੀਤੀ ਹੈ । ਲੰਮੇ ਸਮੇਂ ਨੂੰ ਬਿਰਤਾਂਤ ਵਿੱਚ ਪੇਸ਼ ਕੀਤਾ ਗਿਆ ਹੈ । 'ਸਾਹਿਤ ਵਿੱਚ ਸਮਾਂ' ਸਮਾਂ ਨਾ ਰਹਿ ਕੇ 'ਮਾਨਵੀ ਹੋਂਦ' ਉਦੋਂ ਬਣਦਾ ਹੈ ਜਦੋਂ ਬਿਰਤਾਂਤ ਦੀ ਵਿਚੋਲਗੀ ਰਾਹੀਂ ਆਰਟੀਕੁਲੇਟ ਹੁੰਦਾ ਹੈ । ਇਸੇ ਕਰਕੇ ਹੀ ਮੰਨਿਆ ਗਿਆ ਹੈ ਕਿ 'ਬਿਰਤਾਂਤ' ਕੋਲ ਅਜਿਹੀ ਪਾਵਰ ਹੁੰਦੀ ਹੈ ਜੋ ਅਤੀਤ ਅਤੇ ਭਵਿੱਖ ਦੋਵਾਂ ਨੂੰ ਮਾਨਵੀ ਕਲਪਨਾ ਵਿੱਚ ਮੁੜ ਅਲੰਕ੍ਰਿਤ ਕਰ ਦਿੰਦੀ ਹੈ ।[3] ਇਸ ਨਾਵਲੀ-ਬਿਰਤਾਂਤ ਲਈ ਨਾਵਲਕਾਰ ਕੁਝ ਖ਼ਾਸ ਵਿਧੀਆਂ ਦੀ ਵਰਤੋਂ ਕਰਦਾ ਹੈ । ਪ੍ਰੋ. ਕੌਤਕੀ ਦਾ ਪਾਤਰ ਅਜਿਹੀ ਵਿਧੀ ਹੈ ਜੋ ਜਿੱਥੇ ਕਾਲਕ੍ਰਮ ਤਰਤੀਬ ਵਿੱਚ ਵੱਢ ਮਾਰਨ ਦਾ ਕਾਰਜ ਕਰਦੀ ਹੈ, ਉੱਥੇ ਇਤਿਹਾਸਕ-ਵਿਵੇਕ ਅਤੇ ਵਿਸ਼ਲੇਸ਼ਣ ਨੂੰ ਕਾਰਜਸ਼ੀਲ ਕਰਕੇ ਪੂਰਵ-ਨਿਰਧਾਰਤ ਅਰਥਾਂ ਦਾ ਭੰਜਨ ਕਰਦੀ ਹੈ । ਨਾਵਲੀ-ਬਿਰਤਾਂਤ ਦੇ ਸ਼ੁਰੂ ਵਿੱਚ ਇਹ ਵਿਧੀ ਵਰਤੀ ਗਈ ਹੈ :

– *ਰਣਜੀਤ ਸਿੰਘ ਬਾਰੇ ਬੜੇ ਲੋਕਾਂ ਨੇ ਲਿਖਿਐ, ਕੌਤਕੀ ਸਾਹਿਬ ! ਪੀਠੇ ਨੂੰ ਪੀਠਣ ਦਾ ਕੀ ਫਾਇਦਾ ਹੋਣੈ ।'*

– *ਡਰਦੈਂ, ਰਣਜੀਤ ਸਿੰਘ ਨੂੰ ਹੱਥ ਪਾਉਣ ਤੋਂ ?'*

– *ਡਰਨ ਦੀ ਤਾਂ ਕੋਈ ਗੱਲ ਨਹੀਂ । ਦਰਅਸਲ ਉਸ ਦਾ ਕਰੈਕਟਰ ਬੜਾ ਉਲਝਿਆ ਹੋਇਆ । ਜਟਿਲ ਐ, ਵਾਦ-ਵਿਵਾਦ ਵਾਲਾ ਐ ।"*[4]

ਇਸ ਵਿਧੀ/ਜੁਗਤ ਰਾਹੀਂ ਬਿਰਤਾਂਤਕਾਰ ਨੇ ਰਣਜੀਤ ਸਿੰਘ ਬਾਰੇ ਦੁਬਿਧਾ ਪ੍ਰਤੀ ਵੀ ਅਨੇਕਾਂ ਸੰਵਾਦਾਂ ਅਤੇ ਪ੍ਰਸ਼ਨਾਂ ਨੂੰ ਰੂਪਮਾਨ ਕੀਤਾ ਹੈ । ਵਰਤਮਾਨ ਅਤੇ ਅਤੀਤ ਨਾਲ ਸੰਵਾਦ ਪੈਦਾ ਕਰਨ ਲਈ ਇਹ ਜੁਗਤ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤੀ ਹੈ । ਇਸ ਵਿਧੀ ਰਾਹੀਂ ਬਿਰਤਾਂਤਕਾਰ ਸਰਬ-ਗਿਆਤਾ ਹੋਣ ਦੀ ਮਿੱਥ ਤੋਂ ਵੀ ਬਚਦਾ ਹੈ । ਦੂਸਰਾ ਇਸ ਨਾਵਲ ਵਿੱਚ ਫੋਕਸੀਕਰਨ ਰਾਹੀਂ ਘਟਨਾਵਾਂ, ਸੰਬੰਧਾਂ, ਰਿਸ਼ਤਿਆਂ ਅਤੇ ਸਥਿਤੀਆਂ ਦਾ ਅੰਤਰੀਵੀਕਰਨ ਕੀਤਾ ਗਿਆ ਹੈ । ਦ੍ਰਿਸ਼ ਸਿਰਜਨਾ ਖ਼ਾਸ ਕਰਕੇ ਦਰਬਾਰ ਅਤੇ ਯੁੱਧਾਂ ਦਾ ਨਾਵਲੀ-ਬਿਰਤਾਂਤ ਨੂੰ ਬਹੁ-ਅਰਥੀ ਬਣਾਉਂਦੇ ਹਨ । 'ਸੰਖੇਪਤਾ' ਦੀ ਵਿਧੀ ਰਾਹੀਂ ਲੰਮੇ ਕਾਲਕ੍ਰਮ ਨੂੰ ਕੁਝ ਹੀ ਸਫਿਆਂ ਵਿੱਚ ਵੀ ਪੇਸ਼ ਕੀਤਾ ਗਿਆ ਹੈ । ਪੂਰੇ ਬਿਰਤਾਂਤ ਨੂੰ ਨਾਵਲਕਾਰ ਨੇ 71 ਉਪ-ਸਿਰਲੇਖਾਂ ਵਿੱਚ ਵੰਡਿਆ ਹੈ । ਇਸ ਵਿਧੀ ਰਾਹੀਂ ਨਾਵਲਕਾਰ ਬਿਰਤਾਂਤ ਨੂੰ ਸਰਲ ਕਰਦਾ ਨਜ਼ਰੀਂ ਪੈਂਦਾ ਹੈ, ਕਿਉਂਕਿ ਇਹ ਸਿਰਲੇਖ ਪ੍ਰਤੀਕਮਈ ਨਹੀਂ ਸਗੋਂ ਸਿੱਧੇ ਸਪੱਸ਼ਟ ਹਨ । ਨਾਵਲੀ ਵਿਧਾ ਮੁਤਾਬਕ ਇਹ ਸਿਰਲੇਖ ਜਾਇਜ਼ ਨਹੀਂ ਹਨ ।

ਸਭ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਪੂਰਵ-ਇਤਿਹਾਸ ਨੂੰ 'ਸੰਖੇਪਤਾ' ਦੀ ਜੁਗਤ ਰਾਹੀਂ ਪ੍ਰਗਟਾਅ ਵਿੱਚ ਪਾਇਆ ਹੈ । ਇਸ ਨਾਵਲ ਦਾ ਪਹਿਲਾ ਪੱਧਰ ਇਤਿਹਾਸ ਦੀਆਂ ਉਹਨਾਂ ਜੜ੍ਹਾਂ ਨਾਲ ਸਬੰਧਤ ਹੈ, ਜਿਨ੍ਹਾਂ ਕਰਕੇ ਪੰਜਾਬ ਹਿੰਸਾ, ਗੁਲਾਮੀ, ਲੁੱਟ-ਖੋਹਾਂ, ਧਾੜਵੀਆਂ ਦੇ ਜ਼ੁਲਮਾਂ ਅਤੇ ਵਾਰ-ਵਾਰ ਉਜੜਣ ਤੇ ਮੁੜ ਵਸਣ ਦੇ ਰਾਹ ਪੈਂਦਾ ਹੈ । ਪੰਦਰਵੀਂ ਸਦੀ ਤੋਂ ਪਹਿਲਾਂ ਦੀ ਸੰਖੇਪ ਗਲਪੀ ਪੇਸ਼ਕਾਰੀ ਵਿੱਚ ਗਲਪਕਾਰ ਨੇ ਸਦੀ ਦਰ ਸਦੀ ਲੁੱਟੇ ਜਾਂਦੇ ਅਤੇ ਉਜੜਦੇ ਪੰਜਾਬ ਦੀ ਤਸਵੀਰ ਪੇਸ਼ ਕੀਤੀ ਹੈ । ਇਸ ਬਿਰਤਾਂਤਕ-ਪੱਧਰ ਉੱਪਰ ਨਾਵਲਕਾਰ ਨੇ ਗੁਰੂ-ਗਿਆਨ, ਪਰੰਪਰਾ, ਮੁਗ਼ਲ ਰਾਜਿਆਂ ਦੀ ਵੰਸ਼ ਪਰੰਪਰਾ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵੱਡ-ਵਡੇਰਿਆਂ ਦੇ ਪਿਛੋਕੜ ਨੂੰ ਪੇਸ਼ ਕੀਤਾ ਹੈ । ਮਹਾਰਾਜਾ ਰਣਜੀਤ ਸਿੰਘ ਦੇ ਵਢੇਰਿਆਂ ਦਾ

ਇਤਿਹਾਸ 'ਕਾਲੂ ਵੜੈਚ ਜੱਟ' ਤੋਂ ਸ਼ੁਰੂ ਕੀਤਾ ਹੈ । ਕਾਲੂ ਵੜੈਚ ਤੋਂ ਅਗਲੇਰੀ ਵੰਸ਼ ਵਿੱਚ ਗਲਪਕਾਰ ਨੇ ਜਾਦੋਮਨ, ਗੁਲਾਬਾਂ ਤੱਕ ਧਾੜਵੀ ਅਤੇ ਲੁਟੇਰਿਆਂ ਦੇ ਰੂਪ ਵਿੱਚ ਸਿਰਜਨਾ ਕੀਤੀ ਹੈ । ਇਸ ਤੋਂ ਅਗਲੇਰੀ ਵੰਸ਼ ਕਿੱਡੋ ਨਾਲ ਸ਼ੁਰੂ ਹੁੰਦੀ ਹੈ ਜੋ ਗੁਰੂ ਗਿਆਨ ਦੀ ਰੌਸ਼ਨੀ ਨੂੰ ਆਪਣਾ ਜੀਵਨ-ਦਰਸ਼ਨ ਬਣਾਉਂਦਾ ਹੈ । ਤੁਰੀ ਆਉਂਦੀ ਰੀਤ ਨੂੰ ਬਦਲਦਾ ਹੈ । ਰਾਜਦੇਵ, ਪ੍ਰੇਮੂ, ਨੀਲੂ, ਤੇਲੂ ਤੇ ਤਖ਼ਤ ਮੱਲ ਤੱਕ ਦੋਵੇਂ ਪਰੰਪਰਾਵਾਂ ਚਲਦੀਆਂ ਹਨ । ਲੁੱਟਾਂ ਖੋਹਾਂ ਦੇ ਨਾਲ-ਨਾਲ ਇਸ ਵੰਸ਼ ਵਿੱਚ ਗੁਰੂ-ਗਿਆਨ ਦੀ ਪਰੰਪਰਾ ਵੀ ਤੁਰ ਪੈਂਦੀ ਹੈ । ਤਖ਼ਤ ਮੱਲ ਸ਼ੁਕਰਚੱਕ ਦੇ ਆਲੇ ਦੁਆਲੇ ਜ਼ਮੀਨ ਖਰੀਦਦਾ ਹੈ । ਇਸ ਤੋਂ ਬਾਅਦ ਬੱਲੂ ਤੇ ਬਾਰਾ ਸੀਨ ਤੇ ਆਉਂਦੇ ਹਨ । ਬੁੱਧਾ ਗੁਰੂ ਦੇ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਬੁੱਧ ਸਿੰਘ ਬਣਦਾ ਹੈ । ਅੱਗੇ ਇਹ ਵੰਸ਼ ਨੌਧ ਸਿੰਘ, ਚੰਦਾ ਸਿੰਘ, ਚੜ੍ਹਤ ਸਿੰਘ, ਦਲ ਸਿੰਘ, ਚੇਤ ਸਿੰਘ, ਮੰਗੀ ਸਿੰਘ, ਮਹਾਂ ਸਿੰਘ ਤੱਕ ਫੈਲਦੀ ਹੈ । ਨਾਲ-ਨਾਲ ਮੁਗ਼ਲਾਂ ਨਾਲ ਯੁੱਧ, ਸੰਘਰਸ਼ ਚਲਦਾ ਹੈ । ਚੜ੍ਹਤ ਸਿੰਘ ਆਪਣਾ ਸਾਮਰਾਜ ਵਧਾਉਂਦਾ ਹੈ । ਇਲਾਕੇ ਜਿੱਤੇ ਜਾਂਦੇ ਹਨ । ਚੜ੍ਹਤ ਸਿੰਘ ਦੀ ਮੌਤ ਤੋਂ ਬਾਅਦ ਮਹਾਂ ਸਿੰਘ ਛੋਟੀ ਉਮਰ ਵਿੱਚ ਹੀ ਆਪਣੀ ਪਿਤਾ-ਪੁਰਖੀ ਵਿਰਾਸਤ ਨੂੰ ਵਿਸਥਾਰਦਾ ਹੈ । ਮਹਾਂ ਸਿੰਘ ਨਵੇਂ ਸਬੰਧ ਸਥਾਪਤ ਕਰਦਾ ਹੈ ।

ਮਹਾਂ ਸਿੰਘ ਦੀ ਮੌਤ ਤੋਂ ਬਾਅਦ ਰਣਜੀਤ ਸਿੰਘ ਦ੍ਰਿਸ਼ 'ਤੇ ਆਉਂਦਾ ਹੈ । ਚੜ੍ਹਤ ਸਿੰਘ ਅਤੇ ਬਾਅਦ ਵਿੱਚ ਮਹਾਂ ਸਿੰਘ ਦਾ ਦਬਦਬਾ ਜੈ ਸਿੰਘ ਅਤੇ ਗੁਰਬਖਸ਼ ਲਈ ਮੌਤ ਦਾ ਕਾਰਨ ਬਣਦੇ ਹਨ ਤਾਂ ਸਦਾ ਕੌਰ ਆਪਣੀ ਧੀ ਮਹਿਤਾਬ ਦਾ ਰਿਸ਼ਤਾ ਮਜ਼ਬੂਰੀ ਵੱਸ ਰਣਜੀਤ ਸਿੰਘ ਨਾਲ ਕਰਦੀ ਹੈ । ਰਣਜੀਤ ਸਿੰਘ ਆਪਣੀ ਸਰੀਰਕ ਬਣਤਰ ਕਰਕੇ ਮਾਨਸਿਕ ਗੁੰਝਲਾਂ ਦਾ ਸ਼ਿਕਾਰ ਹੁੰਦਾ ਹੈ । ਉਸਦੇ ਚਿਹਰੇ ਤੇ ਚੇਚਕ ਦੇ ਦਾਗ ਅਤੇ ਇੱਕ ਅੱਖ ਹੋਣ ਕਰਕੇ ਉਹ ਮਾਨਸਿਕ ਤੌਰ ਤੇ ਕਸ਼ਟ ਸਹਿੰਦਾ ਹੈ । ਰਣਜੀਤ ਸਿੰਘ ਦੀ ਆਮਦ ਨਾਲ ਜਿਹੜੀ ਮੁੱਖ ਸੁਰ ਉਭਰਕੇ ਸਾਹਮਣੇ ਆਉਂਦੀ ਹੈ ਉਹ ਹੈ 'ਸਬੰਧਾਂ ਦੀ ਰਾਜਨੀਤੀ', 'ਸੰਬੰਧਾਂ ਦੀ ਸਾਜ਼ਿਸ਼' । ਇਹਨਾਂ 'ਸਬੰਧਾਂ' ਅਤੇ ਸਾਜ਼ਿਸ਼ਾਂ' ਵਿੱਚ ਖ਼ਾਸ ਕਰਕੇ 'ਔਰਤ' ਤਬਾਦਲੇ ਦੀ ਵਸਤ ਵਾਂਗ ਸੱਤਾ ਦੇ ਵਿਸਥਾਰ ਦੀ ਪੌੜੀ ਬਣਦੀ ਹੈ । ਇਤਿਹਾਸ ਨੇ ਇਹਨਾਂ 'ਸਬੰਧਾਂ' ਦੇ ਯਥਾਰਥ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ । ਇਸ ਨਾਵਲੀ ਬਿਰਤਾਂਤ ਦੇ ਅਗਲੇਰੇ ਬਿਰਤਾਂਤ ਵਿੱਚ ਇਹਨਾਂ 'ਸਬੰਧਾਂ' ਨੂੰ 'ਤੱਥਾਂ' ਨਾਲੋਂ ਵਧੇਰੇ ਅਹਿਮੀਅਤ ਦੇ ਕੇ ਬਿਰਤਾਂਤਿਆ ਗਿਆ ਹੈ । 'ਗੜ੍ਹੀ' ਨੂੰ 'ਕਿਲ੍ਹਾ' ਬਣਾਉਣ ਵਿੱਚ ਇਹੋ ਸਬੰਧ ਹੀ ਅਹਿਮ ਭੂਮਿਕਾ ਨਿਭਾਉਂਦੇ ਹਨ । ਇਹੀ 'ਸਬੰਧਾਂ ਦੀ ਰਾਜਨੀਤੀ' ਅਤੇ 'ਸ਼ਕਤੀਆਂ ਦੇ ਸਬੰਧ' ਮਹਾਰਾਜੇ ਅਤੇ ਮਹਾਂ ਭੂਗੋਲਿਕ ਪੰਜਾਬ ਦੀ ਸਿਰਜਨਾ ਕਰਦੇ ਹਨ ।

'ਸਬੰਧਾਂ' ਅਤੇ 'ਤਾਕਤ' ਰਾਹੀਂ ਰਣਜੀਤ ਸਿੰਘ ਛੋਟੀਆਂ-ਛੋਟੀਆਂ ਮਿਸਲਾਂ ਨੂੰ ਪਹਿਲਾਂ ਮਿੱਧਦਾ ਹੈ, ਫਿਰ ਆਪਣੇ ਰਾਜ ਵਿੱਚ ਵਿਲੀਣ ਕਰਦਾ ਹੈ । ਦੂਸਰੇ ਪਾਸੇ ਸਦਾ ਕੌਰ ਦੀ ਧੀ ਮਹਿਤਾਬ ਕੌਰ ਜੋ ਮਜ਼ਬੂਰੀ ਵੱਸ ਰਣਜੀਤ ਸਿੰਘ ਨਾਲ ਵਿਆਹ ਕਰਵਾਉਂਦੀ ਹੈ ਕਿਸੇ ਕਿਸਮ ਦੀ ਨੇੜਤਾ ਨਹੀਂ ਰੱਖਦੀ । ਰਣਜੀਤ ਸਿੰਘ ਨੂੰ ਉਹ ਪਸੰਦ ਨਹੀਂ ਕਰਦੀ । ਉਹ ਜ਼ਿਆਦਾਤਰ ਸਦਾ ਕੌਰ ਕੋਲ ਹੀ ਰਹਿੰਦੀ ਹੈ । ਰਣਜੀਤ ਸਿੰਘ ਦਾ ਦੂਸਰਾ ਵਿਆਹ ਰਾਜ ਕੌਰ ਨਾਲ ਹੁੰਦਾ ਹੈ ਤਾਂ ਸਦਾ ਕੌਰ ਨੂੰ ਆਪਣੇ ਸੁਪਨੇ ਟੁੱਟਦੇ ਨਜ਼ਰ ਆਉਂਦੇ ਹਨ । ਜਦੋਂ ਰਾਜ ਕੌਰ ਦੀ ਕੁੱਖ ਤੋਂ ਖੜਕ ਸਿੰਘ ਦਾ ਜਨਮ ਹੁੰਦਾ ਹੈ ਤਾਂ ਸਦਾ ਕੌਰ ਹੋਰ ਪ੍ਰੇਸ਼ਨ ਹੋ ਜਾਂਦੀ ਹੈ । ਉਹ ਆਪਣੀ 'ਸਬੰਧਾਂ ਦੀ ਰਾਜਨੀਤੀ' ਨੂੰ ਨਵਾਂ ਮੋੜ ਦਿੰਦੀ ਹੈ । ਮਹਿਤਾਬ ਦੇ ਦੋ ਮੁੰਡੇ ਹੋਣ ਦੀ ਅਫਵਾਹ ਫਿਲਾਉਂਦੀ ਹੈ :

*ਅਫਵਾਹਾਂ, ਸ਼ਾਹੀ ਕਿਲ੍ਹੇ ਤੋਂ ਭਾਵੇਂ ਕਿੰਨੀਆਂ ਵੀ ਡਰਦੀਆਂ ਹੋਣ, ਫਿਰ ਵੀ ਕੰਧਾਂ ਦੇ ਕੰਨ ਸਾਜ਼ਸ਼ਾਂ ਨੂੰ ਅੰਜ਼ਾਮ ਦੇ ਦਿੰਦੇ ਹਨ । ਅਜੇਹੀਆਂ ਹੀ ਹਵਾ ਵਿੱਚ ਉੱਡਦੀਆਂ ਸਰਗੋਸ਼ੀਆਂ*



*ਲਾਹੌਰ ਪੁੱਜਦਿਆਂ, ਰਣਜੀਤ ਸਿੰਘ ਦੇ ਮੱਥੇ ਉੱਪਰ ਡੰਗ ਵਾਂਗ ਵੱਜੀਆਂ । 'ਜੌੜੇ ਬੱਚੇ ਮਹਿਤਾਬ ਕੌਰ ਦੇ ਨਹੀਂ ਹਨ । ਇਹ ਮਾਈ ਸਦਾ ਕੌਰ ਦੀ ਸੋਚੀ ਤੇ ਸਮਝ ਕੇ ਘੜੀ ਵਿਉਂਤ ਹੈ । ਇੱਕ ਲੜਕਾ ਧੋਬੀ ਦਾ ਹੈ ਤੇ ਦੂਸਰਾ ਸਦਾ ਕੌਰ ਦੀ ਇੱਕ ਨੌਕਰਾਣੀ ਦਾ ਹੈ ।' 5*

ਰਣਜੀਤ ਸਿੰਘ ਇਸ ਸਭ ਕਾਸੇ ਨੂੰ ਨਾ ਚਾਹੁਣ ਤੇ ਵੀ ਸਵੀਕਾਰ ਕਰਦਾ ਹੈ । ਜਿੱਥੇ ਰਣਜੀਤ ਸਿੰਘ ਜਿੱਤਾਂ ਹਾਸਲ ਕਰਦਾ ਹੈ, ਭੂਗੋਲਿਕ ਹੱਦਾਂ ਵਧਾਉਂਦਾ ਹੈ, ਸਾਮਰਾਜ ਵਿੱਚ ਵਾਧਾ ਕਰਦਾ ਹੈ, ਉੱਥੇ ਨਾਲ-ਨਾਲ ਉਹ ਨਿੱਜੀ ਸੰਜਮ ਤੋਂ ਵਿਰਵਾ ਹੁੰਦਾ ਜਾਂਦਾ ਹੈ । ਉਸ ਦੇ ਅੰਦਰਲਾ 'ਸਿੰਘ' ਆਪਣੇ ਮਾਨਵੀ ਅਰਥਾਂ ਨੂੰ ਗਵਾਉਂਦਾ ਜਾਂਦਾ ਹੈ । 'ਮੋਰਾਂ' ਨਾਲ ਤੀਸਰਾ ਵਿਆਹ ਕਰਦਾ ਹੈ । 'ਬੇਗਾਨੇ ਰਾਜ' 'ਆਪਣੇ ਰਾਜ' ਬਣਾਉਣ ਦੇ ਨਾਲ ਆਪਣੇ 'ਰਾਣੀਵਾਸ' ਵਿੱਚ ਵਾਧਾ ਕਰਦਾ ਹੈ । ਸੰਸਾਰ ਚੰਦ ਨੂੰ ਜਿੱਤਣ ਤੋਂ ਬਾਅਦ ਉਸਦੀਆਂ ਧੀਆਂ ਮਹਿਤਾਬ ਦੇਵੀ ਅਤੇ ਰਾਜ ਬੰਸੋ ਨਾਲ ਧੱਕੇ ਨਾਲ ਵਿਆਹ ਕਰਵਾਉਂਦਾ ਹੈ । ਇਸੇ ਹੀ ਅਗਲੀ ਕੜੀ ਵਿੱਚ ਉਹ ਇੱਕ ਹੋਰ ਨਾਚੀ ਗੁਲਬਹਾਰ ਨਾਲ ਵਿਆਹ ਕਰਵਾਉਂਦਾ ਹੈ । ਨਸ਼ੇ ਅਤੇ ਅਧਰੰਗ ਨਾਲ ਉਹ ਗਲਪੀ ਵੇਰਵਿਆਂ ਮੁਤਾਬਕ ਅਧਰੰਗ ਦੇ ਦੌਰੇ ਪੈਣ ਕਰਕੇ ਉਹ ਆਪਣੀ ਸਰੀਰਕ ਸ਼ਕਤੀ ਕਾਫ਼ੀ ਹੱਦ ਤੱਕ ਖੋਹ ਚੁੱਕਾ ਸੀ । ਫਿਰ ਵੀ ਉਹ ਗੁਜਰਾਂ ਵਾਲੇ ਸਰਦਾਰ ਮੰਨਾ ਸਿੰਘ ਦੀ ਧੀ ਜਿੰਦਾ ਨਾਲ ਵਿਆਹ ਕਰਵਾਉਂਦਾ ਹੈ । ਜਿੰਦਾ ਜਿਸ ਲੜਕੇ ਨੂੰ ਜਨਮ ਦਿੰਦੀ ਹੈ ਉਹ ਮੁੜ ਰਣਜੀਤ ਸਿੰਘ ਲਈ ਸਮੱਸਿਆਕਾਰ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ :

*"ਜਹਾਂਪਨਾਹ ਨੂੰ ਮੁਬਾਰਕਾਂ ਹੋਣ । ਬਾਂਦੀ ਅਰਜ ਕਰਦੀ ਹੈ, ਮਹਾਰਾਣੀ ਜ਼ਿੰਦਾ ਕੌਰ ਨੇ ਸ਼ਹਿਜ਼ਾਦੇ ਨੂੰ ਜਨਮ ਦਿੱਤਾ ਏ ।"*

*ਪਹਿਲਾਂ ਰਣਜੀਤ ਸਿੰਘ ਨੇ ਇਸ ਤਰ੍ਹਾਂ ਦਿਖਾਵਾ ਕੀਤਾ ਜਿਵੇਂ ਉਸ ਨੂੰ ਕੁਝ ਸਮਝ ਨਾ ਆਇਆ ਹੋਵੇ । ਜਦ ਦਰਬਾਰੀ, ਵਧਾਈਆਂ ਤੇ ਮੁਬਾਰਕਾਂ ਦੇਣ ਲੱਗੇ ਤਾਂ ਉਸਦੀ ਅੱਖ ਬੈਚੇਨੀ ਨਾਲ ਸੱਜੇ ਖੱਬੇ ਘੁੰਮੀ । 6*

ਉਸਦੀ 'ਬੇਚੈਨ ਅੱਖ' ਦਾ ਅਗਲੇਰਾ ਪਾਸਾਰ ਦਲੀਪ ਸਿੰਘ ਨੂੰ ਗੁਲੂ ਮਾਸ਼ਕੀ ਦੀ ਔਲਾਦ ਵਿੱਚ ਗਲਪੀ ਵੇਰਵੇ ਪੇਸ਼ ਕਰਦੇ ਹਨ ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨੀਆਂ ਮੁਗਲ ਰਾਜਿਆਂ ਨੂੰ ਜ਼ਬਰਦਸਤ ਟੱਕਰ ਦਿੱਤੀ ਅਤੇ ਪੰਜਾਬ ਨੂੰ ਮਹਾਂ-ਪੰਜਾਬ ਦਾ ਰੁਤਬਾ ਦਿਵਾਇਆ ਇਹ ਇਕ ਮੰਨਣਯੋਗ ਇਤਿਹਾਸ ਹੈ । ਪਰ ਗਲਪੀ ਵੇਰਵਿਆਂ ਵਿੱਚ ਅਜਿਹੇ ਇਤਿਹਾਸਕ-ਯਥਾਰਥ ਦਾ ਬੋਧ ਨਿਹਿਤ ਹੈ ਜਿਸ ਵਿੱਚ ਰਣਜੀਤ ਸਿੰਘ 'ਸ਼ਕਤੀ' ਨੂੰ 'ਮਾਨਵੀ ਸ਼ਕਤੀ' ਵਿੱਚ ਰੂਪਾਂਤਰਣ ਕਰਨ ਦੀ ਬਜਾਏ ਉਪਭੋਗੀ ਰੁਚੀਆਂ ਅਤੇ ਅਮਾਨਵੀ ਸਥਿਤੀਆਂ ਵਿੱਚ ਵੀ ਰੂਪਾਂਤਰਣ ਕਰਦਾ ਹੈ । ਉਸ ਦਾ ਵਿਅਕਤੀਗਤ ਚਰਿੱਤਰ ਚਿੱਤਰਦਾ ਗਲਪਕਾਰ ਵਾਰ ਵਾਰ ਉਸਦੀ 'ਇੱਕ ਅੱਖ' ਦਾ ਕਈ ਪ੍ਰਸੰਗਾਂ ਵਿੱਚ ਜ਼ਿਕਰ ਕਰਦਾ ਹੈ । ਪਰ ਅੰਗਰੇਜ਼ ਫਰੰਗੀਆਂ ਦੇ ਪ੍ਰਸੰਗ ਵਿੱਚ 'ਅੱਖ' ਦੇ ਮੈਟਾਫ਼ਰ ਨੂੰ ਗਲਪਕਾਰ ਵੱਖਰੇ ਅੰਦਾਜ਼ ਵਿੱਚ ਚਿਤਰਦਾ ਹੈ :

*"ਰਣਜੀਤ ਸਿੰਘ ਦੀ ਇੱਕ ਤੀਜੀ ਅੱਖ ਵੀ ਸੀ, ਜਿਹੜੀ ਹਰ ਸਮੇਂ ਫਿਰੰਗੀਆਂ ਦੀਆਂ ਹਰਕਤਾਂ ਉਪਰ ਟਿਕੀ ਹੋਈ ਸੀ । ਇਸ ਕਾਰਨ ਉਹ ਸ਼ਰਾਬੀ ਹੋ ਕੇ ਵੀ ਸ਼ਰਾਬੀ ਨਹੀਂ ਸੀ ।" 7*

ਅੰਗਰੇਜ਼ਾਂ ਪ੍ਰਤੀ ਉਹ ਖ਼ਾਸ ਤੌਰ ਤੇ ਸੁਚੇਤ ਸੀ । ਆਪਣੇ ਰਾਜ ਪ੍ਰਤੀ ਉਹ ਹਮੇਸ਼ਾ ਮੁਹਿੰਮ ਛੇੜੀ ਰੱਖਦਾ । ਸਬੰਧਾਂ ਦੇ ਨਾਲ-ਨਾਲ ਸੰਧੀਆਂ ਨੂੰ ਵੀ ਅਹਿਮੀਅਤ ਦਿੰਦਾ । ਕੋਹਿਨੂਰ ਹੀਰੇ ਅਤੇ ਘੋੜਿਆਂ ਦੀਆਂ ਵਧੀਆ ਨਸਲਾਂ ਨੂੰ ਪਾਉਣ ਖਾਤਰ ਉਹ ਭਾਰੀ ਜ਼ੋਖਮ ਵੀ ਉਠਾਉਂਦਾ ਰਿਹਾ ਹੈ । ਆਪਣੀ ਮਾਂ ਰਾਜ ਕੌਰ, ਮਾਮੇ ਅਤੇ ਲਖਪਤ ਰਾਏ ਨੂੰ ਦਰਬਾਰ ਦ੍ਰਿਸ਼ ਤੋਂ ਪਾਸੇ ਕਰ ਦਿੰਦਾ

ਹੈ ।ਉਹ ਜੱਟਾਂ ਨੂੰ ਵੀ ਤਖ਼ਤ ਤੋਂ ਦੂਰ ਰੱਖਦਾ ਹੈ ।ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇੱਕੋ ਜਿਹੇ ਰੁਤਬੇ ਦੇ ਕੇ ਫਿਰਕਾਪ੍ਰਸਤ ਮਾਹੌਲ ਦੀ ਸਪੇਸ ਖ਼ਤਮ ਕਰ ਦਿੰਦਾ ਹੈ ।ਉਸ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਅਤੇ ਮਹਾਂ-ਪੰਜਾਬ ਖੇਰੂੰ ਖੇਰੂੰ ਹੋ ਜਾਂਦਾ ਹੈ ।ਉਸ ਦੇ ਬਹੁਤੇ ਬਣੇ ਉਤਰਾਧਿਕਾਰੀ ਖੀਣ ਖੀਣ ਹੋ ਜਾਂਦੇ ਹਨ । ਇਸ ਦੇ ਨਾਲ ਜਿੱਥੇ ਉਹ ਪੰਜਾਬ ਦੀਆਂ ਭੂਗੋਲਿਕ ਹੱਦਾਂ ਵਿੱਚ ਵਾਧਾ/ਵਿਸਥਾਰ ਕਰਦਾ ਹੈ, ਉੱਥੇ ਪੰਜਾਬੀਅਤ ਅੰਦਰ ਕਿਤੇ ਨਾ ਕਿਤੇ ਉਸ ਗਿਆਨ ਦੇ ਅਭਿਆਸ ਵਿੱਚ ਰੁਕਾਵਟ ਪੈਦਾ ਹੋ ਜਾਂਦੀ ਹੈ ਜੋ 'ਸ਼ਕਤੀ ਤੇ ਨਾਬਰੀ' ਨੂੰ ਮਾਨਵੀ ਬਣਾਉਣ ਲਈ ਜ਼ਰੂਰੀ ਸੀ । ਜਿੱਥੇ ਬੰਦਾ ਸਿੰਘ ਬਹਾਦਰ ਤੱਕ ਇਹ 'ਸ਼ਕਤੀ' 'ਮਾਨਵੀਂ' ਹੋਣ ਦਾ ਰੁਤਬਾ ਨਹੀਂ ਗੁਆਉਂਦੀ, ਉੱਥੇ ਰਣਜੀਤ ਸਿੰਘ 'ਬੰਦਾ' ਦੀ ਬਜਾਏ 'ਮਹਾਰਾਜਾ' ਬਣ ਕੇ ਸ਼ਕਤੀ ਨੂੰ ਤਖ਼ਤ ਦੀ ਲਾਲਸਾ ਤੱਕ ਘਟਾ ਦਿੰਦਾ ਹੈ ।ਬਾਬਾ ਸਾਹਿਬ ਸਿੰਘ, ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਅਤੇ ਇਹਨਾਂ ਵਰਗੇ ਹੋਰ ਅਨੇਕਾਂ ਬਲਸ਼ਾਲੀ ਅਤੇ ਗਿਆਨਵਾਨ ਯੋਧੇ ਰਣਜੀਤ ਸਿੰਘ ਨੇ ਤਖ਼ਤ ਲਈ ਵਰਤੇ ।

ਇਸ ਪ੍ਰਕਾਰ ਬਲਦੇਵ ਸਿੰਘ ਦਾ ਇਹ ਇਤਿਹਾਸਕ-ਨਾਵਲ ਅਣਗੌਲੇ ਇਤਿਹਾਸਕ-ਯਥਾਰਥ ਦੇ ਬੋਧ ਨੂੰ ਪਰਤ-ਦਰ-ਪਰਤ ਗਲਪ ਦਾ ਹਿੱਸਾ ਬਣਾਉਣ ਵਿੱਚ ਕਾਮਯਾਬੀ ਹਾਸਲ ਕਰਦਾ ਹੈ ।ਰਣਜੀਤ ਸਿੰਘ ਦਾ ਨਸ਼ੇ ਕਰਨਾ, ਔਰਤ ਨੂੰ ਉਪਭੋਗ ਦੀ ਵਸਤ ਸਮਝਣਾ, ਸਬੰਧਾਂ ਦੀ ਰਾਜਨੀਤੀ ਉਸ ਦੀ ਸ਼ਖ਼ਸੀਅਤ ਨਾਲ ਜੁੜਿਆ ਅਜਿਹਾ ਇਤਿਹਾਸਕ-ਯਥਾਰਥ ਹੈ ਜੋ ਉਸ ਨੂੰ ਸਭਿਆਚਾਰਕ-ਪਰਿਵਾਰ ਦੀ ਘਾਟ ਵਿੱਚੋਂ ਮਿਲਿਆ ।'ਸਬੰਧਾਂ' ਨੂੰ ਉਹ ਸ਼ਕਤੀਆਂ ਅਤੇ ਲਾਲਸਾਵਾਂ ਦਾ ਸਮੂਹ ਬਣਾ ਕੇ ਸੱਤਾ ਦਾ ਸਾਮਰਾਜੀ ਵਿਸਥਾਰ ਕਰਦਾ ਹੈ ।ਸੰਜਮ ਦੀ ਥਾਂ ਉਪਭੋਗ ਨੂੰ ਮਾਨਤਾ ਦਿੰਦਾ ਹੈ ।ਅੰਤ ਵਿੱਚ ਵੀ ਔਰਤਾਂ ਦਾ ਉਸ ਨਾਲ ਸਤੀ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਉਸਨੇ ਆਪਣੀ ਸ਼ਕਤੀ ਦਾ ਪ੍ਰਯੋਗ ਆਪਣਿਆਂ ਦੀ ਅਜ਼ਾਦੀ ਲਈ ਨਹੀਂ ਕੀਤਾ ਸਗੋਂ ਰਵਾਇਤੀ ਸ਼ਕਤੀ ਦਾ ਹੀ ਸਮਰਥਨ ਕੀਤਾ। ਨਿਰਸੰਦੇਹ ਨਾਵਲਕਾਰ ਨੇ ਇਸ ਜਟਿਲ ਅਤੇ ਸੰਕਟਾਂ ਭਰੇ ਇਤਿਹਾਸਕ-ਯਥਾਰਥ ਨੂੰ ਬੜੀ ਖ਼ੂਬਸੂਰਤੀ ਅਤੇ ਮਿਹਨਤ ਨਾਲ ਵੱਡ-ਅਕਾਰੀ ਗਲਪੀ-ਬੋਧ ਵਿੱਚੋਂ ਸਫਲਤਾ ਨਾਲ ਪੇਸ਼ ਕੀਤਾ ਹੈ, ਸਿਰਜਿਆ ਹੈ ।ਇਤਿਹਾਸਕ-ਪੰਜਾਬੀ ਨਾਵਲ ਨੂੰ ਇਹ ਦਿਸ਼ਾ ਅਤੇ ਦ੍ਰਿਸ਼ਟੀ ਦੇਣ ਵਾਲਾ ਮਹੱਤਵਪੂਰਨ ਨਾਵਲ ਹੈ ।

*ਗਿਆ ਸੂਰਜ ਛਿਪਦਾ ਨਾਲ ਮਿਰੇ ।*
*ਕੋਈ ਤੁਰ ਗਿਆ ਦੀਵੇ ਬਾਲ ਮਿਰੇ ।*

*(ਹਰਿੰਦਰ ਸਿੰਘ ਮਹਿਬੂਬ)*

### ਹਵਾਲੇ ਅਤੇ ਟਿੱਪਣੀਆਂ


1. ਗੋਪੀਚੰਦ ਨਾਰੰਗ (ਅਨੁ: ਜਗਬੀਰ ਸਿੰਘ), ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, ਸਾਹਿਤ ਅਕਾਦਮੀ, ਦਿੱਲੀ 2002 ਪੰਨਾ 482.

2. Chris Barker, Cultural Studies, Theory and Practice, Sage Publications London 2000. P. 137.

3. Gavin Flood, Beyond Phenomenlogy, Rething the study of Religion, CASSELL, London, Phenomenlogy 1999 P. 133.

4. 5. 6. 7 .ਬਲਦੇਵ ਸਿੰਘ, ਸੂਰਜ ਦੀ ਅੱਖ (ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਉੱਪਰ ਆਧਾਰਿਤ ਇਤਿਹਾਸਕ ਨਾਵਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2017 (ਸਮੁੱਚਾ ਨਾਵਲ) ।




**ਨਵੀਆਂ ਪੁਸਤਕਾਂ**


**ਡਾ. ਪਰਗਟ ਸਿੰਘ**


## ਚਾਰ ਤੱਤ ਦਾ ਪੁੱਤਲਾ : ਸਰੂਪ ਸਿਆਲਵੀ
## ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ ਜਲੰਧਰ
## ਮੁੱਲ: 200 : ਪੰਨੇ 144

ਸਮਕਾਲੀ ਪੰਜਾਬੀ ਕਹਾਣੀ ਵਿੱਚ ਸਰੂਪ ਸਿਆਲਵੀ ਇੱਕ ਚਰਚਿਤ ਹਸਤਾਖ਼ਰ ਹੈ। ਪਿੰਡ ਅਜੇ ਜਿਉਂਦਾ ਹੈ, ਨ੍ਹੇਰੇ ਦੇ ਵਾਸੀ, ਕਾਲ ਕਾਲਾਂਤਰ ਤੋਂ ਬਾਅਦ ਚਾਰ ਤੱਤ ਦਾ ਪੁਤਲਾ ਉਸ ਦਾ ਨਵਾਂ ਕਹਾਣੀ ਸੰਗ੍ਰਿਹ (2016) ਹੈ। ਇਸ ਕਹਾਣੀ ਸੰਗ੍ਰਹਿ ਰਾਹੀਂ ਉਸ ਦੀ ਪੰਜਾਬੀ ਕਹਾਣੀ ਸਾਹਿਤ ਵਿੱਚ ਪਹਿਚਾਣ ਹੀ ਗੂੜੀ ਨਹੀਂ ਹੁੰਦੀ ਸਗੋਂ ਪੰਜਾਬੀ ਕਹਾਣੀ 'ਚ ਇਤਿਹਾਸ, ਮਿਥਹਾਸ ਨੂੰ ਨਵੇਂ ਨਜ਼ਰੀਏ ਤੋਂ ਕਥਾ ਵਸਤੂ ਵਜੋਂ ਅਪਣਾਉਂਦਾ ਹੈ। ਮਨਮੋਹਨ ਬਾਵਾ ਤੋਂ ਬਾਅਦ ਇਤਿਹਾਸ ਮਿਥਹਾਸ ਦੀਆਂ ਹਾਸ਼ੀਏ ਤੇ ਧੱਕ ਦਿੱਤੀਆਂ ਗਈਆਂ ਧਿਰਾਂ ਨੂੰ ਸਰੂਪ ਸਿਆਲਵੀ ਦਾਰਸ਼ਨਿਕ ਲਹਿਜ਼ੇ ਵਿੱਚ ਉਸਾਰਦਾ ਹੈ। ਲੇਖਕ ਦੇ ਕਥਾ ਸਾਹਿਤ ਦਾ ਦੂਜਾ ਅਹਿਮ ਕੇਂਦਰ ਦਲਿਤ ਲੋਕਾਈ ਨੂੰ ਦਾਰਸ਼ਨਿਕ ਪੱਖ ਤੋਂ ਉਭਾਰਨਾ ਤੇ ਬੋਲਡ ਬਣਾ ਕੇ ਸਮਾਜ ਦੇ ਕੋਝੇ ਸਿਸਟਮ ਨਾਲ ਟਕਰਾਉਣ ਦੇ ਸਮਰੱਥ ਕਰਨਾ ਹੈ।

'ਸਿੰਗਲ ਮਦਰ' ਇਸ ਕਹਾਣੀ ਸੰਗ੍ਰਹਿ ਦੀ ਇੱਕ ਸਸ਼ਕਤ ਕਹਾਣੀ ਹੈ। ਜਿਸ ਰਾਹੀਂ ਲੇਖਕ ਜਾਤ-ਪਾਤ ਵਰਗੀ ਸਮੱਸਿਆ ਦਾ ਇਕੋ-ਇੱਕ ਹੱਲ ਅੰਤਰ-ਜਾਤੀ ਵਿਆਹ ਨੂੰ ਮੰਨਣ ਦੀ ਬਜਾਇ ਪਿਤਰਕੀ ਉੱਚ ਹਾਊਮੈ ਤੇ ਨਿਮਨਜਾਤ ਦੀ ਹੀਣ-ਭਾਵਨਾ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਸੁਰਿੰਦਰ ਸਿੰਘ ਸੁਖਨ ਹਾਈ ਕੋਰਟ ਦਾ ਨਾਮੀ ਵਕੀਲ ਜਾਤੀ ਵਿਆਹ ਕਰਵਾਕੇ ਵੀ ਆਪਣੇ ਪੁੱਤਰ ਨੂੰ ਉੱਚ ਜਾਤੀ ਦੇ ਸੰਪਰਕ 'ਚ ਰੱਖਣਾ ਲੋਚਦਾ ਹੈ ਤਾਂ ਜੋ ਉਸ ਦੀ ਪਹਿਚਾਣ ਛੁੱਪੀ ਰਹਿ ਸਕੇ। ਉਸਦੀ ਧੀ ਸ਼ੈਲੀ ਵੀ ਉੱਚ ਜਾਤੀ ਦੇ ਪਟੰਬਰ ਨਾਲ ਅੰਤਰ ਜਾਤੀ ਵਿਆਹ ਕਰਵਾਉਂਦੀ ਹੈ ਪਰ ਪਟੰਬਰ ਆਪ ਉੱਚ ਜਾਤੀ ਹਾਊਮੈ ਦਾ ਸ਼ਿਕਾਰ ਹੋਇਆ ਸ਼ੈਲੀ ਨੂੰ ਨੀਚਾ ਦਿਖਾਉਣ ਦਾ ਯਤਨ ਕਰਦਾ ਹੈ। ਜਦੋਂਕਿ ਪਟੰਬਰ ਆਪ ਇੱਕ ਉੱਚ ਜਾਤ ਦੇ ਪਿਤਾ ਤੇ ਨਿਮਨ ਜਾਤ ਦੀ ਮਾਂ ਦੀ ਕੁੱਖੋਂ ਜਨਮਿਆ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਉੱਚ ਜਾਤ ਦਾ ਅਖਵਾਉਂਦਾ ਹੈ ਕਿਉਂਕਿ ਉਸ ਦਾ ਪਿਤਾ ਉੱਚ ਜਾਤੀ ਨਾਲ ਸੰਬੰਧ ਰੱਖਦਾ ਹੈ। ਕਹਾਣੀ ਦਾ ਅੰਤ ਸ਼ੈਲੀ ਦੁਆਰਾ ਪਟੰਬਰ ਤੋਂ ਦੁਖੀ ਹੋ ਉਸ ਦਾ ਕਤਲ ਕਰ ਸਿੰਗਲ ਮਦਰ ਬਣਨ 'ਚ ਹੁੰਦਾ ਹੈ। ਲੇਖਕ ਜਾਬਰ ਸਮਾਜਕ ਵਿਵਸਥਾ ਵਿੱਚ ਮਨੁੱਖ ਨੂੰ ਨਕੇਲ ਕਸ ਕੇ ਰੱਖਣ ਦੀ ਜਾਤੀ ਤੇ ਪਿਤਰਕੀ ਜੁਗਤ ਨੂੰ ਉਭਾਰਦਾ ਹੈ।

'ਨ੍ਹੇਰੇ ਤੋਂ ਚਾਨਣ ਵੱਲ' ਕਹਾਣੀ ਰਾਹੀਂ ਆਧੁਨਿਕ ਜਮਾਤੀ ਸਮਾਜ ਵਿਚਲੇ ਗੁਲਾਮੀ, ਸ਼ੋਸ਼ਣ, ਨਿੱਜੀ ਜਾਇਦਾਦ, ਅਣਮਨੁੱਖੀ ਕਦਰਾਂ ਕੀਮਤਾਂ, ਅਨਿਆਂ ਆਦਿ ਵਰਤਾਰਿਆਂ ਮੁਕਾਬਲੇ ਪੁਰਾਤਨ ਕਬੀਲੇ ਦੇ ਜੀਵਨ ਪ੍ਰਬੰਧ ਦੀਆਂ ਖਾਸਿਅਤਾਂ ਨੂੰ ਉਸਾਰਦਾ ਹੈ। ਜਿੱਥੇ ਬਰਾਬਰਤਾ, ਆਜ਼ਾਦੀ ਤੇ ਸਮੂਹਿਕ ਸੋਚ ਪ੍ਰਬੰਧ ਨੂੰ ਤਵੱਜੋ ਦਿੱਤੀ ਜਾਂਦੀ ਹੈ। ਰਵਿੰਦਰ ਰਾਵਣ ਕਹਾਣੀ ਰਾਹੀਂ ਲੇਖਕ ਰਾਵਣ ਦੀ ਬੁਰਾਈ ਦੇ ਪ੍ਰਤੀਕ ਵਜੋਂ ਪੇਸ਼ ਕਰਨ ਦੀ ਮਿੱਥ ਨੂੰ ਤੋੜਦਾ ਇਸ ਮਿੱਥ ਪਿੱਛੇ ਕਾਰਜਸ਼ੀਲ ਸ਼ਕਤੀਆਂ ਤੋਂ ਪਰਦਾ ਚੁੱਕਦਾ ਹੈ ਕਿ ਕਿਵੇਂ ਆਪਣੀ ਸੁਪਰਸੇਮੀ ਸਥਾਪਿਤ ਕਰਨ ਲਈ ਵਿਰੋਧੀ ਧਿਰ ਨੂੰ ਬਦੀ ਦੇ ਰੂਪ ਵਿੱਚ ਸਥਾਪਿਤ ਕਰਨਾ ਹੈ। ਲੇਖਕ ਬੁੱਧੀਜੀਵੀ ਘੁੰਮਤਰੂ ਘੁੰਮਣ ਸਿੰਘ ਰਾਹੀਂ ਰਾਮਲੀਲਾ ਵਿੱਚ ਰਾਵਣ ਦਾ ਰੋਲ ਕਰਨ ਵਾਲੇ ਰਵਿੰਦਰ ਰਾਓ ਦੇ ਮਨ ਵਿੱਚ ਰਾਵਣ ਪ੍ਰਤੀ ਸਤਿਕਾਰ ਜਗਾ ਕੇ ਪੂਰੇ ਘਟਨਾਕ੍ਰਮ ਤੋਂ ਪਰਦਾ ਚੁੱਕ ਦਿੰਦਾ ਹੈ। ਰਵਿੰਦਰ ਰਾਓ ਤੋਂ ਰਵਿੰਦਰ ਰਾਵਣ ਬਣਨ ਦੇ ਦੌਰਾਨ ਦਾ ਦਵੰਦ ਪੀੜ੍ਹੀ ਦਰ ਪੀੜ੍ਹੀ ਪੱਕੇ ਪੀਡੇ ਕੀਤੇ ਭਾਰਤੀ

ਅਵਚੇਤਨ ਤੋਂ ਖਹਿੜਾ ਛਡਾਉਣ ਦੇ ਔਖੇ ਕਾਰਜ ਵੱਲ ਸੰਕੇਤ ਕਰਦਾ ਹੈ।

'ਦਿਨ ਕਟੀ' ਕਹਾਣੀ ਔਰਤ-ਮਰਦ ਦੀਆਂ ਨਿੱਜੀ ਸਰੀਰਕ ਲੋੜਾਂ ਦੇ ਮਨੋਵਿਗਿਆਨਕ ਪਹਿਲੂਆਂ ਨੂੰ ਉਭਾਰਦੀ ਹੈ। 'ਉਹ ਬਾਰਾਂ ਦਿਨ' ਅਤੇ 'ਬਾਪੂ' ਕਹਾਣੀਆਂ ਸਮਾਜਿਕ ਜੀਵਨ ਦੀਆਂ ਕਈ ਗਹਿਰ ਗੰਭੀਰ ਪਰਤਾਂ ਦਾ ਪਰਦਾਫਾਸ਼ ਕਰਦੀਆਂ ਹਨ। ਜਿੱਥੇ ਉਹ ਬਾਰਾਂ ਦਿਨ ਕਹਾਣੀ ਪੇਂਡੂ ਸਮਾਜ ਦੇ ਕਾਟੋ ਕਲੇਸ਼ ਦੀ ਜੜ੍ਹ ਨਿੱਜੀ ਹਾਉਮੈ ਨੂੰ ਦਰਸਾਉਂਦੀ ਹੈ ਉੱਥੇ ਬਾਪੂ ਕਹਾਣੀ ਰਾਹੀਂ ਵਿਅਕਤੀਵਾਦੀ ਲਾਲਸਾ ਦੀ ਗ੍ਰਿਫਤ 'ਚ ਅੰਨ੍ਹੇ ਹੋਏ ਵਿਅਕਤੀ ਕਿਵੇਂ ਆਪਣੇ ਹੀ ਪਰਿਵਾਰਕ ਰਿਸ਼ਤਿਆਂ ਨੂੰ ਤਹਿਸ ਨਹਿਸ ਕਰ ਦਿੰਦੇ ਹਨ, ਦਾ ਯਥਾਰਥਕ ਚਿਤਰਣ ਹੈ।

ਸਰੂਪ ਸਿਆਲਵੀ ਦੇ ਇਸ ਕਹਾਣੀ ਸੰਗ੍ਰਹਿ ਨੂੰ ਪੜਨ ਉਪਰੰਤ ਇਸ ਗੱਲ ਦਾ ਗਹਿਰ ਗੰਭੀਰ ਅਹਿਸਾਸ ਹੁੰਦਾ ਹੈ ਕਿ ਬਹੁਤੇ ਵਰਤਾਰੇ ਇਕਹਿਰੇ ਜਾਂ ਉਸ ਤਰ੍ਹਾਂ ਦੇ ਨਹੀਂ ਹੁੰਦੇ ਜਿਨ੍ਹਾਂ ਨੂੰ ਅਸੀਂ ਸਤਹੀ ਪੱਧਰ ਉੱਪਰ ਸਮਝਣ ਦਾ ਭੁਲੇਖਾ ਸਿਰਜਦੇ ਹਾਂ। ਅਸਲ ਵਿੱਚ ਇਹਨਾਂ ਵਰਤਾਰਿਆਂ ਦੀ ਪਿੱਠ ਭੂਮੀ ਵਿੱਚ ਕਾਰਜਸ਼ੀਲ ਅਜਿਹੇ ਤੱਤ ਹਨ ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੀ ਨਹੀਂ ਸਗੋਂ ਸਮੇਂ ਦੀ ਬਹੁੱਦ ਜ਼ਰੂਰੀ ਲੋੜ ਹੈ।

## ਬੂੰਦ ਬੂੰਦ ਡੁਲਦੀ ਜ਼ਿੰਦਗੀ : ਪਰਗਟ ਸਿੰਘ ਸਿੱਧੂ (ਸਵੈ ਜੀਵਨੀ)
## ਪ੍ਰਕਾਸ਼ਕ : ਐਵਿਸ ਪਬਲੀਕੇਸ਼ਨਜ਼ : ਚਾਂਦਨੀ ਚੌਕ ਦਿੱਲੀ
## ਮੁੱਲ : 225 ਪੰਨੇ : 108

ਪਰਗਟ ਸਿੰਘ ਸਿੱਧੂ ਪੰਜਾਬੀ ਦਾ ਸਮਰੱਥ ਗਲਪਕਾਰ ਪਰ ਅਣਗੌਲਿਆ ਸਾਹਿਤਕਾਰ ਹੈ। ਉਸਨੇ ਰੇਗਿਸਤਾਨ ਦਾ ਸਫਰ ਤੇ ਪ੍ਰੀਤੋ, ਬੱਤਖ ਦੇ ਖੰਭਾਂ ਜਿਹੇ ਸਫੈਦ ਦਿਨ, ਜ਼ਿੰਦਗੀ ਵਰਗੇ ਅਰਥ ਭਰਪੂਰ ਨਾਵਲ ਪੰਜਾਬੀ ਸਾਹਿਤ ਜਗਤ ਨੂੰ ਦਿੱਤੇ। ਹਵਾ ਵਿਚ ਲਟਕਦਾ ਆਦਮੀ ਤੇ ਕੁਕਨੂਸ ਵਰਗੀਆਂ ਸ਼ਾਹਕਾਰ ਕਹਾਣੀਆਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। 'ਬੂੰਦ ਬੂੰਦ ਡੁਲਦੀ ਜ਼ਿੰਦਗੀ' ਪਰਗਟ ਸਿੰਘ ਸਿੱਧੂ ਦੀ ਸਵੈ ਜੀਵਨੀ ਹੈ ਜੋ ਪਾਠਕਾਂ ਲਈ ਇਕ ਲੇਖਕ ਦੀ ਜ਼ਿੰਦਗੀ ਦੇ ਵਿਭਿੰਨ ਹਨੇਰੇ ਕੋਨਿਆਂ/ਝਰੋਖਿਆਂ ਤੇ ਝਾਤ ਪਾਉਂਦੀ ਹੈ। ਲੇਖਕ 'ਮੇਰਾ ਪਿੰਡ' ਭਾਗ ਵਿਚ ਆਪਣੇ ਪੇਂਡੂ ਜੀਵਨ ਦੇ ਨਿੱਜੀ ਅਨੁਭਵਾਂ ਨੂੰ ਬਿਆਨ ਕਰਦਾ ਪਿੰਡ ਦੇ ਕਰੂਰ ਯਥਾਰਥ ਨੂੰ ਇਕ ਨਵੇਂ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਜਿੱਥੇ ਭਾਈਚਾਰਕ ਸਾਂਝ ਤੇ ਅਪਣਤ ਦੀ ਥਾਂ ਵਿਰੋਧ, ਈਰਖਾ ਤੇ ਬਦਲਾਲਊ ਭਾਵਨਾ ਵਰਗੇ ਵਰਤਾਰੇ ਸਾਹਮਣੇ ਆਉਂਦੇ ਹਨ। ਇਹ ਸਾਰੇ ਵਰਤਾਰੇ ਗਾਲਪਨਿਕ ਵੇਰਵੇ ਨਾ ਹੋ ਕੇ ਹੱਡੀਂ ਹੰਢਾਏ ਅਨੁਭਵ ਹਨ ਜੋ ਸਾਡੇ ਸਾਹਮਣੇ ਬਣੀ ਪਿੰਡ ਦੀ ਤਸਵੀਰ ਨੂੰ ਤਿੜਕਾਉਂਦੇ ਹਨ। ਉਪਰੋਕਤ ਸਭ ਕੁਝ ਦੇ ਹੁੰਦੇ ਇਹਨਾਂ ਪੇਂਡੂ ਵਿਅਕਤੀਆਂ ਦੀ ਸਾਂਝ ਭਿਆਲੀ ਵਾਲਾ ਪੱਖ ਵੀ ਉਭਰਦਾ ਹੈ। ਘਰ ਦੀ ਮਾੜੀ ਆਰਥਿਕ ਹਾਲਤ ਦਾ ਝੰਮਿਆ ਸਿੱਧੂ ਦਾ ਬਚਪਨ ਭਟਕਣਾਂ 'ਚ ਪਿਆ ਕਿਵੇਂ ਭੂਆ ਤੇ ਬਾਅਦ 'ਚ ਮਾਮੇ ਕੋਲ ਪੜ੍ਹਨੇ ਪਿਆ ਪਰ ਕਾਮਯਾਬੀ ਨਾ ਮਿਲੀ। ਲੇਖਕ ਚੜ੍ਹਦੀ ਜਵਾਨੀ ਦੇ ਦਿਨਾਂ ਨੂੰ ਮੱਠੇ-ਮੱਠੇ ਨਸ਼ੇ ਦੇ ਸਰੂਰ 'ਚ ਸਰੂਰੀ ਜ਼ਿੰਦਗੀ ਵਾਲੇ ਭਾਗ ਵਿਚ ਬੇ ਝਿੱਜਕ ਤੇ ਬੇਬਾਕ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਲੇਖਕ ਮਨੁੱਖੀ ਮਾਨਸਿਕਤਾ ਦੇ ਅਨੇਕਾਂ ਉਹਨਾਂ ਪਹਿਲੂਆਂ ਨੂੰ ਬਾਖੂਬੀ ਬਿਆਨ ਕਰਦਾ ਹੈ ਜਿਨ੍ਹਾਂ ਨੂੰ ਅਸੀਂ ਸਮਾਜਕ ਦਬਾਵਾਂ ਅਧੀਨ ਦਬਾਅ ਕੇ ਰੱਖਦੇ ਹਾਂ। ਲੇਖਕ ਖੁਦ ਮਿੱਤਰ (ਕੁੜੀਆਂ) ਨਾਲ ਅਤ੍ਰਿਪਤ ਸਾਂਝ ਦੇ ਅਨੁਭਵ ਚੋਂ ਕਿਸ ਤਰ੍ਹਾਂ ਆਪਣੀਆਂ ਰਚਨਾਵਾਂ ਲਈ ਪਾਤਰ ਚੁਣਦਾ ਹੈ। ਉਹਨਾਂ ਨੂੰ ਬਾਖੂਬੀ ਬਿਆਨ ਕਰਦਾ ਹੈ।

ਸਤਾਰ੍ਹਾਂ ਵਰੇ ਲੰਬਾ ਰੇਗਿਸਤਾਨ ਵਾਲੇ ਭਾਗ ਵਿੱਚ ਲੇਖਕ ਆਪਣੇ ਮਿਹਨਤੀ ਸੁਭਾਅ



ਕਾਰਨ ਕੀਤੀ ਤਰੱਕੀ, ਪੜ੍ਹਨ ਦੀ ਲਲਕ ਅਤੇ ਮਾੜ੍ਹੇ ਹਲਾਤਾਂ 'ਚ ਉਸਾਰੂ ਸੋਚ ਦੇ ਨਾਲ-ਨਾਲ ਫੌਜੀ ਜੀਵਨ ਦੀਆਂ ਕਠਿਨਾਈਆਂ ਤੇ ਕਈ ਨਵੇਂ ਪਹਿਲੂਆਂ ਨੂੰ ਬਾਖੂਬੀ ਬਿਆਨ ਕਰਦਾ ਹੈ । ਆਪਣੀ ਜ਼ਮੀਨ ਦੀ ਤਲਾਸ਼ ਤੇ ਕਸ਼ਮਕਸ਼ ਵਾਲਾ ਭਾਗ ਪੁਸਤਕ ਦਾ ਹੀ ਅਹਿਮ ਹਿੱਸਾ ਨਹੀਂ ਸਗੋਂ ਲੇਖਕ ਦੀ ਜ਼ਿੰਦਗੀ ਦਾ ਵੀ ਹੈ। ਪਰਗਟ ਸਿੱਧੂ ਫੌਜ ਦੀ ਨੌਕਰੀ ਤੋਂ ਅਸਤੀਫਾ ਦੇਣ ਉਪਰੰਤ ਜਿੰਨ੍ਹੇ ਚਾਅ ਮਲਾਰ ਨਾਲ ਅਧਿਆਪਕ ਦੀ ਨੌਕਰੀ ਪ੍ਰਾਪਤ ਕਰਦਾ ਹੈ ਉਨ੍ਹੇ ਹੀ ਉਦਾਸ ਮਨ ਨਾਲ ਇਸ ਨੌਕਰੀ ਦੇ ਕਈ ਮਾੜੇ ਪਹਿਲੂ ਸਾਡੇ ਸਾਹਮਣੇ ਲਿਆਉਂਦਾ ਹੈ ਕਿ ਕਿਸ ਤਰ੍ਹਾਂ ਇਹ (ਅਧਿਆਪਕ) ਵਰਗ ਪੜ੍ਹਿਆ ਲਿਖਿਆ ਅਨਪੜ੍ਹ, ਝੂਠੀ ਹਾਉਮੈ, ਵਿਰੋਧ ਕਾਰਨ ਵਿਦਿਆਰਥੀਆਂ ਦਾ ਭਵਿੱਖ ਹੀ ਦਾਅ ਤੇ ਨੀਂ ਲਾਉਂਦੇ, ਸਗੋਂ ਆਪਸੀ ਰੰਜ਼ਿਸਾਂ ਅਧੀਨ ਇੱਕ ਦੂਜੇ ਦਾ ਨੁਕਸਾਨ ਵੀ ਕਰਦੇ ਹਨ। ਕਲਮ ਦਾ ਰਿਸ਼ਤਾ ਤੇ ਚੱਲ ਬਰਨਾਲੇ ਚੱਲੀਏ ਲੇਖਾਂ ਵਿੱਚ ਲੇਖਕ ਆਪਣੀ ਸਿਰਜਣ ਕਲਾ, ਸਾਹਿਤਕ ਰੁੱਚੀਆਂ ਅਤੇ ਆਲੋਚਕ ਜੁੰਡਲੀਆਂ ਦੇ ਵਿਭਿੰਨ ਕਿਰਦਾਰਾਂ ਦਾ ਪਰਦਾਫ਼ਾਸ ਕਰਦਾ ਹੈ ।

ਬਰਨਾਲੇ ਦੀ ਸਾਹਿਤਕ ਜਰਖੇਜ਼ ਭੂਮੀ ਉੱਪਰ ਕਈ ਚੰਗੇ ਸਾਹਿਤਕਾਰਾਂ ਦੇ ਹੋਣ ਦੇ ਬਾਵਜੂਦ ਵੀ ਉਹਨਾਂ ਦਾ ਅਣਗੋਲਿਆਂ ਰਹਿ ਜਾਣ ਦਾ ਕਾਰਨ ਕਿਤੇ ਨਾ ਕਿਤੇ ਆਪਣੇ ਹੀ ਬਣਦੇ ਨਜ਼ਰੀਂ ਪੈਂਦੇ ਹਨ। ਲੇਖਕ ਆਪਣੀ ਕਠੋਰ ਮੁਸ਼ਕਿਲਾਂ ਭਰੀ ਜ਼ਿੰਦਗੀ 'ਚ ਆਪਣੇ ਜੁਝਾਰੂਪਣ ਕਾਰਨ ਆਪਣੀਆਂ ਸਾਹਿਤਕ ਰੁੱਚੀਆਂ ਨੂੰ ਜਾਰੀ ਰੱਖਦਾ ਚੰਗੇਰੀਆਂ ਗਾਲਪਨਿਕ ਰਚਨਾਵਾਂ ਪਾਠਕਾਂ ਨੂੰ ਦੇਣ ਦੇ ਬਾਵਜੂਦ ਵੀ ਸਾਹਿਤਕ ਹਲਕਿਆਂ 'ਚ ਉਹ ਮਾਣ-ਸਨਮਾਨ ਹਾਸਿਲ ਨਹੀਂ ਕਰ ਸਕਿਆ ਜਿਸਦਾ ਕਿ ਉਹ ਹੱਕਦਾਰ ਸੀ। ਇਸ ਸਵੈ ਜੀਵਨੀ ਤੋਂ ਜਿੱਥੇ ਜੁਝਾਰੂਪਣ ਦੀ ਮਿਸਾਲ ਉਤਪੰਨ ਹੁੰਦੀ ਹੈ ਉੱਥੇ ਸਮਾਜਕ ਪ੍ਰਦ੍ਰਿਸ਼ ਵਿੱਚ ਅਧਿਆਪਕ ਤੇ ਫੌਜੀ ਜੀਵਨ ਦੀਆਂ ਕਈ ਅਣਸੁਲਝਿਆਂ ਗੁੱਥੀਆਂ ਵੀ ਸਾਹਮਣੇ ਆਉਂਦੀਆਂ ਹਨ। ਪਰਗਟ ਸਿੰਘ ਸਿੱਧੂ ਦੀ ਇਹ ਸਵੈ-ਜੀਵਨੀ ਜਿੱਥੇ ਸਾਨੂੰ ਉਸਾਰੂ ਸੋਚ ਦਾ ਧਾਰਨੀ ਬਣਾਉਂਦੀ ਹੈ ਉੱਥੇ ਮੁਸ਼ਕਿਲਾਂ ਨਾਲ ਪੂਰੇ ਜ਼ੋਸ-ਖਰੋਸ ਨਾਲ ਦੋ ਹੱਥ ਕਰਨ ਦਾ ਗੁਰ ਵੀ ਸਿਖਾਉਂਦੀ ਹੈ।

## ਦੱਖਣ 'ਚ ਦਸ ਦਿਨ : ਬਲਬੀਰ ਮਾਧੋਪੁਰੀ
## ਐਵਿਸ ਪਬਲੀਕੇਸ਼ਨਜ਼ : ਚਾਂਦਨੀ ਚੌਕ ਦਿੱਲੀ
## ਮੁੱਲ : 195 : ਪੰਨੇ : 102

ਬਲਬੀਰ ਮਾਧੋਪੁਰੀ ਦਾ ਅਨੁਵਾਦ ਦੇ ਖੇਤਰ 'ਚ ਅਹਿਮ ਸਥਾਨ ਹੈ ਪਰ ਉਸਦੀ ਪੰਜਾਬੀ ਸਾਹਿਤਕ ਜਗਤ 'ਚ ਵੱਖਰੀ ਪਹਿਚਾਣ ਬਣਾਉਣ ਵਿਚ ਉਸ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਦਾ ਅਹਿਮ ਯੋਗਦਾਨ ਹੈ ਜੋ ਹੁਣ ਤੱਕ ਅਨੇਕਾਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਹੈ। ਹੱਥਲੀ ਪੁਸਤਕ 'ਦੱਖਣ 'ਚ ਦਸ ਦਿਨ' ਉਸ ਦਾ ਸਫ਼ਰਨਾਮਾ ਹੈ। ਜਿਸ ਵਿਚ ਲੇਖਕ ਨੇ ਆਪਣੀ ਕੇਰਲ ਯਾਤਰਾ ਦੌਰਾਨ ਦੇ ਅਨੇਕਾਂ ਚੰਗੇ ਮਾੜੇ ਅਨੁਭਵਾਂ ਨੂੰ ਵਿਲੱਖਣ ਅੰਦਾਜ਼ ਵਿਚ ਪੇਸ਼ ਕੀਤਾ ਹੈ। 'ਸੱਧਰਾਂ ਨੂੰ ਬੂਰ' ਸਿਰਲੇਖ ਅਧੀਨ ਲੇਖਕ ਆਪਣੇ ਬਚਪਨ ਦੀਆਂ ਯਾਦਾਂ ਤੇ ਅਣਦੇਖੀਆਂ ਥਾਵਾਂ ਤੇ ਪ੍ਰਕ੍ਰਿਤਕ ਦ੍ਰਿਸ਼ਾਂ ਨੂੰ ਦੇਖਣ ਦੀ ਰੀਝ ਨੂੰ ਬਿਆਨ ਕਰਦਾ ਹੈ ਜੋ ਇਸ ਯਾਤਰਾ ਦੌਰਾਨ ਸੰਪੂਰਨ ਹੁੰਦੀ ਹੈ। ਲੇਖਕ ਇਸ ਸਫ਼ਰ ਦੌਰਾਨ ਦੀਆਂ ਅਨੇਕਾਂ ਯਾਦਾਂ ਅਤੇ ਸਾਥੀ ਮੋਹੇ ਤੇ ਉਸਦੀ ਪਤਨੀ ਦੀਆਂ ਅਨੇਕਾਂ ਗੱਲਾਂ ਨੂੰ ਉਚੇਚ ਨਾਲ ਚਿਤਰਦਾ ਹੈ। ਸਫ਼ਰ ਦੇ 59 ਘੰਟਿਆਂ ਦੌਰਾਨ ਆਲੇ-ਦੁਆਲੇ ਦੇਖੀਆਂ ਥਾਵਾਂ ਤੇ ਆਂਧਰਾ ਪ੍ਰਦੇਸ਼ ਦੀ ਰਿੰਡ ਪ੍ਰਧਾਨ ਭੂਮੀ ਤੇ ਕੇਲਿਆਂ ਦੇ ਬਾਗਾਂ ਬਾਰੇ ਵਿਸਥਾਰ ਨਾਲ ਦੱਸਦਾ ਹੈ। ਇਸ ਉਪਰੰਤ ਲੇਖਕ ਈਵਜ਼ ਬੀਚ ਤੋਂ ਦੂਰ ਤੱਕ ਦਿਸਦੇ ਵਿਸ਼ਾਲ ਸਮੁੰਦਰ ਤੇ ਨਾਰੀਅਲ ਦੇ ਉੱਚੇ-ਉੱਚੇ ਰੁੱਖਾਂ ਬਾਰੇ ਜ਼ਿਕਰ ਕਰਦਾ ਹੈ। ਲੇਖਕ ਬੀਚ ਉੱਪਰ ਸੈਲਾਨੀਆਂ

ਦੇ ਘੱਟ ਕੱਪੜੇ ਪਾਕੇ ਘੁੰਮਣ ਅਤੇ ਆਪਣੇ ਜਿਸਮ ਨੂੰ ਸੂਰਜ ਦੀ ਤਪਸ਼ ਹੇਠ ਨਿਹਾਰਨ ਦੇ ਵੇਰਵਿਆਂ ਦਾ ਜ਼ਿਕਰ ਕਰਦਾ ਭਾਰਤੀ ਲੋਕਾਂ ਦਾ ਉਹਨਾਂ ਪ੍ਰਤੀ ਨਜ਼ਰੀਆ ਤੇ ਅੱਖਾਂ ਪਾੜ-ਪਾੜ ਦੇਖਣ ਨੂੰ ਪੂਰੀ ਬੇ-ਬਾਕੀ ਨਾਲ ਚਿਤਰਦਾ ਹੈ। ਇੱਥੇ ਲੇਖਕ ਦੋ ਸਭਿਆਚਾਰਾਂ/ਸੱਭਿਅਤਾਵਾਂ ਦੇ ਲੋਕਾਂ ਦੀ ਸੋਚ, ਸਮਝ, ਸਭਿਆਚਾਰ ਵਿਚਲੀ ਵੱਖਰਤਾ ਤੇ ਵਿਲੱਖਣਤਾ ਦੇ ਅਨੇਕਾਂ ਪਹਿਲੂਆਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਲੇਖਕ ਵਿਦੇਸ਼ੀ ਸੈਲਾਨੀਆਂ ਦੀ ਰੀਸ ਕਰਦੇ ਭਾਰਤੀ ਲੋਕਾਂ ਦੀ ਸੌੜੇਪਣ ਵਾਲੀ ਸੋਚ ਨੂੰ ਚਿਤਰਦਾ ਹੈ ਕਿ ਕਿਵੇਂ ਭਾਰਤੀ ਲੋਕ ਵਿਦੇਸ਼ੀ ਗੋਰੀਆਂ ਨੂੰ ਦੇਖਣ ਦਾ ਅਖੌਤੀ ਹੱਕ ਰੱਖਦੇ ਆਪਣੀਆਂ ਔਰਤਾਂ ਵੱਲ ਅੱਖ ਚੁੱਕਣ ਤੇ ਔਖੇ ਹੁੰਦੇ ਹਨ।

ਲੇਖਕ ਸਿਰਫ਼ ਸੈਰਗਾਹ ਥਾਵਾਂ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਉਸਦੀ ਨਜ਼ਰ/ਦ੍ਰਿਸ਼ਟੀਗੋਚਰ ਸ੍ਰੀ ਪਦਮਨਾਭ ਸਵਾਮੀ ਮੰਦਰ, ਕਲਾਵਾਂ ਦੀ ਸਿਖਰ ਛੋਂਹਦਾ ਨੇਪੀਅਰ ਮਿਊਜ਼ੀਅਮ, ਪ੍ਰਾਕ੍ਰਿਤਕ ਸਿਰਜਣਾ ਨੂੰ ਸਮਰਪਿਤ : ਨੈਚਰਲ ਹਿਸਟਰੀ ਮਿਊਜ਼ੀਅਮ ਵੀ ਹੁੰਦਾ ਹੈ। ਦੱਖਣੀ ਭਾਰਤ ਦੀ ਪ੍ਰਸਿੱਧ ਚਿੱਤਰਾ ਆਰਟ ਗੈਲਰੀ 'ਚ ਲਲਿਤ ਕਲਾਵਾਂ ਦੇ ਵਿਭਿੰਨ ਰੂਪਾਂ ਨੂੰ ਲੇਖਕ ਪਾਠਕਾਂ ਸਾਹਮਣੇ ਸਾਕਾਰ ਕਰ ਦਿੰਦਾ ਹੈ।

ਕੰਨਿਆ ਕੁਮਾਰੀ ਵਿਖੇ ਸਨਸੈੱਟ, ਸਮੁੰਦਰ 'ਚ ਸਵਾਮੀ ਵਿਵੇਕਾਨੰਦ ਮੈਮੋਰੀਅਲ ਆਦਿ ਦਾ ਵੀ ਲੇਖਕ ਬਾਖ਼ੂਬੀ ਬਿਆਨ ਕਰਦਾ ਹੈ। ਇਸ ਸਫ਼ਰਨਾਮੇ ਤੋਂ ਕੇਰਲ ਤੇ ਇਸ ਦੇ ਆਸ-ਪਾਸ ਦੇ ਅਨੇਕਾਂ ਇਲਾਕਿਆਂ ਦੀ ਤੱਥਗਤ ਜਾਣਕਾਰੀ ਤਾਂ ਕਾਫੀ ਮਿਲਦੀ ਹੈ ਪਰ ਸਫ਼ਰਨਾਮੇ ਵਿਚਲੀ ਗਾਲਪਨਿਕਤਾ ਕਿਤੇ ਗਾਇਬ ਦਿਖਾਈ ਦਿੰਦੀ ਹੈ। ਪਾਠਕ ਰਚਨਾ ਨਾਲ ਰੌਚਿਕਤਾ ਦੀ ਪੱਧਰ ਤੇ ਜੁੜਨ ਦੀ ਬਜਾਏ ਸਿਰਫ ਅੰਕੜਾ ਜਾਣਕਾਰੀ ਗ੍ਰਹਿਣ ਕਰਦਾ ਦਿਖਾਈ ਦਿੰਦਾ ਹੈ। ਕੁਝ ਅੰਸ਼ ਮਾਤਰ ਸਭਿਆਚਾਰਕ ਵੱਖਰਤਾਵਾਂ ਤੇ ਵੱਖਰੇ ਸਮਾਜ ਸਭਿਆਚਾਰ ਦੇ ਦਰਸ਼ਨ ਇਸ ਸਫ਼ਰਨਾਮੇ ਦੇ ਵਿਚ ਸ਼ਾਮਿਲ ਜ਼ਰੂਰ ਹਨ। ਲੇਖਕ ਸਫ਼ਰਨਾਮਾ ਸਾਹਿਤ ਦੀ ਅਮੀਰ ਪਰੰਪਰਾ 'ਚ ਆਪਣੀ ਵਿਲੱਖਣਤਾ ਦਰਜ ਕਰਨ 'ਚ ਕਾਮਯਾਬ ਨਹੀਂ ਹੋ ਸਕਿਆ ਪਰ ਪਾਠਕ ਦੱਖਣੀ ਭਾਰਤ ਦੇ ਕਈ ਅਹਿਮ ਸਥਾਨਾਂ ਦੇ ਘਰ ਬੈਠਿਆਂ ਰੂ-ਬ-ਰੂ ਹੋਇਆ ਜ਼ਰੂਰ ਮਹਿਸੂਸ ਕਰਦੇ ਹਨ।

## ਮੇਰਾ ਕਮਰਾ ਮੇਰੀ ਕਲਮ : ਸੰਪਾ: (ਸ਼ਾਮ ਸਿੰਘ)
## ਐਵਿਸ ਪਬਲਿਸ਼ਰਜ਼ : ਚਾਂਦਨੀ ਚੌਕ ਦਿੱਲੀ
## ਮੁੱਲ : 150 ਪੰਨੇ : 144

ਮੇਰਾ ਕਮਰਾ ਮੇਰੀ ਕਲਮ ਸ਼ਾਮ ਸਿੰਘ ਦੁਆਰਾ ਸੰਪਾਦਿਤ ਕੀਤੀ ਲੇਖਾਂ ਦੀ ਪੁਸਤਕ ਹੈ ਜਿਸ ਵਿਚ ਨਾਮਵਰ ਲੇਖਕਾਂ, ਡਾਕਟਰਾਂ, ਕਲਾਕਾਰਾਂ, ਸੰਗੀਤਕਾਰਾਂ ਦੇ ਆਪਣੇ ਲਿਖਣ ਅਨੁਭਵ, ਆਪਣੇ ਕਿੱਤੇ ਅਤੇ ਉਸ ਨਾਲ ਸੰਬੰਧਤ ਗਿਆਨਵਰਧਕ ਜਾਣਕਾਰੀ ਹੈ। ਪੁਸਤਕ ਦੇ ਪਹਿਲੇ ਲੇਖਾਂ ਵਿਚ ਵਿਦਵਾਨ ਲੇਖਕਾਂ ਨੇ ਆਪਣੇ ਸਿਰਜਣ ਪਲਾਂ ਬਾਰੇ ਬਾਰੀਕਬਨੀ ਜਾਣਕਾਰੀ ਪਾਠਕਾਂ ਨਾਲ ਸਾਂਝੀ ਕੀਤੀ ਹੈ। ਨਾਵਲਕਾਰ ਨਰਿੰਜਨ ਤਸਨੀਮ ਆਪਣੀ ਕਲਮਕਾਰੀ ਸਮੇਂ ਇਕੱਲਤਾ, ਨਿਵੇਕਲੀ ਥਾਂ ਦੀ ਤਲਾਸ਼ ਵਿਚ ਰਹਿੰਦਾ ਹੈ। ਲੇਖਕ ਅਨੁਸਾਰ ਕਾਹਲਪਣ, ਸ਼ੋਰ ਸ਼ਰਾਬਾ ਸਿਰਜਣਾ ਵਿਚ ਵਿਘਨਕਾਰੀ ਤੱਤ ਬਣਦੇ ਹਨ। ਸੰਤੋਖ ਸਿੰਘ ਧੀਰ ਲਿਖਣ ਲਈ ਸਮਾਂ ਅਤੇ ਸਥਾਨ ਨੂੰ ਮਹੱਤਵ ਨਾ ਦਿੰਦਾ ਰਚਨਾ ਨੂੰ ਮਹੱਤਵ ਦਿੰਦਾ ਹੈ। ਉਸ ਅਨੁਸਾਰ ਲੇਖਕ ਲਈ ਕਮਰਾ ਉਸ ਦਾ ਸਾਰਾ ਬ੍ਰਹਿਮੰਡ ਹੁੰਦਾ ਹੈ। ਮੋਬਾਇਲ ਬੁੱਧੀਜੀਵੀ ਸਤਿੰਦਰ ਸਿੰਘ ਨੂਰ ਆਪਣੇ ਪੜ੍ਹਨ ਕਮਰੇ ਵਿਚ ਲੱਗੇ ਪੁਸਤਕਾਂ ਦੇ ਅੰਬਾਰ ਦੇ ਨਾਲ-ਨਾਲ ਦੋਸਤਾਂ ਮਿੱਤਰਾਂ ਦੁਆਰਾ ਇਹਨਾਂ ਪੁਸਤਕਾਂ ਤੇ ਰੱਖੀ ਕੁਣੱਖੀ ਨਜ਼ਰ ਦਾ ਜ਼ਿਕਰ ਕਰਦਾ ਹੈ। ਉਥੇ ਆਪਣੀ ਲਿਖਣ ਪ੍ਰਕ੍ਰਿਆ ਸੰਬੰਧੀ ਦੱਸਦਾ ਹੈ ਕਿ ਇਕਾਂਤ ਦੀ ਬਜਾਏ ਮਨ ਦੀ ਸਥਿਤੀ ਜ਼ਿਆਦਾ ਅਹਿਮੀਅਤ ਰੱਖਦੀ ਹੈ। ਉਸ ਦੀਆਂ ਕਈ ਅਹਿਮ



ਕਿਰਤਾਂ/ਸਿਰਜਣਾਵਾਂ ਸਫ਼ਰ ਦੌਰਾਨ ਦੀਆਂ ਹਨ। ਆਂਚਲਿਕ ਨਾਵਲਕਾਰ ਰਾਮ ਸਰੂਪ ਅਣਖੀ ਲਈ ਨਿਸ਼ਚਿਤ ਥਾਂ ਦੀ ਅਹਿਮੀਅਤ ਤਾਂ ਹੈ ਪਰ ਉਹ ਕੋਈ ਆਲੀਸ਼ਾਨ ਕੋਠੀ ਜਾਂ ਦਫ਼ਤਰ ਨਹੀਂ ਸਗੋਂ ਉਸਦੇ ਘਰ ਦੀ ਪੁਰਾਣੀ ਸਬਾਤ ਹੀ ਉਸ ਦੀਆਂ ਸਾਹਿਤਕ ਸਿਰਜਣਾਵਾਂ ਦੀ ਗਵਾਹ ਬਣਦੀ ਹੈ। ਹਰਭਜਨ ਹਲਵਾਰਵੀ ਜਦੋਂ ਆਪਣੀ ਕਲਮ ਤੇ ਕਮਰੇ ਦਾ ਜ਼ਿਕਰ ਕਰਦਾ ਹੈ ਤਾਂ ਉਸ ਸਮੇਂ ਪਤਾ ਲੱਗਦਾ ਹੈ ਕਿ ਸਾਹਿਤਕਾਰ ਦੀ ਸਿਰਜਣਾ ਦੇ ਪਲ ਕਿਨ੍ਹਾਂ ਸਥਿਤੀਆਂ 'ਚ ਸਾਕਾਰ ਹੁੰਦੇ ਰਹਿੰਦੇ ਹਨ। ਜੇਲ੍ਹ ਦੀਆਂ ਕੋਠੜੀਆਂ, ਸਾਧਾਰਨ ਜਿਹੇ ਕਮਰੇ ਤੋਂ ਲੈ ਕੇ ਮਹਿਲਨੁਮਾ ਸ਼ਾਨਦਾਰ ਕੋਠੀਆਂ ਉਸ ਦੀ ਸਿਰਜਣਾ ਦਾ ਗਵਾਹ ਬਣਦੀਆਂ ਹਨ। ਪੰਜਾਬੀ ਦੇ ਕਈ ਸਾਹਿਤਕਾਰ ਸਾਹਿਤਕ ਸਿਰਜਣਾ ਲਈ ਪਹਾੜਾਂ ਵੱਲ ਕੂਚ ਕਰਦੇ ਤਾਂ ਪੜ੍ਹੇ ਸੁਣੇ ਸਨ ਪਰ ਜਸਵੀਰ ਭੁੱਲਰ ਵਰਗਾ ਨਾਮਵਰ ਫੌਜੀ ਆਪਣੀ ਬਹੁਤੀ ਸਾਹਿਤਕ ਸਿਰਜਣਾ ਕਦੇ ਹਿਮਾਲਾ ਦੀਆਂ ਖ਼ੂਨ ਜਮ੍ਹਾ ਦੇਣ ਵਾਲੀਆਂ ਬਰਫ਼ਾਂ 'ਚ ਕਰਦਾ ਰਿਹਾ ਕਦੇ ਤਪਦੇ ਰੇਗਸਥਾਨ ਉਸਦੀ ਸਿਰਜਣਾ ਦੀ ਗਵਾਹੀ ਭਰਦੇ ਹਨ। ਅਮਰ ਜਿਉਤੀ ਤੇ ਮਨਜੀਤ ਇੰਦਰਾ ਜਿਹੀਆਂ ਲੇਖਿਕਾਵਾਂ ਦੇ ਅਨੁਸਾਰ ਉਹਨਾਂ ਨੇ ਬਹੁਤਾ ਸਾਹਿਤ ਵੱਖ-ਵੱਖ ਸਥਾਨਾਂ ਤੇ ਰਚਿਆ, ਜਿਨ੍ਹਾਂ 'ਚੋਂ ਹਰ ਇਕ ਦੀ ਵੱਖਰੀ ਅਹਿਮੀਅਤ ਹੈ। ਪੁਸਤਕ ਨੂੰ ਪੜ੍ਹਨ ਉਪਰੰਤ ਇਹ ਗਿਆਨ ਹੁੰਦਾ ਹੈ ਕਿ ਲੇਖਕਾਂ ਲਈ ਕਲਮ ਤੇ ਕਮਰਾ ਬਹੁਤ ਜ਼ਿਆਦਾ ਮਹੱਤਤਾ ਰੱਖਦੇ ਹਨ ਉਥੇ ਅਜੋਕੇ ਯੁੱਗ ਵਿਚ ਲੈਪਟੌਪ, ਕੰਪਿਊਟਰ ਜਿਹੇ ਸਾਧਨਾਂ ਨਾਲ ਲਿਖਤ ਦਾ ਕਾਗਜ਼ ਦੀ ਹਿੱਕ ਦੀ ਬਜਾਏ ਸਿੱਧੇ ਰੂਪ 'ਚ ਪ੍ਰਕਾਸ਼ਤ ਹੋਣ ਨਾਲ ਕਲਮ ਦਾ ਮਹੱਤਵ ਘੱਟਦਾ ਜਾ ਰਿਹਾ ਜਿਵੇਂ:- ਇਕਬਾਲ ਰਾਮੂਵਾਲੀਆ ਅਨੁਸਾਰ ਉਸ ਦਾ ਬਹੁਤਾ ਸਾਹਿਤ ਕਲਮ ਤੋਂ ਸੱਖਣਾ ਕੰਪਿਊਟਰ ਦੀ ਦੇਣ ਹੈ। ਉਪਰੋਕਤ ਵਿਦਵਾਨਾਂ ਤੋਂ ਇਲਾਵਾ ਕਰਨੈਲ ਸਿੰਘ ਸੋਮਲ, ਅਜਾਇਬ ਕਮਲ, ਸ਼ਰਨਜੀਤ ਕੌਰ, ਦੇਵ ਭਾਰਦਵਾਜ, ਦੀਪਤੀ ਬਬੂਟਾ, ਨਿਰਮਲ ਜਸਵਾਲ ਆਦਿ ਲੇਖਕਾਂ ਨੇ ਵੀ ਆਪਣੇ ਸਾਹਿਤ ਸਿਰਜਣ ਸਥਾਨਾਂ ਸੰਬੰਧੀ ਆਪਣੇ ਵਿਭਿੰਨ ਵਿਚਾਰ ਪੇਸ਼ ਕੀਤੇ ਹਨ। ਪੁਸਤਕ ਪੜ੍ਹਨ ਉਪਰੰਤ ਇਕ ਧਾਰਨਾ ਬਣਨੀ ਲਾਜ਼ਮੀ ਹੈ ਕਿ ਹਰ ਲੇਖਕ ਦੀ ਸਿਰਜਣ ਪ੍ਰਕ੍ਰਿਆ ਵਿਭਿੰਨ ਆਯਾਮ ਗ੍ਰਹਿਣ ਕਰਦੀ ਹੈ। ਹਰ ਲੇਖਕ ਲਈ ਸਮਾਂ ਸਥਾਨ ਦਾ ਆਪਣਾ ਵੱਖਰਾ ਮਹੱਤਵ ਹੈ। ਕਿਸੇ ਲਈ ਸ਼ਾਂਤੀ ਇਕੱਲਤਾ ਨਿਸ਼ਚਿਤ ਥਾਂ ਦੀ ਅਹਿਮੀਅਤ ਹੈ। ਕਿਸੇ ਲਈ ਸਮਾਂ ਤੇ ਸਥਾਨ ਕੋਈ ਮਹੱਤਤਾ ਨਹੀਂ ਰੱਖਦੇ। ਸ਼ਾਮ ਸਿੰਘ ਦੁਆਰਾ ਪੁਸਤਕ 'ਚ ਵੱਖ-ਵੱਖ ਲੇਖਕਾਂ ਦੇ ਲਿਖਣ ਅਨੁਭਵ ਛਾਪਣਾ ਇਸ ਗੱਲੋਂ ਕਾਫੀ ਅਹਿਮੀਅਤ ਰੱਖਦਾ ਹੈ ਕਿਉਂਕਿ ਇਸ ਨਾਲ ਪਾਠਕ ਆਪਣੇ ਅਜ਼ੀਜ ਸਾਹਿਤਕਾਰਾਂ ਦੇ ਕੁਝ ਨਿੱਜੀ ਲਿਖਣ ਅਨੁਭਵਾਂ ਬਾਰੇ ਗਿਆਨ ਹਾਸਿਲ ਕਰਦੇ ਹਨ।

## ਕਤਰਨ ਕਤਰਨ ਯਾਦਾਂ - 2: ਇਕ ਦਰਵੇਸ਼ ਮੰਤਰੀ : ਨ੍ਰਿਪਇੰਦਰ ਰਤਨ
## ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ - 2015
## ਮੁੱਲ - 200 ਪੰਨੇ - 174

ਨ੍ਰਿਪਇੰਦਰ ਰਤਨ ਆਪਣੇ ਹਲੀਮੀ ਭਰੇ ਰਵੱਈਏ, ਹੱਕ ਸੱਚ ਤੇ ਪਹਿਰਾ ਦੇਣ ਵਾਲੀ ਸੋਚ ਤੇ ਸਾਦਗੀ ਕਾਰਨ ਅਫਸ਼ਰਸਾਹੀ 'ਚ ਜਾਣਿਆ ਪਹਿਚਾਣਿਆ ਨਾਮ ਹੈ। ਸਾਹਿਤ ਦੇ ਖੇਤਰ ਵਿਚ ਵੀ ਉਸ ਦਾ ਸਥਾਨ ਗੋਲਣਯੋਗ ਹੈ। ਪੰਜਾਬੀ ਸਾਹਿਤ 'ਚ ਕਹਾਣੀ, ਕਵਿਤਾ, ਜੀਵਨੀ ਤੋਂ ਬਾਅਦ ਕਤਰਨ-ਕਤਰਨ ਯਾਦਾਂ-ਭਾਗ ਦੂਜਾ ਲੈ ਕੇ ਹਾਜ਼ਰ ਹੋਇਆ ਹੈ। ਪੁਸਤਕ ਵਿਚ ਕੁੱਲ ਅਠਾਈ ਲੇਖ ਸ਼ਾਮਿਲ ਹਨ ਜੋ ਵਿਭਿੰਨ ਸਮਿਆਂ ਦੇ ਤਜ਼ਰਬੇ, ਸਾਂਝਾ, ਸਫ਼ਰ ਦੀਆਂ ਯਾਦਾਂ ਤੇ

ਵਿਭਿੰਨ ਵਿਅਕਤੀਆਂ ਨਾਲ ਮੁਲਾਕਾਤਾਂ ਤੋਂ ਪੈਦਾ ਹੋਏ ਹਨ। ਲੇਖਕ ਆਪਣੀ ਨੌਕਰੀ ਦੌਰਾਨ ਦੇ ਅਨੇਕਾਂ ਤਜ਼ਰਬਿਆਂ ਨੂੰ ਸਾਂਝਾ ਕਰਦਾ ਹੋਇਆ ਦੱਸਦਾ ਹੈ ਕਿ ਕਿਸ ਤਰ੍ਹਾਂ ਰਾਜਨੀਤਕ ਦਬਾਵਾਂ ਅਧੀਨ ਉਸ ਦੀ ਬਦਲੀ ਇਕ ਥਾਂ ਤੋਂ ਦੂਜੀ ਥਾਂ ਹੁੰਦੀ ਰਹੀ ਪਰ ਉਹ ਇਹਨਾਂ ਦਬਾਵਾਂ ਅੱਗੇ ਨਾ ਝੁਕਦਾ, ਸੱਚ ਨੂੰ ਸਿਜਦਾ ਕਰਦਾ ਰਿਹਾ। ਉਥੇ ਅਜਿਹੇ ਧੁੰਦਲਕਾਮਈ ਰਾਜਨੀਤਕ ਮਾਹੌਲ ਵਿਚ ਦਲੀਪ ਸਿੰਘ ਵਰਗੇ ਦਰਵੇਸ਼, ਦਾਨਿਸ਼ਵਰ ਰਾਜਨੀਤਕ ਨੇਤਾ ਦੇ ਸੁਭਾਅ ਨੂੰ 'ਇੱਕ ਦਰਵੇਸ਼ ਮੰਤਰੀ' ਵਾਲੇ ਲੇਖ ਵਿਚ ਬਾਖ਼ੂਬੀ ਚਿਤਰਦਾ ਹੈ। ਆਪਣੀਆਂ ਸਾਹਿਤਕ ਰੁੱਚੀਆਂ ਅਤੇ ਸਾਹਿਤਕ ਸਾਂਝਾਂ ਨੂੰ ਯਾਦ ਕਰਦਿਆਂ ਲੇਖਕ ਅੰਮ੍ਰਿਤਾ ਪ੍ਰੀਤਮ ਨਾਲ ਆਖਰੀ ਮੁਲਾਕਾਤ ਵਿਚ ਅੰਮ੍ਰਿਤਾ ਦੇ ਸੁਭਾਅ ਤੇ ਉਸ ਦੀ ਬਿਮਾਰੀ ਦੀ ਹਾਲਤ ਵੇਲੇ ਕੈਪਟਨ ਅਮਰਿੰਦਰ ਸਿੰਘ ਦੁਆਰਾ ਕੀਤੀ ਮੱਦਦ ਨੂੰ ਭਾਵਪੂਰਤ ਨਜ਼ਰੀਏ ਤੋਂ ਚਿਤਰਦਾ ਹੈ। ਲੇਖਕ ਆਪਣੀ ਸਾਹਿਤਕ ਸਿਰਜਣਾ ਦੇ ਵਿਭਿੰਨ ਪਹਿਲੂਆਂ ਤੋਂ 'ਮੇਰੀ ਪਹਿਲੀ ਕਿਤਾਬ' ਤੇ 'ਪੋਥੀ ਕਲਮ ਤੇ' ਲੇਖਾਂ ਰਾਹੀਂ ਯਾਦ ਕਰਦਾ ਹੈ। ਅਫਸਰਸਾਹੀ ਤੇ ਰਾਜਨੀਤਕ ਨੇਤਾਵਾਂ ਦੀ ਆਪਸੀ ਗੰਢਤੁਪ, ਅਫਸਰਾਂ ਦੁਆਰਾ ਰਾਜਨੀਤਕ ਨੇਤਾਵਾਂ ਦੀ ਚਾਪੂਲਸੀ ਅਤੇ ਉੱਚੇ ਕਿਰਦਾਰ ਦੇ ਅਫ਼ਸਰਾਂ ਦੀ ਇੱਜ਼ਤ 'ਘਿੱਸੀਆਂ ਦਹਿਲੀਜਾਂ' ਯਾਦ ਵਿਚ ਉਭਰਦੀ ਹੈ। ਲੇਖਕ ਵਿਦੇਸ਼ ਯਾਤਰਾ ਦੌਰਾਨ ਵੀਜੇ ਦੀਆਂ ਸਮੱਸਿਆਵਾਂ ਸਮੇਤ ਅਨੇਕਾਂ ਚੰਗੇ/ਮਾੜੇ ਤਜ਼ਰਬੇ ਸਾਂਝੇ ਕਰਦਿਆਂ ਦੱਸਦਾ ਹੈ ਕਿ ਬੋਲੀ/ਭਾਸ਼ਾ ਦੀ ਅੜਚਣ ਦੇ ਬਾਵਜੂਦ ਲੋਕਾਂ ਦੀ ਪਰਸਪਰ ਸਾਂਝ ਕਿਵੇਂ ਬਣ ਜਾਂਦੀ ਹੈ। ਵਿਦੇਸ਼ੀ ਲੋਕਾਂ ਦੀ ਨਿਯਮਤ ਜ਼ਿੰਦਗੀ, ਕਿਰਦਾਰ, ਅਸੂਲ ਸੁਭਾਅ ਦੇ ਵਿਭਿੰਨ ਪਹਿਲੂ ਤੇ ਉਹਨਾਂ ਦੀਆਂ ਰਵਾਇਤਾਂ ਵੀ ਇਹਨਾਂ ਲੇਖਾਂ ਰਾਹੀਂ ਉਭਰ ਕੇ ਸਾਹਮਣੇ ਆਉਂਦੀਆਂ ਹਨ। ਆਪਣੇ ਬਚਪਨ ਅਤੇ ਪੜ੍ਹਾਈ ਦੇ ਸਮੇਂ ਦੀਆਂ ਯਾਦਾਂ ਤਾਜਾ ਕਰਦਿਆਂ ਲੇਖਕ ਆਪਣੇ ਫ਼ਕੀਰੀ ਸੁਭਾਅ ਤੇ ਆਲ ਰਾਊਂਡਰ ਸ਼ਖ਼ਸੀਅਤ ਦੇ ਵਿਭਿੰਨ ਪੱਖਾਂ ਤੇ ਚਾਨਣਾ ਪਾਉਂਦਾ ਹੈ। ਗਿਆਨ ਦੀ ਨੀਂਹ ਤੇ ਉਸਰੇ ਜੀਵਨ ਨੇ ਧਾਰਮਿਕ ਅੰਨ੍ਹੀ ਸ਼ਰਧਾ ਤੋਂ ਮੁਕਤ ਕਰਵਾਕੇ ਕਿਸ ਤਰ੍ਹਾਂ ਤਾਰਕਿਕ ਦ੍ਰਿਸ਼ਟੀਕੋਣ ਜਿਹੇ ਗੁਣ ਨ੍ਰਿਪਇੰਦਰ ਰਤਨ ਦੀ ਸ਼ਖ਼ਸੀਅਤ ਦੇ ਅਹਿਮ ਪੱਖ ਬਣੇ ਉਹ ਇਸ ਪੁਸਤਕ ਦਾ ਹਾਸਿਲ ਹੈ। ਇਮਤਿਹਾਨਾਂ ਦਾ ਹਊਆ ਲੇਖ ਅਧੀਨ ਆਪਣੀ ਮਿਹਨਤ ਅਤੇ ਮਨੋਵਿਗਿਆਨਕ ਸਮਝ ਦੇ ਦਰਸ਼ਨ ਕਰਵਾਉਂਦਾ ਹੈ। ਲੇਖਕ ਆਪਣੀ ਪੁਸਤਕ ਰਾਹੀਂ ਵਿਭਿੰਨ ਯਾਦਾਂ ਨੂੰ ਤਰੋਤਾਜ਼ਾ ਕਰਦਾ ਅਛੋਪਲੇ ਹੀ ਅਜਿਹੇ ਅਨੇਕਾਂ ਘਟਨਾਕ੍ਰਮ ਚਿੱਤਰ ਜਾਂਦਾ ਹੈ ਜੋ ਸਾਡੇ ਲਈ ਕਿਤੇ ਮਾਰਗਦਰਸ਼ਕ ਤੇ ਕਿਤੇ ਉਸਾਰੂ ਸੋਚ ਦਾ ਧਾਰਨੀ ਬਣ ਜਾਣ 'ਚ ਸਹਾਈ ਹੋ ਜਾਂਦੇ ਹਨ। ਆਪਣੀ ਨੌਕਰੀ ਤੇ ਰੁਝੇਵੇਂ ਭਰੀ ਜ਼ਿੰਦਗੀ ਵਿਚ ਸਾਹਿਤ ਲਈ ਲਲਕ (ਰੁੱਚੀ) ਅਤੇ ਸਾਹਿਤ ਰਚਨਾ ਕਰਨਾ ਕਾਬਿਲੇ ਗੌਰ ਹੈ। ਪੁਸਤਕ ਤੋਂ ਪਾਠਕ ਨੂੰ ਜਿੱਥੇ ਲੇਖਕ ਦੇ ਨਿੱਜੀ ਜੀਵਨ ਦੇ ਵਿਭਿੰਨ ਉਤਰਾਵਾਂ/ਚੜ੍ਹਾਵਾਂ ਬਾਰੇ ਜਾਣਕਾਰੀ ਮਿਲਦੀ ਹੈ। ਉਥੇ ਵਿਦੇਸ਼ੀ ਸਰਜ਼ਮੀਨ ਦੇ ਬਸ਼ਿੰਦਿਆਂ ਤੇ ਉਹਨਾਂ ਦੇ ਸਭਿਆਚਾਰ ਬਾਰੇ ਵੀ ਗਿਆਨਵਰਧਕ ਜਾਣਕਾਰੀ ਮਿਲਦੀ ਹੈ।

### ਜੁਗਨੂੰਆਂ ਦੀ ਵਹਿੰਗੀ : ਕਿਰਪਾਲ ਕਜ਼ਾਕ (ਰੇਖਾ ਚਿੱਤਰ)
### ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ 2016
### ਮੁੱਲ – 200 ਪੰਨੇ – 128 ਸੰਪਾਦਕ – ਤਰਸੇਮ ਰਾਣਾ

ਪੰਜਾਬੀ ਸਾਹਿਤ ਜਗਤ ਵਿਚ ਕਿਰਪਾਲ ਕਜ਼ਾਕ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਪੰਜਾਬੀ ਸਾਹਿਤ ਦਾ ਇਹ ਬਹੁ-ਵਿਧਾਵੀਂ ਸਾਹਿਤਕਾਰ ਇਕੋ ਸਮੇਂ ਕਹਾਣੀਕਾਰ, ਨਾਟਕਕਾਰ, ਲੋਕਧਾਰਾ ਸ਼ਾਸਤਰੀ, ਇਮਾਰਤਸਾਜ਼ ਤੇ ਕਲਾਤਮਕ ਫੋਟੋਗ੍ਰਾਫਰ ਹੈ। ਇਹਨਾਂ ਵਿਧਾਵਾਂ 'ਚ ਇਕ ਨਵੀਂ ਕੜੀ ਉਸ ਦੁਆਰਾ ਲਿਖੇ ਰੇਖਾ ਚਿਤਰਾਂ ਦੀ ਜੁੜ ਗਈ ਹੈ। ਹੱਥਲੀ ਪੁਸਤਕ ਵਿਚ ਉਸ




ਦੁਆਰਾ ਲਿਖੇ ਨੌਂ ਰੇਖਾ ਚਿੱਤਰ ਸ਼ਾਮਿਲ ਹਨ। ਵਿਦਵਾਨ, ਕਵੀ, ਕਹਾਣੀਕਾਰ, ਚਿੱਤਰਕਾਰ, ਦੋਸਤ ਮਿੱਤਰਾਂ ਤੋਂ ਇਲਾਵਾ ਗੁਰਚਰਨ ਚਾਹਲ ਭੀਖੀ ਤੇ ਉਸਦੀ ਪਤਨੀ ਸਮੇਤ ਕਜ਼ਾਕ ਆਪਣੀ ਮਾਂ ਦਾ ਰੇਖਾ ਚਿਤਰ ਉਲੀਕਦਾ ਹੈ। ਪੁਸਤਕ ਦਾ ਸਭ ਤੋਂ ਖ਼ੂਬਸੂਰਤ ਤੇ ਪਲੇਠਾ ਸ਼ਬਦ ਚਿਤਰ 'ਆਊ ਰੇਤ ਫੱਕੀਏ' ਕਜ਼ਾਕ ਦੀ ਮਾਂ ਦਾ ਹੈ ਜਿਸ ਵਿਚ ਕਜ਼ਾਕ ਨੇ ਆਪਣੀ ਦਲੇਰ , ਸੂਝ-ਸਿਆਣਪ ਦੀ ਮਾਲਕ, ਹੱਕ-ਸੱਚ ਤੇ ਪਹਿਰਾ ਦੇਣ ਵਾਲੀ ਮਾਂ ਦੀ ਅਣਖ, ਸੰਘਰਸ਼, ਹਿੰਡ ਤੇ ਸਿਰੜੀ ਸੁਭਾਅ ਦੇ ਨਾਲ-ਨਾਲ ਠਰ੍ਹੰਮਾ, ਦਿਆਨਤਦਾਰੀ ਤੇ ਸਚਿਆਰੇਪਨ ਦੇ ਅਨੇਕਾਂ ਅਜਿਹੇ ਪਹਿਲੂਆਂ ਨੂੰ ਪਾਠਕਾਂ ਦੇ ਸਾਹਮਣੇ ਉਘੇੜਦਾ ਹੈ ਕਿ ਪਾਠਕ ਲਈ ਸ਼ਰਧਾ ਸਤਿਕਾਰ ਦਾ ਪ੍ਰਤੀਕ ਬਣ ਜਾਂਦੀ ਹੈ। ਪੰਜਾਬੀ ਸਾਹਿਤਕ ਜਗਤ ਦੇ ਚਿਤਰਪਟ ਤੇ ਚਾਰ ਦਹਾਕੇ ਛਾਏ ਰਹੇ ਹਰਿਭਜਨ ਸਿੰਘ ਨੂੰ 'ਵਰ ਦੇਣ ਵਾਲਾ ਰਿਸ਼ੀ' ਨਾਮ ਦੇ ਸਿਰਲੇਖ ਅਧੀਨ ਉਸਾਰਦਿਆਂ ਉਸ ਦੀ ਕਾਵਿ ਪ੍ਰਤਿਭਾ, ਚਿੰਤਕ, ਪ੍ਰਬੁੱਧ ਆਲੋਚਕ ਤੇ ਦਾਨਸ਼ਵਰਾਂ ਵਾਲੀ ਦਿਖ ਨੂੰ ਉਸਾਰਨ ਦੇ ਨਾਲ-ਨਾਲ ਉਹਨਾਂ ਦੇ ਸੁਭਾਅ ਦੀ ਨਿਮਰਤਾ, ਫ਼ਕੀਰੀ ਵਾਲੇ ਗੁਣਾਂ ਤੇ ਮੁਆਫ ਕਰਨ ਦੀ ਜ਼ੁਰਅਤ ਨੂੰ ਵੀ ਪ੍ਰਗਟਾਉਂਦਾ ਹੈ। 'ਅੱਕ ਦਾ ਕੁੱਤਾ' ਆਪਣੇ ਮਿੱਤਰ ਗੁਰਚਰਨ ਚਾਹਲ ਭੀਖੀ ਤੇ ਮੈਲੋ ਮਲਵੈਣ ਉਸ ਦੀ ਪਤਨੀ ਦਾ ਰੇਖਾ ਚਿਤਰ ਹੈ। ਗੁਰਚਰਨ ਚਾਹਲ ਨਕਸਲਵਾੜੀ ਲਹਿਰ ਦਾ ਹਮਦਰਦ ਤੇ ਮਲਵਈ ਦਾ ਕੱਦਾਵਰ ਕਹਾਣੀਕਾਰ ਸੀ। ਉਥੇ ਉਸ ਦੀ ਜੱਟਵਾਦੀ ਹਾਊਮੇ ਤੇ ਸ਼ਰਾਬ ਕਾਰਨ ਉਸਦੀ ਪਤਨੀ ਦੇ ਸੁਨਹਿਰੀ ਸੁਪਨੇ ਤਿੜਕਦੇ ਹਨ ਉਹਨਾਂ ਦਾ ਯਥਾਰਥਕ ਚਿਤਰਣ ਲੇਖਕ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿਚ ਕਰਦਾ ਹੈ। ਪਰਗਟ ਸਿੰਘ ਸਿੱਧੂ ਦੇ ਰੇਖਾ ਚਿਤਰ 'ਕੂਕਨਸ' ਰਾਹੀਂ ਲੇਖਕ ਸਿੱਧੂ ਦੇ ਫੌਜੀ ਜੀਵਨ ਨਾਲੋਂ ਵਧੇਰੇ ਉਸ ਦੀ ਸਾਹਿਤਕ ਰੁੱਚੀ ਨੂੰ ਵਡਿਆਉਂਦਾ ਹੈ। ਉਸਦਾ ਆਪਣੇ ਆਲੋਚਕਾਂ ਪ੍ਰਤੀ ਖਾੜਕੂਵਾਦੀ ਰਵੱਈਆ ਵੀ ਉਭਰਦਾ ਹੈ। ਮੇਰੇ ਹਿੱਸੇ ਦਾ ਅਨੂਪ ਰੇਖਾ ਚਿਤਰ ਵਿਚ ਲੋਕਾਂ ਦੁਆਰਾ ਸਾਹਿਤਕ ਹਲਕਿਆਂ ਵਿਚ ਅਨੂਪ ਵਿਰਕ ਦੀ ਬਣੀ 'ਸ਼ੀਸੇ ਦੇ ਯਾਰ' ਦੀ ਦਿੱਖ/ਬਿੰਬ ਨੂੰ ਤੋੜਦਾ ਉਸਦੇ ਸੁਭਾਅ ਤੇ ਸਾਹਿਤਕ ਸਮਝ ਦੀ ਦਾਦ ਦਿੰਦਾ, ਉਸਦੀ ਕਵਿਤਾ ਨੂੰ ਮਾਣ ਦਿੰਦਾ ਹੈ। 'ਕਾਵਿ ਥੈਰਪੀ ਤਲਿੱਸਮ' ਬੀਬਾ ਬਲਵੰਤ 'ਰੰਗਾਂ ਦੀ ਇਬਾਰਤ' ਪ੍ਰਕਾਸ਼ ਪ੍ਰਭਾਕਰ 'ਚ ਦੋਨਾਂ ਵਿਦਵਾਨਾਂ ਦੇ ਵਿਅਕਤਿਤਵ ਦੇ ਵਿਭਿੰਨ ਪੱਖਾਂ ਤੇ ਸੂਖ਼ਮ ਪਹਿਲੂਆਂ ਤੇ ਚਾਨਣਾ ਪਾਉਂਦਾ ਹੈ। ਪੁਸਤਕ ਦੇ ਆਖਰੀ ਰੇਖਾ ਚਿਤਰ 'ਸੁਪਨੇ ਕੱਤਣ ਵਾਲੀ' ਵਿਚ ਵਿਦਰੋਹੀ ਸੁਰ ਦੀ ਮਾਲਿਕਾ ਕਵਿਤਰੀ ਮਨਜੀਤ ਇੰਦਰਾ ਦੀ ਜ਼ਿੰਦਗੀ ਦੀ ਤਾਂਘ, ਤੜਫ, ਲੋਚਾ, ਅਕਾਂਖਿਆ, ਪਿਆਸ 'ਚ ਸਰਾਪੀ ਰੂਹ ਦੇ ਦਰਸ਼ਨ ਹੁੰਦੇ ਹਨ। ਉਥੇ ਉਸਦਾ ਜ਼ਿੰਦਗੀ ਦੇ ਅਜਿਹੇ ਕਰੂਰ ਹਲਾਤਾਂ ਵਿਚ ਵੀ ਉਸਾਰੂ ਨਜ਼ਰੀਆ ਉਭਰਦਾ ਹੈ। ਅਜੋਕੇ ਸਾਹਿਤਕ ਦ੍ਰਿਸ਼ 'ਚ ਰੇਖਾ ਚਿਤਰਾਂ ਦੀ ਆਮਦ ਘੱਟ ਰਹੀ ਹੈ। ਅਜਿਹੇ ਦੌਰ ਵਿਚ ਇਸ ਪੁਸਤਕ ਦੀ ਆਮਦ ਸ਼ੁਭ ਸ਼ਗਨ ਹੈ। ਕਿਰਪਾਲ ਕਜ਼ਾਕ ਦੀਆਂ ਆਪਣੇ ਸੰਗੀ ਸਾਥੀਆਂ ਪ੍ਰਤੀ ਨਿਰਪੱਖ ਤੇ ਬੇਬਾਕ ਟਿੱਪਣੀਆਂ ਅਤੇ ਉਹਨਾਂ ਦੇ ਸੁਭਾਅ ਦੀਆਂ ਅੰਦਰੂਨੀ ਗਹਿਰੀਆਂ ਪਰਤਾਂ ਨੂੰ ਫਰੋਲਣਾ ਕਾਬਿਲੇ ਗੌਰ ਹੈ। ਭਾਸ਼ਾ ਦੀ ਰਵਾਨਗੀ ਪਾਤਰਾਂ ਦੀ ਜ਼ੁਬਾਨੀ ਬੋਲਦੀ ਹੈ। ਪ੍ਰੋ: ਤਰਸੇਮ ਰਾਣਾ ਦੁਆਰਾ ਇਹਨਾਂ ਸਾਰੇ ਰੇਖਾ ਚਿਤਰਾਂ ਨੂੰ ਇਕ ਥਾਂ ਇਕੱਠੇ ਕਰਕੇ ਪੁਸਤਕ ਰੂਪ 'ਚ ਸੰਪਾਦਿਤ ਕਰਨ ਤੇ ਪੰਜਾਬੀ ਪਾਠਕਾਂ ਦੇ ਰੂ-ਬ-ਰੂ/ਸਨੁਮਖ ਕਰਨਾ ਉਸਾਰੂ ਯਤਨ ਹੈ। ਯਕੀਨਨ ਇਹ ਪੁਸਤਕ ਰਾਹੀਂ ਸਾਹਿਤਕ ਪਾਠਕ ਆਪਣੇ ਪਸੰਦੀਦਾ ਲੇਖਕਾਂ ਦੀਆਂ ਕੁਝ ਨਿੱਜੀ ਰਮਜ਼ਾਂ ਤੋਂ ਵਾਕਿਫ਼ ਹੋਣਗੇ।




ਮਨਮੋਹਨ ਸਿੰਘ ਮਹੇੜੂ ਦੀ ਸ੍ਵੈਜੀਵਨੀ ਮੂਲਕ ਨਿਬੰਧਾਂ ਦੇ ਸੰਗ੍ਰਹਿ ਦੇ ਰੂਪ ਵਿਚ ਪ੍ਰਕਾਸ਼ਿਤ ਹੋਈ ਪੁਸਤਕ 'ਇੰਗਲੈਂਡ ਵਿਚ ਚਾਰ ਦਹਾਕੇ' ਇਸ ਦ੍ਰਿਸ਼ਟੀ ਤੋਂ ਮਹੱਤਵਪੂਰਨ ਪੁਸਤਕ ਹੈ। ਇਹ ਨਿਬੰਧ ਚਾਰ ਦਹਾਕਿਆਂ ਵਿਚ ਭਿੰਨ ਭਿੰਨ ਸਮੇਂ ਪ੍ਰਕਾਸ਼ਿਤ ਵੀ ਹੁੰਦੇ ਰਹੇ ਹਨ, ਅਤੇ ਵੱਖੋਂ ਵੱਖਰੇ ਸਮੇਂ ਵਿਚ ਸਾਹਿਤਕ ਕਾਨਫਰੰਸਾਂ ਅਤੇ ਨਿੱਜੀ ਮਿਲਣੀਆਂ ਸਮੇਂ ਦੋਸਤਾਂ ਮਿਤਰਾਂ ਨਾਲ ਸਾਝੇ ਵੀ ਕੀਤੇ ਗਏ ਹਨ। ਘਰ, ਪੁਸਤਕ ਰੂਪ ਵਿਚ ਇਕੱਠੇ ਪ੍ਰਕਾਸ਼ਿਤ ਹੋਣ ਸਮੇਂ ਇਹ ਆਪਣੇ ਪਹਿਲੇ ਸਰੂਪ ਤੋਂ ਕੁਝ ਵੱਖਰਤਾ ਵੀ ਸਿਰਜ ਲੈਂਦੇ ਹਨ।

**-ਗੁਰਪਾਲ ਸਿੰਘ ਸੰਧੂ**






**ਚੇਤਨਾ ਪ੍ਰਕਾਸ਼ਨ, ਲੁਧਿਆਣਾ**
**ਪੰਨੇ : 152**
**ਮੁੱਲ : 200 ਰੁਪਏ**

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਆਇਰਨ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।